# ਪੰਜਾਬ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਸਮਰਥਾ ਦੇ ਨਿਰਮਾਣ

## ਲਈ

# ਮੈਨੂਅਲ

CRRiD

**ਦਿਹਾਤੀ ਅਤੇ ਉਦਯੋਗਿਕ ਵਿਕਾਸ ਖੋਜ ਕੇਂਦਰ**
2-ਏ, ਸੈਕਟਰ 19-ਏ, ਮੱਧ ਮਾਰਗ, ਚੰਡੀਗੜ੍ਹ (ਭਾਰਤ)

**ਪ੍ਰਕਾਸ਼ਕ :**
**ਦਿਹਾਤੀ ਅਤੇ ਉਦਯੋਗਿਕ ਵਿਕਾਸ ਖੋਜ ਕੇਂਦਰ**
2-ਏ, ਸੈਕਟਰ 19-ਏ, ਮੱਧ ਮਾਰਗ, ਚੰਡੀਗੜ੍ਹ (ਭਾਰਤ)

© CRRID
ਜੁਲਾਈ 2006
ਸਭ ਹੱਕ ਰਾਖਵੇਂ ਹਨ।

ਅਨੁਵਾਦਕ : ਡਾ. ਬੀ. ਰਾਜ
ਟਾਈਪ ਸੈਟਿੰਗ : ਸਨ ਕੰਪਿਊਟਰ ਸੈਂਟਰ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਛਾਪਕ : ਚੰਡਿਕਾ ਪ੍ਰੈੱਸ ਪ੍ਰਾ. ਲਿ.
126 ਇੰਡਸਟਰੀਅਲ ਏਰੀਆ ਫੇਜ਼-1
ਚੰਡੀਗੜ੍ਹ,
ਕਵਰ ਡਿਜ਼ਾਈਨ : ਸਾਈਕ੍ਰਿਤੀ

# ਤਤਕਰਾ


| | | ਪੰਨਾ |
|---|---|---|
| ਪ੍ਰਾਜੈਕਟ ਟੀਮ | | |
| ਭੂਮਿਕਾ | | i |
| ਧੰਨਵਾਦ | | ii |
| ਸਾਰਣੀਆਂ ਦੀ ਸੂਚੀ | | iv |
| ਕਾਰਜਕਾਰੀ ਸਾਰਾਂਸ਼ | | vi |
| ਜਾਣ ਪਛਾਣ | | 1 |
| ਅਧਿਆਇ-1 | ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦਾ ਇਤਿਹਾਸ, ਬਣਤਰ, ਜਿੰਮੇਵਾਰੀਆਂ ਅਤੇ ਸਮਰਥਾ | 8 |
| ਅਧਿਆਇ-2 | ਸਥਾਨਕ ਸ਼ਾਸਨ ਦੀਆਂ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਲੋਕਤੰਤਰੀ ਵਿਕੇਂਦਰੀਕਰਣ | 57 |
| ਅਧਿਆਇ-3 | ਵਿਕੇਂਦਰੀਕ੍ਰਿਤ ਯੋਜਨਾਬੰਦੀ, ਲੋਕਾਂ ਦੀ ਭਾਗੀਦਾਰੀ ਅਤੇ ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ | 115 |
| ਅਧਿਆਇ-4 | ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦਾ ਵਿਕਾਸ ਅਤੇ ਉਨ੍ਹਾ ਵਿੱਚ ਪੂੰਜੀ ਨਿਵੇਸ਼ - ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਭੂਮਿਕਾ | 158 |
| ਅਧਿਆਇ-5 | ਚੰਗੇਰੇ ਵਿੱਤੀ ਪ੍ਰਬੰਧ ਲਈ ਹਿਸਾਬ ਕਿਤਾਬ ਰੱਖਣ, ਬਜਟ ਬਣਾਉਣ ਅਤੇ ਲੇਖਾ ਪਰੀਖਣ ਵਿਚ ਸੁਧਾਰ | 197 |
| ਅਧਿਆਇ-6 | ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ, ਪ੍ਰਬੰਧ ਦੀ ਸੂਚਨਾ ਪ੍ਰਣਾਲੀ ਅਤੇ ਤੱਥ ਸੰਗ੍ਰਹਿ | 234 |
| ਫੋਟੋਆਂ | | 275 |
| ਸੰਖੇਪ | | 281 |

# ਪ੍ਰਾਜੈਕਟ ਟੀਮ

| | | |
|---|---|---|
| ਡਾ. ਰਸ਼ਪਾਲ ਮਲਹੋਤਰਾ | – | ਪ੍ਰੋਜੈਕਟ ਡਾਇਰੈਕਟਰ |
| ਪ੍ਰੋ. ਲੋਰਾਂ ਵਾਂ ਦਪੁਆਲ | – | ਅਸੋਸੀਏਟ ਪ੍ਰਾਜੈਕਟ ਡਾਇਰੈਕਟਰ |
| ਸ਼੍ਰੀ ਜੇ. ਪੀ. ਗੁਪਤਾ | – | ਪ੍ਰਿੰਸੀਪਲ ਕੋਆਰਡੀਨੇਟਰ |
| ਡਾ. ਬੀ. ਕੇ. ਪਟਨਾਇਕ | – | ਪ੍ਰੋਜੈਕਟ ਮੈਨੇਜਰ (ਦਿਹਾਤੀ) |
| ਸ਼੍ਰੀ ਮਨੋਜ ਕੁਮਾਰ ਤੇਵਤਿਯਾ | – | ਪ੍ਰੋਜੈਕਟ ਮੈਨੇਜਰ (ਸ਼ਹਿਰੀ) |
| ਮਿਸ. ਨੀਤੂ ਗੌੜ | – | ਰੀਸਰਚ ਅਫਸਰ (ਸ਼ਹਿਰੀ) |
| ਸ਼੍ਰੀ ਕੁਲਵਿੰਦਰ ਸਿੰਘ | – | ਰੀਸਰਚ ਅਫਸਰ (ਦਿਹਾਤੀ) |
| ਸ਼੍ਰੀ ਮੀਨਲ ਬਰੂਆ | – | ਸਕੱਤਰ ਅਤੇ ਸਹਾਇਕ |
| ਸ਼੍ਰੀ ਸੰਦੀਪਨ ਸ਼ਰਮਾ | – | ਲੇਖਾਕਾਰ |
| ਸ਼੍ਰੀ ਮਤੀ ਅਨੀਤਾ ਗੁਪਤਾ | – | ਕੰਪਿਊਟਰ ਸਹਾਇਕ |

**ਪ੍ਰਸ਼ਾਸਨਿਕ ਸਹਾਇਤਾ**

ਮਿਸ ਪਰੀਤੀ ਰਿਐਲ
ਸ਼੍ਰੀ ਰਾਜੇਸ਼ ਸ਼ਰਮਾ
ਸ਼੍ਰੀ ਰਾਜੀਵ ਸ਼ਰਮਾ

**ਦਸਤਾਵੇਜ**

ਮਿਸ ਸੁਮਨ ਖੋਸਲਾ

**ਲਾਇਬ੍ਰੇਰੀ**

ਸ਼੍ਰੀਮਤੀ ਮੀਨਾ ਜਟਾਣਾ

**ਕੰਪਿਊਟਰ ਸਹਾਇਤਾ**

ਸ਼੍ਰੀ ਬਲਜਿੰਦਰ ਸਿੰਘ
ਸ਼੍ਰੀ ਮੁਕੇਸ਼ ਕੁਮਾਰ

# ਮੁੱਖ ਬੰਧ

ਕਈ ਕਈ ਵਿਸ਼ਿਆਂ ਨਾਲ ਸੰਬੰਧਤ ਕਿਸੇ ਅਧਿਐਨ ਦਾ ਮੁੱਖਬੰਧ ਲਿਖਣ ਬਾਰੇ ਸੋਚਣਾ ਸੱਚਮੁੱਚ ਹੀ ਕਠਿਨ ਹੈ। ਇਹ ਅਧਿਐਨ ਸਾਡੇ ਕੇਂਦਰ ਦੁਆਰਾ ਸਫਲਤਾਪੂਰਵਕ ਕੀਤਾ ਗਿਆ ਹੈ। ਯੂਰਪੀ ਕਮਿਸ਼ਨ ਦੀ ਸਰਪ੍ਰਸਤੀ ਹੇਠ ਕੀਤੇ ਗਏ ਇਸ ਅਧਿਐਨ ਦੇ ਇੱਕ ਸਾਲ ਦੇ ਅਰਸੇ ਦੌਰਾਨ ਜੋ ਮਹੱਤਵਪੂਰਣ ਘਟਨਾਵਾਂ ਘਟੀਆਂ ਅਤੇ ਪ੍ਰਭਾਵ ਗ੍ਰਹਿਣ ਕੀਤੇ ਗਏ, ਉਨ੍ਹਾਂ ਵਿੱਚੋਂ ਕੁੱਝ ਨੂੰ ਕਲਮਬੰਦ ਕਰਨ ਦਾ ਇੱਥੇ ਜਤਨ ਕੀਤਾ ਗਿਆ ਹੈ।

ਇਸ ਇੱਕ ਸਾਲ ਦੌਰਾਨ ਯੂਰਪੀ ਯੂਨੀਅਨ ਦੇ ਛੇ ਦੇਸ਼ਾਂ ਦੇ ਵਿਸ਼ੇਸ਼ੱਗਾਂ ਨਾਲ ਮੇਰੇ ਪਤਵੰਤੇ ਸਹਿਯੋਗੀ ਸ਼੍ਰੀ ਜੇ.ਪੀ. ਗੁਪਤਾ ਜੀ ਦੀ ਅਗਵਾਈ ਹੇਠ ਪ੍ਰਾਜੈਕਟ ਟੀਮ ਦੇ ਮੈਂਬਰਾਂ ਦੇ ਕਈ ਰਸਮੀ ਅਤੇ ਗੈਰ ਰਸਮੀ ਸੰਵਾਦ ਹੋਏ। ਇੱਕ ਦੂਜੇ ਦੇ ਅਨੁਭਵਾਂ ਤੋਂ ਸਿੱਖ ਕੇ ਅਪਣੇ ਅਪਣੇ ਦੇਸ਼ ਦੇ ਲੋਕਾਂ ਦੇ ਹਿੱਤ ਵਿੱਚ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦੀ ਇੱਕ ਸੰਭਾਵਨਾ ਵਿਕਸਤ ਹੋ ਜਾਣ ਕਰਕੇ ਇਹ ਸੰਵਾਦ ਸਿੱਖਿਆਦਾਇਕ ਵੀ ਰਹੇ ਅਤੇ ਲਾਭਦਾਇਕ ਵੀ। ਪ੍ਰਾਜੈਕਟ ਟੀਮ ਦੇ ਮੈਂਬਰਾਂ ਦੇ ਨਾਲ ਨਾਲ ਸਥਾਨਕ ਸਵੈ-ਸ਼ਾਸਨ ਅਤੇ ਸਭ ਤੋਂ ਹੇਠਲੇ ਪੱਧਰ ਦੀਆਂ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਯੂਰਪੀ ਦੇਸ਼ਾਂ ਦੇ ਕਰਵਾਏ ਗਏ ਅਨੁਭਵ ਅਤੇ ਉੱਧਰੋਂ ਉੱਘੇ ਵਿਸ਼ੇਸ਼ੱਗਾਂ,ਸੰਸਦ ਸਦੱਸਾਂ ਅਤੇ ਵਿਦਵਾਨਾਂ ਦੀ ਭਾਰਤ ਫੇਰੀ ਦੇ ਗਹਿਰੇ ਪ੍ਰਭਾਵ ਕਾਰਣ ਇਸ ਕਾਰਜ ਦੇ ਖੇਤਰ ਨੂੰ ਲੰਬੀ ਅਵਧੀ ਲਈ ਵਿਸਤ੍ਰਿਤ ਕਰਨ ਦੀ ਲੋੜ ਪੈਦਾ ਹੋਈ। ਭਾਵੇਂ ਇਸ ਪ੍ਰਾਜੈਕਟ ਦਾ ਉਨਵਾਨ 'ਪੰਜਾਬ ਦੇ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੀ ਸਮਰਥਾ ਦਾ ਨਿਰਮਾਣ'(Capacity Building of Local Self Government Institutions in Punjab) ਸੀ, ਕਿੰਤੂ ਇਸ ਪ੍ਰਾਜੈਕਟ ਵਿੱਚ ਭਾਗ ਲੈਣ ਵਾਲੇ ਸਾਡੀ ਟੀਮ ਦੇ ਸਦੱਸਾਂ ਅਤੇ ਸਾਡੇ ਨਾਲ ਸਾਂਝੀਦਾਰੀ ਕਰਨ ਵਾਲੀਆਂ ਯੂਰਪੀ ਦੇਸ਼ਾਂ ਦੀਆਂ ਸੰਸਥਾਵਾਂ ਦੇ ਸਹਿਯੋਗੀ ਵਿਦਵਾਨਾਂ ਦੇ ਡੂੰਘੇ ਗਿਆਨ, ਅਨੁਭਵ ਅਤੇ ਰੁਚੀ ਨੂੰ ਦੇਖਦੇ ਹੋਏ ਸਾਨੂੰ ਸਾਰਿਆਂ ਨੂੰ ਦ੍ਰਿੜ ਵਿਸ਼ਵਾਸ ਹੋ ਗਿਆ ਹੈ ਕਿ ਯੂਰਪੀ ਯੂਨੀਅਨ ਅਤੇ ਭਾਰਤ ਆਪਸੀ ਹਿੱਤ ਵਿੱਚ ਸਮਾਜਕ ਸੱਭਿਆਚਾਰਕ,ਆਰਥਕ ਅਤੇ ਵਿਗਿਆਨਕ ਖੇਤਰਾਂ ਵਿੱਚ ਅਪਣੇ ਸੰਬੰਧਾਂ ਨੂੰ ਵਿਸਤ੍ਰਿਤ ਕਰਨ ਲਈ ਨਿੱਗਰ ਯੋਗਦਾਨ ਪਾ ਸਕਦੇ ਹਨ। ਯੂਰਪੀ ਯੂਨੀਅਨ ਦਾ ਵੀ ਇਹੀ ਆਦੇਸ਼ ਹੈ ਕਿ ਯੂਰਪੀ ਯੂਨੀਅਨ ਦੇ ਸਦੱਸ ਦੇਸ਼ਾਂ ਅਤੇ ਭਾਰਤ ਵਿਚਕਾਰ ਸਹਿਯੋਗ ਦੀ ਪ੍ਰਕਿਰਿਆ ਦੇ ਘੇਰੇ ਨੂੰ ਵਿਸ਼ਾਲ ਕੀਤਾ ਜਾਵੇ।

ਵਰਣਨਯੋਗ ਘਟਨਾਵਾਂ ਵਿੱਚੋ ਟੀਮ ਦੇ ਹੋਰ ਸੀਨੀਅਰ ਮੈਂਬਰਾਂ ਤੋਂ ਇਲਾਵਾ ਸਾਡੀ ਸੰਸਥਾ ਦੀ ਗਵਰਨਿੰਗ ਬਾਡੀ ਦੇ ਮੈਂਬਰਾਂ ਦੁਆਰਾ ਲਈ ਗਈ ਦਿਲਚਸਪੀ ਦਾ ਜਿਕਰ ਕਰਨਾ ਵੀ ਉਚਿਤ ਹੋਵੇਗਾ।ਗਵਰਨਿੰਗ ਬਾਡੀ ਦੇ ਇਨ੍ਹਾਂ ਮੈਂਬਰਾਂ ਨੇ, ਜਿਨ੍ਹਾਂ ਵਿੱਚ ਕਈ ਮੰਨੇ ਪ੍ਰਮੰਨੇ ਵਿਦਵਾਨ, ਰਾਜਦੂਤ,ਯੋਜਨਾਕਾਰ ਅਤੇ ਪ੍ਰਸ਼ਾਸਕ ਵੀ ਸ਼ਾਮਿਲ ਹਨ, ਅਪਣਾ ਕੀਮਤੀ ਯੋਗਦਾਨ ਪਾ ਕੇ ਇਸ ਅਧਿਐਨ ਨੂੰ ਸਫਲ ਬਣਾਇਆ।ਹੋਰਾਂ ਨੂੰ ਪ੍ਰੇਰਿਤ ਕਰਨ ਵਾਲੇ ਉਨ੍ਹਾਂ ਦੇ ਇਸ ਅਮਲ ਤੇ ਯੂਰਪੀ ਕਮਿਸ਼ਨ ਨੂੰ ਉਚਿਤ ਵਿਚਾਰ ਕਰਨਾ ਚਾਹੀਦਾ ਹੈ।

**ਡਾ. ਰਸ਼ਪਾਲ ਮਲਹੋਤਰਾ**
**ਪ੍ਰਾਜੈਕਟ ਡਾਇਰੈਕਟਰ– EU India SPF Project**
**ਡਾਇਰੈਕਟਰ ਜਨਰਲ – CRRID**
**ਚੰਡੀਗੜ੍ਹ (ਭਾਰਤ)**

# ਧੰਨਵਾਦ

ਦਿਹਾਤੀ ਅਤੇ ਉਦਯੋਗਿਕ ਵਿਕਾਸ ਦੀ ਖੋਜ ਨੂੰ ਸਮਰਪਿਤ ਇਹ ਕੇਂਦਰ (CRRID) ਅਪਣੇ ਇਸ ਪ੍ਰਾਜੈਕਟ ਨੂੰ ਸਫਲਤਾਪੂਰਵਕ ਪੂਰਾ ਕਰਨ ਅਤੇ ਇਸ ਦੇ ਪ੍ਰਕਾਸ਼ਨ ਲਈ ਸਮਰਥਨ ਦੇਣ ਵਾਲੇ ਬਹੁਤ ਸਾਰੇ ਸੰਗਠਨਾਂ ਅਤੇ ਵਿਅਕਤੀਆਂ ਦਾ ਰਿਣੀ ਹੈ। ਸਭ ਤੋਂ ਪਹਿਲਾਂ ਅਸੀਂ ਇਸ ਪ੍ਰਾਜੈਕਟ ਲਈ ਮੁੱਖ ਵਿੱਤੀ ਸਹਾਇਤਾ ਦੇਣ ਲਈ ਯੂਰਪੀ ਕਮਿਸ਼ਨ, ਖਾਸ ਕਰਕੇ ਕਮਿਸ਼ਨ ਦੇ ਭਾਰਤ ਵਿੱਚ ਸਥਿਤ ਡੈਲੀਗੇਸ਼ਨ ਦੇ ਪ੍ਰੋਗਰਾਮ ਮੈਨੇਜਰ ਸ਼੍ਰੀ ਸਿਲਵੈਂ ਮਾਨਿੱਸੀਏ (Sylvain Manissier) ਦਾ ਕਿਰਤੱਗਤਾ ਨਾਲ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਪ੍ਰਾਜੈਕਟ ਦੀ ਪੂਰੀ ਅਵਧੀ ਦੌਰਾਨ ਮਾਰਗ ਦਰਸ਼ਨ ਅਤੇ ਸਹਾਇਤਾ ਦਿੱਤੀ। ਅਸੀਂ ਸਟੱਡੀ ਗਰੁੱਪ ਫਾਰ ਯੂਰੋਪੀਅਨ ਪਾਲਿਸੀਜ਼ (SEP) ਦੇ ਕਾਰਜਕਾਰੀ ਨਿਰਦੇਸ਼ਕ ਅਤੇ ਉਪ-ਪ੍ਰਧਾਨ ਪ੍ਰੋ. ਲੋਰਾਂ ਵਾਂ ਦਪੁਆਲ (Laurent Van Depoele) ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪ੍ਰਕਾਸ਼ਨ ਨੂੰ ਅੰਤਿਮ ਰੂਪ ਦੇਣ ਵਿੱਚ ਸਹਾਇਤਾ ਅਤੇ ਸਹਿਯੋਗ ਦਿੱਤਾ। ਯੂਰਪੀ ਯੂਨੀਅਨ ਦੇ ਚੋਣਵੇਂ ਦੇਸ਼ਾਂ ਵਿੱਚ ਭਾਰਤ ਦੇ ਵਿਸ਼ੇਸ਼ੱਗਾਂ ਦੁਆਰਾ ਅਧਿਐਨ ਹਿੱਤ ਕੀਤੇ ਗਏ ਦੌਰੇ ਦੇ ਆਯੋਜਨ ਲਈ SEP ਦਾ ਯੋਗਦਾਨ ਵਿਸ਼ੇਸ ਤੌਰ ਤੇ ਵਰਣਨਯੋਗ ਹੈ। ਯੂਰਪੀ ਯੂਨੀਅਨ ਦੇ ਸਾਡੇ ਦੌਰੇ ਨੂੰ ਸਫਲ ਬਣਾਉਣ ਵਿੱਚ ਸਰਗਰਮ ਸਮਰਥਨ ਅਤੇ ਯੋਗਦਾਨ ਪਾਉਣ ਤੋਂ ਇਲਾਵਾ ਚੰਡੀਗੜ੍ਹ ਵਿਖੇ ਦੋ ਰਾਸ਼ਟਰੀ ਸੈਮੀਨਾਰਾਂ ਅਤੇ ਇੱਕ ਰਾਸ਼ਟਰੀ ਕਾਨਫਰੰਸ ਵਿੱਚ ਅਪਣੇ ਪਰਚੇ ਪੇਸ਼ ਕਰਨ ਲਈ ਬਰੱਸਲਜ਼ ਦੀ ਸੰਸਦ ਦੇ ਉਪ-ਪ੍ਰਧਾਨ ਸ਼੍ਰੀ ਜੋ ਸ਼ਾਬੈਰ,ਪ੍ਰੋ: ਫਰੈਂਕ ਡੈਲਮਾਰਟੀਨੋ,ਸ਼੍ਰੀ ਟੀਮੋ ਲਿੰਕੋਲਾ, ਸ਼੍ਰੀ ਕ੍ਰਿਸਟਿਆਨ ਫਾਨ ਡੇਅਰ ਕਾਂਪ, ਸ਼੍ਰੀ ਪਿਆਰਾ ਸਿੰਘ ਕਲੇਰ, ਸ਼੍ਰੀ ਜੋਰਮਾ ਵਿਰਟਾਨਨ, ਸ਼੍ਰੀ ਐਂਡਰੂ ਟਾਮਸ ਅਤੇ ਪ੍ਰੋ: ਯੂਰੀ ਕਾਜ਼ੇਪੋਵ ਦਾ ਵੀ ਅਸੀਂ ਹਾਰਦਿਕ ਧੰਨਵਾਦ ਕਰਦੇ ਹਾਂ।

ਨੀਤੀ ਸੰਬੰਧੀ ਨਿਰਦੇਸ਼ ਅਤੇ ਸਹਿਯੋਗ ਦੇਣ ਤੋਂ ਇਲਾਵਾ ਰਾਸ਼ਟਰੀ ਸੈਮੀਨਾਰਾਂ ਅਤੇ ਰਾਸ਼ਟਰੀ ਕਾਨਫਰੰਸ ਵਿੱਚ ਹਿੱਸਾ ਲੈਣ ਆਏ ਵਿਦਵਾਨਾਂ ਨੂੰ ਸੰਬੋਧਨ ਕਰਨ ਅਤੇ ਉਨ੍ਹਾਂ ਨਾਲ ਅਪਣੇ ਵਿਚਾਰ ਸਾਂਝੇ ਕਰਨ ਲਈ ਅਸੀਂ ਪੰਜਾਬ ਦੇ ਸਥਾਨਕ ਸਵੈ-ਸ਼ਾਸਨ ਦੇ ਮਾਨਯੋਗ ਮੰਤਰੀ ਸ਼੍ਰੀ ਜਗਜੀਤ ਸਿੰਘ ਅਤੇ ਪੰਜਾਬ ਦੇ ਮਾਨਯੋਗ ਵਿੱਤ ਮੰਤਰੀ ਸ਼੍ਰੀ ਸੁਰਿੰਦਰ ਸਿੰਗਲਾ ਦੇ ਯੋਗਦਾਨ ਨੂੰ ਧੰਨਵਾਦ ਸਹਿਤ ਕਬੂਲ ਕਰਦੇ ਹਾਂ। ਇਸ ਪ੍ਰਾਜੈਕਟ ਨੂੰ ਖੁੱਲ੍ਹ ਦਿਲੀ ਨਾਲ ਸਮਰਥਨ ਦੇਣ ਲਈ ਅਸੀਂ ਭਾਰਤ ਸਰਕਾਰ ਦੇ ਪੰਚਾਇਤੀ ਰਾਜ ਵਿਭਾਗ ਦੇ ਉਸ ਸਮੇਂ ਦੇ ਸਕੱਤਰ ਸ਼੍ਰੀ ਬੀ. ਐੱਸ. ਲਾਲੀ,ਪੰਜਾਬ ਦੇ ਸਥਾਨਕ ਸਵੈ-ਸ਼ਾਸਨ ਦੇ ਪ੍ਰਿੰਸੀਪਲ ਸਕੱਤਰ ਸ਼੍ਰੀ ਬੀ.ਆਰ. ਬਜਾਜ ਅਤੇ ਪੰਜਾਬ ਦੇ ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਸ਼੍ਰੀ ਜੇ. ਆਰ. ਕੁੰਦਲ ਦੇ ਅਸੀਂ ਸੱਚਮੁੱਚ ਰਿਣੀ ਹਾਂ ।ਅਧਿਐਨ ਲਈ ਕੀਤੇ ਗਏ ਦੌਰੇ ਤੋਂ ਇਲਾਵਾ ਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸ ਦੇ ਆਯੋਜਨ ਦੀ ਵਿਉਂਤਬੰਦੀ ਵਿੱਚ ਮਦਦ ਕਰਨ ਲਈ ਅਸੀਂ ਪੰਜਾਬ ਦੇ ਸਥਾਨਕ ਸਵੈ-ਸ਼ਾਸਨ ਵਿਭਾਗ ਦੇ ਉਸ ਸਮੇਂ ਦੇ ਡਾਇਰੈਕਟਰ ਸ਼੍ਰੀ ਜੀ.ਵਜਰਲਿੰਗਮ. ਆਈ.ਏ.ਐੱਸ.,ਅਤੇ ਪੰਜਾਬ ਦੇ ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਦੇ ਡਾਇਰੈਕਟਰ ਸ਼੍ਰੀ ਸਰਵਜੀਤ ਸਿੰਘ ਆਈ.ਏ.ਐੱਸ ਤੋਂ ਇਲਾਵਾ ਪੰਜਾਬ ਦੇ ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਦੇ ਵਧੀਕ ਡਾਇਰੈਕਟਰ ਸ਼੍ਰੀ ਪ੍ਰਕਾਸ਼ ਸਿੰਘ ਲੰਬੇ ਦੇ ਵੀ ਧੰਨਵਾਦੀ ਹਾਂ।

ਅਪਣੇ ਅਪਣੇ ਰਾਜਾਂ ਵਿੱਚ ਸਾਡੇ ਦੁਆਰਾ ਕੀਤੇ ਗਏ ਦੌਰਿਆਂ ਦਾ ਪ੍ਰਬੰਧ ਕਰਨ ਵਾਸਤੇ ਅਸੀਂ ਮੱਧ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ, ਕਰਨਾਟਕ ਅਤੇ ਕੇਰਲ ਰਾਜਾਂ ਦੇ ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗਾਂ ਦੇ ਪ੍ਰਿੰਸੀਪਲ ਸਕੱਤਰਾਂ ਦਾ ਵੀ ਧੰਨਵਾਦ ਕਰਨਾ ਚਾਹਾਂਗੇ। ਅਸੀਂ ਗੁਜਰਾਤ ਦੇ ਮੁੱਖ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਡੇ ਗੁਜਰਾਤ ਦੌਰੇ ਵੇਲੇ ਸਾਡੀ ਟੀਮ ਦੇ ਮੈਂਬਰਾਂ ਨਾਲ ਮਿਲਣ ਦਾ ਅਤੇ ਰਾਜ

ਵਿੱਚ ਸ਼ਹਿਰੀ ਅਤੇ ਦਿਹਾਤੀ ਵਿਕਾਸ ਬਾਰੇ ਅਪਣੇ ਵਿਚਾਰ ਸਾਂਝੇ ਕਰਨ ਦਾ ਸਮਾਂ ਕੱਢਿਆ। ਅਸੀਂ ਕਰਨਾਟਕ ਅਤੇ ਗੁਜਰਾਤ ਦੀਆਂ ਸਿਟੀ ਮੈਨੇਜਰਜ਼ ਐਸੋਸੀਏਸ਼ਨਾਂ, ਕੇਰਲ ਇੰਸਟੀਚਿਊਟ ਆਫ ਲੋਕਲ ਅਡਮਿਨਿਸਟ੍ਰੇਸ਼ਨ ਤ੍ਰਿਸੂਰ, ਆਲ ਇੰਡੀਆ ਇੰਸਟੀਚਿਊਟ ਆਫ ਲੋਕਲ ਸੈਲਫ ਗੌਰਮਿੰਟ, ਯਸ਼ਵੰਤ ਰਾਓ ਚਵਾਨ ਇੰਸਟੀਚਿਊਟ ਆਫ ਸੋਸ਼ਲ ਐਂਡ ਇਕਨਾਮਿਕ ਚੇਂਜ (ਮਹਾਰਾਸ਼ਟਰ) ਅਤੇ ਇੰਸਟੀਚਿਊਟ ਆਫ ਸੋਸ਼ਲ ਐਂਡ ਇਕਨਾਮਿਕ ਚੇਂਜ (ਬੰਗਲੌਰ) ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਅਪਣੇ ਅਪਣੇ ਰਾਜਾਂ ਦੇ ਸਾਡੇ ਦੌਰੇ ਵੇਲੇ ਸਾਡੀ ਸਹਾਇਤਾ ਕੀਤੀ।

ਅਸੀਂ ਪ੍ਰੋ. ੳ.ਪੀ. ਮਾਥੁਰ, ਪ੍ਰੋ. ਜਾਰਜ ਮੈਥਿਊ, ਪ੍ਰੋ. ਐਮ.ਪੀ. ਮਾਥੁਰ ਅਤੇ ਡਾ. ਮਹੀਪਾਲ ਦੇ ਵੀ ਸੱਚੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸ ਵਿੱਚ ਪਰਚੇ ਪੇਸ਼ ਕਰਕੇ ਅਕਾਦਮਿਕ ਯੋਗਦਾਨ ਦਿੱਤਾ।

ਕਰਿੱਡ ਦੇ ਸੀਨੀਅਰ ਸਲਾਹਕਾਰ ਅਤੇ ਸਾਡੇ ਮਾਨਯੋਗ ਸਹਿਯੋਗੀ ਸ਼੍ਰੀ ਐਮ. ਸੱਤਿਆਪਾਲ ਦੇ ਅਸੀਂ ਤਹਿ ਦਿਲੋਂ ਕਿਰਤੱਗ ਹਾਂ ਜਿਨ੍ਹਾਂ ਨੇ ਕਈ ਕਈ ਦਿਨ ਤੱਕ ਕਈ ਕਈ ਘੰਟੇ ਲਗਨ ਨਾਲ ਕੰਮ ਕਰਕੇ ਇਸ ਖਰੜੇ ਦੇ ਸੰਪਾਦਨ ਤੋਂ ਇਲਾਵਾ ਇਸ ਵਿੱਚ ਵਡਮੁੱਲਾ ਯੋਗਦਾਨ ਕੀਤਾ।

ਅੰਤ ਵਿੱਚ ਅਸੀਂ ਅਪਣੇ ਫੈਕਲਟੀ ਮੈਂਬਰਾਂ ਤੋ ਇਲਾਵਾ ਅਪਣੇ ਕੰਪਿਊਟਰ,ਲਾਇਬ੍ਰੇਰੀ ਅਤੇ ਪ੍ਰਸ਼ਾਸਨ ਵਿਭਾਗ ਦੇ ਅਮਲੇ ਦੇ ਵੀ ਰਿਣੀ ਹਾਂ ਜਿਨ੍ਹਾਂ ਦੇ ਤਤਪਰ ਸਹਿਯੋਗ ਅਤੇ ਸਹਾਇਤਾ ਬਗੈਰ ਇਸ ਪ੍ਰਾਜੈਕਟ ਨੂੰ ਸਫਲਤਾਪੂਰਵਕ ਸਮੇਂ ਸਿਰ ਪੂਰਾ ਕਰਨ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ।

ਡਾਇਰੈਕਟਰ-ਜਨਰਲ ਕਰਿੱਡ ਸ਼੍ਰੀ ਰਸ਼ਪਾਲ ਮਲਹੋਤਰਾ ਜੀ ਨੇ ਅਪਣੀ ਬੌਧਿਕ ਅਗਵਾਈ ਅਤੇ ਉਤਸ਼ਾਹ ਦੇ ਕੇ ਪ੍ਰਾਜੈਕਟ ਟੀਮ ਨੂੰ ਪੂਰੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਪ੍ਰਾਜੈਕਟ ਦੇ ਵੱਖ ਵੱਖ ਪੱਖਾਂ ਅਤੇ ਮੁੱਦਿਆਂ ਬਾਰੇ ਉਨ੍ਹਾਂ ਨਾਲ ਲਗਾਤਾਰ ਹੁੰਦੀ ਰਹੀ ਚਰਚਾ ਅਤੇ ਵਿਚਾਰ ਵਟਾਂਦਰੇ ਸਦਕਾ ਇਹ ਪ੍ਰਾਜੈਕਟ ਸਫਲਤਾਪੂਰਵਕ ਨੇਪਰੇ ਚੜ੍ਹਿਆ ਅਤੇ ਇਸ ਪ੍ਰਕਾਸ਼ਨ ਨੂੰ ਅੰਤਿਮ ਰੂਪ ਦਿੱਤਾ ਜਾ ਸਕਿਆ। ਨਿਰਸੰਦੇਹ ਉਨ੍ਹਾਂ ਦੁਆਰਾ ਦਿੱਤਾ ਗਿਆ ਮਸ਼ਵਰਾ ਅਤੇ ਮਾਰਗ ਦਰਸ਼ਨ ਬਹੁਤ ਵਡਮੁੱਲਾ ਸਾਬਤ ਹੋਇਆ।

ਅੰਤ ਵਿੱਚ ਅਸੀਂ ਪ੍ਰਾਜੈਕਟ ਟੀਮ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਪ੍ਰਾਜੈਕਟ ਨੂੰ ਸਹਾਇਤਾ ਤਾਂ ਦਿੱਤੀ ਕਿੰਤੂ ਇਸ ਨੂੰ ਜ਼ਾਹਿਰ ਨਾ ਕਰਨਾ ਹੀ ਬਿਹਤਰ ਸਮਝਿਆ।

**ਜੇ. ਪੀ. ਗੁਪਤਾ**
**ਆਈ.ਏ.ਐੱਸ. (ਸੇਵਾ ਨਿਵਿਰਤ)**
**ਪ੍ਰਿੰਸੀਪਲ ਕੋਆਰਡੀਨੇਟਰ**

# ਸਾਰਣੀਆਂ ਦੀ ਸੂਚੀ


| | |
|---|---|
| ਸਾਰਣੀ-1 | ਪੰਜਾਬ ਵਿੱਚ ਸ਼ਹਿਰੀਕਰਣ ਦਾ ਵਿਕਾਸ |
| ਸਾਰਣੀ-2 | ਛੇ ਰਾਜਾਂ ਵਿੱਚ ਸ਼ਹਿਰੀਕਰਣ ਦੇ ਵਿਕਾਸ ਦਾ ਰੁਝਾਣ (ਪ੍ਰਤੀਸ਼ਤ ਵਿੱਚ) |
| ਸਾਰਣੀ-3 | 1951 ਤੋਂ 2001 ਦੌਰਾਨ ਕੇਰਲ ਵਿਚ ਸ਼ਹਿਰੀਕਰਣ ਦੇ ਰੁਝਾਣ |
| ਸਾਰਣੀ-4 | ਕੇਰਲ ਦੀਆਂ ਮਿਉਂਸਿਪਲਟੀਆਂ ਦੀ ਜਨ ਸੰਖਿਆ |
| ਸਾਰਣੀ-5 | ਕੇਰਲ ਦੀਆਂ ਪੰਜ ਮਿਉਂਸਿਪਲ ਕਾਰਪੋਰੇਸ਼ਨਾਂ ਦੀ ਜਨ ਸੰਖਿਆ |
| ਸਾਰਣੀ-6 | ਕਰਨਾਟਕ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ |
| ਸਾਰਣੀ-7 | ਗੁਜਰਾਤ ਵਿੱਚ ਸ਼ਹਿਰੀਕਰਣ ਦੇ ਰੁਝਾਣ |
| ਸਾਰਣੀ-8 | ਕਲਾਸ-1 ਸ਼ਹਿਰਾਂ ਦੀ ਅਬਾਦੀ ਦੇ ਰੁਝਾਣ |
| ਸਾਰਣੀ-9 | ਅਬਾਦੀ ਦੇ ਅਕਾਰ ਦੇ ਅਧਾਰ ਤੇ ਸ਼ਹਿਰੀ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਸੰਖਿਆ |
| ਸਾਰਣੀ-10 | ਬੈਲਜੀਅਮ ਵਿੱਚ ਸਥਾਨਕ ਅਤੇ ਖੇਤਰੀ ਸ਼ਾਸਨ |
| ਸਾਰਣੀ-11 | ਮਿਉਂਸਿਪਲਟੀਆਂ ਦੇ ਵਰਗ ਅਨੁਸਾਰ ਉਨ੍ਹਾਂ ਦੀ ਜਨ ਸੰਖਿਆ |
| ਸਾਰਣੀ-12 | ਨੀਦਰਲੈਂਡ ਦੇ ਪ੍ਰਾਤਾਂ ਅਤੇ ਮਿਉਂਸਿਪਲਟੀਆਂ ਦੀ ਸੰਖਿਆ |
| ਸਾਰਣੀ-13 | ਸਪੇਨ ਵਿਚ ਮਿਉਂਸਿਪਲਟੀਆਂ ਦੀ ਸੰਖਿਆ ਅਤੇ ਉਨ੍ਹਾਂ ਦੀ ਜਨ ਸੰਖਿਆ ਦੀ ਵੰਡ |
| ਸਾਰਣੀ-14 | 1 ਅ੍ਰਪੈਲ 2004 ਦੀ ਸੂਚਨਾ ਅਨੁਸਾਰ ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿਚ ਪੰਚਾਇਤੀ ਰਾਜ ਸੰਸਥਾਵਾਂ ਅਤੇ ਉਨ੍ਹਾਂ ਨੂੰ ਚੁਣੇ ਹੋਣੇ ਪ੍ਰਤੀਨਿਧਾਂ ਦੀ ਸੰਖਿਆ |
| ਸਾਰਣੀ-15 | ਕੁੱਝ ਰਾਜਾਂ ਵਿਚ ਵੱਖ-ਵੱਖ ਸੰਸਥਾਵਾਂ ਅਧੀਨ ਜਨ ਸੰਖਿਆ ਦੀ ਬਣਤਰ |
| ਸਾਰਣੀ-16 | 73ਵੀਂ ਸੰਵਿਧਾਨਕ ਸੋਧ ਦੇ ਮੁੱਖ ਲੱਛਣ |
| ਸਾਰਣੀ-17 | 1 ਅ੍ਰਪੈਲ 2004 ਨੂੰ ਇਸਤ੍ਰੀਆਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਪ੍ਰਤੀਨਿਧਤਾ |
| ਸਾਰਣੀ-18 | ਪੰਚਾਇਤਾਂ ਰਾਜ ਸੰਸਥਾਵਾਂ ਦੇ ਮੁਖੀ ਅਤੇ ਉਹਨਾਂ ਦੀ ਚੋਣ ਦੀ ਵਿਧੀ |
| ਸਾਰਣੀ-19 | ਪੰਜਾਬ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੇ ਤਿੰਨ ਪੱਧਰਾਂ ਦੀਆਂ ਸਥਾਈ ਕਮੇਟੀਆਂ ਦੇ ਕਾਰਜ |
| ਸਾਰਣੀ-20 | ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਸਥਾਈ ਕਮੇਟੀਆਂ ਦੀ ਸੰਖਿਆ |
| ਸਾਰਣੀ-21 | ਪੰਜਾਬ ਵਿੱਚ ਨਗਰ ਪਾਲਕਾਵਾਂ ਦੇ ਕਾਰਜਾਂ ਦੀ ਪੂਰਤੀ (ਧਾਰਾ 243 W) |
| ਸਾਰਣੀ-22 | ਲੋਕ ਮੁਹਿੰਮ 1997-98 ਦੇ ਵੱਖ ਵੱਖ ਪੜਾਅ |
| ਸਾਰਣੀ-23 | 1990-2000 ਦੀ ਅਵਧੀ ਦੌਰਾਨ ਹੋਏ ਸੁਧਾਰਾਂ ਦੇ ਮਹੱਤਵਪੂਰਣ ਪੜਾਅ ਅਤੇ ਕਾਰਜ |
| ਸਾਰਣੀ-24 | ਕੁੱਲ ਵਰਤਮਾਨ ਆਮਦਨੀ ਦੇ ਪ੍ਰਤੀਸ਼ਤ ਦੇ ਤੌਰ ਤੇ ਅਪਣੀ ਆਮਦਨੀ |
| ਸਾਰਣੀ-25 | ਜੀ ਡੀ.ਪੀ ਅਤੇ ਕੁੱਲ ਸਰਕਾਰੀ ਖਰਚ ਦੇ ਪ੍ਰਤੀਸ਼ਤ ਦੇ ਤੌਰ ਤੇ ਕੇਂਦਰੀ ਸਰਕਾਰ, ਖੇਤਰਾਂ ਅਤੇ ਸਥਾਨਕ ਸ਼ਾਸਨਾਂ ਦਾ ਖਰਚ |
| ਸਾਰਣੀ-26 | ਚੋਣਵੇਂ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਕਾਰਜਾਂ ਦੀ ਸਥਿਤੀ |
| ਸਾਰਣੀ-27 | ਕਰਮਚਾਰੀਆਂ ਦੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਜਾਣ ਦੀ ਸਥਿਤੀ |
| ਸਾਰਣੀ-28 | ਪੰਜਾਬ ਪੰਚਾਇਤੀ ਰਾਜ ਐਕਟ ਤਹਿਤ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਕਰ ਲਗਾਉਣ ਦੀਆਂ ਸ਼ਕਤੀਆਂ |
| ਸਾਰਣੀ-29 | 2002-03 ਤੋਂ 2005-06 ਦੌਰਾਨ ਪੰਜਾਬ ਦੀਆਂ ਗਰਾਮ ਪੰਚਾਇਤਾਂ ਦੀ ਆਮਦਨੀ-ਖਰਚ ਦਾ ਅੰਤਰ (ਕਰੋੜ ਰੁਪਿਆਂ ਵਿੱਚ) |
| ਸਾਰਣੀ-30 | 1998-99 ਦੌਰਾਨ ਚੋਣਵੇਂ ਭਾਰਤੀ ਰਾਜਾਂ ਦੀਆ ਪੰਚਾਇਤੀ ਰਾਜ ਸੰਸਥਾਵਾਂ ਦਾ ਸਲਾਨਾ ਪ੍ਰਤੀ ਵਿਅਕਤੀ ਆਮਦਨੀ-ਖਰਚ |
| ਸਾਰਣੀ-31 | ਅਹਿਮਦਾਬਾਦ ਨਗਰ ਨਿਗਮ ਦੇ ਨਾਗਰਿਕ ਕੇਂਦਰਾਂ ਵਿੱਚ 18 ਸਤੰਬਰ 2002 ਤੋਂ 31 ਜੁਲਾਈ 2004 ਤੱਕ ਹੋਏ ਲੈਣ-ਦੇਣ |

| | |
|---|---|
| ਸਾਰਣੀ-32 | ਵਿਕੇਂਦਰੀਕ੍ਰਿਤ ਯੋਜਨਾਬੰਦੀ ਵਿੱਚ ਵੱਖ ਵੱਖ ਸੰਸਕਾਵਾਂ ਦੀਆਂ ਗਤੀਵਿਧੀਆਂ ਦਾ ਨਕਸ਼ਾ |
| ਸਾਰਣੀ-33 | ਵੱਖ ਵੱਖ ਰਾਜਾਂ ਵਿੱਚ ਗਰਾਮ ਸਭਾ ਨੂੰ ਸੌਂਪੇ ਗਏ ਕਾਰਜਾਂ ਦੇ ਵੇਰਵੇ |
| ਸਾਰਣੀ-34 | ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੀ ਅਵਸਥਾ |
| ਸਾਰਣੀ-35 | ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਦੁਆਰਾ ਨਾਗਰਿਕ ਸੇਵਾਵਾਂ ਦੀਆਂ ਵਿੱਤੀ ਲੋੜਾਂ ਦਾ ਅਨੁਮਾਨ (ਕਰੋੜ ਰੁਪਇਆਂ ਵਿਚ) |
| ਸਾਰਣੀ-36 | ਪੰਜਾਬ ਦੇ ਦੂਜੇ ਵਿੱਤ ਕਮਿਸ਼ਨ (2002-03 ਤੋਂ 2005-06) ਦੁਆਰਾ ਨਿਸ਼ਚਿਤ ਕੀਤੇ ਗਏ ਸੰਚਾਲਨ ਅਤੇ ਸਾਂਭ ਸੰਭਾਲ ਦੇ ਖਰਚਿਆਂ ਦੀ ਵਸੂਲੀ ਦੇ ਟੀਚੇ |
| ਸਾਰਣੀ-37 | 2002-03 ਤੋਂ 2006-07 ਦੌਰਾਨ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ, ਠੋਸ ਗੰਦਗੀ ਦੇ ਪ੍ਰਬੰਧ ਅਤੇ ਹੋਰ ਬੁਨਿਆਦੀ ਢਾਂਚੇ ਨਾਲ ਸੰਬੰਧਤ ਸੇਵਾਵਾਂ ਦੀਆਂ ਵਿੱਤੀ ਲੋੜਾਂ (ਕਰੋੜ ਰੁਪਿਆਂ ਵਿੱਚ) ਅਤੇ ਇਨ੍ਹਾਂ ਦੇ ਭੌਤਿਕ ਟੀਚੇ |
| ਸਾਰਣੀ-38 | ਰਾਜ ਸਰਕਾਰ ਦੇ ਪੰਜ ਕਰਾਂ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦਾ ਹਿੱਸਾ (ਕਰੋੜ ਰੁਪਿਆਂ ਵਿੱਚ) |
| ਸਾਰਣੀ-39 | ਪੰਚਾਇਤੀ ਰਾਜ ਸੰਸਥਾਵਾਂ ਅਤੇ ਸਥਾਨਕ ਸ਼ਹਿਰੀ ਸੰਸਥਾਵਾਂ ਨੂੰ ਸੌਂਪੀਆਂ ਜਾਣ ਵਾਲੀਆਂ ਰਾਸ਼ੀਆਂ ਦੇ ਅਨੁਮਾਨ (ਕਰੋੜ ਰੁਪਿਆਂ ਵਿਚ) |
| ਸਾਰਣੀ-40 | ਭਾਰਤ ਵਿੱਚ ਨਗਰ ਨਿਗਮਾਂ ਦੁਆਰਾ ਮਿਉਂਸਿਪਲ ਬਾਂਡ ਮਾਰਕੀਟ ਵਿੱਚ ਪ੍ਰਵੇਸ਼ |
| ਸਾਰਣੀ-41 | ਆਮਦਨ-ਖਰਚ ਦੇ ਮਹੱਤਵਪੂਰਣ ਚਿੱਠੇ ਅਤੇ ਉਨ੍ਹਾਂ ਦੇ ਮੰਤਵ |
| ਸਾਰਣੀ-42 | ਉਧਾਰ ਖਾਤੇ ਅਤੇ ਜਮ੍ਹਾਂ ਖਾਤੇ ਦੇ ਨਿਯਮ |
| ਸਾਰਣੀ-43 | ਆਮਦਨੀ, ਖਰਚ ਅਤੇ ਗਰਾਂਟਾਂ ਤੇ ਲਾਗੂ ਹੋਣ ਵਾਲੇ ਨਿਯਮ |
| ਸਾਰਣੀ-44 | ਪਿੰਡ ਪੱਧਰ ਦੀਆਂ ਅਤੇ ਵਿਚਕਾਰਲੀਆਂ ਪੰਚਾਇਤਾਂ ਦੇ ਹਿਸਾਬ-ਕਿਤਾਬ ਰੱਖਣ ਲਈ ਕੀਤੀ ਗਈ ਵਿਵਸਥਾ (ਲੱਖ ਰੁਪਿਆਂ ਵਿੱਚ) |
| ਸਾਰਣੀ-45 | ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਵਿੱਤੀ ਹਾਲਤ ਸੰਬੰਧੀ ਤੱਥ ਸੰਗ੍ਰਹਿ ਕਰਨ ਲਈ ਕੀਤੀ ਗਈ ਵਿਵਸਥਾ (ਲੱਖ ਰੁਪਿਆਂ ਵਿੱਚ) |
| ਖਾਨਾ-1 | 74ਵੀਂ ਸੰਵਿਧਾਨਕ ਸੋਧ ਐਕਟ 1992 ਦੇ ਮੁੱਖ ਲੱਛਣ |
| ਖਾਨਾ-2 | ਮੱਧ ਪ੍ਰਦੇਸ਼ ਵਿਚ ਮੇਅਰ-ਇਨ-ਕੌਂਸਲ ਪ੍ਰਣਾਲੀ |
| ਖਾਨਾ-3 | ਬਿਨਾਂ ਬਿਲ ਦੇ ਪਾਣੀ ਦੀ ਖਪਤ ਘਟਾਉਣ ਲਈ ਸਰਕਾਰੀ ਅਤੇ ਨਿੱਜੀ ਖੇਤਰਾਂ ਦਾ ਸਹਿਯੋਗ |
| ਖਾਨਾ-4 | ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਸਰਕਾਰੀ ਅਤੇ ਨਿੱਜੀ ਖੇਤਰਾਂ ਦੀ ਭਾਗੀਦਾਰੀ : ਨਵੀਂ ਮੁੰਬਈ ਵਿਚ ਸੇਵਾਵਾਂ ਦੇ ਕਾਰਜ ਪੂਰਤੀ ਆਧਾਰਤ ਅਨੁਬੰਧ |
| ਖਾਨਾ-5 | ਛੋਟੀਆਂ ਅਤੇ ਦਰਮਿਆਨੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਲਈ ਬਜ਼ਾਰ ਤੋਂ ਵਿੱਤ ਦਾ ਪ੍ਰਬੰਧ-ਤਾਮਿਲਨਾਡੂ ਅਤੇ ਕਰਨਾਟਕ ਦੀ ਉਦਾਹਰਣ |
| ਖਾਨਾ-6 | ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿਚ ਸਮੁਦਾ ਦੀ ਭਾਗੀਦਾਰੀ: ਗ੍ਰੇਟਰ ਮੁੰਬਈ |
| ਖਾਨਾ-7 | ਖਾਦ ਨਿਰਮਾਣ ਸੰਯੰਤਰ : ਵਲਸਾੜ ਨਗਰ ਪਾਲਕਾ, ਗੁਜਰਾਤ |
| ਖਾਨਾ-8 | ਜੈਵਿਕ ਖਾਦ ਸੰਯੰਤਰ ਅਤੇ ਕੂੜਾ ਸੁੱਟਣ ਦੀਆਂ ਨੀਵੀਆਂ ਥਾਵਾਂ ਦਾ ਵਿਕਾਸ: ਭੂਪਾਲ |
| ਖਾਕਾ-1 | ਫਿਨਲੈਂਡ ਵਿਚ ਮਿਉਂਸਿਪਲ ਪ੍ਰਬੰਧ ਦੀ ਬਣਤਰ |
| ਖਾਕਾ-2 | ਬੈਲੀਜੀਅਮ ਦੀ ਸਰਕਾਰ ਦੇ ਸੰਘੀ ਢਾਂਚੇ ਦੀ ਬਣਤਰ |
| ਗਰਾਫ-1 | ਵਿਕੇਂਦਰੀਕਰਣ ਦਾ ਸੰਯੁਕਤ ਸੂਚਕ ਅੰਕ |
| ਅੰਤਿਕਾ-1 | ਗਰਾਮ ਪੰਚਾਇਤਾਂ ਨੂੰ ਵਿਭਾਗ ਅਤੇ ਸਕੀਮਾਂ ਸੋਂਪੇ ਜਾਣ ਦੇ ਵੇਰਵੇ |

# ਕਾਰਜਕਾਰੀ ਸਾਰਾਂਸ਼

'ਪੰਜਾਬ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਸਮਰਥਾ ਦਾ ਨਿਰਮਾਣ' (Capacity Builiding of Local Self-Government Institutions in Punjab) ਨਾਂ ਦਾ ਪ੍ਰਾਜੈਕਟ ਦਿੱਲੀ ਵਿਖੇ ਯੂਰਪੀ ਯੂਨੀਅਨ ਦੇ ਡੈਲੀਗੇਸ਼ਨ ਦੁਆਰਾ ਅਕਤੂਬਰ 2005 ਵਿਚ ਦਿਹਾਤੀ ਅਤੇ ਉਦਯੋਗਿਕ ਵਿਕਾਸ ਦੇ ਖੋਜ ਕੇਂਦਰ (Centre for Research in Rural and Industiral Development) ਨੂੰ ਸੌਂਪਿਆ ਗਿਆ। ਬਰੱਸਲਜ਼ ਵਿਖੇ ਸਥਿਤ ਯੂਰਪੀ ਨੀਤੀਆਂ ਦਾ ਅਧਿਐਨ ਕਰਨ ਵਾਲੀ, ਮੁਨਾਫਾ ਨਾ ਕਮਾਉਣ ਵਾਲੀ ਸੰਸਥਾ The Study Group for European Policies-SEP ਇਸ ਪ੍ਰਾਜੈਕਟ ਵਿੱਚ ਸਹਿਯੋਗੀ ਹੈ। SEP ਇੱਕ ਬਹੁਤ ਹੀ ਆਦਰਯੋਗ ਖੋਜ ਸੰਸਥਾ ਹੈ ਜਿਸ ਵਿੱਚ ਖੇਤਰੀ ਵਿਕਾਸ ਨਾਲ ਸੰਬੰਧ ਰੱਖਣ ਵਾਲੇ ਉੱਘੇ ਵਿਦਵਾਨ ਅਤੇ ਖੋਜੀ ਹਨ ਜਿਨ੍ਹਾਂ ਨੂੰ ਯੂਰਪੀ ਯੂਨੀਅਨ ਦੀ ਖੇਤਰੀ ਕਮੇਟੀ (Committee of the Regions) ਦੁਆਰਾ ਖੇਤਰਾਂ ਦੀ ਸੰਯੁਕਤ ਰਹਿਣ ਦੀ ਪ੍ਰਵਿਰਤੀ ਦੇ ਅਧਿਐਨ ਦੀ ਜਿੰਮੇਵਾਰੀ ਸੌਂਪੀ ਗਈ ਹੈ।

ਇਸ ਪ੍ਰਾਜੈਕਟ ਦਾ ਉਦੇਸ਼ ਭਾਰਤ ਦੇ ਦੂਜੇ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਚੋਣਵੇਂ ਦੇਸ਼ਾਂ ਦੇ ਸਥਾਨਕ ਸਵੈ ਸ਼ਾਸਨ ਦੇ ਤਜਰਬੇ ਤੇ ਆਧਾਰਤ ਪ੍ਰਬੰਧ ਦੀਆਂ ਸਰਵੋਤਮ ਪ੍ਰਣਾਲੀਆਂ ਸ਼ੁਰੂ ਕਰਕੇ ਪੰਜਾਬ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਮਜਬੂਤ ਬਣਾਉਣਾ ਹੈ। ਇਸ ਪ੍ਰਾਜੈਕਟ ਨੇ ਫਿਨਲੈਂਡ, ਸਪੇਨ, ਬਰਤਾਨੀਆ, ਇਟਲੀ, ਨੀਦਰਲੈਂਡ ਅਤੇ ਬੈਲਜੀਅਮ ਜਿਹੇ ਯੂਰਪੀ ਦੇਸ਼ਾਂ ਅਤੇ ਗੁਜਰਾਤ, ਮਹਾਰਾਸ਼ਟਰ, ਮੱਧ ਪ੍ਰਦੇਸ਼, ਕਰਨਾਟਕ ਅਤੇ ਕੇਰਲ ਜਿਹੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਦੇ ਸਥਾਨਕ ਸ਼ਾਸਨਾਂ ਦੀ ਕਾਰਜ ਪ੍ਰਣਾਲੀ ਬਾਰੇ ਸਿੱਖਣ ਦਾ ਅਵਸਰ ਮੁਹੱਈਆ ਕਰਵਾਇਆ। ਇਨ੍ਹਾਂ ਦੇਸ਼ਾਂ/ਰਾਜਾਂ ਦੇ ਅਧਿਕਾਰੀਆਂ ਅਤੇ ਚੁਣੇ ਹੋਏ ਪ੍ਰਤੀਨਿਧਾਂ ਨਾਲ ਸਾਡੀ ਟੀਮ ਦੁਆਰਾ ਬਹੁਤ ਸਾਰੇ ਵਿਸ਼ਿਆਂ ਬਾਰੇ ਕੀਤੇ ਗਏ ਵਿਚਾਰ ਵਟਾਂਦਰਿਆਂ ਨੇ ਸਥਾਨਕ ਸ਼ਾਸਨਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੀ ਪ੍ਰਣਾਲੀ ਦੇ ਮੂਲ ਸਿਧਾਂਤਾਂ ਨੂੰ ਸਮਝਣ ਵਿੱਚ ਬਹੁਮੁੱਲਾ ਯੋਗਦਾਨ ਪਾਇਆ। ਦੋ ਸੈਮੀਨਾਰਾਂ ਅਤੇ ਇੱਕ ਕਾਨਫਰੰਸ ਨੇ ਸਥਾਨਕ ਸ਼ਾਸਨ ਦੇ ਮੁੱਖ-ਮੁੱਖ ਖੇਤਰਾਂ ਨੂੰ ਪਹਿਚਾਣ ਕੇ ਇਸ ਅਧਿਐਨ ਲਈ ਸ਼ਾਮਿਲ ਕੀਤੇ ਜਾਣ ਵਿੱਚ ਸਹਾਇਤਾ ਦਿੱਤੀ। ਇਹ ਖੇਤਰ ਹਨ: ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਭੂਮਿਕਾ, ਪਾਰਦਰਸ਼ਤਾ, ਜਵਾਬਦੇਹੀ, ਸਮੁਦਾ ਦਾ ਪ੍ਰਭਾਵਸ਼ਾਲੀ ਸਹਿਯੋਗ, ਕਰ ਪ੍ਰਣਾਲੀ ਵਿੱਚ ਸੁਧਾਰ, ਕੂੜੇ ਕਰਕਟ ਦਾ ਪ੍ਰਬੰਧ, ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚੇ ਅਤੇ ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਇਨ੍ਹਾਂ ਨਾਲ ਸੰਬੰਧਤ ਵਿਅਕਤੀਆਂ ਦਾ ਸਹਿਯੋਗ।

ਭਾਰਤੀ ਸੰਵਿਧਾਨ ਵਿੱਚ ਕੀਤੀ ਗਈ ਸੰਘੀ ਵਿਵਸਥਾ ਅਨੁਸਾਰ ਦਿੱਲੀ ਵਿਖੇ ਕੇਂਦਰ ਸਰਕਾਰ ਅਤੇ 29 ਰਾਜਾਂ ਵਿੱਚ ਪ੍ਰਾਂਤੀ ਸਰਕਾਰਾਂ ਹਨ। 73ਵੀਂ ਅਤੇ 74ਵੀਂ ਸੰਵਿਧਾਨਕ ਸੋਧ 1992, ਭਾਰਤ ਦੀਆਂ ਦਿਹਾਤੀ ਅਤੇ ਸ਼ਹਿਰੀ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਹਨ। ਇਨ੍ਹਾਂ ਸੋਧਾਂ ਤਹਿਤ ਇਨ੍ਹਾਂ ਸੰਸਥਾਵਾਂ ਨੂੰ ਭਾਰਤੀ ਲੋਕਤੰਤਰ ਵਿੱਚ ਕੇਂਦਰੀ ਭੂਮਿਕਾ ਸੌਂਪੀ ਗਈ ਹੈ। ਨਤੀਜੇ ਵਜੋਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਹੁਣ ਭਾਰਤ ਦੇ ਸੰਘੀ ਢਾਂਚੇ ਦਾ ਅਨਿੱਖੜਵਾਂ ਅੰਗ ਹਨ, ਜਿਸ ਵਿੱਚ ਕੇਂਦਰ ਵਿਖੇ ਭਾਰਤ ਸਰਕਾਰ, ਵਿਚਕਾਰਲੇ ਪੱਧਰ ਤੇ ਰਾਜ ਸਰਕਾਰਾਂ ਅਤੇ ਸਭ ਤੋਂ ਹੇਠਲੇ ਪੱਧਰ ਤੇ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਹਨ।

ਪੰਜਾਬ ਸਰਕਾਰ ਦੁਆਰਾ 1994 ਵਿੱਚ ਸੰਵਿਧਾਨਕ ਸੋਧਾਂ ਦੇ ਅਨੁਰੂਪ ਪਾਸ ਕੀਤੇ ਗਏ ਕਾਨੂੰਨ ਨਾਲ ਇਨ੍ਹਾਂ ਸੰਸਥਾਵਾਂ ਦੀ ਨਿਰੰਤਰਤਾ ਯਕੀਨੀ ਹੋ ਗਈ ਹੈ ਅਤੇ ਪ੍ਰਸ਼ਾਸਨ ਵਿੱਚ ਸਮਾਜ ਦੇ ਕਮਜੋਰ ਵਰਗਾਂ ਦਾ ਸਹਿਯੋਗ ਪ੍ਰਾਪਤ ਹੋਇਆ ਹੈ। ਭਾਵੇਂ ਇਹ ਇੱਕ ਸ਼ੁਭ ਸੰਕੇਤ ਹੈ, ਕਿੰਤੂ 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਅਪਣਾਏ ਜਾਣ ਦੇ ਦਸ ਸਾਲ ਤੋਂ ਵੱਧ ਸਮੇਂ ਬਾਦ ਵੀ ਇਨ੍ਹਾਂ ਸੰਸਥਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਭਾਰਤ ਦੀ ਲੋਕਤੰਤਰੀ ਪ੍ਰਣਾਲੀ ਵਿੱਚ ਏਕੀਕ੍ਰਿਤ ਨਹੀਂ ਕੀਤਾ ਗਿਆ ਹੈ। ਇਨ੍ਹਾਂ ਸੰਸਥਾਵਾਂ ਨੂੰ ਉਮੀਦ ਅਨੁਸਾਰ ਜਿੰਮੇਵਾਰੀਆਂ ਅਤੇ

ਵਿੱਤੀ ਸ਼ਕਤੀਆਂ ਨਹੀਂ ਸੌਂਪੀਆਂ ਗਈਆਂ ਅਤੇ ਇਹ ਹਾਲੇ ਵੀ ਸ਼ਕਤੀਆਂ, ਕਾਰਜਾਂ ਅਤੇ ਅਮਲੇ ਦੀ ਥੁੜ ਦਾ ਸ਼ਿਕਾਰ ਹਨ। ਦੇਸ਼ ਭਰ ਵਿੱਚ ਇਨ੍ਹਾਂ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਵਿੱਚ ਬਹੁਤ ਅੰਤਰ ਹਨ। ਕੇਰਲ, ਕਰਨਾਟਕ, ਮੱਧਪ੍ਰਦੇਸ਼, ਮਹਾਰਾਸ਼ਟਰ ਅਤੇ ਗੁਜਰਾਤ ਵਰਗੇ ਕੁੱਝ ਰਾਜਾਂ ਨੇ ਵਿਕੇਂਦਰੀਕਰਣ ਦੀ ਦਿਸ਼ਾ ਵਿੱਚ ਵਧੀਆ ਕੰਮ ਕੀਤਾ ਹੈ। ਦੂਜੇ ਪਾਸੇ ਸੁਧਾਰਾਂ ਨੂੰ ਸੰਸਥਾਗਤ ਕਰਨ ਦੀ ਪ੍ਰਕਿਰਿਆ ਪੰਜਾਬ ਵਿੱਚ ਬਹੁਤ ਢਿੱਲੀ ਹੈ। ਇਸ ਦਾ ਇੱਕ ਕਾਰਣ ਇਨ੍ਹਾਂ ਸੰਸਥਾਵਾਂ ਪਾਸ ਸਮਰਥਾ ਦੀ ਘਾਟ ਵੀ ਹੈ।

ਸੰਵਿਧਾਨਕ ਸੋਧਾਂ ਦੇ ਬਾਵਜੂਦ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਖੁਦਮੁਖਤਾਰੀ ਦੇਣ ਦੀ ਗੰਭੀਰ ਕੋਸ਼ਿਸ਼ ਕਰਨੀ ਹਾਲੇ ਬਾਕੀ ਹੈ। ਨਗਰ ਪਾਲਕਾਵਾਂ ਦੀਆਂ ਸ਼ਕਤੀਆਂ, ਅਧਿਕਾਰਾਂ ਅਤੇ ਜਿੰਮੇਵਾਰੀਆਂ ਨੂੰ ਪਰਿਭਾਸ਼ਿਤ ਕਰਨ ਵਾਲੀ ਸੰਵਿਧਾਨ ਦੀ ਧਾਰਾ 243 ਹਾਲੇ ਲਾਗੂ ਨਹੀਂ ਕੀਤੀ ਗਈ। ਇਸੇ ਤਰ੍ਹਾਂ ਕਰ ਲਗਾਉਣ ਦਾ ਅਧਿਕਾਰ ਹਾਲੇ ਰਾਜ ਸਰਕਾਰ ਪਾਸ ਹੀ ਹੈ ਨਾ ਕਿ ਨਗਰ ਪਾਲਕਾਵਾਂ ਜਾਂ ਪੰਚਾਇਤੀ ਰਾਜ ਸੰਸਥਾਵਾਂ ਪਾਸ। ਕਰਾਂ ਦੀਆਂ ਪ੍ਰਕਾਰਾਂ ਅਤੇ ਉਨ੍ਹਾਂ ਦੀਆਂ ਦਰਾਂ ਦਾ ਫੈਸਲਾ ਰਾਜ ਸਰਕਾਰ ਕਰਦੀ ਹੈ ਅਤੇ ਵਿਕਾਸ ਲਈ ਗਰਾਂਟਾਂ ਜਾਂ ਹੋਰ ਰਾਸ਼ੀਆਂ ਦਾ ਫੈਸਲਾ ਵੀ ਰਾਜ ਸਰਕਾਰ ਦੁਆਰਾ ਕੀਤਾ ਜਾਂਦਾ ਹੈ।

ਭਾਵੇਂ ਵਿਕੇਂਦਰੀਕ੍ਰਿਤ ਲੋਕਤੰਤਰੀ ਸਥਾਨਕ ਸਵੈ ਸ਼ਾਸਨ ਸਿੱਧੀਆਂ ਚੋਣਾਂ ਰਾਹੀਂ ਹੋਂਦ ਵਿੱਚ ਆਏ ਹਨ, ਚੁਣੇ ਹੋਏ ਪ੍ਰਤੀਨਿਧਾਂ ਪਾਸ ਲੁੜੀਂਦੀ ਪ੍ਰਬੰਧਕੀ ਨਿਪੁੰਨਤਾ ਨਹੀਂ ਹੁੰਦੀ ਅਤੇ ਉਹ ਪ੍ਰਬੰਧ ਦੇ ਸਿਧਾਂਤਾਂ, ਹਿਸਾਬ ਕਿਤਾਬ ਰੱਖਣ ਦੀਆਂ ਪ੍ਰਣਾਲੀਆਂ ਅਤੇ ਵਿੱਤੀ ਜਿੰਮੇਵਾਰੀਆਂ ਤੋਂ ਵੀ ਆਮ ਕਰਕੇ ਜਾਣੂੰ ਨਹੀਂ ਹੁੰਦੇ। ਇਸ ਲਈ ਸਮਰਥਾ ਨਿਰਮਾਣ ਲਈ ਇੱਕ ਵੱਡੇ ਪੱਧਰ ਦੇ ਪ੍ਰੋਗਰਾਮ ਦੀ ਲੋੜ ਹੈ ਜਿਸ ਵਿੱਚ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪ੍ਰਸ਼ਾਸਨ ਦੀਆਂ ਸਰਵੋਤਮ ਪ੍ਰਣਾਲੀਆਂ ਨੂੰ ਅਪਣਾਉਣਾ ਅਤੇ ਉਨ੍ਹਾਂ ਦੀ ਸਿਖਲਾਈ ਦੇਣਾ ਸ਼ਾਮਿਲ ਹੋਣਾ ਚਾਹੀਦਾ ਹੈ। ਇਸੇ ਪ੍ਰਸੰਗ ਵਿੱਚ ਯੂਰਪੀ ਕਮਿਸ਼ਨ ਅਤੇ CRRID ਦੇ ਇਸ ਪ੍ਰਾਜੈਕਟ ਵਿੱਚ ਪੰਜਾਬ ਦੇ ਸਮਾਜਕ ਅਤੇ ਆਰਥਕ ਵਿਕਾਸ ਲਈ ਪ੍ਰਸ਼ਾਸਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਅਤੇ ਰਾਜ ਦੀਆਂ ਲੋਕਤੰਤਰੀ ਸੰਸਥਾਵਾਂ ਨੂੰ ਦ੍ਰਿੜ ਕਰਨ ਲਈ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਸਮਰਥਾ ਦੇ ਨਿਰਮਾਣ ਬਾਰੇ ਵਿਚਾਰ ਕੀਤਾ ਗਿਆ।

ਇਸ ਵੇਲੇ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਜਿੰਮੇਵਾਰੀਆਂ, ਫੰਡ ਅਤੇ ਅਮਲਾ ਸੌਂਪੇ ਜਾਣ ਦਾ ਬਹੁਤ ਵਿਰੋਧ ਹੋ ਰਿਹਾ ਹੈ। ਇਸ ਲਈ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਪ੍ਰਸ਼ਾਸਨ ਦੀ ਜਿੰਮੇਵਾਰੀ ਸੰਭਾਲਣ ਲਈ ਚੁਣੇ ਹੋਏ ਪ੍ਰਤੀਨਿਧਾਂ ਪਾਸ ਲੁੜੀਂਦੀ ਸਮਰਥਾ ਨਹੀਂ ਹੈ। ਦੂਜੇ ਪਾਸੇ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਸਥਾਨਕ ਸ਼ਾਸਨ ਦੀ ਲੰਬੀ ਅਤੇ ਨਰੋਈ ਪਰੰਪਰਾ ਹੈ। ਇਹ ਦੇਖਿਆ ਗਿਆ ਹੈ ਕਿ ਯੂਰਪੀ ਯੂਨੀਅਨ ਦੇ ਚੋਣਵੇਂ ਦੇਸ਼ਾਂ ਦੀਆਂ ਸਥਾਨਕ ਸੰਸਥਾਵਾਂ ਦੇ ਕੀਮਤੀ ਤਜਰਬੇ ਤੋਂ ਪੰਜਾਬ ਦੇ ਸਥਾਨਕ ਪ੍ਰਸ਼ਾਸਨ ਨੂੰ ਮਜਬੂਤ ਬਣਾਉਣ ਦੀ ਯੋਜਨਾ ਦੇ ਨਿਰਮਾਣ ਵਿੱਚ ਸਹਾਇਤਾ ਮਿਲ ਸਕਦੀ ਹੈ।

ਪੱਛਮੀ ਯੂਰਪ ਦੀਆਂ ਸਥਾਨਕ ਸੰਸਥਾਵਾਂ ਦੀਆਂ ਸ਼ਾਸਨ ਪ੍ਰਣਾਲੀਆਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾਂ ਵਰਗ ਫਰਾਂਕੋ ਸਮੂਹ ਦੇ ਦੇਸ਼ਾਂ ਦਾ ਹੈ ਜਿਨ੍ਹਾਂ ਵਿੱਚ ਫਰਾਂਸ, ਇਟਲੀ, ਬੈਲਜੀਅਮ, ਸਪੇਨ, ਪੁਰਤਗਾਲ ਅਤੇ ਯੂਨਾਨ ਆਉਂਦੇ ਹਨ। ਇਨ੍ਹਾਂ ਦੇਸ਼ਾਂ ਦੀਆਂ ਸਥਾਨਕ ਸੰਸਥਾਵਾਂ ਨੂੰ ਸੰਵਿਧਾਨਕ ਮਾਨਤਾ ਪ੍ਰਾਪਤ ਹੈ ਅਤੇ ਉਨ੍ਹਾਂ ਦੀ ਭੂਮਿਕਾ ਕਾਰਜਾਂ ਸੰਬੰਧੀ ਨਹੀਂ ਬਲਕਿ ਰਾਜਨੀਤਕ ਹੈ। ਉਨ੍ਹਾਂ ਨੂੰ ਦਿੱਤੀ ਗਈ ਖੁਦਮੁਖਤਾਰੀ ਬਹੁਤ ਘੱਟ ਹੈ ਅਤੇ ਸਰਕਾਰ ਦੇ ਉੱਪਰਲੇ ਪੱਧਰਾਂ ਦਾ ਉਨ੍ਹਾਂ ਤੇ ਰਸਮੀ ਨਿਯੰਤਰਣ ਹੈ। ਦੂਜਾ ਵਰਗ ਐਂਗਲੋ ਸਮੂਹ ਦੇ ਦੇਸ਼ਾਂ ਦਾ ਹੈ ਜਿਨ੍ਹਾਂ ਦੀ ਪ੍ਰਤੀਨਿਧਤਾ ਬਰਤਾਨੀਆ ਕਰਦਾ ਹੈ। ਇਨ੍ਹਾਂ ਦੇਸ਼ਾਂ ਵਿੱਚ ਸਥਾਨਕ ਸ਼ਾਸਨਾਂ ਨੂੰ ਕਿਤੇ ਵੱਧ ਖੁਦਮੁਖਤਾਰੀ ਹਾਸਲ ਹੈ ਪਰੰਤੂ ਇਨ੍ਹਾਂ ਨੂੰ ਸੰਵਿਧਾਨਕ ਮਾਨਤਾ ਨਹੀਂ ਦਿੱਤੀ ਗਈ। ਇਹ ਮੁਕਾਬਲਤਨ ਸਰਕਾਰ ਦੇ ਉੱਪਰਲੇ ਪੱਧਰਾਂ ਦੇ ਨਿਯੰਤਰਣ ਤੋਂ ਮੁਕਤ ਹਨ।

ਤੀਜੇ ਵਰਗ ਦੇ ਦੇਸ਼ਾਂ ਵਿੱਚ ਕੇਂਦਰੀ ਅਤੇ ਉੱਤਰੀ ਯੂਰਪ ਦੇ ਦੇਸ਼ ਆਉਂਦੇ ਹਨ ਜਿਵੇਂ ਕਿ ਨਾਰਵੇ, ਸਵੀਡਨ, ਡੈਨਮਾਰਕ,

ਫਿਨਲੈਂਡ, ਆਸਟਰੀਆ, ਸਵਿਟਜ਼ਰਲੈਂਡ, ਜਰਮਨੀ ਅਤੇ ਨੀਦਰਲੈਂਡ। ਇਨ੍ਹਾਂ ਦੇਸ਼ਾਂ ਵਿੱਚ ਸਥਾਨਕ ਸੰਸਥਾਵਾਂ ਨੂੰ ਸਭ ਤੋਂ ਵੱਧ ਖੁਦਮੁਖਤਾਰੀ, ਦ੍ਰਿੜ ਸੰਵਿਧਾਨਕ ਦਰਜਾ ਅਤੇ ਵਿੱਤੀ ਸੁਤੰਤਰਤਾ ਹਾਸਲ ਹੈ।

ਯੂਰਪ ਦੇ ਛੇ ਦੇਸ਼ਾਂ – ਬਰਤਾਨੀਆ, ਬੈਲਜੀਅਮ, ਨੀਦਰਲੈਂਡ, ਫਿਨਲੈਡ, ਇਟਲੀ ਅਤੇ ਸਪੇਨ – ਵਿੱਚ ਸਥਾਨਕ ਸਵੈ ਸ਼ਾਸਨ ਦੀਆਂ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਦੇ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਇਨ੍ਹਾਂ ਦੇਸ਼ਾਂ ਵਿੱਚ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਦਾ ਪ੍ਰਬੰਧ, ਸਫਾਈ ਪ੍ਰਬੰਧ, ਘਰੇਲੂ ਕੂੜੇ ਕਰਕਟ ਨੂੰ ਚੁੱਕਣ, ਢੋਣ ਅਤੇ ਟਿਕਾਣੇ ਲਗਾਉਣ ਜਿਹੀਆਂ ਸ਼ਹਿਰੀ ਸਹੂਲਤਾਂ ਨਿੱਜੀ ਖੇਤਰ ਨੂੰ ਸੌਂਪ ਦਿੱਤੀਆਂ ਗਈਆਂ ਹਨ ਅਤੇ ਨਾਗਰਿਕ ਸਥਾਨਕ ਸ਼ਾਸਨ ਦੇ ਅਧਿਕਾਰੀਆਂ ਦੁਆਰਾ ਮੰਜੂਰ ਕੀਤੀਆਂ ਗਈਆਂ ਦਰਾਂ ਅਨੁਸਾਰ ਸਬੰਧਤ ਕੰਪਨੀਆਂ ਨੂੰ ਸਿੱਧਾ ਭੁਗਤਾਨ ਕਰਦੇ ਹਨ। ਸ਼ਹਿਰੀ ਸੇਵਾਵਾਂ ਦੀ ਜ਼ਿੰਮੇਵਾਰੀ ਨਿੱਜੀ ਖੇਤਰ ਨੂੰ ਸੌਂਪੇ ਜਾਣ ਕਰਕੇ ਯੂਰਪ ਵਿੱਚ ਸਥਾਨਕ ਸਵੈ ਸ਼ਾਸਨ ਦੀਆਂ ਸੰਸਥਾਵਾਂ ਬਹੁਤ ਵੱਡੇ ਪੱਧਰ ਤੇ ਭਲਾਈ ਦੇ ਕੰਮਾਂ ਵਿੱਚ ਲੱਗੀਆਂ ਹੋਈਆਂ ਹਨ। ਅਸਲ ਵਿੱਚ ਉੱਥੇ ਉਨ੍ਹਾਂ ਦਾ ਇਹੀ ਵੱਡਾ ਕਾਰਜ ਹੈ। ਨਾਗਰਕਿਾਂ ਦੇ ਵਿਸਤ੍ਰਿਤ ਸਹਿਯੋਗ ਕਾਰਣ ਲੋਕਤੰਤਰ ਲੋਕਾਂ ਦੇ ਬੂਹੇ ਤਕ ਪਹੁੰਚ ਗਿਆ ਹੈ।

ਦਿਹਾਤੀ ਵਿਕਾਸ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਨੀਤੀ ਦਾ ਇੱਕ ਮਹੱਤਵਪੂਰਣ ਵਿਸ਼ਾ ਹੈ। ਯੂਰਪ ਵਿੱਚ ਦਿਹਾਤੀ ਕੌਂਸਲ ਅਤੇ ਸ਼ਹਿਰੀ ਕੌਂਸਲ ਜਿਹੀ ਕੋਈ ਵੰਡ ਨਹੀਂ। ਭੂਗੋਲਕ ਅਧਾਰ ਤੇ ਬਣੀਆਂ ਹੋਈਆਂ ਸ਼ਹਿਰ, ਜ਼ਿਲ੍ਹਾ ਅਤੇ ਕਾਊਂਟੀ ਕੌਂਸਲਾਂ ਦੀ ਪ੍ਰਣਾਲੀ ਤਹਿਤ ਸ਼ਹਿਰੀ ਅਤੇ ਦਿਹਾਤੀ, ਦੋਵੇਂ ਖੇਤਰਾਂ ਵਿੱਚ ਸ਼ਹਿਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਯੂਰਪੀ ਕਮਿਸ਼ਨ ਨੇ ਦਿਹਾਤੀ ਸਮਾਜ ਦੇ ਭਵਿੱਖ ਦੀ ਪਰਿਕਲਪਨਾ ਇਨ੍ਹਾਂ ਨੂੰ ਇੱਕ 'ਏਕੀਕ੍ਰਿਤ ਆਰਥਕ ਅਤੇ ਸਮਾਜਕ ਇਕਾਈ' ਦਾ ਅੰਗ ਮੰਨ ਕੇ ਕੀਤੀ ਹੈ। ਇਨ੍ਹਾਂ ਇਕਾਈਆਂ ਵਿੱਚ ਪਿੰਡ, ਛੋਟੇ ਕਸਬੇ ਅਤੇ ਦਿਹਾਤੀ ਮਿਉਂਸਿਪਲਟੀਆਂ ਸ਼ਾਮਿਲ ਹਨ। ਸਰਕਾਰ ਦੇ ਉੱਪਰਲੇ ਪੱਧਰਾਂ ਦੇ ਤਕਨੀਕੀ ਅਤੇ ਵਿੱਤੀ ਸਮਰਥਨ ਨਾਲ ਅਪਣੇ ਭਵਿੱਖ ਦਾ ਨਿਰਮਾਣ ਕਰਨ ਲਈ ਸਥਾਨਕ ਨਾਗਰਿਕਾਂ ਦੀ ਅਵਾਜ ਅਤੇ ਸਹਿਯੋਗ ਨੂੰ ਇੱਕ ਉਚੇਚੇ ਪ੍ਰੋਗਰਾਮ LEADER ਦੁਆਰਾ ਉਤਸ਼ਾਹਤ ਕੀਤਾ ਜਾਂਦਾ ਹੈ। LEADER ਦਾ ਅਰਥ ਹੈ ਦਿਹਾਤੀ ਆਰਥਕ ਵਿਕਾਸ ਦੇ ਉਪਰਾਲਿਆਂ ਦਾ ਤਾਲ ਮੇਲ। ਹੇਠਾਂ ਤੋਂ ਉੱਪਰ ਵੱਲ ਕੀਤੇ ਜਾਣ ਵਾਲੇ ਵਿਕਾਸ ਦੀ ਇਸ ਵਿਧੀ ਵਿੱਚ ਸਥਾਨਕ ਉਪਰਾਲਾ ਕਰਨ ਵਾਲੇ ਸਮੂਹਾਂ (Local Action Groups) ਰਾਹੀਂ ਸਮੁਦਾ ਨੂੰ ਫੈਸਲੇ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਯੂਰਪੀ ਯੂਨੀਅਨ ਨੇ 2007–2013 ਦੀ ਅਵਧੀ ਦੌਰਾਨ ਅਪਣੀ ਦਿਹਾਤੀ ਵਿਕਾਸ ਨੀਤੀ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਇਸ ਦਾ ਮੁੱਖ ਮੰਤਵ ਖੇਤੀਬਾੜੀ ਅਤੇ ਵਣ ਪ੍ਰਬੰਧ ਨੂੰ ਵਧੇਰੇ ਪ੍ਰਤੀਯੋਗਤਾਮੂਲਕ ਬਣਾਉਣਾ, ਦਿਹਾਤੀ ਇਲਾਕਿਆਂ ਵਿੱਚ ਪਰਿਆਵਰਣ ਨੂੰ ਸੁਰੱਖਿਅਤ ਰੱਖਣਾ ਅਤੇ ਸ਼ਹਿਰਾਂ ਵੱਲ ਹੋ ਰਹੇ ਪ੍ਰਵਾਸ ਨੂੰ ਰੋਕਣ ਲਈ ਦਿਹਾਤੀ ਇਲਾਕਿਆਂ ਵਿੱਚ ਜੀਵਨ ਦੀ ਸਮੁੱਚੀ ਗੁਣਵੱਤਾ ਵਿੱਚ ਸੁਧਾਰ ਕਰਨਾ ਹੈ। ਦਿਹਾਤੀ ਇਲਾਕਿਆਂ ਵਿੱਚ ਸ਼ਹਿਰੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਪ੍ਰੋਗਰਾਮ (PURA) ਤਹਿਤ ਦਿਹਾਤੀ ਇਲਾਕਿਆਂ ਵਿੱਚ ਸੁਪਰ ਬਜ਼ਾਰ, ਬਜ਼ੁਰਗਾਂ, ਇਸਤ੍ਰੀਆਂ ਅਤੇ ਬੱਚਿਆਂ ਦੀ ਦੇਖਭਾਲ ਦੀਆਂ ਸਹੂਲਤਾਂ ਵਾਲੇ ਹਸਪਤਾਲ, ਸਕੂਲ, ਪੁਸਤਕਾਲੇ, ਬੈਂਕ, ਡਾਕਖਾਨੇ, ਮਨੋਰੰਜਨ ਦੀਆਂ ਸਹੂਲਤਾਂ, ਅਰਾਮ ਘਰ, ਉੱਚ ਗੁਣਵੱਤਾ ਵਾਲੀਆਂ ਮੁਢਲੀਆਂ ਸੇਵਾਵਾਂ ਜਿਵੇਂ ਕਿ ਮਕਾਨ, ਜਲ ਪੂਰਤੀ, ਬਿਜਲੀ ਅਤੇ ਸੜਕਾਂ ਆਦਿ ਉਪਲਬਧ ਕਰਵਾਉਣਾ ਸ਼ਾਮਿਲ ਹੈ।

ਛੇ ਯੂਰਪੀ ਦੇਸ਼ਾਂ ਵਿੱਚ ਸਥਾਨਕ ਸਵੈ ਸ਼ਾਸਨ ਦੀਆਂ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਦਾ ਅਧਿਐਨ ਪੰਜਾਬ ਦੇ ਵਿਸ਼ੇ ਸ਼ੱਗਾਂ ਦੁਆਰਾ ਕੀਤਾ ਗਿਆ। ਬਰਤਾਨੀਆ ਵਿੱਚ ਸ਼ਹਿਰ, ਜ਼ਿਲ੍ਹੇ ਅਤੇ ਕਾਉਂਟੀ ਦੀਆਂ ਕੌਂਸਲਾਂ ਅਪਣੇ ਅਪਣੇ ਖੇਤਰ ਵਿੱਚ ਆਰਥਕ, ਸਮਾਜਕ ਅਤੇ ਪਰਿਆਵਰਣ ਸੰਬੰਧੀ ਭਲਾਈ ਵਿੱਚ ਵਾਧਾ ਕਰਨ ਲਈ ਜ਼ਿੰਮੇਵਾਰ ਹਨ। ਜ਼ਿਲ੍ਹਾ ਕੌਂਸਲਾਂ ਦੀ ਜ਼ਿੰਮੇਵਾਰੀ ਫੁਰਸਤ ਦਾ ਅਨੰਦ ਮਾਣਨ ਲਈ ਸਹੂਲਤਾਂ, ਸਿਹਤ ਸੰਭਾਲ, ਮਕਾਨ ਮੁਹੱਈਆ ਕਰਵਾਉਣ, ਕੂੜਾ ਕਰਕਟ ਇਕੱਠਾ ਕਰਨ ਅਤੇ ਸਥਾਨਕ ਸੜਕਾਂ ਸੰਬੰਧੀ ਹੈ। ਕਾਊਂਟੀਆਂ ਦੀ ਜ਼ਿੰਮੇਵਾਰੀ

ਸਿੱਖਿਆ, ਪੁਸਤਾਲਿਆਂ, ਸੜਕਾਂ, ਸਮਾਜਕ ਸੇਵਾਵਾਂ, ਵਿਉਪਾਰ ਦੇ ਮਾਨ ਦੰਡਾਂ ਅਤੇ ਢੋ ਢੁਆਈ ਜਿਹੀਆਂ ਜਿਆਦਾ ਮਹੱਤਵ ਵਾਲੀਆਂ ਸੇਵਾਵਾਂ ਸੰਬੰਧੀ ਹੈ। ਕੌਂਸਲਾਂ ਦੀ ਕਾਰਜ ਪ੍ਰਣਾਲੀ ਦਾ ਮੁੱਖ ਲੱਛਣ ਉਨ੍ਹਾਂ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਹੈ। ਸਾਰੀਆਂ ਜਿੰਮੇਵਾਰੀਆਂ ਅਤੇ ਅਧਿਕਾਰ ਚੁਣੀਆਂ ਹੋਈਆਂ ਕੌਂਸਲਾਂ ਪਾਸ ਹੁੰਦੇ ਹਨ ਅਤੇ ਇਨ੍ਹਾਂ ਦਾ ਉਪਯੋਗ ਆਮ ਕਰਕੇ ਕੌਂਸਲ ਦੀਆਂ ਕਮੇਟੀਆਂ ਜਾਂ ਉਪ-ਕਮੇਟੀਆਂ ਦੁਆਰਾ ਕੀਤਾ ਜਾਂਦਾ ਹੈ। ਬਰਤਾਨੀਆ ਵਿੱਚ ਸਥਾਨਕ ਸਵੈ ਸ਼ਾਸਨ ਦਾ ਮੁੱਖ ਮੁੱਦਾ ਬਹੁਤ ਸਾਰੀਆਂ ਚੁਣੀਆਂ ਹੋਈਆਂ ਸੰਸਥਾਵਾਂ ਨੂੰ ਅਧਿਕਾਰ ਸੌਂਪਣਾ ਹੈ।

ਖੇਤਰੀ ਕਮੇਟੀਆਂ ਕੌਂਸਲਰਾਂ ਅਤੇ ਨਾਗਰਿਕਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਵਿੱਚ ਮਦਦ ਕਰਦੀਆਂ ਹਨ। ਉਹ ਖੇਤਰ ਸੰਬੰਧੀ ਯੋਜਨਾਵਾਂ ਅਤੇ ਮੁਹੱਲਿਆਂ ਦੀ ਕਾਇਆ ਪਲਟ ਦੀਆਂ ਯੋਜਨਾਵਾਂ ਬਣਾਉਣ ਤੋਂ ਇਲਾਵਾ ਨਗਰ ਪ੍ਰਬੰਧ ਦੁਆਰਾ ਸਰਵੋਤਮ ਕਾਰਜਪੂਰਤੀ ਅਤੇ ਸਮੁਦਾ ਦੇ ਸਹਿਯੋਗ ਨੂੰ ਉਤਸ਼ਾਹਤ ਕਰਨ ਵਿੱਚ ਵੀ ਸਹਾਇਤਾ ਕਰਦੀਆਂ ਹਨ। ਸਮੁਦਾ ਨੂੰ ਚਰਚਾ ਵਿੱਚ ਵਿਸਤ੍ਰਿਤ ਤੌਰ ਤੇ ਅਤੇ ਖੁੱਲ੍ਹ ਦਿਲੀ ਨਾਲ ਭਾਗ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਜਿਸ ਨਾਲ ਨਾਗਰਿਕਾਂ ਦੀ ਰੁਚੀ ਹੋ ਜਾਣ ਕਰਕੇ ਲੋਕਤੰਤਰ ਜਨਤਾ ਦੀ ਭਾਗੀਦਾਰੀ ਤੇ ਆਧਾਰਤ ਹੋ ਜਾਂਦਾ ਹੈ।

ਸਿਟੀ ਕੌਂਸਲਾਂ ਦੀ ਕਾਰਜ ਪ੍ਰਣਾਲੀ ਦਾ ਮੁੱਲ ਲੱਛਣ ਲੋਕਾਂ ਦੀ ਭਾਗੀਦਾਰੀ ਹੈ ਜਿਸ ਤਹਿਤ ਚੁਣੀਆਂ ਹੋਈਆਂ ਕੌਂਸਲਾਂ ਦੇ ਕੰਮ ਕਾਰ ਵਿੱਚ ਭਾਗ ਲੈਣ ਲਈ ਨਾਗਰਿਕਾਂ ਨੰ ਬਹੁਤ ਸਾਰੇ ਕਾਨੂੰਨੀ ਅਧਿਕਾਰ ਦਿੱਤੇ ਗਏ ਹਨ। ਵਿਅਕਤੀਗਤ ਅਤੇ ਗੁਪਤ ਵਿਸ਼ਿਆਂ ਨੂੰ ਛੱਡ ਕੇ ਉਹ ਕੌਂਸਲ, ਕੈਬਨਿਟ ਜਾਂ ਕਮੇਟੀਆਂ ਦੀ ਕਿਸੇ ਵੀ ਮੀਟਿੰਗ ਵਿੱਚ ਭਾਗ ਲੈ ਸਕਦੇ ਹਨ; ਉਹ ਕੌਂਸਲ ਦੇ ਪ੍ਰਸ਼ਨਕਾਲ ਵਿੱਚ ਵੀ ਹਿੱਸਾ ਲੈ ਸਕਦੇ ਹਨ; ਨਿਰੀਖਣ ਕਮੇਟੀ ਦੀਆਂ ਸੁਣਵਾਈਆਂ ਵਿੱਚ ਹਾਜਰ ਹੋ ਸਕਦੇ ਹਨ ਅਤੇ ਕੌਂਸਲ ਦੀਆਂ ਰਿਪੋਰਟਾਂ, ਸੰਬੰਧਤ ਦਸਤਾਵੇਜਾਂ ਅਤੇ ਕੌਂਸਲ ਦੇ ਫੈਸਲਿਆਂ ਦੇ ਰਿਕਾਰਡ ਦੇਖ ਸਕਦੇ ਹਨ; ਸੇਵਾਵਾਂ ਉਪਲਬਧ ਕਰਵਾਏ ਜਾਣ ਸੰਬੰਧੀ ਕੌਂਸਲ ਪਾਸ ਸਿੱਧੀ ਸ਼ਿਕਾਇਤ ਕਰ ਸਕਦੇ ਹਨ; ਲੋਕ ਪਾਲ ਪਾਸ ਸ਼ਿਕਾਇਤ ਕਰਕੇ ਨਿਆਂ ਦੀ ਮੰਗ ਕਰ ਸਕਦੇ ਹਨ; ਜੇ ਉਨ੍ਹਾਂ ਪਾਸ ਅਜਿਹਾ ਸਬੂਤ ਹੋਵੇ ਕਿ ਕਿਸੇ ਕੌਂਸਲਰ ਨੇ ਕੌਂਸਲ ਦੀ ਅਚਾਰ ਸੰਹਿਤਾ ਦਾ ਪਾਲਣ ਨਹੀਂ ਕੀਤਾ ਤਾਂ ਉਹ ਕੌਂਸਲ ਦੀ ਮਾਨਦੰਡਾਂ ਸੰਬੰਧੀ ਕਮੇਟੀ ਜਾਂ ਬਰਤਾਨੀਆ ਦੇ ਮਾਨਦੰਡਾਂ ਸੰਬੰਧੀ ਬੋਰਡ ਪਾਸ ਸ਼ਿਕਾਇਤ ਕਰ ਸਕਦੇ ਹਨ; ਉਹ ਨਿਰਧਾਰਤ ਅਵਧੀ ਦੌਰਾਨ ਕੌਂਸਲ ਦੇ ਹਿਸਾਬ ਕਿਤਾਬ ਦਾ ਨਿਰੀਖਣ ਕਰ ਸਕਦੇ ਹਨ ਅਤੇ ਬਾਹਰਲੇ ਲੇਖਾ ਪਰੀਖਕਾਂ ਨੂੰ ਅਪਣੇ ਵਿਚਾਰ ਦੱਸ ਸਕਦੇ ਹਨ।

ਕੌਂਸਲਾਂ ਦਾ ਅਕਾਰ ਭਾਵੇਂ ਕੋਈ ਵੀ ਹੋਵੇ ਕੂੜੇ ਕਰਕਟ ਨੂੰ ਘੱਟੋ ਘੱਟ ਪੈਦਾ ਹੋਣ ਦੇਣ ਅਤੇ ਇਸ ਦੀ ਮੁੜ ਵਰਤੋਂ ਕਰਕੇ, ਖਾਦ ਬਣਾ ਕੇ ਜਾਂ ਨੀਵੀਆਂ ਥਾਵਾਂ ਤੇ ਭਰ ਕੇ ਇਸ ਨੂੰ ਟਿਕਾਣੇ ਲਗਾਉਣ ਦਾ ਉਨ੍ਹਾਂ ਦਾ ਕਾਨੂੰਨੀ ਫਰਜ਼ ਹੈ। ਕੂੜੇ ਕਰਕਟ ਦੇ ਪ੍ਰਬੰਧ ਅਤੇ ਇਸ ਦੇ ਨਿਯੰਤਰਣ ਬਾਰੇ ਯੂਰਪੀ ਕਮਿਸ਼ਨ ਦੇ ਨਿਰਦੇਸ਼ਾਂ ਵਿੱਚ ਕੂੜੇ ਕਰਕਟ ਨੂੰ ਜਮ੍ਹਾਂ ਕਰਨਾ, ਇਸ ਨੂੰ ਸੁਰੱਖਿਅਤ ਬਣਾਉਣ ਲਈ ਵਿਗਿਆਨਕ ਪ੍ਰਕਿਰਿਆ ਵਿੱਚੋਂ ਗੁਜਾਰਨਾ, ਇਸ ਦੀ ਮੁੜ ਵਰਤੋਂ ਕਰਨਾ ਅਤੇ ਇਸ ਦੀ ਢੋ ਢੁਆਈ ਵੀ ਸ਼ਾਮਿਲ ਹੈ।

ਕੇਂਦਰ ਸਰਕਾਰ ਦੁਆਰਾ ਦਿੱਤੇ ਜਾਣ ਵਾਲੇ ਫੰਡ ਆਮ ਕਰਕੇ ਜਰੂਰਤਾਂ ਦੇ ਮੁਲਾਂਕਣ ਤੇ ਆਧਾਰਤ ਹੁੰਦੇ ਹਨ। ਇਹ ਮੌਜੂਦਾ ਖਰਚ, ਭਵਿੱਖ ਦੀਆਂ ਵਿਕਾਸ ਯੋਜਨਾਵਾਂ ਅਤੇ ਕੇਂਦਰ ਸਰਕਾਰ ਪਾਸ ਧਨ ਦੀ ਉਪਲਬਧਤਾ ਤੇ ਨਿਰਭਰ ਕਰਦੇ ਹਨ। ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਤੋਂ ਇਲਾਵਾ ਹੋਰ ਸ਼ਹਿਰੀ ਸਹੂਲਤਾਂ ਦੇ ਖਰਚਿਆਂ ਦੀਆਂ ਦਰਾਂ ਨਿਰਧਾਰਣ ਕਰਨ ਵਿੱਚ ਨਿਯਮਤਕਰਤਾ ਅਧਿਕਾਰੀ ਦੀ ਅਹਿਮ ਭੂਮਿਕਾ ਹੁੰਦੀ ਹੈ। ਉਦਾਹਰਣ ਦੇ ਤੌਰ ਤੇ ਉਹ ਜਲ ਪੂਰਤੀ ਸੇਵਾ ਲਈ ਲਏ ਜਾਣ ਵਾਲੇ ਖਰਚਿਆਂ ਦੀ ਦਰ ਦਾ ਸਖਤ ਨਿਰੀਖਣ ਕਰਦਾ ਹੈ ਅਤੇ ਸ਼ਹਿਰੀ ਜਾਂ ਦਿਹਾਤੀ ਇਲਾਕਿਆਂ ਦੇ ਸਥਾਨਕ ਸ਼ਾਸਨ ਉਚਿਤ ਗੁਣਵੱਤਾ ਵਾਲੇ ਪਾਣੀ ਨੂੰ ਉਚਿਤ ਮਿਕਦਾਰ ਵਿੱਚ ਲਗਭਗ ਹਰੇਕ ਪਰਿਵਾਰ ਤੱਕ ਪਹੁੰਚਾਉਣ ਦਾ ਕੰਮ ਕਰਦੇ ਹਨ।

ਸਪੇਨ ਦੇ ਸੰਵਿਧਾਨ ਵਿੱਚ ਮਿਉਂਸਿਪਲਟੀਆਂ ਨੂੰ ਖੁਦਮੁਖਤਾਰੀ ਦੀ ਗਰੰਟੀ ਦਿੱਤੀ ਗਈ ਹੈ। ਮਿਉਂਸਿਪਲਟੀਆਂ ਦੇ ਕੌਂਸਲਰਾਂ ਨੂੰ ਸੱਤਾਧਾਰੀ ਪਾਰਟੀ ਦੁਆਰਾ ਵਿਕਾਸ ਦੇ ਕਾਰਜ ਸੌਂਪੇ ਜਾਣ ਦੇ ਮੁੱਦੇ ਤੇ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਵਿਚਕਾਰ ਚਰਚਾਵਾਂ ਦਾ ਆਯੋਜਨ ਕਰਕੇ ਲੋਕਤੰਤਰ ਨੂੰ ਲੋਕਾਂ ਦੇ ਹੋਰ ਨੇੜੇ ਲਿਆਂਦਾ ਗਿਆ ਹੈ। ਇਸ ਤੋਂ ਇਲਾਵਾ ਸੂਚਨਾ ਪ੍ਰਣਾਲੀ ਤੇ ਆਧਾਰਤ ਪ੍ਰਸ਼ਾਸਨ ਰਾਹੀਂ ਜਨਤਾ ਨੂੰ ਮਿਉਂਸਿਪਲਟੀਆਂ ਦੇ ਦਿਨ-ਪ੍ਰਤੀ-ਦਿਨ ਕੰਮ ਕਾਜ ਵਿੱਚ ਸਿੱਧੀ ਭੂਮਿਕਾ ਨਿਭਾਉਣ ਦਾ ਅਵਸਰ ਮਿਲ ਗਿਆ ਹੈ।

ਲੋਕ ਕੂੜਾ ਕਰਕਟ ਇਕੱਠੇ ਕਰਨ ਦੀ ਸੇਵਾ ਲਈ ਅਪਣੀ ਆਮਦਨੀ ਅਨੁਸਾਰ ਅਤੇ ਪਾਣੀ ਲਈ ਇਸ ਦੀ ਵਰਤੀ ਗਈ ਮਿਕਦਾਰ ਅਨੁਸਾਰ ਖਰਚੇ ਦਿੰਦੇ ਹਨ ਜਿਨ੍ਹਾਂ ਵਿੱਚ ਲਗਾਤਾਰ ਵਾਧਾ ਹੁੰਦਾ ਰਹਿੰਦਾ ਹੈ। ਸ਼ਹਿਰੀ ਸੇਵਾਵਾਂ ਦੇ ਸੰਚਾਲਨ ਅਤ ਸਾਂਭ ਸੰਭਾਲ ਵਿੱਚ ਭਾਗ ਲੈਣ ਅਤੇ ਸਹਿਯੋਗ ਦੇਣ ਲਈ ਜਨਤਾ ਨੂੰ ਉਤਸ਼ਾਹਤ ਕਰਨ ਵਾਸਤੇ ਮੁਹੱਲਾ ਸਭਾਵਾਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਮਿਉਂਸਿਪਲਟੀਆਂ ਦੇ ਵਿੱਤੀ ਮਾਮਲਿਆਂ ਬਾਰੇ ਪੂਰੀ ਸੂਚਨਾ ਦਿੱਤੀ ਜਾਂਦੀ ਹੈ ਅਤੇ ਇਹ ਪੂਰੀ ਤਰ੍ਹਾਂ ਪਾਰਦਰਸ਼ੀ ਹਨ।

ਫਿਨਲੈਂਡ ਵਿੱਚ ਮਿਉਂਸਿਪਲਟੀਆਂ ਦੇ ਕੰਮ ਕਾਰ ਵਿੱਚ ਸਰਕਾਰ ਦੀ ਦਖਲਅੰਦਾਜ਼ੀ ਨਹੀਂ ਹੁੰਦੀ। ਭਾਵੇਂ ਜਿਆਦਾ ਧਨ ਨਿਵੇਸ਼ ਦੀ ਲੋੜ ਵਾਲਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਮਿਉਂਸਿਪਲਟੀਆਂ ਦੁਆਰਾ ਸਫਲਤਾਪੂਰਵਕ ਸੰਯੁਕਤ ਮਿਉਂਸਿਪਲ ਬੋਰਡ ਬਣਾਏ ਜਾਣ ਦੀਆਂ ਮਿਸਾਲਾਂ ਮਿਲਦੀਆਂ ਹਨ, ਅਜਿਹੇ ਬੋਰਡ ਬਣਾਏ ਜਾਣ ਨਾਲ ਮਿਉਂਸਿਪਲਟੀਆਂ ਦੀ ਅਪਣੀ ਅਪਣੀ ਖੁਦਮੁਖਤਾਰੀ ਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ।

ਬੈਲਜਿਅਮ ਵਿੱਚ ਮਿਉਂਸਿਪਲਟੀਜ਼ ਐਕਟ ਆਫ ਬੈਲਜੀਅਮ 1995 ਕਾਫੀ ਵਿਸਤ੍ਰਿਤ ਹੈ। ਇਸ ਵਿੱਚ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਮਿਉਂਸਿਪਲ ਕੌਂਸਲ ਵਿੱਚ ਇੱਕ ਲਿੰਗ ਦੇ ਉਮੀਦਵਾਰਾਂ ਦੀ ਗਿਣਤੀ ਕੌਂਸਲ ਦੀਆਂ ਕੁੱਲ ਸੀਟਾਂ ਦੇ ਦੋ ਤਿਹਾਈ ਤੋਂ ਵੱਧ ਨਹੀਂ ਹੋ ਸਕਦੀ। ਅਜਿਹਾ ਇਸਤ੍ਰੀ ਉਮੀਦਵਾਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕੀਤਾ ਗਿਆ ਹੈ। ਮਿਉਂਸਿਪਲਟੀਆਂ ਨੂੰ ਵਿਸਤ੍ਰਿਤ ਵਿੱਤੀ ਖੁਦਮੁਖਤਾਰੀ ਹਾਸਲ ਹੈ। ਉਨ੍ਹਾਂ ਪਾਸ ਅਪਣੇ ਦੁਆਰਾ ਵਸੂਲੇ ਜਾਣ ਵਾਲੇ ਕਰਾਂ ਅਤੇ ਖਰਚਿਆਂ ਦੀਆਂ ਦਰਾਂ ਨਿਸ਼ਚਿਤ ਕਰਨ ਅਤੇ ਇਨ੍ਹਾਂ ਤੋਂ ਛੋਟ ਦੇਣ ਦਾ ਅਧਿਕਾਰ ਹੈ। ਪਰੰਤੂ ਕਾਨੂੰਨ ਅਨੁਸਾਰ ਕਰਾਂ ਦੀ ਵੱਧ ਤੋਂ ਵੱਧ ਦਰ ਸੀਮਤ ਕੀਤੀ ਗਈ ਹੈ। ਅਸਲ ਵਿੱਚ ਮਿਉਂਸਿਪਲਟੀਆਂ ਦੀ ਵਿੱਤੀ ਖੁਦਮੁਖਤਾਰੀ ਉੱਪਰਲੇ ਅਧਿਕਾਰੀਆਂ ਦੁਆਰਾ ਉਨ੍ਹਾਂ ਨੂੰ ਸੌਂਪੇ ਗਏ ਸਾਧਨਾਂ ਤੇ ਨਿਰਭਰ ਕਰਦੀ ਹੈ ਕਿਉਂਕਿ ਯੂਰਪ ਦੇ ਹੋਰ ਦੇਸ਼ਾਂ ਵਾਂਙ ਇਸ ਤਰ੍ਹਾਂ ਸੌਂਪੇ ਜਾਣ ਵਾਲੇ ਸਾਧਨਾਂ ਤੇ ਬੰਦਿਸ਼ਾਂ ਵੀ ਹੁੰਦੀਆਂ ਹਨ। ਬੈਲਜੀਅਮ ਦੇ ਸੰਵਿਧਾਨ ਵਿੱਚ ਜਨਮੱਤ ਦੁਆਰਾ ਫੈਸਲੇ ਲੈਣ ਦੀ ਅਪ੍ਰਤੱਖ ਤੌਰ ਤੇ ਮਨਾਹੀ ਕੀਤੀ ਗਈ ਹੈ। ਮਿਉਂਸਿਪਲਟੀਆਂ ਦੇ ਫੈਸਲਿਆਂ ਵਿੱਚ ਉੱਪਰਲੇ ਪੱਧਰਾਂ ਦੇ ਸਰਕਾਰੀ ਅਧਿਕਾਰੀ ਦਖਲ ਦੇ ਸਕਦੇ ਹਨ।

ਨੀਦਰਲੈਂਡ ਇੱਕ ਵਿਕੇਂਦਰੀਕ੍ਰਿਤ ਏਕਾਤਮਕ ਰਾਜ ਹੈ ਜਿਸ ਵਿੱਚ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿਚਕਾਰ ਕੋਈ ਪਾੜਾ ਨਹੀਂ। ਦਿਹਾਤੀ ਸ਼ਹਿਰੀ ਖੇਤਰਾਂ ਦਾ ਸੰਬੰਧ ਬਹੁਤ ਮਜਬੂਤ ਹੈ। ਮਿਡਨ ਡੈਲਫਲੈਂਡ ਮਿਉਂਸਿਪਲ ਕੌਂਸਲ ਜੋ ਦਿਹਾਤੀ ਅਤੇ ਸ਼ਹਿਰੀ, ਦੋਵੇਂ ਖੇਤਰਾਂ ਦੇ ਪ੍ਰਸ਼ਾਸਨ ਲਈ ਜਿੰਮੇਵਾਰ ਹੈ, ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਵਿੱਚ ਲੋਕਾਂ ਦੇ ਨਾਲ ਨਾਲ ਨਿੱਜੀ ਅਤੇ ਸਰਕਾਰੀ ਖੇਤਰ ਦੇ ਸਹਿਯੋਗ ਦੀ ਇੱਕ ਚੰਗੀ ਉਦਾਹਰਣ ਹੈ। ਲੋਕਾਂ ਦਾ ਸਹਿਯੋਗ ਜਨਮੱਤ ਰਾਹੀਂ ਯਕੀਨੀ ਬਣਾਇਆ ਗਿਆ ਹੈ। ਨੀਦਰਲੈਂਡ ਵਿੱਚ ਜਿਆਦਾ ਜ਼ੋਰ ਸੰਬੰਧਤ ਵਿਅਕਤੀਆਂ ਦੇ ਸਮਰਥਨ ਨਾਲ ਮੁਹੱਲਾ ਪੱਧਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਲੋਕਾਂ ਦਾ ਸਹਿਯੋਗ ਲੈਣ ਤੇ ਹੈ ਅਤੇ ਇਹ ਉੱਥੋਂ ਦੀ ਸ਼ਹਿਰੀ ਨੀਤੀ ਦਾ ਅੰਗ ਹੈ। ਪ੍ਰਭਾਵਸ਼ਾਲੀ ਕਾਨੂੰਨ ਅਤੇ ਨਿਯਮਤ ਕਰਨ ਦੀ ਪ੍ਰਣਾਲੀ ਰਾਹੀਂ ਮਿਉਂਸਿਪਲਟੀਆਂ ਨੂੰ ਦਿੱਤੀਆਂ ਗਈਆਂ ਜਿੰਮੇਵਾਰੀਆਂ ਪੂਰੀਆਂ ਕਰਨ ਲਈ ਲੁੜੀਂਦੇ ਵਸੀਲੇ ਯਕੀਨੀ ਬਣਾਏ ਗਏ ਹਨ।

ਇਟਲੀ ਵਿੱਚ ਸੇਵਾਵਾਂ ਦੇ ਨਿੱਜੀਕਰਣ ਦਾ ਉਦੇਸ਼ ਇਨ੍ਹਾਂ ਨੂੰ ਕਾਰਜਕੁਸ਼ਲ ਅਤੇ ਪ੍ਰਤੀਯੋਗਤਾਮੂਲਕ ਬਣਾਉਣਾ ਹੈ। ਉਰਬੀਨੋ ਅਤੇ ਫਲੋਰੈਂਸ ਦੀਆਂ ਮਿਉਂਸਿਪਲਟੀਆਂ ਵਿੱਚ ਠੋਸ ਅਤੇ ਤਰਲ ਗੰਦਗੀ ਦੇ ਪ੍ਰਬੰਧ ਦੀ ਕੁਸ਼ਲ ਪ੍ਰਣਾਲੀ

ਦੇਖੀ ਜਾ ਸਕਦੀ ਹੈ। ਉਰਬੀਨੋ ਦੀ ਮਿਊਂਸਿਪਲਟੀ ਨੇ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਅਤੇ ਠੋਸ ਗੰਦਗੀ ਦੇ ਪ੍ਰਬੰਧ ਸੰਬੰਧੀ ਅਪਣੇ ਜਿਆਦਾਤਰ ਕਾਰਜ ਨਿੱਜੀ ਸੰਗਠਨਾਂ ਜਾਂ ਨਿੱਜੀ ਅਤੇ ਸਰਕਾਰੀ ਰਲਵੇ ਮਿਲਵੇਂ ਸੰਗਠਨਾਂ ਨੂੰ ਸੌਂਪ ਦਿੱਤੇ ਹਨ। ਇਸ ਤਰ੍ਹਾਂ ਇਟਲੀ ਦੀਆ ਮਿਊਂਸਿਪਲਟੀਆਂ ਦਾ ਕਾਰਜ ਕੇਵਲ ਨਿਯਮਤੀਕਰਣ ਹੈ ਜਿਸ ਨਾਲ ਸ਼ਹਿਰੀ ਸੇਵਾਵਾਂ ਦੀ ਪਹੁੰਚ ਅਤੇ ਗੁਣਵੱਤਾ ਵਿੱਚ ਵਾਧਾ ਹੋਇਆ ਹੈ।

ਯੂਰਪੀ ਦੇਸ਼ਾਂ ਦੀਆਂ ਪ੍ਰਬੰਧ ਪ੍ਰਣਾਲੀਆਂ ਵਿੱਚ ਲੋਕਾਂ ਦੇ ਨਾਲ ਨਾਲ ਨਿੱਜੀ ਅਤੇ ਸਰਕਾਰੀ ਰਲਵੇਂ ਮਿਲਵੇਂ ਖੇਤਰ ਦੇ ਸਹਿਯੋਗ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਜਿਸ ਨਾਲ ਇਨ੍ਹਾਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਆਉਂਦੀ ਹੈ। ਯੂਰਪ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਆਮ ਕਰਕੇ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ, ਕੂੜੇ ਕਰਕਟ ਦੇ ਪ੍ਰਬੰਧ ਅਤੇ ਸੜਕਾਂ ਜਿਹੀਆਂ ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਇੱਕ ਮਾਧਿਅਮ ਦਾ ਕੰਮ ਕਰਦੀਆਂ ਹਨ ਕਿਉਂਕਿ ਉਹ ਇਹ ਸੇਵਾਵਾਂ ਨਿੱਜੀ ਖੇਤਰ ਦੀਆਂ ਕੰਪਨੀਆਂ ਨੂੰ ਸੌਂਪ ਕੇ ਸਿੱਧੇ ਤੌਰ ਤੇ ਉਨ੍ਹਾਂ ਨੂੰ ਬਿਲ ਵੰਡਣ ਅਤੇ ਵਸੂਲ ਕਰਨ ਦਾ ਅਧਿਕਾਰ ਦੇ ਦਿੰਦੀਆਂ ਹਨ; ਇਨ੍ਹਾਂ ਸੇਵਾਵਾਂ ਦੇ ਖਰਚਿਆਂ ਦੀਆਂ ਦਰਾਂ ਦਾ ਨਿਰਧਾਰਣ ਇੱਕ ਸੁਤੰਤਰ ਨਿਯਮਤਕਰਤਾ ਦੁਆਰਾ ਕੀਤਾ ਜਾਂਦਾ ਹੈ।

ਪੈਨਸ਼ਨਾਂ ਵੰਡਣ, ਬਜੁਰਗਾਂ ਲਈ ਆਸ਼ਰਮ ਚਲਾਉਣ, ਬੇਘਰਿਆਂ ਅਤੇ ਗਰੀਬਾਂ ਦੀ ਦੇਖ ਭਾਲ ਕਰਨ ਜਿਹੇ ਭਲਾਈ ਦੇ ਕੰਮਾਂ ਵਿੱਚ ਵਿਆਪਕ ਪੱਧਰ ਤੇ ਲੱਗਣਾ ਯੂਰਪ ਦੀਆਂ ਸਥਾਨਕ ਸੰਸਥਾਵਾਂ ਦੀਆਂ ਹੋਰ ਮੁੱਖ ਵਿਸ਼ੇਸ਼ਤਾਵਾਂ ਹਨ। ਇਹ ਸੰਸਥਾਵਾਂ ਅਪਣੇ ਕਰਾਂ ਅਤੇ ਮਹਿਸੂਲਾਂ ਦੁਆਰਾ ਕਾਫੀ ਫੰਡ ਇਕੱਠੇ ਕਰ ਲੈਂਦੀਆਂ ਹਨ ਜਿਸ ਵਿੱਚ ਸਰਕਾਰ ਦੇ ਉੱਪਰਲੇ ਪੱਧਰ ਗਰਾਂਟਾਂ ਰਾਹੀਂ ਬਰਾਬਰ ਦਾ ਯੋਗਦਾਨ ਪਾਉਂਦੇ ਹਨ। ਇਸ ਨਾਲ ਇਹ ਸੰਸਥਾਵਾਂ ਭਵਿੱਖ ਵਿੱਚ ਹੋਣ ਵਾਲੇ ਵਿਕਾਸ ਦੀਆਂ ਜਰੂਰਤਾਂ ਤੋਂ ਇਲਾਵਾ ਅਪਣੇ ਦਿਨ-ਪ੍ਰਤੀ-ਦਿਨ ਦੇ ਖਰਚੇ ਕੁਸ਼ਲਤਾਪੂਰਵਕ ਪੂਰੇ ਕਰ ਲੈਂਦੀਆਂ ਹਨ।

ਪੰਜਾਬ ਤੋਂ ਗਈ ਹੋਈ ਟੀਮ ਨੇ ਦੇਖਿਆ ਕਿ ਕੇਰਲ ਨੇ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਹੱਕ ਵਿੱਚ ਸ਼ਕਤੀਆਂ, ਕਾਰਜਾਂ, ਫੰਡਾਂ ਅਤੇ ਅਮਲੇ ਦਾ ਵਿਕੇਂਦਰੀਕਰਣ ਕਰ ਦਿੱਤਾ ਹੈ। ਇਸਤ੍ਰੀਆਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਾਗੀਦਾਰੀ ਨਾਲ ਸਥਾਨਕ ਪੱਧਰ ਤੇ ਲੋਕਤੰਤਰ ਮਜਬੂਤ ਹੋਇਆ ਹੈ। 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਨਾਲ ਲੋਕਤੰਤਰੀ ਵਿਕੇਂਦਰੀਕਰਣ ਦਾ ਨਿਰਾਲਾ ਵਿਕਾਸ ਹੋਇਆ ਹੈ ਜਿਸ ਨਾਲ ਸਥਾਨਕ ਵਿਕਾਸ ਦੀਆਂ ਯੋਜਨਾਵਾਂ ਨੂੰ ਪੂਰਾ ਕਰਨ ਵਿੱਚ ਸਮਾਜ ਦੇ ਹਰੇਕ ਵਰਗ ਦੇ ਪ੍ਰਤੀਨਿਧਾਂ ਦਾ ਸਹਿਯੋਗ ਮਿਲਿਆ ਹੈ। ਲੋਕਤੰਤਰੀ ਵਿਕੇਂਦਰੀਕਰਣ ਨਾਲ ਗਰੀਬੀ ਵਿਰੋਧੀ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ ਅਤੇ ਇਸ ਨੂੰ ਲਾਗੂ ਕਰਨ ਵਿੱਚ ਇਸਤ੍ਰੀਆਂ ਦਾ ਸਹਿਯੋਗ ਯਕੀਨੀ ਬਣਿਆ ਹੈ। ਇਸ ਨਾਲ ਸਥਾਨਕ ਪੱਧਰ ਤੇ ਸੰਸਥਾਗਤ ਕਾਰਜ ਪ੍ਰਣਾਲੀ ਵੀ ਮਜਬੂਤ ਹੋਈ ਹੈ।

ਸਥਾਨਕ ਸ਼ਾਸ਼ਨਾਂ ਲਈ ਇੱਕ ਵੱਖਰਾ ਬਜਟ ਦਸਤਾਵੇਜ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਹਿਸਾਬ ਕਿਤਾਬ ਦੀ ਇੱਕ ਵੱਖਰੀ ਮੱਦ ਦਿੱਤੀ ਗਈ ਹੈ। ਇਸ ਵਿੱਚ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਦਿੱਤੀਆਂ ਗਈਆਂ ਗਰਾਂਟਾਂ ਦੇ ਵੇਰਵੇ ਹੁੰਦੇ ਹਨ ਜਿਸ ਨਾਲ ਵਿਭਾਗੀ ਮੁਖੀ ਇਨ੍ਹਾਂ ਸੰਸਥਾਵਾਂ ਦੇ ਨਾਂ ਰਾਸ਼ੀ ਪਾ ਸਕਦੇ ਹਨ। ਇਸ ਨਾਲ ਚੁਣੇ ਹੋਏ ਪ੍ਰਤੀਨਿਧਾਂ ਨੂੰ ਅਪਣੀਆਂ ਲੋੜਾਂ ਅਤੇ ਇੱਛਾਵਾਂ ਅਨੁਸਾਰ ਵਿਕਾਸ ਪ੍ਰੋਗਰਾਮ ਬਣਾਉਣ ਦੀ ਸੁਤੰਤਰਤਾ ਮਿਲਦੀ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਨੀਤੀਆਂ ਘੜਨ ਅਤੇ ਲਾਗੂ ਕਰਨ ਵਿੱਚ ਸਮੁਦਾ ਦਾ ਸਹਿਯੋਗ ਯਕੀਨੀ ਹੋ ਜਾਂਦਾ ਹੈ। ਇਸ ਨਾਲ ਇਨ੍ਹਾਂ ਸੰਸਥਾਵਾਂ ਦੇ ਕੰਮ ਕਾਜ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਸਥਾਪਤ ਹੋਈ ਹੈ।

ਸਥਾਨਕ ਸ਼ਾਸਨ ਦੀਆਂ ਸੰਸਥਾਵਾਂ ਵਿੱਚ ਪੂਰੀ ਸੂਚਨਾ ਅਤੇ ਤੱਥਾਂ ਦੀ ਉਪਲਬਧਤਾ, ਪਾਰਦਰਸ਼ਤਾ, ਜਵਾਬਦੇਹੀ, ਇਨ੍ਹਾਂ ਦੇ ਕੰਮ ਕਾਰ ਵਿੱਚ ਗੈਰ ਸਰਕਾਰੀ ਸੰਗਠਨਾਂ ਅਤੇ ਹੋਰ ਨਾਗਰਿਕ ਸਮੂਹਾਂ ਦੇ ਵਧੇਰੇ ਸਹਿਯੋਗ ਨੇ ਕੇਰਲ ਵਿੱਚ ਲੋਕਤੰਤਰੀ ਵਿਕੇਂਦਰੀਕਰਣ ਨੂੰ ਸੰਭਵ ਬਣਾਇਆ ਹੈ।

ਮੱਧ ਪ੍ਰਦੇਸ਼ ਵਿੱਚ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਮਜਬੂਤ ਬਣਾਉਣ ਲਈ ਕਈ ਢਾਂਚਾਗਤ, ਸੰਸਥਾਗਤ, ਵਿੱਤੀ ਅਤੇ ਕਾਰਜ ਪ੍ਰਣਾਲੀ ਸੰਬੰਧੀ ਸੁਧਾਰ ਸ਼ੁਰੂ ਕੀਤੇ ਗਏ ਹਨ। ਲੋਕਾਂ ਦੀ ਭਾਗੀਦਾਰੀ ਨਾਲ ਵਿਕੇਂਦਰੀਕਰਣ ਦੀ ਪ੍ਰਕਿਰਿਆ ਨੂੰ ਉਤਸ਼ਾਹ ਮਿਲਿਆ ਹੈ। ਰਾਜ ਵਿੱਚ ਵਿੱਤੀ ਵਿਕੇਂਦਰੀਕਰਣ ਦੇ ਉਪਰਾਲਿਆਂ ਨਾਲ ਸਥਾਨਕ ਸੰਸਥਾਵਾਂ ਦੀ ਆਮਦਨੀ ਦੀ ਵਰਿੱਧੀ ਦੀ ਦਰ ਵਿੱਚ ਵਾਧਾ ਹੋਇਆ ਹੈ। ਮੱਧ ਪ੍ਰਦੇਸ਼ ਦੀਆਂ ਸਥਾਨਕ ਸੰਸਥਾਵਾਂ ਦੀ ਵਿਲੱਖਣਤਾ ਇਨ੍ਹਾਂ ਦੇ ਪ੍ਰਸ਼ਾਸਨ ਵਿੱਚ ਨਗਰ ਨਿਗਮਾਂ ਲਈ ਮੇਅਰ-ਇਨ-ਕੌਂਸਲ ਅਤੇ ਨਗਰ ਕੌਂਸਲਾਂ ਲਈ ਪ੍ਰੈਜ਼ੀਡੈਂਟ ਇਨ-ਕੌਂਸਲ ਪ੍ਰਣਾਲੀ ਦਾ ਸੰਸਥਾਗਤ ਹੋ ਜਾਣਾ ਹੈ।

ਸੰਪਤੀਆਂ, ਸੜਕਾਂ, ਗਲੀਆਂ ਅਤੇ ਪੀਣ ਦੇ ਪਾਣੀ ਦੀ ਵੰਡ ਪ੍ਰਣਾਲੀ ਦੀ ਭੌਤਿਕ ਸਥਿਤੀ ਬਾਰੇ ਸੂਚਨਾ ਇਕੱਠੀ ਕਰਨ ਲਈ ਭੂਗੋਲਕ ਸੂਚਨਾ ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀ ਮਦਦ ਨਾਲ 13000 ਨਵੀਆਂ ਸੰਪਤੀਆਂ ਨੂੰ ਪਹਿਚਾਣ ਕੇ ਉਨ੍ਹਾਂ ਤੇ ਸੰਪਤੀ ਕਰ ਲਗਾਇਆ ਗਿਆ ਹੈ। ਅਸਾਨੀ ਨਾਲ ਪਹਿਚਾਣ ਕਰਨ ਲਈ ਸੰਪਤੀਆਂ ਦੇ ਮਾਲਕਾਂ ਨੂੰ ਸੰਪਤੀ ਸੂਚਕ ਸੰਖਿਆ (Property Index Numbers-PINs) ਦਿੱਤੇ ਗਏ ਹਨ। ਇਨ੍ਹਾਂ ਸੰਸਥਾਵਾਂ ਦੁਆਰਾ ਤਿਆਰ ਕੀਤੀਆਂ ਗਈਆਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਈ ਗਈ ਹੈ।

ਮਹਾਰਾਸ਼ਟਰ ਖੇਤਰਫਲ ਦੇ ਹਿਸਾਬ ਨਾਲ ਦੇਸ਼ ਦਾ ਤੀਜਾ ਸਭ ਤੋਂ ਵੱਡਾ ਅਤੇ ਦੂਜਾ ਸਭ ਤੋਂ ਵੱਧ ਅਬਾਦੀ ਵਾਲਾ ਰਾਜ ਹੈ। ਇਸ ਦੀ ਰਾਜਧਾਨੀ ਮੁੰਬਈ ਭਾਰਤ ਦਾ ਸਭ ਤੋਂ ਵੱਡਾ ਨਗਰ ਹੈ। ਮਹਾਰਾਸ਼ਟਰ ਵਿੱਚ ਗੰਦੀਆਂ ਬਸਤੀਆਂ ਦਾ ਸੁਧਾਰ, ਆਵਾਜਾਈ ਦਾ ਪ੍ਰਬੰਧ, ਪ੍ਰਦੂਸ਼ਣ ਦਾ ਨਿਯੰਤਰਣ, ਠੋਸ ਅਤੇ ਤਰਲ ਗੰਦਗੀ ਦਾ ਪ੍ਰਬੰਧ ਅਤੇ ਸਥਾਨਕ ਪੱਧਰ ਤੇ ਪ੍ਰਸ਼ਾਸਨ ਜਿਹੇ ਵੱਖ ਵੱਖ ਮੁੱਦੇ ਚਿੰਤਾ ਦਾ ਵਿਸ਼ਾ ਰਹੇ ਹਨ। ਵਿਕਾਸ ਦੀ ਪ੍ਰਕਿਰਿਆ ਦੇ ਵੱਖ ਵੱਖ ਮੁੱਦਿਆਂ ਦੇ ਬਾਵਜੂਦ ਮਹਾਰਾਸ਼ਟਰ ਵਿੱਚ ਨਿੱਜੀ ਖੇਤਰਾਂ ਦੁਆਰਾ ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ, ਕਾਰਜ ਕੁਸ਼ਲ ਪ੍ਰਸ਼ਾਸਨ ਅਤੇ ਪ੍ਰਭਾਵਸ਼ਾਲੀ ਯੋਜਨਾਬੰਦੀ ਵਿੱਚ ਸਫਲਤਾ ਦੀਆਂ ਕਈ ਉਦਾਹਰਣਾਂ ਹਨ।

ਮਹਾਰਾਸ਼ਟਰ ਵਿੱਚ ਠੋਸ ਅਤੇ ਤਰਲ ਗੰਦਗੀ ਦੇ ਪ੍ਰਬੰਧ ਦਾ ਕੇਂਦਰਬਿੰਦੂ ਭੂਮੀ ਹੇਠਲੇ ਅਤੇ ਦਰਿਆਈ ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਉਣਾ ਹੈ। ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਵਿਸਤ੍ਰਿਤ ਸ਼ਕਤੀਆਂ ਦਿੱਤੀਆਂ ਗਈਆਂ ਹਨ ਜਿਸ ਨਾਲ ਸ਼ਹਿਰੀ ਅਤੇ ਦਿਹਾਤੀ, ਦੋਵੇਂ ਖੇਤਰਾਂ ਵਿੱਚ ਲੋਕਤੰਤਰ ਲੋਕਾਂ ਦੇ ਬੂਹੇ ਤੱਕ ਪਹੁੰਚ ਗਿਆ ਹੈ। ਪ੍ਰਸ਼ਾਸਨ ਵਿੱਚ ਸੂਚਨਾ ਪ੍ਰਣਾਲੀ ਦੀ ਵਰਤੋਂ ਨਾਲ ਸੇਵਾਵਾਂ ਮੁਹੱਈਆ ਕਰਵਾਉਣ ਦੀ ਕਾਰਜ ਕੁਸ਼ਲਤਾ ਅਤੇ ਗਤੀ ਵਿੱਚ ਵਾਧਾ ਹੋਣ ਕਰਕੇ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਵਿੱਚ ਸੁਧਾਰ ਹੋਇਆ ਹੈ। ਨਾਗਰਿਕ ਸੇਵਾ ਕੇਂਦਰਾਂ ਨੂੰ ਆਨ-ਲਾਈਨ ਪ੍ਰਣਾਲੀ ਨਾਲ ਏਕੀਕ੍ਰਿਤ ਕਰਕੇ ਉਨ੍ਹਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ ਕੀਤੀ ਜਾਂਦੀ ਹੈ। ਮੁੰਬਈ ਨਗਰ ਨਿਗਮ ਨੇ ਬਹੁਤ ਸਾਰੇ ਕੰਪਿਊਟਰ ਸੇਵਾ ਕੇਂਦਰ (Computer Facilitation Centre) ਖੋਲ੍ਹੇ ਹਨ ਅਤੇ ਉਨ੍ਹਾਂ ਨੂੰ ਇੱਕ ਦੂਜੇ ਨਾਲ ਜੋੜੇ ਜਾਣ ਕਰਕੇ ਪੱਤਰ ਵਿਹਾਰ ਅਤੇ ਕਾਗਜੀ ਕੰਮ ਘਟ ਗਿਆ ਹੈ।

ਸੂਚਨਾ ਪ੍ਰਣਾਲੀ ਆਧਾਰਤ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਲੇਟਵੇਂ ਦਾਅ ਦਾ ਏਕੀਕਰਣ (Horizontal Integration), ਕਾਗਜ ਰਹਿਤ ਅਤੇ ਨਕਦੀ ਰਹਿਤ ਲੈਣ ਦੇਣ, ਸਾਰੀਆਂ ਸੇਵਾਵਾਂ ਲਈ ਸਿੰਗਲ ਵਿੰਡੋ ਪ੍ਰਣਾਲੀ, ਏਕੀਕ੍ਰਿਤ ਸਹਾਇਤਾ ਡੈਸਕ, ਸ਼ਿਕਾਇਤ ਡੈਸਕ, ਡਲਿਵਰੀ ਕਾਊਂਟਰ ਅਤੇ ਬਿਲ, ਫੀਸਾਂ, ਕਰਾਂ ਅਤੇ ਹੋਰ ਖਰਚਿਆਂ ਦੇ ਭੁਗਤਾਨ ਲਈ ਕੈਸ਼ ਕਾਊਂਟਰ ਹਨ।

ਇਸ ਤੋਂ ਇਲਾਵਾ ਪ੍ਰਮਾਣ ਪੱਤਰਾਂ ਅਤੇ ਲਾਇਸੰਸਾਂ ਦਾ ਨਵੀਨੀਕਰਣ ਅਤੇ ਜਾਰੀ ਕਰਨਾ, ਜਨਮ ਅਤੇ ਮੌਤ ਦੇ ਪ੍ਰਮਾਣ ਪੱਤਰ ਕਾਊਂਟਰ ਤੇ ਹੀ ਜਾਰੀ ਕਰਨਾ, ਸ਼ਿਕਾਇਤਾਂ ਅਤੇ ਸ਼ਿਕਵਿਆਂ ਦਾ ਅਸਾਨੀ ਨਾਲ ਨਿਵਾਰਣ, ਖਾਲੀ ਬਿਨੈ ਪੱਤਰਾਂ ਦੀ ਆਨ-ਲਾਈਨ ਪੂਰਤੀ, ਵਸੂਲੀ ਦੀ ਆਨ-ਲਾਈਨ ਪਰਵਾਨਗੀ, ਸ਼ਿਕਾਇਤਾਂ ਦਰਜ ਕਰਵਾਉਣ ਲਈ ਛਪੇ ਹੋਏ ਟੋਕਨ ਨੰਬਰ ਅਤੇ ਦਫਤਰੀ ਸਮੇਂ ਤੋਂ ਬਾਦ ਜਾਂ ਛੁੱਟੀ ਵਾਲੇ ਦਿਨ ਉਪਭੋਗਤਾਵਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਹੋਰ ਸਹੂਲਤਾਂ ਵਿੱਚ ਸ਼ਾਮਿਲ ਹਨ।

ਗੁਜਰਾਤ ਵਿੱਚ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿੱਚ ਲੋਕਾਂ ਦਾ ਸਹਿਯੋਗ ਲੈਣ ਲਈ ਕਈ ਨਵੀਨ ਕਦਮ ਚੁੱਕ ਗਏ ਹਨ। ਖੇਤਰ ਆਧਾਰਤ ਸੰਪਤੀ ਕਰ ਮੁਲਾਂਕਣ ਪ੍ਰਣਾਲੀ ਨਾਲ ਇਸ ਕਰ ਦਾ ਹਿਸਾਬ ਲਗਾ ਕੇ ਵਸੂਲ ਕਰਨਾ ਅਸਾਨ ਹੋਇਆ ਹੈ ਅਤੇ ਇਸ ਨਾਲ ਇਸ ਦੀ ਵਸੂਲੀ ਵੀ ਵਧੀ ਹੈ।

ਅਹਿਮਦਾਬਾਦ ਨਗਰ ਨਿਗਮ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਲਈ ਪੂੰਜੀ ਬਜ਼ਾਰ ਤੋਂ ਧਨ ਇਕੱਠਾ ਕਰਨ ਵਾਲੀ ਭਾਰਤ ਦੀ ਪਹਿਲੀ ਨਗਰ ਪਾਲਕਾ ਸੀ। ਗੁਜਰਾਤ ਵਿੱਚ ਸ਼ਹਿਰੀ ਯੋਜਨਾਬੰਦੀ ਦੀ ਹਰੇਕ ਨਵੀਂ ਸਕੀਮ ਨਾਲ ਸ਼ਹਿਰੀ ਯੋਜਨਾਬੰਦੀ ਵਿੱਚ ਹੋਰ ਵੀ ਨਿਰਪੱਖਤਾ ਆਈ ਹੈ। ਨਿੱਜੀ ਕਲੋਨੀਆਂ ਬਣਾਉਣ ਵਾਲਿਆਂ ਨੂੰ ਸੜਕਾਂ, ਪਾਣੀ ਦੇ ਸਰੋਤਾਂ ਅਤੇ ਜਨਤਕ ਅਦਾਰਿਆਂ ਦੇ ਯੋਜਨਾਬੱਧ ਵਿਕਾਸ ਲਈ ਭੂਮੀ ਉਪਲਬਧ ਕਰਵਾਉਣ ਵਾਸਤੇ ਸਫਲਤਾਪੂਰਵਕ ਰਾਜੀ ਕਰ ਲਿਆ ਗਿਆ ਹੈ। ਇਸ ਨਾਲ ਮੁਕੱਦਮੇਬਾਜ਼ੀ ਘਟੀ ਹੈ ਅਤੇ ਯੋਜਨਾਬੱਧ ਸ਼ਹਿਰੀ ਵਿਕਾਸ ਵਿੱਚ ਵਾਧਾ ਹੋਇਆ ਹੈ। ਅਹਿਮਦਾਬਾਦ ਵਿੱਚ ਨਿੱਜੀ ਖੇਤਰ, ਗੈਰ ਸਰਕਾਰੀ ਸੰਗਠਨਾਂ ਅਤੇ ਲੋੜਵੰਦਾਂ ਦੇ ਸਹਿਯੋਗ ਨਾਲ ਗੰਦੀਆਂ ਬਸਤੀਆਂ ਦੇ ਵਸਨੀਕਾਂ ਦੇ ਜੀਵਨ ਮਿਆਰ ਨੂੰ ਉੱਚਾ ਚੁੱਕਣ ਲਈ ਸ਼ੁਰੂ ਕੀਤਾ ਗਿਆ ਮੁੜ ਵਸੇਬੇ ਦਾ ਪ੍ਰੋਗਰਾਮ ਬਹੁਤ ਸਫਲ ਰਿਹਾ ਹੈ। ਗੰਦੀਆਂ ਬਸਤੀਆਂ ਵਿੱਚ ਮੁਢਲੀਆਂ ਸੇਵਾਵਾਂ ਲਾਗਤ ਪੂਰੀ ਕਰਨ ਦੇ ਆਧਾਰ ਤੇ ਦਿੱਤੀਆਂ ਜਾਂਦੀਆਂ ਹਨ। ਸੰਬੰਧਤ ਨਾਗਰਿਕਾਂ ਨੇ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀਆਂ ਸਹੂਲਤਾਂ ਨੂੰ ਸਥਾਪਤ ਕਰਨ ਤੇ ਆਏ ਖਰਚ ਵਿੱਚ ਵੀ ਕੁੱਝ ਹੱਦ ਤੱਕ ਯੋਗਦਾਨ ਪਾਇਆ। ਦਿਹਾਤੀ ਅਤੇ ਸ਼ਹਿਰੀ ਖੇਤਰਾਂ ਦੀਆਂ ਸਥਾਨਕ ਸੰਸਥਾਵਾਂ ਦੇ ਵਿਕੇਂਦਰੀਕਰਣ ਨਾਲ ਲੋਕਤੰਤਰ ਲੋਕਾਂ ਦੇ ਬੂਹੇ ਤੱਕ ਪਹੁੰਚ ਗਿਆ ਹੈ। ਕਈ ਸੇਵਾਵਾਂ ਨੂੰ ਹੌਲੀ ਹੌਲੀ ਨਿੱਜੀ ਖੇਤਰ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਨਾਲ ਖਾਸ ਕਰਕੇ ਸ਼ਹਿਰੀ ਸਥਾਨਕ ਸੰਸਥਾਵਾਂ ਦਾ ਵਿੱਤੀ ਭਾਰ ਘਟਿਆ ਹੈ।

ਕਰਨਾਟਕ ਵਿੱਚ ਸੰਪਤੀ ਕਰ ਦੇ ਮੁਲਾਂਕਣ ਲਈ ਸੰਪਤੀਆਂ ਦੀ ਪਹਿਚਾਣ ਕਰਨ, ਸ਼ਹਿਰੀ ਯੋਜਨਾਬੰਦੀ ਦੀਆਂ ਸਕੀਮਾਂ ਤਿਆਰ ਕਰਨ ਅਤੇ ਗੈਰ ਕਾਨੂੰਨੀ ਉਸਾਰੀ ਜਾਂ ਯੋਜਨਾਬੰਦੀ ਬਗੈਰ ਹੋਣ ਵਾਲੇ ਸ਼ਹਿਰ ਦੇ ਫੈਲਾਅ ਨੂੰ ਰੋਕਣ ਲਈ ਭੂਗੋਲਕ ਸੂਚਨਾ ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਹਿਰੀ ਅਤੇ ਦਿਹਾਤੀ ਸਥਾਨਕ ਸੰਸਥਾਵਾਂ ਦੇ ਕੰਮ ਕਾਰ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੇ ਜੜ ਪਕੜ ਲਈ ਹੈ।

ਕਰਨਾਟਕ ਸਰਕਾਰ ਨੇ ਸੰਵਿਧਾਨ ਦੀ ਗਿਆਰ੍ਹਵੀਂ ਸੂਚੀ ਵਿੱਚ ਦਿੱਤੇ ਗਏ ਸਾਰੇ ਕਾਰਜਾਂ ਤੋਂ ਇਲਾਵਾ ਫੰਡ ਅਤੇ ਅਮਲਾ ਵੀ ਦਿਹਾਤੀ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਸੌਂਪ ਦਿੱਤੇ ਹਨ।

ਕਰਨਾਟਕ ਵਿੱਚ ਗਰਾਮ ਪੰਚਾਇਤ ਨੂੰ ਪ੍ਰਸ਼ਾਸਨ ਦੀ ਪ੍ਰਣਾਲੀ ਤੇ ਨਿਯੰਤਰਣ ਅਤੇ ਖੁਦਮੁਖਤਾਰੀ ਹਾਸਲ ਹੈ ਜੋ ਕਿ ਰਾਜ ਵਿੱਚ ਇਸ ਪ੍ਰਣਾਲੀ ਦੀ ਵਿਲੱਖਣਤਾ ਹੈ। ਗਰਾਮ ਸਭਾ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਜਰੂਰਤਾਂ ਅਤੇ ਮੁਲਾਂਕਣ ਦੇ ਅਧਾਰ ਤੇ ਗਰਾਮ ਪੰਚਾਇਤ ਨੂੰ ਵਿਧਾਨਕ ਗਰਾਂਟਾਂ (Statutory Grants) ਵਿੱਚੋਂ ਵੀ ਰਾਸ਼ੀਆਂ ਖਰਚ ਕਰਨ ਦੀਆਂ ਸ਼ਕਤੀਆਂ ਪ੍ਰਾਪਤ ਹਨ। ਸਮਾਜਕ ਲੇਖਾ ਪਰੀਖਣ ਨਾਲ ਗਰਾਮ ਪੰਚਾਇਤਾਂ ਦੀ ਕਾਰਜ ਪ੍ਰਣਾਲੀ ਵਿੱਚ ਪਾਰਦਰਸ਼ਤਾ ਹੋਣੀ ਲਾਜ਼ਮੀ ਹੋ ਗਈ ਹੈ।

ਸ਼ਹਿਰੀ ਸਥਾਨਕ ਸੰਸਥਾਵਾਂ ਪੂੰਜੀ ਬਜਾਰ ਵਿੱਚੋਂ ਧਨ ਪ੍ਰਾਪਤ ਕਰਨ ਲਈ ਕਰੈਡਿਟ ਰੇਟਿੰਗ (Credit Rating) ਪ੍ਰਾਪਤ ਕਰਨ ਵਾਸਤੇ ਹਿਸਾਬ ਕਿਤਾਬ ਰੱਖਣ ਦੀ ਦੂਹਰੇ ਇੰਦਰਾਜ ਵਾਲੀ ਵਿਧੀ ਅਪਣਾ ਕੇ ਸ਼ਹਿਰੀ ਪ੍ਰਬੰਧ ਦੀਆਂ ਆਧੁਨਿਕ ਪ੍ਰਣਾਲੀਆਂ ਨੂੰ ਉਤਸ਼ਾਹ ਦੇ ਰਹੀਆਂ ਹਨ। ਇਸ ਨਾਲ ਉਹ ਨਾਗਰਿਕਾਂ ਦੇ ਫਾਇਦੇ ਲਈ ਵਿਕਾਸ ਯੋਜਨਾਵਾਂ ਲਾਗੂ ਕਰ ਸਕਦੀਆਂ ਹਨ।

*ਚੋਣਵੇਂ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਵਿੱਚ ਪ੍ਰਚੱਲਤ ਪ੍ਰਬੰਧ ਦੀਆਂ ਸਰਵੋਤਮ ਪ੍ਰਣਾਲੀਆਂ ਨੂੰ 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਤਹਿਤ ਪੰਜਾਬ ਵਿੱਚ ਲਾਗੂ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਹੈ। ਚੁਣੇ ਹੋਏ ਪ੍ਰਤੀਨਿਧਾਂ ਅਤੇ ਅਧਿਕਾਰੀਆਂ ਦੀ*

*ਪ੍ਰਬੰਧਕੀ ਨਿਪੁੰਨਤਾ ਦੇ ਮਿਆਰ ਨੂੰ ਉੱਚਾ ਚੁੱਕ ਕੇ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਦ੍ਰਿੜ ਕਰਨਾ ਯੂਰਪੀ ਕਮਿਸ਼ਨ ਅਤੇ ਕਰਿੱਡ ਦੇ ਇਸ ਪ੍ਰਾਜੈਕਟ ਦੇ ਖਾਸ ਉਦੇਸ਼ਾਂ ਤਹਿਤ ਆਉਂਦਾ ਹੈ।*

*ਸਮਰਥਾ ਨਿਰਮਾਣ ਦੀ ਪ੍ਰਕਿਰਿਆ ਵਿੱਚ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ ਨੂੰ ਅਪਣਾਉਣ ਅਤੇ ਸੁਧਾਰਣ ਲਈ ਸੰਵੇਦਨਸ਼ੀਲ ਬਣਾਉਣਾ ਸ਼ਾਮਿਲ ਹੋਵੇਗਾ। ਇਸ ਲਈ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨੇ ਪੈਣਗੇ। ਕਰਿੱਡ ਜੋ ਕਿ ਪਹਿਲਾਂ ਤੋਂ ਹੀ ਇਸ ਕੰਮ ਵਿੱਚ ਲੱਗਿਆ ਹੋਇਆ ਹੈ, ਇਸ ਪ੍ਰਾਜੈਕਟ ਦੁਆਰਾ ਪ੍ਰਾਪਤ ਹੋਈ ਸਮੱਗਰੀ ਅਤੇ ਜਾਣਕਾਰੀ ਨਾਲ ਅਜਿਹੇ ਪ੍ਰੋਗਰਾਮਾਂ ਦੇ ਮਿਆਰ ਨੂੰ ਉੱਚਾ ਚੁੱਕੇਗਾ।*

# ਜਾਣ-ਪਛਾਣ

ਭਾਰਤੀ ਸੰਵਿਧਾਨ ਵਿੱਚ ਕੀਤੀ ਹੋਈ ਸੰਘੀ ਢਾਂਚੇ ਦੀ ਵਿਵਸਥਾ ਅਨੁਸਾਰ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਵਿਖੇ ਕੇਂਦਰ ਸਰਕਾਰ ਅਤੇ ਦੇਸ਼ ਦੇ 29 ਰਾਜਾਂ ਵਿੱਚ ਰਾਜ ਪੱਧਰ ਦੀਆਂ ਸਰਕਾਰਾਂ ਹਨ।ਭਾਰਤ ਦੇ ਸੰਸਦ ਦੁਆਰਾ 1992 ਵਿੱਚ ਪਾਸ ਕੀਤੀ ਗਈ 73ਵੀਂ ਅਤੇ 74 ਵੀਂ ਸੋਧ ਉਪਰੰਤ ਸ਼ਾਸਨ ਦੇ ਇੱਕ ਤੀਜੇ ਪੱਧਰ ਦਾ ਨਿਰਮਾਣ ਕੀਤਾ ਗਿਆ ਜਿਸ ਦੇ ਨਤੀਜੇ ਵਜੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਥਾਨਕ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ ਹਨ ਅਤੇ ਸਿੱਧੀਆਂ ਚੋਣਾਂ ਰਾਹੀਂ ਲੋਕਤੰਤਰੀ ਸਰਕਾਰ ਦਾ ਸਥਾਨਕ ਪੱਧਰ ਤੱਕ ਵਿਸਥਾਰ ਕੀਤਾ ਗਿਆ ਹੈ। ਸੰਵਿਧਾਨਕ ਸੋਧਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ 29 ਅਤੇ ਨਗਰ ਪਾਲਕਾਵਾਂ ਨੂੰ 18 ਕਾਰਜ ਸੌਂਪੇ ਗਏ ਹਨ।

ਕਿੰਤੂ ਪੰਜਾਬ ਵਿੱਚ ਸਥਾਨਕ ਸ਼ਾਸਨਾਂ ਦੀਆਂ ਸ਼ਕਤੀਆਂ ਉੱਪਰਲੇ ਪੱਧਰਾਂ, ਭਾਵ ਰਾਜ ਅਤੇ ਕੇਂਦਰ ਸਰਕਾਰ ਵਾਂਙ ਸਪਸ਼ਟ ਤੌਰ ਤੇ ਨਿਰਧਾਰਤ ਨਹੀਂ ਕੀਤੀਆਂ ਗਈਆਂ। ਇਤਿਹਾਸ ਇਹ ਰਿਹਾ ਹੈ ਕਿ ਸਥਾਨਕ ਸ਼ਾਸਨ ਰਾਜ ਸਰਕਾਰ ਦੇ ਨਿਯੰਤਰਣ ਹੇਠ ਰਹੇ ਹਨ ਅਤੇ ਇਨ੍ਹਾਂ ਨੂੰ ਉਚਿਤ ਸ਼ਕਤੀਆਂ ਅਤੇ ਜਿੰਮੇਵਾਰੀਆਂ ਨਹੀਂ ਸੌਂਪੀਆਂ ਗਈਆਂ। ਹਾਲੇ ਵੀ ਇਨ੍ਹਾਂ ਸ਼ਾਸਨਾਂ ਨੂੰ ਸ਼ਕਤੀਆਂ ਸਪੁਰਦ ਕਰਕੇ ਇਨ੍ਹਾਂ ਦੀ ਸਮਰਥਾ ਵਿੱਚ ਵਾਧਾ ਨਹੀਂ ਕੀਤਾ ਗਿਆ ਜਿਸ ਨਾਲ ਇਹ ਵਿਕਾਸ, ਗਰੀਬੀ, ਪਰਿਆਵਰਣ, ਬੁਨਿਆਦੀ ਢਾਂਚੇ ਅਤੇ ਸ਼ਹਿਰੀ ਸੇਵਾਵਾਂ ਦੀਆਂ ਵਧ ਰਹੀਆਂ ਚੁਣੌਤੀਆਂ ਦਾ ਮੁਕਾਬਲਾ ਕਰ ਸਕਣ।

ਦੇਸ਼ ਦੀ ਉੱਤਰੀ-ਪੱਛਮੀ ਸੀਮਾ ਤੇ ਸਥਿਤ, ਪੰਜਾਬ 250 ਲੱਖ ਦੀ ਅਬਾਦੀ ਵਾਲਾ, ਦਰਮਿਆਨੇ ਅਕਾਰ ਦਾ ਖੁਸ਼ਹਾਲ ਅਤੇ ਉੱਨਤ ਰਾਜ ਹੈ ਜਿਸ ਵਿਚ ਗਰੀਬੀ ਦੀ ਦਰ ਘੱਟ ਹੈ। 1990 ਵਿਆਂ ਦੇ ਅੰਤ ਤੱਕ ਪੰਜਾਬ ਦੇ 96% ਨਾਗਰਿਕ ਗਰੀਬੀ ਰੇਖਾ ਤੋਂ ਉੱਪਰ ਸਨ, 70% ਪੜ੍ਹੇ ਲਿਖੇ ਸਨ ਅਤੇ ਸਕੂਲ ਜਾਣ ਦੀ ਉਮਰ ਦੇ 94% ਬੱਚੇ ਸਕੂਲਾਂ ਵਿੱਚ ਦਾਖਲ ਸਨ। ਇੱਥੋਂ ਦੇ ਨਾਗਰਿਕਾਂ ਦੇ ਜੀਵਨ ਦੀ ਮਿਆਦ ਔਸਤਨ 68 ਸਾਲ ਸੀ। ਭਾਰਤ ਦੀ ਰਾਸ਼ਟਰੀ ਮਨੁੱਖੀ ਵਿਕਾਸ ਰਿਪੋਰਟ (2001) ਅਨੁਸਾਰ ਮਨੁੱਖੀ ਵਿਕਾਸ ਪੱਖੋਂ ਵੱਡੇ ਵੱਡੇ ਰਾਜਾਂ ਵਿੱਚ ਕੇਵਲ ਕੇਰਲ ਹੀ ਪੰਜਾਬ ਨਾਲੋਂ ਅੱਗੇ ਹੈ। ਵਿਸ਼ਵ ਬੈਂਕ ਨੇ ਪੰਜਾਬ ਬਾਰੇ ਅਪਣੀ ਹਾਲ ਹੀ ਵਿੱਚ ਛਪੀ ਇੱਕ ਰਿਪੋਰਟ ਵਿੱਚ ਟਿੱਪਣੀ ਕੀਤੀ ਹੈ ਕਿ "ਪੰਜਾਬ ਦੇ ਬਹੁ-ਗਿਣਤੀ ਨਾਗਰਿਕ ਸਮਾਜਕ-ਆਰਥਕ ਦਰਜੇ ਦਾ ਉਹ ਪੱਧਰ ਪ੍ਰਾਪਤ ਕਰ ਚੁੱਕੇ ਹਨ ਜਿਸ ਦਾ ਅਨੁਭਵ ਭਾਰਤ ਦੇ ਬਹੁ-ਗਿਣਤੀ ਨਾਗਰਿਕਾਂ ਵਾਸਤੇ ਅਪਣੇ ਜੀਵਨ ਕਾਲ ਵਿੱਚ ਸੰਭਵ ਨਹੀਂ।" ਫੇਰ ਵੀ ਕਈ ਪੱਖੋਂ ਪੰਜਾਬ ਦਾ ਵਿਕਾਸ ਵਿਰੋਧਾਭਾਸੀ ਹੈ। ਪੰਜਾਬ ਦੇਸ਼ ਦੇ ਸਭ ਤੋਂ ਖੁਸ਼ਹਾਲ ਨਿੱਜੀ ਖੇਤਰ ਵਾਲੇ ਰਾਜਾਂ ਵਿੱਚੋਂ ਹੈ ਪਰੰਤੂ ਇਸ ਦੀ ਸਰਕਾਰ ਦੇ ਆਮਦਨ-ਖਰਚ ਦੇ ਪਾੜੇ ਬਹੁਤ ਵੱਡੇ ਹਨ। ਕਰਜ਼ ਵਿੱਚ ਸਭ ਤੋਂ ਜਿਆਦਾ ਡੁੱਬੇ ਹੋਏ ਰਾਜਾਂ ਵਿੱਚੋਂ ਹੋਣਾ ਵੀ ਪੰਜਾਬ ਲਈ ਕੋਈ ਚੰਗੀ ਨੇਕਨਾਮੀ ਨਹੀਂ। ਰਾਜ ਦੀ ਮਾੜੀ ਵਿੱਤੀ ਹਾਲਤ ਕਾਰਨ ਸ਼ਹਿਰੀ ਅਤੇ ਦਿਹਾਤੀ, ਦੋਵੇਂ ਖੇਤਰਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਜਨਤਕ ਸੇਵਾਵਾਂ ਦੀ ਗੁਣਵੱਤਾ ਮਾੜੀ ਚੱਲ ਰਹੀ ਹੈ।

ਸਭ ਜਾਣਦੇ ਹਨ ਕਿ ਦੇਸ਼ ਦੀ ਖੇਤੀਬਾੜੀ ਵਿਚ ਪੰਜਾਬ ਮੋਹਰੀ ਰਿਹਾ ਹੈ।1960 ਵਿਆਂ ਵਿੱਚ ਬੁਨਿਆਦੀ ਢਾਂਚੇ ਅਤੇ ਰਿਆਇਤੀ ਕੀਮਤਾਂ ਲਈ ਕੀਤੇ ਗਏ ਸਰਕਾਰੀ ਨਿਵੇਸ਼ ਦੀ ਮਦਦ ਨਾਲ ਹਰੀ ਕਰਾਂਤੀ ਨੇ ਰਾਜ ਵਿੱਚ ਕਣਕ ਅਤੇ ਚੌਲਾਂ ਦੇ ਉਤਪਾਦਨ ਵਿੱਚ ਭਾਰੀ ਵਾਧਾ ਕੀਤਾ। ਦੇਸ਼ ਵਿੱਚ ਵਾਧੂ ਅਨਾਜ ਪੈਦਾ ਕਰਨ ਵਾਲਾ ਮੁੱਖ ਰਾਜ ਹੋਣ ਕਰਕੇ ਪੰਜਾਬ ਨੂੰ ਅੰਨ ਦਾ ਪਟਾਰਾ ਕਿਹਾ ਜਾਂਦਾ ਹੈ। ਭਾਰਤ ਸਰਕਾਰ ਦੁਆਰਾ ਇਕੱਠੇ ਕੀਤੇ ਗਏ ਚੌਲਾਂ ਅਤੇ ਕਣਕ ਵਿੱਚ ਪੰਜਾਬ ਦਾ ਹਿੱਸਾ 45% ਹੈ। ਲੇਕਿਨ ਪੰਜਾਬ ਦੀ ਵਿੱਤੀ ਕਾਰਜ ਪੂਰਤੀ ਇਸ ਦੀ ਆਰਥਕ ਖੁਸ਼ਹਾਲੀ ਨਾਲ ਮੇਲ ਨਹੀ ਖਾਂਦੀ।

ਪੰਜਾਬ ਵਿੱਚ 12443 ਪੰਚਾਇਤਾਂ,140 ਪੰਚਾਇਤ ਸੰਮਤੀਆਂ ਅਤੇ 17 ਜ਼ਿਲ੍ਹਾ ਪਰੀਸ਼ਦਾਂ ਹਨ। ਪੰਚਾਇਤੀ ਰਾਜ

ਪ੍ਰਣਾਲੀ ਦੇ ਇਨ੍ਹਾਂ ਤਿੰਨੇ ਪੱਧਰਾਂ ਵਿੱਚ 90,000 ਤੋਂ ਵੀ ਵੱਧ ਚੁਣੇ ਹੋਏ ਪ੍ਰਤੀਨਿਧ ਹਨ। ਇਸੇ ਤਰ੍ਹਾਂ ਰਾਜ ਵਿੱਚ 134 ਨਗਰ ਨਿਗਮ ਅਤੇ ਨਗਰ ਕੌਂਸਲਾਂ ਹਨ ਜਿਨ੍ਹਾਂ ਵਿੱਚ 2200 ਚੁਣੇ ਹੋਏ ਪ੍ਰਤੀਨਿਧ ਹਨ। ਇਸ ਤੋਂ ਇਲਾਵਾ ਸਥਾਨਕ ਸਵੈ ਸਾਸ਼ਨ ਦੀਆਂ ਸੰਸਥਾਵਾਂ ਦੇ ਵੱਖ-ਵੱਖ ਪੱਧਰਾਂ ਤੇ ਨਾਗਰਿਕ ਪ੍ਰਬੰਧ ਚਲਾਉਣ ਲਈ ਲਗਭਗ 5000 ਕਰਮਚਾਰੀ ਹਨ।ਇਸ ਤਰ੍ਹਾਂ ਰਾਜ ਵਿੱਚ ਸਥਾਨਕ ਸਵੈ-ਸਾਸ਼ਨ ਦੀਆਂ ਸੰਸਥਾਵਾਂ ਨਾਲ ਸੰਬੰਧਤ ਚੁਣੇ ਹੋਏ ਪ੍ਰਤੀਨਿਧਾਂ ਅਤੇ ਕਰਮਚਾਰੀਆਂ ਦੀ ਕੁੱਲ ਸੰਖਿਆ ਲਗਭਗ ਇੱਕ ਲੱਖ ਹੈ।

ਹਾਲ ਹੀ ਵਿੱਚ ਵਿਸ਼ਵੀਕਰਣ ਸਮੇਤ ਤੇਜੀ ਨਾਲ ਹੋਏ ਉਦਯੋਗੀਕਰਣ ਅਤੇ ਵਿਕਾਸ ਦੇ ਰੂਪ ਵਿੱਚ ਹੋਈ ਆਰਥਕ ਵਰਿੱਧੀ ਦੇ ਨਤੀਜੇ ਵਜੋਂ ਭਾਰਤ ਵਿੱਚ ਕਈ ਜੀਵੰਤ ਸ਼ਹਿਰੀ ਕੇਂਦਰ ਉੱਭਰੇ ਹਨ। ਮਕਾਨ ਅਤੇ ਸ਼ਹਿਰੀ ਸਹੂਲਤਾਂ ਮੁਹੱਈਆ ਕਰਵਾਉਣ ਤੋਂ ਇਲਾਵਾ ਗਰੀਬੀ ਅਤੇ ਪਰਿਆਵਰਣ ਰਾਜ ਅਤੇ ਇਸ ਦੇ ਸ਼ਹਿਰੀ ਕੇਂਦਰਾਂ ਦੇ ਨਾਗਰਿਕਾਂ ਸਾਮ੍ਹਣੇ ਮੁੱਖ ਮੁੱਦੇ ਹਨ।

ਸ਼ਹਿਰੀ ਸਥਾਨਕ ਸੰਸਥਾਵਾਂ ਦੀ ਜਿੰਮੇਵਾਰੀ 85 ਲੱਖ ਲੋਕਾਂ ਨੂੰ ਜਰੂਰੀ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਇਨ੍ਹਾਂ ਵਿੱਚੋਂ ਇੱਕ ਤਿਹਾਈ ਲੋਕ ਸ਼ਹਿਰਾਂ ਦੇ ਗਰੀਬ ਨਾਗਰਿਕ ਹਨ। ਨਾਗਰਿਕ ਸੇਵਾਵਾਂ ਵਿੱਚ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ, ਸਫਾਈ ਪ੍ਰਬੰਧ, ਜਨ ਸਿਹਤ, ਮਕਾਨ, ਭੂਮੀ ਦੀ ਰਜਿਸਟ੍ਰੇਸ਼ਨ, ਮਕਾਨਾਂ ਦੇ ਨਕਸ਼ਿਆਂ ਦੀ ਮੰਜੂਰੀ ਐਤ ਹੋਰ ਪ੍ਰਸ਼ਾਸਨਿਕ ਸੇਵਾਵਾਂ ਸ਼ਾਮਿਲ ਹਨ। ਅਕਾਰ ਪੱਖੋਂ ਪੰਜਾਬ ਦੀਆਂ ਸ਼ਹਿਰੀ ਸੰਸਥਾਵਾਂ ਵਿੱਚ ਪੰਜ ਹਜ਼ਾਰ ਤੋਂ ਥੋੜ੍ਹੀ ਜਿਹੀ ਵੱਧ ਅਬਾਦੀ ਵਾਲੀਆਂ ਨਗਰ ਪੰਚਾਇਤਾਂ ਤੋਂ ਲੈ ਕੇ ਨਗਰ ਨਿਗਮ ਤੱਕ ਸ਼ਾਮਿਲ ਹਨ ਜਿਨ੍ਹਾਂ ਵਿੱਚੋਂ ਦੋ ਦੀ ਅਬਾਦੀ ਦਸ ਲੱਖ ਤੋਂ ਵੀ ਵੱਧ ਹੈ। ਸੇਵਾਵਾਂ ਮੁਹੱਈਆ ਕਰਵਾਉਣ ਵਾਲੇ ਸੰਗਠਨਾਂ ਦੇ ਤੌਰ ਤੇ ਪੰਜਾਬ ਦੀਆਂ ਸ਼ਹਿਰੀ ਸੰਸਥਾਵਾਂ ਦਾ ਮਹੱਤਵ ਵਧ ਰਿਹਾ ਹੈ। ਇਸ ਦਾ ਕਾਰਣ ਕੇਵਲ ਤੇਜੀ ਨਾਲ ਹੋ ਰਿਹਾ ਸ਼ਹਿਰੀਕਰਣ ਹੀ ਨਹੀਂ ਬਲਕਿ 74ਵੀਂ ਸੰਵਿਧਾਨਕ ਸੋਧ ਵੀ ਹੈ ਜਿਸ ਤਹਿਤ ਰਾਜ ਸਰਕਾਰ ਦੁਆਰਾ ਸਥਾਨਕ ਸ਼ਾਸਨਾਂ ਨੂੰ ਵਧੇਰੇ ਜਿੰਮੇਵਾਰੀਆਂ ਅਤੇ ਫੰਡ ਦਿੱਤੇ ਜਾਣ ਦੀ ਮੰਗ ਕੀਤੀ ਗਈ ਹੈ। ਪੰਜਾਬ ਦੇ ਸ਼ਹਿਰ ਆਰਥਕ ਵਰਿੱਧੀ ਦਾ ਸਾਧਨ ਹਨ ਅਤੇ ਰਾਜ ਦੇ ਵਿਕਾਸ ਲਈ ਉਨ੍ਹਾਂ ਦੇ ਵਿਸਥਾਰ ਦਾ ਸਫਲਤਾਪੂਰਵਕ ਪ੍ਰਬੰਧ ਕਰਨਾ ਅਤਿ ਜ਼ਰੂਰੀ ਹੈ। ਜਿਉਂ ਜਿਉਂ ਸ਼ਹਿਰਾਂ ਦੇ ਅਕਾਰ ਅਤੇ ਜਟਿਲਤਾ ਵਿਚ ਵਾਧਾ ਹੁੰਦਾ ਹੈ, ਤਿਉਂ ਤਿਉਂ ਸ਼ਹਿਰੀ ਬੁਨਿਆਦੀ ਢਾਂਚੇ ਮੁਹੱਈਆ ਕਰਨ ਵਿੱਚ ਆ ਰਹੀਆਂ ਅੜਚਨਾਂ ਅਤੇ ਮੁਢਲੀਆਂ ਸੇਵਾਵਾਂ ਦੀ ਗੁਣਵੱਤਾ ਵਿੱਚ ਨਿਘਾਰ ਦਿਸਣ ਲੱਗ ਪੈਂਦਾ ਹੈ। ਸ਼ਹਿਰਾਂ ਦੇ ਲਗਭਗ 20 ਤੋਂ 25% ਪਰਿਵਾਰਾਂ ਨੂੰ ਟੂਟੀਆਂ ਦਾ ਪਾਣੀ ਲੋੜ ਅਨੁਸਾਰ ਨਹੀਂ ਮਿਲਦਾ ਅਤੇ 50 ਤੋਂ 60% ਪਰਿਵਾਰਾਂ ਨੂੰ ਸਫਾਈ ਸੇਵਾਵਾਂ ਉਪਲਬਧ ਨਹੀਂ ਹਨ। ਸ਼ਹਿਰਾਂ ਵਿੱਚ ਅਜਿਹੇ ਪਰਿਵਾਰਾਂ ਦੀ ਸੰਖਿਆ ਵਿੱਚ ਵਾਧਾ ਹੋਇਆ ਹੈ ਜਿਨ੍ਹਾਂ ਪਾਸ ਰਹਿਣ ਲਈ ਮੁਨਾਸਬ ਆਸਰਾ ਨਹੀਂ।

ਪਿੰਡ ਪੰਚਾਇਤਾਂ ਦੀ ਸਥਿਤੀ ਵੀ ਕੋਈ ਭਿੰਨ ਨਹੀਂ। ਪੇਂਡੂ ਇਲਾਕਿਆਂ ਵਿੱਚ ਵਧੀਆ ਕਿਸਮ ਦੇ ਬੀਜਾਂ ਅਤੇ ਖਾਦਾਂ ਦੀ ਹੋਰ ਵਰਤੋਂ ਰਾਹੀਂ ਖੇਤੀਬਾੜੀ ਦੇ ਨਾਲ ਨਾਲ ਮੁਰਗੀ ਜਾਂ ਪਸ਼ੂ ਪਾਲਣ ਜਿਹੇ ਸਹਾਇਕ ਧੰਦਿਆਂ ਦੇ ਵਿਕਾਸ ਤੇ ਜੋਰ ਦਿੱਤਾ ਜਾਂਦਾ ਹੈ। ਪੰਚਾਇਤਾਂ ਦਾ ਖੇਤੀ ਬਾੜੀ ਦੇ ਧੰਦਿਆਂ ਨਾਲ ਬਹੁਤ ਨੇੜੇ ਦਾ ਸੰਬੰਧ ਹੈ ਕਿਉਂਕਿ ਪੇਂਡੂ ਸਮਾਜ ਜਿਆਦਾਤਰ ਇਸੇ ਤੇ ਨਿਰਭਰ ਕਰਦਾ ਹੈ। ਸਾਲਾਂ ਤੋਂ ਪਿੰਡਾਂ ਵਿੱਚ ਸ਼ਹਿਰਾਂ ਜਿਹੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਯੂਰਪ ਵਿੱਚ ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਸ਼ਹਿਰਾਂ ਅਤੇ ਪਿੰਡਾਂ ਵਿਚਕਾਰ ਕੋਈ ਪਾੜਾ ਨਹੀਂ ਕਿਉਂਕਿ ਉੱਥੇ ਸਥਾਨਕ ਸੰਸਥਾਵਾਂ ਦਾ ਗਠਨ ਭੂਗੋਲਕ ਅਧਾਰ ਤੇ ਹੁੰਦਾ ਹੈ ਅਤੇ ਉਹ ਪੇਂਡੂ ਅਤੇ ਸ਼ਹਿਰੀ ਦੋਵੇਂ ਖੇਤਰਾਂ ਵਿੱਚ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਂਦੀਆਂ ਹਨ। ਪਿੰਡਾਂ ਦੀਆਂ ਪੰਚਾਇਤਾਂ ਦੁਆਰਾ ਦਿੱਤੀਆਂ ਜਾ ਰਹੀਆਂ ਸੇਵਾਵਾਂ ਮਾਮੂਲੀ ਜਿਹੀਆਂ ਹਨ ਅਤੇ ਇਨ੍ਹਾਂ ਵਿੱਚ ਵੱਧ ਤੋਂ ਵੱਧ ਪਿੰਡਾਂ ਦੀਆਂ ਗਲੀਆਂ ਵਿੱਚ ਇੱਟਾਂ ਲਗਾਉਣ ਅਤੇ ਘਰਾਂ ਦੇ ਗੰਦੇ ਪਾਣੀ ਨੂੰ ਕਿਸੇ ਟੋਭੇ ਜਾਂ ਝੁਬੱਚੇ ਦੇ ਤੌਰ ਤੇ ਵਰਤੇ ਜਾਣ ਵਾਲੇ ਖੁੱਲ੍ਹੇ ਥਾਂ ਤੱਕ ਪਹੁੰਚਾਉਣ ਲਈ ਪੱਕੀਆਂ ਨਾਲੀਆਂ ਬਣਾਉਣਾ ਸ਼ਾਮਿਲ ਹੈ। ਕਿਸੇ ਵੀ ਪੰਚਾਇਤ ਦੇ ਬਜਟ ਵਿੱਚ ਪਾਣੀ ਦੀਆਂ ਟੂਟੀਆਂ ਲਗਵਾਉਣ ਜਾਂ ਠੋਸ ਕੂੜੇ ਕਰਕਟ ਨੂੰ ਚੁੱਕਣ, ਢੋਣ ਅਤੇ ਟਿਕਾਣੇ ਲਗਾਉਣ ਲਈ ਕੋਈ ਵਿਵਸਥਾ ਨਹੀਂ ਹੁੰਦੀ। ਵਰਖਾ ਦੇ ਵਾਧੂ ਪਾਣੀ ਨੂੰ ਕੱਢਣ ਲਈ ਨਿਕਾਸੀ ਦਾ ਵੀ

ਕੋਈ ਪ੍ਰਬੰਧ ਨਹੀਂ ਹੁੰਦਾ। ਇਸ ਦਾ ਕਾਰਣ ਹੈ ਕਿ ਪੰਚਾਇਤਾਂ ਦੀ ਅਪਣੀ ਆਮਦਨ ਨਾਂ ਮਾਤਰ ਹੁੰਦੀ ਹੈ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਪ੍ਰਤੀਨਿਧ ਹਮੇਸ਼ਾ ਸਰਕਾਰੀ ਗਰਾਂਟਾਂ ਦੀ ਝਾਕ ਵਿੱਚ ਰਹਿੰਦੇ ਹਨ। ਉਹ ਆਪ ਸਾਧਨ ਇਕੱਠੇ ਕਰਨ ਲਈ ਬਰਾਬਰ ਦਾ ਕੋਈ ਜਤਨ ਨਹੀਂ ਕਰਦੇ ਜਿਸ ਨਾਲ ਜੀਵਨ ਦੀ ਗੁਣਵੱਤਾ ਸੁਧਾਰਣ ਲਈ ਸ਼ਹਿਰੀ ਅਤੇ ਸਮਾਜਕ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ।

ਸਥਾਨਕ ਸਵੈ-ਸ਼ਾਸਨ ਦੇ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਰਾਜ ਵਿੱਚ ਆਰਥਕ ਵਰਿੱਧੀ ਦੀ ਵਧ ਰਹੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਸ਼ਕਤੀਆਂ ਨਹੀਂ ਦਿੱਤੀਆਂ ਗਈਆਂ। ਇਨ੍ਹਾਂ ਸੰਸਥਾਵਾਂ ਦੇ ਕਰਮਚਾਰੀਆਂ ਅਤੇ ਚੁਣੇ ਹੋਏ ਪ੍ਰਤੀਨਿਧਾਂ ਦੀ ਸਮਰਥਾ ਵਿੱਚ ਸੁਧਾਰ ਕਰਨ ਲਈ ਕੋਈ ਗੰਭੀਰ ਜਤਨ ਨਹੀਂ ਕੀਤਾ ਗਿਆ। ਇਸ ਕਰਕੇ ਲੋਕਾਂ ਦੀਆਂ ਮੁਢਲੀਆਂ ਸ਼ਹਿਰੀ ਸੇਵਾਵਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਇਨ੍ਹਾਂ ਸੰਸਥਾਵਾਂ ਦੀ ਸਮਰਥਾ ਵਿੱਚ ਸੁਧਾਰ ਕਰਨ ਦੀਆਂ ਰਣਨੀਤੀਆਂ ਅਪਣਾਈਆਂ ਜਾਣੀਆਂ ਚਾਹੀਦੀਆਂ ਹਨ। ਭਾਰਤ ਦੇ ਸੰਵਿਧਾਨ ਨੇ ਸਥਾਨਕ ਸਵੈ-ਸ਼ਾਸਨ ਦਾ ਵਿਸ਼ਾ ਅਪਣੀ ਸੱਤਵੀਂ ਸੂਚੀ ਵਿੱਚ ਰੱਖਿਆ ਹੈ ਜਿਸ ਨਾਲ ਰਾਜ ਸਰਕਾਰ ਨੂੰ ਸਥਾਨਕ ਸਵੈ-ਸ਼ਾਸਨ ਦੇ ਵਿੱਤੀ ਖੇਤਰ ਦਾ ਫੈਸਲਾ ਕਰਨ ਦੀ ਸ਼ਕਤੀ ਦਿੱਤੀ ਗਈ ਹੈ।

ਰਾਜ ਸਰਕਾਰ ਸਥਾਨਕ ਸਵੈ ਸ਼ਾਸਨ ਦੀਆਂ ਸੰਸਥਾਵਾਂ ਨੂੰ ਅਧਿਕਾਰ ਸੌਂਪਣ ਤੋਂ ਬਹੁਤ ਝਿਜਕਦੀ ਹੈ। ਇਸ ਦੀ ਦਲੀਲ ਹੈ ਕਿ ਅਵੱਸ਼ਕ ਕਾਰਜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਲਈ ਇਨ੍ਹਾਂ ਸੰਸਥਾਵਾਂ ਵਿੱਚ ਸਮਰਥਾ ਦੀ ਘਾਟ ਹੈ। ਸਰਕਾਰ ਇਨ੍ਹਾਂ ਨੂੰ ਵਿੱਤੀ ਵਸੀਲੇ ਸੌਂਪਣ ਦੀ ਵੀ ਇੱਛੁਕ ਨਹੀਂ। ਸ਼ਹਿਰੀ ਅਤੇ ਦਿਹਾਤੀ ਸਥਾਨਕ ਸੰਸਥਾਵਾਂ ਨੂੰ ਕਰ ਲਗਾ ਕੇ ਜਾਂ ਹੋਰ ਕਿਸੇ ਢੰਗ ਨਾਲ ਅਪਣੇ ਸਾਧਨਾਂ ਵਿੱਚ ਵਾਧਾ ਕਰਨ ਲਈ ਵੀ ਲੁੜੀਂਦੀਆਂ ਸ਼ਕਤੀਆਂ ਨਹੀਂ ਦਿੱਤੀਆਂ ਗਈਆਂ। ਜੇ ਸਰਕਾਰ ਇਨ੍ਹਾਂ ਸੰਸਥਾਵਾਂ ਨੂੰ ਜਿੰਮੇਵਾਰੀਆਂ ਸੌਂਪਣ ਲਈ ਮੰਨ ਵੀ ਜਾਵੇ, ਤਾਂ ਵੀ ਇਨ੍ਹਾਂ ਨੂੰ ਪੂਰਾ ਕਰਨ ਲਈ ਲੁੜੀਂਦੇ ਵਿੱਤੀ ਵਸੀਲੇ ਸੌਂਪੇ ਬਗੈਰ ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ। ਲੋਕਤੰਤਰੀ ਵਿਕੇਂਦਰੀਕਰਣ ਵਿੱਚ ਮੁਕਾਬਲਤਨ ਇੱਕ ਨਵਾਂ ਤਜਰਬਾ ਹੋਣ ਕਰਕੇ ਸਥਾਨਕ ਸਵੈ ਸ਼ਾਸਨ ਦੀਆਂ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਇਨ੍ਹਾਂ ਸੌਂਪੀਆਂ ਜਾਣ ਵਾਲੀਆਂ ਜਿੰਮੇਵਾਰੀਆਂ ਨੂੰ ਨਿਭਾਉਣ ਲਈ ਲੁੜੀਂਦੀ ਸਿਖਲਾਈ ਵੀ ਨਹੀਂ ਦਿੱਤੀ ਗਈ। ਇਸ ਲਈ ਸਥਾਨਕ ਸ਼ਾਸਨ ਚਲਾਉਣ ਲਈ ਇਨ੍ਹਾਂ ਦੀ ਸਮਰਥਾ ਦਾ ਨਿਰਮਾਣ ਕਰਨ ਦੀ ਲੋੜ ਹੈ।

ਇਸ ਪਿਛੋਕੜ ਨੂੰ ਦੇਖਦੇ ਹੋਏ ਪੰਜਾਬ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਸਮਰਥਾ ਦੇ ਨਿਰਮਾਣ ਲਈ ਯੂਰਪੀ ਕਮਿਸ਼ਨ ਦੀ ਸਹਾਇਤਾ ਨਾਲ ਇੱਕ ਪ੍ਰਾਜੈਕਟ ਅਰੰਭ ਕਰਨ ਦੇ ਪ੍ਰਸਤਾਵ ਤੇ ਵਿਚਾਰ ਕੀਤਾ ਗਿਆ। ਸਥਾਨਕ ਸ਼ਾਸਨ ਚਲਾਉਣ ਵਿੱਚ ਯੂਰਪੀ ਯੂਨੀਅਨ ਦੇ ਦੇਸ਼ਾਂ ਨੂੰ ਲੰਬਾ ਤੇ ਨਰੋਆ ਤਜਰਬਾ ਹਾਸਲ ਹੈ। ਪੰਜਾਬ ਦੀਆਂ ਸਵੈ ਸ਼ਾਸਨ ਸੰਸਥਾਵਾਂ ਕਿੰਨੀਆਂ ਹੀ ਸਮੱਸਿਆਵਾਂ ਦਾ ਸਾਮ੍ਹਣਾ ਕਰ ਰਹੀਆਂ ਹਨ ਜਿਨ੍ਹਾਂ ਵਿੱਚ ਵਿੱਤੀ, ਸੰਸਥਾਗਤ, ਪ੍ਰਸ਼ਾਸਨਿਕ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੇ ਮੁੱਦੇ ਸ਼ਾਮਿਲ ਹਨ। ਇਸ ਪ੍ਰਾਜੈਕਟ ਦਾ ਮਨੋਰਥ ਯੂਰਪੀ ਯੂਨੀਅਨ ਦੇ ਚੋਣਵੇਂ ਦੇਸ਼ਾਂ ਅਤੇ ਕੁੱਝ ਚੁਣੇ ਹੋਏ ਪ੍ਰਗਤੀਸ਼ੀਲ ਭਾਰਤੀ ਰਾਜਾਂ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਚੋਣਵੇਂ ਪ੍ਰਤੀਨਿਧਾਂ ਅਤੇ ਅਧਿਕਾਰੀਆਂ ਨਾਲ ਆਪਸੀ ਮੇਲ ਜੋਲ ਰਾਹੀਂ ਵਿਚਾਰਾਂ ਅਤੇ ਜਾਣਕਾਰੀ ਦਾ ਵਟਾਂਦਰਾ ਕਰਨਾ ਸੀ। ਇਸ ਵਿੱਚ ਸਥਾਨਕ ਸਵੈ ਸ਼ਾਸਨ ਦੀਆਂ ਸੰਸਥਾਵਾਂ ਨੂੰ ਚਲਾਉਣ ਦੇ ਅਨੁਭਵ ਸਾਂਝੇ ਕਰਨ ਲਈ ਚਰਚਾਵਾਂ, ਸੈਮੀਨਾਰ ਅਤੇ ਅਧਿਐਨ ਹਿੱਤ ਕੀਤੇ ਜਾਣ ਵਾਲੇ ਦੌਰੇ ਸ਼ਾਮਿਲ ਹੋਣੇ ਸਨ। ਪ੍ਰਾਜੈਕਟ ਦਾ ਉਦੇਸ਼ ਪ੍ਰਬੰਧ ਦੀਆਂ ਉਨ੍ਹਾਂ ਸਰਵੋਤਮ ਪ੍ਰਣਾਲੀਆਂ ਬਾਰੇ ਸੂਚਨਾ ਦਾ ਪ੍ਰਸਾਰ ਕਰਨਾ ਹੈ ਜਿਹੜੀਆਂ ਯੂਰਪੀ ਯੂਨੀਅਨ ਦੇ ਦੇਸ਼ਾਂ ਅਤੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਦੇ ਸਥਾਨਿਕ ਸ਼ਾਸਨਾਂ ਦੇ ਅਨੁਭਵ ਦੇ ਅਧਾਰ ਤੇ ਪੰਜਾਬ ਦੀਆਂ ਸਥਾਨਕ ਸੰਸਥਾਵਾਂ ਵਿੱਚ ਅਪਣਾਈਆਂ ਜਾ ਸਕਦੀਆਂ ਹਨ।

ਇਸ ਪ੍ਰਾਜੈਕਟ ਦੀ ਰੂਪ ਰੇਖਾ ਦਿਹਾਤੀ ਅਤੇ ਉਦਯੋਗਿਕ ਵਿਕਾਸ ਵਿੱਚ ਖੋਜ ਨੂੰ ਸਮਰਪਿਤ ਸੰਸਥਾ CRRID ਦੁਆਰਾ ਤਿਆਰ ਕੀਤੀ ਗਈ ਸੀ ਅਤੇ ਇਸ ਨੂੰ ਦਿੱਲੀ ਵਿੱਚ ਯੂਰਪੀ ਕਮਿਸ਼ਨ ਦੇ ਡੈਲੀਗੇਸ਼ਨ ਦੁਆਰਾ 1 ਮਈ 2005 ਤੋਂ ਸ਼ੁਰੂ ਹੋਣ ਵਾਲੇ 12 ਮਹੀਨਿਆਂ ਵਿੱਚ ਪੂਰਾ ਕੀਤੇ ਜਾਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਡੈਲੀਗੇਸ਼ਨ ਨੇ ਇਸ ਦੀ ਕੁੱਲ ਲਾਗਤ 133, 026.68 ਯੂਰੋ ਪ੍ਰਵਾਨ ਕੀਤੀ ਸੀ ਜਿਸ ਵਿੱਚੋਂ ਕਮਿਸ਼ਨ ਨੇ ਦਿੱਲੀ ਵਿਖੇ ਅਪਣੇ

ਪ੍ਰਤੀਨਿਧ ਰਾਹੀਂ ਵੱਧ ਤੋਂ ਵੱਧ 99, 770.25 ਯੂਰੋ, ਭਾਵ ਕੁੱਲ ਲਾਗਤ ਦਾ ਲਗਭਗ 75% ਦੇਣ ਦੀ ਗੱਲ ਮੰਨ ਲਈ ਸੀ। ਬਾਕੀ ਦੀ ਰਾਸ਼ੀ CRRID ਨੇ ਅਪਣੇ ਵਸੀਲਿਆਂ ਵਿੱਚੋਂ ਦੇਣੀ ਸੀ।

ਯੂਰਪੀ ਕਮਿਸ਼ਨ ਅਤੇ CRRID ਦੇ ਇਸ ਪ੍ਰਾਜੈਕਟ ਦਾ ਉਦੇਸ਼ ਸਥਾਨਕ ਸਵੈ ਸ਼ਾਸਨ ਦੀਆਂ ਸੰਸਥਾਵਾਂ ਦੀ ਅਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਸਮਰਥਾ ਦੇ ਮਿਆਰ ਨੂੰ ਉੱਚਾ ਚੁੱਕ ਕੇ ਕਾਰਜ ਪ੍ਰਣਾਲੀ ਵਿੱਚ ਸੁਧਾਰ ਕਰਨਾ ਹੈ। ਇਸ ਵਿੱਚ ਸਥਾਨਕ ਸੰਸਥਾਵਾਂ ਅਤੇ ਰਾਜ ਸਰਕਾਰ ਨੂੰ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਚੁਣੇ ਹੋਏ ਦੇਸ਼ਾਂ ਵਿਚਲੀਆਂ ਅਜਿਹੀਆਂ ਹੀ ਸੰਸਥਾਵਾਂ ਪ੍ਰਤੀ ਸੰਵੇਦਨਸ਼ੀਲ ਬਣਾਉਣਾ ਸ਼ਾਮਿਲ ਹੈ। ਇਸ ਦਾ ਮੁੱਖ ਉਦੇਸ਼ ਉਨ੍ਹਾਂ ਨੂੰ ਪ੍ਰਬੰਧ ਦੀਆਂ ਬਿਹਤਰ ਪ੍ਰਣਾਲੀਆਂ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ। ਇਸ ਮੰਤਵ ਲਈ ਪੰਜਾਬ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਪ੍ਰਤੀਨਿਧਾਂ ਅਤੇ ਅਧਿਕਾਰੀਆਂ ਨੂੰ ਸਿਖਲਾਈ ਦੇਣੀ ਪਵੇਗੀ। CRRID ਸੰਸਥਾ ਪਹਿਲਾਂ ਹੀ ਕਈ ਸਾਲ ਤੋਂ ਇਸ ਕਾਰਜ ਵਿੱਚ ਲੱਗੀ ਹੋਈ ਹੈ। ਇਸ ਪ੍ਰਾਜੈਕਟ ਦੇ ਲਾਗੂ ਹੋਣ ਨਾਲ ਇਸ ਦੇ ਇਸ ਕਾਰਜ ਦਾ ਘੇਰਾ ਵਿਸਤ੍ਰਿਤ ਕਰਨ ਵਿੱਚ ਸਹਾਇਤਾ ਮਿਲੇਗੀ। ਪ੍ਰਬੰਧ ਦੀਆਂ ਸਰਵੋਤਮ ਪ੍ਰਣਾਲੀਆਂ ਬਾਰੇ ਜਾਣਕਾਰੀ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਦਾ ਦੌਰਾ ਕਰਕੇ ਇਕੱਠੀ ਕੀਤੀ ਜਾ ਚੁੱਕੀ ਹੈ। ਪ੍ਰਾਜੈਕਟ ਦੇ ਲਾਗੂ ਹੋਣ ਨਾਲ CRRID ਦੇ ਸਿਖਲਾਈ ਪ੍ਰੋਗਰਾਮ ਵਿੱਚ ਨਿਰੰਤਰਤਾ ਬਣੀ ਰਹੇਗੀ। ਇਸ ਤਰ੍ਹਾਂ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਦੀਆਂ ਚੋਣਵੀਆਂ ਪ੍ਰਬੰਧ ਪ੍ਰਣਾਲੀਆਂ ਨੂੰ ਅਪਣਾਉਣ ਵਿੱਚ ਵੀ ਸਹਾਇਤਾ ਮਿਲੇਗੀ। CRRID ਦੀ ਸਰਪ੍ਰਸਤੀ ਹੇਠ ਸਿਖਲਾਈ ਪ੍ਰੋਗਰਾਮ ਚਲਦੇ ਰਹਿਣ ਕਰਕੇ ਸਥਾਨਕ ਸ਼ਾਸਨ ਦੀਆਂ ਸੰਸਥਾਵਾਂ ਦੇ ਸਮਰਥਾ ਨਿਰਮਾਣ ਪ੍ਰੋਗਰਾਮ ਦਾ ਸੰਸਥਾਗਤ ਪੱਧਰ ਤੇ ਚਲਦੇ ਰਹਿਣਾ ਵੀ ਯਕੀਨੀ ਹੈ। ਇਸ ਸੰਸਥਾ ਦੀ ਇੱਕ ਵੱਡੀ ਪ੍ਰਾਪਤੀ ਰਾਜਨੀਤਕ ਅਤੇ ਪ੍ਰਸ਼ਾਸਨਿਕ ਫੈਸਲੇ ਲੈਣ ਵਾਲਿਆਂ ਨਾਲ ਸੰਪਰਕ ਸਥਾਪਤ ਕਰਨਾ ਹੈ ਜਿਸ ਨਾਲ ਪੰਜਾਬ ਦੀਆਂ ਸਵੈ ਸ਼ਾਸਨ ਸੰਸਥਾਵਾਂ ਨੂੰ ਫਾਇਦਾ ਪਹੁੰਚੇਗਾ।

ਯੂਰਪੀ ਨੀਤੀਆਂ ਦੇ ਅਧਿਐਨ ਲਈ ਬਣੀ ਹੋਈ ਸੰਸਥਾ Study Group for European Policies (SEP) ਇਸ ਪ੍ਰਾਜੈਕਟ ਵਿੱਚ ਭਾਗੀਦਾਰ ਹੈ। SEP ਯੂਰਪੀ ਯੂਨੀਅਨ ਦੇ ਵਿਸ਼ੇਸ਼ੱਗਾਂ ਦਾ ਇੱਕ ਸਮੂਹ ਹੈ ਜੋ ਇਸ ਯੂਨੀਅਨ ਦੇ ਦੇਸ਼ਾਂ ਨਾਲ ਸੰਪਰਕ ਸਥਾਪਤ ਕਰਕੇ ਅਧਿਐਨ ਅਤੇ ਖੋਜ ਦੇ ਕਾਰਜ ਵਿਚ ਲੱਗਿਆ ਹੋਇਆ ਹੈ। ਖੇਤਰੀ ਅਤੇ ਸਥਾਨਕ ਪੱਧਰ ਦੇ ਲੋਕਤੰਤਰ ਵਿਚ ਦਿਲਚਸਪੀ ਰੱਖਣ ਵਾਲੀ ਇਸ ਸੰਸਥਾ ਦਾ ਯੂਰਪੀ ਯੂਨੀਅਨ ਦੇ ਦੇਸ਼ਾਂ ਵਿਚ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੀ ਕਾਰਜ ਵਿਧੀ ਬਾਰੇ ਚੰਗੀ ਜਾਣਕਾਰੀ ਅਤੇ ਤਜਰਬਾ ਹੈ। ਇਸ ਪ੍ਰਾਜੈਕਟ ਨੂੰ ਲਾਗੂ ਕਰਨ ਵਿੱਚ SEP ਨੇ ਅਹਿਮ ਭੂਮਿਕਾ ਨਿਭਾਈ ਅਤੇ ਪ੍ਰਾਜੈਕਟ ਦੇ ਵੱਖ ਵੱਖ ਕਾਰਜਾਂ ਨੂੰ ਪੂਰਾ ਕਰਨ ਵਿੱਚ ਸਮਰਥਨ ਦਿੱਤਾ। ਵਿਸ਼ੇਸ਼ ਕਰਕੇ ਇਸ ਸੰਸਥਾ ਨੇ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਸਥਾਨਕ ਸਵੈ ਸ਼ਾਸਨ ਦੀਆਂ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਬਾਰੇ ਲੜੀਂਦੀ ਸਮੱਗਰੀ ਉਪਲਬਧ ਕਾਰਵਾਈ ਜਿਸ ਵਿੱਚ ਇਨ੍ਹਾਂ ਸੰਸਥਾਵਾਂ ਦੇ ਇਤਿਹਾਸ, ਕੰਮ ਕਰਨ ਦੀਆਂ ਵਰਤਮਾਨ ਵਿਧੀਆਂ, ਇਨ੍ਹਾਂ ਦੀਆਂ ਸ਼ਕਤੀਆਂ ਜ਼ਿੰਮੇਵਾਰੀਆਂ, ਇਨ੍ਹਾਂ ਵਿੱਚ ਸਮੁਦਾ ਦੀ ਭਾਗੀਦਾਰੀ, ਸਰਕਾਰ ਦੁਆਰਾ ਇਨ੍ਹਾਂ ਨੂੰ ਸੌਂਪੇ ਗਏ ਕਾਰਜਾਂ, ਇਨ੍ਹਾਂ ਦੀ ਆਮਦਨੀ ਦੇ ਸਾਧਨਾਂ ਅਤੇ ਇਨ੍ਹਾਂ ਦੀ ਕਾਰਜ ਪ੍ਰਣਾਲੀ ਨਾਲ ਸੰਬੰਧਤ ਹੋਰ ਪੱਖਾਂ ਬਾਰੇ ਜਾਣਕਾਰੀ ਦਿੱਤੀ ਹੋਈ ਹੈ। ਜਦੋਂ ਪੰਜਾਬ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦਾ ਡੈਲੀਗੇਸ਼ਨ ਯੂਰਪੀ ਯੂਨੀਅਨ ਦੇ ਚੋਣਵੇਂ ਦੇਸ਼ਾਂ ਦੀਆਂ ਸਥਾਨਕ ਸੰਸਥਾਵਾਂ ਦੇ ਪ੍ਰਤੀਨਿਧਾਂ ਨਾਲ ਵਿਚਾਰ ਅਤੇ ਅਨੁਭਵ ਸਾਂਝੇ ਕਰਨ ਲਈ ਇਨ੍ਹਾਂ ਦੇਸ਼ਾਂ ਦੇ ਤੌਰ ਤੇ ਗਿਆ ਤਾਂ SEP ਨੇ ਲੜੀਂਦੀ ਸਹਾਇਤਾ ਮੁਹੱਈਆ ਕਰਵਾਈ।

SEP ਨੇ ਇਸ ਪ੍ਰਾਜੈਕਟ ਦੇ ਡਾਇਰੈਕਟਰ ਦੀ ਸਹਾਇਤਾ ਲਈ ਪ੍ਰੋ. ਲੋਰਾਂ ਵਾਂ ਦਪੁਆਲ (Prof. Laurent Van Depoele) ਨੂੰ ਪਾਜੈਕਟ ਦਾ ਅਸੋਸੀਏਟ ਡਾਇਰੈਕਟਰ ਨਾਮਜ਼ਦ ਕੀਤਾ ਜਿਨ੍ਹਾਂ ਨੇ ਯੂਰਪ ਦੀਆਂ ਸਵੈ-ਸ਼ਾਸਨ ਸੰਸਥਾਵਾਂ ਦੀਆਂ ਸਰਵੋਤਮ ਪ੍ਰਣਾਲੀਆਂ ਬਾਰੇ ਜਾਣਕਾਰੀ ਦੇਣ ਲਈ ਸੈਮੀਨਾਰਾਂ ਅਤੇ ਕਾਨਫਰੰਸਾਂ ਵਿਚ ਹਿੱਸਾ ਲੈਣ ਵਾਲੇ ਵਿਅਕਤੀਆਂ ਅਤੇ ਵਿਸ਼ੇਸ਼ੱਗਾਂ ਦੀ ਚੋਣ ਕੀਤੀ ਅਤੇ ਇਨ੍ਹਾਂ ਸਥਾਨਕ ਸੰਸਥਾਵਾਂ ਦੇ ਦੌਰੇ ਦਾ ਪ੍ਰਬੰਧ ਕੀਤਾ।

ਇਸ ਪ੍ਰਾਜੈਕਟ ਨੇ ਪੰਜਾਬ ਦੀਆਂ ਸਵੈ ਸ਼ਾਸਨ ਸੰਸਥਾਵਾਂ ਦੇ ਪ੍ਰਤੀਨਿਧਾਂ ਅਤੇ ਅਧਿਕਾਰੀਆਂ ਨੂੰ ਯੂਰਪੀ ਯੂਨੀਅਨ

ਦੇ ਚੋਣਵੇਂ ਦੇਸ਼ਾਂ ਦੀਆਂ ਸਥਾਨਕ ਸੰਸਥਾਵਾਂ ਦੇ ਪ੍ਰਤੀਨਿਧਾਂ ਅਤੇ ਅਧਿਕਾਰੀਆਂ ਨਾਲ ਮਿਲ ਕੇ ਪੰਜਾਬ ਦੀਆਂ ਸਥਾਨਕ ਸੰਸਥਾਵਾਂ ਦੇ ਫਾਇਦੇ ਲਈ ਚਰਚਾ ਕਰਨ ਤੋਂ ਇਲਾਵਾ ਵਿਚਾਰ ਅਤੇ ਜਾਣਕਾਰੀ ਦਾ ਵਟਾਂਦਰਾ ਕਰਨ ਦਾ ਅਵਸਰ ਮੁਹੱਈਆ ਕਰਵਾਇਆ। ਪੰਜਾਬ ਸਰਕਾਰ ਅਤੇ ਯੂਰਪੀ ਯੂਨੀਅਨ ਦੇ ਨੁਮਾਇੰਦੇ ਦੀ ਸਲਾਹ ਨਾਲ ਪੰਜਾਬ ਵਿੱਚੋਂ ਚੁਣੇ ਗਏ ਦਸ ਵਿਅਕਤੀਆਂ ਨੂੰ ਛੇ ਦੇਸ਼ਾਂ – ਬਰਤਾਨੀਆ, ਨੀਦਰਲੈਂਡ, ਇਟਲੀ, ਸਪੇਨ, ਫਿਨਲੈਂਡ ਅਤੇ ਬੈਲਜੀਅਮ ਦੇ ਦੌਰੇ ਤੇ ਭੇਜਿਆ ਗਿਆ। ਇੱਕ ਪ੍ਰਾਜੈਕਟ ਤਹਿਤ ਇਨ੍ਹਾਂ ਵਿਅਕਤੀਆਂ ਨੂੰ ਪੰਜ ਪ੍ਰਗਤੀਸ਼ੀਲ ਭਾਰਤੀ ਰਾਜਾਂ ਦੇ ਦੌਰੇ ਤੇ ਵੀ ਭੇਜਿਆ ਗਿਆ।

CRRID ਨੇ ਦੋ ਰਾਸ਼ਟਰੀ ਪੱਧਰ ਦੇ ਸੈਮੀਨਾਰ ਵੀ ਆਯੋਜਤ ਕੀਤੇ ਜਿਨ੍ਹਾਂ ਵਿੱਚੋਂ ਪਹਿਲਾ 16–17 ਅਗਸਤ 2005 ਅਤੇ ਦੂਜਾ 29–30 ਨਵੰਬਰ 2005 ਨੂੰ ਹੋਇਆ । ਇਸ ਤੋਂ ਇਲਾਵਾ 7–8 ਮਾਰਚ 2006 ਨੂੰ ਇੱਕ ਰਾਸ਼ਟਰੀ ਪੱਧਰ ਦੀ ਕਾਨਫਰੰਸ ਵੀ ਕਰਵਾਈ ਗਈ। ਸੈਮੀਨਾਰਾਂ ਅਤੇ ਕਾਨਫੰਰਸ ਵਿਚ ਭਾਗ ਲੈਣ ਵਾਲੇ ਵਿਅਕਤੀਆਂ ਦੀ ਚੋਣ ਪੰਜਾਬ ਸਰਕਾਰ ਦੀ ਸਲਾਹ ਨਾਲ ਕੀਤੀ ਗਈ ਤਾਂ ਕਿ ਇਹ ਵਿਅਕਤੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਹੋਣ ਵਾਲੇ ਵਿਚਾਰ ਵਟਾਂਦਰੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਦੇ ਯੋਗ ਹੋਣ।

ਯੂਰਪੀ ਯੂਨੀਅਨ ਦੇ ਦੇਸ਼ਾਂ ਤੋਂ ਆਏ ਹੇਠ ਲਿਖੇ ਵਿਅਕਤੀਆਂ ਨੇ ਉਪਰੋਕਤ ਸੈਮੀਨਾਰਾਂ ਅਤੇ ਕਾਨਫਰੰਸ ਵਿਚ ਭਾਗ ਲਿਆ:

**ਪਹਿਲਾ ਰਾਸ਼ਟਰੀ ਸੈਮੀਨਾਰ: ਅਗਸਤ 16–17, 2005**

(i) ਪ੍ਰੋ. ਲੋਰਾਂ ਵਾਂ ਦਪੁਆਲ, ਅਸੋਸੀਏਟ ਪ੍ਰਾਜੈਕਟ ਡਾਇਰੈਕਟਰ
ਕਾਰਜਕਾਰੀ ਡਾਇਰੈਕਟਰ–ਉਪ ਪ੍ਰਧਾਨ
ਸਟੱਡੀ ਗਰੁੱਪ ਆਫ ਯੂਰੋਪੀਅਨ ਪਾਲਿਸੀਜ਼ (SEP), ਬਰੱਸਲਜ਼

(ii) ਡਾ. ਪ੍ਰੋ. ਫਰੈਂਕ ਦੈਲਮਾਰਤੀਨੋ
ਲੁਆਇਵਨ ਯੂਨਵਰਸਿਟੀ
ਰਾਜਨੀਤੀ ਸ਼ਾਸਤਰ ਵਿਭਾਗ
ਏ ਫਾਨ ਏਵਨਸ਼ਟਰਾਟ 2-B, 3000 ਲੁਆਇਵਨ (ਬੈਲਜੀਅਮ)

**ਅਧਿਐਨ ਲਈ ਕਰਨਾਟਕ ਦਾ ਦੌਰਾ: 23–31 ਅਕਤੂਬਰ 2005**

(iii) ਲੈਸਟਰ ਸਿਟੀ ਕੌਂਸਲ , ਲੰਦਨ (ਬਰਤਾਨੀਆ) ਦੀ ਕਾਇਆ ਕਲਪ ਨੀਤੀ ਦੇ ਮੁਖੀ ਸ਼੍ਰੀ ਐਂਡਰੂ ਟੌਮਸ ਕਰਨਾਟਕ ਦੀਆਂ ਸ਼ਹਿਰੀ ਅਤੇ ਦਿਹਾਤੀ ਸਥਾਨਕ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਦੇਖਣ ਲਈ ਭਾਰਤੀ ਟੀਮ ਦੇ ਨਾਲ ਇਸ ਰਾਜ ਦੇ ਦੌਰੇ ਤੇ ਗਏ।ਵਾਪਸੀ ਤੇ ਉਨ੍ਹਾਂ ਨੇ CRRID ਦੀ ਫੈਕਲਟੀ ਨਾਲ ਵਿਚਾਰ ਵਟਾਂਦਰਾ ਕੀਤਾ।

**ਦੂਜਾ ਰਾਸ਼ਟਰੀ ਸੈਮੀਨਾਰ: 29–30 ਨਵੰਬਰ 2005**

(iv) ਸ੍ਰੀ ਜੋ ਸ਼ਾਬੈਰ
ਬਰੱਸਲਜ਼ ਦੀ ਸੰਸਦ ਦੇ ਸਾਬਕਾ ਉਪ ਪ੍ਰਧਾਨ ਅਤੇ
ਬੈਲਜੀਅਮ ਦੇ ਖੇਤਰਾਂ ਦੀ ਕਮੇਟੀ ਦੇ ਸਾਬਕਾ ਪ੍ਰਧਾਨ

(v). ਸ਼ੀ ਟੀਮੋ ਲਿੰਕੋਲਾ
ਅੰਤਰਰਾਸ਼ਟਰੀ ਪ੍ਰਾਜੈਕਟ ਸਰਗਰਮੀਆਂ
ਫਿਨਲੈਂਡ ਦੇ ਸਥਾਨਕ ਅਤੇ ਖੇਤਰੀ ਸ਼ਾਸਨਾਂ ਦਾ ਸੰਘ
ਕੁੰਟਾਲਿਟੋ, ਟੁਆਇਨਨ ਲਿੰਜਾ 14,00500 ਹੈਲਸਿੰਕੀ

(vi) ਸ਼੍ਰੀ ਕ੍ਰਿਸਟਿਆਨ ਫਾਨ ਡੇਅਰ ਕਾਂਪ
ਐਲਡਰਮੈਨ
ਮਿਡਨ ਡੈਲਫਲੈਂਡ ਕੌਂਸਲ

(vii) ਸ੍ਰੀ ਪਿਆਰਾ ਸਿੰਘ ਕਲੇਰ
ਕੌਂਸਲਰ
ਲੈਸਟਰ ਸਿਟੀ ਕੌਂਸਲ
ਲੰਦਨ

(viii) ਸ਼੍ਰੀ ਜੋਰਮਾ ਵਿਰਟਾਨਨ
ਕੇਮੀ ਦੇ ਮੇਅਰ
ਫਿਨਲੈਂਡ

**ਰਾਸ਼ਟਰੀ ਕਾਨਫਰੰਸ: 7-8 ਮਾਰਚ 2006**

(ix) ਪ੍ਰੋ. ਯੂਰੀ ਕਾਜ਼ੇਪੋਵ
ਉਪ ਮੁਖੀ, ਸਮਾਜ ਵਿਗਿਆਨ ਵਿਭਾਗ,
ਉਰਬੀਨੋ ਯੂਨੀਵਰਸਿਟੀ
ਵਾਇਆ A ਸਾਫੀ 15
610ZR ਉਰਬੀਨੋ, ਇਟਲੀ

(x) ਸਪੇਨ ਤੋਂ ਮਿਸ ਕਰਿਸਤੀਨਾ ਅਯਾਲਾ ਸਾਂਤਾਮਾਰੀਆ ਅਪਣੇ ਦੇਸ਼ ਵਿੱਚ ਪ੍ਰਸ਼ਾਸਨਿਕ ਰੁਝੇਵਿਆਂ ਕਰਕੇ ਭਾਰਤ ਨਹੀਂ ਆ ਸਕੇ।

ਭਾਰਤ ਤੋਂ ਆਉਣ ਵਾਲਿਆਂ ਵਿੱਚ ਸਥਾਨਕ ਸਵੈ ਸ਼ਾਸਨ ਦੇ ਰਾਸ਼ਟਰੀ ਪੱਧਰ ਦੇ ਵਿਸ਼ੇਸੱਗ, ਪੰਜਾਬ ਦੀਆਂ ਸਥਾਨਕ ਸਵੈ ਸ਼ਾਸਨ ਸੰਸਸਥਾਵਾਂ ਦੇ ਪ੍ਰਤੀਨਿਧ ਅਤੇ ਅਧਿਕਾਰੀ ਅਤੇ ਇਨ੍ਹਾਂ ਸੰਸਥਾਵਾਂ ਨੂੰ ਸ਼ਕਤੀਆਂ, ਕਾਰਜ ਅਤੇ ਫੰਡ ਸੌਂਪਣ ਦੇ ਫੈਸਲੇ ਲੈਣ ਵਿੱਚ ਸ਼ਾਮਿਲ ਰਾਜਨੀਤਕ ਨੇਤਾ ਸਨ।

SEP ਦੇ ਸਹਿਯੋਗ ਨਾਲ ਆਯੋਜਤ ਕੀਤੇ ਗਏ ਪਹਿਲੇ ਰਾਸ਼ਟਰੀ ਸੈਮੀਨਾਰ ਦਾ ਉਦਘਾਟਨ ਪੰਜਾਬ ਸਰਕਾਰ ਦੇ ਸਥਾਨਕ ਸਵੈ ਸ਼ਾਸਨ ਦੇ ਮਾਨਯੋਗ ਮੰਤਰੀ ਨੇ ਕੀਤਾ। ਪੰਜਾਬ ਦੇ ਵਿੱਤ ਅਤੇ ਯੋਜਨਾਬੰਦੀ ਦੇ ਮਾਨਯੋਗ ਮੰਤਰੀ ਨੇ ਵੀ ਇਸ ਨੂੰ ਸੰਬੋਧਨ ਕੀਤਾ। ਪ੍ਰੋ. ਲੋਰਾਂ ਵਾਂ ਦਪੁਆਲ ਨੇ ਸਮਾਜਕ ਫੇਰ ਬਦਲ ਦਾ ਜ਼ਿਕਰ ਕਰਕੇ ਹੋਏ ਦੱਸਿਆ ਕਿ ਯੂਰਪੀ ਦੇਸ਼ਾਂ ਵਿਚ ਪਿੰਡਾਂ ਦਾ ਬੁਨਿਆਦੀ ਢਾਂਚਾ ਵਧੀਆ ਹੋਣ ਕਰਕੇ ਲੋਕ ਸ਼ਹਿਰੀ ਤੋਂ ਦਿਹਾਤੀ ਇਲਾਕੇ ਵੱਲ ਆ ਰਹੇ ਹਨ।

ਸੈਮੀਨਾਰ ਵਿੱਚ ਭਾਗ ਲੈਣ ਲਈ ਆਏ ਹੋਏ ਭਾਰਤੀ ਡੈਲੀਗੇਟਾਂ ਨੇ ਇਸ ਤੱਥ ਨੂੰ ਉਜਾਗਰ ਕੀਤਾ ਕਿ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਭਾਰਤੀ ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਅਨੁਸਾਰ ਸ਼ਕਤੀਆਂ, ਅਧਿਕਾਰ ਅਤੇ ਜਿੰਮੇਵਾਰੀਆਂ ਨਹੀਂ ਸੌਂਪੀਆਂ ਗਈਆਂ। ਉਨ੍ਹਾਂ ਅਨੁਸਾਰ ਸ਼ਕਤੀਆਂ ਸੌਂਪੇ ਜਾਣ ਵਿੱਚ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਦੇ ਸਰਗਰਮ ਸਹਿਯੋਗ ਨਾਲ ਸਥਾਨਕ ਨਾਗਰਿਕਾਂ ਦੇ ਹਿੱਤ ਵਿਚ ਕਰ ਲਗਾਉਣ

ਅਤੇ ਆਮਦਨੀ ਨੂੰ ਖਰਚਣ ਦੀ ਸ਼ਕਤੀ ਵੀ ਸ਼ਾਮਿਲ ਹੋਣੀ ਚਾਹੀਦੀ ਹੈ।

CRRID ਦੁਆਰਾ ਤਿਆਰ ਕੀਤੇ ਹੋਏ ਦੋ ਅਹਿਮ ਪੇਪਰ-ਇੱਕ ਸਥਾਨਕ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਬਾਰੇ ਅਤੇ ਦੂਸਰਾ ਦਿਹਾਤੀ ਸਥਾਨਕ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਬਾਰੇ, ਪਹਿਲੇ ਰਾਸ਼ਟਰੀ ਸੈਮੀਨਾਰ ਦੇ ਡੈਲੀਗੇਟਾਂ ਵਿੱਚ ਵੰਡੇ ਗਏ।

ਦੋ ਦਿਨ ਦਾ ਦੂਜਾ ਰਾਸ਼ਟਰੀ ਸੈਮੀਨਾਰ SEP ਦੇ ਸਹਿਯੋਗ ਨਾਲ 29-30 ਨਵੰਬਰ 2005 ਨੂੰ ਆਯੋਜਤ ਕੀਤਾ ਗਿਆ। ਯੂਰਪੀ ਯੂਨੀਅਨ ਦੇ ਛੇ ਦੇਸ਼ਾਂ-ਬਰਤਾਨੀਆ, ਨੀਦਰਲੈਂਡ, ਇਟਲੀ, ਸਪੇਨ, ਫਿਨਲੈਂਡ ਅਤੇ ਬੈਲਜੀਅਮ ਤੋਂ ਇਲਾਵਾ ਚਾਰ ਪ੍ਰਗਤੀਸ਼ੀਲ ਭਾਰਤੀ ਰਾਜਾਂ - ਕਰਨਾਟਕ, ਕੇਰਲ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਅਧਿਐਨ ਹਿੱਤ ਕੀਤੇ ਗਏ ਦੌਰੇ ਦੇ ਅਨੁਭਵਾਂ ਨੂੰ ਸੈਮੀਨਾਰ ਵਿੱਚ ਸਾਂਝਾ ਕੀਤਾ ਗਿਆ। ਪੰਜਾਬ ਦੇ ਸਥਾਨਕ ਸਵੈ ਸ਼ਾਸਨ ਦੇ ਪ੍ਰਿੰਸੀਪਲ ਸਕੱਤਰ ਨੇ ਸੈਮੀਨਾਰ ਦਾ ਉਦਘਾਟਨ ਕਰਕੇ ਡੈਲੀਗੇਟਾਂ ਨੂੰ ਸੰਬੋਧਨ ਕੀਤਾ। ਭਾਰਤ ਸਰਕਾਰ ਦੇ ਪੰਚਾਇਤੀ ਰਾਜ ਮੰਤਰਾਲੇ ਦੇ ਸਕੱਤਰ ਨੇ ਵੀ ਡੈਲੀਗੇਟਾਂ ਨੂੰ ਸੰਬੋਧਨ ਕੀਤਾ। ਯੂਰਪੀ ਯੂਨੀਅਨ ਦੇ ਪੰਜ ਦੇਸ਼ਾਂ ਤੋਂ ਆਏ ਵਿਸ਼ੇਸ਼ੱਗਾਂ ਨੇ ਸੈਮੀਨਾਰ ਵਿੱਚ ਭਾਗ ਲਿਆ ਅਤੇ ਪਾਵਰ ਪੁਆਇੰਟ ਰਾਹੀਂ ਪਰਚੇ ਪੇਸ਼ ਕੀਤੇ। ਉਨ੍ਹਾਂ ਨੇ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਪ੍ਰਬੰਧ ਦੀਆਂ ਸਰਵੋਤਮ ਪ੍ਰਣਾਲੀਆਂ ਅਤੇ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਏ ਜਾਣ ਬਾਰੇ ਚਰਚਾਵਾਂ ਨੂੰ ਸਮਰਿੱਧ ਬਣਾਇਆ। ਭਾਰਤੀ ਵਿਸ਼ੇਸੱਗਾਂ ਨੇ ਅਪਣੇ ਪਰਚਿਆਂ ਵਿੱਚ ਚਾਰ ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿਚ ਪ੍ਰਚੱਲਤ ਪ੍ਰਬੰਧ ਦੀਆਂ ਸਰਵੋਤਮ ਪ੍ਰਣਾਲੀਆਂ ਤੇ ਚਾਨਣਾ ਪਾਇਆ।

ਪੰਜਾਬ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਸਮਰਥਾ ਦੇ ਨਿਰਮਾਣ ਬਾਰੇ ਪ੍ਰਾਜੈਕਟ ਰਿਪੋਰਟ ਵਿਚ ਕੀਤੀ ਗਈ ਵਿਵਸਥਾ ਅਨੁਸਾਰ 7-8 ਮਾਰਚ 2006 ਨੂੰ ਦੋ ਦਿਨ ਦੀ ਰਾਸ਼ਟਰੀ ਪੱਧਰ ਦੀ ਕਾਨਫਰੰਸ ਕਰਵਾਈ ਗਈ। ਇਸ ਕਾਨਫਰੰਸ ਵਿੱਚ ਭਾਗ ਲੈਣ ਆਏ ਡੈਲੀਗੇਟਾਂ ਵਿੱਚ ਇੱਕ ਦਸਤਾਵੇਜ ਵੀ ਵੰਡਿਆ ਗਿਆ। ਇਸ ਵਿੱਚ CRRID ਦੁਆਰਾ SEP ਦੇ ਸਹਿਯੋਗ ਨਾਲ ਅਧਿਐਨ ਹਿੱਤ ਸਤੰਬਰ 2005 ਦੇ ਆਖਰੀ ਹਫਤੇ ਵਿਚ ਛੇ ਯੂਰਪੀ ਦੇਸ਼ਾਂ, ਅਕਤੂਬਰ 2005 ਦੇ ਆਖਰੀ ਹਫਤੇ ਵਿੱਚ ਚਾਰ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਜਨਵਰੀ 2006 ਦੇ ਆਖਰੀ ਹਫਤੇ ਵਿੱਚ ਇੱਕ ਭਾਰਤੀ ਰਾਜ ਦੇ ਦੌਰੇ ਦਾ ਵਰਣਨ ਕੀਤਾ ਗਿਆ ਸੀ। ਯੂਰਪੀ ਦੇਸ਼ਾਂ ਅਤੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਪ੍ਰਚੱ ਲਤ ਪ੍ਰਸ਼ਾਸਨ ਅਤੇ ਪ੍ਰਬੰਧ ਦੀਆਂ ਪ੍ਰਣਾਲੀਆਂ ਨੂੰ ਜਲਦੀ ਸਮਝਣ ਵਿੱਚ ਸਹਾਇਤਾ ਕਰਨ ਲਈ ਵਿਸ਼ੇਸ਼ੱਗਾਂ ਦੁਆਰਾ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਦਾ ਖੁਲਾਸਾ ਵੀ ਇਸ ਦਸਤਾਵੇਜ ਵਿੱਚ ਸ਼ਾਮਿਲ ਕੀਤਾ ਗਿਆ। ਇਸ ਰਾਸ਼ਟਰੀ ਕਾਨਫਰੰਸ ਵਿੱਚ ਲਗਭਗ 200 ਵਿਅਕਤੀਆਂ ਨੇ ਭਾਗ ਲਿਆ।

ਕਾਨਫਰੰਸ ਤੋਂ ਮਿਲਣ ਵਾਲੀ ਜਾਣਕਾਰੀ ਅਤੇ ਤੱਥਾਂ ਤੋਂ ਇਲਾਵਾ ਭਾਰਤੀ ਅਤੇ ਯੂਰਪੀ ਦੇਸ਼ਾਂ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਪ੍ਰਤੀਨਿਧਾਂ ਦੇ ਆਪਸੀ ਸੰਵਾਦ ਵਿਚੋਂ ਕੱਢੇ ਗਏ ਨਿਸ਼ਕਰਸ਼ਾਂ ਨੂੰ ਇਸ ਰਿਪੋਰਟ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਜਿਸ ਨੂੰ ਸਿਖਲਾਈ ਅਤੇ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਸਮਰਥਾ ਨਿਰਮਾਣ ਲਈ ਬਣਾਏ ਜਾਣ ਵਾਲੇ ਮੈਨੂਅਲ ਲਈ ਮੁਢਲੀ ਸਮੱਗਰੀ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਇਸ ਰਿਪੋਰਟ ਵਿੱਚ ਕੀਤੀਆਂ ਗਈਆਂ ਸਿਫ਼ਾਰਿਸ਼ਾਂ ਸਥਾਨਕ ਸ਼ਾਸਨਾਂ ਦੀ ਕਾਰਜ ਪ੍ਰਣਾਲੀ ਨੂੰ ਸ਼ੀਘਰ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਦਦ ਦੇਣ ਲਈ ਦਿੱਤੀਆਂ ਗਈਆਂ ਹਨ। ਇਸ ਨਾਲ ਸੰਵਿਧਾਨਕ ਸੋਧ ਅਨੁਸਾਰ ਸਥਾਨਕ ਸੰਸਥਾਵਾਂ ਨੂੰ ਕਾਰਜ ਸੌਂਪਣ ਲਈ ਰਾਜ ਸਰਕਾਰ ਨੂੰ ਉਤਸ਼ਾਹ ਮਿਲੇਗਾ।

ਯੂਰਪੀ ਕਮਿਸ਼ਨ ਦੁਆਰਾ ਦਿੱਤੀ ਗਈ ਯੂਰਪੀ ਯੂਨੀਅਨ ਪ੍ਰਾਜੈਕਟ ਨੂੰ ਯੂਰਪੀ ਕਮਿਸ਼ਨ ਦੇ ਭਾਰਤ ਵਿਚਲੇ ਡੈਲੀਗੇਸ਼ਨ ਨਾਲ ਕੀਤੇ ਗਏ ਅਨੁਬੰਧ ਅਨੁਸਾਰ ਪੂਰਾ ਕੀਤਾ ਗਿਆ ਹੈ। ਇਸ ਦਾ ਵਿੱਤੀ ਨਿਰੀਖਣ ਅਤੇ ਹੋਰ ਕਈ ਪੱਖਾਂ ਤੋਂ ਮੁਲਾਂਕਣ ਸਖ਼ਤੀ ਨਾਲ ਕੀਤਾ ਗਿਆ ਅਤੇ ਕਮਿਸ਼ਨ ਦੇ ਦਿੱਲੀ ਦਫ਼ਤਰ ਨੂੰ ਨਿਰਧਾਰਤ ਖਾਕਿਆਂ ਵਿਚ ਤਿਮਾਹੀ ਰਿਪੋਰਟਾਂ ਭੇਜ ਕੇ ਸੂਚਿਤ ਕੀਤਾ ਜਾਂਦਾ ਰਿਹਾ ਹੈ। ਇਸ ਮੈਨੂਅਲ ਅਤੇ ਹੋਰ ਪ੍ਰਕਾਸ਼ਨਾਂ ਦੇ ਉਤਾਰੇ ਅਤੇ ਵਿੱਤੀ ਖੁਲਾਸੇ ਸਮੇਤ ਅੰਤਮ ਰਿਪੋਰਟ ਦਿੱਲੀ ਵਿਚ ਯੂਰਪੀ ਕਮਿਸ਼ਨ ਦੇ ਡੈਲੀਗੇਸ਼ਨ ਨੂੰ ਨਿਰਧਾਰਤ ਮਿਤੀ, ਭਾਵ 31 ਜੁਲਾਈ 2006 ਤੋਂ ਪਹਿਲਾਂ ਹੀ ਪਹੁੰਚਾ ਦਿੱਤੀ ਗਈ ਸੀ।

# ਅਧਿਆਇ-ਪਹਿਲਾ

# ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦਾ ਇਤਿਹਾਸ, ਬਣਤਰ, ਜ਼ਿੰਮੇਵਾਰੀਆਂ ਅਤੇ ਸਮਰਥਾ

## ਭਾਗ-ਪਹਿਲਾ

## ਸ਼ਹਿਰੀ ਸਥਾਨਕ ਸੰਸਥਾਵਾਂ

ਪੰਜਾਬ, ਚੋਣਵੇਂ ਭਾਰਤੀ ਰਾਜਾਂ (ਕੇਰਲ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ ਗੁਜਰਾਤ) ਅਤੇ ਯੂਰਪੀ ਦੇਸ਼ਾਂ (ਬਰਤਾਨੀਆ, ਬੈਲਜੀਅਮ, ਨੀਦਰਲੈਂਡ, ਫਿਨਲੈਂਡ, ਇਟਲੀ, ਸਪੇਨ) ਦੀਆਂ ਸ਼ਹਿਰੀ ਸਵੈ-ਸ਼ਾਸਨ ਸੰਸਥਾਵਾਂ ਦਾ ਇਤਿਹਾਸ, ਬਣਤਰ ਅਤੇ ਸਮਰਥਾ ਇਸ ਅਧਿਆਏ ਦਾ ਕੇਂਦਰ ਬਿੰਦੂ ਹਨ।

ਸ਼ਹਿਰੀਕਰਣ ਦੀ ਪ੍ਰਕਿਰਿਆ ਅਤੇ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਜਦੋਂ ਕੋਈ ਖੇਤਰ ਵਿਕਸਤ ਹੋ ਕੇ ਸ਼ਹਿਰ/ਕਸਬੇ ਦੇ ਆਕਾਰ ਦਾ ਹੋ ਜਾਂਦਾ ਹੈ ਤਾਂ ਲੋਕਾਂ ਲਈ ਮੁਢਲੀਆਂ ਸਹੂਲਤਾਂ ਅਤੇ ਸੇਵਾਵਾਂ ਮੁਹੱਈਆ ਕਰਾਉਣ ਅਤੇ ਇਨ੍ਹਾਂ ਦਾ ਸੰਚਾਲਨ ਕਰਨ ਲਈ ਸਥਾਨਕ ਸਵੈ-ਸ਼ਾਸਨ ਦੀ ਲੋੜ ਪੈਂਦੀ ਹੈ। ਪਿੰਡਾਂ ਦਾ ਦੇਸ਼ ਸਮਝੇ ਜਾਣ ਦੇ ਬਾਵਜੂਦ ਭਾਰਤ ਦੀ ਸ਼ਹਿਰੀ ਅਬਾਦੀ ਵਿੱਚ ਬਰਾਬਰ ਵਾਧਾ ਹੁੰਦਾ ਚੱਲਿਆ ਆ ਰਿਹਾ ਹੈ। ਭਾਰਤ ਵਿਚ ਸ਼ਹਿਰੀਕਰਣ ਦਾ ਪੱਧਰ 1951 ਵਿਚ 17.3% ਤੋਂ ਵਧ ਕੇ 1971 ਵਿੱਚ 19.9% ਅਤੇ 2001 ਵਿਚ 27.8% ਹੋ ਗਿਆ ਹੈ। 2001 ਦੇ ਅੰਕੜਿਆਂ ਅਨੁਸਾਰ ਭਾਰਤ ਦੀ ਕੁੱਲ ਸ਼ਹਿਰੀ ਅਬਾਦੀ 28 ਕਰੋੜ 54 ਲੱਖ ਤੱਕ ਪਹੁੰਚ ਚੁੱਕੀ ਹੈ ਜੋ ਦੇਸ਼ ਦੇ 4378 ਸ਼ਹਿਰਾਂ ਵਿਚ ਵਸਦੀ ਹੈ। ਚੀਨ ਤੋਂ ਬਾਅਦ ਭਾਰਤ ਵਿਸ਼ਵ ਦਾ ਦੂਜਾ ਸਭ ਤੋਂ ਵੱਡਾ ਸ਼ਹਿਰੀ ਢਾਂਚਾ ਹੈ। ਸ਼ਹਿਰੀਕਰਣ ਇੱਕ ਗੁੰਝਲਦਾਰ ਪ੍ਰਕਿਰਿਆ ਹੈ ਜੋ ਆਰਥਕ, ਉਦਯੋਗਿਕ ਤੇ ਜਨ-ਸੰਖਿਆ ਵਿਚਲੇ ਪਰਿਵਰਤਨਾਂ ਦਾ ਸਿੱਟਾ ਹੁੰਦੀ ਹੈ। ਵਿਕਾਸ ਅਤੇ ਪਰਿਆਵਰਣ ਵਗੈਰਾ ਲਈ ਇਸਨੂੰ ਸਕਾਰਾਤਮਕ ਕਾਰਣ ਵੀ ਮੰਨਿਆ ਜਾਂਦਾ ਹੈ ਅਤੇ ਨਕਾਰਾਤਮਕ ਵੀ। ਸ਼ਹਿਰੀਕਰਣ ਦੇ ਵਧਣ ਨਾਲ ਸ਼ਹਿਰਾਂ ਦੀ ਆਰਥਕਤਾ ਵੀ ਵਧਦੀ ਹੈ। ਪਰ ਨਾਲ ਨਾਲ ਪਰਿਆਵਰਣ ਦਾ ਬੁਨਿਆਦੀ ਢਾਂਚਾ ਅਤੇ ਸ਼ਹਿਰੀ ਸੇਵਾਵਾਂ ਦੀ ਗੁਣਾਤਮਕਤਾ ਅਤੇ ਵਿਸਥਾਰ ਲੋੜੀਂਦੀ ਹੱਦ ਤੱਕ ਵਿਕਸਤ ਨਾ ਹੋਣ ਕਰਕੇ ਵਿਗੜਨੇ ਸ਼ੁਰੂ ਹੋ ਜਾਂਦੇ ਹਨ। ਸ਼ਹਿਰੀਕਰਣ ਦੇ ਨਕਾਰਾਤਮਕ ਪਰਿਣਾਮਾਂ ਨਾਲ ਨਿਪਟਣਾ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਲਈ ਇੱਕ ਵੱਡੀ ਚੁਣੌਤੀ ਰਿਹਾ ਹੈ।

ਸ਼ਾਸਨ ਦੀ ਇੱਕ ਸੰਗਠਤ ਪ੍ਰਣਾਲੀ ਦੇ ਤੌਰ ਤੇ ਸਥਾਨਕ ਸਵੈ-ਸ਼ਾਸਨ ਦਾ ਸੰਕਲਪ ਭਾਰਤ ਵਿਚ ਸਤਾਰ੍ਹਵੀਂ ਸਦੀ ਦੇ ਅੰਤ ਵਿੱਚ ਉਭਰਿਆ ਜਦੋਂ ਈਸਟ ਇੰਡੀਆ ਕੰਪਨੀ ਨੇ 1688 ਵਿਚ ਮਿਉਂਸੀਪਲ ਕਾਰਪੋਰੇਸ਼ਨ ਮਦਰਾਸ ਦੀ ਸਥਾਪਨਾ ਕੀਤੀ। ਉਸ ਤੋਂ ਬਾਅਦ 1720 ਵਿੱਚ ਪ੍ਰੈਜ਼ੀਡੈਂਸੀ ਸ਼ਹਿਰਾਂ- ਮਦਰਾਸ, ਬੰਬਈ ਅਤੇ ਕਲੱਕਤਾ ਵਿਚ ਮੇਅਰਜ਼ ਕੋਰਟ ਸਥਾਪਤ ਕੀਤੇ ਗਏ। ਇਹ 1693 ਵਿੱਚ ਗਵਰਨਰ-ਜਨਰਲ-ਇਨ ਕੌਂਸਲ ਨੂੰ ਪ੍ਰੈਜੀਡੈਂਸੀ ਸ਼ਹਿਰਾਂ ਵਿਚ ਜਸਟਿਸਜ਼ ਆਫ ਪੀਸ (Justices of Peace) ਦੀ ਨਿਯੁਕਤੀ ਕਰਨ ਦੇ ਅਧਿਕਾਰ ਦਿੱਤੇ ਜਾਣ ਤੋਂ ਬਾਦ ਹੋਇਆ ਜਿਸਦਾ ਮੁੱਖ ਉਦੇਸ਼ ਘਰਾਂ ਅਤੇ ਜ਼ਮੀਨਾਂ ਤੇ ਕਰ ਲਗਾ ਕੇ ਸ਼ਹਿਰ ਦੀ ਸਫਾਈ ਦਾ ਪ੍ਰਬੰਧ ਕਰਨਾ ਸੀ। ਸ਼ਹਿਰੀ ਪ੍ਰਬੰਧ ਨੂੰ ਹੋਰ ਜ਼ਿਆਦਾ ਮਜਬੂਤ ਬਣਾਉਣ ਦੀ ਕੋਸ਼ਿਸ਼ ਵਿੱਚ ਭਾਰਤ ਦੇ ਉਸ ਵੇਲੇ ਦੇ ਗਵਰਨਰ-ਜਨਰਲ ਲਾਰਡ ਮਾਇਓ ਨੇ 1870 ਵਿੱਚ ਅਤੇ ਲਾਰਡ ਰਿਪਨ ਨੇ 1882 ਵਿੱਚ ਅਜਿਹੇ ਮਤੇ ਪਾਸ ਕੀਤੇ ਜਿਨ੍ਹਾਂ ਦੁਆਰਾ ਨਗਰ ਪਾਲਕਾਵਾਂ ਵਿੱਚ ਗੈਰ-ਸਰਕਾਰੀ ਬਹੁਗਿਣਤੀ ਨੂੰ ਮੰਜੂਰੀ ਦਿੱਤੀ ਗਈ ਅਤੇ ਜ਼ਿਲ੍ਹਾ ਕੁਲੈਕਟਰ ਦੀ ਥਾਂ ਇਕ

ਗੈਰ-ਸਰਕਾਰੀ ਚੇਅਰਮੈਨ ਨਿਯੁਕਤ ਕੀਤਾ ਗਿਆ। ਵਿਕੇਂਦਰੀਕਰਣ ਬਾਰੇ ਸ਼ਾਹੀ ਕਮਿਸ਼ਨ (1907), ਗਵਰਨਮੈਂਟ ਆਫ ਇੰਡੀਆ ਐਕਟ 1919, ਸਾਈਮਨ ਕਮਿਸ਼ਨ ਰਿਪੋਰਟ 1925 ਅਤੇ ਗਵਰਨਮੈਂਟ ਆਫ਼ ਇੰਡੀਆ ਐਕਟ 1935 ਜੋ ਗਵਰਨਮੈਂਟ ਆਫ਼ ਇੰਡੀਆ ਐਕਟ 1919 ਦੀ ਥਾਂ ਬਣਾਇਆ ਗਿਆ, ਅੰਗਰੇਜ਼ੀ ਰਾਜ ਵੇਲੇ ਦੀਆਂ ਉਹ ਮਹੱਤਵਪੂਰਣ ਘਟਨਾਵਾਂ ਹਨ ਜਿਨ੍ਹਾਂ ਦਾ ਉਦੇਸ਼ ਭਾਰਤ ਵਿਚ ਸਥਾਨਕ ਸਵੈ-ਸ਼ਾਸਨ ਨੂੰ ਮਜ਼ਬੂਤ ਕਰਨਾ ਸੀ। ਗਵਰਨਮੈਂਟ ਆਫ਼ ਇੰਡੀਆ ਐਕਟ 1919 ਨੇ ਸਥਾਨਕ ਸਵੈ-ਸ਼ਾਸਨਾਂ ਦੁਆਰਾ ਕੀਤੀ ਜਾਣ ਵਾਲੀ ਕਰ ਵਸੂਲੀ ਦਾ ਘੇਰਾ ਹੋਰ ਵਿਸਤ੍ਰਿਤ ਕਰ ਦਿੱਤਾ ਅਤੇ ਦੂਹਰੀ ਰਾਜ ਪ੍ਰਣਾਲੀ ਦਾ ਮੁੱਢ ਬੰਨਿਆ ਜਿਸ ਨਾਲ ਪ੍ਰਾਂਤੀ ਸਰਕਾਰਾਂ ਨੂੰ ਇਕ ਮੰਤਰੀ ਰਾਹੀਂ ਸਥਾਨਕ ਸੰਸਥਾਵਾਂ ਦੇ ਪ੍ਰਸ਼ਾਸਨ ਦਾ ਅਧਿਕਾਰ ਮਿਲ ਗਿਆ। ਪੰਜਾਬ ਮਿਉਂਸਿਪਲ ਐਕਟ 1911 ਦੀਆਂ ਧਾਰਾਵਾਂ ਦੇ ਤਹਿਤ ਸਥਾਨਕ ਸਵੈ-ਸ਼ਾਸਨ ਅਦਾਰੇ ਪ੍ਰਾਂਤੀ ਸਰਕਾਰਾਂ ਅਤੇ ਜ਼ਿਲ੍ਹਾ ਪ੍ਰਸ਼ਾਸਨਾਂ ਦੀ ਦੇਖ-ਰੇਖ ਵਿੱਚ ਕੰਮ ਕਰਦੇ ਰਹੇ।

ਸੁਤੰਤਰ ਭਾਰਤ ਦੇ ਸੰਵਿਧਾਨ ਨੇ ਅਪਣੀ ਸੱਤਵੀਂ ਸੂਚੀ ਵਿੱਚ ਸਵੈ-ਸ਼ਾਸਨ ਦਾ ਵਿਸ਼ਾ ਵੀ ਪਾ ਦਿੱਤਾ ਜਿਸ ਦੁਆਰਾ ਪ੍ਰਾਂਤੀ ਸਰਕਾਰਾਂ ਨੂੰ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਕਾਰਜ-ਖੇਤਰ ਅਤੇ ਵਿੱਤੀ ਅਧਿਕਾਰਾਂ ਦਾ ਫੈਸਲਾ ਕਰਨ ਦੀ ਸੁਤੰਤਰਤਾ ਮਿਲ ਗਈ। ਪੰਜਾਬ ਵਿਚ ਸਥਾਨਕ ਸ਼ਾਸਨ ਸੰਸਥਾਵਾਂ ਦੀਆਂ ਸਮੱਸਿਆਵਾਂ ਨੂੰ ਗਹੁ ਨਾਲ ਦੇਖਣ ਦੇ ਕਈ ਉਪਰਾਲੇ ਕੀਤੇ ਗਏ ਜਿਵੇਂ ਕਿ ਲੋਕਲ ਫਾਇਨਾਂਸ ਇਨਕਵਾਇਰੀ ਕਮੇਟੀ (ਸਥਾਨਕ ਵਿੱਤ ਪੜਤਾਲ ਕਮੇਟੀ), 1951; ਟੈਕਸੇਸ਼ਨ ਇਨਕਵਾਇਰੀ ਕਮਿਸ਼ਨ ( ਕਰ ਵਸੂਲੀ ਪੜਤਾਲ ਕਮੇਟੀ), 1955; ਰੂਰਲ-ਅਰਬਨ ਰਿਲੇਸ਼ਨਜ਼ ਕਮੇਟੀ (ਦੇਹਾਤੀ-ਸ਼ਹਿਰੀ ਸੰਬੰਧਾਂ ਬਾਰੇ ਕਮੇਟੀ), 1963; ਕਮੇਟੀ ਆਨ ਓਗਮੈਂਟੇਸ਼ਨ ਆਫ਼ ਰੀਸੋਰਸਿਜ਼ ਆਫ਼ ਲੋਕਲ ਬਾਡੀਜ਼ (ਸਥਾਨਕ ਸੰਸਥਾਵਾਂ ਦੇ ਵਸੀਲਿਆਂ ਨੂੰ ਵਧਾਉਣ ਬਾਰੇ ਕਮੇਟੀ)। ਭਾਰਤ ਸਰਕਾਰ ਨੇ ਵੀ ਇਸ ਸੰਬੰਧ ਵਿਚ ਕਈ ਵਿਧਾਨਕ ਸੰਗਠਨਾਂ ਦੀ ਸਥਾਪਨਾ ਕੀਤੀ ਜਿਵੇਂ ਕਿ ਸੱਤਵਾਂ ਅਤੇ ਉਸ ਤੋਂ ਬਾਦ ਵਾਲੇ ਫਾਈਨਾਂਸ ਕਮਿਸ਼ਨ, ਮਕਾਨ ਉਸਾਰੀ ਤੇ ਪਲੈਨਿੰਗ ਕਮਿਸ਼ਨ ਦੀ ਟਾਸਕ ਫੋਰਸ 1983 ਅਤੇ ਸ਼ਹਿਰੀਕਰਣ ਬਾਰੇ ਕੌਮੀ ਕਮਿਸ਼ਨ 1988। ਪਰ ਇਸ ਨਾਲ ਵੀ ਰਾਜਾਂ ਵਿਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਕਿਸਮਤ ਨਾ ਬਦਲੀ ਅਤੇ ਉਨ੍ਹਾਂ ਦੀ ਵਿੱਤੀ ਸੁਤੰਤਰਤਾ ਅਤੇ ਕਾਰਜ ਖੇਤਰ ਬਾਰੇ ਅਸਪਸ਼ਟਤਾ ਬਣੀ ਰਹੀ। ਪੰਜਾਬ ਮਿਉਂਸਿਪਲ ਐਕਟ 1976 ਨੇ ਮਿਉਂਸਿਪਲ ਕਾਰਪੋਰੇਸ਼ਨਾਂ ਦੇ ਖਾਸ-ਖਾਸ ਕੰਮਾਂ ਨੂੰ ਦੋ ਵਰਗਾਂ ਵਿਚ ਵੰਡਣ ਦੀ ਕੋਸ਼ਿਸ਼ ਜਰੂਰ ਕੀਤੀ। ਇਹ ਹਨ: ਲਾਜ਼ਮੀ ਅਤੇ ਇਖਤਿਆਰੀ ਕੰਮ।

1992 ਦੀ 74 ਵੀਂ ਸੰਵਿਧਾਨਕ ਸੋਧ ਨੇ ਜੋ ਕਿ ਭਾਰਤ ਦੇ ਸ਼ਹਿਰੀ ਖੇਤਰਾਂ ਦੇ ਪ੍ਰਸ਼ਾਸਨ ਵਿਚ ਇੱਕ ਨਿਵੇਕਲਾ ਸਥਾਨ ਰਖਦੀ ਹੈ, ਪੰਜਾਬ ਸਰਕਾਰ ਨੂੰ ਅਪਣੇ ਪਹਿਲਾਂ ਦੇ ਮਿਊਂਸਿਪਲ ਐਕਟਾਂ ਦੀ ਥਾਂ ਇੱਕ ਵਿਸਤ੍ਰਿਤ ਮਿਉਂਸਿਪਲ ਐਕਟ 1999 ਬਣਾਉਣ ਲਈ ਪ੍ਰੇਰਿਤ ਕੀਤਾ। ਕਿੰਤੂ ਕੇਂਦਰੀ ਸਰਕਾਰ ਦੀ ਮੰਜੂਰੀ ਦੀ ਉਡੀਕ ਵਿੱਚ ਇਹ ਹਾਲੇ ਲਾਗੂ ਨਹੀਂ ਹੋ ਸਕਿਆ।

ਪੰਜਾਬ ਵਿਚ ਨਗਰ ਪਾਲਕਾਵਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ।

1. ਦਰਮਿਆਨੇ ਖੇਤਰਾਂ ਲਈ ਨਗਰ ਪੰਚਾਇਤਾਂ।
2. ਛੋਟੇ ਸ਼ਹਿਰੀ ਖੇਤਰਾਂ ਲਈ ਮਿਉਂਸਿਪਲ ਕੌਂਸਲਾਂ (ਨਗਰ ਕੌਂਸਲਾਂ) ਜਿਨ੍ਹਾਂ ਨੂੰ ਜਨ-ਸੰਖਿਆ ਅਤੇ ਆਮਦਨੀ ਦੇ ਅਧਾਰ ਤੇ ਕਲਾਸ 'ਏ', ਕਲਾਸ 'ਬੀ' ਅਤੇ ਕਲਾਸ 'ਸੀ' ਮਿਉਂਸਿਪਲਟੀਆਂ ਵਿਚ ਵੰਡਿਆ ਗਿਆ ਹੈ।
3. ਵੱਡੇ ਸ਼ਹਿਰੀ ਖੇਤਰਾਂ ਲਈ ਮਿਉਂਸਿਪਲ ਕਾਰਪੋਰੇਸ਼ਨਾਂ (ਨਗਰ ਨਿਗਮ); ਇਨ੍ਹਾਂ ਸ਼ਹਿਰਾਂ ਦੀ ਜਨ-ਸੰਖਿਆ ਤਿੰਨ ਲੱਖ ਜਾਂ ਇਸ ਤੋਂ ਵੱਧ ਹੁੰਦੀ ਹੈ ਅਤੇ ਇਨ੍ਹਾਂ ਦੀ ਆਮਦਨੀ ਪੈਦਾ ਕਰਨ ਦੀ ਇੱਕ ਘੱਟੋ-ਘੱਟ ਸਮਰਥਾ ਹੁੰਦੀ ਹੈ ਜਿਸ ਨੂੰ ਸਰਕਾਰ ਸਮੇਂ ਸਮੇਂ ਤੇ ਨੋਟੀਫਿਕੇਸ਼ਨ ਰਾਹੀਂ ਨਿਰਧਾਰਤ ਕਰਦੀ ਹੈ। ਇਸ ਦਾ ਵੇਰਵਾ ਹੇਠ ਅਨੁਸਾਰ ਹੈ।

| ਕ੍ਰਮ ਸੰਖਿਆ | ਸ਼ਹਿਰੀ ਸਥਾਨਕ ਸੰਸਥਾ ਦਾ ਵਰਗ | ਜਨ ਸੰਖਿਆ | ਆਮਦਨੀ |
|---|---|---|---|
| 1. | ਮਿਉਂਸਿਪਲ ਕਾਰਪੋਰੇਸ਼ਨ | 3 ਲੱਖ ਜਾਂ ਅਧਿਕ | 2 ਕਰੋੜ ਰੁਪਏ ਜਾਂ ਅਧਿਕ |
| 2. | ਮਿਉਂਸਿਪਲ ਕੌਂਸਲ ਕਲਾਸ -1 | 50,000 ਤੋਂ 3 ਲੱਖ | 50 ਲੱਖ ਤੋਂ 2 ਕਰੋੜ ਰੁਪਏ |
| 3. | ਮਿਉਂਸਿਪਲ ਕੌਂਸਲ ਕਲਾਸ-II | 10,000 ਤੋਂ 50,000 | 15 ਲੱਖ ਤੋਂ 50 ਲੱਖ ਰੁਪਏ |
| 4. | ਮਿਉਂਸਿਪਲ ਕੌਂਸਲ ਕਲਾਸ-III | 10,000 ਤੱਕ | 15 ਲੱਖ ਰੁਪਏ ਤੱਕ |
| 5. | ਨਗਰ ਪੰਚਾਇਤ | 5000 ਜਾਂ ਅਧਿਕ | ਪ੍ਰਤੀ ਵਿਅਕਤੀ 150 ਰੁਪਏ ਤੋਂ ਅਧਿਕ |

ਇਸ ਵੇਲੇ ਪੰਜਾਬ ਵਿਚ 134 ਸ਼ਹਿਰੀ ਸਥਾਨਕ ਸੰਸਥਾਵਾਂ ਹਨ ਜਿਨ੍ਹਾਂ ਵਿਚ ਪੰਜ ਮਿਉਂਸਿਪਲ ਕਾਰਪੋਰੇਸ਼ਨਾਂ (ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਪਟਿਆਲਾ ਅਤੇ ਬਠਿੰਡਾ), 25 ਕਲਾਸ-I ਮਿਉਂਸਿਪਲ ਕੌਂਸਲਾਂ, 42 ਕਲਾਸ-II ਮਿਉਂਸਿਪਲ ਕੌਂਸਲਾਂ, 33 ਕਲਾਸ III ਮਿਉਂਸਿਪਲ ਕੌਂਸਲਾਂ ਅਤੇ 32 ਨਗਰ ਪੰਚਾਇਤਾਂ ਹਨ। ਇਨ੍ਹਾਂ ਮਿਉਂਸਿਪਲਟੀਆਂ ਦਾ ਪ੍ਰਬੰਧ ਪੰਜਾਬ ਮਿਉਂਸਿਪਲ ਐਕਟ 1911 ਅਤੇ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ 1976 ਦੇ 1994 ਵਿੱਚ ਸੋਧੇ ਹੋਏ ਰੂਪਾਂ ਅਨੁਸਾਰ ਹੁੰਦਾ ਹੈ ਜਿਸ ਦੇ ਨਤੀਜੇ ਵਜੋਂ ਇਹ 74ਵੀਂ ਸੰਵਿਧਾਨਕ ਸੋਧ ਦੇ ਅਨੁਰੂਪ ਹੋ ਗਏ ਹਨ। ਇਸ ਸਭ ਕੁੱਝ ਹੋਣ ਦੇ ਬਾਵਜੂਦ ਪੰਜਾਬ ਵਿਚ ਸਥਾਨਕ ਸੰਸਥਾਵਾਂ ਬਿਨਾਂ ਕਿਸੇ ਨਿੱਗਰ ਵਿੱਤੀ ਜਾਂ ਕਾਰਜ-ਖੇਤਰੀ ਸੁਤੰਤਰਤਾ ਦੇ ਹੀ ਕੰਮ ਕਰਦੀਆਂ ਆ ਰਹੀਆਂ ਹਨ। ਜੇ ਇਨ੍ਹਾਂ ਨੂੰ ਕੁੱਝ ਅਧਿਕਾਰ ਦਿੱਤੇ ਵੀ ਗਏ ਤਾਂ ਪ੍ਰਸ਼ਾਸਨਿਕ ਤਜਰਬੇ ਦੀ ਘਾਟ ਅਤੇ ਧਨ ਦੀ ਥੁੜ ਕਰਕੇ ਇਹ ਪ੍ਰਸ਼ਾਸਨਿਕ ਊਣਤਾਈਆਂ ਦਾ ਸ਼ਿਕਾਰ ਹੋ ਗਈਆਂ।

ਪੰਜਾਬ ਦੀਆਂ ਨਗਰ ਪਾਲਕਾਵਾਂ ਦੀਆਂ ਮੁੱਖ-ਮੁੱਖ ਜ਼ਿੰਮੇਵਾਰੀਆਂ ਹਨ: ਜਨ ਸਿਹਤ, ਸਫਾਈ, ਭੋਂ-ਸੰਭਾਲ, ਕੂੜੇ ਕਰਕਟ ਨੂੰ ਹਟਾਉਣ ਦਾ ਪ੍ਰਬੰਧ, ਅੱਗ-ਬੁਝਾਊ ਸੇਵਾਵਾਂ, ਗੰਦੀਆਂ ਬਸਤੀਆਂ ਦਾ ਸੁਧਾਰ ਤੇ ਉਨ੍ਹਾਂ ਦਾ ਮਿਆਰ ਉੱਚਾ ਕਰਨਾ, ਸ਼ਹਿਰੀ ਗਰੀਬੀ ਨੂੰ ਘਟਾਉਣਾ, ਪਾਰਕਾਂ, ਬਾਗਾਂ, ਖੇਡ ਦੇ ਮੈਦਾਨਾਂ, ਸ਼ਮਸ਼ਾਨ ਘਾਟਾਂ ਅਤੇ ਕਬਰਸਤਾਨਾਂ, ਬਿਜਲੀ ਦੁਆਰਾ ਚੱਲਣ ਵਾਲੇ ਸ਼ਮਸ਼ਾਨ ਘਾਟਾਂ ਤੇ ਬੁੱਚੜਖਾਨਿਆਂ ਜਿਹੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ, ਜਨਮ, ਮੌਤ ਵਰਗੇ ਜਰੂਰੀ ਅੰਕੜੇ ਇੱਕਠੇ ਕਰਨਾ, ਡੰਗਰਾਂ ਲਈ ਟੋਭਿਆਂ ਦਾ ਪ੍ਰਬੰਧ ਕਰਨਾ ਤੇ ਜੀਵਾਂ ਤੇ ਹੋਣ ਵਾਲੇ ਜੁਲਮ ਰੋਕਣਾ, ਰਾਤ ਨੂੰ ਸ਼ਹਿਰ ਦੀਆਂ ਗਲੀਆਂ ਵਿਚ ਰੋਸ਼ਨੀ ਦਾ ਪ੍ਰਬੰਧ ਕਰਨਾ, ਬੱਸ ਸਟਾਪ ਬਣਵਾਉਣਾ, ਪਾਰਕਿੰਗ ਲਈ ਥਾਂ ਦਾ ਪ੍ਰਬੰਧ ਕਰਨਾ ਅਤੇ ਜਨ-ਸੁਵਿਧਾਵਾਂ ਮੁਹੱਈਆ ਕਰਾਉਣਾ। ਪਰ ਧਾਰਾ 243W ਜੋ ਕਿ ਸਭ ਤੋਂ ਮਹੱਤਵਪੂਰਣ ਸੰਵਿਧਾਨਕ ਸੋਧ ਹੈ, ਪੰਜਾਬ ਵਿਚ ਘੱਟ ਹੀ ਲਾਗੂ ਹੋਈ ਹੈ ਭਾਵੇਂ ਇਸ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਕੰਮ ਕਰਨ ਦੇ ਯੋਗ ਬਣਾਉਣ ਦੀ ਜ਼ਰੂਰਤ ਨੂੰ ਸਪਸ਼ਟ ਤੌਰ ਤੇ ਬਿਆਨ ਕੀਤਾ ਗਿਆ ਹੈ। ਸੰਵਿਧਾਨ ਦੀ ਬਾਰ੍ਹਵੀਂ ਸੂਚੀ ਵਿਚ 18 ਕਾਰਜ/ਵਿਸ਼ੇ ਦਰਜ ਕੀਤੇ ਗਏ ਹਨ ਜੋ ਸਥਾਨਕ ਸਵੈ-ਸ਼ਾਸਨ ਦੀ ਦ੍ਰਿਸ਼ਟੀ ਤੋਂ ਮੱਹਤਵਪੂਰਣ ਹਨ। ਇਨ੍ਹਾਂ ਕਾਰਜਾਂ ਨੂੰ ਲੁੜੀਂਦੀਆਂ ਸ਼ਕਤੀਆਂ, ਅਧਿਕਾਰਾਂ ਅਤੇ ਸਾਧਨਾਂ ਸਮੇਤ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪੇ ਜਾਣ ਦੀ ਉਮੀਦ ਰੱਖੀ ਜਾਂਦੀ ਹੈ। ਪਰ ਸੰਵਿਧਾਨਕ ਸੋਧ ਤੋਂ ਇੱਕ ਦਹਾਕੇ ਬਾਦ ਵੀ ਇਨ੍ਹਾਂ ਵਿੱਚੋਂ ਬਹੁ-ਗਿਣਤੀ ਕਾਰਜ ਨੀਮ-ਸਰਕਾਰੀ ਏਜੰਸੀਆਂ ਜਾਂ ਸਰਕਾਰੀ ਵਿਭਾਗਾਂ ਦੁਆਰਾ ਹੀ ਕੀਤੇ ਜਾਂਦੇ ਹਨ ਕਿਉਂਕਿ ਸਥਾਨਕ ਸਵੈ-ਸ਼ਾਸਨ ਸੰਵਿਧਾਨ ਦੀ ਸੱਤਵੀਂ ਸੂਚੀ ਵਿਚ ਸ਼ਾਮਿਲ ਇਕ ਪ੍ਰਾਂਤੀ ਵਿਸ਼ਾ ਹੈ ਜਿਸ ਲਈ ਧਨ ਮੁਹੱਈਆ ਕਰਾਉਣਾ ਰਾਜ ਸਰਕਾਰ ਦੀ ਇੱਛਾ ਤੇ ਨਿਰਭਰ ਕਰਦਾ ਹੈ।

ਸ਼ਹਿਰੀਕਰਣ ਦਾ ਝੁਕਾਅ ਵੱਡੇ ਸ਼ਹਿਰਾਂ ਵੱਲ ਹੈ ਅਤੇ ਜਿਸ ਢੰਗ ਨਾਲ (ਖਾਸ ਕਰਕੇ ਸੜਕਾਂ ਦੇ ਨਾਲ-ਨਾਲ) ਸ਼ਹਿਰਾਂ ਦਾ ਪਸਾਰ ਹੋ ਰਿਹਾ ਹੈ, ਉਸ ਨਾਲ ਸ਼ਹਿਰੀ ਵਸੋਂ ਵਿਚ ਅਸੰਤੁਲਨ ਪੈਦਾ ਹੋ ਰਿਹਾ ਹੈ। ਪੰਜਾਬ ਦੇ ਸ਼ਹਿਰੀਕਰਣ ਅਤੇ ਸ਼ਹਿਰੀ ਸਥਾਨਕ ਸ਼ਾਸਨ ਸੰਬੰਧੀ ਮੌਜੂਦਾ ਚਿੰਤਾਵਾਂ ਅਤੇ ਚੁਣੌਤੀਆਂ ਕਾਫੀ ਹੱਦ ਤੱਕ ਕੌਮੀ ਪੱਧਰ ਤੇ ਹੋਏ ਸ਼ਹਿਰੀਕਰਣ ਅਤੇ ਸ਼ਹਿਰੀ ਸਵੈ-ਸ਼ਾਸਨ ਦੇ ਵਿਕਾਸ ਅਤੇ ਇਤਿਹਾਸ ਕਰਕੇ ਹਨ। ਸਾਰਣੀ-1 ਪੰਜਾਬ ਦੇ ਸ਼ਹਿਰੀਕਰਣ ਦੀ ਪਰਵਿਰਤੀ ਦਰਸਾਉਂਦੀ ਹੈ:

## ਸਾਰਣੀ 1

### ਪੰਜਾਬ ਵਿੱਚ ਸ਼ਹਿਰੀਕਰਣ ਦਾ ਵਿਕਾਸ

| ਸਾਲ | ਕੁੱਲ ਵਸੋਂ | ਸ਼ਹਿਰੀ ਵਸੋਂ (ਪ੍ਰਤੀਸ਼ਤ) | ਸ਼ਹਿਰੀ ਵਸੋਂ (ਪ੍ਰਤੀਸ਼ਤ) | ਸ਼ਹਿਰੀ ਵਸੋਂ ਵਿਚ ਹੋਇਆ ਦਹਾਕਾਵਾਰ ਵਾਧਾ ਪ੍ਰਤੀਸ਼ਤ/ਨਿਰਪੇਖ | ਸ਼ਹਿਰੀ ਖੇਤਰਾਂ/ ਕਸਬਿਆਂ ਦੀ ਕੁੱਲ ਸੰਖਿਆ | ਵਾਧੇ ਦੀ ਸਲਾਨਾ ਮਿਸ਼ਰਤ ਦਰ (ACGR %) | |
|---|---|---|---|---|---|---|---|
| | | | | | | ਕੁੱਲ | ਸ਼ਹਿਰੀ |
| 1951 | 9,160,500 | 1,989,267 | 21.72 | 20.02/331,853 | 110 | – | – |
| 1961 | 11,135,069 | 2,567,306 | 23.06 | 29.06/578,039 | 106 | 1.96 | 2.78 |
| 1971 | 13,551,060 | 3,216,179 | 23.73 | 25.27/648,873 | 106 | 1.98 | 2.27 |
| 1981 | 16,788,915 | 4,647,757 | 27.68 | 44.51/1,431,578 | 134 | 2.16 | 3.75 |
| 1991 | 20,281,969 | 5,993,225 | 29.55 | 28.95/1,345,468 | 120 | 1.90 | 257 |
| 2001 | 24,289,296 | 8,245,566 | 33.95 | 37.58/2,252,341 | 157 | 1.82 | 3.24 |
| 2011 | 29,088,860 | 11,344,249 | 39.00 | 39.00/3,098,683 | – | 1.82 | 3.24 |
| 2021 | 34,836,818 | 15,607,417 | 44.80 | 44.80/4,263,168 | – | 1.82 | 3.24 |

**ਸਰੋਤ:** ਭਾਰਤ ਦੀ ਜਨ-ਗਣਨਾ 1951, 1961, 1971, 1981, 1991 ਅਤੇ 2001

**ਨੋਟ:** 2011 ਅਤੇ 2021 ਲਈ ਲਗਾਏ ਗਏ ਅਨੁਮਾਨ 1991-2001 ਦੇ ਦਹਾਕੇ ਦੇ ਵਾਧੇ ਦੀ ਸਲਾਨਾ ਮਿਸ਼ਰਤ ਦਰ (ACGR) ਤੇ ਅਧਾਰਤ ਹਨ।

ਤਾਮਿਲਨਾਡੂ, ਮਹਾਰਾਸ਼ਟਰ, ਗੁਜਰਾਤ ਅਤੇ ਕਰਨਾਟਕ ਤੋਂ ਬਾਦ ਪੰਜਾਬ ਪੰਜਵਾਂ ਸਭ ਤੋਂ ਅਧਿਕ ਸ਼ਹਿਰੀਕ੍ਰਿਤ ਰਾਜ ਹੈ। ਪੰਜਾਬ ਦਾ ਭਵਿੱਖ ਜਿਆਦਾਤਰ ਇਸ ਤੇ ਨਿਰਭਰ ਕਰੇਗਾ ਕਿ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਣ ਦੀ ਚੁਣੌਤੀ ਅਤੇ ਗਰੀਬੀ, ਪਰਿਆਵਰਣ, ਵਿਕਾਸ ਦੀਆਂ ਮੁਢਲੀਆਂ ਸਹੂਲਤਾਂ ਅਤੇ ਮੁਢਲੀਆਂ ਸੇਵਾਵਾਂ ਅਤੇ ਮਕਾਨ ਉਪਲਬਧ ਕਰਵਾਉਣ ਦੀਆਂ ਸਮੱਸਿਆਵਾਂ ਨਾਲ ਕਿਵੇਂ ਨਿਪਟਣਗੀਆਂ। ਪਰ ਸ਼ਹਿਰੀ ਸਥਾਨਕ ਸਵੈ-ਸ਼ਾਸਨ ਦੇ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਇੰਨ੍ਹਾਂ ਸੰਸਥਾਵਾਂ ਨੂੰ ਰਾਜ ਦੇ ਸ਼ਹਿਰੀਕਰਣ ਵਿੱਚ ਹੋ ਰਹੇ ਵਾਧੇ ਦੀ ਚੁਣੌਤੀ ਦਾ ਮੁਕਾਬਲਾ ਕਰਨ ਯੋਗ ਸ਼ਕਤੀਆਂ ਨਹੀਂ ਦਿੱਤੀਆਂ ਗਈਆਂ। ਪਿਛਲੀ ਸਦੀ ਦੌਰਾਨ ਉਨ੍ਹਾਂ ਦੀ ਸਮੱਰਥਾ ਨੂੰ ਸੁਧਾਰਣ ਦੀ ਕੋਈ ਸੰਜੀਦਾ ਕੋਸ਼ਿਸ਼ ਨਹੀਂ ਕੀਤੀ ਗਈ। ਸ਼ਹਿਰੀ ਮੁਢਲੀਆਂ ਸਹੂਲਤਾਂ ਅਤੇ ਸੇਵਾਵਾਂ ਦੇ ਵਿਸਥਾਰ ਅਤੇ ਗੁਣਵੱਤਾ ਦੀਆਂ ਊਣਤਾਈਆਂ ਸ਼ਹਿਰੀ ਖੇਤਰਾਂ ਵਿਚ ਜੀਵਨ ਦੀ ਗੁਣਵੱਤਾ ਨੂੰ ਢਾਅ ਲਾ ਰਹੀਆਂ ਹਨ। ਛੋਟੇ ਅਤੇ ਦਰਮਿਆਨੇ ਕਸਬਿਆਂ ਵਿੱਚ ਤਾਂ ਸਥਿਤੀ ਸਭ ਤੋਂ ਭੈੜੀ ਹੈ। ਜਲ-ਪੂਰਤੀ ਲੋੜ ਤੋਂ ਘੱਟ ਹੁੰਦੀ ਹੈ। ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਨਿਘਰ ਜਾਂਦਾ ਹੈ। ਠੋਸ ਕੂੜੇ ਕਰਕਟ ਦੇ ਹਟਾਉਣ ਦਾ ਪ੍ਰਬੰਧ ਬਹੁਤ ਮਾੜਾ ਹੈ। ਕੂੜੇ ਕਰਕਟ ਦੇ ਪੈਦਾ ਹੋਣ ਦੇ ਥਾਂ ਤੇ ਹੀ ਇਸ ਦੀਆਂ ਵੱਖ-ਵੱਖ ਪ੍ਰਕਾਰਾਂ ਨੂੰ ਅਲਗ ਕਰਨ ਦੀ ਸੁਵਿਧਾ ਦੀ ਘਾਟ, ਇਸਦੀ ਮੁੜ-ਵਰਤੋਂ ਦੀ ਘਾਟ, ਇਸਨੂੰ ਟਿਕਾਣੇ ਲਗਾਉਣ ਦਾ ਗੈਰ-ਵਿਗਿਆਨਕ ਢੰਗ, ਇਸ ਦੇ ਠੋਸ ਅਤੇ ਤਰਲ ਰੂਪਾਂ ਨੂੰ ਸੁਰੱਖਿਅਤ ਬਣਾਉਣ ਦੀਆਂ ਸਹੂਲਤਾਂ ਦੀ ਲਗਭਗ ਅਣਹੋਂਦ ਏਸ ਮਹੱਤਵਪੂਰਣ ਸ਼ਹਿਰੀ ਸਹੂਲਤ ਦਾ ਸਹੀ ਪ੍ਰਬੰਧ ਨਹੀਂ ਹੋਣ ਦਿੰਦੇ। ਸੜਕਾਂ, ਪੱਕੀਆਂ ਗਲੀਆਂ, ਪਾਣੀ ਦੀ ਨਿਕਾਸੀ, ਰਾਤ ਨੂੰ ਰੋਸ਼ਨੀ ਦਾ ਪ੍ਰਬੰਧ, ਗੱਡੀਆਂ ਖੜਾਉਣ ਦੀ ਥਾਂ ਅਤੇ ਪਾਰਕਾਂ ਵਰਗੀਆਂ ਹੋਰ ਮਹੱਤਵਪੂਰਣ ਸ਼ਹਿਰੀ ਸਹੂਲਤਾਂ ਵੀ ਜ਼ਿਆਦਾਤਰ ਸ਼ਹਿਰਾਂ ਵਿਚ ਨਾਕਾਫੀ ਹਨ।

ਸ਼ਹਿਰਾਂ ਦੇ ਪ੍ਰਬੰਧਕੀ ਅਮਲ ਜਿਵੇਂ ਕਿ ਬਜਟ ਬਣਾਉਣਾ, ਹਿਸਾਬ-ਕਿਤਾਬ ਰੱਖਣਾ, ਬਿਲ ਬਣਾਉਣੇ ਤੇ ਵੰਡਣੇ ਆਦਿ, ਪੁਰਾਣੇ ਢੰਗ ਦੇ ਹਨ ਜਿਸ ਨਾਲ ਵਾਧੂ ਸਮਾਂ ਨਸ਼ਟ ਹੁੰਦਾ ਹੈ। ਟੈਕਸਾਂ ਅਤੇ ਉਪਭੋਗਤਾ ਖਰਚਿਆਂ ਦੇ ਪ੍ਰਬੰਧ ਅਤੇ ਉਗਰਾਹੀ ਬਾਰੇ ਵੀ ਬਹੁਤ ਕੁੱਝ ਕਰਨ ਵਾਲਾ ਹੈ। ਕਿਰਾਏ ਸੰਬੰਧੀ ਕਾਨੂੰਨਾਂ ਨਾਲ ਜੁੜੇ ਹੋਣ ਕਰਕੇ ਅਤੇ ਸਲਾਨਾ ਕਿਰਾਏ ਦੀ ਮਾਲੀਅਤ ਤੇ ਆਧਾਰਤ ਹੋਣ ਕਰਕੇ ਸੰਪਤੀ ਕਰ ਦੀਆਂ ਸੰਭਾਵਨਾਵਾਂ ਦਾ ਪੂਰਾ ਫਾਇਦਾ ਨਹੀਂ

ਉਠਾਇਆ ਗਿਆ। ਜਲ-ਪੂਰਤੀ, ਗੰਦੇ ਜਲ ਦੀ ਨਿਕਾਸੀ ਅਤੇ ਠੋਸ ਕੂੜੇ ਦੇ ਪ੍ਰਬੰਧ ਆਦਿ ਦੇ ਉਪਭੋਗਤਾ ਖਰਚਿਆਂ ਨੂੰ ਤੈਅ ਕਰਨ ਅਤੇ ਵਸੂਲ ਕਰਨ ਦੀ ਪ੍ਰਣਾਲੀ ਇੰਨੀ ਮਾੜੀ ਹੈ ਕਿ ਇਨ੍ਹਾਂ ਸਹੂਲਤਾਂ ਦੇ ਸੰਚਾਲਨ ਅਤੇ ਸਾਂਭ-ਸੰਭਾਲ ਦੇ ਖਰਚਿਆਂ ਦਾ 50% ਵੀ ਵਸੂਲ ਨਹੀਂ ਹੁੰਦਾ। ਮਿਉਂਸਿਪਲ ਕਾਰਪੋਰੇਸ਼ਨਾਂ ਨੂੰ ਛੱਡ ਕੇ ਹੋਰ ਕਿਤੇ ਵੀ ਸੂਚਨਾ ਤਕਨਾਲੋਜੀ ਦੀ ਵਰਤੋਂ ਨਹੀਂ ਕੀਤੀ ਗਈ।

ਕੁੱਲ ਮਿਲਾ ਕੇ ਸਾਡੇ ਸਥਾਨਕ ਸਵੈ-ਸ਼ਾਸਨ ਦੇ ਅਦਾਰਿਆਂ ਦੀ ਸਮੱਰਥਾ ਇੰਨੀ ਘੱਟ ਹੈ ਕਿ 74ਵੀਂ ਸੰਵਿਧਾਨਕ ਸੋਧ ਤਹਿਤ ਦਿੱਤੇ ਗਏ ਕਾਰਜਾਂ ਦਾ ਤਾਂ ਕਹਿਣਾ ਹੀ ਕੀ ਹੈ, ਉਹ ਤਾਂ ਮੌਜੂਦਾ ਕਾਰਜਾਂ ਨੂੰ ਵੀ ਪੂਰਾ ਨਹੀਂ ਕਰ ਸਕਦੇ। ਵਿਸ਼ੇਸ਼ ਕਰਕੇ 74ਵੀਂ ਸੰਵਿਧਾਨਕ ਸੋਧ ਦੇ ਸੰਦਰਭ ਵਿਚ ਇਨ੍ਹਾਂ ਅਦਾਰਿਆਂ ਦੀ ਸਮਰਥਾ ਵਿਚ ਵਾਧਾ ਕਰਨ ਲਈ ਕੁਝ ਮਹੱਤਵਪੂਰਣ ਰਣਨੀਤੀਆਂ ਬਣਾਉਣ ਦੀ ਲੋੜ ਹੈ।

## ਕੇਰਲ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਅਤੇ ਗੁਜਰਾਤ ਵਿਚ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ:

ਸ਼ਹਿਰੀਕਰਣ ਦੇ ਵਿਸਥਾਰ ਅਤੇ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੇ ਇਤਿਹਾਸ ਪੱਖੋਂ ਕੇਰਲ, ਕਰਨਾਟਕ, ਮੱਧ-ਪ੍ਰਦੇਸ਼, ਮਹਾਰਾਸ਼ਟਰ ਅਤੇ ਗੁਜਰਾਤ ਬਹੁਤ ਭਿੰਨ-ਭਿੰਨ ਹਨ। ਤਾਮਿਲ ਨਾਡੂ ਪਿੱਛੋਂ ਮਹਾਰਾਸ਼ਟਰ ਦੂਜਾ ਉਹ ਰਾਜ ਹੈ ਜਿੱਥੇ ਸਭ ਤੋਂ ਵੱਧ ਸ਼ਹਿਰੀਕਰਣ ਹੋਇਆ ਹੈ। ਇਸ ਤੋਂ ਬਾਦ ਕ੍ਰਮਵਾਰ ਗੁਜਰਾਤ, ਕਰਨਾਟਕ ਮੱਧ ਪ੍ਰਦੇਸ਼ ਅਤੇ ਕੇਰਲ ਆਉਂਦੇ ਹਨ। ਸਾਰਣੀ-2 ਵਿੱਚ ਛੇ ਰਾਜਾਂ ਦੇ ਸ਼ਹਿਰੀਕਰਣ ਦੇ ਵਿਕਾਸ ਦਾ ਰੁਝਾਣ ਦਿਖਾਇਆ ਗਿਆ ਹੈ:

**ਸਾਰਣੀ-2**

**ਛੇ ਰਾਜਾਂ ਵਿਚ ਸ਼ਹਿਰੀਕਰਣ ਦੇ ਵਿਕਾਸ ਦਾ ਰੁਝਾਣ (ਪ੍ਰਤੀਸ਼ਤ ਵਿੱਚ)**

| ਜਨ-ਗਣਨਾ ਸਾਲ | ਭਾਰਤ | ਪੰਜਾਬ | ਮੱਧ ਪ੍ਰਦੇਸ਼ | ਗੁਜਰਾਤ | ਕੇਰਲ | ਕਰਨਾਟਕ | ਮਹਾਰਾਸ਼ਟਰ |
|---|---|---|---|---|---|---|---|
| 1961 | 17.9 | 23.1 | 14.3 | 25.8 | 15.1 | 21.24 | 28.2 |
| 1971 | 19.9 | 23.7 | 16.3 | 28.1 | 16.2 | 23.59 | 31. |
| 1981 | 23.3* | 27.7 | 20.3 | 31.1 | 18.8 | 28.90 | 35. |
| 1991 | 25.7** | 29.6 | 23.2 | 34.5 | 26.4 | 30.90 | 38. |
| 2001 | 27.8 | 34.0 | 26.7 | 37.4 | 26.0 | 34.61 | 42.4 |

**ਸਰੋਤ:** ਭਾਰਤ ਦੀ ਜਨ-ਗਣਨਾ ਸਾਲ 1961, 1971, 1981, 1991, 2001.

* ਅਸਾਮ ਸੰਬੰਧੀ 1981 ਦੀ ਜਨ-ਗਣਨਾ ਦੇ ਅੰਕੜੇ ਅਨੁਮਾਨਤ ਹਨ ਕਿਉਂਕਿ ਇਸ ਸਾਲ ਇਸ ਰਾਜ ਵਿਚ ਜਨ-ਗਣਨਾ ਨਹੀਂ ਹੋ ਸਕੀ।

** 1991 ਦੀ ਜਨ-ਗਣਨਾ ਵਿੱਚ ਜੰਮੂ-ਕਸ਼ਮੀਰ ਸੰਬੰਧੀ ਅੰਕੜੇ ਅਨੁਮਾਨਤ ਹਨ ਕਿਉਂਕਿ ਇਸ ਸਾਲ ਵਿਚ ਰਾਜ ਵਿਚ ਜਨ-ਗਣਨਾ ਨਹੀਂ ਹੋ ਸਕੀ।

ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਣ ਕਰਕੇ ਇਨ੍ਹਾਂ ਰਾਜਾਂ ਵਿਚ ਸਥਾਨਕ ਸਵੈ-ਸ਼ਾਸਨ ਦੇ ਅਦਾਰਿਆਂ ਤੇ ਅੰਤਾਂ ਦਾ ਦਬਾਅ ਪੈ ਰਿਹਾ ਹੈ। ਭਾਵੇਂ ਕੁਝ ਰਾਜਾਂ ਨੇ ਮਿਉਂਸਿਪਲਟੀਆਂ ਦੇ ਕਾਰਜ-ਖੇਤਰ, ਵਿੱਤੀ ਸਾਧਨਾਂ ਅਤੇ ਉਨ੍ਹਾਂ ਦੀ ਸੰਸਥਾਗਤ, ਪ੍ਰਬੰਧਕੀ ਅਤੇ ਤਕਨੀਕੀ ਸਮੱਰਥਾ ਨੂੰ ਮਜ਼ਬੂਤ ਕਰਨ ਲਈ ਸੁਧਾਰ ਅਰੰਭੇ ਹਨ, ਪਰ ਹਾਲੇ ਵੀ ਬਹੁਤ ਕੁੱਝ ਕਰਨਾ ਬਾਕੀ ਹੈ। ਸਥਾਨਕ ਸਵੈ-ਸ਼ਾਸਨ ਦੇ ਅਦਾਰਿਆਂ ਦੀ ਖੁਦਮੁਖਤਾਰੀ ਨੂੰ ਨਰੋਈ ਬਣਾਉਣ ਅਤੇ ਉਨ੍ਹਾਂ ਦੇ ਦਿਨ-ਪ੍ਰਤੀ-ਦਿਨ ਦੇ ਕੰਮ ਕਾਜ ਵਿਚ ਚੁਸਤੀ ਲਿਆਉਣ ਲਈ ਵਿਧਾਨਕ ਅਤੇ ਕਾਨੂੰਨੀ ਪਰਿਵਰਤਨ ਜਰੂਰੀ ਹੈ।

ਅਧਿਐਨ ਹਿੱਤ ਜਿਹੜੇ ਪੰਜ ਰਾਜ ਦੌਰੇ ਲਈ ਚੁਣੇ ਗਏ, ਉਨ੍ਹਾਂ ਦੇ ਸਵੈ-ਸ਼ਾਸਨ ਸੰਸਥਾਵਾਂ ਦਾ ਇਤਿਹਾਸ, ਬਣਤਰ, ਜ਼ਿੰਮੇਵਾਰੀਆਂ ਅਤੇ ਸਮਰਥਾ ਹੇਠਲੇ ਪੈਰਿਆਂ ਵਿੱਚ ਦਿੱਤੀ ਗਈ ਹੈ:

### ਕੇਰਲ

1956 ਵਿੱਚ ਕੇਰਲ ਪ੍ਰਾਂਤ ਦੇ ਗਠਨ ਪਿੱਛੋਂ, ਕੇਰਲ ਸਰਕਾਰ ਨੇ ਲੋਕਰਾਜੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਦਾ ਅਰੰਭ ਕੀਤਾ। ਪ੍ਰਸ਼ਾਸਨਿਕ ਸੁਧਾਰ ਕਮੇਟੀ ਨੇ 1958 ਵਿੱਚ ਅਪਣੀਆਂ ਸਿਫਾਰਸ਼ਾਂ ਪੇਸ਼ ਕੀਤੀਆਂ। ਸਥਾਨਕ ਸ਼ਾਸਨਾਂ ਨੂੰ ਮਾਨਤਾ ਦੇਣ ਅਤੇ ਉਨ੍ਹਾਂ ਨੂੰ ਸਥਾਨਕ ਜ਼ਿੰਮੇਵਾਰੀਆਂ ਸੌਂਪਣ ਲਈ ਕੇਰਲ ਮਿਉਂਸਿਪਲਟੀਜ਼ ਐਕਟ 1960, ਕੇਰਲ ਮਿਉਂਸਿਪਲ ਕਾਰਪੋਰੇਸ਼ਨ ਐਕਟ 1961ਅਤੇ ਗੁਰੁਵਾਯੂਰ ਟਾਊਨਸ਼ਿਪ ਐਕਟ 1960 ਪਾਸ ਕੀਤੇ ਗਏ। ਪਰ ਕੋਈ ਚਾਰ ਦਹਾਕਿਆਂ ਲਈ ਇਸ ਦਿਸ਼ਾ ਵਿਚ ਕੋਈ ਮਹੱਤਵਪੂਰਣ ਪ੍ਰਗਤੀ ਨਹੀਂ ਹੋਈ। ਅਸਲ ਵਿੱਚ ਅਰਥਪੂਰਣ ਸੁਧਾਰ 1992 ਦੀ 74 ਵੀਂ ਸੰਵਿਧਾਨਕ ਸੋਧ ਅਤੇ ਇਸ ਦੇ ਅਨੁਰੂਪ ਕੇਰਲ ਸਰਕਾਰ ਦੁਆਰਾ ਕਾਨੂੰਨ ਪਾਸ ਕਰਨ ਨਾਲ ਹੀ ਹੋਏ। ਕੇਰਲ ਸਰਕਾਰ ਨੇ ਮਿਉਂਸਿਪਲਟੀ ਐਕਟ 1994 (ਜੋ ਕਿ ਇਸ ਨਾਂ ਦੇ ਪਹਿਲੇ ਐਕਟ ਦਾ ਸੋਧਿਆ ਹੋਇਆ ਰੂਪ ਸੀ), ਕੇਰਲ ਲੋਕਲ ਅਥਾਰਟੀਜ਼ (ਮਤਦਾਤਾ ਸੂਚੀਆਂ ਦਾ ਸੰਗਠਨ ਤੇ ਤਿਆਰੀ) ਐਕਟ 1994 ਪਾਸ ਕੀਤੇ। ਇਸ ਤੋਂ ਇਲਾਵਾ 1995 ਵਿੱਚ ਜ਼ਿਲ੍ਹਾ ਪੱਧਰੀ ਪਲੈਨਿੰਗ ਕਮੇਟੀਆਂ ਦਾ ਗਠਨ, 1996 ਵਿੱਚ ਪੀਪਲਜ਼ ਪਲੈਨ ਮੁਹਿੰਮ ਦੀ ਸ਼ੁਰੂਆਤ, 1997 ਵਿੱਚ ਸ਼ਕਤੀਆਂ ਦੇ ਵਿਕੇਂਦਰੀਕਰਣ ਬਾਰੇ ਸੇਨ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਅਤੇ ਪਹਿਲੇ ਅਤੇ ਦੂਜੇ ਸਟੇਟ ਫਾਇਨਾਂਸ ਕਮਿਸ਼ਨਾਂ ਦੀਆਂ ਸਿਫ਼ਾਰਿਸ਼ਾਂ ਨੂੰ ਪ੍ਰਵਾਨਗੀ ਉਪਰੰਤ ਲਾਗੂ ਕਰਨਾ ਕੇਰਲ ਵਿਚ ਸਥਾਨਕ ਸਰਕਾਰਾਂ ਦੇ ਵਿਕਾਸ ਦੇ ਇਤਿਹਾਸ ਵਿੱਚ ਮਹੱਤਵਪੂਰਣ ਘਟਨਾਵਾਂ ਹਨ।

ਕੇਰਲ ਵਿੱਚ ਸ਼ਹਿਰੀਕਰਣ ਦਾ ਪੱਧਰ 1991 ਵਿਚ 26.44% ਤੋਂ ਘਟ ਕੇ 2001 ਵਿੱਚ 25.97% ਹੋ ਗਿਆ। ਇਸੇ ਅਵਧੀ ਦੌਰਾਨ ਕਸਬਿਆਂ ਦੀ ਸੰਖਿਆ ਵੀ 197 ਤੋਂ ਘਟ ਕੇ 159 ਹੋਈ ਹੈ। ਕੇਰਲ ਵਿਚ ਸ਼ਹਿਰੀਕਰਣ ਦੇ ਰੁਝਾਣ ਸਾਰਣੀ-3 ਵਿੱਚ ਦਿੱਤੇ ਗਏ ਹਨ :

**ਸਾਰਣੀ-3**

**1951 ਤੋਂ 2001 ਦੌਰਾਨ ਕੇਰਲ ਵਿੱਚ ਸ਼ਹਿਰੀਕਰਣ ਦੇ ਰੁਝਾਣ**

| ਸਾਲ | ਕੁੱਲ ਜਨ-ਸੰਖਿਆ | ਸ਼ਹਿਰੀ ਜਨ-ਸੰਖਿਆ | ਸ਼ਹਿਰੀਕਰਣ (%) |
|---|---|---|---|
| 1951 | 13549118 | 1825832 | 13.48 |
| 1961 | 16903715 | 2554141 | 15.11 |
| 1971 | 21347375 | 3466449 | 16.24 |
| 1981 | 25453680 | 4771275 | 18.74 |
| 1991 | 29098518 | 7680294 | 26.39 |
| 2001 | 31838619 | 8267135 | 25.97 |

**ਸਰੋਤ:** 1991 ਅਤੇ 2001 ਦੀ ਭਾਰਤ ਦੀ ਜਨ-ਗਣਨਾ

ਇਸ ਸਮੇਂ ਕੇਰਲ ਵਿਚ 53 ਮਿਉਂਸਿਪਲ ਕੌਂਸਲਾਂ ਅਤੇ 5 ਮਿਉਂਸਿਪਲ ਕਾਰਪੋਰੇਸ਼ਨਾਂ ਹਨ। ਪ੍ਰਾਂਤ ਦੀਆਂ ਮਿਉਂਸਿਪਲਟੀਆਂ ਦੀ ਜਨ-ਸੰਖਿਆ ਦਾ ਵਿਸਥਾਰ ਸਾਰਣੀ-4 ਵਿੱਚ ਦਿੱਤਾ ਗਿਆ ਹੈ:

**ਸਾਰਣੀ-4**
**ਕੇਰਲ ਦੀਆਂ ਮਿਉਂਸਿਪਲਟੀਆਂ ਦੀ ਜਨ-ਸੰਖਿਆ**

| ਜਨ ਸੰਖਿਆ ਦਾ ਵਿਸਥਾਰ | ਮਿਉਂਸਿਪਲਟੀਆਂ ਦੀ ਸੰਖਿਆ |
|---|---|
| 25000 ਤੋਂ ਘੱਟ | 6 |
| 25,000 ਅਤੇ 40,000 ਵਿਚਕਾਰ | 18 |
| 40,000 ਅਤੇ 50,000 ਵਿਚਕਾਰ | 10 |
| 50,000 ਅਤੇ 60,000 ਵਿਚਕਾਰ | 6 |
| 60,000 ਅਤੇ 75,000 ਵਿਚਕਾਰ | 9 |
| 75,000 ਅਤੇ 1,00,000 ਵਿਚਕਾਰ | 1 |
| 1,00,000 ਤੋਂ ਉਪਰ | 3 |

**ਸਰੋਤ:** ਕੇਰਲ ਸਰਕਾਰ ਦੇ ਦੂਜੇ ਸਟੇਟ ਫਾਇਨਾਂਸ ਕਮਿਸ਼ਨ ਦੀ ਰਿਪੋਰਟ

ਅਕਾਰ ਦੇ ਪੱਖੋਂ ਕੇਰਲ ਦੀਆਂ ਗਰਾਮੀਣ ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਬਹੁਤ ਸਾਰੀ ਸਮਾਨਤਾ ਹੈ। ਰਾਜ ਵਿਚ ਲੰਬਾ ਸਮੁੰਦਰੀ ਕਿਨਾਰਾ ਪੈਂਦਾ ਹੈ। 13 ਮਿਉਂਸਿਪਲਟੀਆਂ ਅਤੇ 4 ਕਾਰਪੋਰੇਸ਼ਨਾਂ ਤਟਵਰਤੀ ਹਨ। ਇਸ ਰਾਜ ਵਿਚ ਵੱਡੇ ਸ਼ਹਿਰਾਂ ਵਿੱਚ ਜਾ ਕੇ ਵੱਸਣ ਦਾ ਕੋਈ ਖਾਸ ਰੁਝਾਣ ਨਹੀਂ ਹੈ ਜਿਸ ਕਰਕੇ ਇੱਥੇ ਇੱਕ ਵੀ ਮਹਾਂਨਗਰ ਨਹੀਂ ਹੈ। ਕੇਰਲ ਦੀਆਂ 5 ਮਿਉਂਸਿਪਲ ਕਾਰਪੋਰੇਸ਼ਨਾਂ ਦੀ ਜਨ-ਸੰਖਿਆ ਸਾਰਣੀ-5 ਵਿੱਚ ਦਿੱਤੀ ਗਈ ਹੈ:

**ਸਾਰਣੀ-5**
**ਕੇਰਲ ਦੀਆਂ ਪੰਜ ਮਿਉਂਸਿਪਲ ਕਾਰਪੋਰੇਸ਼ਨਾਂ ਦੀ ਜਨ-ਸੰਖਿਆ**

| ਮਿਉਂਸਿਪਲ ਕਾਰਪੋਰੇਸ਼ਨ ਦਾ ਨਾਂ | ਜਨ ਸੰਖਿਆ |
|---|---|
| ਤਿਰੂਵਨੰਤਪੁਰਮ | 7,04,375 |
| ਕੋਚੀ | 5,64,589 |
| ਕੋਜ਼ੀ ਕੋਡੇ | 4, 19,831 |
| ਕੋਲਮ | 3,49,348 |
| ਤ੍ਰਿਸੂਰ | 2,99,042 |

**ਸਰੋਤ:** ਕੇਰਲ ਸਰਕਾਰ ਦੇ ਦੂਜੇ ਸਟੇਟ ਫਾਇਨਾਂਸ ਕਮਿਸ਼ਨ ਦੀ ਰਿਪੋਰਟ

**ਮਿਉਂਸਿਪਲਟੀ ਦੇ ਕਾਰਜ:**

ਕੇਰਲ ਮਿਉਂਸਿਪਲ ਐਕਟ 1994 ਦੀ ਪਹਿਲੀ ਸੂਚੀ ਦੀ ਧਾਰਾ 30 (A) ਵਿੱਚ ਮਿਉਂਸਿਪਲਟੀ ਦੇ 30 ਲਾਜ਼ਮੀ ਕਾਰਜ ਦਰਜ ਕੀਤੇ ਗਏ ਹਨ ਜੋ ਇਸ ਪ੍ਰਕਾਰ ਹਨ: ਮਕਾਨ ਉਸਾਰੀ ਨੂੰ ਨਿਯਮਿਤ ਕਰਨਾ, ਸਰਵਜਨਿਕ ਸਥਾਨਾਂ ਦੇ ਨਜ਼ਾਇਜ ਕਬਜ਼ੇ ਨੂੰ ਰੋਕਣਾ, ਪੀਣ-ਯੋਗ ਜਲ ਦੇ ਪਰੰਪਰਾਗਤ ਸਰੋਤਾਂ ਦੀ ਸੰਭਾਲ ਕਰਨੀ, ਟੋਭਿਆਂ ਅਤੇ ਤਲਾਬਾਂ ਦੀ ਸੰਭਾਲ ਕਰਨਾ, ਜਲ ਮਾਰਗਾਂ ਅਤੇ ਨਹਿਰਾਂ ਦੀ ਸਾਂਭ-ਸੰਭਾਲ ਕਰਨਾ, ਠੋਸ ਕੂੜੇ ਕਰਕਟ ਨੂੰ ਇੱਕਠਾ ਕਰਕੇ ਟਿਕਾਣੇ ਲਗਾਉਣਾ ਅਤੇ ਗੰਦੇ ਜਲ ਦੀ ਨਿਕਾਸੀ ਦਾ ਪ੍ਰਬੰਧ ਕਰਨਾ, ਪਰਿਆਵਰਣ ਦੀ ਸਵੱਛਤਾ ਬਣਾਈ ਰੱਖਣਾ, ਜਨਤਕ ਮੰਡੀਆਂ ਦੀ ਦੇਖਭਾਲ ਕਰਨਾ, ਪਸ਼ੂਆਂ ਨੂੰ ਝਟਕਾਉਣ ਅਤੇ ਮਾਸ, ਮੱਛੀ ਦੀ ਵਿੱਕਰੀ ਨੂੰ ਨਿਯਮਿਤ ਕਰਨਾ, ਢਾਬਿਆਂ ਤੇ ਨਿਗਰਾਨੀ ਰੱਖਣਾ, ਖਾਣ ਦੀਆਂ ਵਸਤੂਆਂ ਵਿੱਚ ਹੋਣ ਵਾਲੀ ਮਿਲਾਵਟ ਨੂੰ ਰੋਕਣਾ, ਸੜਕਾਂ ਅਤੇ ਹੋਰ ਜਨਤਕ ਜਾਇਦਾਦਾਂ ਦੀ ਸਾਂਭ-ਸੰਭਾਲ ਕਰਨਾ, ਰਾਤ ਨੂੰ ਬੱਤੀਆਂ ਦਾ ਪ੍ਰਬੰਧ ਕਰਨਾ

ਅਤੇ ਇਨ੍ਹਾਂ ਦੀ ਸਾਂਭ-ਸੰਭਾਲ ਕਰਨਾ, ਬੀਮਾਰੀਆਂ ਦੀ ਰੋਕਥਾਮ ਅਤੇ ਨਿਯੰਤਰਣ ਲਈ ਟੀਕਾਕਰਣ ਅਤੇ ਹੋਰ ਪ੍ਰਬੰਧ ਕਰਨਾ, ਕਬਰਾਂ ਅਤੇ ਸ਼ਮਸ਼ਾਨ ਭੂਮੀਆਂ ਦਾ ਪ੍ਰਬੰਧ ਅਤੇ ਸਾਂਭ ਸੰਭਾਲ ਕਰਨਾ, ਘਿਰਣਤ ਵਪਾਰਾਂ ਅਤੇ ਉਦਯੋਗਾਂ ਨੂੰ ਲਾਇਸੰਸ ਜਾਰੀ ਕਰਨਾ, ਜਨਮ ਅਤੇ ਮ੍ਰਿਤੂ ਦਾ ਅੰਕਣ ਕਰਨਾ, ਨਹਾਉਣ ਅਤੇ ਧੋਣ ਲਈ ਘਾਟ ਮੁਹੱਈਆ ਕਰਾਉਣਾ, ਨਦੀਆਂ ਵਗੈਰਾ ਪਾਰ ਕਰਾਉਣ ਲਈ ਬੇੜੀਆਂ ਦਾ ਪ੍ਰਬੰਧ ਕਰਨਾ, ਵਾਹਨ ਖੜ੍ਹਾਉਣ ਲਈ ਜਗ੍ਹਾ ਮੁਹੱਈਆ ਕਰਾਉਣਾ, ਯਾਤਰੂਆਂ ਲਈ ਉਡੀਕ ਕਰਨ ਵਾਸਤੇ ਛੱਪਰ ਬਣਵਾਉਣੇ, ਸਰਵਜਨਿਕ ਸਥਾਨਾਂ ਤੇ ਸੌਚਾਲਿਆਂ ਦੀ ਸਹੂਲਤ ਮੁਹੱਈਆ ਕਰਵਾਉਣੀ, ਤਿਉਹਾਰਾਂ ਤੇ ਮੇਲਿਆਂ ਦੇ ਮਨਾਉਣ ਨੂੰ ਨਿਯਮਿਤ ਕਰਨਾ, ਪਾਲਤੂ ਕੁੱਤਿਆਂ ਦੇ ਲਾਇਸੰਸ ਜਾਰੀ ਕਰਨਾ ਅਤੇ ਅਵਾਰਾ, ਕੁੱਤਿਆਂ ਨੂੰ ਖਤਮ ਕਰਨਾ, ਗੰਦੀਆਂ ਬਸਤੀਆਂ ਵਿਚ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨਾ, ਪੈਦਲ ਯਾਤਰੀਆਂ ਲਈ ਪਟੜੀਆਂ ਅਤੇ ਸੜਕ ਪਾਰ ਕਰਨ ਦੀਆਂ ਸਹੂਲਤਾਂ ਮਹੁੱਈਆ ਕਰਵਾਉਣਾ, ਸ਼ਹਿਰੀ ਵਿਉਂਤਬੰਦੀ ਦੇ ਵੇਰਵੇ ਤਿਆਰ ਕਰਨਾ, ਪੜਾਅ-ਬੱਧ ਢੰਗ ਨਾਲ ਲਾਗੂ ਕਰਨ ਲਈ ਐਕਸ਼ਨ-ਪਲੈਨ ਬਣਾਉਣਾ। ਇਸ ਨੇ 14 ਆਮ ਕਾਰਜ ਅਤੇ ਬਹੁਤ ਸਾਰੇ ਖੇਤਰਵਾਰ ਕਾਰਜ ਉਲੀਕੇ ਹਨ, ਜਿਵੇਂ ਕੀ ਖੇਤੀ, ਪਸ਼ੂ ਪਾਲਣ ਅਤੇ ਦੁਧਾਰੂ ਪਸ਼ੂ ਪਾਲਣ, ਲਘੂ ਸਿੰਚਾਈ ਯੋਜਨਾਵਾਂ, ਮੱਛੀ ਪਾਲਣ, ਸਮਾਜਕ ਹਿੱਤ ਵਿਚ ਵਣ ਪ੍ਰਬੰਧ, ਲਘੂ ਉਦਯੋਗ, ਮਕਾਨ ਉਸਾਰੀ, ਜਲ ਪੂਰਤੀ, ਬਿਜਲੀ ਅਤੇ ਊਰਜਾ, ਸਿੱਖਿਆ, ਲੋਕ ਨਿਰਮਾਣ ਅਤੇ ਸਫਾਈ, ਸਮਾਜ ਭਲਾਈ, ਗਰੀਬੀ ਹਟਾਉਣਾ, ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਦਾ ਵਿਕਾਸ, ਖੇਡਾਂ ਤੇ ਸੱਭਿਆਚਾਰਕ ਮਾਮਲੇ, ਜਨਤਕ ਵੰਡ ਪ੍ਰਣਾਲੀ, ਕੁਦਰਤੀ ਸੰਕਟਾਂ ਤੋਂ ਰਾਹਤ ਅਤੇ ਸਹਿਕਾਰਤਾ ਸੰਬੰਧੀ।

## ਕੋਚੀਨ ਦੀ ਮਿਉਂਸਿਪਲ ਕਾਰਪੋਰੇਸ਼ਨ

ਕੇਰਲ ਦੀ ਵਪਾਰਕ ਰਾਜਧਾਨੀ ਕੋਚੀ ਭਾਰਤ ਦੇ ਪੱਛਮੀ ਤੱਟ ਤੇ ਦੂਜਾ ਸਭ ਤੋਂ ਮਹੱਤਵਪੂਰਣ ਸ਼ਹਿਰ ਹੈ। ਕੋਚੀ ਮਿਉਂਸਿਪਲ ਕਾਰਪੋਰੇਸ਼ਨ 1 ਨਵੰਬਰ 1967 ਨੂੰ ਹੋਂਦ ਵਿਚ ਆਈ ਜਦੋਂ ਫੋਰਟ ਕੋਚੀਨ, ਮੱਤਨਚੈਰੀ ਅਤੇ ਏ ਰਨਾਕੁਲਮ ਦੀਆਂ ਤਿੰਨ ਮਿਉਂਸਿਪਲਟੀਆਂ ਨੂੰ ਮਿਲਾ ਕੇ ਇੱਕ ਕਰ ਦਿੱਤਾ ਗਿਆ। ਇਸ ਕਾਰਪੋਰੇਸ਼ਨ ਵਿਚ 66 ਵਾਰਡ ਜਾਂ ਵੰਡਾਂ ਹਨ। ਯੂਨੀਫਾਈਡ ਕੇਰਲ ਮਿਉਂਸਿਪਲਟੀਜ਼ ਐਕਟ 1994 ਦੇ ਪਾਸ ਹੋਣ ਤੋਂ ਪਹਿਲਾਂ ਏਸ ਮਿਉਂਸਿਪਲ ਕਾਰਪੋਰੇਸ਼ਨ ਦਾ ਪ੍ਰਬੰਧ ਕੇਰਲ ਮਿਉਂਸਿਪਲ ਕਾਰਪੋਰੇਸ਼ਨ ਐਕਟ 1961 ਦੇ ਤਹਿਤ ਚਲਦਾ ਸੀ। ਮੇ ਅਰ, ਇੱਕ ਚੁਣਿਆ ਹੋਇਆ ਅਧਿਕਾਰੀ, ਮਿਉਂਸਿਪਲ ਕਾਰਪੋਰੇਸ਼ਨ ਦਾ ਕਾਰਜਕਾਰੀ ਮੁਖੀ ਹੁੰਦਾ ਹੈ। ਕਾਰਪੋਰੇ ਸ਼ਨ ਦੀਆ 7 ਸਥਾਈ ਕਮੇਟੀਆਂ ਹਨ ਜੋ ਵਿੱਤ ਵਿਕਾਸ, ਭਲਾਈ, ਸਿਹਤ ਤੇ ਸਿੱਖਿਆ, ਲੋਕ ਨਿਰਮਾਣ, ਸ਼ਹਿਰੀ ਵਿਉਂਤਬੰਦੀ ਅਤੇ ਕਰਾਂ ਸੰਬੰਧੀ ਅਪੀਲਾਂ ਨਾਲ ਸੰਬੰਧਤ ਹਨ। ਕੋਚੀ ਕਾਰਪੋਰੇਸ਼ਨ ਦੀ ਜਨ ਸੰਖਿਆ 5,64,589 ਹੈ ਅਤੇ ਇਸਦਾ ਕੁੱਲ ਖੇਤਰ 94.88 ਵਰਗ ਕਿਲੋਮੀਟਰ ਹੈ। ਕੋਚੀਨ ਦੀ ਮਿਉਂਸਿਪਲ ਕਾਰਪੋਰੇਸ਼ਨ ਦਾ ਪ੍ਰਬੰਧ 7 ਸਥਾਈ ਕਮੇਟੀਆਂ ਵਿੱਚ ਕੰਮ ਦੀ ਸੁਚੱਜੀ ਵੰਡ ਰਾਹੀਂ ਹੁੰਦਾ ਹੈ।

## ਕਰਨਾਟਕ

ਮੈਸੂਰ ਰਿਆਸਤ ਵਿੱਚ ਮੈਸੂਰ ਲੋਕਲ ਬੋਰਡਜ਼ ਐਕਟ 1902 ਰਾਹੀਂ ਯੂਨੀਅਨ ਪੰਚਾਇਤਾਂ, ਤਾਲੁਕ ਬੋਰਡਾਂ ਅਤੇ ਜਿਲ੍ਹਾ ਬੋਰਡਾਂ ਦੇ ਤਿੰਨ-ਪੱਧਰੇ ਢਾਂਚੇ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਚੁਣੇ ਹੋਏ ਮੈਬਰਾਂ ਦੀ ਘੱਟ ਗਿਣਤੀ ਹੁੰਦੀ ਸੀ ਤੇ ਬਾਕੀਆਂ ਨੂੰ ਜਾਂ ਤਾਂ ਨਾਮਜ਼ਦ ਕੀਤਾ ਜਾਂਦਾ ਸੀ ਤੇ ਜਾਂ ਫਿਰ ਅਹੁਦੇ ਦੇ ਨਾਤੇ ਨਿਯੁਕਤ ਕੀਤਾ ਜਾਂਦਾ ਸੀ। 1956 ਵਿੱਚ ਹੋਂਦ ਵਿਚ ਆਏ ਨਵੇਂ ਮੈਸੂਰ ਪ੍ਰਾਂਤ ਵਿਚ ਮੈਸੂਰ ਗ੍ਰਾਮੀਣ ਪੰਚਾਇਤ ਅਤੇ ਸਥਾਨਕ ਬੋਰਡ ਐਕਟ 1959 ਰਾਹੀਂ ਇਕ ਨਵੇਂ ਸਥਾਨਕ ਸਵੈ-ਸ਼ਾਸਨ ਢਾਂਚੇ ਦੀ ਸ਼ੁਰੂਆਤ ਕੀਤੀ ਗਈ।

ਇਸ ਤੋਂ ਬਾਦ ਕਰਨਾਟਕ ਮਿਉਂਸਿਪਲਟੀ ਐਕਟ 1964 ਅਤੇ ਕਰਨਾਟਕ ਮਿਉਂਸਿਪਲ ਕਾਰਪੋਰੇਸ਼ਨ ਐਕਟ 1976 ਆਏ। ਸ਼ਹਿਰੀ ਖੇਤਰਾਂ ਦੀ ਯੋਜਨਾਬੰਦੀ ਅਤੇ ਵਿਕਾਸ ਨਾਲ ਸੰਬੰਧਤ ਇਕ ਹੋਰ ਮੁੱਖ ਐਕਟ ਕਰਨਾਟਕ ਸ਼ਹਿਰੀ ਅਤੇ ਦੇਹਾਤੀ ਯੋਜਨਾਬੰਦੀ ਐਕਟ 1961 ਹੈ। 74 ਵੀਂ ਸੰਵਿਧਾਨਕ ਸੋਧ ਪਾਸ ਹੋ ਜਾਣ ਬਾਦ ਰਾਜ ਸਰਕਾਰ ਨੇ ਇਸਦੇ ਅਨੁਰੂਪ ਐਕਟ ਬਣਾਇਆ ਅਤੇ 12ਵੀਂ ਸੂਚੀ ਨੂੰ ਇਸ ਵਿਚ ਸ਼ਾਮਲ ਕੀਤਾ ਗਿਆ। ਕਰਨਾਟਕ ਮਿਊਂਸਿਪਲਟੀਜ਼ ਐਕਟ 1964 ਅਤੇ ਕਰਨਾਟਕ ਮਿਉਂਸਿਪਲ ਕਾਰਪੋਰੇਸ਼ਨ ਐਕਟ 1976 ਵਿਚ

ਮਿਉਂਸਿਪਲਟੀਆਂ ਅਤੇ ਮਿਉਂਸਿਪਲ ਕਾਰਪੋਰੇਸ਼ਨਾਂ ਨੂੰ ਮੈਟਰੋਪਾਲਿਟਨ ਪਲੈਨਿੰਗ ਕਮੇਟੀ ਜਾਂ ਜ਼ਿਲ੍ਹਾ ਪਲੈਨਿੰਗ ਕਮੇਟੀਆਂ ਅੱਗੇ ਪੇਸ਼ ਕਰਨ ਲਈ ਮਿਉਂਸਿਪਲ ਪੱਧਰ ਤੇ ਵਿਕਾਸ ਯੋਜਨਾਵਾਂ ਬਣਾਉਣ ਦਾ ਅਧਿਕਾਰ ਦਿੱਤਾ ਗਿਆ।

ਭਾਰਤ ਦੇ ਵੱਡੇ ਰਾਜਾਂ ਵਿੱਚੋਂ ਕਰਨਾਟਕ ਚੌਥਾ ਸਭ ਤੋਂ ਵੱਧ ਸ਼ਹਿਰੀਕ੍ਰਿਤ ਰਾਜ ਹੈ ਜਿਸ ਦੀ ਲਗਭਗ 34% ਵਸੋਂ ਸ਼ਹਿਰੀ ਇਲਾਕਿਆਂ ਵਿੱਚ ਰਹਿੰਦੀ ਹੈ। ਕਰਨਾਟਕ ਵਿਚ 226 ਸ਼ਹਿਰੀ ਸਥਾਨਕ ਸੰਸਥਾਵਾਂ ਹਨ। ਇਨ੍ਹਾਂ ਵਿਚ 6 ਸਿਟੀ ਕਾਰਪੋਰੇਸ਼ਨਾਂ, 41 ਸਿਟੀ ਮਿਉਂਸਿਪਲ ਕਾਰਪੋਰੇਸ਼ਨਾਂ,82 ਟਾਊਨ ਮਿਉਂਸਿਪਲ ਕਾਰਪੋਰੇਸ਼ਨਾਂ, 91 ਟਾਊਨ ਪੰਚਾਇਤਾਂ ਅਤੇ 6 ਨੋਟੀਫਾਈਡ ਏਰੀਆ ਕਮੇਟੀਆਂ ਹਨ। ਸਿਟੀ ਕਾਰਪੋਰੇਸ਼ਨਾਂ ਵੱਡੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਹਨ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਕੁੱਲ ਆਮਦਨੀ ਅਤੇ ਖਰਚ ਦਾ 70% ਇਨ੍ਹਾਂ ਕਰਕੇ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਰਾਜ ਸਰਕਾਰ ਦੀ ਨਿਗਰਾਨੀ ਵਿਚ ਕੰਮ ਕਰਦੀਆਂ ਹਨ। ਸਾਰਣੀ-6 ਵਿਚ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸੰਖਿਆ ਤੇ ਉਨ੍ਹਾਂ ਦੀ ਜਨ-ਸੰਖਿਆ ਦਿੱਤੀ ਗਈ ਹੈ।

**ਸਾਰਣੀ-6**

**ਕਰਨਾਟਕ ਵਿਚ ਸ਼ਹਿਰੀ ਸਥਾਨਕ ਸੰਸਥਾਵਾਂ**

| ਕ੍ਰਮ ਸੰਖਿਆ | ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਪ੍ਰਕਾਰਾਂ | ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸੰਖਿਆ | ਜਨ ਸੰਖਿਆ (ਲੱਖਾਂ ਵਿੱਚ) |
|---|---|---|---|
| 1. | ਸਿਟੀ ਕਾਰਪੋਰੇਸ਼ਨਾ | 6 | 73.49 |
| 2. | ਸਿਟੀ ਮਿਉਂਸਿਪਲ ਕੌਂਸਲਾਂ | 41 | 57.72 |
| 3. | ਟਾਊਨ ਮਿਉਂਸਿਪਲ ਕੌਂਸਲਾਂ | 82 | 30.48 |
| 4. | ਟਾਊਨ ਪੰਚਾਇਤਾਂ | 91 | 16.87 |
| 5. | ਨੋਟੀਫਾਈਡ ਏਰੀਆਂ ਕਮੇਟੀਆਂ | 6 | 0.60 |
| | **ਕੁੱਲ** | **226** | **179.16** |

ਸਰੋਤ: ਕਰਨਾਟਕ ਦਾ ਸਟੇਟ ਫਾਇਨਾਂਸ ਕਮਿਸ਼ਨ

ਕਰਨਾਟਕ ਦੀਆਂ ਮਿਉਂਸਿਪਲਟੀਆਂ ਦੀਆਂ ਜ਼ਿੰਮੇਵਾਰੀਆਂ ਉਹੀ ਹਨ ਜੋ ਕੇਰਲ ਵਿਚ ਇਨ੍ਹਾਂ ਸੰਸਥਾਵਾਂ ਦੀਆਂ ਹਨ।

### ਮਹਾਰਾਸ਼ਟਰ

ਮਹਾਰਾਸ਼ਟਰ ਪ੍ਰਾਂਤ 35 ਜ਼ਿਲ੍ਹਿਆਂ ਵਿਚ ਵੰਡਿਆ ਹੋਇਆ ਹੈ ਜਿਨ੍ਹਾਂ ਦੇ 6 ਪ੍ਰਸ਼ਾਸਨਿਕ ਡਿਵੀਜ਼ਨ ਬਣਾਏ ਗਏ ਹਨ। ਮੁੰਬਈ ਇਸ ਦੀ ਰਾਜਧਾਨੀ ਹੈ ਅਤੇ ਭਾਰਤ ਦਾ ਸਭ ਤੋਂ ਵੱਡਾ ਸ਼ਹਿਰ ਹੈ। ਮਹਾਰਾਸ਼ਟਰ ਦਾ ਸਰਕਾਰੀ ਤੰਤਰ ਤਿੰਨ-ਪੱਧਰਾ ਹੈ। ਰਾਜ ਵਿਚ ਸ਼ਹਿਰੀ ਪ੍ਰਸ਼ਾਸਨ ਦਾ ਇਤਿਹਾਸ ਅੰਗ੍ਰੇਜ਼ੀ ਰਾਜ ਕਾਲ ਤੋਂ ਸ਼ੁਰੂ ਹੁੰਦਾ ਹੈ। 1888 ਦੇ ਬੰਬਈ ਮਿਉਂਸਿਪਲ ਕਾਰਪੋਰੇਸ਼ਨ ਐਕਟ ਨੂੰ ਅਧਾਰ ਬਣਾ ਕੇ ਦੂਜੇ ਰਾਜਾਂ ਵਿੱਚ ਇਸੇ ਪ੍ਰਕਾਰ ਦੇ ਕਾਨੂੰਨ ਬਣਾਏ ਗਏ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਜ਼ਿੰਮੇਵਾਰੀਆਂ ਸੌਂਪਣ ਦੀ ਪ੍ਰਕਿਰਿਆ ਕੇਵਲ ਅੰਗ੍ਰੇਜ਼ੀ ਰਾਜ ਕਾਲ ਵਿਚ ਹੀ ਨਹੀਂ ਬਲਕਿ ਸੁਤੰਤਰ ਭਾਰਤ ਵਿਚ ਵੀ ਢਿੱਲੀ ਹੀ ਰਹੀ ਹੈ। 74 ਵੀਂ ਸੰਵਿਧਾਨਕ ਸੋਧ ਅਤੇ ਇਸ ਦੇ ਅਨੁਰੂਪ ਮਹਾਰਾਸ਼ਟਰ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ ਤੋਂ ਬਾਦ ਹੀ ਸਥਿਤੀ ਵਿਚ ਪਰਿਵਰਤਨ ਆਇਆ। ਰਾਜਾਂ ਵਿਚ ਸਰਕਾਰੀ ਤੰਤਰ ਦੇ ਤੀਜੇ ਤੇ ਸਭ ਤੋਂ ਹੇਠਲੇ ਪੱਧਰ ਵਿੱਚ 250 ਸ਼ਹਿਰੀ ਸਥਾਨਕ ਸੰਸਥਾਵਾਂ ਆਉਂਦੀਆਂ ਹਨ

ਜਿਨ੍ਹਾਂ ਵਿੱਚ ਤਿੰਨ ਲੱਖ ਅਤੇ ਇਸ ਤੋਂ ਵੱਧ ਅਬਾਦੀ ਵਾਲੀਆਂ 22 ਮਿਉਂਸਿਪਲ ਕਾਰਪੋਰੇਸ਼ਨਾਂ, ਇੱਕ ਤੋਂ ਤਿੰਨ ਲੱਖ ਤੱਕ ਦੀ ਅਬਾਦੀ ਵਾਲੀਆਂ 18 ਏ-ਕਲਾਸ ਮਿਉਂਸਿਪਲ ਕੌਂਸਲਾਂ, ਇੱਕ ਲੱਖ ਤੱਕ ਦੀ ਅਬਾਦੀ ਵਾਲੀਆਂ 203 ਬੀ ਅਤੇ ਸੀ-ਕਲਾਸ ਮਿਉਪਿਸਲ ਕੌਂਸਲਾਂ, 3 ਕੈਂਟੋਨਮੈਂਟ ਬੋਰਡ ਅਤੇ 4 ਨਗਰ ਪੰਚਾਇਤਾਂ ਸ਼ਾਮਿਲ ਹਨ।

ਸ਼ਹਿਰੀਕਰਣ ਦੇ ਪੱਧਰ ਦੀ ਦ੍ਰਿਸ਼ਟੀ ਤੋਂ ਮਹਾਰਾਸ਼ਟਰ ਦੇਸ਼ ਦਾ ਦੂਜਾ ਸਭ ਤੋਂ ਵੱਧ ਸ਼ਹਿਰੀਕ੍ਰਿਤ ਰਾਜ ਹੈ, ਕਿੰਤੂ ਇੱਥੇ ਸ਼ਹਿਰੀ ਇਲਾਕਿਆਂ ਵਿੱਚ ਰਹਿ ਰਹੀ ਅਬਾਦੀ ਸਾਰੇ ਰਾਜਾਂ ਵਿੱਚੋਂ ਸਭ ਤੋਂ ਵੱਧ ਹੈ। ਮਹਾਰਾਸ਼ਟਰ ਵਿੱਚ ਕਸਬਿਆਂ ਦੀ ਗਿਣਤੀ 1961 ਵਿੱਚ 266 ਤੋਂ ਵਧ ਕੇ 2001 ਵਿੱਚ 378 ਹੋ ਗਈ। ਕੁੱਲ ਸ਼ਹਿਰੀ ਅਬਾਦੀ ਵਿਚ ਕਲਾਸ-I ਸ਼ਹਿਰਾਂ ਵਿੱਚ ਰਹਿਣ ਵਾਲੀ ਸ਼ਹਿਰੀ ਵਸੋਂ ਦਾ ਪ੍ਰਤੀਸ਼ਤ 1961 ਵਿੱਚ 65.8 ਤੋਂ ਵਧ ਕੇ 2001 ਵਿੱਚ 79.7 ਹੋ ਗਿਆ ਅਤੇ ਕਲਾਸ-I ਅਬਾਦੀਆਂ ਵਿੱਚ ਰਹਿਣ ਵਾਲੀ ਵਸੋਂ ਵੀ ਉਸੇ ਤਰ੍ਹਾਂ ਕੁੱਲ ਸ਼ਹਿਰੀ ਵਸੋਂ ਦੇ 4.5% ਤੋਂ ਵਧ ਕੇ 10.6% ਹੋ ਗਈ। ਇਸ ਤਰ੍ਹਾਂ ਕੁੱਲ ਸ਼ਹਿਰੀ ਵਸੋਂ ਦਾ 86% ਕਲਾਸ-I (79.7%) ਅਤੇ ਕਲਾਸ-II (6.71) ਵਿੱਚ ਰਹਿੰਦਾ ਹੈ। ਮਹਾਰਾਸ਼ਟਰ ਵਿੱਚ ਸੱਤ ਅਜਿਹੇ ਸ਼ਹਿਰ ਹਨ ਜਿਨ੍ਹਾਂ ਵਿੱਚੋਂ ਹਰੇਕ ਦੀ ਵਸੋਂ 10 ਲੱਖ ਤੋਂ ਵੀ ਵੱਧ ਹੈ।

ਕਲਾਸ-I ਸ਼ਹਿਰਾਂ ਦੀ ਅਬਾਦੀ ਵਿੱਚ ਤੇਜੀ ਨਾਲ ਹੋ ਰਿਹਾ ਵਾਧਾ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਲਈ ਇੱਕ ਬਹੁਤ ਵੱਡੀ ਚੁਣੌਤੀ ਹੈ। ਮਹਾਰਾਸ਼ਟਰ ਦੇ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਦੀ ਅਬਾਦੀ ਵੀ ਤੇਜ਼ੀ ਨਾਲ ਵਧ ਰਹੀ ਹੈ ਅਤੇ 2001 ਵਿੱਚ ਇਹ 106 ਲੱਖ ਹੋ ਚੁੱਕੀ ਹੈ। ਗੰਦੀਆਂ ਬਸਤੀਆਂ ਦੀ ਅਬਾਦੀ ਪੱਖੋਂ ਮੁੰਬਈ ਸ਼ਹਿਰ ਸਭ ਤੋਂ ਵੱਧ ਅਜਿਹੀ ਅਬਾਦੀ ਵਾਲੇ ਸ਼ਹਿਰਾਂ ਵਿੱਚ ਆਉਂਦਾ ਹੈ। ਮੁੰਬਈ ਦੀ ਇਹ ਅਬਾਦੀ 58 ਲੱਖ, ਭਾਵ ਇਸਦੀ 119 ਲੱਖ ਦੀ ਕੁੱਲ ਅਬਾਦੀ ਦਾ 48.9% ਹੈ। ਇਨ੍ਹਾਂ ਗੰਦੀਆਂ ਬਸਤੀਆਂ ਵਿੱਚ ਮੁਢਲੀਆਂ ਸ਼ਹਿਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਸੰਜੀਦਾ ਕੋਸ਼ਿਸ਼ ਦੀ ਲੋੜ ਹੈ।

## ਮੁੰਬਈ ਅਤੇ ਪੁਣੇ

ਬ੍ਰਿਹਤ ਮੁੰਬਈ ਨਗਰ ਨਿਗਮ (ਗ੍ਰੇਟਰ ਮੁੰਬਈ ਦੀ ਮਿਉਂਸਿਪਲ ਕਾਰਪੋਰੇਸ਼ਨ) ਨੂੰ 1865 ਵਿਚ ਗਠਿਤ ਕੀਤਾ ਗਿਆ ਸੀ। ਇਹ ਦੁਨੀਆਂ ਦੇ ਸਭ ਤੋਂ ਵੱਡੇ ਨਗਰ ਨਿਗਮਾਂ ਵਿੱਚੋਂ ਹੈ ਜਿਸ ਵਿੱਚ ਲਗਭਗ 1,41,000 ਕਰਮਚਾਰੀ ਕੰਮ ਕਰਦੇ ਹਨ। ਮੁੰਬਈ ਮਹਾਰਾਸ਼ਟਰ ਦਾ ਮੁੱਖ ਨਗਰ ਰਿਹਾ ਹੈ ਕਿਉਂਕਿ 2001 ਦੀ ਜਨ ਗਣਨਾ ਅਨੁਸਾਰ ਪ੍ਰਾਂਤ ਦੀ ਕੁੱਲ ਸ਼ਹਿਰੀ ਅਬਾਦੀ ਦਾ 29% ਇਸ ਵਿਚ ਰਹਿ ਰਿਹਾ ਹੈ। ਇਸ ਜਨ-ਗਣਨਾ ਅਨੁਸਾਰ ਦੇਸ਼ ਦੇ ਸਭ ਤੋਂ ਵੱਡੇ ਸ਼ਹਿਰ ਗ੍ਰੇਟਰ ਮੁੰਬਈ ਦੀ ਅਬਾਦੀ 119 ਲੱਖ ਹੈ ਜੋ ਦੇਸ਼ ਦੇ 10 ਲੱਖ ਤੋਂ ਵੱਧ ਅਬਾਦੀ ਵਾਲੇ 27 ਸ਼ਹਿਰਾਂ (ਜਿਨ੍ਹਾਂ ਵਿੱਚ 8 ਸ਼ਹਿਰੀ ਸਮੂਹ ਸ਼ਾਮਲ ਨਹੀਂ ਹਨ) ਦੀ ਅਬਾਦੀ ਦਾ 16% ਹੈ। ਪੂਰੇ ਦੇਸ਼ ਤੋਂ ਬਹੁਤ ਸਾਰੇ ਪਰਵਾਸੀ ਇਸ ਵੱਲ ਖਿੱਚੇ ਚਲੇ ਆਉਂਦੇ ਹਨ ਅਤੇ ਫਿਲਮ ਉਦਯੋਗ ਦੇ ਬੋਲਬਾਲੇ ਕਰਕੇ ਇਹ ਬਾਲੀਵੁੱਡ ਦੇ ਨਾਂ ਨਾਲ ਵੀ ਮਸ਼ਹੂਰ ਹੈ। ਸ਼ਹਿਰ ਦਾ ਖੇਤਰਫਲ 437.71 ਵਰਗ ਕਿਲੋਮੀਟਰ ਹੈ ਅਤੇ ਅਬਾਦੀ ਦੀ ਔਸਤ ਘਣਤਾ 21190 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਸ਼ਹਿਰ ਦੇ 6 ਜ਼ੋਨ ਜਾਂ ਖੰਡ ਹਨ ਜਿਨ੍ਹਾਂ ਨੂੰ 24 ਵਾਰਡਾਂ ਵਿੱਚ ਵੰਡਿਆ ਹੋਇਆ ਹੈ। 1990ਵਿਆਂ ਵਿੱਚ ਪੁਣੇ ਦੀ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ 2001 ਵਿੱਚ ਇਹ 25 ਲੱਖ ਹੋ ਚੁੱਕੀ ਹੈ।

## ਗੁਜਰਾਤ

ਗੁਜਰਾਤ ਵਿੱਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਗੁਜਰਾਤ ਦੀਆਂ ਮਿਉਂਸਿਪਲਟੀਆਂ ਦਾ ਪ੍ਰਬੰਧ ਮਿਉਂਸਿਪਲਟੀਜ਼ ਐਕਟ 1964, ਮਿਉਂਸਿਪਲਟੀਜ਼ (ਅਮੈਂਡਮੈਂਟ ਐਂਡ ਵੈਲੀਡੇਟਿੰਗ ਪੋਵਿਜ਼ਨਜ਼) ਐਕਟ 1973 ਅਤੇ ਨਗਰ ਪੰਚਾਇਤ ਐਕਟ 1979 (ਜਿਨ੍ਹਾਂ ਨੂੰ ਸਮੇਂ-ਸਮੇਂ ਤੇ ਸੋਧਿਆ ਗਿਆ ਹੈ) ਅਨੁਸਾਰ ਹੁੰਦਾ ਰਿਹਾ ਹੈ। ਸਿਤੰਬਰ 2002 ਦੇ ਅੰਤ ਵਿੱਚ ਰਾਜ ਵਿਚ 149 ਸ਼ਹਿਰੀ ਸਥਾਨਕ ਸੰਸਥਾਵਾਂ ਸਨ ਜਿਨ੍ਹਾਂ ਵਿੱਚ 6 ਮਿਉਂਸਿਪਲ ਕਾਰਪੋਰੇਸ਼ਨਾਂ, 185 ਮਿਉਂਸਿਪਲ ਕੌਂਸਲਾਂ ਅਤੇ 58 ਨਗਰ ਪੰਚਾਇਤਾਂ ਸ਼ਾਮਿਲ ਹਨ। ਗੁਜਰਾਤ ਦੇਸ਼ ਦੇ ਸਭ ਤੋਂ ਵੱਧ ਸ਼ਹਿਰੀਕ੍ਰਿਤ ਰਾਜਾਂ ਵਿਚੋਂ ਹੈ ਅਤੇ ਇਸ ਦੇ ਸ਼ਹਿਰੀਕਰਣ ਦੀ ਪ੍ਰਕਿਰਿਆ ਹਾਲੇ

ਵੀ ਜਾਰੀ ਹੈ। ਪਿਛਲੀ ਜਨ-ਗਣਨਾ ਅਨੁਸਾਰ ਇਸਦੀ ਸ਼ਹਿਰੀ ਅਬਾਦੀ ਦੇ ਵਾਧੇ ਦੀ ਦਰ 33.15% ਹੈ ਜੋ ਕਿ ਦੇਹਾਤੀ ਅਬਾਦੀ ਦੇ ਵਾਧੇ ਦੀ ਦਰ (16.78%) ਨਾਲੋਂ ਦੁੱਗਣੀ ਹੈ। ਗੁਜਰਾਤ ਦੇ ਸ਼ਹਿਰੀਕਰਣ ਦੇ ਰੁਝਾਣ ਸਾਰਣੀ-7 ਵਿੱਚ ਦਰਸਾਏ ਗਏ ਹਨ :

**ਸਾਰਣੀ-7**

**ਗੁਜਰਾਤ ਵਿੱਚ ਸ਼ਹਿਰੀਕਰਣ ਦੇ ਰੁਝਾਣ**

| ਜਨ-ਗਣਨਾ ਸਾਲ | ਸ਼ਹਿਰਾਂ ਦੀ | ਕੁੱਲ ਆਬਾਦੀ ਸੰਖਿਆ | ਸ਼ਹਿਰੀ ਆਬਾਦੀ | ਕੁੱਲ ਆਬਾਦੀ ਦਾ ਪ੍ਰਤੀਸ਼ਤ |
|---|---|---|---|---|
| 1951 | 243 | 16,262,657 | 4,427,896 | 27.23 |
| 1961 | 181 | 20,633,350 | 5,316,624 | 25.77 |
| 1971 | 216 | 26,697,475 | 7,496,500 | 28.08 |
| 1981 | 255 | 34,085,799 | 10,601,653 | 31.10 |
| 1991 | 264 | 41,309,582 | 10,246,061 | 34.49 |
| 2001 | 242 | 48,387270* | 18,227,051* | 37.67* |

* ਇਸ ਵਿੱਚ ਕੱਛ ਜਾਮਨਗਰ ਅਤੇ ਰਾਜਕੋਟ ਦੇ ਖੇਤਰ ਸ਼ਾਮਲ ਨਹੀਂ ਹਨ ਕਿਉਂਕਿ ਭੂਚਾਲ ਕਰਕੇ ਇਨ੍ਹਾਂ ਖੇਤਰਾਂ ਵਿੱਚ 2001 ਵਿੱਚ ਜਨ-ਗਣਨਾ ਨਹੀਂ ਹੋ ਸਕੀ।

ਜਨ-ਸੰਖਿਆ ਵਜੋਂ ਗੁਜਰਾਤ ਭਾਰਤ ਦਾ ਦਸਵਾਂ ਸਭ ਤੋਂ ਵੱਧ ਅਬਾਦੀ ਵਾਲਾ ਅਤੇ ਤਾਮਿਲਨਾਡੂ ਅਤੇ ਮਹਾਰਾਸ਼ਟਰ ਤੋਂ ਬਾਦ ਤੀਜਾ ਸਭ ਤੋਂ ਵੱਧ ਸ਼ਹਿਰੀਕ੍ਰਿਤ ਰਾਜ ਹੈ। ਸ਼ਹਿਰੀਕਰਣ ਦੇ ਜ਼ਿਲ੍ਹਾਵਾਰ ਰੁਝਾਣਾਂ ਤੋਂ ਪਤਾ ਚਲਦਾ ਹੈ ਕਿ ਅਹਿਮਦਾਬਾਦ ਰਾਜ ਦਾ ਸਭ ਤੋਂ ਵੱਧ ਸ਼ਹਿਰੀਕ੍ਰਿਤ ਜ਼ਿਲ੍ਹਾ ਹੈ। ਇਸ ਜ਼ਿਲੇ ਦੇ ਸ਼ਹਿਰੀਕਰਣ ਦਾ ਪੱਧਰ ਲਗਭਗ ਕਈ ਯੂਰਪੀ ਦੇਸ਼ਾਂ ਦੇ ਬਰਾਬਰ ਹੈ। ਰਾਜ ਦੇ ਕਲਾਸ -I ਸ਼ਹਿਰਾਂ ਦੀ ਅਬਾਦੀ ਵਿਚ ਵਿਸਫੋਟ ਹੋ ਰਿਹਾ ਹੈ। ਪਿਛਲੇ ਤਿੰਨ ਦਹਾਕਿਆਂ ਵਿੱਚ ਉਨ੍ਹਾਂ ਦੀ ਜਨ-ਸੰਖਿਆ ਵਿਚ ਚਾਰ ਗੁਣਾ ਵਾਧਾ ਹੋਇਆ ਹੈ। ਕਲਾਸ -I ਸ਼ਹਿਰਾਂ ਦੀ ਅਬਾਦੀ ਵਿੱਚ ਵਾਧੇ ਦੇ ਰੁਝਾਣ ਸਾਰਣੀ-8 ਵਿਚ ਦਰਸਾਏ ਗਏ ਹਨ।

**ਸਾਰਣੀ-8**

**ਕਲਾਸ-I ਸ਼ਹਿਰਾਂ ਦੀ ਅਬਾਦੀ ਵਿਚ ਵਾਧੇ ਦੇ ਰੁਝਾਣ**

| ਜਨ-ਗਣਨਾ ਸਾਲ | ਸ਼ਹਿਰਾਂ ਦੀ ਸੰਖਿਆ | ਆਬਾਦੀ | ਕੁੱਲ ਸ਼ਹਿਰੀ ਆਬਾਦੀ ਦਾ ਪ੍ਰਤੀਸ਼ਤ |
|---|---|---|---|
| 1951 | 6 | 1,597,361 | 36.07 |
| 1961 | 6 | 2,255,532 | 42.42 |
| 1971 | 7 | 3,380,646 | 45.10 |
| 1981 | 11 | 5,316,142 | 50.14 |
| 1991 | 21 | 8,539,515 | 59.94 |
| 2001 | 27* | 13,943,312 | 76.50 |

* ਇਸ ਵਿਚ 1991 ਦੀ ਜਨ-ਗਣਨਾ ਅਨੁਸਾਰ ਇਕ ਲੱਖ ਤੋਂ ਵੱਧ ਅਬਾਦੀ ਵਾਲੀਆਂ ਮੋਰਵੀ, ਭੁਜ ਅਤੇ ਗਾਂਧੀਧਾਮ ਮਿਉਂਸਿਪਲਟੀਆਂ ਸ਼ਾਮਲ ਨਹੀਂ ਹਨ ਕਿਉਂਕਿ 2001 ਵਿੱਚ ਇੱਥੇ ਭੂਚਾਲ ਕਰਕੇ ਜਨ-ਗਣਨਾ ਨਹੀਂ ਹੋ ਸਕੀ।

ਸਾਰਣੀ-8 ਤੋਂ ਕਲਾਸ-I ਸ਼ਹਿਰਾਂ ਦੀ ਅਬਾਦੀ ਵਿੱਚ ਤੇਜੀ ਨਾਲ ਹੋ ਰਹੇ ਵਾਧੇ ਦਾ ਪਤਾ ਚਲਦਾ ਹੈ। ਸੁਤੰਤਰਤਾ ਤੋਂ ਬਾਦ ਕਲਾਸ-I ਸ਼ਹਿਰਾਂ ਦੀ ਅਬਾਦੀ ਦੁੱਗਣੀ ਹੋ ਚੁੱਕੀ ਹੈ।

## ਮੱਧ ਪ੍ਰਦੇਸ਼

ਸੁਤੰਤਰਤਾ ਤੋਂ ਬਾਦ ਮੱਧ ਪ੍ਰਦੇਸ਼ ਸਰਕਾਰ ਨੇ ਜੋ ਕਾਨੂੰਨ ਪਾਸ ਕੀਤੇ ਉਨ੍ਹਾਂ ਵਿਚੋਂ ਮੁੱਖ ਹਨ ਮੱਧ ਪ੍ਰਦੇਸ਼ ਮਿਉਂਸਿਪਲ ਕਾਰਪੋਰੇਸ਼ਨ ਐਕਟ 1956 ਅਤੇ ਮੱਧ ਪ੍ਰਦੇਸ਼ ਮਿਉਂਸਿਪਲਟੀਜ਼ ਐਕਟ 1961। 74 ਵੀਂ ਸੰਵਿਧਾਨਕ ਸੋਧ ਐਕਟ 1992 ਲਾਗੂ ਹੋ ਜਾਣ ਪਿੱਛੋਂ ਮੱਧ ਪ੍ਰਦੇਸ਼ ਨਗਰ ਪਾਲਿਕਾ ਸੋਧ ਐਕਟ 1997 ਪਾਸ ਕਰਕੇ 21 ਅਪ੍ਰੈਲ 1997 ਨੂੰ ਲਾਗੂ ਕੀਤਾ ਗਿਆ। ਰਾਜ ਦੇ 368 ਸ਼ਹਿਰਾਂ ਵਿਚੋਂ 334 ਵਿਚ ਸ਼ਹਿਰੀ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਹਨ। ਇਨ੍ਹਾਂ ਸ਼ਹਿਰੀ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਸੰਖਿਆ ਅਤੇ ਅਕਾਰ ਸਾਰਣੀ-9 ਵਿਚ ਦਰਸਾਏ ਗਏ ਹਨ:

**ਸਾਰਣੀ-9**

**ਅਬਾਦੀ ਦੇ ਅਕਾਰ ਦੇ ਅਧਾਰ ਤੇ ਸ਼ਹਿਰੀ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਸੰਖਿਆ**

| ਕ੍ਰਮ ਸੰਖਿਆ | ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਪ੍ਰਕਾਰਾਂ | ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸੰਖਿਆ | ਦਿੱਤੇ ਗਏ ਵਰਗ ਦੀ ਅਬਾਦੀ | ਔਸਤ ਅਬਾਦੀ | ਸ਼ਹਿਰੀ ਸਥਾਨਕ ਸੰਸਥਾਵਾਂ ਦੀ ਕੁੱਲ ਆਬਾਦੀ ਦਾ ਪ੍ਰਤੀਸ਼ਤ |
|---|---|---|---|---|---|
| 1. | ਮਿਉਂਸਿਪਲ ਕਾਰਪੋਰੇਸ਼ਨਾਂ | 14 | 70,71,237 | 5,05088 | 47.12% |
| 2. | ਮਿਉਂਸਿਪਲ ਕੌਂਸਲਾਂ | 85 | 45,95,057 | 54,059 | 30.62% |
| 3. | ਨਗਰ ਪੰਚਾਇਤਾਂ | 235 | 33,39,397 | 14,210 | 22.26% |
| | ਕੁੱਲ | 334 | 1,50,05,691 | 44,927 | 100.00% |

ਵਿਚਾਰ ਅਧੀਨ 6 ਰਾਜਾਂ ਵਿਚੋਂ ਮੱਧ ਪ੍ਰਦੇਸ਼ ਭਾਰਤ ਦਾ ਸਭ ਤੋਂ ਘੱਟ ਸ਼ਹਿਰੀਕ੍ਰਿਤ ਰਾਜ ਹੈ ਜਿਸ ਦੀ ਸ਼ਹਿਰੀ ਅਬਾਦੀ 2001 ਦੀ ਜਨ-ਗਣਨਾ ਅਨੁਸਾਰ 26.67% ਹੈ। ਰਾਜ ਵਿਚ ਸ਼ਹਿਰਾਂ ਦੀ ਸੰਖਿਆ 1981 ਵਿਚ 253 ਤੋਂ ਵਧ ਕੇ 1991 ਵਿੱਚ 350 ਅਤੇ 2001 ਵਿਚ 368 ਹੋ ਗਈ ਹੈ। ਜ਼ਿਆਦਾਤਰ ਸ਼ਹਿਰ ਛੋਟੇ ਅਤੇ ਦਰਮਿਆਨੇ ਹਨ। ਕਲਾਸ-I ਸ਼ਹਿਰਾਂ ਦੀ ਸੰਖਿਆ 1991 ਵਿਚ 18 ਤੋਂ ਵਧ ਕੇ 2001 ਵਿਚ 26 ਹੋ ਗਈ ਹੈ। ਕੁੱਲ ਅਬਾਦੀ ਵਿੱਚ ਸ਼ਹਿਰੀ ਅਬਾਦੀ ਦਾ ਹਿੱਸਾ 1991 ਵਿਚ 49.70% ਤੋਂ ਵਧ ਕੇ 2001 ਵਿੱਚ 55.72% ਹੋ ਜਾਣ ਨਾਲ ਕਲਾਸ-I ਸ਼ਹਿਰਾਂ ਦੀ ਅਬਾਦੀ ਵੀ ਵਧ ਰਹੀ ਹੈ। ਇੰਦੌਰ ਤੇ ਭੂਪਾਲ 10 ਲੱਖ ਤੋਂ ਵੱਧ ਅਬਾਦੀ ਵਾਲੇ ਦੋ ਮਹਾਂਨਗਰ ਹਨ। ਚਾਰ ਸ਼ਹਿਰ 5 ਲੱਖ ਤੋਂ ਵੱਧ ਅਬਾਦੀ ਵਾਲੇ ਹਨ ਜਦੋਂ ਕਿ ਦਸ ਸ਼ਹਿਰਾਂ ਦੀ ਅਬਾਦੀ 1 ਤੋਂ 5 ਲੱਖ ਵਿਚਕਾਰ ਹੈ।

## ਭੂਪਾਲ ਮਿਉਂਸਿਪਲ ਕਾਰਪੋਰੇਸ਼ਨ

ਭੂਪਾਲ, ਜੋ ਕਿ ਮੱਧ ਪ੍ਰਦੇਸ਼ ਦੀ ਰਾਜਧਾਨੀ ਹੈ ਅਤੇ ਝੀਲਾਂ ਦੇ ਸ਼ਹਿਰ ਦੇ ਤੌਰ ਤੇ ਪ੍ਰਸਿੱਧ ਹੈ, ਰਾਜ ਦਾ ਸਭ ਤੋਂ ਵੱਡਾ ਕਾਰਪੋਰੇਸ਼ਨ ਸ਼ਹਿਰ ਹੈ। 2001 ਦੀ ਜਨ-ਗਣਨਾ ਅਨੁਸਾਰ ਇਸ ਸ਼ਹਿਰ ਦੀ ਅਬਾਦੀ 13.34 ਲੱਖ ਹੈ। ਮੱਧ ਪ੍ਰਦੇਸ਼ ਮਿਉਂਸਿਪਲ ਕਾਰਪੋਰੇਸ਼ਨ ਐਕਟ 1956 ਤਹਿਤ 1967 ਵਿਚ ਭੂਪਾਲ ਮਿਉਂਸਿਪਲਟੀ ਦਾ ਦਰਜਾ ਵਧਾ ਕੇ ਇਸ ਨੂੰ ਮਿਉਂਸਿਪਲ ਕਾਰਪੋਰੇਸ਼ਨ ਬਣਾ ਦਿੱਤਾ ਗਿਆ। 66 ਵਾਰਡਾਂ ਵਿਚ ਵੰਡੇ ਹੋਵੇ ਇਸ ਸ਼ਹਿਰ ਦਾ ਪ੍ਰਬੰਧ ਮੇਅਰ-ਇਨ-ਕੌਂਸਲ ਪ੍ਰਣਾਲੀ ਰਾਹੀਂ ਚਲਾਇਆ ਜਾਂਦਾ ਹੈ। ਸ਼ਹਿਰ ਦੇ ਮੇਅਰ ਦੀ ਚੋਣ ਸਿੱਧੇ ਤੌਰ ਤੇ ਕੀਤੀ ਜਾਂਦੀ ਹੈ।ਕਰ ਇਕੱਠਾ ਕਰਨ ਲਈ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਵਿਚ ਸੁਧਾਰ, ਜੈਵਕ ਖਾਦ ਸੰਯੰਤਰ ਦੇ ਨਿਰਮਾਣ ਅਤੇ ਗੰਦੀਆਂ ਬਸਤੀਆਂ ਦੀ ਪਰਸਪਰ ਸੰਪਰਕ (ਨੈਟਵਰਕਿੰਗ) ਯੋਜਨਾ ਵਰਗੇ ਪ੍ਰਬੰਧ ਦੇ ਨਿਵੇਕਲੇ ਅਮਲ ਸ਼ੁਰੂ ਕਰਕੇ ਕਾਰਪੋਰੇਸ਼ਨ ਨੇ ਅਪਣੀ ਸਮਰਥਾ ਵਿਚ ਵਾਧਾ ਕਰ ਲਿਆ ਹੈ।

## ਯੂਰਪ ਵਿੱਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ - ਇਤਿਹਾਸ, ਬਣਤਰ, ਜ਼ਿੰਮੇਵਾਰੀਆਂ ਅਤੇ ਸਮਰਥਾ:

1990ਵਿਆਂ ਦਾ ਦਹਾਕਾ ਯੂਰਪੀ ਦੇਸ਼ਾਂ ਵਿਚ ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪੇ ਜਾਣ ਦੀ ਪ੍ਰਕਿਰਿਆ ਦੇ ਇਤਿਹਾਸ ਵਿਚ ਇੱਕ ਮੀਲ ਪੱਥਰ ਦਾ ਯੁੱਗ ਹੈ ਕਿਉਂਕਿ ਏਸ ਅਵਧੀ ਦੌਰਾਨ ਸਥਾਨਕ ਸੰਸਥਾਵਾਂ ਦਾ ਕਾਰਜ-ਖੇਤਰ ਅਤੇ ਉਨ੍ਹਾਂ ਦੇ ਵਿੱਤੀ ਅਤੇ ਸੰਗਠਨਾਤਮਕ ਅਧਾਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਵੱਡੇ ਵੱਡੇ ਸੰਵਿਧਾਨਤਮਕ, ਕਾਨੂੰਨੀ ਅਤੇ ਸੰਸਥਾਗਤ ਕਦਮ ਚੁੱਕੇ ਗਏ। ਬਰਤਾਨੀਆ ਨੇ 1991 ਵਿਚ ਲੋਕਲ ਗੌਰਮਿੰਟ ਕਮਿਸ਼ਨ ਦੀ ਸਥਾਪਨਾ ਕੀਤੀ ਅਤੇ 2000 ਵਿਚ ਲੋਕਲ ਗੌਰਮਿੰਟ ਐਕਟ (ਇੰਗਲੈਂਡ ਅਤੇ ਵੇਲਜ਼) ਪਾਸ ਕੀਤਾ। ਬੈਲਜੀਅਮ ਨੇ 1993 ਵਿਚ ਅਪਣੇ ਸੰਵਿਧਾਨ ਵਿੱਚ ਸੋਧ ਕਰਕੇ ਮਿਉਂਸਿਪਲ ਅਧਿਕਾਰੀਆਂ ਨੂੰ ਇਲਾਕਾਈ ਪ੍ਰਸ਼ਾਸਨ ਦੇ ਅਧੀਨ ਕਰ ਦਿੱਤਾ। 2001 ਵਿੱਚ ਇਲਾਕਾਈ ਪ੍ਰਸ਼ਾਸਨਾਂ ਅਤੇ ਸਥਾਨਕ ਸੰਸਥਾਵਾਂ ਨੂੰ ਜ਼ਿੰਮੇਵਾਰੀਆਂ ਅਤੇ ਸ਼ਕਤੀਆਂ ਸੌਂਪਣ ਲਈ ਏਸ ਕਾਨੂੰਨ ਵਿੱਚ ਫੇਰ ਸੋਧ ਕੀਤੀ ਗਈ। ਨੀਦਰਲੈਂਡ ਨੇ 1994 ਵਿਚ ਅਪਣੇ 1986 ਦੇ ਮਿਉਂਸਿਪਲ ਕਾਨੂੰਨ ਨੂੰ ਸੋਧਿਆ ਅਤੇ 2002 ਵਿਚ ਉੱਥੇ ਲੋਕਾਂ ਨੂੰ ਜਨਮੱਤ (ਰੈਫਰੈਂਡਮ) ਦੁਆਰਾ ਵੱਡੇ-ਵੱਡੇ ਫੈਸਲੇ ਲੈਣ ਦਾ ਅਧਿਕਾਰ ਦੇਣ ਲਈ ਰੈਫਰੈਂਡਮ ਐਕਟ ਪਾਸ ਕੀਤਾ ਗਿਆ। ਫਿਨਲੈਂਡ ਵਿਚ 1995 ਦੇ ਐਕਟ ਨੇ ਸਥਾਨਕ ਅਧਿਕਾਰੀਆਂ ਦੀਆਂ ਸ਼ਕਤੀਆਂ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਿਤ ਕੀਤਾ। ਇਟਲੀ ਨੇ 1990 ਵਿਚ ਇੱਕ ਕਾਨੂੰਨ ਪਾਸ ਕਰਕੇ ਸਥਾਨਕ ਸੰਸਥਾਵਾਂ ਦੇ ਸੰਵਿਧਾਨਕ ਸਵੈ-ਸ਼ਾਸਨ ਦੇ ਸਿਧਾਂਤ ਦੀ ਪੁਸ਼ਟੀ ਕੀਤੀ। 1993 ਵਿੱਚ ਉੱਥੇ ਮੇਅਰ ਦੀ ਸਿੱਧੀ ਚੋਣ ਦਾ ਅਰੰਭ ਹੋਇਆ ਅਤੇ 1997 ਵਿਚ ਮਿਉਂਸਿਪਲਟੀਆਂ ਨੂੰ ਕਈ ਪ੍ਰਸ਼ਾਸਨਿਕ ਸ਼ਕਤੀਆਂ ਸੌਂਪ ਦਿੱਤੀਆਂ ਗਈਆਂ।

2003 ਵਿੱਚ ਲਾਗੂ ਹੋਈ 2001 ਦੀ ਸੰਵਿਧਾਨਕ ਸੋਧ ਨੇ ਸਰਕਾਰ ਦੁਆਰਾ ਸਥਾਨਕ ਅਤੇ ਇਲਾਕਾਈ ਅਧਿਕਾਰੀਆਂ ਦੀ ਨਿਗਰਾਨੀ ਕੀਤੇ ਜਾਣ ਨੂੰ ਖਤਮ ਕਰ ਦਿੱਤਾ। ਸਪੇਨ ਨੇ ਅਪ੍ਰੈਲ 1999 ਵਿੱਚ ਇਕ ਕੌਮੀ ਪੱਧਰ ਦੀ ਸਹਿਮਤੀ ਦੁਆਰਾ ਸਥਾਨਕ ਸਵੈ-ਸ਼ਾਸਨ ਨੂੰ ਵਿਕਸਤ ਕਰਨ ਅਤੇ ਸਥਾਨਕ ਅਧਿਕਾਰੀਆਂ ਨੂੰ ਸ਼ਕਤੀਆਂ ਸੌਂਪੇ ਜਾਣ ਹਿੱਤ ਕਦਮ ਉਠਾਏ। 1999 ਦੇ ਕਾਨੂੰਨ ਨੇ ਉੱਥੋਂ ਦੇ ਸਥਾਨਕ ਅਧਿਕਾਰੀਆਂ ਨੂੰ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਅਤੇ ਉਨ੍ਹਾਂ ਦੇ ਸਥਾਨਕ ਮਾਮਲਿਆਂ ਸੰਬੰਧੀ ਖੁਦਮੁਖਤਾਰੀ ਦੇ ਦਿੱਤੀ।

ਵਿਕੇਂਦਰੀਕਰਣ ਦੀ ਪ੍ਰਕਿਰਿਆ ਨੂੰ ਅਸਲੀ ਹੱਲਾਸ਼ੇਰੀ ਯੂਰਪੀ ਕਮਿਸ਼ਨ ਦੁਆਰਾ ਪੇਸ਼ ਕੀਤੇ ਗਏ ਲੀਡਰ LEADER ਸੰਕਲਪ ਤੋਂ ਮਿਲੀ। LEADER ਬੁਨਿਆਦੀ ਪੱਧਰ ਨੂੰ ਤਰਜ਼ੀਹ ਦੇਣ ਵਾਲੀ ਪਹੁੰਚ ਵਿਧੀ ਦੀ ਨੁਮਾਇੰਦਗੀ ਕਰਦਾ ਹੈ ਜਿਹੜੀ ਨਿੱਜੀ ਤੇ ਸਰਕਾਰੀ ਭਾਈਵਾਲੀ ਦੀ ਪ੍ਰਤੀਨਿਧਤਾ ਕਰਨ ਵਾਲੇ ਲੋਕਲ ਐਕਸ਼ਨ ਗਰੁੱਪਾਂ (LAGs) ਦੁਆਰਾ ਤਿਆਰ ਕੀਤੀਆਂ ਗਈਆਂ ਸਰਵੋਤਮ ਸਥਾਨਕ ਵਿਕਾਸ ਯੋਜਨਾਵਾਂ ਦੀ ਚੋਣ ਤੇ ਆਧਾਰਤ ਹੈ। LEADER ਹੁਣ ਤੀਜੀ ਪੀੜ੍ਹੀ ਤੱਕ ਵਿਕਸਤ ਹੋ ਚੁੱਕਿਆ ਹੈ। LEADER-I ਦੀ ਸ਼ੁਰੂਆਤ 1991 ਵਿਚ ਹੋਈ, LEADER-II 1994 ਤੋਂ 1999 ਤੱਕ ਦੀ ਅਵਧੀ ਦਾ ਸੀ ਅਤੇ LEADER + 2000 ਤੋਂ 2006 ਤੱਕ ਦੀ ਅਵਧੀ ਦਾ ਹੈ। LEADER ਦਾ ਮੁੱਖ ਲੱਛਣ ਸਥਾਨਕ ਦਿਹਾਤੀ ਇਲਾਕਿਆਂ ਲਈ ਏਕੀਕ੍ਰਿਤ ਵਿਕਾਸ ਪ੍ਰੋਗਰਾਮ ਹਨ, ਜਿਹੜੇ ਸਥਾਨਕ ਭਾਈਵਾਲੀ ਦੁਆਰਾ ਲਾਗੂ ਕਰਨੇ ਹੁੰਦੇ ਹਨ। ਸਿਖਰ ਦੀ ਬਜਾਏ ਥੱਲੇ ਤੋਂ ਸ਼ੁਰੂ ਕਰਨ ਦੀ ਇਹ ਪਹੁੰਚ ਵਿਧੀ ਦਾ ਲਾਭ ਇਹ ਹੈ ਕਿ ਇਸ ਨਾਲ ਸਮੁਦਾ ਨੂੰ ਖੁਦ ਫੈਸਲੇ ਲੈਣ ਵਿੱਚ ਹੱਲਾਸ਼ੇਰੀ ਮਿਲਦੀ ਹੈ ਜਿਸ ਦੇ ਨਤੀਜੇ ਵਜੋਂ ਸਥਾਨਕ ਪੱਧਰ ਤੇ ਨਵੇਂ-ਨਵੇਂ ਕਦਮ ਚੁੱਕੇ ਜਾਂਦੇ ਹਨ। ਨਵੀਨ ਕਾਰਜ ਸਥਾਨਕ ਸਮੱਸਿਆਵਾਂ ਦਾ ਹੱਲ ਦਿੰਦੇ ਹਨ। LEADER-I ਅਤੇ LEADER-II ਦੀ ਸਫਲਤਾ ਉਪਰੰਤ ਯੂਰਪੀ ਕਮਿਸ਼ਨ LEADER+ ਪ੍ਰੋਗਰਾਮ ਨੂੰ ਲਾਗੂ ਕਰ ਰਿਹਾ ਹੈ ਜਿਸ ਦਾ ਮੁੱਖ ਉਦੇਸ਼ ਦਿਹਾਤੀ ਇਲਾਕਿਆਂ ਵਿੱਚ ਪਾਈਆਂ ਜਾਣ ਵਾਲੀਆਂ ਉਪਜਾਂ ਅਤੇ ਸੇਵਾਵਾਂ ਨੂੰ ਨਵੀਆਂ ਤਕਨੀਕਾਂ ਦੁਆਰਾ ਹੋਰ ਵੀ ਪ੍ਰਤੀਯੋਗਤਾਮੂਲਕ ਬਣਾ ਕੇ ਇਨ੍ਹਾਂ ਇਲਾਕਿਆਂ ਦੀ ਗੁਣਵੱਤਾ ਵਿਚ ਸੁਧਾਰ ਕਰਨਾ ਹੈ।ਯੂਰਪੀ ਕਮਿਸ਼ਨ ਨੇ 2007 ਤੋਂ 2013 ਦੀ ਅਵਧੀ ਦੌਰਾਨ ਯੂਰਪੀ ਯੂਨੀਅਨ ਦੀ ਦਿਹਾਤੀ ਵਿਕਾਸ ਪਾਲਿਸੀ ਨੂੰ ਪੁਸ਼ਟ ਕਰਨ ਦਾ ਫੈਸਲਾ ਲਿਆ ਹੈ। ਇਸ ਦਾ ਟੀਚਾ

ਹੈ ਖੇਤੀਬਾੜੀ ਅਤੇ ਜੰਗਲਾਤ ਨੂੰ ਹੋਰ ਵੀ ਪ੍ਰਤੀਯੋਗਤਾਮੂਲਕ ਬਣਾਉਣਾ, ਦਿਹਾਤੀ ਇਲਾਕਿਆਂ ਦੇ ਪਰਿਆਵਰਣ ਵਿਚ ਸੁਧਾਰ ਕਰਨਾ ਅਤੇ ਇਨ੍ਹਾਂ ਇਲਾਕਿਆਂ ਵਿੱਚ ਜੀਵਨ ਦੀ ਗੁਣਵੱਤਾ ਨੂੰ ਸੁਧਾਰਣਾ। LEADER ਦਾ ਅਰਥ ਹੈ ਸਥਾਨਕ ਨਾਗਰਿਕਾਂ ਦੀ ਆਵਾਜ਼ ਨੂੰ ਸੁਣਨਾ ਅਤੇ ਸਰਕਾਰ ਦੇ ਉੱਪਰਲੇ ਪੱਧਰਾਂ ਦੀ ਮਦਦ ਨਾਲ ਅਪਣੇ ਭਵਿੱਖ ਨੂੰ ਸੰਵਾਰਣ ਵਿਚ ਇਨ੍ਹਾਂ ਦੀ ਭਾਗੀਦਾਰੀ ਨੂੰ ਵਧਾਉਣਾ।

## ਸਥਾਨਕ ਸਵੈ-ਸ਼ਾਸਨ ਦੀ ਬਣਤਰ ਅਤੇ ਜ਼ਿੰਮੇਵਾਰੀਆਂ

### (i) ਬਰਤਾਨੀਆ (ਯੂ. ਕੇ.)

ਬਰਤਾਨੀਆ ਦੇ ਸਰਕਾਰੀ ਤੰਤਰ ਦੇ ਤਿੰਨ ਪੱਧਰ ਹਨ-ਕੌਮੀ, ਖੇਤਰੀ ਅਤੇ ਸਥਾਨਕ। ਕੇਂਦਰੀ ਸਰਕਾਰ ਤੋਂ ਇਲਾਵਾ ਉੱਥੇ 9 ਇਲਾਕਾਈ ਕੌਂਸਲਾਂ, 34 ਕਾਊਂਟੀ ਕੌਂਸਲਾਂ, 47 ਇੰਗਲਿਸ਼ ਸ਼ਾਇਰ ਯੂਨੀਟਰੀ ਕੌਂਸਲਾਂ, 36 ਮੈਟਰੋਪਾਲਿਟਨ ਜ਼ਿਲ੍ਹਾ ਕੌਂਸਲਾਂ ਅਤੇ 238 ਜ਼ਿਲ੍ਹਾ ਕੌਂਸਲਾਂ ਹਨ। ਖੇਤਰੀ ਪੱਧਰ ਤੇ ਗ੍ਰੇਟਰ ਲੰਦਨ ਅਥਾਰਟੀ ਵਿਚ 33 ਲੰਦਨ ਬੋਰੋ ਜਾਂ ਵੰਡਾਂ ਹਨ ਜਿਨ੍ਹਾਂ ਵਿਚ ਲੰਦਨ ਸ਼ਹਿਰ ਵੀ ਸ਼ਾਮਿਲ ਹੈ। ਬਰਤਾਨੀਆ ਵਿੱਚ ਸਥਾਨਕ ਸ਼ਾਸਨ ਦਾ ਮੁਖੀ ਉਪ-ਪ੍ਰਧਾਨ ਮੰਤਰੀ ਹੁੰਦਾ ਹੈ।

**ਕਾਊਂਟੀ ਪ੍ਰਸ਼ਾਸਨ ਦੀਆਂ ਜ਼ਿੰਮੇਵਾਰੀਆਂ:** ਕਾਊਂਟੀ ਕੌਂਸਲਾਂ ਸਿੱਖਿਆ, ਆਵਾਜਾਈ, ਢੋ-ਢੁਆਈ ਅਤੇ ਰਾਜ ਮਾਰਗਾਂ, ਸਮਾਜਕ ਸੇਵਾਵਾਂ, ਕੂੜੇ ਕਰਕਟ ਹਟਾਉਣ ਦੇ ਪ੍ਰਬੰਧ, ਪੁਸਤਕਾਲਿਆਂ, ਉਪਭੋਗਤਾ ਦੇ ਹੱਕਾਂ ਦੀ ਰੱਖਿਆ, ਅੱਗ ਬੁਝਾਊ ਸੇਵਾਵਾਂ, ਅਮਨ-ਕਾਨੂੰਨ ਬਣਾਈ ਰੱਖਣ, ਸ਼ਹਿਰੀ ਵਿਉਂਤਬੰਦੀ*, ਅਜਾਇਬ ਘਰਾਂ, ਪਾਰਕਾਂ ਅਤੇ ਮਨੋਰੰਜਨ ਦੀਆਂ ਸਹੂਲਤਾਂ* ਲਈ ਜ਼ਿੰਮੇਵਾਰ ਹੁੰਦੀਆਂ ਹਨ।(*ਚਿੰਨ੍ਹ ਵਾਲੀਆਂ ਜ਼ਿੰਮੇਵਾਰੀਆਂ ਵਿੱਚ ਹੋਰ ਪੱਧਰਾਂ ਦਾ ਵੀ ਸਹਿਯੋਗ ਹੁੰਦਾ ਹੈ)।

**ਜ਼ਿਲ੍ਹਾ ਪ੍ਰਸ਼ਾਸਨ ਦੀਆਂ ਜ਼ਿੰਮੇਵਾਰੀਆਂ:** ਜ਼ਿਲ੍ਹਾ ਕੌਂਸਲਾਂ ਮਕਾਨ ਉਸਾਰੀ, ਸਿਹਤ ਸੰਭਾਲ, ਪ੍ਰਦੂਸ਼ਣ ਵਿਰੋਧੀ ਉਪਰਾਲਿਆਂ, ਉਸਾਰੀ ਨੂੰ ਨਿਯਮਿਤ ਕਰਨ, ਕੂੜਾ ਕਰਕਟ ਇਕੱਠਾ ਕਰਨ, ਸ਼ਹਿਰੀ ਵਿਉਂਤਬੰਦੀ*, ਅਜਾਇਬ ਘਰਾਂ, ਪਾਰਕਾਂ ਅਤੇ ਮਨੋਰੰਜਨ ਦੀਆਂ ਸਹੂਲਤਾਂ* ਲਈ ਜ਼ਿੰਮੇਵਾਰ ਹੁੰਦੀਆਂ ਹਨ।(*ਚਿੰਨ ਵਾਲੀਆਂ ਜ਼ਿੰਮੇਵਾਰੀਆਂ ਵਿੱਚ ਹੋਰ ਪੱਧਰਾਂ ਦਾ ਵੀ ਸਹਿਯੋਗ ਹੁੰਦਾ ਹੈ)। ਕੁੱਝ ਇਲਾਕਿਆਂ, ਖਾਸ ਕਰਕੇ ਸ਼ਹਿਰੀ ਇਲਾਕਿਆਂ ਵਿੱਚ ਇਨ੍ਹਾਂ ਕੰਮਾਂ ਦੀ ਜ਼ਿੰਮੇਵਾਰੀ ਸਥਾਨਕ ਸ਼ਾਸਨ ਦੇ ਇੱਕੋ ਏਕੀਕ੍ਰਿਤ ਪੱਧਰ ਦੀ ਹੁੰਦੀ ਹੈ।

ਇੰਗਲੈਂਡ ਵਿਚ ਪੈਰਿਸ਼ ਕੌਂਸਲਾਂ ਅਤੇ ਵੇਲਜ਼ ਵਿਚ ਕਮਿਊਨਿਟੀ ਕੌਂਸਲਾਂ ਰਿਹਾਇਸ਼ੀ ਇਲਾਕਿਆਂ, ਸਰਵਜਨਕ ਭਵਨਾਂ*, ਮੁੱਖ ਮਾਰਗਾਂ,* ਸ਼ਹਿਰੀ ਵਿਉਂਤਬੰਦੀ*, ਖੇਡਾਂ ਲਈ ਬਿਨਾਂ ਇਮਾਰਤ ਵਾਲੀਆਂ ਸਹੂਲਤਾਂ*, ਕਬਰਸਤਾਨਾਂ* ਅਤੇ ਕਾਰ ਪਾਰਕਿੰਗਾਂ ਆਦਿ ਦੀ ਮੰਜ਼ੂਰੀ ਦੇਣ ਲਈ ਅਤੇ ਰਾਤ ਨੂੰ ਜਲਣ ਵਾਲੀਆਂ ਬੱਤੀਆਂ ਅਤੇ ਸੜਕ ਕਿਨਾਰੇ ਦੀਆਂ ਪਟੜੀਆਂ ਦੀ ਸਾਂਭ ਸੰਭਾਲ* ਲਈ ਜ਼ਿੰਮੇਵਾਰ ਹੁੰਦੀਆਂ ਹਨ। (*ਚਿੰਨ੍ਹ ਵਾਲੀਆਂ ਜ਼ਿੰਮੇਵਾਰੀਆਂ ਜ਼ਿਲ੍ਹਾ ਕੌਂਸਲਾਂ ਦੇ ਸਹਿਯੋਗ ਨਾਲ ਨਿਭਾਈਆਂ ਜਾਂਦੀਆਂ ਹਨ)।

ਬਰਤਾਨੀਆਂ ਵਿਚ ਸ਼ਹਿਰੀ ਕੌਂਸਲਾਂ ਅਤੇ ਦਿਹਾਤੀ ਕੌਂਸਲਾਂ ਵਰਗੀ ਕੋਈ ਵੰਡ ਨਹੀਂ। ਉੱਥੋਂ ਦੀ ਸ਼ਾਸਨ ਪ੍ਰਣਾਲੀ ਭੂਗੋਲਕ ਅਧਾਰ ਤੇ ਬਣੀਆਂ ਹੋਈਆਂ ਸ਼ਹਿਰ, ਜ਼ਿਲ੍ਹਾ ਤੇ ਕਾਊਂਟੀ ਕੌਂਸਲਾਂ ਦੁਆਰਾ ਸ਼ਹਿਰੀ ਤੇ ਦਿਹਾਤੀ, ਦੋਵੇਂ ਇਲਾਕਿਆਂ ਵਿਚ ਸ਼ਹਿਰੀ ਸਹੂਲਤਾਂ ਮੁਹੱਈਆ ਕਰਾਉਂਦੀ ਹੈ।

ਇਲਾਕੇ ਦੀ ਆਰਥਕ, ਸਮਾਜਕ ਅਤੇ ਪਰਿਆਵਰਣ ਸੰਬੰਧੀ ਭਲਾਈ ਵਿਚ ਵਾਧਾ ਕਰਨ ਦੀ ਜ਼ਿੰਮੇਵਾਰੀ ਸਾਰੀਆਂ ਕੌਂਸਲਾਂ ਦੀ ਹੁੰਦੀ ਹੈ। ਜ਼ਿਲ੍ਹਿਆਂ ਦੀ ਜ਼ਿੰਮੇਵਾਰੀ ਫੁਰਸਤ ਦੇ ਪਲਾਂ ਦੌਰਾਨ ਮਨੋਰੰਜਨ, ਪਰਿਆਵਰਣ ਦੀ ਸਿਹਤ, ਰਿਹਾਇਸ਼ੀ ਮਕਾਨਾਂ, ਕੂੜਾ ਕਰਕਟ ਇਕੱਠਾ ਕਰਨ ਅਤੇ ਸਥਾਨਕ ਸੜਕਾਂ ਸੰਬੰਧੀ ਹੁੰਦੀ ਹੈ। ਕਾਊਂਟੀਆਂ ਦੀ ਜ਼ਿੰਮੇਵਾਰੀ ਸਿੱਖਿਆ, ਪੁਸਤਕਾਲਿਆਂ, ਮੁੱਖ ਸੜਕਾਂ, ਸਮਾਜਕ ਸੇਵਾਵਾਂ, ਵਪਾਰ ਦੇ ਮਾਨਦੰਡਾਂ ਅਤੇ ਢੋ-ਢੁਆਈ ਵਰਗੇ ਵਧੇਰੇ ਮਹੱਤਵ ਵਾਲੇ ਕੰਮਾਂ ਸੰਬੰਧੀ ਹੁੰਦੀ ਹੈ। ਏਕੀਕ੍ਰਿਤ ਸੰਸਥਾਵਾਂ ਇਨ੍ਹਾਂ ਸਾਰੇ ਕੰਮਾਂ ਨੂੰ ਪੂਰਾ ਕਰਦੀਆਂ ਹਨ।

ਕੌਂਸਲਰ ਭੂਗੋਲਕ ਵਾਰਡਾਂ ਦੇ ਨੁਮਾਇੰਦੇ ਹੁੰਦੇ ਹਨ ਅਤੇ ਉਨ੍ਹਾਂ ਦਾ ਸੇਵਾ ਕਾਲ ਚਾਰ ਸਾਲ ਦਾ ਹੁੰਦਾ ਹੈ। ਵਸੋਂ ਦੇ ਮੁਤਾਬਕ ਇੱਕੋ ਵਾਰਡ ਦੇ ਇੱਕ, ਦੋ ਜਾਂ ਤਿੰਨ ਨੁਮਾਇੰਦੇ ਵੀ ਹੋ ਸਕਦੇ ਹਨ। ਕਾਊਂਟੀ ਕੌਂਸਲਾਂ, ਲੰਦਨ ਦੇ ਬੋਰੋ ਅਤੇ ਸਕਾਟਲੈਂਡ ਅਤੇ ਵੇਲਜ਼ ਦੀਆਂ ਏਕੀਕ੍ਰਿਤ ਸੰਸਥਾਵਾਂ ਹਰ ਚਾਰ ਸਾਲ ਬਾਦ ਅਪਣੇ ਕੌਂਸਲਰਾਂ ਦੀ ਚੋਣ ਕਰਦੀਆਂ ਹਨ। ਮੈਟਰੋਪਾਲਿਟਨ ਜ਼ਿਲ੍ਹੇ ਚਾਰਾਂ ਵਿੱਚੋਂ ਤਿੰਨ ਸਾਲ (ਜਿਹੜੇ ਕਾਊਂਟੀ ਚੋਣ ਦੇ ਸਾਲ ਨਹੀਂ ਹੁੰਦੇ) ਹਰ ਸਾਲ ਅਪਣੀਆਂ ਕੌਂਸਲਾਂ ਦੇ ਇਕ ਤਿਹਾਈ ਹਿੱਸੇ ਦੀ ਚੋਣ ਕਰਦੇ ਹਨ।

ਸਾਰੇ ਅਧਿਕਾਰ ਅਤੇ ਕਾਰਜਕਾਰੀ ਸ਼ਕਤੀਆਂ ਚੁਣੀਆਂ ਹੋਣੀਆਂ ਕੌਂਸਲਾਂ ਪਾਸ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਉਪਯੋਗ ਆਮ ਕਰਕੇ ਕੌਂਸਲਾਂ ਦੀਆਂ ਕਮੇਟੀਆਂ ਜਾਂ ਸਬ-ਕਮੇਟੀਆਂ ਰਾਹੀਂ ਹੁੰਦਾ ਹੈ। ਚੁਣੀਆਂ ਹੋਣੀਆਂ ਅਨੇਕ ਸੰਸਥਾਵਾਂ ਨੂੰ ਅਧਿਕਾਰ ਸੌਂਪੇ ਜਾਣਾ ਹੀ ਬਰਤਾਨੀਆਂ ਦੇ ਸਥਾਨਕ ਸਵੈ-ਸ਼ਾਸਨ ਦਾ ਮੂਲ ਮੁੱਦਾ ਹੈ। ਸਮੁਦਾ ਨੂੰ ਵੱਡੇ ਪੱਧਰ ਤੇ ਅਤੇ ਖੁੱਲ੍ਹ ਦਿਲੀ ਨਾਲ ਚਰਚਾਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਨਤੀਜੇ ਵਜੋਂ ਇੱਥੋਂ ਦੇ ਲੋਕਤੰਤਰ ਵਿਚ ਨਾਗਰਿਕਾਂ ਦੀ ਹਿੱਸੇਦਾਰੀ ਹੋ ਜਾਂਦੀ ਹੈ। ਉਹ ਸ਼ਹਿਰੀ ਅਤੇ ਦਿਹਾਤੀ ਦੋਵੇਂ ਇਲਾਕਿਆਂ ਵਿਚ ਦਿਲਚਸਪੀ ਲੈਂਦੇ ਹਨ।

## ਲੈਸਟਰ ਦੀ ਨਗਰ ਕੌਂਸਲ

ਲੈਸਟਰ ਈਸਟ ਮਿਡਲੈਂਡਜ਼ ਦੇ ਪ੍ਰਸ਼ਾਸਨਿਕ ਖੇਤਰ ਦਾ ਸਭ ਤੋਂ ਵੱਡਾ ਅਤੇ ਬਰਤਾਨੀਆ ਦਾ ਦਸਵਾਂ ਸਭ ਤੋਂ ਵੱਡਾ ਸ਼ਹਿਰ ਹੈ। ਇਸ ਦਾ ਸ਼ਾਸਨ ਇੱਕ ਸੰਵਿਧਾਨ ਅਨੁਸਾਰ ਚਲਾਇਆ ਜਾਂਦਾ ਹੈ ਜਿਸਨੂੰ 16 ਧਰਾਵਾਂ ਵਿਚ ਵੰਡਿਆ ਹੋਇਆ ਹੈ। ਨਗਰ ਕੌਂਸਲ ਵਿਚ 54 ਕੌਂਸਲਰ ਹਨ ਜੋ ਕੌਂਸਲ ਦੀਆਂ ਨੀਤੀਆਂ ਦਾ ਸਮੁੱਚੇ ਤੌਰ ਤੇ ਫੈਸਲਾ ਕਰਨ ਅਤੇ ਇਸ ਦਾ ਬਜਟ ਮੰਜੂਰ ਕਰਨ ਲਈ ਹਰ ਸਾਲ ਇਕੱਤਰ ਹੁੰਦੇ ਹਨ। ਕੌਂਸਲ ਇਕ ਕੈਬਨਿਟ ਦੀ ਚੋਣ ਕਰਦੀ ਹੈ ਜਿਸ ਵਿਚ ਲਾਰਡ ਮੇਅਰ ਚੁਣੇ ਹੋਏ ਕੌਂਸਲਰ ਸਮੇਤ 10 ਕੌਂਸਲਰ ਹੁੰਦੇ ਹਨ। ਕੈਬਨਿਟ ਦਾ ਕੰਮ ਕੌਂਸਲ ਵੱਲੋਂ ਨੀਤੀ ਨੂੰ ਨਿਰਧਾਰਣ ਕਰਨਾ ਅਤੇ ਲਾਗੂ ਕਰਨਾ ਹੁੰਦਾ ਹੈ।

ਲੈਸਟਰ ਨਗਰ ਕੌਂਸਲ ਪਾਰਕਾਂ ਅਤੇ ਖੇਡ ਦੇ ਮੈਦਾਨਾਂ ਦੀ ਸਾਂਭ ਸੰਭਾਲ ਵਰਗੀਆ ਫੁਰਸਤ ਦਾ ਆਨੰਦ ਦੇ ਸਕਣ ਵਾਲੀਆਂ ਸਹੂਲਤਾਂ ਮੁਹੱਈਆ ਕਰਵਾਉਣ, ਪੁਰਾਣੇ ਰਿਹਾਇਸ਼ੀ ਮਕਾਨਾਂ ਦਾ ਕਾਇਆ ਪਲਟ ਕਰਨ, ਬੇਘਰਿਆਂ ਵਾਸਤੇ ਮਕਾਨ ਉਪਲਬਧ ਕਰਵਾਉਣ ਅਤੇ ਬੇਘਰਿਆਂ ਅਤੇ ਬਜ਼ੁਰਗਾਂ ਲਈ ਖਾਣਾ ਅਤੇ ਨਾਸ਼ਤਾ ਉਪਲਬਧ ਕਰਵਾਉਣ ਵਿਚ ਗਹਿਰੀ ਦਿਲਚਸਪੀ ਲੈ ਰਹੀ ਹੈ। ਜਲ-ਪੂਰਤੀ, ਗੰਦੀਆਂ ਨਾਲੀਆਂ ਦਾ ਪ੍ਰਬੰਧ, ਸਫਾਈ, ਘਰਾਂ ਦੇ ਕੂੜੇ ਕਰਕਟ ਨੂੰ ਚੁੱਕ ਕੇ ਉਸ ਦੀ ਢੋ ਢੁਆਈ ਅਤੇ ਉਸਨੂੰ ਟਿਕਾਣੇ ਲਗਾਉਣ ਵਰਗੀਆਂ ਸ਼ਹਿਰੀ ਸਹੂਲਤਾਂ ਦੀ ਜ਼ਿੰਮੇਵਾਰੀ ਨਿੱਜੀ ਖੇਤਰ ਨੂੰ ਸੌਂਪੀ ਗਈ ਹੈ ਅਤੇ ਨਾਗਰਿਕ ਵੱਖ-ਵੱਖ ਅਧਿਕਾਰੀਆਂ ਦੁਆਰਾ ਨਿਯਮਿਤ ਕੀਤੀਆਂ ਗਈਆਂ ਦਰਾਂ ਦੇ ਅਧਾਰ ਤੇ ਸੰਬੰਧਿਤ ਕੰਪਨੀਆਂ ਨੂੰ ਸਿੱਧੇ ਤੌਰ ਤੇ ਭੁਗਤਾਨ ਕਰਦੇ ਹਨ।

ਇਹ ਸਿੱਖਿਆ, ਸੜਕਾਂ ਦੀ ਉਸਾਰੀ ਤੇ ਸਾਂਭ ਸੰਭਾਲ, ਪੁਸਤਕਾਲੇ ਅਤੇ ਪੜ੍ਹਨ ਦੇ ਕਮਰੇ ਅਤੇ ਸਮਾਜਕ ਦੇਖ ਭਾਲ ਜਿਹੀਆਂ ਸਹੂਲਤਾਂ ਵੀ ਮੁਹੱਈਆ ਕਰਾਉਂਦੀ ਹੈ।

ਸਾਰੇ ਪੱਧਰਾਂ ਤੇ ਸਥਾਨਕ ਸਵੈ-ਸ਼ਾਸਨ ਦੀਆਂ ਜਿੰਮੇਵਾਰੀਆਂ ਵਿੱਚ ਕਰ ਇੱਕਠੇ ਕਰਨਾ, ਸਥਾਨਕ ਯੋਜਨਾਬੰਦੀ, ਪਰਿਆਵਰਣ ਦੀ ਸਿਹਤ, ਮਨੋਰੰਜਨ, ਫੁਰਸਤ ਦੇ ਅਨੰਦ ਲਈ ਸਹੂਲਤਾਂ ਅਤੇ ਮਕਾਨ ਮੁਹੱਈਆ ਕਰਵਾਉਣਾ ਸ਼ਾਮਿਲ ਹੁੰਦੇ ਹਨ। ਸਾਰੇ ਜ਼ਿਲ੍ਹਾ ਅਤੇ ਕਾਊਂਟੀ ਕੌਂਸਲਾਂ ਦੇ ਅਪਣੇ ਸੰਵਿਧਾਨ ਹੁੰਦੇ ਹਨ।ਬਰਤਾਨੀਆਂ ਦੀਆਂ ਸਾਰੀਆਂ ਕੌਂਸਲਾਂ ਸਾਮ੍ਹਣੇ, ਭਾਵੇਂ ਉਹ ਸ਼ਹਿਰੀ ਹੋਣ ਜਾਂ ਦੇਹਾਤੀ, ਉਹੀ ਨਹੀਂ ਤਾਂ ਘੱਟੋ-ਘੱਟ ਇੱਕੋ ਜਿਹੇ ਪ੍ਰਬੰਧਕੀ ਮੁੱਦੇ ਹੀ ਹੁੰਦੇ ਹਨ।

## ਰਟਲੈਂਡ ਦਿਹਾਤੀ ਕਾਊਂਟੀ ਕੌਂਸਲ:

ਰਟਲੈਂਡ ਕਾਊਂਟੀ ਕੌਂਸਲ ਭਾਵੇਂ ਇੱਕ ਦਿਹਾਤੀ ਕਾਊਂਟੀ ਕੌਂਸਲ ਹੈ ਪਰ ਇਸ ਦੇ ਅਧਿਕਾਰ ਖੇਤਰ ਵਿੱਚ ਬਹੁਤ ਸਾਰੇ ਸ਼ਹਿਰੀ ਕਾਊਂਟੀ ਤਹਿਤ ਆਉਣ ਵਾਲੇ ਨਗਰ ਵੀ ਹਨ, ਜਿਵੇਂ ਕਿ ਮੈਲਟਨ, ਲਫਬੋਰੋ, ਬੈੱਲ ਫਾਊਂਡਰੀ,

ਹਾਰਬੋਰੋ, ਓਕਹਾਮ ਅਤੇ ਐਸ਼ਬਾਈ। ਰਟਲੈਂਡ ਕਾਊਂਟੀ ਕੌਂਸਲ ਉਹੀ ਸੇਵਾਵਾਂ ਉਪਲਬਧ ਕਰਵਾਉਂਦੀ ਹੈ ਜਿਹੜੀਆਂ ਸ਼ਹਿਰੀ ਕਾਊਂਟੀਆਂ ਵਿੱਚ ਆਉਣ ਵਾਲੇ ਨਗਰਾਂ ਵਿੱਚ ਮਿਲਦੀਆਂ ਹਨ।

ਏਸ ਕਾਊਂਟੀ ਕੌਂਸਲ ਦੀ ਸਫਲਤਾ ਦਾ ਕਾਰਣ ਇਹ ਹੈ ਕਿ ਇਸਨੇ ਜਲ-ਪੂਰਤੀ, ਗੰਦੇ ਜਲ ਦਾ ਨਿਕਾਸੀ ਤੇ ਕੂੜੇ ਕਰਕਟ ਨੂੰ ਹਟਾਉਣ ਵਰਗੇ ਕੰਮ ਨਿੱਜੀ ਖੇਤਰ ਦੇ ਸੰਗਠਨਾਂ ਨੂੰ ਸੌਂਪ ਦਿੱਤੇ ਹਨ ਜਿਹੜੇ ਉਪਭੋਗਤਾਵਾਂ ਤੋਂ ਸਿੱਧੇ ਤੌਰ ਤੇ ਖਰਚੇ ਵਸੂਲਦੇ ਹਨ। ਏਸ ਕਰਕੇ ਰਟਲੈਂਡ ਕਾਊਂਟੀ ਕੌਂਸਲ ਸਮਾਜਕ ਅਤੇ ਭਲਾਈ ਦੇ ਹੋਰ ਕੰਮਾਂ ਵੱਲ ਜ਼ਿਆਦਾ ਧਿਆਨ ਦੇ ਸਕੀ ਹੈ ਜਿਨ੍ਹਾਂ ਵਿੱਚ ਘੱਟ ਕੀਮਤ ਤੇ ਮਿਲ ਸਕਣ ਵਾਲੇ ਮਕਾਨ ਮੁਹੱਈਆ ਕਰਾਉਣੇ, ਸੜਕਾਂ ਦੀ ਸਾਂਭ-ਸੰਭਾਲ ਕਰਨੀ ਅਤੇ ਭਲਾਈ ਦੇ ਹੋਰ ਕੰਮ, ਖਾਸ ਕਰਕੇ ਬੱਚਿਆਂ, ਬਜ਼ੁਰਗਾਂ ਅਤੇ ਅਪੰਗ ਵਿਅਕਤੀਆਂ ਦੀ ਦੇਖ ਭਾਲ ਕਰਨਾ ਸ਼ਾਮਿਲ ਹਨ।

### (ii) ਬੈਲਜੀਅਮ:

ਬੈਲਜੀਅਮ 1830 ਵਿਚ ਨੀਂਦਰਲੈਂਡ ਤੋਂ ਆਜ਼ਾਦ ਹੋ ਗਿਆ ਪਰ ਵਿਸ਼ਵ ਯੁੱਧ ਪਹਿਲੇ ਅਤੇ ਦੂਜੇ ਦੌਰਾਨ ਇਸ ਤੇ ਜਰਮਨੀ ਦਾ ਕਬਜ਼ਾ ਰਿਹਾ। ਪਿਛਲੀ ਅੱਧੀ ਸਦੀ ਦੌਰਾਨ ਇਸ ਨੇ ਇੱਕ ਆਧੁਨਿਕ ਅਤੇ ਤਕਨੀਕੀ ਤੌਰ ਤੇ ਉੱਨਤ ਯੂਰਪੀ ਦੇਸ਼ ਵਜੋਂ ਖੁਸ਼ਹਾਲੀ ਪ੍ਰਾਪਤ ਕੀਤੀ ਹੈ ਅਤੇ ਅੱਜ ਕੱਲ੍ਹ ਇਹ ਯੂਰਪੀ ਯੂਨੀਅਨ ਦਾ ਸਦੱਸ ਹੈ। ਮੱਧ ਯੁੱਗ ਤੋਂ ਹੀ ਬੈਲਜੀਅਮ ਦੁਨੀਆਂ ਦੇ ਸਭ ਤੋਂ ਸਿਮਰਿੱਧ ਅਤੇ ਵਿਕਸਿਤ ਇਲਾਕਿਆਂ ਵਿੱਚ ਸ਼ਾਮਿਲ ਰਿਹਾ ਹੈ। ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਦੀ ਅੱਧੀ ਸਦੀ ਦੌਰਾਨ ਇਹ ਦੇਸ਼ ਦੁਨੀਆਂ ਦੀ ਚੌਥੀ ਆਰਥਕ ਸ਼ਕਤੀ ਸਮਝਿਆ ਜਾਂਦਾ ਸੀ। ਬੈਲਜੀਅਮ ਦੀ ਸੰਪਤੀ ਦਾ ਕਾਰਣ ਇਸ ਦੇ ਕੁਦਰਤੀ ਸਾਧਨ ਨਹੀਂ ਜੋ ਕਿ ਬਹੁਤ ਹੀ ਘੱਟ ਹਨ; ਇਸ ਦਾ ਕਾਰਣ ਉਦਯੋਗਿਕ ਵਿਕਾਸ ਅਤੇ ਵਪਾਰ ਹਨ ਜਿਨ੍ਹਾਂ ਨੂੰ ਪੱਛਮੀ ਯੂਰਪ ਵਿਚ ਇਸ ਦੀ ਭੂਗੋਲਕ ਸਥਿਤੀ ਤੋਂ ਬਹੁਤ ਲਾਭ ਹੋਇਆ ਹੈ। ਉੱਤਰ ਵਿਚ ਡੱਚ ਬੋਲਣ ਵਾਲੇ ਫਲੈਮਿੰਗ ਅਤੇ ਦੱਖਣ ਵਿੱਚ ਫਰਾਂਸੀਸੀ ਬੋਲਣ ਵਾਲੇ ਵੌਲੂਨਾਂ ਵਿਚਲੇ ਤਣਾਅ ਕਰਕੇ ਕਈ ਸੰਵਿਧਾਨਕ ਸੋਧਾਂ ਹੋਈਆਂ ਜਿਨ੍ਹਾਂ ਨਾਲ ਇਨ੍ਹਾਂ ਖੇਤਰਾਂ ਨੂੰ ਮਾਨਤਾ ਅਤੇ ਖੁਦਮੁਖਤਾਰੀ ਮਿਲੀ ਹੈ।

ਬੈਲਜੀਅਮ ਦਾ ਸਰਕਾਰੀ ਢਾਂਚਾ ਸੰਘੀ ਹੈ ਜੋ ਕਈ ਸਮੂਹਾਂ ਅਤੇ ਖੇਤਰਾਂ ਨੂੰ ਮਿਲਾ ਕੇ ਬਣਿਆ ਹੋਇਆ ਹੈ। ਇਹ ਅੱਗੇ ਤਿੰਨ ਪੱਧਰਾਂ ਵਿੱਚ ਵੰਡਿਆ ਹੋਇਆ ਹੈ ਜਿਸ ਦੇ ਸਿਖਰ ਤੇ ਖੇਤਰ ਅਤੇ ਸਮੂਹ, ਮੱਧ ਵਿਚ ਪ੍ਰਾਂਤ ਅਤੇ ਸਥਾਨਕ ਪੱਧਰ ਤੇ ਮਿਉਂਸਿਪਲਟੀਆਂ ਆਉਂਦੀਆਂ ਹਨ। ਸਮੂਹਾਂ ਵਿਚ ਫਰਾਂਸੀਸੀ, ਫਲੈਮਿਸ਼ ਅਤੇ ਜਰਮਨ ਬੋਲਣ ਵਾਲੇ ਲੋਕ ਹਨ। ਖੇਤਰ ਵੀ ਤਿੰਨ ਹਨ: ਵੌਲੂਨ, ਫਲੈਮਿਸ਼ ਅਤੇ ਬਰੱਸਲਜ਼। ਦੋਵੇਂ ਵੌਲੂਨ ਅਤੇ ਫਲੈਮਿਸ਼ ਖੇਤਰਾਂ ਵਿਚ ਪੰਜ-ਪੰਜ ਪ੍ਰਾਂਤ ਹਨ। ਕੁੱਲ ਮਿਲਾ ਕੇ ਬੈਲਜੀਅਮ ਵਿਚ 589 ਮਿਉਂਸਿਪਲਟੀਆਂ ਹਨ ਜਿਨ੍ਹਾਂ ਵਿਚੋਂ 262 ਵੌਲੂਨ ਖੇਤਰ ਵਿੱਚ, 308 ਫਲੈਮਿਸ਼ ਖੇਤਰ ਵਿਚ ਅਤੇ 19 ਬਰੱਸਲਜ਼ ਦੇ ਰਾਜਧਾਨੀ ਖੇਤਰ ਵਿੱਚ ਹਨ।

ਖੇਤਰਾਂ ਪਾਸ ਪ੍ਰਾਂਤਾਂ, ਮਿਉਂਸਿਪਲਟੀਆਂ, ਮਿਉਂਸਿਪਲਟੀਆਂ ਦੇ ਸਮੂਹਾਂ ਅਤੇ ਸ਼ਹਿਰੀ ਅਬਾਦੀਆਂ ਦੇ ਸਮੂਹਾਂ ਦੇ ਪ੍ਰਸ਼ਾਸਨ ਦੀ ਆਮ ਨਿਗਰਾਨੀ ਦੀਆਂ ਕਾਨੂੰਨੀ ਸ਼ਕਤੀਆਂ ਹਨ। ਮਿਉਂਸਿਪਲ ਸ਼ਾਸਨ ਸ਼ਕਤੀਸ਼ਾਲੀ ਰਾਜਨੀਤਕ ਇਕਾਈਆਂ ਹਨ ਜਿਨ੍ਹਾਂ ਪਾਸ ਸਰਕਾਰ ਦੇ ਉੱਪਰਲੇ ਪੱਧਰਾਂ ਦੁਆਰਾ ਸੌਂਪੇ ਗਏ ਕੰਮਾਂ ਨੂੰ ਪੂਰਾ ਕਰਨ ਦੀਆਂ ਸ਼ਕਤੀਆਂ ਹੁੰਦੀਆਂ ਹਨ।

ਸੰਵਿਧਾਨ ਦੀ ਧਾਰਾ-41 ਅਨੁਸਾਰ "ਨਿਰੋਲ ਮਿਉਂਸਿਪਲ ਜਾਂ ਪ੍ਰਾਂਤੀ ਪ੍ਰਕਿਰਤੀ ਦੇ ਹਿੱਤਾਂ ਦੀ ਪੂਰਤੀ ਸੰਵਿਧਾਨ ਦੁਆਰਾ ਨਿਸ਼ਚਿਤ ਕੀਤੇ ਗਏ ਸਿਧਾਂਤਾਂ ਅਨੁਸਾਰ ਮਿਉਂਸਿਪਲ ਜਾਂ ਪ੍ਰਾਂਤੀ ਕੌਂਸਲਾਂ ਦੁਆਰਾ ਕੀਤੀ ਜਾਏਗੀ।" ਸਥਾਨਕ ਸ਼ਾਸਨ ਕਾਨੂੰਨੀ ਢਾਂਚੇ ਦੇ ਤਹਿਤ ਕਰਮਚਾਰੀਆਂ ਦੀ ਨੌਕਰੀ ਲਈ ਅਪਣੇ ਹੀ ਨਿਯਮ ਬਣਾਉਂਦੇ ਹਨ ਅਤੇ ਉਨ੍ਹਾਂ ਦੀ ਭਰਤੀ ਅਤੇ ਪਦ-ਉੱਨਤੀ ਦੀਆਂ ਸ਼ਰਤਾਂ ਵੀ ਤੈਅ ਕਰਦੇ ਹਨ।

**ਖਾਕਾ–2**

**ਬੈਲਜੀਅਮ ਦੀ ਸਰਕਾਰ ਦੇ ਸੰਘੀ ਢਾਂਚੇ ਦੀ ਬਣਤਰ**

<table>
<tr><th></th><th>ਪੱਧਰ</th><th colspan="5">ਸੰਸਥਾਵਾਂ</th></tr>
<tr><td>I</td><td>ਸੰਘੀ ਪੱਧਰ ਤੇ</td><td colspan="5">1. ਰਾਜਾ<br>2. ਪ੍ਰਤਿਨਿਧਾਂ ਦਾ ਸਦਨ<br>3. ਸੈਨੇਟ<br>4. ਸੰਘੀ ਸਰਕਾਰ</td></tr>
<tr><td rowspan="2">II</td><td rowspan="2">ਸਮੂਹਾਂ ਦੇ ਪੱਧਰ ਤੇ</td><td rowspan="2">ਜਰਮਨ ਬੋਲਣ ਵਾਲਾ ਸਮੂਹ</td><td rowspan="2">ਫਰਾਂਸੀਸੀ ਸਮੂਹ</td><td colspan="2">ਸੰਯੁਕਤ ਸਮੂਹ ਕਮਿਸ਼ਨ</td><td rowspan="2">ਫਲੈਮਿਸ਼ ਸਮੂਹ ਸਮੂਹ ਦਾ ਕਮਿਸ਼ਨ</td></tr>
<tr><td>ਫਰਾਂਸੀਸੀ</td><td>ਫਲੈਮਿਸ਼ ਸਮੂਹ ਦਾ ਕਮਿਸ਼ਨ</td></tr>
<tr><td>III</td><td>ਖੇਤਰੀ ਪੱਧਰ ਤੇ</td><td colspan="2">ਵੌਲੂਨ ਖੇਤਰ</td><td colspan="2">ਬਰੱਸਲਜ਼–ਰਾਜਧਾਨੀ ਖੇਤਰ</td><td>ਫਲੈਮਿਸ਼ ਖੇਤਰ</td></tr>
<tr><td>IV</td><td>ਪ੍ਰਾਂਤੀ ਪੱਧਰ ਤੇ</td><td colspan="2">ਵੌਲੂਨ ਖੇਤਰ ਦੇ ਪੰਜ ਪ੍ਰਾਂਤ</td><td colspan="2">ਬਰੱਸਲਜ਼–ਰਾਜਧਾਨੀ ਦੋਭਾਸ਼ੀ ਇਲਾਕਾ</td><td>ਫਲੈਮਿਸ਼ ਖੇਤਰ ਦੇ ਪੰਜ ਪ੍ਰਾਂਤ</td></tr>
<tr><td>V</td><td>ਮਿਉਂਸਿਪਲ ਪੱਧਰ ਤੇ</td><td colspan="2">ਵੌਲੂਨ ਖੇਤਰ ਦੀਆਂ ਮਿਉਂਸਿਪਲਟੀਆਂ</td><td colspan="2">ਬਰੱਸਲਜ਼–ਰਾਜਧਾਨੀ ਖੇਤਰ ਦੀਆਂ 19 ਮਿਉਂਸਿਪਲਟੀਆਂ</td><td>ਫਲੈਮਿਸ਼ ਖੇਤਰ ਦੀਆਂ ਮਿਉਂਸਿਪਲਟੀਆਂ</td></tr>
</table>

ਕੇਂਦਰੀ ਸਰਕਾਰ ਤੋਂ ਛੁੱਟ ਉੱਥੇ ਸਮੂਹ ਕੌਂਸਲਾਂ (ਜਰਮਨ, ਫਰਾਂਸੀਸੀ ਅਤੇ ਫਲੈਮਿਸ਼ ਸਮੂਹਾਂ ਦੀਆਂ) ਅਤੇ ਇੱਕ ਸੰਯੁਕਤ ਸਮੂਹ ਕਮਿਸ਼ਨ ਹੈ। ਖੇਤਰੀ ਪੱਧਰ ਤੇ ਤਿੰਨ ਖੇਤਰ ਹਨ–ਵੌਲੂਨ ਖੇਤਰ, ਬਰੱਸਲਜ਼ ਰਾਜਧਾਨੀ ਖੇਤਰ ਅਤੇ ਫਲੈਮਿਸ਼ ਖੇਤਰ। ਪ੍ਰਾਂਤੀ ਪੱਧਰ ਤੇ ਦਸ ਪ੍ਰਾਂਤੀ ਕੌਂਸਲਾਂ ਹਨ–ਪੰਜ ਵੌਲੂਨ ਖੇਤਰ ਦੀਆਂ ਅਤੇ ਪੰਜ ਫਲੈਮਿਸ਼ ਖੇਤਰ ਦੀਆਂ। ਵੌਲੂਨ ਦੇ ਪ੍ਰਾਂਤਾਂ ਅਧੀਨ 262 ਮਿਉਂਸਿਪਲਟੀਆਂ ਹਨ, ਬਰੱਸਲਜ਼–ਰਾਜਧਾਨੀ ਖੇਤਰ ਅਧੀਨ 19 ਮਿਉਂਸਿਪਲਟੀਆਂ ਅਤੇ ਫਲੈਮਿਸ਼ ਖੇਤਰ ਦੇ ਪ੍ਰਾਂਤਾਂ ਅਧੀਨ 308 ਮਿਉਂਸਿਪਲਟੀਆਂ ਹਨ। ਸਾਰਣੀ–10 ਵਿੱਚ ਸਮੂਹਾਂ, ਖੇਤਰਾਂ, ਪ੍ਰਾਂਤਾਂ ਅਤੇ ਮਿਉਂਸਿਪਲਟੀਆਂ ਦੀ ਸੰਖਿਆ, ਔਸਤ ਅਕਾਰ ਅਤੇ ਜਨ–ਸੰਖਿਆ ਦਿੱਤੀ ਗਈ ਹੈ :

**ਸਾਰਣੀ–10**

**ਬੈਲਜੀਅਮ ਵਿੱਚ ਸਥਾਨਕ ਅਤੇ ਖੇਤਰੀ ਸ਼ਾਸਨ**

| ਸਥਾਨਕ ਅਤੇ ਖੇਤਰੀ ਸ਼ਾਸਨ | ਕੁੱਲ ਸੰਖਿਆ | ਔਸਤ ਅਕਾਰ (ਹੈਕਟੇਅਰਾਂ ਵਿੱਚ) | ਔਸਤ ਜਨ ਸੰਖਿਆ |
|---|---|---|---|
| ਸਮੂਹ | 3 | ਲਾਗੂ ਨਹੀਂ | ਲਾਗੂ ਨਹੀਂ |
| ਖੇਤਰ | 3 | 1017597 | 3376858 |
| ਪ੍ਰਾਂਤ | 10 | 246218 | 917899 |
| ਮਿਉਂਸਿਪਲਟੀਆਂ | 589 | 5120 | 17000 |

ਸਾਰਣੀ–11 ਵਿੱਚ ਬੈਲਜੀਅਮ ਦੀਆਂ ਮਿਉਂਸਿਪਲਟੀਆਂ ਦੀ ਜਨ–ਸੰਖਿਆ ਦਾ ਅਕਾਰ ਦਰਸਾਇਆ ਗਿਆ ਹੈ:

**ਸਾਰਣੀ-11**

**ਮਿਉਂਸਿਪਲਟੀਆਂ ਦੇ ਵਰਗ ਅਨੁਸਾਰ ਉਨ੍ਹਾਂ ਦੀ ਜਨ-ਸੰਖਿਆ**

| | ਜਨ-ਸੰਖਿਆ ਦਾ ਅਕਾਰ | ਏਸ ਜਨ-ਸੰਖਿਆ ਵਾਲੀਆਂ ਮਿਉਂਸਿਲਟੀਆਂ ਦੀ ਸੰਖਿਆ | ਪ੍ਰਤੀਸ਼ਤ |
|---|---|---|---|
| I | 0-1000 | 1 | 0.17 |
| II | 1001-5000 | 97 | 16.46 |
| III | 5001-10,000 | 167 | 28.35 |
| IV | 10,001-50,000 | 297 | 50.42 |
| V | 50001-100,000 | 19 | 3.22 |
| VI | 100,001-500,000 | 8 | 1.35 |

50% ਤੋਂ ਵੱਧ ਮਿਉਂਸਿਪਲਟੀਆਂ ਦੀ ਜਨ-ਸੰਖਿਆ 10,000 ਤੋਂ 50,000 ਵਿਚਕਾਰ ਹੈ ਅਤੇਜੇ II, III ਅਤੇ IV ਵਰਗ ਨੂੰ ਮਿਲਾ ਲਿਆ ਜਾਵੇ ਤਾਂ 95% ਮਿਉਂਸਿਪਲਟੀਆਂ ਦੀ ਜਨ-ਸੰਖਿਆ 1000 ਤੇ 50,000 ਵਿਚਕਾਰ ਪਾਈ ਜਾਂਦੀ ਹੈ।

### ਮਿਉਂਸਿਪਲ ਸ਼ਾਸਨ ਦੀ ਬਣਤਰ

ਮਿਉਂਸਿਪਲਟੀਆਂ ਦੀਆਂ ਮਿਉਂਸਿਪਲ ਕੌਂਸਲਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਸਿੱਧੇ ਚੁਣੇ ਗਏ ਸਦੱਸ, ਭਾਵ ਕੌਂਸਲਰ ਹੁੰਦੇ ਹਨ। ਕੌਂਸਲ ਦੇ ਸਦੱਸਾਂ ਦੀ ਸੰਖਿਆ ਮਿਉਂਸਿਪਲਟੀ ਦੀ ਜਨ-ਸੰਖਿਆ ਤੇ ਨਿਰਭਰ ਕਰਦੀ ਹੈ, ਪਰ ਫੇਰ ਵੀ ਇਹ ਹਮੇਸ਼ਾ ਟਾਂਕ ਹੁੰਦੀ ਹੈ। ਕਿਸੇ ਇੱਕ ਲਿੰਗ ਦੇ ਸਦੱਸਾਂ ਦੀ ਸੰਖਿਆ ਕੌਂਸਲ ਦੇ ਕੁੱਲ ਸਦੱਸਾਂ ਦੀ ਸੰਖਿਆ ਦੇ ਦੋ ਤਿਹਾਈ ਤੋਂ ਵੱਧ ਨਹੀਂ ਹੋ ਸਕਦੀ। ਚੋਣਾਂ ਹਰ ਛੇ ਸਾਲ ਬਾਦ ਅਕਤੂਬਰ ਦੇ ਦੂਸਰੇ ਐਤਵਾਰ ਨੂੰ ਹੁੰਦੀਆਂ ਹਨ। ਮਿਉਂਸਿਪਲ ਕੌਂਸਲਾਂ ਦੀ ਇਕੱਤਰਤਾ ਸਾਲ ਵਿੱਚ ਘੱਟੋ-ਘੱਟ ਦਸ ਵਾਰ ਹੁੰਦੀ ਹੈ।

ਮੇਅਰ ਅਤੇ ਐਲਡਰਮੈਂਨ (ਜੋ 2 ਤੋਂ 10 ਤੱਕ ਹੋ ਸਕਦੇ ਹਨ) ਮਿਲ ਕੇ ਕਾਰਜਕਾਰੀ ਬਣਾਉਂਦੇ ਹਨ ਜਿਸ ਦਾ ਕੰਮ ਦਿਨ-ਪ੍ਰਤੀ-ਦਿਨ ਦਾ ਪ੍ਰਬੰਧ ਚਲਾਉਣਾ ਅਤੇ ਕੌਂਸਲ ਦੁਆਰਾ ਲਏ ਗਏ ਫੈਸਲਿਆਂ ਨੂੰ ਲਾਗੂ ਕਰਨਾ ਹੁੰਦਾ ਹੈ।

ਮੇਅਰ ਮਿਉਂਸਿਪਲਟੀ ਦਾ ਮੁਖੀ ਹੁੰਦਾ ਹੈ ਅਤੇ ਉਸਦੀ ਨਿਯੁਕਤੀ ਮਿਉਂਸਿਪਲ ਕੌਂਸਲ ਦੇ ਸਦੱਸਾਂ ਵਿਚੋਂ ਰਾਜੇ ਦੁਆਰਾ ਕੀਤੀ ਜਾਂਦੀ ਹੈ। ਪਰ ਅਪਵਾਦ ਦੇ ਤੌਰ ਤੇ, ਪ੍ਰਾਂਤੀ ਕਾਰਜਕਾਰੀ ਦੀ ਮੰਜੂਰੀ ਨਾਲ, ਅਜਿਹੇ ਵਿਅਕਤੀ ਨੂੰ ਵੀ ਮੇਅਰ ਨਿਯੁਕਤ ਕੀਤਾ ਜਾ ਸਕਦਾ ਹੈ ਜੋ ਕੌਂਸਲ ਦਾ ਸਦੱਸ ਨਾ ਹੋਵੇ ਪਰ ਮਿਉਂਸਿਪਲਟੀ ਦੀ ਵੋਟਰ ਸੂਚੀ ਵਿੱਚ ਜਿਸ ਦਾ ਨਾਮ ਦਰਜ ਹੋਵੇ ਅਤੇ ਜੋ 25 ਸਾਲ ਜਾਂ ਇਸ ਤੋਂ ਅਧਿਕ ਉਮਰ ਦਾ ਹੋਵੇ। ਉਸਦੀ ਜ਼ਿੰਮੇਵਾਰੀ ਅਮਨ-ਕਾਨੂੰਨ ਬਣਾਈ ਰੱਖਣਾ ਅਤੇ ਉੱਪਰਲੇ ਅਧਿਕਾਰੀਆਂ ਦੇ ਫੈਸਲਿਆਂ ਨੂੰ ਲਾਗੂ ਕਰਨਾ ਹੁੰਦੀ ਹੈ। ਉਸ ਪਾਸ ਕਾਨੂੰਨ ਲਾਗੂ ਕਰਨ ਦੀ ਵੀ ਸ਼ਕਤੀ ਹੈ। ਉਹ ਅਪਣੀਆਂ ਕੁੱਝ ਜਾਂ ਸਾਰੀਆਂ ਸ਼ਕਤੀਆਂ ਐਲਡਰਮੈਂਨਾਂ ਨੂੰ ਵੀ ਸੌਂਪ ਸਕਦਾ ਹੈ।

**ਮਿਉਂਸਿਪਲਟੀਆਂ ਦੀਆਂ ਜ਼ਿੰਮੇਵਾਰੀਆਂ :** ਮਿਉਂਸਿਪਲਟੀਆਂ ਦੀਆਂ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਇਸ ਪ੍ਰਕਾਰ ਹਨ : ਅਮਨ - ਕਾਨੂੰਨ ਬਣਾਈ ਰੱਖਣਾ, ਚੋਣਾਂ ਦਾ ਪ੍ਰਬੰਧ ਕਰਨਾ, ਜਨਮ, ਮੌਤ ਅਤੇ ਵਿਆਹ ਦਰਜ ਕਰਨੇ, ਪ੍ਰਸ਼ਾਸਨਿਕ ਦਸਤਾਵੇਜ ਜਾਰੀ ਕਰਨੇ, ਸੜਕਾਂ ਦੇ ਬੁਨਿਆਦੀ ਢਾਂਚੇ ਦੀ ਸਾਂਭ-ਸੰਭਾਲ ਕਰਨੀ, ਸਮਾਜ ਭਲਾਈ ਅਤੇ ਮਿਉਂਸਿਪਲਟੀਆਂ ਦੇ ਆਮ ਕੰਮ-ਕਾਜ ਜਿਵੇਂ ਕਿ ਸ਼ਹਿਰੀ ਸੇਵਾਵਾਂ ਅਤੇ ਸਹੂਲਤਾਂ ਉਪਲਬਧ ਕਰਵਾਉਣੀਆਂ।

**(iii) ਨੀਦਰਲੈਂਡ :**

ਨੀਦਰਲੈਂਡ ਵਿਚ ਸ਼ਾਸਨ ਪ੍ਰਣਾਲੀ ਦੇ ਤਿੰਨ ਪੱਧਰ ਹਨ - ਕੌਮੀ, ਖੇਤਰੀ ਅਤੇ ਸਥਾਨਕ। ਕੇਂਦਰੀ ਸਰਕਾਰ ਤੋਂ ਇਲਾਵਾ ਦਰਮਿਆਨੇ ਪੱਧਰ ਤੇ 12 ਪ੍ਰਾਂਤ ਅਤੇ ਸਥਾਨਕ ਪੱਧਰ ਤੇ 467 ਮਿਉਂਸਿਪਲਟੀਆਂ ਹਨ। ਮਿਉਂਸਿਪਲਟੀਆਂ ਦੀ ਸੰਖਿਆ 1950 ਵਿੱਚ 1015 ਤੋਂ ਘਟ ਕੇ 1997 ਵਿੱਚ 572 ਹੋ ਗਈ ਹੈ। ਇਸ ਦਾ ਕਾਰਣ ਪੁਰਾਣੀਆਂ ਮਿਉਂਸਿਪਲਟੀਆਂ ਨੂੰ ਖਤਮ ਕਰ ਦੇਣਾ ਜਾਂ ਮਿਲਾ ਦੇਣਾ ਅਤੇ ਹੱਦਬੰਦੀ ਵਿੱਚ ਪਰੀਵਰਤਨ ਹਨ। ਸਾਰਣੀ - 12 ਵਿੱਚ ਨੀਦਰਲੈਂਡ ਦੇ ਪ੍ਰਾਂਤਾਂ ਅਤੇ ਮਿਉਂਸਿਪਲਟੀਆਂ ਦੀ ਸੰਖਿਆ ਦਿੱਤੀ ਗਈ ਹੈ :

**ਸਾਰਣੀ-12**

**ਨੀਦਰਲੈਂਡ ਦੇ ਪ੍ਰਾਂਤਾਂ ਅਤੇ ਮਿਉਂਸਿਪਲਟੀਆਂ ਦੀ ਸੰਖਿਆ**

| ਸਾਲ | ਪ੍ਰਾਂਤ | ਮਿਉਂਸਿਪਲਟੀਆਂ |
|---|---|---|
| 2005* | 12 | 467 |
| 1997 | 12 | 572 |

* ਜਨਵਰੀ 1, 2005

ਮਿਉਂਸਿਪਲਟੀ ਦੀ ਅਗਵਾਈ ਇੱਕ ਚੁਣੇ ਹੋਏ ਸੰਗਠਨ ਦੁਆਰਾ ਕੀਤੀ ਜਾਂਦੀ ਹੈ ਜਿਸ ਨੂੰ ਮਿਉਂਸਿਪਲ ਕੌਂਸਲ ਕਿਹਾ ਜਾਂਦਾ ਹੈ।

ਚੁਣੀ ਹੋਈ ਮਿਉਂਸਿਪਲ ਕੌਂਸਲ ਮਿਉਂਸਿਪਲਟੀ ਦੇ ਸਮੂਹਕ ਪ੍ਰਸ਼ਾਸਨ ਲਈ ਜਿੰਮੇਵਾਰ ਹੁੰਦੀ ਹੈ ਅਤੇ ਇਸ ਪਾਸ ਉਪ-ਨਿਯਮ ਬਣਾਉਣ ਦੀ ਸ਼ਕਤੀ ਹੁੰਦੀ ਹੈ। ਕੌਂਸਲ ਦੀ ਪ੍ਰਧਾਨਗੀ ਬਰਗੋਮਾਸਟਰ ਦੁਆਰਾ ਕੀਤੀ ਜਾਂਦੀ ਹੈ ਜੋ ਜੇ ਚਾਹੇ ਵੋਟ ਨਾ ਵੀ ਪਾਵੇ ਅਤੇ ਕੌਂਸਲ ਦੀਆਂ ਇਕੱਤਰਤਾਵਾਂ ਦੌਰਾਨ ਕੇਵਲ ਸਲਾਹਕਾਰ ਦੀ ਸਮਰਥਾ ਵਿੱਚ ਕੰਮ ਕਰਦਾ ਹੈ। ਸਿਧਾਂਤਕ ਤੌਰ ਤੇ ਕੌਂਸਲ ਦੀਆਂ ਇਕੱਤਰਤਾਵਾਂ ਜਨਤਾ ਦੀ ਮੌਜੂਦਗੀ ਵਿੱਚ ਕੀਤੀਆਂ ਜਾਂਦੀਆਂ ਹਨ। ਮਿਉਂਸਿਪਲ ਕੌਂਸਲ ਦੀ ਚੋਣ ਹਰ ਚਾਰ ਸਾਲ ਬਾਦ ਮਿਉਂਸਿਪਲਟੀ ਦੇ ਉਨ੍ਹਾਂ ਸਾਰਿਆਂ ਵਸਨੀਕਾਂ ਦੁਆਰਾ ਕੀਤੀ ਜਾਂਦੀ ਹੈ ਜੋ 18 ਸਾਲ ਦੇ ਹੋ ਚੁੱਕੇ ਹੋਣ ਅਤੇ ਵੋਟ ਦੇਣ ਦੇ ਅਯੋਗ ਨਾ ਠਹਿਰਾਏ ਗਏ ਹੋਣ। ਕੌਮੀ ਅਤੇ ਖੇਤਰੀ ਪੱਧਰ ਦੀ ਤਰ੍ਹਾਂ ਹੀ ਮਿਉਂਸਿਪਲ ਪੱਧਰ ਤੇ ਵੀ ਚੋਣ ਪ੍ਰਣਾਲੀ ਨਿਸਬਤੀ ਨੁਮਾਇੰਦਗੀ ਤੇ ਆਧਾਰਤ ਹੈ। ਜਿਆਦਾਤਰ ਮਿਉਂਸਿਪਲ ਕੌਂਸਲਾਂ ਵਿੱਚ ਵੱਖ-ਵੱਖ ਕੌਮੀ ਰਾਜਨੀਤਕ ਦਲਾਂ ਦੀ ਨੁਮਾਇੰਦਗੀ ਹੁੰਦੀ ਹੈ। ਮਿਉਂਸਿਪਲਟੀ ਦੇ ਦਿਨ-ਪ੍ਰਤੀ-ਦਿਨ ਦੇ ਕੰਮਾਂ ਨੂੰ ਚਲਾਉਣ ਦੀ ਜਿੰਮੇਵਾਰੀ ਮਿਉਂਸਿਪਲਟੀ ਦੀ ਕਾਰਜ-ਕਾਰਣੀ ਦੀ ਹੁੰਦੀ ਹੈ ਜਿਸ ਵਿੱਚ ਬਰਗੋਮਾਸਟਰ ਅਤੇ ਐਲਡਰਮੈੱਨ ਹੁੰਦੇ ਹਨ। ਐਲਡਰਮੈੱਨਾਂ ਦੀ ਸੰਖਿਆ ਮਿਉਂਸਿਪਲਟੀ ਦੇ ਅਕਾਰ ਤੇ ਨਿਰਭਰ ਕਰਦੀ ਹੈ। ਇਨ੍ਹਾਂ ਦੀ ਘੱਟੋ-ਘੱਟ ਸੰਖਿਆ 2 ਹੁੰਦੀ ਹੈ ਪਰ ਇਹ ਕੌਂਸਲਰਾਂ ਦੀ ਸੰਖਿਆ ਦੇ 20% ਤੋਂ ਵੀ ਵੱਧ ਨਹੀਂ ਹੋ ਸਕਦੀ।

### ਚੋਣ ਜਾਂ ਨਿਯੁਕਤੀ ਦੀ ਵਿਧੀ

ਐਲਡਰਮੈੱਨ ਕੌਂਸਲ ਦੁਆਰਾ ਇਸ ਦੇ ਮੈਂਬਰਾਂ ਵਿੱਚੋਂ ਹੀ ਚਾਰ ਸਾਲ ਦੀ ਅਵਧੀ ਲਈ ਨਿਯੁਕਤ ਕੀਤੇ ਜਾਂਦੇ ਹਨ। 1994 ਦੇ ਕਾਨੂੰਨ ਦੇ ਤਹਿਤ ਕੌਂਸਲ ਦੇ ਬਾਹਰਲੇ ਵਿਅਕਤੀਆਂ ਨੂੰ ਵੀ ਐਲਡਰਮੈੱਨ ਨਿਯੁਕਤ ਕੀਤਾ ਜਾ ਸਕਦਾ ਹੈ। ਨਿਯੁਕਤੀ ਤੋਂ ਬਾਦ ਅਜਿਹੇ ਵਿਅਕਤੀ ਕੌਂਸਲ ਦੇ ਮੈਂਬਰ ਬਣ ਜਾਂਦੇ ਹਨ।

### ਸਥਾਨਕ/ਖੇਤਰੀ ਪ੍ਰਸ਼ਾਸਨ ਦਾ ਰਾਜਨੀਤਕ ਮੁਖੀ

ਬਰਗੋਮਾਸਟਰ ਭਾਵੇਂ ਰਸਮੀ ਤੌਰ ਤੇ ਮਿਉਂਸਿਪਲਟੀ ਦਾ ਮੁਖੀ ਨਹੀਂ ਹੁੰਦਾ, ਫੇਰ ਵੀ ਉਹ ਇਸ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਉਹ ਕਾਨੂੰਨੀ ਤੌਰ ਤੇ ਮਿਉਂਸਿਪਲਟੀ ਦੀ ਨੁਮਾਇੰਦਗੀ ਕਰਦਾ ਹੈ। ਉਹ ਉਨ੍ਹਾਂ ਰਾਜਨੀਤਕ ਦਲਾਂ ਤੋਂ

ਉੱਪਰ ਸਮਝਿਆ ਜਾਂਦਾ ਹੈ ਜਿਨ੍ਹਾਂ ਦੀ ਪ੍ਰਤੀਨਿਧਤਾ ਮਿਉਂਸਿਪਲ ਕੌਂਸਲ ਵਿਚ ਹੁੰਦੀ ਹੈ। ਕਾਨੂੰਨ ਅਨੁਸਾਰ ਉਸ ਨੂੰ ਬਹੁਤ ਸਾਰੀਆਂ ਜਿੰਮੇਵਾਰੀਆਂ ਸੌਂਪੀਆਂ ਹੁੰਦੀਆਂ ਹਨ। ਮਿਉਂਸਿਪਲ ਕੌਂਸਲ ਅਤੇ ਕਾਰਜ-ਕਾਰਣੀ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨਾ ਉਸ ਦੀ ਜਿੰਮੇਵਾਰੀ ਹੁੰਦੀ ਹੈ; ਜੇ ਉਹ ਸਮਝੇ ਕਿ ਇਨ੍ਹਾਂ ਵਿੱਚੋਂ ਕਿਸੇ ਦੁਆਰਾ ਵੀ ਲਿਆ ਗਿਆ ਫੈਸਲਾ ਗੈਰ-ਕਾਨੂੰਨੀ ਜਾਂ ਜਨਤਕ ਹਿੱਤ ਦੇ ਵਿਰੁੱਧ ਹੈ, ਤਾਂ ਉਹ ਇਸ ਨੂੰ ਰੋਕ ਰੱਖਣ ਜਾਂ ਰੱਦ ਕਰਨ ਲਈ ਪ੍ਰਾਂਤੀ ਕਾਰਜ-ਕਾਰਣੀ ਰਾਹੀਂ ਰਾਜੇ ਕੋਲ ਭੇਜਦਾ ਹੈ।

ਭਾਵੇਂ ਬਰਗੋਮਾਸਟਰ ਦੀ ਨਿਯੁਕਤੀ (ਜਾਂ ਬਰਖਾਸਤਗੀ) ਰਾਜੇ ਦੇ ਆਦੇਸ਼ ਦੁਆਰਾ ਹੁੰਦੀ ਹੈ, ਉਸ ਦੀ ਭੂਮਿਕਾ ਕੇਵਲ ਮਿਉਂਸਿਪਲਟੀ ਤੱਕ ਹੀ ਸੀਮਿਤ ਹੁੰਦੀ ਹੈ ਅਤੇ ਪ੍ਰਾਂਤੀ ਜਾਂ ਕੌਮੀ ਦਰਜਾਬੰਦੀ ਵਿੱਚ ਉਸ ਦਾ ਕੋਈ ਉੱਚ-ਅਧਿਕਾਰੀ ਨਹੀਂ ਹੁੰਦਾ। ਉਹ ਕੇਵਲ ਮਿਉਂਸਿਪਲ ਕੌਂਸਲ ਨੂੰ ਹੀ ਜਵਾਬਦੇਹ ਹੁੰਦਾ ਹੈ।

### ਪ੍ਰਸ਼ਾਸਨ ਦਾ ਮੁਖੀ

ਸਥਾਨਕ ਪ੍ਰਸ਼ਾਸਨ ਦਾ ਮੁਖੀ ਮਿਉਂਸਿਪਲ ਸਕੱਤਰ ਹੁੰਦਾ ਹੈ। ਉਹ ਮਿਉਂਸਿਪਲ ਕੌਂਸਲ, ਮਿਉਂਸਿਪਲ ਕਾਰਜ-ਕਾਰਣੀ, ਬਰਗੋਮਾਸਟਰ ਅਤੇ ਉਨ੍ਹਾਂ ਦੁਆਰਾ ਨਿਯੁਕਤ ਕੀਤੀਆਂ ਗਈਆਂ ਕਮੇਟੀਆਂ ਦੀ ਅਪਣੀਆਂ ਜਿੰਮੇਵਾਰੀਆਂ ਨਿਭਾਉਣ ਵਿਚ ਸਹਾਇਤਾ ਕਰਦਾ ਹੈ। ਉਹ ਮਿਉਂਸਿਪਲ ਕੌਂਸਲ ਅਤੇ ਕਾਰਜ-ਕਾਰਣੀ ਦੀਆਂ ਇਕੱਤਰਤਾਵਾਂ ਵਿਚ ਹਾਜ਼ਰ ਰਹਿੰਦਾ ਹੈ। ਕੌਂਸਲ ਹਦਾਇਤਾਂ ਜਾਰੀ ਕਰਦੀ ਹੈ ਜਿਸ ਵਿਚ ਮਿਉਂਸਿਪਲ ਸਕੱਤਰ ਦੀਆਂ ਜਿੰਮੇ ਵਾਰੀਆਂ ਅਤੇ ਸ਼ਕਤੀਆਂ ਸੰਬੰਧੀ ਨਿਯਮ ਹੁੰਦੇ ਹਨ।

### ਮਿਉਂਸਿਪਲਟੀਆਂ ਦੀਆਂ ਜਿੰਮੇਵਾਰੀਆਂ

ਸ਼ਹਿਰੀ ਵਿਸਥਾਰ ਦੀ ਯੋਜਨਾਬੰਦੀ ਅਤੇ ਵਿਕਾਸ, ਮਕਾਨ ਉਸਾਰੀ, ਸੈਰ-ਸਪਾਟਾ ਅਤੇ ਮਨੋਰੰਜਨ, ਲੋਕ ਨਿਰਮਾਣ, ਆਵਾਜਾਈ, ਜਨ ਸਿਹਤ, ਸਿੱਖਿਆ ਅਤੇ ਸਮਾਜ ਭਲਾਈ ਮਿਉਂਸਪਲਟੀਆ ਦੇ ਕਾਰਜ ਖੇਤਰ ਵਿਚ ਆਉਂਦੇ ਹਨ।

### ਮਿਡਨ ਡੈਲਫਲੈਂਡ ਕੌਂਸਲ :

ਮਿਡਨ ਡੈਲਫਲੈਂਡ ਇਕ ਨਵੀਂ ਮਿਉਂਸਿਪਲਟੀ ਹੈ ਜਿਹੜੀ 2004 ਵਿਚ ਮੈਸਲੈਂਡ ਸ਼ਿਪਲੂਈਡਨ ਦੀਆਂ ਮਿਉਂਸਿਪਲਟੀਆਂ ਦੇ ਮਿਲਾਏ ਜਾਣ ਨਾਲ ਹੋਂਦ ਵਿਚ ਆਈ। ਇਹ ਮਿਉਂਸਿਪਲਟੀ ਦੱਖਣੀ ਹਾਲੈਂਡ ਵਿਚ ਦੀ ਹੇਗ, ਰੌਟਰਡੈਮ, ਡੈਲਫਟ ਅਤੇ ਵੈਸਟਲੈਂਡ ਵਿਚਕਾਰ ਸਥਿਤ ਹੈ। ਨਗਰ ਦੇ ਸ਼ਹਿਰੀ ਕਾਰਜਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦਾ ਪ੍ਰਬੰਧ ਕਰਨ ਲਈ ਇਕ ਯੋਜਨਾਬੱਧ ਚੁਣੀ ਹੋਈ ਮਿਉਂਸਪਲਟੀ ਦਾ ਇਹ ਇੱਕ ਵਧੀਆ ਨਮੂਨਾ ਹੈ।

### (iv) ਫਿਨਲੈਂਡ

ਫਿਨਲੈਂਡ ਵਿਚ ਪ੍ਰਸ਼ਾਸਨ ਦੇ ਤਿੰਨ ਪੱਧਰ ਹਨ : ਕੇਂਦਰੀ, ਪ੍ਰਾਂਤੀ ਅਤੇ ਸਥਾਨਕ ਮਿਉਂਸਿਪਲ। ਮਿਉਂਸਿਪਲ ਸ਼ਾਸਨ ਦੀਆਂ ਜਿੰਮੇਵਾਰੀਆਂ ਵਿੱਚ ਸਿੱਖਿਆ, ਸੱਭਿਆਚਾਰ, ਸਿਹਤ-ਸੰਭਾਲ, ਸਮਾਜ ਭਲਾਈ, ਤਕਨੀਕੀ ਮੁਢਲਾ ਢਾਂਚਾ, ਪਰਿਆਵਰਣ ਦੀ ਨਿਗਰਾਨੀ ਅਤੇ ਵਿੱਤੀ ਤੇ ਬਜਟ ਸੰਬੰਧੀ ਮੁੱਦਿਆਂ ਦਾ ਪ੍ਰਬੰਧ ਸ਼ਾਮਲ ਹਨ। ਕੌਮੀ ਸਰਕਾਰ ਦੀਆਂ ਸੰਸਥਾਵਾਂ ਦੇ ਵਿਸ਼ੇਸ਼ੱਗਾਂ ਦੀ ਸਹਾਇਤਾ ਨਾਲ ਮਿਉਂਸਿਪਲਟੀਆਂ ਪ੍ਰਸ਼ਾਸਨ, ਵਿੱਤੀ ਮਾਮਲਿਆਂ, ਆਰਥਕ ਵਰਿੱਧੀ ਅਤੇ ਭੂਮੀ ਦੀ ਵਰਤੋਂ ਸੰਬੰਧੀ ਪੰਜ-ਸਾਲਾ ਯੋਜਨਾਵਾਂ ਬਣਾ ਕੇ ਪ੍ਰਕਾਸ਼ਿਤ ਕਰਦੀਆਂ ਹਨ ਅਤੇ ਬਹੁਤੀ ਵਾਰ ਇਨ੍ਹਾਂ ਯੋਜਨਾਵਾਂ ਦੀ ਸੋਧ ਵੀ ਕਰਦੀਆਂ ਹਨ।

### ਮਿਉਂਸਿਪਲ ਸ਼ਾਸਨ ਦੀ ਬਣਤਰ

ਫਿਨਲੈਂਡ ਦੇ ਮਿਉਂਸਿਪਲ ਸ਼ਾਸਨ ਦੇ ਸਿਖ਼ਰ ਤੇ ਮਿਉਂਸਿਪਲ ਕੌਂਸਲ, ਮੱਧ ਵਿਚ ਕਾਰਜਕਾਰੀ ਬੋਰਡ ਅਤੇ ਸਭ ਤੋਂ ਹੇਠਾਂ ਮਿਉਂਸਿਪਲ ਕਮੇਟੀਆਂ ਹੁੰਦੀਆਂ ਹਨ। ਮਿਉਂਸਿਪਲ ਕੌਂਸਲ ਦੇ ਮੈਂਬਰ ਖੁੱਲੀਆਂ ਚੋਣਾਂ ਰਾਹੀਂ ਚਾਰ ਸਾਲ ਦੀ

ਅਵਧੀ ਵਾਸਤੇ ਚੁਣੇ ਜਾਂਦੇ ਹਨ। ਕੌਂਸਲ ਦਾ ਮੁਖੀ ਇਸ ਦੇ ਮੈਂਬਰਾਂ ਵਿਚੋਂ ਅਸਿੱਧੇ ਢੰਗ ਨਾਲ ਚੁਣਿਆ ਜਾਂਦਾ ਹੈ। ਮੈਂਬਰਾਂ ਦੀ ਸੰਖਿਆ ਘੱਟੋ-ਘੱਟ 17 ਤੋਂ ਲੈ ਕੇ ਵੱਧ ਤੋਂ ਵੱਧ 85 ਹੋ ਸਕਦੀ ਹੈ। ਇਹ ਮਿਉਂਸਿਪਲ ਖੇਤਰ ਦੀ ਜਨ-ਸੰਖਿਆ ਤੇ ਨਿਰਭਰ ਕਰਦੀ ਹੈ।

ਕੌਂਸਲ ਮਿਉਂਸਿਪਲ ਕਾਰਜਕਾਰੀ ਬੋਰਡ ਦੀ ਚੋਣ ਕਰਦੀ ਹੈ ਜਿਸ ਵਿਚ ਘੱਟੋ ਘੱਟ 7 ਮੈਂਬਰ ਹੁੰਦੇ ਹਨ। ਇਹ ਬੋਰਡ ਮਿਉਂਸਿਪਲ ਕੌਂਸਲ ਦੇ ਦਿਨ-ਪ੍ਰਤੀ-ਦਿਨ ਦੇ ਪ੍ਰਸ਼ਾਸਨ ਲਈ ਜਿੰਮੇਵਾਰ ਹੁੰਦਾ ਹੈ। ਮਿਉਂਸਿਪਲ ਕਾਰਜਕਾਰੀ ਬੋਰਡ ਸਾਰੇ ਰਾਜਨੀਤਿਕ ਦਲਾਂ ਨੂੰ ਕੌਂਸਲ ਵਿਚ ਉਨ੍ਹਾਂ ਦੀਆਂ ਸੀਟਾਂ ਦੀ ਸੰਖਿਆ ਦੇ ਅਨੁਪਾਤ ਵਿਚ ਸੀਟਾਂ ਦੀ ਗਰੰਟੀ ਦਿੰਦਾ ਹੈ। ਇਸ ਨਾਲ ਖੇਤਰੀ ਵਿਕਾਸ ਲਈ ਰਾਜਨੀਤਕ ਜਵਾਬਦੇਹੀ ਯਕੀਨੀ ਬਣ ਜਾਂਦੀ ਹੈ।

ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀਆਂ ਚੋਣਾਂ ਰਾਜਨੀਤਕ ਦਲਾਂ ਦੇ ਅਧਾਰ ਤੇ ਹੁੰਦੀਆਂ ਹਨ। ਮਿਉਂਸਿਪਲ ਕੌਂਸਲ ਇੱਕ ਮਿਉਂਸਿਪਲ ਮੈਨੇਜਰ ਨਿਯੁਕਤ ਕਰਦੀ ਹੈ ਜੋ ਮਿਉਂਸਿਪਲਟੀ ਦੇ ਸਾਰੇ ਪ੍ਰਸ਼ਾਸਨਿਕ ਕੰਮਾਂ ਲਈ ਜਿੰਮੇਵਾਰ ਹੁੰਦਾ ਹੈ।

### ਮਿਉਂਸਿਪਲਟੀਆਂ ਵਿਚਕਾਰ ਸਹਿਯੋਗ – ਸੰਯੁਕਤ ਮਿਉਂਸਿਪਲ ਬੋਰਡ

ਫਿਨਲੈਂਡ ਦੀਆਂ ਮਿਉਂਸਿਪਲਟੀਆਂ ਦਾ ਇੱਕ ਨਿਵੇਕਲਾ ਲੱਛਣ ਇਹ ਹੈ ਕਿ ਉੱਥੇ ਸੰਯੁਕਤ ਮਿਉਂਸਿਪਲ ਬੋਰਡ ਸਥਾਪਤ ਕੀਤੇ ਜਾਂਦੇ ਹਨ। ਵੱਖ-ਵੱਖ ਮਿਉਂਸਿਪਲਟੀਆਂ ਆਪਸ ਵਿਚ ਅਨੁਬੰਧ ਕਰਕੇ ਇਕ ਸੰਯੁਕਤ ਮਿਉਂਸਿਪਲ ਬੋਰਡ ਬਣਾ ਲੈਂਦੀਆਂ ਹਨ ਤਾਂ ਕਿ ਉਹ ਮੈਂਬਰ-ਮਿਉਂਸਿਪਲਟੀਆਂ ਵਿੱਚ ਜ਼ਰੂਰੀ ਸ਼ਹਿਰੀ ਸੇਵਾਵਾਂ ਲਈ ਬੁਨਿਆਦੀ ਢਾਂਚਾ ਮੁਹੱਈਆ ਕਰਵਾ ਕੇ ਸਹਿਯੋਗ ਨਾਲ ਕੰਮ ਕਰ ਸਕਣ। ਇਹ ਸੰਯੁਕਤ ਸੰਸਥਾਵਾਂ ਮੈਂਬਰ- ਮਿਉਂਸਿਪਲਟੀਆਂ ਨਾਲੋਂ ਵੱਖਰੀਆਂ ਅਤੇ ਕਾਨੂੰਨੀ ਤੌਰ ਤੇ ਸੁਤੰਤਰ ਇਕਾਈਆਂ ਹੁੰਦੀਆਂ ਹਨ ਜਿਨ੍ਹਾਂ ਕੋਲ ਅਪਣੇ ਵੱਖਰੇ ਵਿੱਤੀ ਸਾਧਨ ਅਤੇ ਪ੍ਰਸ਼ਾਸਨਿਕ ਢਾਂਚੇ ਹੁੰਦੇ ਹਨ। ਸੰਯੁਕਤ ਮਿਉਂਸਿਪਲ ਬੋਰਡ ਨੂੰ ਕਰ ਲਗਾਉਣ ਦਾ ਅਧਿਕਾਰ ਨਹੀਂ ਹੁੰਦਾ ਅਤੇ ਇਸ ਦੀ ਆਮਦਨ ਮੁੱਖ ਤੌਰ ਤੇ ਸਰਕਾਰ ਵੱਲੋਂ ਮਿਲੇ ਹੋਏ ਅਨੁਦਾਨ ਅਤੇ ਮੈਂਬਰ ਮਿਉਂਸਿਪਲਟੀਆਂ ਦੁਆਰਾ ਆਪਸੀ ਸਹਿਮਤੀ ਨਾਲ ਨਿਸ਼ਚਿਤ ਕੀਤੇ ਗਏ ਅਨੁਪਾਤ ਵਿਚ ਦਿੱਤੇ ਗਏ ਯੋਗਦਾਨ ਤੋਂ ਹੁੰਦੀ ਹੈ।

ਫਿਨਲੈਂਡ ਵਿਚ 236 ਸੰਯੁਕਤ ਮਿਉਂਸਿਪਲ ਬੋਰਡ ਹਨ। 2003 ਵਿਚ ਫਿਨਲੈਂਡ ਦੇ ਸੰਯੁਕਤ ਮਿਉਂਸਿਪਲ ਬੋਰਡਾਂ ਦੁਆਰਾ ਨਿਰਮਿਤ ਕੀਤੇ ਗਏ ਬੁਨਿਆਦੀ ਢਾਂਚੇ ਵਿਚ ਹਸਪਤਾਲ, ਸਿਹਤ ਸੇਵਾਵਾਂ, ਅਪੰਗਾਂ ਲਈ ਸੇਵਾ ਕੇਂਦਰ, ਪਰਿਵਾਰਾਂ ਵਾਸਤੇ ਸਲਾਹਕਾਰੀ ਸੇਵਾਵਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਕੇਂਦਰ, ਬਜੁਰਗਾਂ ਵਾਸਤੇ ਲੁੜੀਂਦੀਆਂ ਸੇਵਾਵਾਂ ਲਈ ਕੇਂਦਰ, ਕਿੱਤਾ ਸਿਖਲਾਈ ਕੇਂਦਰ ਅਤੇ ਹੋਰ ਸਿੱਖਿਆ ਕੇਂਦਰ ਸ਼ਾਮਿਲ ਹਨ। ਬਿਜਲੀ, ਪਾਣੀ ਅਤੇ ਅਜਿਹੀਆਂ ਹੋਰ ਸੇਵਾਵਾਂ ਲਈ ਖੇਤਰੀ ਕੌਂਸਲਾਂ ਸਥਾਪਤ ਕੀਤੀਆਂ ਜਾਂਦੀਆਂ ਹਨ।

1919 ਦੇ ਸੰਵਿਧਾਨ ਅਨੁਸਾਰ "ਮਿਉਂਸਿਪਲਟੀਆਂ ਦਾ ਪ੍ਰਸ਼ਾਸਨ ਵਿਸ਼ਿਸ਼ਟ ਕਾਨੂੰਨਾਂ ਦੀਆਂ ਸ਼ਰਤਾਂ ਮੁਤਾਬਕ, ਨਾਗਰਿਕਾਂ ਦੁਆਰਾ ਸਵੈ-ਸ਼ਾਸਨ ਦੇ ਸਿਧਾਂਤ ਤੇ ਆਧਾਰਤ ਹੋਵੇਗਾ।" ਸ਼ਾਸਨ ਦਾ ਅਧਿਕਾਰ ਸਥਾਨਕ ਕੌਂਸਲਾਂ ਪਾਸ ਹੈ ਜਿਨਾਂ ਨੂੰ ਉਨ੍ਹਾਂ ਦੇ ਵਸਨੀਕਾਂ ਦੁਆਰਾ ਸਿੱਧੇ ਤੌਰ ਤੇ ਚੁਣਿਆ ਜਾਂਦਾ ਹੈ। ਫਿਨਲੈਂਡ ਦਾ ਸੰਵਿਧਾਨ ਰਾਜ ਸਰਕਾਰ ਵੱਲੋਂ ਬਿਨਾਂ ਕਿਸੇ ਕਿਸਮ ਦੀਆਂ ਹਦਾਇਤਾਂ ਜਾਂ ਦਖਲਅੰਦਾਜ਼ੀ ਦੇ ਮਿਉਂਸਿਪਲਟੀਆਂ ਨੂੰ ਪੂਰੀ ਖੁਦਮੁਖਤਾਰੀ, ਵਿੱਤੀ ਸਾਧਨ ਅਤੇ ਜਿੰਮੇਵਾਰੀਆਂ ਸੌਂਪਦਾ ਹੈ। ਫਿਨਲੈਂਡ ਦੇ ਸੰਵਿਧਾਨ ਵਿਚ ਕਿਹਾ ਗਿਆ ਹੈ, "ਪ੍ਰਾਂਤੀ ਸਰਕਾਰਾਂ ਨੂੰ ਮਿਉਂਸਿਪਲ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਜਾਂ ਮਿਉਂਸਿਪਲਟੀਆਂ ਨੂੰ ਆਦੇਸ਼ ਦੇ ਣ ਦਾ ਕੋਈ ਅਧਿਕਾਰ ਨਹੀਂ। ਮਿਉਂਸਿਪਲਟੀਆਂ ਪ੍ਰਾਂਤੀ ਸਰਕਾਰ ਦੇ ਪ੍ਰਸ਼ਾਸਨ ਅਧੀਨ ਨਹੀਂ ਆਉਂਦੀਆਂ। ਜੇ ਕੋਈ ਮਿਉਂਸਿਪਲਟੀ ਕਾਨੂੰਨ ਦੁਆਰਾ ਨਿਸ਼ਚਿਤ ਕੀਤੇ ਗਏ ਕਾਰਜ ਨਹੀਂ ਕਰਦੀ, ਤਾਂ ਪ੍ਰਾਂਤੀ ਸਰਕਾਰ

ਮਿਉਂਸਪਲਟੀ ਨੂੰ ਇਹ ਕਾਰਜ ਪੂਰਾ ਕਰਨ ਦਾ ਆਦੇਸ਼ ਦੇ ਸਕਦੀ ਹੈ। ਪ੍ਰਸ਼ਾਸਨਿਕ ਅਦਾਲਤ, ਜਿਹੜੀ ਕਿ ਹਰ ਪ੍ਰਾਂਤ ਵਿਚ ਪ੍ਰਾਂਤੀ ਸਰਕਾਰ ਤੋਂ ਸੁਤੰਤਰ ਰਹਿ ਕੇ ਕੰਮ ਕਰਦੀ ਹੈ, ਮਿਉਂਸਿਪਲਟੀਆਂ ਦੇ ਫੈਸਲਿਆਂ ਵਿਰੁੱਧ ਕਾਨੂੰਨੀ ਸ਼ਿਕਾਇਤਾਂ ਦਾ ਨਿਰੀਖਣ ਕਰਦੀ ਹੈ।"

### (v) ਇਟਲੀ :

ਇਟਲੀ ਦੇ ਗਣਤੰਤਰ ਵਿੱਚ ਵੀ ਤਿੰਨ-ਪੱਧਰੀ ਪ੍ਰਣਾਲੀ ਹੈ। ਕੌਮੀ ਪੱਧਰ ਤੇ ਕੇਂਦਰੀ ਸਰਕਾਰ ਅਤੇ ਸੰਸਦ ਹਨ। ਸੰਸਦ ਦੇ ਦੋ ਸਦਨ ਹਨ: 1. ਗਣਤੰਤਰ ਦੀ ਸੈਨੇਟ ਜਿਸ ਵਿਚ 315 ਮੈਂਬਰ ਹੁੰਦੇ ਹਨ ਜਿਨ੍ਹਾਂ ਨੂੰ ਪੰਜ ਸਾਲ ਦੀ ਅਵਧੀ ਲਈ ਚੁਣਿਆ ਜਾਂਦਾ ਹੈ। 2. ਪ੍ਰਤੀਨਿਧਾਂ ਦਾ ਸਦਨ ਜਿਸ ਵਿਚ ਪੰਜ ਸਾਲ ਲਈ ਚੁਣੇ ਗਏ 630 ਮੈਂਬਰ ਹੁੰਦੇ ਹਨ। ਦੂਸਰੀ ਪੱਧਰ ਤੇ ਖੇਤਰੀ ਸਰਕਾਰਾਂ ਹੁੰਦੀਆਂ ਹਨ। ਇਨ੍ਹਾਂ ਵਿਚ ਪੰਜ 'ਵਿਸ਼ੇਸ਼ ਵਿਧਾਨ' ਵਾਲੇ ਖੇਤਰ ਅਤੇ ਪੰਦਰਾਂ 'ਸਾਧਾਰਣ ਖੇਤਰ' ਸ਼ਾਮਿਲ ਹਨ। ਹਰ ਖੇਤਰ ਦੀ ਅਪਣੀ ਖੇਤਰੀ ਕੌਂਸਲ ਹੁੰਦੀ ਹੈ। ਸਥਾਨਕ ਪੱਧਰ ਤੇ ਪ੍ਰਾਂਤੀ ਕੌਂਸਲਾਂ ਵਾਲੇ 100 ਪ੍ਰਾਂਤ, 14 ਮਹਾਨਗਰੀ ਇਲਾਕੇ ਅਤੇ 8103 ਸਥਾਨਕ ਸ਼ਾਸਨ ਹਨ।

### ਮਿਉਂਸਿਪਲਟੀਆਂ ਦੀਆਂ ਜਿੰਮੇਵਾਰੀਆਂ :

ਮਿਉਂਸਿਪਲਟੀਆਂ ਅਪਣੇ ਵਿਧਾਨ ਅਪਣਾ ਸਕਦੀਆਂ ਹਨ। ਪ੍ਰਸ਼ਾਸਨਿਕ ਜਿੰਮੇਵਾਰੀਆਂ, ਜੇਕਰ ਉਹ ਤਾਲਮੇਲ ਬਣਾਈ ਰੱਖਣ ਲਈ ਪ੍ਰਾਂਤਾਂ, ਮਹਾਂਨਗਰੀ ਸ਼ਹਿਰਾਂ ਜਾਂ ਖੇਤਰਾਂ ਨੂੰ ਨਾ ਸੌਂਪੀਆਂ ਗਈਆਂ ਹੋਣ, ਸਹਾਇਕ ਸ਼ਾਸਨ ਦੇ ਸਿਧਾਂਤ ਅਨੁਸਾਰ ਮਿਉਂਸਿਪਲਟੀਆਂ ਨੂੰ ਦੇ ਦਿੱਤੀਆਂ ਜਾਂਦੀਆਂ ਹਨ। ਮਿਉਂਸਿਪਲਟੀਆਂ ਦੀਆਂ ਜਿੰਮੇਵਾਰੀਆਂ ਇਸ ਪ੍ਰਕਾਰ ਹਨ:

(ੳ) ਵਿਅਕਤੀਗਤ ਸੇਵਾਵਾਂ ਸੰਬੰਧੀ ਜਿੰਮੇਵਾਰੀਆਂ

(ਅ) ਮਿਉਂਸਿਪਲ ਪ੍ਰਸ਼ਾਸਨ ਸੰਬੰਧੀ ਜਿੰਮੇਵਾਰੀਆਂ

(ੲ) ਆਰਥਕ ਵਿਕਾਸ ਅਤੇ ਉਤਪਾਦਕ ਗਤੀਵਿਧੀਆਂ ਦਾ ਸਮਰਥਨ

### (VI) ਸਪੇਨ :

ਸਪੇਨ ਦੇ ਸ਼ਾਸਨ ਦੇ ਤਿੰਨ ਪੱਧਰ ਹਨ : ਕੇਂਦਰੀ, ਖੇਤਰੀ ਅਤੇ ਸਥਾਨਕ। ਦੇਸ਼ ਨੂੰ 17 ਖੁਦਮੁਖਤਾਰ ਸਮੂਹਾਂ ਜਾਂ ਖੇਤਰਾਂ ਵਿਚ ਵੰਡਿਆ ਹੋਇਆ ਹੈ ਜਿਹੜੇ ਅੱਗੇ ਪ੍ਰਾਂਤਾਂ ਵਿੱਚ ਤੇ ਫੇਰ ਮਿਉਂਸਿਪਲਟੀਆਂ ਵਿੱਚ ਵੰਡੇ ਹੋਏ ਹਨ। ਸਪੇ ਨ ਵਿਚ 50 ਪ੍ਰਾਂਤ ਅਤੇ 8016 ਮਿਉਂਸਿਪਲਟੀਆਂ ਹਨ। ਸਥਾਨਕ ਸਰਕਾਰ ਸੰਬੰਧੀ 'ਬੁਨਿਆਦੀ ਕਾਨੂੰਨ' ਪਾਸ ਕਰਨ ਨਾਲ ਸਥਾਨਕ ਪ੍ਰਸ਼ਾਸਨ ਦਾ ਪੁਨਰ-ਗਠਨ ਅਤੇ ਲੋਕਤੰਤਰੀਕਰਣ ਪੂਰਾ ਹੋ ਗਿਆ ਸੀ। ਇਹ ਕਾਨੂੰਨ ਪ੍ਰਸ਼ਾਸਨ ਦੇ ਵੱਖ-ਵੱਖ ਪੱਧਰਾਂ ਦੇ ਤੌਰ ਤੇ ਇਨ੍ਹਾਂ ਸੰਸਥਾਵਾਂ ਦੀਆਂ ਬੁਨਿਆਦੀ ਸ਼ਕਤੀਆਂ ਦੀ ਰੂਪ-ਰੇਖਾ ਪੇਸ਼ ਕਰਦਾ ਹੈ। ਰਾਜਨੀਤਿਕ ਤੌਰ ਤੇ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਖੁਦਮੁਤਾਰ ਸਮੂਹਾਂ ਤੇ ਨਿਰਭਰ ਹਨ ਅਤੇ ਵਿੱਤੀ ਤੌਰ ਤੇ ਉਹ ਕਾਫ਼ੀ ਹੱਦ ਤੱਕ ਕੇਂਦਰੀ ਸਰਕਾਰ ਤੇ ਨਿਰਭਰ ਕਰਦੀਆਂ ਹਨ।

ਮਿਉਂਸਿਪਲਟੀਆਂ ਦੀਆਂ ਜਿੰਮੇਵਾਰੀਆਂ ਉਨ੍ਹਾਂ ਦੀ ਜਨ-ਸੰਖਿਆ ਦੇ ਅਕਾਰ ਦੇ ਅਧਾਰ ਤੇ ਵੱਖ-ਵੱਖ ਹੋ ਸਕਦੀਆਂ ਹਨ। ਸਪੇਨ ਵਿਚ 50% ਤੋਂ ਵੱਧ ਮਿਉਂਸਿਪਲਟੀਆਂ ਦੀ ਜਨ-ਸੰਖਿਆ 1000 ਤੋਂ ਘੱਟ ਹੈ। ਸਰਕਾਰ ਇਨ੍ਹਾਂ ਛੋਟੀਆਂ ਮਿਉਂਸਿਪਲਟੀਆਂ ਨੂੰ ਵੱਡੀਆਂ ਮਿਉਂਸਿਪਲਟੀਆਂ ਨਾਲ ਮਿਲਾ ਦੇਣ ਦਾ ਵਿਚਾਰ ਕਰ ਰਹੀ ਹੈ। ਸਾਰਣੀ-13 ਵਿਚ ਸਪੇਨ ਦੀਆਂ ਮਿਉਂਸਿਪਲਟੀਆਂ ਦੀ ਸੰਖਿਆ ਅਤੇ ਉਨ੍ਹਾਂ ਦੀ ਜਨ-ਸੰਖਿਆ ਦੀ ਵੰਡ ਦਿੱਤੀ ਗਈ ਹੈ :

**ਸਾਰਣੀ-13**

**ਸਪੇਨ ਵਿਚ ਮਿਉਂਸਿਪਲਟੀਆਂ ਦੀ ਸੰਖਿਆ ਅਤੇ ਉਨਾਂ ਦੀ ਜਨ-ਸੰਖਿਆ ਦੀ ਵੰਡ**

| ਜਨ ਸੰਖਿਆ | ਮਿਉਂਸਿਪਲਟੀਆਂ ਦੀ ਸੰਖਿਆ |
|---|---|
| 0-999 | 4885 |
| 1000-4999 | 2066 |
| 5000-9999 | 524 |
| 10000-49999 | 506 |
| 50000-99999 | 61 |
| 100000 ਅਤੇ ਜਿਆਦਾ | 55 |

ਸਰੋਤ : ਲੋਕ ਪ੍ਰਸ਼ਾਸਨ ਦਾ ਮੰਤਰਾਲਾ, ਖੇਤਰੀ ਸਹਿਯੋਗ ਦਾ ਨਿਰਦੇਸ਼ਾਲਾ, 1966, ਸਪੇਨ

ਮਿਉਂਸਿਪਲ ਇਲਾਕਿਆਂ ਵਿਚ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿੱਚ ਸੜਕਾਂ ਦੀ ਸਾਂਭ-ਸੰਭਾਲ, ਜਲ-ਪੂਰਤੀ, ਰਾਤ ਨੂੰ ਰੋਸ਼ਨੀ ਦਾ ਪ੍ਰਬੰਧ, ਕੂੜੇ ਕਰਕਟ ਨੂੰ ਹਟਾਉਣਾ, ਕਬਰਸਤਾਨਾਂ ਦੀ ਸਾਂਭ-ਸੰਭਾਲ, ਬੁੱਚੜਖਾਨਿਆਂ ਦੀ ਨਿਗਰਾਨੀ, ਵਿਰਸੇ ਦੀ ਸੰਭਾਲ ਅਤੇ ਅਮਨ-ਕਾਨੂੰਨ ਸ਼ਾਮਿਲ ਹਨ।

5000 ਤੋਂ ਵੱਧ ਨਾਗਰਿਕਾਂ ਵਾਲੀਆਂ ਮਿਉਂਸਿਪਲਟੀਆਂ ਦੀਆਂ ਹੋਰ ਵੀ ਜ਼ਿੰਮੇਵਾਰੀਆਂ ਹੁੰਦੀਆਂ ਹਨ ਜਿਵੇਂ ਕਿ ਮੰਡੀਆਂ, ਪਾਰਕ, ਲਾਈਬ੍ਰੇਰੀਆਂ, ਗੰਦੇ ਜਲ ਦੀ ਨਿਕਾਸੀ ਅਤੇ ਗੰਦਗੀ ਦਾ ਵਿਗਿਆਨਕ ਉਪਾਅ ਕਰਨ ਦੀਆਂ ਸਹੂਲਤਾਂ ਮੁਹੱਈਆ ਕਰਾਉਣੀਆਂ। 20,000 ਤੋਂ ਵੱਧ ਨਾਗਰਿਕਾਂ ਵਾਲੀਆਂ ਮਿਉਂਸਿਪਲਟੀਆਂ ਦੀਆਂ ਜ਼ਿੰਮੇਵਾਰੀਆਂ ਹੋਰ ਵੀ ਵਧ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਸੰਕਟਕਾਲੀਨ ਅਤੇ ਅੱਗ-ਬੁਝਾਊ ਸੇਵਾਵਾਂ, ਸਮਾਜਕ ਸੁਰੱਖਿਆ ਅਤੇ ਖੇਡਾਂ ਦੀਆਂ ਸਹੂਲਤਾਂ ਵੀ ਦੇਣੀਆਂ ਪੈਂਦੀਆਂ ਹਨ। 50,000 ਤੋਂ ਵੱਧ ਨਾਗਰਿਕਾਂ ਵਾਲੀਆਂ ਮਿਉਂਸਿਪਲਟੀਆਂ ਪਰਿਆਵਰਣ ਦੀ ਸੁਰੱਖਿਆ ਅਤੇ ਸ਼ਹਿਰ ਵਿੱਚ ਸਰਕਾਰੀ ਢੋ-ਢੁਆਈ ਵੀ ਯਕੀਨੀ ਬਣਾਉਂਦੀਆਂ ਹਨ।

ਸਪੇਨ ਦੇ ਸੰਵਿਧਾਨ ਦਾ ਬਹੁਤਾ ਜ਼ੋਰ ਸਥਾਨਕ ਸਵੈ-ਸ਼ਾਸਨ ਨੂੰ ਖੁਦਮੁਖਤਾਰੀ ਦੇਣ ਅਤੇ ਉਸ ਦੀਆਂ ਸ਼ਕਤੀਆਂ ਵਿਚ ਵਾਧਾ ਕਰਨ ਤੇ ਹੈ।

ਸਪੇਨ ਦੇ ਸੰਵਿਧਾਨ ਦੇ ਭਾਗ-VII ਅਤੇ ਅਧਿਆਇ 2 ਵਿਚ ਇਹ ਵਿਚਾਰ ਰੱਖਿਆ ਗਿਆ ਹੈ : 'ਸੰਵਿਧਾਨ ਮਿਉਂਸਿਪਲਟੀਆਂ ਦੀ ਖੁਦਮੁਖਤਾਰੀ ਯਕੀਨੀ ਬਣਾਉਂਦਾ ਹੈ। ਉਨ੍ਹਾਂ ਦੀ ਅਪਣੀ ਮੁਕੰਮਲ ਕਾਨੂੰਨੀ ਪਹਿਚਾਣ ਹੋਵੇਗੀ। ਉਨ੍ਹਾਂ ਦੇ ਸ਼ਾਸਨ ਅਤੇ ਪ੍ਰਸ਼ਾਸਨ ਦਾ ਅਧਿਕਾਰ ਨਗਰ ਕੌਂਸਲ ਨੂੰ ਹੋਵੇਗਾ ਜਿਸ ਵਿਚ ਮੇਅਰ ਅਤੇ ਕੌਂਸਲਰ ਹੋਣਗੇ। ਕਾਨੂੰਨ ਦੁਆਰਾ ਦੱਸੇ ਗਏ ਤਰੀਕੇ ਅਨੁਸਾਰ ਕਾਉਂਸਲਰਾਂ ਨੂੰ ਵਿਆਪਕ, ਸੁਤੰਤਰ, ਸਿੱਧੀ ਅਤੇ ਗੁਪਤ ਚੋਣ ਰਾਹੀਂ ਨਾਗਰਿਕ ਚੁਣਨਗੇ। ਮੇਅਰ ਦੀ ਚੋਣ ਕੌਂਸਲਰ ਜਾਂ ਨਾਗਰਿਕ ਕਰਨਗੇ। ਕਾਨੂੰਨ ਦੁਆਰਾ ਨਿਰਦੇਸ਼ ਦਿੱਤਾ ਜਾਏਗਾ ਕਿ ਨਗਰ ਕੌਂਸਲ ਅਪਣੀਆਂ ਜ਼ਿੰਮੇਵਾਰੀਆਂ ਕਿਵੇਂ ਨਿਭਾਏਗੀ।'

## ਮਿਉਂਸਿਪਲ ਸ਼ਾਸਨ ਦੀ ਬਣਤਰ

ਮਿਉਂਸਿਪਲਟੀਆਂ ਕਾਨੂੰਨੀ ਇਕਾਈਆਂ ਹਨ ਅਤੇ ਮਿਉਂਸਿਪਲ ਕੌਂਸਲਾਂ ਨੂੰ, ਜਿਸ ਵਿਚ ਮੇਅਰ ਅਤੇ ਕੌਂਸਲਰ ਹੁੰਦੇ ਹਨ, ਪ੍ਰਸ਼ਾਸਨ ਦਾ ਅਧਿਕਾਰ ਹੈ। ਕੌਂਸਲਾਂ ਦੀਆਂ ਚੋਣਾਂ ਹਰ ਚਾਰ ਸਾਲ ਬਾਦ ਕਰਵਾਈਆਂ ਜਾਂਦੀਆਂ ਹਨ ਅਤੇ ਕੌਂਸਲਾਂ ਨੂੰ ਭੰਗ ਨਹੀਂ ਕੀਤਾ ਜਾ ਸਕਦਾ। ਕੌਂਸਲ ਦੇ ਮੈਂਬਰਾਂ ਨੂੰ ਸਿੱਧੇ ਤੌਰ ਤੇ ਖੁੱਲੀ ਚੋਣ ਰਾਹੀਂ ਅਤੇ ਨਿਸਬਤੀ ਨੁਮਾਇੰਦਗੀ ਦੇ ਨਿਯਮ ਅਨੁਸਾਰ ਚੁਣਿਆ ਜਾਂਦਾ ਹੈ। ਮੇਅਰ, ਜੋ ਕਿ ਕੌਂਸਲ ਦਾ ਮੁਖੀ ਹੁੰਦਾ ਹੈ, ਕੌਂਸਲ ਦੇ ਮੈਂਬਰਾਂ ਦੁਆਰਾ ਅਸਿੱਧੇ ਢੰਗ ਨਾਲ ਚੁਣਿਆ ਜਾਂਦਾ ਹੈ। ਇਹ ਜਿਆਦਾਤਰ ਕੌਂਸਲ ਵਿਚ ਬਹੁਮਤ ਰੱਖਣ ਵਾਲੇ ਦਲ ਦਾ ਨੇਤਾ ਹੁੰਦਾ ਹੈ।

ਕੌਂਸਲ ਦੇ ਮੈਂਬਰਾਂ ਦੀ ਸੰਖਿਆ ਦਾ ਨਿਰਣਾ ਮਿਊਂਸਿਪਲਟੀ ਦੀ ਕੁੱਲ ਜਨ-ਸੰਖਿਆ ਦੇ ਅਧਾਰ ਤੇ ਹੁੰਦਾ ਹੈ : ਕਾਨੂੰਨੀ ਤੌਰ ਤੇ ਘੱਟੋ ਘੱਟ 5 ਕੌਂਸਲਰ ਹੋਣੇ ਜ਼ਰੂਰੀ ਹੁੰਦੇ ਹਨ। ਕੌਂਸਲਰ ਜਿੰਨੀ ਵਾਰ ਚਾਹੁਣ ਮੁੜ ਚੁਣੇ ਜਾ ਸਕਦੇ ਹਨ। ਉਨਾਂ ਦੀ ਮੌਤ, ਤਿਆਗ-ਪੱਤਰ ਜਾਂ ਬਰਖਾਸਤਗੀ ਦੀ ਹਾਲਤ ਵਿਚ ਉਨ੍ਹਾਂ ਦੇ ਰਾਜਨੀਤਕ ਦਲ ਦੀ ਚੋਣ-ਸੂਚੀ ਵਿਚਲਾ ਅਗਲਾ ਵਿਅਕਤੀ ਉਨ੍ਹਾਂ ਦਾ ਸਥਾਨ ਲੈ ਲੈਂਦਾ ਹੈ। ਇਸ ਤਰ੍ਹਾਂ ਜਿਮਨੀ ਚੋਣਾਂ ਨਹੀਂ ਹੁੰਦੀਆਂ। ਇੱਕ ਸੌ ਤੋਂ ਘੱਟ ਨਾਗਰਿਕਾਂ ਵਾਲੀਆਂ ਮਿਊਂਸਿਪਲਟੀਆਂ ਵਿੱਚ ਖੁੱਲ੍ਹੀ ਕੌਂਸਲ ਪ੍ਰਣਾਲੀ ਹੁੰਦੀ ਹੈ ਜਿਥੇ ਨਾਗਰਿਕ ਮੇਅਰ ਦੀ ਸਿੱਧੀ ਚੋਣ ਕਰਦੇ ਹਨ ਅਤੇ ਇੱਕ ਕੌਂਸਲ ਦੇ ਤੌਰ ਤੇ ਕੰਮ ਕਰਦੇ ਹਨ।

## ਸਾਰੰਸ਼, ਸਿੱਟੇ ਅਤੇ ਸਬਕ

ਪੰਜਾਬ ਸਮੇਤ ਭਾਰਤ ਵਿਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਇਤਿਹਾਸ ਦੇ ਤਿੰਨ ਪੜਾਅ ਹਨ: ਪਹਿਲਾ ਪੜਾਅ ਬਰਤਾਨਵੀ ਰਾਜ ਵੇਲੇ ਦਾ ਭਾਵ 1947 ਤੋਂ ਪਹਿਲਾਂ ਦਾ ਹੈ, ਦੂਜਾ ਪੜਾਅ ਸੁਤੰਤਰਤਾ ਤੋਂ ਬਾਦ 1947 ਤੋਂ 1992 ਤੱਕ ਦਾ ਹੈ ਅਤੇ ਤੀਜਾ ਪੜਾਅ 74 ਵੀਂ ਸੰਵਿਧਾਨਕ ਸੋਧ, ਭਾਵ 1992 ਤੋਂ ਬਾਦ ਦਾ ਹੈ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦਾ ਮੁੱਢ ਬਰਤਾਨਵੀ ਕਾਲ ਦੌਰਾਨ ਬੰਨ੍ਹਿਆ ਗਿਆ ਪਰ ਉਸ ਵੇਲੇ ਇਨ੍ਹਾਂ ਨੂੰ ਕੋਈ ਮਹੱਤਵਪੂਰਣ ਕੰਮ ਨਹੀ ਸੌਂਪੇ ਗਏ ਅਤੇ ਲੋਕਤੰਤਰੀ ਵਿਕੇਂਦਰੀਕਰਣ ਲਈ ਕੋਈ ਵਾਸਤਵਿਕ ਕੋਸ਼ਿਸ਼ ਨਹੀਂ ਕੀਤੀ ਗਈ। ਸੁਤੰਤਰਤਾ ਤੋਂ ਬਾਦ ਵੀ ਇਹ ਸੰਸਥਾਵਾਂ ਸ਼ਕਤੀਆਂ, ਜਿੰਮੇਵਾਰੀਆਂ, ਵਿੱਤੀ ਸਾਧਨਾਂ ਅਤੇ ਅਮਲੇ ਦੀ ਥੁੜ ਦਾ ਸ਼ਿਕਾਰ ਰਹੀਆਂ। ਕੇਵਲ 1972 ਵਿਚ 74ਵੀਂ ਸੰਵਿਧਾਨਕ ਸੋਧ ਦੇ ਬਾਦ ਹੀ ਇਨ੍ਹਾਂ ਸੰਸਥਾਵਾਂ ਦੀ ਹੋਂਦ ਨੂੰ ਮਾਨਤਾ ਦੇਣ ਦੀ ਸ਼ੁਰੂਆਤ ਕੀਤੀ ਗਈ ਅਤੇ ਹੁਣ ਇਹ ਸਮਝਿਆ ਜਾਣ ਲੱਗਿਆ ਹੈ ਕਿ ਇਨ੍ਹਾਂ ਸੰਸਥਾਵਾਂ ਨੂੰ ਮਜਬੂਤ ਬਣਾਉਣ ਲਈ ਇਨ੍ਹਾਂ ਨੂੰ ਅਧਿਕਾਰ ਸੌਂਪੇ ਜਾਣ ਦੀ ਪ੍ਰਕਿਰਿਆ ਜ਼ਰੂਰੀ ਹੈ। ਭਾਵੇਂ ਇਹ ਪ੍ਰਕਿਰਿਆ ਵੱਖ-ਵੱਖ ਪ੍ਰਾਂਤਾਂ ਵਿੱਚ ਵੱਖ-ਵੱਖ ਹੈ, ਪਰ ਪੰਜਾਬ ਵਿਚ ਇਸ ਦੀ ਗਤੀ ਸੁਸਤ ਰਹੀ ਹੈ। 74ਵੀਂ ਸੰਵਿਧਾਨਕ ਸੋਧ ਦੀਆਂ ਕਈ ਮਹੱਤਵਪੂਰਨ ਧਾਰਾਵਾਂ ਨੂੰ ਰਾਜਾਂ ਵਿਚ ਇਸ ਦੇ ਅਨੁਰੂਪ ਕਾਨੂੰਨ ਬਣਾਏ ਜਾਣ ਦੇ ਬਾਵਜੂਦ ਲਾਗੂ ਨਹੀਂ ਕੀਤਾ ਗਿਆ। ਇਸ ਨਾਲ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਸਮਰਥਾ ਤੇ ਮਾੜਾ ਅਸਰ ਪਿਆ ਹੈ।

ਉਪਰੋਕਤ ਭਾਰਤੀ ਰਾਜਾਂ ਵਿਚੋਂ ਕੁੱਝ ਕੁ 74ਵੀਂ ਸੰਵਿਧਾਨਕ ਸੋਧ ਨੂੰ ਲਾਗੂ ਕਰਨ ਅਤੇ ਸਥਾਨਕ ਸੰਸਥਾਵਾਂ ਨੂੰ ਸ਼ਕਤੀਆਂ, ਜਿੰਮੇਵਾਰੀਆਂ, ਵਿੱਤੀ ਸਾਧਨ ਅਤੇ ਅਮਲਾ ਸੌਂਪ ਕੇ ਇਨਾਂ ਦੀ ਸਮਰਥਾ ਦਾ ਸੁਧਾਰ ਕਰਨ ਵਿਚ ਮੋਢੀ ਹਨ। ਕੇਰਲ ਅਜਿਹੇ ਲੋਕਤੰਤਰੀ ਵਿਕੇਂਦਰੀਕਰਣ ਦੀ ਇਕ ਚੰਗੀ ਉਦਾਹਰਣ ਹੈ। ਭਾਵੇਂ ਇਸ ਨੇ ਸੁਧਾਰ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਸਨ, ਪਰ ਮਹੱਤਵਪੂਰਣ ਸੁਧਾਰ 1992 ਵਿਚ 74ਵੀਂ ਸੰਵਿਧਾਨਕ ਸੋਧ ਅਤੇ ਰਾਜ ਸਰਕਾਰ ਦੁਆਰਾ ਇਸ ਦੇ ਅਨੁਰੂਪ ਕਾਨੂੰਨ ਬਣਾਏ ਜਾਣ ਦੇ ਬਾਦ ਹੀ ਅਰੰਭ ਹੋਏ। ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਗਠਨ, ਪੀਪਲਜ਼ ਪਲੈਨ ਮੁਹਿੰਮ ਦੀ ਸ਼ੁਰੂਆਤ, ਸ਼ਕਤੀਆਂ ਦੇ ਵਿਕੇਂਦਰੀਕਰਣ ਬਾਰੇ ਸੇਨ ਕਮੇਟੀ ਦੀਆਂ ਸਿਫ਼ਾਰਸਾਂ ਨੂੰ ਪ੍ਰਵਾਨ ਕਰਕੇ ਲਾਗੂ ਕਰਨਾ, ਪਹਿਲੇ ਅਤੇ ਦੂਜੇ ਸਟੇਟ ਫਾਇਨਾਂਸ ਕਮਿਸ਼ਨ ਦਾ ਗਠਨ ਕਰਨਾ ਅਤੇ ਵਿਸ਼ੇਸ਼ ਕਰਕੇ ਇਸ ਦੇ ਯੋਜਨਾ ਫੰਡਾਂ ਵਿਚੋਂ 35-40% ਸਥਾਨਕ ਸੰਸਥਾਵਾਂ ਨੂੰ ਸੌਂਪਣ ਦਾ ਫੈਸਲਾ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਇਤਿਹਾਸ ਵਿੱਚ ਮੀਲ ਪੱਥਰ ਹਨ।

ਭਾਵੇਂ ਕੇਰਲ ਦੇ ਸ਼ਹਿਰੀਕਰਣ ਦੇ ਪੱਧਰ ਵਿਚ 1981-1991 ਦੌਰਾਨ ਵਾਧਾ ਹੋਇਆ, ਪਰ 1991-2001 ਦੌਰਾਨ ਇਹ ਮਾਮੂਲੀ ਜਿਹਾ ਘਟ ਗਿਆ। ਕੇਰਲ ਦੇ ਸ਼ਹਿਰੀਕਰਣ ਦਾ ਮੁੱਖ ਲੱਛਣ ਮਹਾਂਨਗਰਾਂ ਦੀ ਬਜਾਏ ਛੋਟੇ ਅਤੇ ਦਰਮਿਆਨੇ ਨਗਰਾਂ ਵਿਚ ਵਸਣਾ ਜਾਪਦਾ ਹੈ। ਨਤੀਜੇ ਵਜੋਂ ਉੱਥੇ ਜਨ-ਸੰਖਿਆ ਸੰਬੰਧੀ ਵਰਿੱਧੀ ਵਿੱਚ ਕਾਫ਼ੀ ਇਕਸਾਰਤਾ ਹੈ ਜਿਸ ਨਾਲ ਵੱਡੇ ਨਗਰਾਂ ਦੇ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਤੇ ਘੱਟ ਦਬਾਅ ਰਿਹਾ ਹੈ। ਮਿਊਂਸਿਪਲ ਜਿੰਮੇਵਾਰੀਆਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ : ਲਾਜ਼ਮੀ, ਸਾਧਾਰਣ ਅਤੇ ਖੇਤਰੀ। ਕੋਚੀਨ (ਕੋਚੀ) ਦੀ ਮਿਊਂਸਿਪਲ ਕਾਰਪੋਰੇਸ਼ਨ ਅਤੇ ਕੋਡੰਨਗੁਲੂਰ ਦੀ ਮਿਊਂਸਿਪਲਟੀ ਅਪਣੀਆਂ ਜਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾ ਰਹੀਆਂ ਹਨ। ਉਦਾਹਰਣ ਦੇ ਤੌਰ ਤੇ ਕੋਚੀ ਦੇ ਸਫਾਈ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ "ਕੱਲ੍ਹ ਕੋਚੀ ਨੂੰ ਸਾਫ ਕਰੋ" ਯੋਜਨਾ ਅਰੰਭੀ ਗਈ ਅਤੇ ਵਾਰਡਵਾਰ ਜ਼ੀਰੋ ਵੇਸਟ ਮੈਨੇਜਮੈਂਟ ਪ੍ਰੋਗਰਾਮ ਲਾਗੂ ਕੀਤਾ ਗਿਆ। ਕੋਡੰਨਗੁਲੂਰ ਕਾਰਪੋਰੇਸ਼ਨ ਲੋਕਾਂ ਦੀ ਭਾਗੀਦਾਰੀ ਵਾਲੀ ਯੋਜਨਾਬੰਦੀ ਤੇ ਜ਼ੋਰ ਦੇ ਰਹੀ

ਹੈ ਅਤੇ ਅਜਿਹੀ ਭਾਗੀਦਾਰੀ ਦੁਆਰਾ ਵਸੀਲਿਆਂ ਦੀ ਵਰਤੋਂ ਦੀ ਕੋਸ਼ਿਸ਼ ਕਰ ਰਹੀ ਹੈ। ਕੇਰਲ ਦੀਆਂ ਸਥਾਨਕ ਸੰਸਥਾਵਾਂ ਦੇ ਇਤਿਹਾਸ, ਬਣਤਰ ਅਤੇ ਜਿੰਮੇਵਾਰੀਆਂ ਦੇ ਵਿਸ਼ਲੇਸ਼ਣ ਤੋਂ ਪਤਾ ਚਲਦਾ ਹੈ ਕਿ ਖਾਸ ਕਰਕੇ 74ਵੀਂ ਸੰਵਿਧਾਨਕ ਸੋਧ ਤੋਂ ਬਾਦ ਉਨਾਂ ਦੀ ਸੰਸਥਾਗਤ ਸਮਰਥਾ ਵਿਚ ਬਹੁਤ ਸੁਧਾਰ ਹੋਇਆ ਹੈ।

**ਕਰਨਾਟਕ :** ਭਾਰਤ ਦੇ ਵੱਡੇ ਰਾਜਾਂ ਵਿੱਚੋਂ ਕਰਨਾਟਕ ਨੂੰ ਚੌਥਾ ਸਭ ਤੋਂ ਵੱਧ ਸ਼ਹਿਰੀਕ੍ਰਿਤ ਰਾਜ ਹੋਣ ਦਾ ਦਰਜਾ ਦਿੱਤਾ ਗਿਆ ਹੈ। ਜਨਤਕ ਭਾਗੀਦਾਰੀ ਵਾਲੇ ਸ਼ਾਸਨ ਨੂੰ ਹੱਲਾਸ਼ੇਰੀ ਦੇਣ ਲਈ ਅਤੇ ਸਥਾਨਕ ਯੋਜਨਾਬੰਦੀ ਨੂੰ ਮਜਬੂਤ ਕਰਨ ਲਈ ਕਰਨਾਟਕ ਨੇ ਕਈ ਉਪਰਾਲੇ ਕੀਤੇ ਹਨ। ਇਸ ਰਾਜ ਵਿੱਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦਾ ਵਿੱਤੀ ਘੇਰਾ ਅਤੇ ਕਾਰਜ ਖੇਤਰ ਮਜਬੂਤ ਹੈ ਕਿਉਂਕਿ ਸਟੇਟ ਫਾਇਨਾਂਸ ਕਮਿਸ਼ਨ ਦੀਆਂ ਜਿਆਦਾਤਰ ਸਿਫਾਰਸ਼ਾਂ ਨੂੰ ਲਾਗੂ ਕਰ ਦਿੱਤਾ ਗਿਆ ਹੈ।

**ਮਹਾਰਾਸ਼ਟਰ :** ਇਹ ਅਤਿ ਸ਼ਹਿਰੀਕ੍ਰਿਤ ਰਾਜ ਹੈ ਅਤੇ ਇਸ ਵਿਚ ਸਥਾਨਕ ਸਵੈ-ਸ਼ਾਸਨ ਦਾ ਇਤਿਹਾਸ ਵੀ ਬਹੁਤ ਲੰਬਾ ਹੈ। ਪਹਿਲਾ ਮਿਉਂਸਿਪਲ ਕਾਰਪੋਰੇਸ਼ਨ ਐਕਟ ਮੁੰਬਈ ਵਿਚ 115 ਸਾਲ ਪਹਿਲਾਂ ਪਾਸ ਕੀਤਾ ਗਿਆ ਸੀ। ਇੱਕ ਅਰਸੇ ਬਾਦ ਕਾਰਪੋਰੇਸ਼ਨ ਵਿਚ ਪਕਿਆਈ ਆ ਗਈ ਹੈ ਅਤੇ ਇਸ ਨੇ ਅਪਣੀ ਸੰਗਠਨਾਤਮਕ ਅਤੇ ਸੰਸਥਾਗਤ ਸਮਰਥਾ ਨੂੰ ਦ੍ਰਿੜ ਕਰ ਲਿਆ ਹੈ। ਮੁੰਬਈ ਭਾਰਤ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਇਕ ਮਹਾਂਨਗਰ ਹੈ। ਸ਼ਹਿਰੀ ਅਬਾਦੀ ਵਿਚ ਤੇਜੀ ਨਾਲ ਹੋ ਰਹੇ ਵਾਧੇ ਨਾਲ ਨਿਪਟਣ ਲਈ ਮੁੰਬਈ ਅਤੇ ਪੁਣੇ ਦੀਆਂ ਮਿਉਂਸਿਪਲ ਕਾਰਪੋਰੇਸ਼ਨਾਂ ਨੇ ਕਈ ਸੁਧਾਰ ਆਰੰਭ ਕੀਤੇ ਹਨ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ, ਵਿਸ਼ੇਸ਼ ਕਰਕੇ ਕਾਰਪੋਰੇਸ਼ਨ ਵਾਲੇ ਨਗਰਾਂ ਦੇ ਵਿੱਤੀ ਘੇਰੇ ਅਤੇ ਕਾਰਜ-ਖੇਤਰ ਨੂੰ ਦ੍ਰਿੜ ਕਰਨ ਵਿਚ ਮਹਾਰਾਸ਼ਟਰ ਸਰਕਾਰ ਬਹੁਤ ਦਿਲਚਸਪੀ ਲੈ ਰਹੀ ਹੈ। ਮਿਉਂਸਿਪਲਟੀਆਂ ਸੰਵਿਧਾਨ ਦੀ 12ਵੀਂ ਸੂਚੀ ਵਿਚ ਦਰਜ ਸਾਰੇ ਮੁੱਖ-ਮੁੱਖ ਕਾਰਜ ਕਰ ਰਹੀਆਂ ਹਨ ਅਤੇ ਇਸ ਮੰਤਵ ਲਈ ਉਨ੍ਹਾਂ ਨੇ ਸ਼ਹਿਰੀ ਪ੍ਰਬੰਧ ਦੇ ਕਈ ਨਿਵੇਕਲੇ ਅਮਲ ਸ਼ੁਰੂ ਕੀਤੇ ਹਨ, ਜਿਵੇਂ ਕਿ ਪਰਿਆਵਰਣ ਦੀ ਸਥਿਤੀ ਸੰਬੰਧੀ ਰਿਪੋਰਟ ਤਿਆਰ ਕਰਨੀ, ਸੂਚਨਾ ਤਕਨਾਲੋਜੀ ਤੇ ਆਧਾਰਤ ਪ੍ਰਸ਼ਾਸਨ, ਕੰਪਿਊਟਰੀਕਰਣ, ਸੰਪਤੀ ਕਰ ਦੇ ਨਿਰਧਾਰਣ ਲਈ ਭੂਗੋਲਕ ਸੂਚਨਾ ਪ੍ਰਣਾਲੀ (GIS) ਅਤੇ ਹਿਸਾਬ-ਕਿਤਾਬ ਵਿੱਚ ਸੁਧਾਰ ਆਦਿ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ, ਵਿਸ਼ੇਸ਼ ਕਰਕੇ ਮੁੰਬਈ ਵਰਗੀਆਂ ਕਾਰਪੋਰੇਸ਼ਨਾਂ ਦੀ ਮਜਬੂਤ ਵਿੱਤੀ ਸਮਰਥਾ ਨੂੰ ਇਸ ਦੀ ਆਮਦਨੀ ਦੇ ਵਿਸਤ੍ਰਿਤ ਅਧਾਰ ਅਤੇ ਵੱਡੀਆਂ-ਵੱਡੀਆਂ ਯੋਜਨਾਵਾਂ ਸ਼ੁਰੂ ਕਰਨ ਦੀ ਸ਼ਕਤੀ ਤੋਂ ਦੇਖਿਆ ਜਾ ਸਕਦਾ ਹੈ। ਮੁੰਬਈ ਅਤੇ ਪੁਣੇ ਦੀਆਂ ਮਿਉਂਸਿਪਲ ਕਾਰਪੋਰੇਸ਼ਨਾਂ ਨੇ ਕਰ-ਵਸੂਲੀ ਅਤੇ ਵਿੱਤੀ ਮਾਮਲਿਆਂ ਦੇ ਪ੍ਰਬੰਧ ਵਿੱਚ ਸੁਧਾਰ ਕਰਕੇ ਅਪਣੀ ਸਮਰਥਾ ਵਧਾ ਲਈ ਹੈ।

**ਗੁਜਰਾਤ :** ਗੁਜਰਾਤ ਵਿੱਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਵਰਿੱਧੀ ਤੋਂ ਪਤਾ ਚਲਦਾ ਹੈ ਕਿ ਰਾਜ ਸਰਕਾਰ ਨੇ ਇਨ੍ਹਾਂ ਸੰਸਥਾਵਾਂ ਦੀ ਸਮਰਥਾ ਵਿੱਚ ਸੁਧਾਰ ਕਰਨ ਲਈ ਕਈ ਉਪਰਾਲੇ ਕੀਤੇ ਗਏ ਹਨ। ਅਹਿਮਦਾਬਾਦ ਮਿਉਂਸਿਪਲ ਕਾਰਪੋਰੇਸ਼ਨ ਪੂੰਜੀ ਬਜ਼ਾਰ ਵਿੱਚੋਂ ਮਿਉਂਸਿਪਲ ਬਾਂਡਾਂ ਦੁਆਰਾ ਫੰਡ ਇਕੱਠਾ ਕਰਨ ਵਾਲੀ ਪਹਿਲੀ ਸੰਸਥਾ ਸੀ। ਅਪਣੇ ਵਸੀਲਿਆਂ ਦੀ ਵਰਤੋਂ ਕਰਨ ਲਈ ਇਸ ਨੇ ਕਈ ਸੁਧਾਰ ਅਰੰਭ ਕੀਤੇ ਜਿਨ੍ਹਾਂ ਵਿੱਚ ਸੰਪਤੀ ਕਰ, ਚੁੰਗੀ, ਪਾਣੀ ਅਤੇ ਗੰਦੇ ਜਲ ਦੀ ਨਿਕਾਸੀ ਦੀ ਸਹੂਲਤ ਦੇ ਖਰਚੇ ਆਦਿ ਖਾਸ ਵਰਣਨਯੋਗ ਹਨ। ਕਰ ਦੀ ਚੋਰੀ ਅਤੇ ਹੋਰ ਰਸਾ ਬੰਦ ਕਰਕੇ ਵਿੱਤੀ ਅਨੁਸ਼ਾਸਨ ਲਾਗੂ ਕੀਤਾ ਗਿਆ। ਸੂਚਨਾ ਤਕਨਾਲੋਜੀ ਦੀ ਸਹਾਇਤਾ ਨਾਲ ਪ੍ਰਸ਼ਾਸਨ ਸ਼ੁਰੂ ਕੀਤਾ ਗਿਆ ਅਤੇ ਸ਼ਹਿਰੀ ਸੇਵਾਵਾਂ ਨੂੰ ਝੰਝਟ ਮੁਕਤ ਢੰਗ ਨਾਲ ਮੁਹੱਈਆ ਕਰਾਉਣ ਲਈ ਸ਼ਹਿਰ ਵਿੱਚ ਵਿਸ਼ੇਸ਼ ਕੇਂਦਰ ਖੋਲ੍ਹੇ ਗਏ। ਸਰਕਾਰੀ ਅਤੇ ਨਿੱਜੀ ਖੇਤਰਾਂ ਦੀ ਭਾਗੀਦਾਰੀ ਨਾਲ ਕਾਰਪੋਰੇਸ਼ਨ ਨੇ ਗੰਦੀਆਂ ਬਸਤੀਆਂ ਦੀ ਸਫਾਈ ਦੇ ਪ੍ਰੋਗਰਾਮ ਦੀ ਵੀ ਸ਼ੁਰੂਆਤ ਕੀਤੀ ਅਤੇ ਵਿਰਸੇ ਨਾਲ ਸੰਬੰਧਤ ਸੰਸਥਾਵਾਂ ਦੀ ਸੁਰੱਖਿਆ ਲਈ ਵੀ ਜਤਨ ਕੀਤੇ। ਸੂਰਤ ਮਿਉਂਸਿਪਲ ਕਾਰਪੋਰੇਸ਼ਨ ਨੇ ਕੂੜੇ ਕਰਕਟ ਦੇ ਪ੍ਰਬੰਧ ਅਤੇ ਪਰਿਆਵਰਣ ਦੀ ਹਾਲਤ ਨੂੰ ਸੁਧਾਰਣ ਲਈ ਕਈ ਸੁਧਾਰ ਸ਼ੁਰੂ ਕੀਤੇ। ਕਾਰਗੁਜ਼ਾਰੀ ਦੇ ਨਿਰੀਖਣ ਲਈ ਵੀ ਇਸ ਨੇ ਇੱਕ ਪ੍ਰਣਾਲੀ ਦੀ ਸ਼ੁਰੂਆਤ ਕੀਤੀ। ਵਡੋਦਰਾ ਮਿਉਂਸਿਪਲ ਕਾਰਪੋਰੇਸ਼ਨ ਨੇ ਰਾਤ ਨੂੰ ਰੋਸ਼ਨੀ ਦੇ ਪ੍ਰਬੰਧ ਲਈ ਊਰਜਾ ਦੀ ਘੱਟ ਖਪਤ ਕਰਨ ਵਾਲੀ ਪ੍ਰਣਾਲੀ ਦਾ ਆਰੰਭ ਕੀਤਾ ਅਤੇ ਰਾਜਕੋਟ ਮਿਉਂਸਿਪਲ ਕਾਰਪੋਰੇਸ਼ਨ ਨੇ ਜਨਤਕ ਸੌਚਾਲਿਆਂ ਦੀ ਸਾਂਭ-ਸੰਭਾਲ, ਜਲ-ਨਿਕਾਸੀ ਦਾ ਪ੍ਰਬੰਧ, ਢੋ-ਢੁਆਈ ਅਤੇ ਠੋਸ ਗੰਦਗੀ ਨੂੰ ਇਕੱਠਾ ਕਰਨ ਦਾ ਕੰਮ ਨਿੱਜੀ

ਖੇਤਰ ਨੂੰ ਸੌਂਪ ਦਿੱਤਾ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਸਮਰਥਾ ਵਿੱਚ ਸੁਧਾਰ ਕਰਨ ਅਤੇ ਤੇਜੀ ਨਾਲ ਵਧ ਰਹੀ ਸ਼ਹਿਰੀ ਅਬਾਦੀ ਕਰਕੇ ਪੈਦਾ ਹੋ ਰਹੀ ਸਮੱਸਿਆ ਨਾਲ ਨਿਪਟਣ ਲਈ ਰਾਜ ਨੇ ਬੜੀ ਕਾਰਜ-ਕੁਸ਼ਲਤਾ ਨਾਲ ਸੂਚਨਾ ਤਕਨਾਲੋਜੀ ਤੇ ਅਧਾਰਤ ਪ੍ਰਸ਼ਾਸਨ ਅਤੇ ਹਿਸਾਬ-ਕਿਤਾਬ, ਕਰ ਵਸੂਲੀ ਤੇ ਵਿੱਤੀ ਪ੍ਰਬੰਧ ਵਿੱਚ ਸੁਧਾਰਾਂ ਦੀ ਸ਼ੁਰੂਆਤ ਕੀਤੀ ਹੈ।

**ਮੱਧ ਪ੍ਰਦੇਸ਼ :** ਏਸ ਅਧਿਐਨ ਹਿੱਤ ਚੁਣੇ ਗਏ ਪੰਜ ਰਾਜਾਂ ਵਿੱਚੋਂ ਮੱਧ ਪ੍ਰਦੇਸ਼ ਸਭ ਤੋਂ ਘੱਟ ਸ਼ਹਿਰੀਕ੍ਰਿਤ ਹੈ। ਇਸ ਰਾਜ ਵਿਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦਾ ਇਤਿਹਾਸ ਉਨਾ ਹੀ ਪੁਰਾਣਾ ਹੈ ਜਿੰਨਾ ਕਿ ਦੂਜੇ ਰਾਜਾਂ ਵਿੱਚ। 74ਵੀਂ ਸੰਵਿਧਾਨਕ ਸੋਧ ਲਾਗੂ ਹੋਣ ਉਪਰੰਤ ਮਿਉਂਸਿਪਲਟੀਆਂ ਦੇ ਵਿੱਤੀ ਘੇਰੇ ਅਤੇ ਕਾਰਜ ਖੇਤਰ ਵਿਚ ਬਹੁਤ ਸੁਧਾਰ ਹੋਇਆ ਹੈ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਕਾਰਜ ਵਿਧੀ ਵਿੱਚ ਸੁਧਾਰ ਲਿਆਉਣ ਲਈ ਮੱਧ ਪ੍ਰਦੇਸ਼ ਸਰਕਾਰ ਨੇ ਕਈ ਕਦਮ ਚੁੱਕੇ ਹਨ। ਭੂਪਾਲ ਮਿਉਂਸਿਪਲ ਕਾਰਪੋਰੇਸ਼ਨ ਨੇ ਜਿੱਥੇ ਕਿ ਪ੍ਰਸ਼ਾਸਨ ਦੀ 'ਮੇਅਰ-ਇਨ-ਕੌਂਸਲ' ਪ੍ਰਣਾਲੀ ਹੈ, ਕਰਾਂ ਦੀ ਵਧੇਰੇ ਵਸੂਲੀ ਲਈ ਸੁਧਰੀ ਹੋਈ ਪ੍ਰਬੰਧਕੀ ਸੂਚਨਾ ਪ੍ਰਣਾਲੀ, ਜੈਵਿਕ ਖਾਦ ਸੰਯੰਤਰਾਂ ਦੀ ਸਥਾਪਤੀ ਅਤੇ ਗੰਦੀਆਂ ਬਸਤੀਆਂ ਨਾਲ ਸੰਪਰਕ ਪ੍ਰਸਾਰ ਵਰਗੇ ਕਈ ਨਿਵੇਕਲੇ ਪ੍ਰਬੰਧਕੀ ਅਮਲ ਸ਼ੁਰੂ ਕਰਕੇ ਅਪਣੀ ਸਮਰਥਾ ਨੂੰ ਮਜਬੂਤ ਬਣਾ ਲਿਆ ਹੈ। ਸ਼ਹਿਰੀ ਵਿਕਾਸ ਦੇ ਵਰਗ ਵਿੱਚ ਖਾਂਡਵਾ ਮਿਉਂਸਿਪਲ ਕਾਰਪੋਰੇਸ਼ਨ ਨੇ ਪੁਰਸਕਾਰ ਜਿੱਤਿਆ ਹੈ। ਕਾਰਪੋਰੇਸ਼ਨ ਨੇ ਵਸੀਲਿਆਂ ਦੀ ਵਰਤੋਂ ਅਤੇ ਸੰਪਤੀ, ਪਾਣੀ ਅਤੇ ਬਿਜਲੀ ਕਰ ਪ੍ਰਣਾਲੀ ਦੇ ਕੰਪਿਊਟਰੀਕਰਣ ਲਈ ਕਈ ਉਪਰਾਲੇ ਕੀਤੇ ਹਨ। ਨਰਸਿੰਹਾਂ ਮਿਉਂਸਿਪਲ ਕੌਂਸਲ ਨੇ, ਜੋ ਕਿ ਇੱਕ ਨਵੀਂ ਮਿਉਂਸਿਪਲਟੀ ਹੈ, ਵਸੀਲਿਆਂ ਦੀ ਵਰਤੋਂ, ਸਿਹਤ ਸੰਭਾਲ ਸੇਵਾਵਾਂ ਦੇ ਸੁਧਾਰ, ਸਫਾਈ ਪ੍ਰਬੰਧ ਅਤੇ ਪਰਿਆਵਰਣ ਸੰਬੰਧੀ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਈ ਕਦਮ ਚੁੱਕੇ ਹਨ।

**ਯੂਰਪ** ਵਿੱਚ ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪਣ ਦੀ ਪ੍ਰਕਿਰਿਆ ਤਿੰਨ ਪੜਾਵਾਂ ਵਿੱਚ ਪੂਰੀ ਹੋਈ ਹੈ : ਪਹਿਲਾ ਪੜਾਅ - ਉੱਨੀਵੀਂ ਸਦੀ ਦਾ ਦੂਜਾ ਅੱਧ, ਦੂਜਾ ਪੜਾ - ਵੀਹਵੀਂ ਸਦੀ 1990 ਤੱਕ ਅਤੇ ਤੀਜਾ ਪੜਾਅ-1990 ਤੋਂ ਬਾਦ ਦਾ ਅਰਸਾ। ਯੂਰਪੀ ਯੂਨੀਅਨ ਦੇ ਛੇ ਚੁਣੇ ਹੋਏ ਦੇਸ਼ਾਂ ਵਿੱਚੋਂ ਬਰਤਾਨੀਆ, ਬੈਲਜੀਅਮ, ਨੀਦਰਲੈਂਡ ਅਤੇ ਫਿਨਲੈਂਡ ਸ਼ਕਤੀਆਂ ਸੌਂਪੇ ਜਾਣ ਦੀ ਪ੍ਰਕਿਰਿਆ ਦਾ ਅਰੰਭ ਕਰਨ ਵਿੱਚ ਮੋਢੀ ਹਨ ਅਤੇ ਉਨ੍ਹਾਂ ਨੇ ਸਥਾਨਕ ਅਧਿਕਾਰੀਆਂ ਦੇ ਵਿੱਤੀ ਅਤੇ ਕਰ ਸੰਬੰਧੀ ਕਾਰਜ-ਖੇਤਰ ਨੂੰ ਮਜਬੂਤ ਕਰਨ ਲਈ ਕਈ ਕਾਨੂੰਨ ਪਾਸ ਕੀਤੇ ਹਨ। ਇਟਲੀ ਅਤੇ ਸਪੇਨ ਏਸ ਪੱਖੋਂ ਕਾਫੀ ਢਿੱਲੇ ਹਨ। ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪੇ ਜਾਣ ਦੀ ਪ੍ਰਕਿਰਿਆ ਸਪੇਨ ਵਿਚ ਤਿੰਨ ਦਹਾਕੇ ਪਹਿਲਾਂ ਸ਼ੁਰੂ ਕੀਤੀ ਗਈ ਜਦੋਂ ਉੱਥੇ ਲੋਕਤੰਤਰੀ ਸੰਵਿਧਾਨ ਦਾ ਨਿਰਮਾਣ ਹੋਇਆ ਅਤੇ ਸਥਾਨਕ ਪ੍ਰਸ਼ਾਸਨ ਨੂੰ ਸੰਸਥਾਗਤ ਗਰੰਟੀ ਦਿੱਤੀ ਗਈ। ਸਥਾਨਕ ਪ੍ਰਸ਼ਾਸਨ ਨੂੰ ਸ਼ਕਤੀਆਂ ਸੌਂਪੇ ਜਾਣ ਅਤੇ ਉਨ੍ਹਾਂ ਦੀ ਸੰਸਥਾਗਤ ਕਾਰਜ ਪ੍ਰਣਾਲੀ ਨੂੰ ਮਜਬੂਤ ਬਣਾਉਣ ਦੇ ਉਦੇਸ਼ ਨਾਲ ਕੀਤੇ ਗਏ ਮੁੱਖ-ਮੁੱਖ ਕਾਨੂੰਨੀ ਸੁਧਾਰ ਜਿਆਦਾਤਰ ਦੂਜੇ ਪੜਾਅ, ਭਾਵ ਵੀਹਵੀਂ ਸਦੀ ਵਿੱਚ ਕੀਤੇ ਗਏ ਹਨ। ਪਰ 1990ਵਿਆਂ ਦਾ ਦਹਾਕਾ ਯੂਰਪੀ ਦੇਸ਼ਾਂ ਵਿੱਚ ਏਸ ਪ੍ਰਕਿਰਿਆ ਦੇ ਇਤਿਹਾਸ ਵਿੱਚ ਇਕ ਮੀਲ ਪੱਥਰ ਸਮਝਿਆ ਜਾਂਦਾ ਹੈ ਕਿਉਂਕਿ ਸਥਾਨਕ ਪ੍ਰਸ਼ਾਸਨਾਂ ਦੇ ਵਿੱਤੀ, ਕਾਰਜਕਾਰੀ ਅਤੇ ਸੰਗਠਨਾਤਮਕ ਅਧਾਰ ਨੂੰ ਮਜਬੂਤ ਬਣਾਉਣ ਦੀ ਦਿਸ਼ਾ ਵਿੱਚ ਵੱਡੇ-ਵੱਡੇ ਸੰਵਿਧਾਨਕ, ਕਾਨੂੰਨੀ ਅਤੇ ਸੰਸਥਾਗਤ ਸੁਧਾਰ ਏਸੇ ਦਹਾਕੇ ਦੌਰਾਨ ਹੋਏ। ਯੂਰਪੀ ਦੇਸ਼ਾਂ ਦੇ ਸਰਕਾਰੀ ਤੰਤਰ ਦੀ ਬਣਤਰ ਲਗਭਗ ਭਾਰਤ ਵਰਗੀ ਹੈ। ਮੁੱਖ ਅੰਤਰ ਸਥਾਨਕ ਸੰਸਥਾਵਾਂ ਦੀਆਂ ਸ਼ਕਤੀਆਂ, ਕਾਰਜਕਾਰੀ ਜਿੰਮੇਵਾਰੀਆਂ ਅਤੇ ਵਿੱਤੀ ਖੁਦਮੁਖਤਾਰੀ ਦੇ ਮਾਮਲਿਆਂ ਵਿੱਚ ਹੈ। ਯੂਰਪੀ ਯੂਨੀਅਨ ਦੇ ਦੇਸ਼ਾਂ ਦੀਆਂ ਮਿਉਂਸਿਪਲਟੀਆਂ ਵਿਸਤ੍ਰਿਤ ਜਿੰਮੇਵਾਰੀਆਂ ਨਿਭਾਉਂਦੀਆਂ ਹਨ। ਬਰਤਾਨੀਆ ਵਿੱਚ ਕਾਊਂਟੀ ਕੌਂਸਲਾਂ ਆਵਾਜਾਈ, ਢੋ-ਢੁਆਈ, ਰਾਜ-ਮਾਰਗ ਅਤੇ ਅਮਨ-ਕਾਨੂੰਨ ਲਈ ਵੀ ਜਿੰਮੇਵਾਰ ਹੁੰਦੀਆਂ ਹਨ। ਜ਼ਿਲ੍ਹਾ ਅਤੇ ਪੈਰਿਸ਼ ਕੌਂਸਲਾਂ ਕਾਊਂਟੀ ਕੌਂਸਲਾਂ ਨੂੰ ਬਹੁਤ ਸਾਰੀਆਂ ਸਥਾਨਕ ਜਿੰਮੇਵਾਰੀਆਂ ਪੂਰੀਆਂ ਕਰਨ ਵਿੱਚ ਸਹਿਯੋਗ ਦਿੰਦੀਆਂ ਹਨ। ਲੈਸਟਰ ਸ਼ਹਿਰੀ ਕੌਂਸਲ ਸਮਾਜ ਭਲਾਈ ਸਮੇਤ ਸਾਰੀਆਂ ਮਹੱਤਵਪੂਰਣ ਸ਼ਹਿਰੀ ਸੇਵਾਵਾਂ ਮੁਹੱਈਆ ਕਰਾਉਣ ਵਿੱਚ ਡੂੰਘੀ ਦਿਲਚਸਪੀ ਲੈ ਰਹੀ ਹੈ। ਜਲ-ਪੂਰਤੀ, ਗੰਦੇ ਜਲ ਦੀ ਨਿਕਾਸੀ ਅਤੇ ਸਫਾਈ ਪ੍ਰਬੰਧ ਵਰਗੀਆਂ ਕਈ ਜ਼ਰੂਰੀ ਸ਼ਹਿਰੀ ਸੇਵਾਵਾਂ ਮੁਹੱਈਆ ਕਰਾਉਣ ਅਤੇ ਉਨ੍ਹਾਂ ਦੇ ਸੰਚਾਲਨ ਅਤੇ ਸਾਂਭ-ਸੰਭਾਲ ਦਾ ਕੰਮ ਨਿੱਜੀ ਖੇਤਰ ਦੇ ਹਵਾਲੇ ਕਰ ਦਿੱਤਾ ਗਿਆ ਹੈ।

**ਨੀਦਰਲੈਂਡ :** ਨੀਦਰਲੈਂਡ ਵਿੱਚ ਮਿਉਂਸਿਪਲਟੀਆਂ ਸ਼ਹਿਰੀ ਵਿਕਾਸ ਅਤੇ ਵਿਸਥਾਰ ਦੀ ਯੋਜਨਾਬੰਦੀ, ਸੈਰ ਸਪਾਟਾ ਅਤੇ ਮਨੋਰੰਜਨ, ਲੋਕ ਨਿਰਮਾਣ ਅਤੇ ਢੋ-ਢੁਆਈ, ਜਨ ਸਿਹਤ, ਸਿੱਖਿਆ ਅਤੇ ਸਮਾਜ ਭਲਾਈ ਆਦਿ ਲਈ ਜਿੰਮੇਵਾਰ ਹਨ। ਮਿੱਡਨ ਡੈਲਫਲੈਂਡ ਭਾਵੇਂ ਇਕ ਨਵੀਂ ਮਿਉਂਸਿਪਲਟੀ ਹੈ, ਪਰ ਇਹ ਅਪਣਾ ਧਿਆਨ ਦਿਹਾਤੀ ਅਤੇ ਸ਼ਹਿਰੀ ਵਿਸਥਾਰ ਦੀ ਯੋਜਨਾਬੰਦੀ ਲਈ ਇੱਕ ਢਾਂਚੇ ਦੀ ਸਥਾਪਤੀ ਅਤੇ ਸਾਂਭ-ਸੰਭਾਲ, ਮਿਉਂਸਿਪਲ ਇਲਾਕਿਆਂ ਵਿੱਚ ਅਤੇ ਸ਼ਹਿਰਾਂ ਦੇ ਇਰਦ-ਗਿਰਦ ਹਰਿਤ ਖੇਤਰਾਂ ਦੇ ਪ੍ਰਬੰਧ, ਮਨੋਰੰਜਨ ਦੀਆਂ ਸਹੂਲਤਾਂ ਵਿੱਚ ਵਾਧੇ, ਪ੍ਰਕਿਰਤੀ ਅਤੇ ਬਹੁਮੁੱਲੇ ਦਿਹਾਤੀ ਇਲਾਕੇ ਦੀ ਸੁਰੱਖਿਆ ਅਤੇ ਖੇਤੀਬਾੜੀ ਦੇ ਸੁਧਾਰ ਤੇ ਕੇਂਦਰਿਤ ਕਰ ਰਹੀ ਹੈ। ਇਸ ਨੇ ਮਿਡਨ ਡੈਲਫਲੈਂਡ ਫੰਡ/ਜਿਮੀਂਦਾਰਾ ਬੈਂਕ ਸਥਾਪਤ ਕੀਤਾ ਹੈ ਅਤੇ ਇਹ 'ਹਰਿਤ ਉਤਪਾਦਾਂ ਅਤੇ ਸੇਵਾਵਾਂ' ਦੇ ਉਤਪਾਦਕਾਂ ਅਤੇ ਉਪਭੋਗਤਾਵਾਂ ਵਿਚਕਾਰ ਮੱਧਿਅਸਥ ਬਣਨ ਦੀ ਕੋਸ਼ਿਸ਼ ਕਰ ਰਹੀ ਹੈ।

**ਫਿਨਲੈਂਡ :** ਫਿਨਲੈਂਡ ਵਿੱਚ ਸਥਾਨਕ ਪ੍ਰਸ਼ਾਸਨ ਦੀਆਂ ਵਿਧਾਨਕ ਸ਼ਕਤੀਆਂ ਤਹਿਤ ਸਿਹਤ, ਸਮਾਜਕ ਸੁਰੱਖਿਆ, ਸਿੱਖਿਆ, ਨੌਜਵਾਨਾਂ ਸੰਬੰਧੀ ਕੰਮ ਅਤੇ ਭੂਮੀ ਦੀ ਵਰਤੋਂ ਆਉਂਦੇ ਹਨ ਜਦੋਂ ਕਿ ਇਸ ਦੀਆਂ ਆਮ ਸ਼ਕਤੀਆਂ ਤਹਿਤ ਸੱਭਿਆਚਾਰ, ਫੁਰਸਤ ਦਾ ਅਨੰਦ ਮਾਣਨ ਦੀਆਂ ਸੁਵਿਧਾਵਾਂ, ਸਥਾਨਕ ਆਰਥਕ ਵਿਕਾਸ ਵਿੱਚ ਵਾਧਾ, ਸੜਕਾਂ ਦੀ ਸਾਂਭ-ਸੰਭਾਲ, ਜਲ ਪੂਰਤੀ ਅਤੇ ਬਿਜਲੀ ਆਦਿ ਆਉਂਦੀਆਂ ਹਨ।

**ਇਟਲੀ :** ਇਟਲੀ ਵਿੱਚ ਪ੍ਰਸ਼ਾਸਨ ਦੇ ਭਿੰਨ-ਭਿੰਨ ਪੱਧਰਾਂ ਵਿਚਕਾਰ ਤਾਲਮੇਲ ਕਾਇਮ ਰੱਖਣ ਲਈ ਅਧੀਨ ਸ਼ਾਸਨ ਦੇ ਸਿਧਾਂਤ ਅਨੁਸਾਰ ਪ੍ਰਸ਼ਾਸਨਿਕ ਕਾਰਜ ਮਿਉਂਸਿਪਲਟੀਆਂ ਨੂੰ ਸੌਂਪ ਦਿੱਤੇ ਗਏ ਹਨ। ਮਿਉਂਸਿਪਲਟੀਆਂ ਦੇ ਕਾਰਜ/ਜਿੰਮੇਵਾਰੀਆਂ ਦਾ ਸੰਬੰਧ ਵਿਅਕਤੀਗਤ ਸੇਵਾਵਾਂ ਮੁਹੱਈਆ ਕਰਾਉਣ ਅਤੇ ਆਰਥਕ ਵਿਕਾਸ ਤੇ ਉਪਜਾਊ ਗਤੀਵਿਧੀਆਂ ਨੂੰ ਸਮਰਥਨ ਦੇਣ ਨਾਲ ਹੈ। ਮਿਉਂਸਿਪਲਟੀਆਂ ਚੋਣਾਂ ਕਰਵਾਉਣ, ਜਨਮ, ਮੌਤ ਅਤੇ ਵਿਆਹ ਦਰਜ ਕਰਵਾਉਣ ਅਤੇ ਅੰਕੜੇ ਇਕੱਠੇ ਕਰਨ ਜਿਹੇ ਕੰਮ ਕਰਦੀਆਂ ਹਨ। ਉਰਬੀਨੋ ਨਾਂ ਦੀ ਇੱਕ ਪਹਾੜੀ ਮਿਉਂਸਿਪਲਟੀ ਸਾਰੇ ਮੁੱਖ-ਮੁੱਖ ਕਾਰਜ ਕਰ ਰਹੀ ਹੈ ਅਤੇ ਅਪਣਾ ਧਿਆਨ ਪਰਿਆਵਰਣ ਸੰਬੰਧੀ ਬੁਨਿਆਦੀ ਢਾਂਚੇ ਦਾ ਵਿਸਥਾਰ ਕਰਨ, ਖਾਸ ਕਰਕੇ ਜਲ ਪੂਰਤੀ ਅਤੇ ਸਫਾਈ ਪ੍ਰਬੰਧ ਵਿੱਚ ਸੁਧਾਰ ਲਿਆਉਣ ਤੇ ਕੇਂਦਰਿਤ ਕਰ ਰਹੀ ਹੈ। ਮਿਉਂਸਿਪਲਟੀ ਅਪਣੇ ਠੋਸ ਕੂੜੇ ਕਰਕਟ ਦਾ ਪ੍ਰਬੰਧ ਵਿਗਿਆਨਕ ਢੰਗ ਨਾਲ ਕਰਦੀ ਹੈ ਅਤੇ ਇਸ ਦੀ ਮੁੜ ਵਰਤੋਂ ਵੱਲ ਧਿਆਨ ਦੇ ਰਹੀ ਹੈ। ਫਲੋਰੈਂਸ ਦਾ ਖੇਤਰੀ ਪ੍ਰਸ਼ਾਸਨ ਟਸਕਨੀ ਖੇਤਰ ਵਿੱਚ ਖੇਤਰੀ ਸਿਹਤ ਯੋਜਨਾ ਅਤੇ ਖੇਤਰੀ ਏਕੀਕ੍ਰਿਤ ਸਮਾਜਕ ਯੋਜਨਾਵਾਂ ਲਾਗੂ ਕਰ ਰਿਹਾ ਹੈ। ਜ਼ੋਰ ਇਸ ਗੱਲ ਤੇ ਦਿੱਤਾ ਜਾ ਰਿਹਾ ਹੈ ਕਿ ਸਿਹਤ ਅਤੇ ਸਮਾਜਕ ਸੇਵਾਵਾਂ ਦੇ ਪ੍ਰਬੰਧ ਕਰਨ ਅਤੇ ਇਨ੍ਹਾਂ ਨੂੰ ਮੁਹੱਈਆ ਕਰਵਾਉਣ ਵਿੱਚ ਸਥਾਨਕ ਪ੍ਰਸ਼ਾਸਨ ਅਤੇ ਨਾਗਰਿਕਾਂ ਦਾ ਸਹਿਯੋਗ ਹੋਵੇ ਅਤੇ ਉਪਭੋਗਤਾਵਾਂ ਤੋਂ ਲਏ ਜਾ ਰਹੇ ਖਰਚਿਆਂ ਦੀ ਵਸੂਲੀ ਸਿਲਸਿਲੇਵਾਰ ਹੋਵੇ।

**ਸਪੇਨ :** ਸਪੇਨ ਵਿੱਚ ਜਨ-ਸੰਖਿਆ ਦੇ ਅਧਾਰ ਤੇ ਮਿਉਂਸਿਪਲਟੀਆਂ ਨੂੰ ਕਈ ਲਾਜ਼ਮੀ ਜਿੰਮੇਵਾਰੀਆਂ ਦਿੱਤੀਆਂ ਗਈਆਂ ਹਨ। 50,000 ਤੋਂ ਵੱਧ ਨਾਗਰਿਕਾਂ ਵਾਲੀ ਮਿਉਂਸਿਪਲਟੀ ਸਰਕਾਰੀ ਢੋ-ਢੁਆਈ ਲਈ ਜਿੰਮੇਵਾਰ ਹੁੰਦੀ ਹੈ। ਸ਼ਹਿਰੀ ਸੁਰੱਖਿਆ, ਅੱਗ-ਬੁਝਾਊ ਸੇਵਾਵਾਂ, ਪਰਿਆਵਰਣ ਦੀ ਸੁਰੱਖਿਆ ਅਤੇ ਸਮਾਜਕ ਸੇਵਾਵਾਂ 20, 000 ਤੋਂ ਵੱਧ ਨਾਗਰਿਕਾਂ ਵਾਲੀ ਮਿਉਂਸਿਪਲਟੀ ਦੀਆਂ ਲਾਜ਼ਮੀ ਜਿੰਮੇਵਾਰੀਆਂ ਹੁੰਦੀਆਂ ਹਨ। 5000 ਜਾਂ ਇਸ ਤੋਂ ਵੱਧ ਨਾਗਰਿਕਾਂ ਵਾਲੀ ਮਿਉਂਸਿਪਲਟੀ ਦੀ ਜਿੰਮੇਵਾਰੀ ਕੂੜੇ-ਕਰਕਟ ਦੀ ਸਫਾਈ ਦਾ ਪ੍ਰਬੰਧ ਹੁੰਦੀ ਹੈ।

ਮੋਟਾ ਸਿੱਟਾ ਇਹ ਹੈ ਕਿ ਪ੍ਰਸ਼ਾਸਨ ਦਾ ਵਿਕੇਂਦਰੀਕਰਣ ਕਰਕੇ ਸਥਾਨਕ ਪੱਧਰ ਨੂੰ ਇਸ ਦੀ ਜਿੰਮੇਵਾਰੀ ਸੌਂਪਣ ਦੇ ਮਾਮਲੇ ਵਿੱਚ ਯੂਰਪੀ ਯੂਨੀਅਨ ਦੇ ਦੇਸ਼ ਭਾਰਤ ਨਾਲੋਂ ਕਿਤੇ ਅੱਗੇ ਹਨ। ਉੱਤਰੀ ਭਾਰਤ ਵਿੱਚ ਕਈ ਰਾਜਾਂ ਨੇ ਮਹੱਤਵਪੂਰਣ ਪ੍ਰਗਤੀ ਕੀਤੀ ਹੈ, ਪਰ ਸਥਾਨਕ ਸੰਸਥਾਵਾਂ ਨੂੰ ਸ਼ਕਤੀਆਂ ਅਤੇ ਜਿੰਮੇਵਾਰੀਆਂ ਦੇਣ ਦੇ ਸੰਬੰਧ ਵਿੱਚ ਪੰਜਾਬ ਹਾਲੇ ਬਹੁਤ ਪਿੱਛੇ ਹੈ।

# ਭਾਗ ਦੂਜਾ

# ਪੰਚਾਇਤੀ ਰਾਜ ਪ੍ਰਣਾਲੀ

## ਪੰਚਾਇਤੀ ਰਾਜ ਪ੍ਰਣਾਲੀ ਦੀ ਬਣਤਰ, ਇਤਿਹਾਸ ਅਤੇ ਇਸ ਦਾ ਵਿਕਾਸ

ਜਿਹੜੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਪੰਜਾਬ, ਚੋਣਵੇਂ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਵਿਚ ਦੇਹਾਤੀ ਇਲਾਕਿਆਂ ਦੇ ਵਿਕਾਸ ਲਈ ਕੰਮ ਕਰ ਰਹੀਆਂ ਹਨ, ਉਨ੍ਹਾਂ ਦਾ ਇਤਿਹਾਸਕ ਪਿਛੋਕੜ ਅਤੇ ਮੁੱਖ ਲੱਛਣ ਹੀ ਏਸ ਅਧਿਆਇ ਦਾ ਕੇਂਦਰ-ਬਿੰਦੂ ਹਨ।

### ਜਾਣ-ਪਛਾਣ/ਇਤਿਹਾਸਕ ਪਿਛੋਕੜ :

ਲੋਕਤੰਤਰਿਕ ਪ੍ਰਕਿਰਿਆ ਨੂੰ ਸਮਾਜ ਦੇ ਹੇਠਲੇ ਪੱਧਰ ਤੇ ਲੈ ਜਾਣ ਅਤੇ ਮੁਢਲੀਆਂ ਸ਼ਹਿਰੀ ਅਤੇ ਹੋਰ ਜ਼ਰੂਰਤਾਂ ਸੰਬੰਧੀ ਫੈਸਲੇ ਲੈਣ ਵਿਚ ਸਥਾਨਕ ਸਮੁਦਾਵਾਂ ਨੂੰ ਸ਼ਾਮਿਲ ਕਰਨ ਲਈ ਵਿਕੇਂਦਰੀਕਰਣ ਇੱਕ ਮੁੱਖ ਸਾਧਨ ਰਿਹਾ ਹੈ। 19ਵੀਂ ਸਦੀ ਵਿਚ ਸ਼ੁਰੂ ਹੋਈ ਇਸ ਪ੍ਰਕਿਰਿਆ ਨੇ 20ਵੀਂ ਸਦੀ ਦੇ ਪਿਛਲੇ ਅੱਧ ਵਿਚ ਜ਼ੋਰ ਫੜਿਆ। ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਵਿਚ ਸਥਾਨਕ ਸਵੈ-ਸ਼ਾਸ਼ਨ ਸੰਸਥਾਵਾਂ (ਪੰਚਾਇਤਾਂ ਅਤੇ ਮਿਊਂਸਿਪਲਟੀਆਂ) ਭਾਰਤ ਵਿਚ ਵਿਕੇਂਦਰੀਕਰਣ ਦਾ ਮੁੱਖ ਸਾਧਨ ਰਹੀਆਂ ਹਨ। ਦਿਹਾਤੀ ਭਾਰਤ ਵਿੱਚ ਪੰਚਾਇਤਾਂ ਅਤੇ ਸ਼ਹਿਰੀ ਭਾਰਤ ਵਿਚ ਮਿਊਂਸਿਪਲਟੀਆਂ ਨੂੰ ਸੰਵਿਧਾਨ ਵਿਚ ਸਥਾਨਕ ਸਵੈ-ਸ਼ਾਸ਼ਨ ਸੰਸਥਾਵਾਂ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਗਿਆ ਹੈ। ਪੁਰਾਣੇ ਸਮਿਆਂ ਤੋਂ ਚੱਲੀ ਆ ਰਹੀ ਕਹਾਵਤ 'ਪੰਚ ਪਰਮੇਸ਼ਵਰ' ਜਾਂ 'ਪੰਚ ਪਰਧਾਨ' ਤੋਂ ਪਤਾ ਚਲਦਾ ਹੈ ਕਿ ਭਾਰਤੀ ਸੱਭਿਆਚਾਰ ਵਿੱਚ ਪੰਚਾਇਤਾਂ ਦੀਆਂ ਜੜ੍ਹਾਂ ਡੂੰਘੀਆਂ ਸਨ। ਭਾਰਤੀ ਸੰਵਿਧਾਨ ਦੀ 73ਵੀਂ ਸੋਧ ਪਿੱਛੋਂ ਪੰਚਾਇਤੀ ਰਾਜ ਪ੍ਰਣਾਲੀ ਨੇ ਦੇਸ਼ ਦੀ ਲੋਕਤੰਤਰਿਕ ਪ੍ਰਣਾਲੀ ਵਿਚ ਕੇਂਦਰੀ ਸਥਾਨ ਲੈ ਲਿਆ ਹੈ। ਏਸ ਮਹੱਤਵਪੂਰਣ ਸੋਧ ਨਾਲ ਸੰਘੀ ਢਾਂਚੇ ਵਿੱਚ ਕੇਂਦਰ ਅਤੇ ਰਾਜਾਂ ਬਾਦ ਪੰਚਾਇਤਾਂ ਤੀਜਾ ਪੱਧਰ ਬਣ ਚੁੱਕੀਆਂ ਹਨ। ਕਿੰਤੂ 1992 ਦੀਆਂ ਇਤਿਹਾਸਕ ਸੰਵਿਧਾਨਕ ਸੋਧਾਂ ਕੀਤੇ ਜਾਣ ਦੇ ਇਕ ਦਹਾਕੇ ਬਾਦ ਵੀ ਸਥਾਨਕ ਸ਼ਾਸਨਾਂ ਨੂੰ ਕਈ ਰਾਜਾਂ ਵਿਚ ਪ੍ਰਭਾਵਸ਼ਾਲੀ ਨਹੀਂ ਬਣਾਇਆ ਗਿਆ। ਇਨ੍ਹਾਂ ਦੀ ਕਾਰਜ ਪ੍ਰਣਾਲੀ ਹਰ ਰਾਜ ਵਿਚ ਵੱਖਰੀ-ਵੱਖਰੀ ਹੈ ਅਤੇ ਸੰਵਿਧਾਨ ਦੇ IX ਅਤੇ IX-A ਭਾਗ ਅਨੁਸਾਰ ਸਥਾਨਕ ਸ਼ਾਸਨ ਨੂੰ ਕਾਰਜ, ਅਮਲਾ ਅਤੇ ਫੰਡ ਨਹੀਂ ਸੌਂਪੇ ਗਏ । ਦੂਜੇ ਵੰਨੇ ਯੂਰਪੀ ਦੇਸ਼ਾਂ ਵਿਚ ਸ਼ਕਤੀਆਂ ਅਤੇ ਜਿੰਮੇਵਾਰੀਆਂ ਦਾ ਪ੍ਰਭਾਵਸ਼ਾਲੀ ਵਿਕੇਂਦਰੀਕਰਣ ਕਰਕੇ ਉਨ੍ਹਾਂ ਨੂੰ ਸਥਾਨਕ ਪੱਧਰ ਤੇ ਸਮੁਦਾਵਾਂ ਦੇ ਹਵਾਲੇ ਕਰਨ ਵਿੱਚ ਬਹੁਤ ਪ੍ਰਗਤੀ ਹੋਈ ਹੈ। ਵਾਸਤਵ ਵਿੱਚ ਭਾਰਤ ਦੇ ਉਲਟ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਲਈ ਸਥਾਨਕ ਪੱਧਰ ਦੀਆਂ ਵੱਖ-ਵੱਖ ਸੰਸਥਾਵਾਂ ਨਹੀਂ ਹਨ। ਉਥੋਂ ਦੀਆਂ ਸਥਾਨਕ ਸੰਸਥਾਵਾਂ ਖੇਤਰੀ ਹਨ ਜੋ ਕਿ ਭੂਗੋਲਕ ਇਲਾਕਿਆਂ ਤੇ ਆਧਾਰਿਤ ਹਨ ਅਤੇ ਉਨ੍ਹਾਂ ਤਹਿਤ ਸ਼ਹਿਰੀ ਅਤੇ ਦਿਹਾਤੀ, ਦੋਵੇਂ ਸਮੁਦਾ ਆਉਂਦੇ ਹਨ।

ਇਸ ਅਤੇ ਅਗਲੇ ਅਧਿਆਇ ਵਿਚ ਪੰਜਾਬ ਦੀ ਪੰਚਾਇਤੀ ਰਾਜ ਪ੍ਰਣਾਲੀ ਨੂੰ ਮੁੱਖ ਰੱਖ ਕੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਪੰਚਾਇਤੀ ਰਾਜ ਦੇ ਵੱਖ-ਵੱਖ ਪੱਖਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਵਿਚ ਚੱਲ ਰਹੇ ਅਮਲ ਦਾ ਨਿਰੀਖਣ ਕੀਤਾ ਗਿਆ ਹੈ।

### ਪੁਰਾਣੇ ਸਮਿਆਂ ਵਿਚ ਪੰਚਾਇਤਾਂ

ਭਾਰਤੀ ਸੰਵਿਧਾਨ ਵਿਚ ਹਿਰਸ ਦਾ ਸਥਾਨ ਪ੍ਰਾਪਤ ਕਰਨ ਤੋਂ ਪਹਿਲਾਂ ਵੀ ਭਾਰਤ ਵਿਚ ਪੰਚਾਇਤਾਂ ਦਾ ਇੱਕ ਲੰਬਾ ਇਤਿਹਾਸ ਰਿਹਾ ਹੈ। ਭਾਰਤੀ ਇਤਿਹਾਸ ਦੇ ਵੱਖ-ਵੱਖ ਅਰਸਿਆਂ ਦੌਰਾਨ ਇਸ ਪ੍ਰਣਾਲੀ ਦੀ ਮਹੱਤਤਾ ਦੇ ਬਿਰਤਾਂਤ ਲਿਖੇ ਗਏ ਹਨ। ਇਹ ਕੋਰੀ ਕਲਪਨਾ ਨਹੀਂ ਬਲਕਿ ਸੱਚਾਈ ਹੈ ਕਿ ਪ੍ਰਾਚੀਨ ਭਾਰਤੀ ਇਤਿਹਾਸ ਵਿਚ ਪਿੰਡਾਂ ਦੀਆਂ ਪੰਚਾਇਤਾਂ ਦੀ ਹੋਂਦ ਦੇ ਸਬੂਤ ਮਿਲਦੇ ਹਨ। ਇਨ੍ਹਾਂ ਪੰਚਾਇਤਾਂ ਵਿੱਚ ਪੰਜ ਗੈਰ ਰਸਮੀ ਤੌਰ ਤੇ ਚੁਣੇ

ਹੋਏ ਸਿਆਣੀ ਉਮਰ ਦੇ ਵਿਅਕਤੀ ਹੁੰਦੇ ਸਨ ਜੋ ਪਿੰਡ ਦੇ ਝਗੜੇ ਨਿਪਟਾਉਂਦੇ ਸਨ। ਪ੍ਰਾਚੀਨ ਭਾਰਤੀ ਸਾਹਿੱਤ ਵਿਚ ਦੇਹਾਤੀ ਸਥਾਨਕ ਸਵੈ-ਸ਼ਾਸਨ ਦੀ ਇਕ ਸੰਗਠਤ ਪ੍ਰਣਾਲੀ (ਪੰਚਾਇਤ) ਦਾ ਹਵਾਲਾ ਮਿਲਦਾ ਹੈ। ਰਿਗਵੇਦ ਵਿਚ ਪਿੰਡ ਦੇ ਮੁਖੀ 'ਗ੍ਰਾਮਣੀ' ਦਾ ਜ਼ਿਕਰ ਹੈ ਜਿਸ ਨੂੰ ਰਾਜੇ ਦੁਆਰਾ ਨਗਰ ਪ੍ਰਬੰਧ ਅਤੇ ਸੁਰੱਖਿਆ ਦੇ ਉਦੇਸ਼ ਲਈ ਨਿਯੁਕਤ ਕੀਤਾ ਜਾਂਦਾ ਸੀ। ਅਥਰਵ ਵੇਦ ਵਿਚ 'ਸਭਾ' ਅਤੇ 'ਸਮਿਤੀ' ਨਾਂ ਦੀਆਂ ਸੰਸਥਾਵਾਂ ਤੇ ਵਿਚਾਰ ਕੀਤਾ ਗਿਆ ਹੈ। 'ਸਭਾਪਤੀ' ਅਤੇ 'ਸਭਾਸਦ' ਦੇ ਕਾਰਜ ਮੁੱਖ ਤੌਰ ਤੇ ਨਿਆਇਕ ਹੁੰਦੇ ਸਨ। ਰਮਾਇਣ ਅਤੇ ਮਹਾਂਭਾਰਤ ਮਹਾਂ-ਕਾਵਿਆਂ ਵਿੱਚ ਵੀ ਦੇਹਾਤੀ ਸੰਸਥਾਵਾ ਦਾ ਜਿਕਰ ਕੀਤਾ ਗਿਆ ਹੈ। ਇਨ੍ਹਾਂ ਅਨੁਸਾਰ ਗ੍ਰਾਮਣੀ ਦੀ ਜ਼ਿੰਮੇਵਾਰੀ ਸਰਕਾਰੀ ਕਰ ਇਕੱਠੇ ਕਰਨਾ, ਪਿੰਡ ਦੇ ਦਸਤਾਵੇਜ ਰੱਖਣਾ, ਝਗੜੇ ਨਿਪਟਾਉਣਾ ਅਤੇ ਅਪਰਾਧ ਦੀ ਰੋਕ-ਥਾਮ ਕਰਨਾ ਸੀ। ਕੌਟਿੱਲਿਆ ਦਾ ਅਰਥ ਸ਼ਾਸਤਰ ਪ੍ਰਾਚੀਨ ਭਾਰਤ ਵਿਚ ਪ੍ਰਚੱਲਤ ਪਿੰਡ ਦੀ ਪ੍ਰਸ਼ਾਸਨ ਪ੍ਰਣਾਲੀ ਦਾ ਵਿਸਤ੍ਰਿਤ ਵਰਣਨ ਕਰਦਾ ਹੈ। ਇਸ ਤੋਂ ਇਲਾਵਾ ਮੋਰੀਆ ਅਤੇ ਚੋਲ ਕਾਲ ਅਤੇ ਗੁਪਤ ਰਾਜਿਆਂ ਦੇ ਸੁਨਹਿਰੀ ਯੁੱਗ ਦੌਰਾਨ ਵੀ ਪਿੰਡਾਂ ਦੀਆਂ ਪੰਚਾਇਤਾਂ ਦੇ ਸਬੂਤ ਦੇਖੇ ਜਾ ਸਕਦੇ ਹਨ।

### ਮੱਧਕਾਲ ਅਤੇ ਬਰਤਾਨਵੀ ਕਾਲ ਦੌਰਾਨ ਪੰਚਾਇਤੀ ਰਾਜ ਪ੍ਰਣਾਲੀ :

ਭਾਰਤ ਵਿਚ ਪੰਚਾਇਤੀ ਪ੍ਰਣਾਲੀ ਦੇ ਇਤਿਹਾਸ ਵਿਚ ਮੱਧ ਯੁੱਗ ਦੌਰਾਨ ਹੋਰਾਂ ਦੇ ਟਾਕਰੇ ਕੋਈ ਖਾਸ ਪ੍ਰਗਤੀ ਨਹੀਂ ਹੋਈ। ਮੁਗਲ ਰਾਜ ਦੌਰਾਨ ਇਹ ਪ੍ਰਣਾਲੀ ਜ਼ਿਆਦਾਤਰ ਪ੍ਰਭਾਵਹੀਣ ਹੀ ਸੀ। ਜਾਪਦਾ ਹੈ ਅਕਬਰ ਤੋਂ ਇਲਾਵਾ ਕਿਸੇ ਵੀ ਹੋਰ ਮੁਗਲ ਸ਼ਾਸਕ ਨੇ ਪੰਚਾਇਤਾਂ ਨੂੰ ਮਹੱਤਤਾ ਨਹੀਂ ਦਿੱਤੀ। ਉਸੇ ਤਰ੍ਹਾਂ ਬਰਤਾਨਵੀ ਰਾਜ ਦੇ ਅਰੰਭਕ ਸਾਲਾਂ ਦੌਰਾਨ ਸਥਾਨਕ ਦੀਵਾਨੀ ਅਤੇ ਫੌਜਦਾਰੀ ਅਦਾਲਤਾਂ, ਮਾਲਗੁਜ਼ਾਰੀ ਅਤੇ ਪੁਲਿਸ ਪ੍ਰਸ਼ਾਸਨ ਦੇ ਸਥਾਪਤ ਹੋਣ ਨਾਲ ਪੰਚਾਇਤਾਂ ਦੀ ਖੁਦਮੁਖਤਾਰੀ ਮੱਧਮ ਪੈ ਗਈ। ਪ੍ਰੰਤੂ ਅੰਗ੍ਰੇਜ਼ ਸ਼ਾਸਕ ਪਿੰਡਾਂ ਦੇ ਪੱਧਰ ਤੇ ਸਵੈ-ਸ਼ਾਸਕ ਸਮੁਦਾਵਾਂ ਦੀ ਭੂਮਿਕਾ ਤੋਂ ਚੰਗੀ ਤਰ੍ਹਾਂ ਜਾਣੂੰ ਸਨ। 1852 ਦੌਰਾਨ ਭਾਰਤ ਵਿਚ ਅੰਗ੍ਰੇਜ਼ ਗਵਰਨਰ ਸਰ ਚਾਰਲਸ ਮੈਟਕਾਫ ਨੇ ਪੰਚਾਇਤ ਨੂੰ 'ਇੱਕ ਛੋਟਾ ਜਿਹਾ ਗਣਤੰਤਰ' ਕਿਹਾ ਹੈ। ਪਰ ਉਸਨੇ ਕੁਝ ਝਿਝਕ ਵੀ ਪ੍ਰਗਟ ਕੀਤੀ ਹੈ ਕਿਉਂਕਿ ਜਾਤੀ ਪ੍ਰਥਾ ਦੀ ਜਕੜੀ ਹੋਈ ਸਾਮੰਤਵਾਦੀ ਪ੍ਰਣਾਲੀ, ਜਿਸ ਵਿਚ ਤਾਕਤ ਕੁੱਝ ਭੂਮੀਪਤੀਆਂ ਦੇ ਹੱਥ ਵਿਚ ਕੇਂਦਰਤ ਸੀ, ਵਿਕੇਂਦਰੀਕਰਨ ਦੇ ਉਦੇਸ਼ ਨਾਲ ਮੇਲ ਨਹੀਂ ਸੀ ਖਾਂਦੀ। ਇਹ ਈਸਟ ਇੰਡੀਆ ਕੰਪਨੀ ਦੇ 1865 ਦੇ ਮਤੇ ਵਿਚ ਸਪਸ਼ਟ ਦਿਖਾਈ ਦਿੰਦਾ ਹੈ। ਇਸ ਵਿਚ ਕਿਹਾ ਗਿਆ ਹੈ ਕਿ:

"ਇਸ ਦੇਸ਼ ਦੇ ਲੋਕ ਅਪਣੇ ਸਥਾਨਕ ਮਾਮਲਿਆਂ ਨੂੰ ਨਿਪਟਾਉਣ ਵਿੱਚ ਪੂਰੀ ਤਰ੍ਹਾਂ ਯੋਗ ਹਨ। ਉਨ੍ਹਾਂ ਵਿਚ ਨਾਗਰਕੀ ਭਾਵਨਾ ਨੇ ਡੂੰਘੀ ਜੜ ਪਕੜੀ ਹੋਈ ਹੈ। ਭਾਰਤੀ ਸੰਸਥਾਵਾਂ ਵਿੱਚੋਂ ਦਿਹਾਤੀ ਸਮੁਦਾਵਾਂ ਸਭ ਤੋਂ ਵੱਧ ਸਥਿਰ ਹਨ। ਉਨ੍ਹਾਂ ਨੇ ਸਮਾਜਕ ਢਾਂਚੇ ਨੂੰ ਕਾਇਮ ਰੱਖਿਆ ਜਦੋਂ ਕਿ ਇੱਕ ਤੋਂ ਬਾਦ ਇੱਕ ਧਾੜਵੀਆਂ ਦੀਆਂ ਹੇੜ੍ਹਾਂ ਦੇਸ਼ ਉਤੇ ਹੂੰਝਾ ਫੇਰ ਰਹੀਆਂ ਹਨ।"[2] 1870 ਵਿਚ ਵਾਈਸਰਾਏ ਲਾਰਡ ਮਾਇਓ ਦੁਆਰਾ ਸ਼ਕਤੀ ਦੇ ਵਿਕੇਂਦਰੀਕਰਣ ਲਈ ਮਤਾ ਪੇਸ਼ ਕਰਕੇ ਕੀਤੀ ਗਈ ਪਹਿਲ ਦਾ ਉਦੇਸ਼ ਪ੍ਰਸ਼ਾਸਨਿਕ ਕਾਰਜਕੁਸ਼ਲਤਾ ਵਿਚ ਸੁਧਾਰ ਲਿਆਉਣਾ ਸੀ। 1882 ਵਿਚ ਲਾਰਡ ਰਿਪਨ ਨੇ ਜਨਤਾ ਨੂੰ ਆਮ ਕਰਕੇ ਅਤੇ ਗਰਾਮੀਣ ਲੋਕਾਂ ਨੂੰ ਖਾਸ ਕਰਕੇ ਰਾਜਨੀਤਿਕ ਸਿੱਖਿਆ ਦੇਣ ਦੇ ਸਪਸ਼ਟ ਮੰਤਵ ਨਾਲ ਸਥਾਨਕ ਪ੍ਰਸ਼ਾਸਨਿਕ ਸੰਸਥਾਵਾਂ ਦੇ ਲਗਾਤਾਰ ਵਿਸਥਾਰ ਦੇ ਹੱਕ ਵਿਚ ਨਿਰਣਾ ਲਿਆ। 1907 ਵਿਚ ਵਿਕੇਂਦਰੀਕਰਣ ਬਾਰੇ ਸ਼ਾਹੀ ਕਮਿਸ਼ਨ ਨੇ ਪਿੰਡ ਦੇ ਪੱਧਰ ਤੇ ਪੰਚਾਇਤਾਂ ਦੇ ਮਹੱਤਵ ਨੂੰ ਮੰਨਿਆ ਅਤੇ ਲੋਕਾਂ ਨੂੰ ਸਥਾਨਕ ਪ੍ਰਸ਼ਾਸਨ ਦੇ ਕਾਰਜ ਨਾਲ ਜੋੜਨ ਦੀ ਸਿਫਾਰਿਸ਼ ਕੀਤੀ। ਬਰਤਾਨਵੀ ਰਾਜ ਦੌਰਾਨ ਇਸ ਦੇ ਉਪਰੰਤ ਵਿਕੇਂਦਰੀਕਰਣ ਨੂੰ ਮੁੱਖ ਰੱਖ ਕੇ ਕੀਤੇ ਗਏ ਕੁਝ ਉਪਰਾਲਿਆਂ ਵਿਚ ਮੌਂਟੇਗਿਊ ਚੈਮਸਫੋਰਡ ਐਕਟ 1919, ਸਾਈਮਨ ਕਮਿਸ਼ਨ ਰਿਪੋਰਟ 1925 ਅਤੇ ਗੌਰਮਿੰਟ ਆਫ ਇੰਡੀਆ ਐਕਟ 1935 ਹਨ। ਇਨ੍ਹਾਂ ਉਪਰਾਲਿਆਂ ਸਦਕਾ 1925 ਤੱਕ 8 ਪ੍ਰਾਂਤਾਂ ਨੇ ਪੰਚਾਇਤ ਐਕਟ ਪਾਸ ਕਰ ਦਿੱਤੇ ਸਨ ਅਤੇ 1926 ਤੱਕ 6 ਦੇਸੀ ਰਿਆਸਤਾਂ ਨੇ ਵੀ ਪੰਚਾਇਤ ਸੰਬੰਧੀ ਕਾਨੂੰਨ ਬਣਾ ਲਏ ਸਨ। 1948 ਤੱਕ 20 ਹੋਰ ਰਿਆਸਤਾਂ ਵਿਚ ਪੇਂਡੂ ਪੰਚਾਇਤ ਐਕਟ ਬਣ ਚੁੱਕੇ ਸਨ।

## ਸੁਤੰਤਰਤਾ ਤੋਂ ਬਾਦ ਪੰਚਾਇਤੀ ਰਾਜ ਪ੍ਰਣਾਲੀ

ਸੁਤੰਤਰਤਾ ਤੋਂ ਬਾਦ ਪੰਚਾਇਤਾਂ ਨੂੰ ਸ਼ਕਤੀਆਂ ਦੇਣ ਦੀ ਪ੍ਰਕਿਰਿਆ ਨੇ ਜ਼ੋਰ ਫੜ ਲਿਆ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਗਰਾਮ ਸਵਰਾਜ (ਪਿੰਡ ਦੀ ਖੁਦਮੁਖਤਾਰੀ) ਤੇ ਜੋਰ ਦਿੰਦੇ ਹੋਏ ਦ੍ਰਿੜ੍ਹਤਾ ਨਾਲ ਇਸ ਗੱਲ ਦੀ ਹਿਮਾਇਤ ਕੀਤੀ ਕਿ : "ਸੁਤੰਤਰਤਾ ਅਵੱਸ਼ਕ ਤੌਰ ਤੇ ਹੇਠਾਂ ਤੋਂ ਹੀ ਸ਼ੁਰੂ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਹਰ ਪਿੰਡ ਪੂਰੀ ਸ਼ਕਤੀ ਰੱਖਣ ਵਾਲਾ ਇੱਕ ਪੰਚਾਇਤੀ ਗਣਤੰਤਰ ਹੋਵੇਗਾ।"[4]

ਪੰਚਾਇਤੀ ਰਾਜ ਪ੍ਰਣਾਲੀ ਦੇ ਵਾਸਤਵਿਕ ਭਾਵ ਅਤੇ ਮਹੱਤਵ ਨੂੰ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੀ ਧਾਰਾ-40 ਵਿੱਚ ਸਥਾਨ ਮਿਲਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ :

"ਸਰਕਾਰ ਪੰਚਾਇਤਾਂ ਨੂੰ ਸੰਗਠਤ ਕਰਨ ਲਈ ਕਦਮ ਚੁੱਕੇਗੀ ਅਤੇ ਉਨ੍ਹਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਧਿਕਾਰ ਪ੍ਰਦਾਨ ਕਰੇਗੀ ਜੋ ਉਨ੍ਹਾਂ ਨੂੰ ਸਵੈ-ਸ਼ਾਸਨ ਦੀ ਇਕਾਈ ਦੇ ਤੌਰ ਤੇ ਕਾਰਜ ਕਰਨ ਦੇ ਯੋਗ ਬਣਾਉਣ ਲਈ ਜ਼ਰੂਰੀ ਹੋਣ।"

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਪੰਚਾਇਤਾਂ ਨੂੰ ਪਿੰਡ ਦੇ ਪੱਧਰ ਤੇ ਇੱਕ ਮਹੱਤਵਪੂਰਣ ਸਮਾਜਕ, ਆਰਥਕ ਅਤੇ ਰਾਜਨੀਤਕ ਸੰਸਥਾ ਮੰਨਦੇ ਸਨ। 1959 ਵਿੱਚ ਰਾਜਸਥਾਨ ਵਿੱਚ ਪੰਚਾਇਤੀ ਰਾਜ ਦਾ ਉਦਘਾਟਨ ਕਰਦੇ ਹੋਏ ਉਨ੍ਹਾਂ ਨੇ ਲੋਕਾਂ ਦੁਆਰਾ ਜਿੰਮੇਵਾਰੀਆਂ ਲੈਣ ਦੇ ਮਹੱਤਵ ਤੇ ਜ਼ੋਰ ਦਿੱਤਾ :

"ਲੱਖਾਂ ਪਿੰਡਾਂ ਨੂੰ ਉੱਪਰ ਚੁੱਕਣਾ ਕੋਈ ਮਾਮੂਲੀ ਕੰਮ ਨਹੀਂ ਅਤੇ ਇਸ ਦੀ ਧੀਮੀ ਪ੍ਰਗਤੀ ਦਾ ਕਾਰਣ ਸਰਕਾਰੀ ਤੰਤਰ ਤੇ ਸਾਡਾ ਨਿਰਭਰ ਹੋਣਾ ਹੈ। ਇੱਕ ਅਫਸਰ ਦੀ ਵੀ ਸ਼ਾਇਦ ਜ਼ਰੂਰਤ ਹੈ ਕਿਉਂਕਿ ਉਹ ਵਿਸ਼ੇਸ਼ੱਗ ਹੈ। ਪਰ ਇਹ ਤਦ ਹੀ ਹੋ ਸਕਦਾ ਹੈ ਜੇ ਲੋਕ ਹੱਥ ਵਿਚ ਜਿੰਮੇਵਾਰੀ ਲੈਣ। ਲੋਕਾਂ ਦੀ ਕੇਵਲ ਸਲਾਹ ਹੀ ਨਹੀਂ ਲੈਣੀ ਬਲਕਿ ਉਨ੍ਹਾਂ ਨੂੰ ਅਸਰਦਾਰ ਸ਼ਕਤੀਆਂ ਵੀ ਸੌਂਪਣੀਆਂ ਹਨ।"[5]

ਉਸ ਸਮੇਂ ਦੇ ਪੇਂਡੂ ਵਿਕਾਸ ਮੰਤਰੀ ਸ੍ਰੀ ਐੱਸ. ਕੇ. ਦੇ ਨੇ ਕਿਹਾ ਸੀ :

"ਪੰਚਾਇਤੀ ਰਾਜ ਪ੍ਰਣਾਲੀ ਵਿੱਚ ਭਾਰਤ ਦੇ ਲੋਕ ਪੰਚਾਇਤ ਤੋਂ ਲੈ ਕੇ ਸੰਸਦ ਤੱਕ ਦੀਆਂ ਅਪਣੀਆਂ ਪ੍ਰਤੀਨਿਧੀ ਸੰਸਥਾਵਾਂ ਰਾਹੀਂ ਅਪਣਾ ਸ਼ਾਸਨ ਚਲਾਉਣਗੇ ਅਤੇ ਇਸ ਤਰ੍ਹਾਂ ਲੋਕਤੰਤਰ ਗਰਾਮ ਸਭਾ (ਪਿੰਡ ਦੇ ਸੰਸਦ) ਤੋਂ ਲੋਕ ਸਭਾ (ਰਾਸ਼ਟਰੀ ਸੰਸਦ ਦੇ ਹੇਠਲੇ ਸਦਨ) ਤੱਕ ਪਹੁੰਚੇਗਾ।"[6]

ਪੰਚਾਇਤਾਂ ਦੇ ਮਹੱਤਵ ਤੇ ਜ਼ੋਰ ਦਿੰਦੇ ਹੋਏ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਸੀ:

"ਉੱਪਰ ਤੋਂ ਕੀਤੀ ਜਾਣ ਵਾਲੀ ਯੋਜਨਾਬੰਦੀ ਨੂੰ ਖਤਮ ਕਰਨਾ ਚਾਹੀਦਾ ਹੈ। ਜ਼ਮੀਨੀ ਯਥਾਰਥ ਤੋਂ ਦੂਰ ਅਰਸ਼ੀ ਉਚਾਈਆਂ ਤੇ ਬੈਠ ਕੇ ਅਗੇਤ ਨੂੰ ਵਿਚਾਰਣ ਅਤੇ ਉਸ ਬਾਰੇ ਫੈਸਲੇ ਲੈਣ ਦਾ ਸਾਨੂੰ ਖਾਤਮਾ ਕਰ ਦੇਣਾ ਚਾਹੀਦਾ ਹੈ।"[7]

ਸਥਾਨਕ ਸਵੈ-ਸ਼ਾਸਨ ਦੇ ਕੁੱਝ ਕਾਰਜਾਂ ਦੀ ਰੂਪ-ਰੇਖਾ ਪੇਸ਼ ਕਰਦੇ ਹੋਏ ਪੰ. ਜਵਾਹਰ ਲਾਲ ਨਹਿਰੂ ਨੇ ਇਸ ਗੱਲ ਦੀ ਹਿਮਾਇਤ ਕੀਤੀ ਸੀ ਕਿ :

"ਪੰਚਾਇਤੀ ਰਾਜ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਪਿੰਡ ਵਿੱਚ ਹਰੇਕ ਵਿਅਕਤੀ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਣ ਦੀ ਜਿੰਮੇਵਾਰੀ ਲੈਣ ਅਤੇ ਇਸ ਤਰ੍ਹਾਂ ਬੀਮਾਰੀ, ਬੇਰੁਜ਼ਗਾਰੀ, ਅਨਪੜ੍ਹਤਾ ਅਤੇ ਹੋਰ ਅਯੋਗਤਾਵਾਂ ਵਿਰੁੱਧ ਸੁਰੱਖਿਆ ਦਾ ਬੀਮਾ ਬਣ ਜਾਣ।"[8]

ਪਹਿਲੀ ਪੰਜ ਸਾਲਾ ਯੋਜਨਾ ਨੇ ਵੀ ਪਿੰਡ ਪੱਧਰ ਦੀ ਯੋਜਨਾ ਅਤੇ ਜ਼ਿਲ੍ਹਾ ਵਿਕਾਸ ਕੌਂਸਲ ਤੇ ਆਧਾਰਤ ਲੋਕਤੰਤਰੀ ਵਿਕੇਂਦਰੀਕਰਨ ਦੀ ਪ੍ਰਕਿਰਿਆ ਰਾਹੀਂ ਨਿੱਖੜਵੀਂ ਯੋਜਨਾਬੰਦੀ ਦੀ ਅਵੱਸ਼ਕਤਾ ਨੂੰ ਮੰਨਿਆ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਦ੍ਰਿੜ੍ਹ ਬਣਾਉਣ ਲਈ ਭਾਰਤ ਸਰਕਾਰ ਨੇ ਸਮੇਂ ਸਮੇਂ ਤੇ ਕਈ ਕਮੇਟੀਆਂ ਦਾ ਗਠਨ ਕੀਤਾ। ਅਜਿਹੀ

ਪਹਿਲੀ ਕਮੇਟੀ ਬਲਵੰਤ ਰਾਏ ਮਹਿਤਾ ਕਮੇਟੀ ਸੀ ਜੋ 1957 ਵਿੱਚ ਬਣਾਈ ਗਈ ਸੀ। ਕਮੇਟੀ ਨੇ ਸਭ ਤੋਂ ਹੇਠਲੇ ਪੱਧਰ ਤੇ ਲੋਕਤੰਤਰੀ ਅਤੇ ਚੁਣੀਆਂ ਹੋਈਆਂ ਸੰਸਥਾਵਾਂ ਦੀ ਅਵੱਸ਼ਕਤਾ ਦੀ ਸਿਫਾਰਿਸ਼ ਕੀਤੀ ਅਤੇ ਇੱਕ ਤਿੰਨ ਪੱਧਰੀ ਪ੍ਰਣਾਲੀ ਦਾ ਸੁਝਾਅ ਦਿੱਤਾ ਜਿਸ ਵਿੱਚ ਜ਼ਿਲ੍ਹਾ ਪੱਧਰ, ਵਿਚਕਾਰਲੇ ਪੱਧਰ ਅਤੇ ਪਿੰਡ ਦੇ ਪੱਧਰ ਦੀਆਂ ਸੰਸਥਾਵਾਂ ਹੋਣੀਆਂ ਸਨ। 1959 ਵਿੱਚ ਬਣਾਈ ਗਈ ਕੇ. ਸ਼ਾਂਤਨਮ ਕਮੇਟੀ ਨੇ 1965 ਵਿੱਚ ਪੇਸ਼ ਕੀਤੀ ਗਈ ਅਪਣੀ ਰਿਪੋਰਟ ਵਿੱਚ ਪੰਚਾਇਤੀ ਰਾਜ ਫਾਇਨਾਂਸ ਕਾਰਪੋਰੇਸ਼ਨ ਅਤੇ ਜ਼ਿਲ੍ਹਾ ਚੋਣ ਕਮਿਸ਼ਨ ਸਥਾਪਤ ਕਰਨ ਦੀ ਸਿਫਾਰਸ਼ ਕੀਤੀ। 1977 ਵਿੱਚ ਅਸ਼ੋਕ ਮਹਿਤਾ ਕਮੇਟੀ ਨੇ ਇਕ ਦੋ-ਪੱਧਰੀ ਢਾਂਚੇ ਦੀ ਸਿਫਾਰਿਸ਼ ਕੀਤੀ ਜਿਸ ਵਿਚ ਜ਼ਿਲ੍ਹਾ ਅਤੇ ਪਿੰਡ ਦੋ ਪੱਧਰ ਹੋਣੇ ਸੀ। ਰਾਜਾਂ ਅਤੇ ਕੇਂਦਰ ਦੇ ਸੰਬੰਧਾਂ ਬਾਰੇ 1983 ਵਿਚ ਨਿਯੁਕਤ ਕੀਤੇ ਗਏ ਸਰਕਾਰੀਆ ਕਮਿਸ਼ਨ ਨੇ ਅਪਣੀ ਰਿਪੋਰਟ ਵਿਚ ਸਿਫ਼ਾਰਿਸ ਕੀਤੀ ਕਿ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੇ ਉਦੇਸ਼ ਨੂੰ ਤਦ ਤੱਕ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਜਦ ਤੱਕ ਕਿ ਸਥਾਨਕ ਸੰਸਥਾਵਾਂ ਨੂੰ ਅਪਣੀ ਨਿਰਧਾਰਤ ਭੂਮਿਕਾ ਨਹੀਂ ਨਿਭਾਉਣ ਦਿੱਤੀ ਜਾਂਦੀ। ਵਿਅੰਗ ਦੀ ਗੱਲ ਹੈ ਕਿ ਅਪਣੀ ਭੂਮਿਕਾ ਨਿਭਾਉਣ ਦੀ ਬਜਾਏ ਇਨ੍ਹਾਂ ਸੰਸਥਾਵਾਂ ਵਿੱਚ ਖੜੋਤ ਲਿਆਂਦੀ ਗਈ ਹੈ। ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ ਨਿਯਮਿਤ ਤੌਰ ਤੇ ਨਹੀਂ ਕਰਵਾਈਆਂ ਗਈਆਂ ਅਤੇ ਲੰਬੇ ਅਰਸੇ ਤੱਕ ਉਨ੍ਹਾਂ ਨੂੰ ਮਨਸੂਖ ਰੱਖਿਆ ਗਿਆ ਹੈ। ਸਰਕਾਰੀਆ ਕਮਿਸ਼ਨ ਨੇ ਸਿਫ਼ਾਰਿਸ਼ ਕੀਤੀ ਕਿ ਇਹ ਅਵੱਸ਼ਕ ਹੈ ਕਿ ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ ਨਿਯਮਿਤ ਤੌਰ ਤੇ ਕਰਵਾਈਆਂ ਜਾਣ ਅਤੇ ਇਨ੍ਹਾਂ ਨੂੰ ਫੰਡ ਸੌਂਪੇ ਜਾਣ। 1985 ਵਿੱਚ ਜੀ.ਵੀ.ਕੇ. ਰਾਓ ਕਮੇਟੀ ਨੇ ਵੀ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਨਿਯਮਿਤ ਚੋਣਾਂ ਤੇ ਜ਼ੋਰ ਦਿੱਤਾ। 1986 ਵਿੱਚ ਪੀ.ਕੇ. ਥੁੰਗਣ ਦੀ ਅਗਵਾਈ ਹੇਠ ਇਕ ਕਮੇਟੀ ਨੇ ਸਿਫ਼ਾਰਿਸ਼ ਕੀਤੀ ਕਿ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੰਵਿਧਾਨਕ ਮਾਨਤਾ ਮਿਲਣੀ ਚਾਹੀਦੀ ਹੈ, ਉਨ੍ਹਾਂ ਦੀਆਂ ਚੋਣਾਂ ਸਮੇਂ ਸਿਰ ਅਤੇ ਨਿਯਮਿਤ ਤੌਰ ਤੇ ਕਰਵਾਏ ਜਾਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਕਾਰਜ ਕਾਲ ਪੰਜ ਸਾਲ ਦਾ ਹੋਣਾ ਚਾਹੀਦਾ ਹੈ। ਐੱਲ. ਐੱਮ. ਸਿੰਘਵੀ ਕਮੇਟੀ ਨੇ 1987 ਵਿੱਚ ਸਿਫਾਰਿਸ਼ ਕੀਤੀ ਕਿ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੰਵਿਧਾਨਕ ਸੁਰੱਖਿਆ ਪ੍ਰਾਪਤ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਵਿੱਤੀ ਸਾਧਨ ਸੌਂਪੇ ਜਾਣੇ ਚਾਹੀਦੇ ਹਨ। 1921 ਵਿੱਚ ਪੰਜਾਬ ਪਿੰਡ ਪੰਚਾਇਤ ਐਕਟ ਨੇ 1912 ਦੇ ਐਕਟ ਦਾ ਸਥਾਨ ਲੈ ਲਿਆ। ਇਸ ਤੋਂ ਬਾਦ 1939 ਦੇ ਪਿੰਡ ਪੰਚਾਇਤ ਐਕਟ ਨੇ ਪੰਜਾਬ ਪਿੰਡ ਪੰਚਾਇਤ ਐਕਟ 1921 ਦਾ ਸਥਾਨ ਲੈ ਲਿਆ। 1939 ਦੇ ਐਕਟ ਦਾ ਮੁੱਖ ਲੱਛਣ ਰਾਜ ਦੇ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਬੋਰਡਾਂ ਦਾ ਗਠਨ ਸੀ। ਇਨ੍ਹਾਂ ਬੋਰਡਾਂ ਨੇ ਸਿੱਖਿਆ, ਸੜਕ ਉਸਾਰੀ ਅਤੇ ਸਿਹਤ-ਸੰਭਾਲ ਦੇ ਖੇਤਰਾਂ ਵਿੱਚ ਚੰਗਾ ਕੰਮ ਕੀਤਾ। ਸੁਤੰਤਰਤਾ ਤੋਂ ਬਾਦ ਪੰਜਾਬ ਸਰਕਾਰ ਨੇ ਗਰਾਮ ਪੰਚਾਇਤ ਐਕਟ 1952 ਬਣਾਇਆ ਜਿਸ ਨੇ 1939 ਦੇ ਪਿੰਡ ਪੰਚਾਇਤ ਐਕਟ ਦਾ ਸਥਾਨ ਲੈ ਲਿਆ। 1961 ਵਿੱਚ ਪੰਜਾਬ ਸਰਕਾਰ ਨੇ ਬਲਵੰਤ ਰਾਏ ਮਹਿਤਾ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਪੰਚਾਇਤੀ ਰਾਜ ਪ੍ਰਣਾਲੀ ਨੂੰ ਸੰਗਠਤ ਕਰਨ ਦਾ ਫੈਸਲਾ ਕੀਤਾ। ਨਤੀਜੇ ਵਜੋਂ ਇਕ ਤਿੰਨ-ਪੱਧਰੀ ਪ੍ਰਣਾਲੀ ਦਾ ਨਿਰਮਾਣ ਕੀਤਾ ਗਿਆ ਜਿਸ ਵਿੱਚ ਪਿੰਡ ਦੇ ਪੱਧਰ ਤੇ ਪੰਚਾਇਤਾਂ, ਬਲਾਕ ਪੱਧਰ ਤੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪਰੀਸ਼ਦ ਸਨ। ਜ਼ਿਲ੍ਹਾ ਬੋਰਡਾਂ ਨੂੰ ਖਤਮ ਕਰ ਦਿੱਤਾ ਗਿਆ। 1970 ਤੱਕ ਅਤੇ ਫੇਰ 1975 ਤੋਂ 1978 ਤੱਕ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦ ਪ੍ਰਤੀਨਿਧੀ ਸੰਸਥਾਵਾਂ ਦੇ ਤੌਰ ਤੇ ਕੰਮ ਕਰਦੇ ਰਹੇ (1970 ਤੋਂ 1975 ਤੱਕ ਦੇ ਅਰਸੇ ਦੌਰਾਨ ਉਨ੍ਹਾਂ ਨੂੰ ਭੰਗ ਕਰ ਦਿੱਤਾ ਗਿਆ ਸੀ)। ਇਸ ਤੋਂ ਬਾਦ ਇਹ ਦੋ ਪੱਧਰ 1994 ਤੱਕ ਚਲਦੇ ਰਹੇ। ਸੁਤੰਤਰਤਾ ਤੋਂ ਬਾਦ 1988 ਨੂੰ ਛੱਡ ਕੇ, ਜਦੋਂ ਕਿ ਰਾਜ ਵਿੱਚ ਗੜਬੜੀ ਵਾਲੀ ਸਥਿਤੀ ਸੀ, ਗਰਾਮ ਪੰਚਾਇਤਾਂ ਦੀਆਂ ਚੋਣਾਂ ਨਿਯਮਿਤ ਤੌਰ ਤੇ (1952, 1957, 1962, 1968, 1973, 1978, 1983, 1992, 1998) ਕਰਵਾਈਆਂ ਗਈਆਂ। 1992 ਵਿੱਚ 73ਵੀਂ ਸੰਵਿਧਾਨਕ ਸੋਧ ਐਕਟ ਪਾਸ ਹੋ ਜਾਣ ਨਾਲ ਰਾਜ ਸਰਕਾਰ ਨੇ ਅਪ੍ਰੈਲ 1994 ਵਿੱਚ ਪੰਜਾਬ ਪੰਚਾਇਤੀ ਰਾਜ ਐਕਟ ਪਾਸ ਕੀਤਾ ਜਿਸ ਨੇ ਗਰਾਮ ਪੰਚਾਇਤ ਐਕਟ 1952 ਦਾ ਸਥਾਨ ਲੈ ਲਿਆ।

**ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦਾ ਇਤਿਹਾਸ**

ਗੁਜਰਾਤ ਵਿੱਚ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦਾ ਅਰੰਭ ਪਹਿਲੀ ਵਾਰ ਬੰਬਈ ਪੰਚਾਇਤ ਐਕਟ 1933 ਨਾਲ ਹੋਇਆ। ਇਨ੍ਹਾਂ ਸਾਰੀਆਂ ਸਿਫਾਰਿਸ਼ਾਂ ਅਤੇ ਪੱਛਮੀ ਬੰਗਾਲ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਦੇ ਪ੍ਰਯੋਗਾਂ ਅਤੇ ਵਿਕੇਂਦਰੀਕਰਣ ਪ੍ਰਤੀ ਵਧ ਰਹੀ ਰੁਚੀ ਵੱਲ ਧਿਆਨ ਦਿੰਦੇ ਹੋਏ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 64ਵੀਂ ਸੰਵਿਧਾਨਕ ਸੋਧ ਦਾ ਬਿਲ ਪੇਸ਼ ਕੀਤਾ। ਇਸ ਨੂੰ ਲੋਕ ਸਭਾ ਦੁਆਰਾ ਪਾਸ ਕਰ ਦਿੱਤਾ ਗਿਆ ਕਿੰਤੂ ਇਸ ਨੂੰ ਰਾਜ ਸਭਾ ਦੀ ਸਹਿਮਤੀ ਨਹੀਂ ਮਿਲੀ।

ਬਾਦ ਵਿੱਚ ਪੰਚਾਇਤੀ ਰਾਜ ਬਿਲ 1989 ਦੀ ਸਮੱਗਰੀ ਦਾ ਮੁੜ ਨਿਰੀਖਣ ਕਰਨ ਲਈ ਇਕ ਕੈਬਨਿਟ ਕਮੇਟੀ ਦਾ ਗਠਨ ਕੀਤਾ ਗਿਆ ਅਤੇ 1992 ਵਿੱਚ ਪ੍ਰਧਾਨ ਮੰਤਰੀ ਪੀ.ਵੀ. ਨਰਸਿੰਹਾਂ ਰਾਓ ਦੇ ਕਾਰਜ ਕਾਲ ਦੌਰਾਨ 73ਵੀਂ ਸੰਵਿਧਾਨਕ ਸੋਧ ਬਿਲ ਦੇ ਰੂਪ ਵਿੱਚ ਇਕ ਵਿਸਤ੍ਰਿਤ ਸੋਧ ਪੇਸ਼ ਕੀਤੀ ਗਈ। ਇਸ ਨੂੰ ਸੰਸਦ ਦੇ ਦੋਵੇਂ ਸਦਨਾਂ ਦੁਆਰਾ ਪਾਸ ਕਰ ਦਿੱਤਾ ਗਿਆ ਅਤੇ ਇਹ 24 ਅਪ੍ਰੈਲ 1993 ਤੋਂ ਲਾਗੂ ਹੋ ਗਈ। ਉਪਰੋਕਤ ਸੋਧ ਤੋਂ ਕੁੱਝ ਹੀ ਦੇਰ ਬਾਦ 5 ਮਈ 1993 ਨੂੰ ਪੰਚਾਂ ਅਤੇ ਸਰਪੰਚਾਂ ਨੂੰ ਲਿਖੇ ਹੋਏ ਅਪਣੇ ਇਕ ਪੱਤਰ ਵਿੱਚ ਸ੍ਰੀ ਰਾਓ ਨੇ ਕਿਹਾ ਸੀ ਕਿ :

"ਲੋਕਤੰਤਰ ਅਤੇ ਪੰਚਾਇਤਾਂ ਨੂੰ ਸ਼ਕਤੀਆਂ ਦੀ ਸਪੁਰਦਗੀ ਹੁਣ ਇਸ ਰਾਸ਼ਟਰ ਦੇ ਸਭ ਤੋਂ ਪਵਿੱਤਰ ਦਸਤਾਵੇਜ, ਭਾਵ ਭਾਰਤੀ ਸੰਵਿਧਾਨ ਦਾ ਹਿੱਸਾ ਬਣ ਚੁੱਕੇ ਹਨ। ਹੁਣ ਤੁਹਾਡੀ ਪੰਚਾਇਤ ਕੋਲੋਂ ਕੋਈ ਲੋਕਤੰਤਰੀ ਵਿਵਹਾਰ ਨੂੰ ਖੋਹ ਨਹੀਂ ਸਕਦਾ ... ਇਹ ਸੰਵਿਧਾਨਕ ਪਰਿਵਰਤਨ ਦੇਸ਼ ਦੇ ਦੇਹਾਤੀ ਇਲਾਕਿਆਂ ਦੇ ਵਿਕਾਸ ਦੇ ਇਤਿਹਾਸ ਵਿਚ ਇਕ ਵੱਡਾ ਮੀਲ ਪੱਥਰ ਸਾਬਤ ਹੋਣਗੇ... ਇਹ ਵਿਕਾਸ, ਵਿਵਸਥਾ ਅਤੇ ਪ੍ਰਸ਼ਾਸਨ ਦੇ ਜ਼ਰੂਰੀ ਕਾਰਜ ਕਰਨ ਵਾਲੀਆਂ ਊਰਜਾਵਾਨ ਸੰਸਥਾਵਾਂ ਹੋਣਗੀਆਂ।"[9]

**ਪੰਜਾਬ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦਾ ਇਤਿਹਾਸ :**

ਪੰਜਾਬ ਵਿੱਚ ਪੰਚਾਇਤੀ ਰਾਜ ਪ੍ਰਣਾਲੀ ਦਾ ਅਰੰਭ 1912 ਵਿੱਚ ਪਿੰਡ ਪੰਚਾਇਤ ਐਕਟ ਪਾਸ ਹੋਣ ਨਾਲ ਹੋਇਆ ਅਤੇ 1919 ਤੋਂ ਬਾਦ ਮੌਂਟੇਗਿਊ ਚੈਮਸਫੋਰਡ ਐਕਟ ਦੇ ਤਹਿਤ ਇਸ ਦਾ ਘੇਰਾ ਬਹੁਤ ਵਿਸਤ੍ਰਿਤ ਕਰ ਦਿੱਤਾ ਗਿਆ। 1960 ਦੇ ਵਰ੍ਹਿਆਂ ਵਿੱਚ ਗਰਾਮ ਪੰਚਾਇਤ ਇੱਕ ਤਿੰਨ-ਪੱਧਰੀ ਏਕੀਕ੍ਰਿਤ ਢਾਂਚੇ ਰਾਹੀਂ ਹੋ ਰਹੇ ਵਿਕਾਸ ਦਾ ਕੇਂਦਰ ਬਿੰਦੂ ਸਮਝੀ ਜਾਂਦੀ ਸੀ। ਇਸ ਢਾਂਚੇ ਦਾ ਹਰ ਪੱਧਰ ਦੂਸਰੇ ਨਾਲ ਇੱਕ ਸਜੀਵ ਸੰਬੰਧ ਰੱਖਦਾ ਸੀ। 73 ਵੀਂ ਸੰਵਿਧਾਨਕ ਸੋਧ ਪਿੱਛੋਂ 1993 ਵਿੱਚ ਨਵਾਂ ਪੰਚਾਇਤੀ ਰਾਜ ਐਕਟ ਪਾਸ ਕਰਨ ਉਪਰੰਤ ਅਪਣਾ ਲਿਆ ਗਿਆ।

ਕਰਨਾਟਕ ਵਿੱਚ ਪੰਚਾਇਤੀ ਰਾਜ ਪ੍ਰਣਾਲੀ ਦੇ ਇਤਿਹਾਸ ਤੋਂ ਪਤਾ ਚੱਲਦਾ ਹੈ ਕਿ ਪੁਰਾਣੀ ਮੈਸੂਰ ਰਿਆਸਤ ਵਿੱਚ ਮੈਸੂਰ ਲੋਕਲ ਬੋਰਡ ਐਕਟ 1992 ਤਹਿਤ ਯੂਨੀਅਨ ਪੰਚਾਇਤਾਂ, ਤਾਲੁਕ ਬੋਰਡਾਂ ਅਤੇ ਜ਼ਿਲ੍ਹਾ ਬੋਰਡਾਂ ਦਾ ਇੱਕ ਤਿੰਨ-ਪੱਧਰੀ ਢਾਂਚਾ ਸਥਾਪਤ ਕੀਤਾ ਗਿਆ। ਇਸ ਦਾ ਸਥਾਨ ਮੈਸੂਰ ਪਿੰਡ ਪੰਚਾਇਤ ਅਤੇ ਲੋਕਲ ਬੋਰਡ ਐਕਟ 1959 ਨੇ ਲੈ ਲਿਆ ਅਤੇ ਬਲਵੰਤ ਰਾਏ ਮਹਿਤਾ ਕਮੇਟੀ ਦੀਆਂ ਸਿਫਾਰਸ਼ਾਂ ਤੇ ਇਕ ਤਿੰਨ-ਪੱਧਰੇ ਢਾਂਚੇ ਦੀ ਸ਼ੁਰੂਆਤ ਕੀਤੀ ਗਈ। 1983 ਵਿੱਚ ਅਸ਼ੋਕ ਮਹਿਤਾ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ ਕਰਨਾਟਕ ਐਕਟ 1983 ਪਾਸ ਕੀਤਾ ਗਿਆ। ਇਸ ਨਾਲ ਰਾਜ ਸਰਕਾਰ ਦੀ ਹੇਠਲੀਆਂ ਸੰਸਥਾਵਾਂ ਨੂੰ ਚੋਖੀਆਂ ਸ਼ਕਤੀਆਂ ਸੌਂਪਣ ਦੀ ਇੱਛਾ ਪਹਿਲੀ ਵਾਰ ਦਿਖਾਈ ਦਿੱਤੀ। 73ਵੀਂ ਸੰਵਿਧਾਨਕ ਸੋਧ ਪਿੱਛੋਂ ਨਵਾਂ ਪੰਚਾਇਤੀ ਰਾਜ ਐਕਟ 1993 ਬਣਾਇਆ ਗਿਆ।

ਕੇਰਲ ਵਿਚ ਪੰਚਾਇਤ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ 1956 ਵਿਚ ਕੇਰਲ ਪ੍ਰਾਂਤ ਬਣਨ ਤੋਂ ਪਹਿਲਾਂ ਰਾਜ ਦੇ ਤਿੰਨ ਖੇਤਰਾਂ ਵਿਚ ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਸਨ। ਇਹ ਖੇਤਰ ਸਨ ਤ੍ਰਾਵਾਂਕੌਰ, ਕੋਚੀਨ ਅਤੇ ਮਾਲਾਬਾਰ। ਕੇਰਲ ਪੰਚਾਇਤ ਐਕਟ 1960 ਨੇ ਇਹ ਵਿਵਸਥਾ ਕਰ ਦਿੱਤੀ ਕਿ ਸਰਕਾਰ ਪੰਚਾਇਤਾਂ ਨੂੰ ਕਈ ਜਿੰਮੇਵਾਰੀਆਂ ਨਿਭਾਉਣ ਦਾ ਅਧਿਕਾਰ ਦੇ ਸਕਦੀ ਸੀ, ਜਿਵੇਂਕਿ ਭੂਮੀ ਕਰ ਇਕੱਠਾ ਕਰਨਾ, ਪਿੰਡ ਦਾ ਸਰਵੇਖਣ ਕਰਵਾਉਣਾ ਅਤੇ ਦਸਤਾਵੇਜ ਰੱਖਣੇ, ਪਿੰਡ ਦੇ ਅੰਕੜੇ ਇਕੱਠੇ ਕਰਨਾ, ਪਿੰਡਾਂ ਦੇ ਪ੍ਰਾਈਮਰੀ ਸਕੂਲਾਂ, ਸਿਹਤ ਕੇਂਦਰਾਂ, ਜਨ-ਸਿਹਤ, ਬਾਲ ਭਲਾਈ, ਪਰਸੂਤ ਸੰਸਥਾਵਾਂ ਅਤੇ ਸਮੁਦਾ ਵਿਕਾਸ ਦੇ ਕੰਮ ਨੂੰ ਪੂਰਾ ਕਰਨ ਦੀ ਨਿਗਰਾਨੀ ਕਰਨਾ। 1994 ਵਿਚ ਅਨੁਰੂਪ ਐਕਟ ਪਾਸ ਹੋਣ ਤੋਂ ਪਹਿਲਾਂ ਇਸ ਨੂੰ 1964, 1967 ਅਤੇ 1978 ਵਿਚ ਸੋਧਿਆ ਗਿਆ ਸੀ।

ਮੱਧ ਪ੍ਰਦੇਸ਼ ਵਿਚ ਪੰਚਾਇਤਾਂ ਦਾ ਇਤਿਹਾਸ 1920 ਤੋਂ ਸ਼ੁਰੂ ਹੁੰਦਾ ਹੈ ਜਦੋਂ ਪਿੰਡ ਪੰਚਾਇਤ ਐਕਟ 1920 ਦੇ ਤਹਿਤ ਕੇਂਦਰੀ ਪ੍ਰਾਂਤਾਂ ਵਿਚ ਪੰਚਾਇਤਾਂ ਦੀ ਸਥਾਪਨਾ ਕੀਤੀ ਗਈ। 1956 ਵਿਚ ਮੱਧ ਪ੍ਰਦੇਸ਼ ਬਣਨ ਪਿਛੋਂ 1962 ਵਿਚ ਨਵਾਂ ਪੰਚਾਇਤ ਐਕਟ ਬਣਾਇਆ ਗਿਆ। ਮੱਧ ਪ੍ਰਦੇਸ਼ ਵਿਚ ਪੰਚਾਇਤ ਸੰਬੰਧੀ ਕਾਨੂੰਨਾਂ ਦਾ ਕਾਲਕ੍ਰਮ ਇਸ ਪ੍ਰਕਾਰ ਹੈ; ਮੱਧ ਪ੍ਰਦੇਸ਼ ਪੰਚਾਇਤ ਐਕਟ 1962, ਪੰਚਾਇਤ ਐਕਟ 1981, ਪੰਚਾਇਤੀ ਰਾਜ ਐਕਟ 1990, ਅੰਤ ਵਿਚ ਪੰਚਾਇਤ ਰਾਜ ਐਕਟ 1993 ਜਿਸ ਵਿਚ 1994 ਅਤੇ 1999 ਦਰਮਿਆਨ ਅੱਠ ਸੋਧਾਂ ਕੀਤੀਆਂ ਗਈਆਂ।

ਮਹਾਰਾਸ਼ਟਰ ਵਿਚ ਇਹ ਪਰੰਪਰਾ ਸੀ ਕਿ ਉੱਥੇ ਪਿੰਡ ਪੰਚਾਇਤਾਂ ਪ੍ਰਸ਼ਾਸਨ ਦੇ ਮੁੱਖ ਕੇਂਦਰ ਵਲੋਂ ਕੰਮ ਕਰਦੀਆਂ ਸਨ। ਪਹਿਲਾ ਰਸਮੀ ਉਪਰਾਲਾ 1920 ਵਿਚ ਬੰਬਈ ਪਿੰਡ ਪੰਚਾਇਤ ਐਕਟ ਪਾਸ ਕਰਨ ਨਾਲ ਕੀਤਾ ਗਿਆ। ਪੰਚਾਇਤਾਂ ਸੰਬੰਧੀ ਕਾਨੂੰਨ ਨੂੰ ਸਮੇਂ-ਸਮੇਂ ਤੇ ਸੋਧਿਆ ਗਿਆ ਜਿਵੇਂਕਿ ਬੰਬਈ ਪਿੰਡ ਪੰਚਾਇਤ ਐਕਟ 1933, ਬੰਬਈ ਪਿੰਡ ਪੰਚਾਇਤ (ਸੋਧ) ਐਕਟ 1939, ਬੰਬਈ ਪਿੰਡ ਪੰਚਾਇਤ ਐਕਟ 1958, ਬਣਾਏ ਗਏ। 1960 ਵਿਚ ਮਹਾਰਾਸ਼ਟਰ ਪ੍ਰਾਂਤ ਬਣਨ ਤੋਂ ਬਾਦ ਜ਼ਿਲ੍ਹਾ ਪਰੀਸ਼ਦ ਅਤੇ ਪੰਚਾਇਤ ਸੰਮਤੀ ਐਕਟ 1961, ਬਣਾਇਆ ਗਿਆ। ਰਾਜ ਵਿਚ ਤਿੰਨ ਮਹੱਤਵਪੂਰਨ ਕਮੇਟੀਆਂ ਵੀ ਬਣਾਈਆਂ ਗਈਆਂ। ਇਹ ਸਨ : ਪੰਚਾਇਤੀ ਰਾਜ ਕਮੇਟੀ 1970, ਪੰਚਾਇਤੀ ਰਾਜ ਰਿਵਿਊ ਕਮੇਟੀ (ਬੋਂਗੀਰਵਰ ਕਮੇਟੀ) 1973 ਅਤੇ ਪੰਚਾਇਤੀ ਰਾਜ ਰਿਵਿਊ ਕਮੇਟੀ (ਪਾਟਿਲ ਕਮੇਟੀ) 1984। ਏਸ ਅਵਧੀ ਦੌਰਾਨ ਜ਼ਿਲ੍ਹਾ ਯੋਜਨਾਬੰਦੀ ਅਤੇ ਵਿਕਾਸ ਕਮੇਟੀਆਂ ਵੀ ਬਣਾਈਆਂ ਗਈਆਂ। ਨਵਾਂ ਪੰਚਾਇਤੀ ਰਾਜ ਐਕਟ ਰਾਜ ਵਿਚ 2 ਅਪ੍ਰੈਲ 1994 ਨੂੰ ਲਾਗੂ ਹੋਇਆ।

### 73ਵੀਂ ਸੰਵਿਧਾਨਕ ਸੋਧ ਪਿਛੋਂ ਪੰਚਾਇਤੀ ਰਾਜ ਪ੍ਰਣਾਲੀ :

73ਵੀਂ ਸੰਵਿਧਾਨਕ ਸੋਧ ਭਾਰਤ ਦੇ ਲੋਕਤੰਤਰੀ ਵਿਕੇਂਦਰੀਕਰਨ ਦੇ ਇਤਿਹਾਸ ਵਿਚ ਇਕ ਯੁੱਗ ਪਲਟਾਊ ਘਟਨਾ ਹੈ। 1 ਦਿਸੰਬਰ 1992 ਨੂੰ ਦੇਹਾਤੀ ਵਿਕਾਸ ਦੇ ਕੈਬਨਿਟ ਮੰਤਰੀ ਨੇ ਟਿੱਪਣੀ ਕੀਤੀ ਸੀ:

"ਇਸ ਨਾਲ ਕੇਂਦਰ ਅਤੇ ਰਾਜਾਂ ਦਾ ਕਰਤੱਵ ਬਣਦਾ ਹੈ ਕਿ ਉਹ ਪਿੰਡ ਪੰਚਾਇਤਾਂ ਨੂੰ ਸਥਾਪਤ ਕਰਕੇ ਉਨ੍ਹਾਂ ਨੂੰ ਪਰਫੁੱਲਤ ਕਰਨ ਤਾਂ ਕਿ ਉਹ ਪ੍ਰਭਾਵਸ਼ਾਲੀ ਸਵੈ-ਸ਼ਾਸਨ ਸੰਸਥਾਵਾਂ ਬਣ ਸਕਣ। ਇਹ ਐਕਟ ਬਣਾ ਕੇ ਸਰਕਾਰ ਮਹਾਤਮਾ ਗਾਂਧੀ ਦਾ ਗਰਾਮ ਸਵਰਾਜ ਦਾ ਸੁਪਨਾ ਪੂਰਾ ਕਰ ਰਹੀ ਹੈ।"

ਭਾਰਤ ਵਿੱਚ ਜ਼ਿਲ੍ਹਾ ਪੱਧਰ ਤੇ 456 ਪੰਚਾਇਤਾਂ ਹਨ ਜਿਨ੍ਹਾਂ ਨੂੰ ਜ਼ਿਲ੍ਹਾ ਪੰਚਾਇਤ ਜਾਂ ਜ਼ਿਲ੍ਹਾ ਪਰੀਸ਼ਦ ਕਿਹਾ ਜਾਂਦਾ ਹੈ। ਵਿਚਕਾਰਲੇ ਪੱਧਰ ਤੇ 5905 ਪੰਚਾਇਤਾਂ ਹਨ ਜਿਨ੍ਹਾਂ ਨੂੰ ਬਲਾਕ ਸੰਮਤੀਆਂ ਜਾਂ ਵਿਚਕਾਰਲੀਆਂ ਪੰਚਾਇਤਾਂ ਕਿਹਾ ਜਾਂਦਾ ਹੈ ਅਤੇ ਪਿੰਡ ਦੇ ਪੱਧਰ ਤੇ 230762 ਪੰਚਾਇਤਾਂ ਹਨ ਜਿਨ੍ਹਾਂ ਨੂੰ ਗਰਾਮ ਪੰਚਾਇਤਾਂ ਕਿਹਾ ਜਾਂਦਾ ਹੈ। ਇਸ ਤਰ੍ਹਾਂ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਜੋ ਸਭ ਤੋਂ ਹੇਠਲੇ ਪੱਧਰ ਤੇ ਕਿਰਿਆਸ਼ੀਲ ਹੈ। ਇਨ੍ਹਾਂ ਚੁਣੀਆਂ ਹੋਈਆਂ ਲੋਕਤੰਤਰੀ ਸੰਸਥਾਵਾਂ ਨੂੰ 34 ਲੱਖ ਚੁਣੇ ਹੋਏ ਪ੍ਰਤੀਨਿਧ ਚਲਾਉਂਦੇ ਹਨ ਜਿਨ੍ਹਾਂ ਵਿੱਚ 10 ਲੱਖ ਇਸਤ੍ਰੀਆਂ, 3.6 ਲੱਖ ਅਨੁਸੂਚਿਤ ਜਾਤੀਆਂ ਦੇ ਲੋਕ ਅਤੇ 2.6 ਲੱਖ ਅਨੁਸੂਚਿਤ ਕਬੀਲਿਆਂ ਦੇ ਲੋਕ ਹਨ।

## ਸਾਰਣੀ-14
## 1 ਅਪ੍ਰੈਲ 2004 ਦੀ ਸੂਚਨਾ ਅਨੁਸਾਰ ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਅਤੇ ਉਨ੍ਹਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਦੀ ਸੰਖਿਆ

| ਰਾਜ | ਗਰਾਮ ਪੰਚਾਇਤਾਂ ਦੀ ਸੰਖਿਆ | ਗਰਾਮ ਪੰਚਾਇਤਾਂ ਦੇ ਚੁਣੇ ਹੋਏ ਮੈਂਬਰਾਂ ਦੀ ਸੰਖਿਆ | ਵਿਚਕਾਰਲੇ ਪੱਧਰ ਦੀਆਂ ਪੰਚਾਇਤਾਂ ਦੀ ਸੰਖਿਆ | ਵਿਚਕਾਰਲੇ ਪੱਧਰ ਦੀਆਂ ਪੰਚਾਇਤਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਦੀ ਸੰਖਿਆ | ਜ਼ਿਲ੍ਹਾ ਪੰਚਾਇਤਾਂ ਦੀ ਸੰਖਿਆ | ਜ਼ਿਲ੍ਹਾ ਪੰਚਾਇਤਾਂ ਦੇ ਚੁਣੇ ਹੋਏ ਮੈਂਬਰਾਂ ਦੀ ਸੰਖਿਆ |
|---|---|---|---|---|---|---|
| ਗੁਜਰਾਤ | 13819 | 83213 | 225 | 2768 | 25 | 544 |
| ਕਰਨਾਟਕ | 5659 | 53421 | 175 | 2162 | 27 | 591 |
| ਕੇਰਲ | 991 | 8458 | 152 | 1009 | 14 | 202 |
| ਮੱਧਪ੍ਰਦੇਸ਼ | 22029 | 208356 | 313 | 4297 | 45 | 486 |
| ਮਹਾਰਾਸ਼ਟਰ | 28553 | 178132 | 349 | 2877 | 33 | 1423 |
| ਪੰਜਾਬ | 12445 | 48860 | 140 | 5257 | 17 | 190 |

**ਸਰੋਤ :** ਭਾਰਤ ਸਰਕਾਰ ਦੇ ਪੰਚਾਇਤੀ ਰਾਜ ਮੰਤਰਾਲੇ ਦੀ ਵੈੱਬਸਾਈਟ

ਸੰਵਿਧਾਨਕ ਸੋਧ ਦੇ ਅਨੁਰੂਪ ਸਾਰੇ ਰਾਜਾਂ ਨੇ ਪਿਛਲੇ ਕਾਨੂੰਨਾਂ ਨੂੰ ਰੱਦ ਕਰਕੇ ਸੋਧੇ ਹੋਏ ਕਾਨੂੰਨ ਬਣਾ ਲਏ ਹਨ। ਅੱਜ ਪੰਚਾਇਤੀ ਰਾਜ ਸੰਸਥਾਵਾਂ ਭਾਰਤ ਦੇ ਦਿਹਾਤੀ ਵਿਕਾਸ ਅਤੇ ਗਰੀਬੀ ਘਟਾਉਣ ਦੇ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਸੰਭਾਵੀ ਸਾਧਨ ਬਣ ਗਏ ਹਨ। ਇਹ ਸੱਚ ਹੈ ਕਿ ਜੇ ਇਨ੍ਹਾਂ ਸੰਸਥਾਵਾਂ ਨੂੰ ਪ੍ਰਭਾਵਸ਼ਾਲੀ ਸ਼ਕਤੀਆਂ ਦਿੱਤੀਆਂ ਜਾਣ ਤਾਂ ਉਨ੍ਹਾਂ ਵਿੱਚ ਲੋਕਾਂ ਦੀਆਂ ਲੋੜਾਂ ਅਤੇ ਅਭਿਲਾਸ਼ਾਵਾਂ ਅਨੁਸਾਰ ਇੱਕ ਪ੍ਰਗਤੀਸ਼ੀਲ ਭਾਰਤ ਬਣਾਉਣ ਦੀ ਸਮਰਥਾ ਹੈ ਜੋ ਸੱਚਮੁੱਚ ਪਿੰਡਾਂ ਵਿੱਚ ਵਸਦਾ ਹੈ।

ਕੁੱਝ ਰਾਜਾਂ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੀ ਬਣਤਰ ਸਾਰਣੀ-15 ਵਿੱਚ ਦਿੱਤੀ ਗਈ ਹੈ। ਕੇਰਲ ਵਿੱਚ ਇੱਕ ਪੰਚਾਇਤ ਔਸਤਨ 23785 ਦੇਹਾਤੀ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ ਜਦੋਂ ਕਿ ਪੰਜਾਬ ਵਿੱਚ ਇਹ ਸੰਖਿਆ 1289 ਹੈ। ਕੇਰਲ ਅਤੇ ਕਰਨਾਟਕ ਵਿੱਚ ਹਰੇਕ ਪੰਚਾਇਤ ਵਾਰਡਾਂ ਵਿੱਚ ਵੰਡੀ ਹੋਈ ਹੈ ਜਿਨ੍ਹਾਂ ਦੀ ਦੇਖ ਭਾਲ ਪੰਚਾਇਤ ਦੇ ਵਾਰਡ ਅਨੁਸਾਰ ਚੁਣੇ ਹੋਏ ਮੈਂਬਰ ਕਰਦੇ ਹਨ। ਪੰਚਾਇਤਾਂ ਨੂੰ ਵਾਰਡਾਂ ਵਿੱਚ ਵੰਡੇ ਜਾਣ ਨਾਲ ਹਰੇਕ ਵਾਰਡ ਤੋਂ ਚੁਣੇ ਹੋਏ ਮੈਂਬਰ ਦਾ ਕਰਤੱਵ ਬਣ ਜਾਂਦਾ ਹੈ ਕਿ ਉਹ ਅਪਣੇ ਵਾਰਡ ਦੇ ਲੋਕਾਂ ਦੀਆਂ ਲੋੜਾਂ ਦਾ ਧਿਆਨ ਰੱਖੇ। ਨਤੀਜੇ ਵਜੋਂ ਕੇਰਲ ਅਤੇ ਕਰਨਾਟਕ ਵਿੱਚ ਪੰਚਾਇਤਾਂ ਅਪਣੇ ਕਾਰਜ ਪ੍ਰਭਾਵਸ਼ਾਲੀ ਢੰਗ ਨਾਲ ਕਰ ਰਹੀਆਂ ਹਨ।

## ਸਾਰਣੀ-15
## ਕੁੱਝ ਰਾਜਾਂ ਵਿੱਚ ਵੱਖ-ਵੱਖ ਸੰਸਥਾਵਾਂ ਅਧੀਨ ਜਨ-ਸੰਖਿਆ ਦੀ ਬਣਤਰ

| ਰਾਜ | ਪ੍ਰਤੀ ਗਰਾਮ-ਪੰਚਾਇਤ ਔਸਤ ਦੇਹਾਤੀ ਜਨ-ਸੰਖਿਆ* | ਪ੍ਰਤੀ ਗਰਾਮ-ਪੰਚਾਇਤ ਪਿੰਡਾਂ ਦੀ ਔਸਤ ਸੰਖਿਆ* | ਪ੍ਰਤੀ ਪੰਚਾਇਤ-ਸੰਮਤੀ ਗਰਾਮ-ਪੰਚਾਇਤਾਂ ਦੀ ਔਸਤ ਸੰਖਿਆ** | ਪ੍ਰਤੀ ਜ਼ਿਲ੍ਹਾ ਪ੍ਰੀਸ਼ਦ ਪੰਚਾਇਤ-ਸੰਮਤੀਆਂ ਦੀ ਔਸਤ ਸੰਖਿਆ ** |
|---|---|---|---|---|
| ਗੁਜਰਾਤ | 2294 | 1.3 | 73.1 | 9.6 |
| ਕਰਨਾਟਕ | 6152 | 5.2 | 4.7 | 9.0 |
| ਕੇਰਲ | 23,785 | 1.4 | – | – |
| ਮੱਧਪ੍ਰਦੇਸ਼ | 2010 | 2.5 | 41.0 | 10.2 |
| ਮਹਾਰਾਸ਼ਟਰ | 1952 | 1.5 | 82.8 | 10.3 |
| ਪੰਜਾਬ | 1289 | 1.0 | 92.8 | 9.8 |

ਸਰੋਤ : * 2001 ਇੱਕ ਦੀ ਜਨ-ਗਣਨਾ
** ਭਾਰਤ ਵਿੱਚ ਪੰਚਾਇਤੀ ਰਾਜ ਸੰਸਥਾਵਾਂ, ਦਿਹਾਤੀ ਵਿਕਾਸ ਦਾ ਮੰਤਰਾਲਾ, 1991

## 73ਵੀਂ ਸੰਵਿਧਾਨ ਸੋਧ ਦੇ ਮੁੱਖ ਲੱਛਣ

73ਵੀਂ ਸੰਵਿਧਾਨਕ ਸੋਧ ਦੇ ਮੁੱਖ ਲੱਛਣ ਇਸ ਪ੍ਰਕਾਰ ਹਨ: (i) ਪਿੰਡ ਪੰਚਾਇਤ (ਗਰਾਮ ਪੰਚਾਇਤ), ਵਿਚਕਾਰਲੀ ਪੰਚਾਇਤ (ਪੰਚਾਇਤ ਸੰਮਤੀ) ਅਤੇ ਜ਼ਿਲ੍ਹਾ ਪੰਚਾਇਤ (ਜ਼ਿਲ੍ਹਾ ਪਰੀਸ਼ਦ) ਵਾਲੀ ਤਿੰਨ-ਪੱਧਰੀ ਪ੍ਰਣਾਲੀ ਦੀ ਸਥਾਪਨਾ (ii) ਹਰ ਪੰਜ ਸਾਲ ਬਾਦ ਨਿਯਮਿਤ ਚੋਣਾਂ (iii) ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਲਈ ਉਨ੍ਹਾਂ ਦੀ ਜਨ-ਸੰਖਿਆ ਦੇ ਅਨੁਪਾਤ ਵਿੱਚ ਰਾਖਵੀਆਂ ਸੀਟਾਂ (iv) ਪੰਚਾਇਤੀ ਰਾਜ ਸੰਸਥਾਵਾਂ ਦੇ ਤਿੰਨੇ ਪੱਧਰਾਂ ਤੇ ਘੱਟੋ-ਘੱਟ ਇੱਕ ਤਿਹਾਈ ਸੀਟਾਂ ਇਸਤ੍ਰੀਆਂ ਲਈ ਰਾਖਵੀਆਂ (v) ਪੰਚਾਇਤਾਂ ਦੀ ਵਿੱਤੀ ਹਾਲਤ ਨੂੰ ਸੁਧਾਰਨ ਵਾਸਤੇ ਕਾਰਵਾਈ ਦੀ ਸਿਫਾਰਿਸ਼ ਕਰਨ ਲਈ ਸਟੇਟ ਫਾਇਨਾਂਸ ਕਮਿਸ਼ਨਾਂ ਦੀ ਸਥਾਪਨਾ (vi) ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ ਕਰਵਾਉਣ ਲਈ ਰਾਜ ਪੱਧਰ ਦੇ ਚੋਣ ਕਮਿਸ਼ਨਾਂ ਦੀ ਸਥਾਪਨਾ (vii) ਜ਼ਿਲ੍ਹਿਆਂ ਲਈ ਵਿਕਾਸ ਯੋਜਨਾਵਾਂ ਬਣਾਉਣ ਲਈ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੀ ਸਥਾਪਨਾ (viii) ਆਰਥਕ ਵਿਕਾਸ, ਸਮਾਜਕ ਨਿਆਂ ਅਤੇ ਸੰਵਿਧਾਨ ਦੀ 11ਵੀਂ ਸੂਚੀ ਵਿੱਚ ਦਰਜ 29 ਵਿਸ਼ਿਆਂ ਨੂੰ ਲਾਗੂ ਕਰਨ ਲਈ ਯੋਜਨਾਵਾਂ ਬਣਾਉਣੀਆਂ (ix) ਗਰਾਮ ਸਭਾਵਾਂ ਦੀ ਸਥਾਪਨਾ ਅਤੇ ਪਿੰਡ ਦੇ ਪੱਧਰ ਤੇ ਫੈਸਲੇ ਲੈਣ ਲਈ ਉਨ੍ਹਾਂ ਨੂੰ ਸ਼ਕਤੀਆਂ ਸੌਂਪਣਾ (x) ਪੰਚਾਇਤੀ ਰਾਜ ਸੰਸਥਾਵਾਂ ਵਿੱਚ ਇਸਤ੍ਰੀਆਂ ਅਤੇ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੀਟਾਂ ਅਨੁਸਾਰ ਰੋਟੇਸ਼ਨ।

73ਵੀਂ ਸੰਵਿਧਾਨਕ ਸੋਧ ਵਿਚ ਵਿਚਾਰੇ ਗਏ ਮੁੱਖ ਲੱਛਣ ਹੇਠਾਂ ਸਾਰਣੀ-16 ਵਿੱਚ ਦਿੱਤੇ ਗਏ ਹਨ:

**ਸਾਰਣੀ - 16**
**73ਵੀਂ ਸੰਵਿਧਾਨਕ ਸੋਧ ਦੇ ਮੁੱਖ ਲੱਛਣ**

| ਕ੍ਰਮ ਸੰਖਿਆ | ਮੁੱਖ ਲੱਛਣ | ਐਕਟ ਵਿਚ ਕੀਤੀ ਗਈ ਵਿਵਸਥਾ |
|---|---|---|
| 1. | ਤਿੰਨ ਪੱਧਰੀ ਬਣਤਰ | ਧਾਰਾ 243-B : ਪਿੰਡ ਪੱਧਰ ਤੇ ਗਰਾਮ ਪੰਚਾਇਤ, ਬਲਾਕ ਪੱਧਰ ਤੇ ਵਿਚਕਾਰਲੀ ਪੰਚਾਇਤ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪੰਚਾਇਤ |
| 2. | ਹਰ ਪੰਜ ਸਾਲ ਬਾਦ ਚੋਣਾਂ | ਧਾਰਾ 243-E : ਹਰ ਪੰਚਾਇਤ ਅਪਣੀ ਪਹਿਲੀ ਇਕੱਤਰਤਾ ਲਈ ਨਿਸ਼ਚਿਤ ਕੀਤੀ ਗਈ ਤਾਰੀਖ਼ ਤੋਂ ਪੰਜ ਸਾਲ ਬਾਦ ਤੱਕ ਰਹੇਗੀ; ਇਹ ਇਸ ਤੋਂ ਵੱਧ ਨਹੀਂ ਰਹਿ ਸਕਦੀ। |
| 3. | ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਸੀਟਾਂ ਦਾ ਰਾਖਵਾਂਕਰਣ | ਧਾਰਾ 243-D : ਪੰਚਾਇਤਾਂ ਦੀ ਸਦੱਸਤਾ ਲਈ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਉਨ੍ਹਾਂ ਦੀ ਅਬਾਦੀ ਦੇ ਅਨੁਪਾਤ ਵਿਚ ਸੀਟਾਂ ਦਾ ਰਾਖਵਾਂਕਰਣ |
| 4. | ਇਸਤ੍ਰੀਆਂ ਲਈ ਸੀਟਾਂ ਦਾ ਰਾਖਵਾਂਕਰਣ | ਧਾਰਾ 243-D (3) : ਇਸ ਧਾਰਾ ਵਿਚ ਵਿਵਸਥਾ ਕੀਤੀ ਗਈ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀਆਂ ਇਸਤ੍ਰੀਆਂ ਲਈ ਰਾਖਵੀਆਂ ਸੀਟਾਂ ਸਮੇਤ ਹਰੇਕ ਪੰਚਾਇਤ ਵਿੱਚ ਸਿੱਧੀ ਚੋਣ ਰਾਹੀਂ ਭਰੀਆਂ ਜਾਣ ਵਾਲੀਆਂ ਕੁੱਲ ਸੀਟਾਂ ਵਿਚੋਂ ਘੱਟ-ਘੱਟ ਇੱਕ ਤਿਹਾਈ ਸੀਟਾਂ ਇਸਤ੍ਰੀਆਂ ਲਈ ਰਾਖਵੀਆਂ ਹੋਣਗੀਆਂ ਅਤੇ ਇਹ ਰੋਟੇਸ਼ਨ ਰਾਹੀਂ ਵੱਖ-ਵੱਖ ਚੋਣ ਹਲਕਿਆਂ ਵਿਚੋਂ ਹੋਣਗੀਆਂ। |
| 5. | ਰਾਜ ਦੇ ਵਿੱਤ ਕਮਿਸ਼ਨਾਂ ਦੀ ਸਥਾਪਨਾ | ਧਾਰਾ 243-I : ਇਸ ਧਾਰਾ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੀ ਵਿੱਤੀ ਹਾਲਤ ਦੀ ਸਮੀਖਿਆ ਕਰਨ ਅਤੇ ਰਾਜਪਾਲ ਪਾਸ ਸਿਫਾਰਿਸ਼ ਕਰਨ ਤੋਂ ਇਲਾਵਾ ਰਾਜ ਸਰਕਾਰ ਦੁਆਰਾ ਕਰਾਂ, ਮਹਿਸੂਲਾਂ, ਰਾਹਦਾਰੀਆਂ ਅਤੇ ਫੀਸਾਂ ਵਜੋਂ ਵਸੂਲ ਕੀਤੀ ਗਈ ਕੁੱਲ ਰਕਮ ਨੂੰ ਰਾਜ ਸਰਕਾਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿਚਕਾਰ ਵੰਡਣ ਲਈ ਰਾਜ ਦੇ ਵਿੱਤ ਕਮਿਸ਼ਨ ਦਾ ਗਠਨ ਕਰਨ ਦੀ ਵਿਵਸਥਾ ਕੀਤੀ ਗਈ ਹੈ। |
| 6. | ਰਾਜ ਦੇ ਚੋਣ ਕਮਿਸ਼ਨ ਦੀ ਸਥਾਪਨਾ | ਧਾਰਾ 243-K : ਇਸ ਧਾਰਾ ਵਿੱਚ ਰਾਜ ਦਾ ਚੋਣ ਕਮਿਸ਼ਨ ਸਥਾਪਤ ਕਰਨ ਦੀ ਵਿਵਸਥਾ ਕੀਤੀ ਗਈ ਹੈ ਜਿਸ ਦਾ ਕਾਰਜ ਮੱਤਦਾਤਾ ਸੂਚੀਆਂ ਤਿਆਰ ਕਰਵਾਉਣ ਦੀ ਨਿਗਰਾਨੀ, ਨਿਰਦੇਸ਼ਨ ਅਤੇ ਨਿਯੰਤਰਣ ਕਰਨਾ ਅਤੇ ਪੰਚਾਇਤਾਂ ਦੀਆਂ ਚੋਣਾਂ ਕਰਵਾਉਣਾ ਹੈ। |

| ਕ੍ਰਮ ਸੰਖਿਆ | ਮੁੱਖ ਲੱਛਣ | ਐਕਟ ਵਿਚ ਕੀਤੀ ਗਈ ਵਿਵਸਥਾ |
|---|---|---|
| 7. | ਜ਼ਿਲ੍ਹਾ ਯੋਜਨਾਬੰਦੀ ਕਮੇਟੀ ਦੀ ਸਥਾਪਨਾ | ਧਾਰਾ 243-ZD : ਇਸ ਧਾਰਾ ਵਿਚ ਗਰਾਮ ਪੰਚਾਇਤਾਂ ਦੁਆਰਾ ਤਿਆਰ ਕੀਤੀਆਂ ਗਈਆਂ ਵਿਕਾਸ ਦੀਆਂ ਯੋਜਨਾਵਾਂ ਨੂੰ ਇੱਕ ਜੁੱਟ ਕਰਨ ਲਈ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੇ ਗਠਨ ਦੀ ਵਿਵਸਥਾ ਕੀਤੀ ਗਈ ਹੈ। |
| 8. | 29 ਕਰਤੱਵ ਅਤੇ ਜ਼ਿੰਮੇਵਾਰੀਆਂ | ਧਾਰਾ 243-G : ਇਸ ਧਾਰਾ ਤਹਿਤ 11ਵੀਂ ਸੂਚੀ ਦੇ ਅਧਾਰ ਤੇ 29 ਵਿਸ਼ਿਆਂ ਬਾਰੇ ਕਰਤੱਵ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। |
| 9. | ਗਰਾਮ ਸਭਾ ਦੀ ਸਥਾਪਨਾ | ਧਾਰਾ 243 : ਇਸ ਧਾਰਾ ਵਿਚ ਗਰਾਮ ਸਭਾ ਦੀ ਵਿਵਸਥਾ ਕੀਤੀ ਗਈ ਹੈ ਜੋ ਪਿੰਡ ਦੇ ਪੱਧਰ ਤੇ ਅਜਿਹੀਆਂ ਸ਼ਕਤੀਆਂ ਦਾ ਪ੍ਰਯੋਗ ਕਰੇਗੀ ਅਤੇ ਅਜਿਹੇ ਕਾਰਜ ਕਰੇਗੀ ਜਿਨ੍ਹਾਂ ਦੀ ਵਿਵਸਥਾ ਰਾਜ ਦੀ ਵਿਧਾਨ ਸਭਾ ਕਾਨੂੰਨ ਪਾਸ ਕਰਕੇ ਕਰੇਗੀ। |

73ਵੀਂ ਸੰਵਿਧਾਨਕ ਸੋਧ ਪਾਸ ਕੀਤੇ ਜਾਣ ਅਤੇ ਵੱਖ-ਵੱਖ ਰਾਜ ਸਰਕਾਰਾਂ ਦੁਆਰਾ ਪੰਚਾਇਤੀ ਰਾਜ ਐਕਟ ਬਣਾਏ ਜਾਣ ਨਾਲ ਰਾਜਾਂ ਦੇ ਚੋਣ ਕਮਿਸ਼ਨਾਂ ਦੀ ਸਥਾਪਨਾ ਕੀਤੀ ਗਈ ਹੈ। ਜੋ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਸਮੇਂ-ਸਮੇਂ ਤੇ ਚੋਣਾਂ ਕਰਵਾਉਣ ਵਿੱਚ ਰਾਜ ਸਰਕਾਰਾਂ ਦੀ ਮਦਦ ਕਰਨਗੇ। ਲਗਭਗ ਸਾਰੀਆਂ ਰਾਜ ਸਰਕਾਰਾਂ ਨੇ ਅਪਣਾ ਅਪਣਾ ਵਿੱਤ ਕਮਿਸ਼ਨ ਵੀ ਬਣਾ ਲਿਆ ਹੈ, ਪਰ ਇਸ ਦੇ ਬਾਵਜੂਦ ਕਈ ਰਾਜ ਸਰਕਾਰਾਂ ਇਨ੍ਹਾਂ ਦੀਆਂ ਸਿਫਾਰਸ਼ਾਂ ਤੇ ਕੋਈ ਖਾਸ ਅਮਲ ਨਹੀਂ ਕਰਦੀਆਂ। ਬਹੁਤ ਸਾਰੀਆਂ ਇਸਤ੍ਰੀਆਂ ਤੋਂ ਇਲਾਵਾ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੇ ਲੋਕ ਇਨ੍ਹਾਂ ਸੰਸਥਾਵਾਂ ਲਈ ਚੁਣੇ ਗਏ ਹਨ ਜਿਸ ਨਾਲ ਰਾਜਨੀਤਕ ਪ੍ਰਤੀਨਿਧਤਾ ਵਿਚ ਸਮਾਜਕ ਨਿਆਂ ਅਤੇ ਲਿੰਗ ਦੀ ਬਰਾਬਰੀ ਦੀ ਪਰੰਪਰਾ ਵਿਆਪਕ ਤੌਰ ਤੇ ਸਥਾਪਤ ਹੋ ਚੁੱਕੀ ਹੈ। ਹੁਣੇ ਹੁਣੇ ਬਿਹਾਰ ਸਰਕਾਰ ਨੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ 50% ਸੀਟਾਂ ਇਸਤ੍ਰੀਆਂ ਲਈ ਰਾਖਵੀਆਂ ਕਰਨ ਦੀ ਘੋਸ਼ਣਾ ਕੀਤੀ ਹੈ। ਪੰਜਾਬ ਪੰਚਾਇਤੀ ਰਾਜ ਐਕਟ ਤਹਿਤ ਹੋਰ ਪਛੜੀਆਂ ਜਾਤੀਆਂ (OBCs) ਲਈ ਰਾਖਵਾਂਕਰਣ ਕੀਤਾ ਗਿਆ ਹੈ।

**ਸਾਰਣੀ – 17**

**ਇੱਕ ਅਪ੍ਰੈਲ 2004 ਵਾਲੇ ਦਿਨ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਇਸਤ੍ਰੀਆਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਪ੍ਰਤੀਨਿਧਤਾ ਦੀ ਸਥਿਤੀ**

| ਪੰਚਾਇਤੀ ਰਾਜ ਸੰਸਥਾਵਾਂ | ਅਨੁਸੂਚਿਤ ਜਾਤੀਆਂ | ਅਨੁਸੂਚਿਤ ਕਬੀਲੇ | ਇਸਤ੍ਰੀਆਂ |
|---|---|---|---|
| ਗਰਾਮ ਪੰਚਾਇਤਾਂ | 346002 | 233765 | 838227 |
| ਵਿਚਕਾਰਲੀਆਂ ਪੰਚਾਇਤਾਂ | 22333 | 8210 | 47455 |
| ਜ਼ਿਲ੍ਹਾ ਪੰਚਾਇਤਾਂ | 2210 | 1322 | 4923 |
| ਕੁੱਲ | 370536 | 243297 | 890605 |

ਸਰੋਤ : ਭਾਰਤ ਸਰਕਾਰ ਦੇ ਪੰਚਾਇਤੀ ਰਾਜ ਮੰਤਰਾਲੇ ਦੀ ਵੈੱਬਸਾਈਟ

## ਪੰਜਾਬ ਪੰਚਾਇਤੀ ਰਾਜ ਐਕਟ 1994 ਦੇ ਲੱਛਣ

1992 ਵਿੱਚ 73ਵੀਂ ਸੰਵਿਧਾਨਕ ਸੋਧ ਦੇ ਪਾਸ ਹੋ ਜਾਣ ਨਾਲ ਪੰਜਾਬ ਸਰਕਾਰ ਨੇ ਪੰਜਾਬ ਪੰਚਾਇਤੀ ਰਾਜ ਐਕਟ 1994 ਬਣਾਇਆ ਜਿਸ ਨੇ ਗਰਾਮ ਪੰਚਾਇਤ ਐਕਟ 1952 ਦਾ ਸਥਾਨ ਲੈ ਲਿਆ। ਇਸ ਐਕਟ ਨੇ ਪੰਚਾਇਤਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਧਿਕਾਰ ਦੇਣ ਦਾ ਪ੍ਰਸਤਾਵ ਰੱਖਿਆ ਜਿਹੜੇ ਉਨ੍ਹਾਂ ਨੂੰ ਸਵੈ-ਸ਼ਾਸਨ ਦੀਆਂ

ਸੰਸਥਾਵਾਂ ਦੇ ਤੌਰ ਤੇ ਕਾਰਜ ਕਰਨ ਦੇ ਯੋਗ ਬਣਾਉਣ ਲਈ ਜਰੂਰੀ ਹੋਣ। ਪੰਜਾਬ ਪੰਚਾਇਤੀ ਰਾਜ ਐਕਟ ਦੇ ਕੁੱਝ ਲੱਛਣ ਜਿਹੜੇ ਕਿ 73ਵੀਂ ਸੰਵਿਧਾਨਕ ਸੋਧ ਦੇ ਅਨੁਰੂਪ ਹਨ, ਇਸ ਪ੍ਰਕਾਰ ਹਨ: (i) ਪਿੰਡ ਦੇ ਪੱਧਰ ਤੇ ਗਰਾਮ ਪੰਚਾਇਤਾਂ, ਬਲਾਕ ਪੱਧਰ ਤੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪਰੀਸ਼ਦਾਂ ਵਾਲੀ ਤਿੰਨ-ਪੱਧਰੀ ਪ੍ਰਣਾਲੀ ਦੀ ਸਥਾਪਨਾ (ii) ਪੰਜ ਸਾਲ ਵਿੱਚ ਇੱਕ ਵਾਰ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀਆਂ ਚੋਣਾਂ (iii) ਹਰ ਪੱਧਰ ਤੇ ਇਸਤ੍ਰੀਆਂ ਲਈ ਘੱਟੋ-ਘੱਟ ਇੱਕ ਤਿਹਾਈ ਅਤੇ ਅਨੁਸੂਚਿਤ ਜਾਤੀਆਂ ਲਈ ਉਨ੍ਹਾਂ ਦੀ ਜਨ-ਸਿੱਖਿਆ ਦੇ ਅਨੁਪਾਤ ਅਨੁਸਾਰ ਸੀਟਾਂ ਦਾ ਰਾਖਵਾਂਕਰਣ (iv) ਜਿਹੜੇ ਗਰਾਮ ਸਭਾ ਖੇਤਰ ਵਿੱਚ ਹੋਰ ਪਛੜੀਆ ਸ਼੍ਰੇਣੀਆਂ (ਓ.ਬੀ.ਸੀ.) ਦੀ ਜਨ ਸੰਖਿਆ ਕੁੱਲ ਜਨ-ਸੰਖਿਆ ਦੇ 20 ਪ੍ਰਤੀਸ਼ਤ ਤੋਂ ਵੱਧ ਹੋਵੇ, ਉੱਥੇ ਗਰਾਮ ਪੰਚਾਇਤ ਵਿੱਚ ਉਨ੍ਹਾਂ ਲਈ ਪੰਚ ਦੇ ਇੱਕ ਪਦ ਦਾ ਰਾਖਵਾਂਕਰਣ (v) ਭਾਰਤੀ ਸੰਵਿਧਾਨ ਦੀ 11ਵੀਂ ਸੂਚੀ ਵਿੱਚ ਦਰਜ ਵਿਸ਼ਿਆਂ ਦੇ ਸੰਬੰਧ ਵਿੱਚ ਗਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਨੂੰ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਸੌਂਪਣਾ (vi) ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਣਾਉਣਾ ਅਤੇ ਪੰਚਾਇਤ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰੀਸ਼ਦ ਪੱਧਰ ਤੇ ਸਥਾਈ ਕਮੇਟੀਆਂ ਬਣਾਉਣਾ (vii) ਰਾਜ ਚੋਣ ਕਮਿਸ਼ਨ ਦਾ ਗਠਨ ਕਰਨਾ (viii) ਘੱਟੋ ਘੱਟ 200 ਦੀ ਅਬਾਦੀ ਵਾਲੇ ਪਿੰਡ ਜਾਂ ਨਾਲ ਲਗਦੇ ਪਿੰਡਾਂ ਦੇ ਸਮੂਹ ਲਈ ਗਰਾਮ ਸਭਾ ਬਣਾਉਣਾ।

ਪ੍ਰਗਤੀਸ਼ੀਲ ਭਾਰਤੀ ਰਾਜਾਂ ਦੇ ਪੰਚਾਇਤੀ ਰਾਜ ਐਕਟਾਂ ਦੇ ਲੱਛਣ ਥੋੜ੍ਹੇ ਬਹੁਤ ਅੰਤਰ ਨਾਲ ਲਗਭਗ ਸਮਾਨ ਹਨ ਕਿੰਤੂ ਇਨ੍ਹਾਂ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੀਆਂ ਗਈਆਂ ਸ਼ਕਤੀਆਂ ਦੇ ਵੱਖ-ਵੱਖ ਪੱਧਰਾਂ ਕਾਰਣ ਉਨ੍ਹਾਂ ਦੇ ਕਾਰਜ ਕਰਨ ਵੀ ਵਿਧੀ ਵੀ ਵੱਖ ਵੱਖ ਹੈ।

### ਪੰਚਾਇਤੀ ਰਾਜ ਸੰਸਥਾਵਾਂ ਦਾ ਗਠਨ ਅਤੇ ਕਾਰਜ :

ਪੰਚਾਇਤੀ ਰਾਜ ਸੰਸਥਾਵਾਂ ਵਿੱਚ ਤਿੰਨ ਤਰ੍ਹਾਂ ਦੇ ਸੰਗਠਨ ਹੁੰਦੇ ਹਨ-ਗਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦ। ਇਨ੍ਹਾਂ ਤਿੰਨ ਪ੍ਰਕਾਰ ਦੇ ਸੰਗਠਨਾਂ ਦੇ ਗਠਨ ਅਤੇ ਉਨ੍ਹਾਂ ਦੇ ਕਾਰਜ ਹੇਠ ਲਿਖੇ ਅਨੁਸਾਰ ਹਨ:

### ਗਰਾਮ ਪੰਚਾਇਤ :

ਗਰਾਮ ਪੰਚਾਇਤ ਵਿੱਚ ਇੱਕ ਸਰਪੰਚ ਅਤੇ 5 ਤੋਂ 13 ਚੁਣੇ ਹੋਏ ਪੰਚ ਹੁੰਦੇ ਹਨ ਜਿਨ੍ਹਾਂ ਦੀ ਸੰਖਿਆ ਪਿੰਡ ਦੀ ਅਬਾਦੀ ਤੇ ਨਿਰਭਰ ਕਰਦੀ ਹੈ। ਪਿੰਡ ਦੀ ਪੰਚਾਇਤ ਦੇ ਮੈਂਬਰ ਉਨ੍ਹਾਂ ਹੀ ਮੱਤਦਾਤਾਵਾਂ ਦੁਆਰਾ ਚੁਣੇ ਜਾਂਦੇ ਹਨ ਜੋ ਰਾਜ ਦੀ ਵਿਧਾਨ ਸਭਾ ਅਤੇ ਲੋਕ ਸਭਾ (ਸੰਸਦ ਦੇ ਹੇਠਲੇ ਸਦਨ) ਦੇ ਮੈਂਬਰਾਂ ਨੂੰ ਚੁਣਦੇ ਹਨ। ਪੰਜਾਬ ਪੰਚਾਇਤੀ ਰਾਜ ਐਕਟ 1994 ਤਹਿਤ ਇਹ ਉਮੀਦ ਰੱਖੀ ਗਈ ਹੈ ਕਿ ਪਿੰਡ ਪੰਚਾਇਤ ਸੰਵਿਧਾਨ ਦੀ 11ਵੀਂ ਸੂਚੀ ਵਿੱਚ ਦਿੱਤੇ ਗਏ ਵਿਸ਼ਿਆਂ ਸੰਬੰਧੀ ਅਪਣੇ ਕਰਤੱਵ ਅਤੇ ਜ਼ਿੰਮੇਵਾਰੀਆਂ ਨਿਭਾਏਗੀ। ਗਰਾਮ ਪੰਚਾਇਤ ਦੇ ਮਹੱਤਵਪੂਰਣ ਕੰਮ ਇਸ ਪ੍ਰਕਾਰ ਹਨ: ਸਲਾਨਾ ਵਿਕਾਸ ਯੋਜਨਾਵਾਂ ਤਿਆਰ ਕਰਨਾ ਅਤੇ ਉਨ੍ਹਾਂ ਦਾ ਬਜਟ ਬਣਾਉਣਾ, ਸਾਂਝੀ ਸੰਪਤੀ ਦੀ ਉਸਾਰੀ, ਮੁਰੰਮਤ ਅਤੇ ਸਾਂਭ-ਸੰਭਾਲ, ਖਾਦੀ ਅਤੇ ਗਰਾਮ ਉਦਯੋਗ, ਪਿੰਡ ਵਿੱਚ ਮਕਾਨ ਮੁਹੱਈਆ ਕਰਵਾਉਣਾ, ਪਿੰਡ ਵਿੱਚ ਬਿਜਲੀ ਦਾ ਪ੍ਰਬੰਧ ਕਰਨਾ, ਊਰਜਾ ਦੇ ਗੈਰ-ਰਵਾਇਤੀ ਸਰੋਤ, ਗਰੀਬੀ ਘਟਾਉਣਾ, ਸਿੱਖਿਆ, ਜਨ ਸਿਹਤ ਅਤੇ ਪਰਿਵਾਰ ਭਲਾਈ, ਬਾਲਿਗਾਂ ਲਈ ਸਿੱਖਿਆ ਅਤੇ ਗੈਰ ਰਸਮੀ ਸਿੱਖਿਆ, ਸੱਭਿਆਚਾਰਕ ਸਰਗਰਮੀਆਂ, ਮੇਲੇ ਅਤੇ ਉਤਸਵ, ਖੇਤੀ-ਬਾੜੀ ਸਮੇਤ ਪਸ਼ੂ ਪਾਲਣ, ਦੁੱਧ ਵਿਉਪਾਰ, ਮੁਰਗੀ ਪਾਲਣ, ਮੱਛੀ ਪਾਲਣ ਅਤੇ ਸਮਾਜਕ ਅਤੇ ਕ੍ਰਿਸ਼ੀ ਅਧਾਰਤ ਵਣ-ਪ੍ਰਬੰਧ, ਇਸਤ੍ਰੀ ਅਤੇ ਬਾਲ ਵਿਕਾਸ, ਸਮਾਜ ਭਲਾਈ ਅਤੇ ਲੋਕ ਵੰਡ ਪ੍ਰਣਾਲੀ।

### ਪੰਚਾਇਤ ਸੰਮਤੀ

ਹਰ ਵਿਕਾਸ ਬਲਾਕ ਵਿੱਚ ਜੋ ਕਿ ਇੱਕ ਸੰਘਣਾ ਵਿਕਾਸ ਖੇਤਰ ਹੁੰਦਾ ਹੈ, ਇੱਕ ਪੰਚਾਇਤ ਸੰਮਤੀ ਹੁੰਦੀ ਹੈ। ਇਸ ਦੇ ਮੈਂਬਰ ਹੇਠ ਲਿਖੇ ਅਨੁਸਾਰ ਹੁੰਦੇ ਹਨ :

(ੳ) 15 ਤੋਂ 25 ਇਲਾਕਾਈ ਚੋਣ ਖੇਤਰਾਂ ਤੋਂ ਸਿੱਧੇ ਚੁਣੇ ਹੋਏ ਮੈਂਬਰ।

(ਅ) ਪੰਜਾਬ ਵਿਧਾਨ ਸਭਾ ਦੇ ਉਹ ਮੈਂਬਰ ਜਿਨ੍ਹਾਂ ਦੇ ਚੋਣ-ਖੇਤਰ ਦਾ ਜਿਆਦਾਤਰ ਹਿੱਸਾ ਪੰਚਾਇਤ ਸੰਮਤੀ ਖੇਤਰ ਵਿੱਚ ਪੈਂਦਾ ਹੈ, ਪੰਚਾਇਤ ਸੰਮਤੀਆਂ ਦੇ ਵੀ ਮੈਂਬਰ ਹੁੰਦੇ ਹਨ।

ਪੰਜਾਬ ਪੰਚਾਇਤੀ ਰਾਜ ਐਕਟ 1994 ਨੇ ਪੰਚਾਇਤ ਸੰਮਤੀਆਂ ਨੂੰ 26 ਕਾਰਜ ਸੌਂਪੇ ਹਨ। ਇਨ੍ਹਾਂ ਵਿੱਚੋਂ ਮਹੱਤਵਪੂਰਣ ਕਾਰਜ ਹਨ: ਖੇਤੀਬਾੜੀ ਵਿੱਚ ਸੁਧਾਰ, ਭੋਂ ਸੁਧਾਰ, ਸਿੰਚਾਈ ਅਤੇ ਜਲ ਪ੍ਰਬੰਧ, ਪਸ਼ੂ ਪਾਲਣ, ਦੁੱਧ ਵਿਉਪਾਰ, ਮੁਰਗੀ ਪਾਲਣ ਅਤੇ ਮੱਛੀ ਪਾਲਣ ਨੂੰ ਉਤਸ਼ਾਹਿਤ ਕਰਨਾ, ਸੜਕਾਂ, ਸਮਾਜਕ ਸੇਵਾਵਾਂ, ਸਮਾਜ ਭਲਾਈ, ਤਕਨੀਕੀ ਸਿਖਲਾਈ, ਗਰੀਬੀ ਘਟਾਉਣਾ, ਬਿਜਲੀ ਦਾ ਪ੍ਰਬੰਧ ਕਰਨਾ।

## ਜ਼ਿਲਾ ਪਰੀਸ਼ਦ

ਹਰ ਜ਼ਿਲੇ ਵਿੱਚ ਇੱਕ ਜ਼ਿਲਾ ਪਰੀਸ਼ਦ ਹੁੰਦੀ ਹੈ, ਜਿਸ ਦੇ ਅਧਿਕਾਰ ਖੇਤਰ ਵਿੱਚ ਕਿਸੇ ਮਿਉਂਸਿਪਲਟੀ ਜਾਂ ਕੈਂਟੋਨਮੈਂਟ ਬੋਰਡ ਵਿੱਚ ਆਉਣ ਵਾਲੇ ਖੇਤਰਾਂ ਨੂੰ ਛੱਡ ਕੇ ਬਾਕੀ ਸਾਰਾ ਜ਼ਿਲ੍ਹਾ ਆਉਂਦਾ ਹੈ। ਸਿੱਧੀ ਚੋਣ ਰਾਹੀਂ ਚੁਣੇ ਗਏ ਜ਼ਿਲ੍ਹਾ ਪਰੀਸ਼ਦ ਦੇ ਮੈਂਬਰਾਂ ਦੀ ਸੰਖਿਆ 10 ਤੋਂ 25 ਤੱਕ ਹੋ ਸਕਦੀ ਹੈ। ਜ਼ਿਲ੍ਹੇ ਦਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਪਣੇ ਪਦ ਦੇ ਨਾਤੇ ਜ਼ਿਲ੍ਹਾ ਪਰੀਸ਼ਦ ਦਾ ਮੁੱਖ ਕਾਰਜਕਾਰੀ ਅਧਿਕਾਰੀ ਹੁੰਦਾ ਹੈ। ਜ਼ਿਲ੍ਹਾ ਪਰੀਸ਼ਦ ਦੇ ਮੈਂਬਰ ਹੇਠ ਲਿਖੇ ਅਨੁਸਾਰ ਹੁੰਦੇ ਹਨ:

(i) ਹੱਦਬੰਦੀ ਕੀਤੇ ਹੋਏ ਚੋਣ ਖੇਤਰਾਂ ਵਿੱਚੋਂ ਸਿੱਧੇ ਚੁਣੇ ਹੋਏ ਮੈਂਬਰ।

(ii) ਸਾਰੀਆਂ ਪੰਚਾਇਤ ਸੰਮਤੀਆਂ ਦੇ ਪਰਧਾਨ।

(iii) ਸੰਸਦ ਅਤੇ ਵਿਧਾਨ ਸਭਾ ਦੇ ਮੈਂਬਰ ਜਿਨ੍ਹਾਂ ਦੇ ਚੋਣ-ਖੇਤਰ ਜ਼ਿਲ੍ਹਾ ਪਰੀਸ਼ਦ ਦੇ ਅਧਿਕਾਰ ਖੇਤਰ ਅਤੇ ਭੂਗੋਲਕ ਖੇਤਰ ਵਿੱਚ ਆਉਂਦੇ ਹਨ।

ਪੰਜਾਬ ਪੰਚਾਇਤੀ ਰਾਜ ਐਕਟ 1994 ਜ਼ਿਲ੍ਹਾ ਪਰੀਸ਼ਦਾਂ ਨੂੰ 22 ਕਾਰਜ ਸੌਂਪਦਾ ਹੈ। ਇਹ ਕਾਰਜ ਇਸ ਪ੍ਰਕਾਰ ਹਨ: ਕ੍ਰਿਸ਼ੀ ਵਿਕਾਸ, ਸਿੰਚਾਈ, ਭੂਮੀ ਹੇਠਲੇ ਪਾਣੀ ਦੇ ਸਾਧਨਾਂ ਅਤੇ ਜਲ ਵਿਭਾਜਕ ਖੇਤਰਾਂ ਦਾ ਵਿਕਾਸ, ਬਾਗਵਾਨੀ, ਅੰਕੜੇ, ਦੇਹਾਤੀ ਇਲਾਕੇ ਵਿੱਚ ਬਿਜਲੀ ਦਾ ਪ੍ਰਬੰਧ, ਜਰੂਰੀ ਵਸਤਾਂ ਦੀ ਵੰਡ, ਭੋਂ ਸੁਰੱਖਿਆ, ਪਸ਼ੂ ਪਾਲਣ ਅਤੇ ਦੁੱਧ ਵਿਉਪਾਰ, ਮੱਛੀ ਪਾਲਣ, ਖਾਧ ਸਮੱਗਰੀ ਉਦਯੋਗਾਂ ਸਮੇਤ ਛੋਟੇ ਉਦਯੋਗ, ਦੇਹਾਤੀ ਇਲਾਕਿਆਂ ਦੀਆਂ ਸੜਕਾਂ, ਸਿਹਤ ਅਤੇ ਸਫਾਈ ਪ੍ਰਬੰਧ, ਪਿੰਡਾਂ ਵਿੱਚ ਰਿਹਾਇਸ਼ੀ ਮਕਾਨ ਮੁਹੱਈਆ ਕਰਵਾਉਣੇ, ਸਿੱਖਿਆ, ਸਮਾਜ ਭਲਾਈ ਅਤੇ ਕਮਜ਼ੋਰ ਵਰਗਾਂ ਦੀ ਭਲਾਈ, ਗਰੀਬੀ ਘਟਾਉਣਾ, ਸਮਾਜ ਸੁਧਾਰ ਦੀਆਂ ਸਰਗਰਮੀਆਂ, ਨਾਪ-ਤੋਲ ਅਤੇ ਛੋਟੀਆਂ ਬੱਚਤਾਂ ਦੀ ਮੁਹਿੰਮ ਦੁਆਰਾ ਸੰਜਮ ਅਤੇ ਬੱਚਤਾਂ ਨੂੰ ਉਤਸ਼ਾਹਿਤ ਕਰਨਾ।

## ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦਾ ਗਠਨ ਅਤੇ ਕਾਰਜ :

ਗੁਜਰਾਤ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਦੇ ਸਰਪੰਚਾਂ ਦੀ ਚੋਣ ਬਾਲਿਗਾਂ ਦੁਆਰਾ ਸਿੱਧੇ ਤੌਰ ਤੇ ਵੋਟਾਂ ਪਾ ਕੇ ਕੀਤੀ ਜਾਂਦੀ ਹੈ ਅਤੇ ਉਪ-ਸਰਪੰਚਾਂ ਨੂੰ ਪਿੰਡ ਦੀ ਪੰਚਾਇਤ ਦੇ ਮੈਂਬਰਾਂ ਦੁਆਰਾ ਚੁਣਿਆ ਜਾਂਦਾ ਹੈ। ਉਹੀ ਵਿਧੀ ਵਿਚਕਾਰਲੀਆਂ ਪੰਚਾਇਤਾਂ ਅਤੇ ਜ਼ਿਲ੍ਹਾ ਪੰਚਾਇਤਾਂ ਵਿੱਚ ਚਲਦੀ ਹੈ। ਕਰਨਾਟਕ ਵਿੱਚ ਅਧੱਕਿਆ (ਸਰਪੰਚ) ਅਤੇ ਉਪਾਧੱਕਿਆ (ਉਪ-ਸਰਪੰਚ) ਗਰਾਮ ਪੰਚਾਇਤਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ।

## ਸਾਰਣੀ-18

## ਪੰਚਾਇਤੀ ਰਾਜ ਸੰਸਥਾਵਾਂ ਦੇ ਮੁਖੀ ਅਤੇ ਉਨ੍ਹਾਂ ਦੀ ਚੋਣ ਦੀ ਵਿਧੀ

| ਪੰਚਾਇਤੀ ਰਾਜ ਸੰਸਥਾਵਾਂ | ਮੁਖੀ ਦੀ ਚੋਣ ਦੀ ਵਿਧੀ | | |
|---|---|---|---|
| | ਪਿੰਡ ਪੰਚਾਇਤ | ਵਿਚਕਾਰਲੀ ਪੰਚਾਇਤ | ਜ਼ਿਲ੍ਹਾ ਪੰਚਾਇਤ |
| ਗੁਜਰਾਤ | ਸਰਪੰਚਾਂ ਦੀ ਚੋਣ ਸਿੱਧੀ ਲੋਕਾਂ ਦੁਆਰਾ ਕੀਤੀ ਜਾਂਦੀ ਹੈ ਅਤੇ ਉਪ-ਸਰਪੰਚਾਂ ਦੀ ਚੋਣ ਪੰਚਾਇਤਾਂ ਦੇ ਚੁਣੇ ਹੋਏ ਹੈ। ਮੈਂਬਰ ਅਸਿੱਧੇ ਤੌਰ ਤੇ ਕਰਦੇ ਹਨ। | ਤਾਲੁਕ ਪੰਚਾਇਤ ਦੇ ਪ੍ਰਧਾਨ ਅਤੇ ਉਪ-ਪ੍ਰਧਾਨ ਦੀ ਚੋਣ ਅਸਿੱਧੇ ਢੰਗ ਨਾਲ ਹੁੰਦੀ ਹੈ। | ਜ਼ਿਲਾ ਪੰਚਾਇਤ ਦੇ ਪ੍ਰਧਾਨ ਅਤੇ ਉਪ-ਪ੍ਰਧਾਨ ਦੀ ਚੋਣ ਅਸਿੱਧੇ ਢੰਗ ਨਾਲ ਹੁੰਦੀ ਹੈ। |
| ਕਰਨਾਟਕ | ਅਧੱਕਿਆ ਅਤੇ ਉਪਾਧੱਕਿਆ ਦੀ ਚੋਣ ਪੰਚਾਇਤ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਹੁੰਦੀ ਹੈ। ਅਧੱਕਿਆ ਦਾ ਪਦ ਰੋਟੇਸ਼ਨ ਦੁਆਰਾ ਢਾਈ -ਢਾਈ ਸਾਲ ਰੱਖਿਆ ਜਾਂਦਾ ਹੈ। | ਅਧੱਕਿਆ ਅਤੇ ਉਪਾਧੱਕਿਆ ਤਾਲੁਕ ਪੰਚਾਇਤ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ। | ਅਧੱਕਿਆ ਅਤੇ ਉਪਾਧੱਕਿਆ ਜ਼ਿਲ੍ਹਾ ਪੰਚਾਇਤ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ। |
| ਕੇਰਲ | ਪ੍ਰਧਾਨ ਅਤੇ ਉਪ-ਪ੍ਰਧਾਨ ਪੰਚਾਇਤ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਅਸਿੱਧੇ | ਪ੍ਰਧਾਨ ਅਤੇ ਉਪ-ਪ੍ਰਧਾਨ ਬਲਾਕ ਪੰਚਾਇਤ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ ਤੌਰ ਤੇ ਚੁਣੇ ਜਾਂਦੇ ਹਨ। | ਪ੍ਰਧਾਨ ਅਤੇ ਉਪ-ਪ੍ਰਧਾਨ ਜ਼ਿਲ੍ਹਾ ਪੰਚਾਇਤ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ। |
| ਮੱਧ ਪ੍ਰਦੇਸ | ਸਰਪੰਚ ਅਤੇ ਉਪ-ਸਰਪੰਚ ਗਰਾਮ ਪੰਚਾਇਤ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ | ਪ੍ਰਧਾਨ ਅਤੇ ਉਪ-ਪ੍ਰਧਾਨ ਬਲਾਕ ਪੰਚਾਇਤ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ। ਚੁਣੇ ਜਾਂਦੇ ਹਨ। | ਪ੍ਰਧਾਨ ਅਤੇ ਉਪ-ਪ੍ਰਧਾਨ ਜ਼ਿਲ੍ਹਾ ਪਰੀਸ਼ਦ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ |
| ਮਹਾਰਾਸ਼ਟਰ | ਸਰਪੰਚ ਅਤੇ ਉਪ-ਸਰਪੰਚ ਗਰਾਮ ਪੰਚਾਇਤ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ। | ਪ੍ਰਧਾਨ ਅਤੇ ਉਪ-ਪ੍ਰਧਾਨ ਬਲਾਕ ਪੰਚਾਇਤ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ। | ਪ੍ਰਧਾਨ ਅਤੇ ਉਪ-ਪ੍ਰਧਾਨ ਜ਼ਿਲ੍ਹਾ ਪੰਚਾਇਤ ਦੇ ਮੈਂਬਰਾਂ ਦੁਆਰਾ ਅਸਿੱਧੇ ਤੌਰ ਤੇ ਚੁਣੇ ਜਾਂਦੇ ਹਨ। |
| ਪੰਜਾਬ | ਸਰਪੰਚ ਦੀ ਚੋਣ ਲੋਕਾਂ ਦੁਆਰਾ ਸਿੱਧੇ ਤੌਰ ਤੇ ਹੁੰਦੀ ਹੈ। | ਪੰਚਾਇਤ ਸੰਮਤੀ ਦਾ ਪ੍ਰਧਾਨ ਬਲਾਕ ਦੇ ਲੋਕਾਂ ਦੁਆਰਾ ਸਿੱਧੇ ਤੌਰ ਤੇ ਚੁਣਿਆ ਜਾਂਦਾ ਹੈ। | ਜ਼ਿਲ੍ਹਾ ਪਰੀਸ਼ਦ ਦਾ ਪ੍ਰਧਾਨ ਜ਼ਿਲ੍ਹੇ ਦੇ ਲੋਕਾਂ ਦੁਆਰਾ ਸਿੱਧੇ ਤੌਰ ਤੇ ਚੁਣਿਆ ਜਾਂਦਾ ਹੈ। |

ਪੰਜਾਬ ਵਿੱਚ ਸਰਪੰਚਾਂ ਅਤੇ ਪੰਚਾਂ ਦੇ ਮਹਾਂ-ਅਭਿਯੋਗ ਦੀ ਸ਼ਕਤੀ ਪੰਚਾਇਤਾਂ ਦੇ ਨਿਰਦੇਸ਼ਾਲੇ ਪਾਸ ਹੈ ਜੋ ਕਿ ਇੱਕ ਅਫ਼ਸਰਸ਼ਾਹੀ ਵਾਲਾ ਤੰਤਰ ਹੈ ਜਦੋਂ ਕਿ ਕੇਰਲ ਵਿੱਚ ਇਹ ਸ਼ਕਤੀ ਲੋਕਪਾਲ ਪਾਸ ਹੈ ਅਤੇ ਗੁਜਰਾਤ ਵਿੱਚ ਇਸ ਸ਼ਕਤੀ ਦਾ ਪ੍ਰਯੋਗ ਜ਼ਿਲ੍ਹਾ ਪਰੀਸ਼ਦ ਦੁਆਰਾ ਕੀਤਾ ਜਾਂਦਾ ਹੈ।

ਸਾਰੇ ਰਾਜਾਂ ਵਿੱਚ ਪੰਚਾਇਤਾਂ ਦੇ ਪ੍ਰਸ਼ਾਸਨਿਕ ਅਤੇ ਵਿੱਤੀ ਮਾਮਲਿਆਂ ਦੀ ਦੇਖਭਾਲ ਪੰਚਾਇਤ ਸਕੱਤਰਾਂ ਦੁਆਰਾ ਕੀਤੀ ਜਾਂਦੀ ਹੈ। ਪੰਚਾਇਤ ਸਕੱਤਰ ਪੰਚਾਇਤ ਨਾਲ ਮਿਲ ਕੇ ਕੰਮ ਕਰਦਾ ਹੈ। ਕਿੰਤੂ ਵਿਚਕਾਰਲੀਆਂ ਅਤੇ ਜ਼ਿਲ੍ਹਾ ਪੱਧਰ ਦੀਆਂ ਪੰਚਾਇਤਾਂ ਦਾ ਕੰਮ ਬਲਾਕ ਅਤੇ ਜ਼ਿਲ੍ਹਾ ਮੁੱਖ ਦਫ਼ਤਰਾਂ ਵਿਖੇ ਬਲਾਕ ਅਤੇ ਜ਼ਿਲ੍ਹੇ ਦੇ ਅਧਿਕਾਰੀਆਂ ਦੁਆਰਾ ਚਲਾਇਆ ਜਾਂਦਾ ਹੈ।

### ਯੂਰਪੀ ਯੂਨੀਅਨ ਦੇ ਦੇਸ਼ਾਂ ਦੀ ਪ੍ਰਣਾਲੀ

ਯੂਰਪੀ ਯੂਨੀਅਨ ਦੇ ਦਿਹਾਤੀ ਖੇਤਰਾਂ ਵਿੱਚ ਚੱਲ ਰਹੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਗੈਰ-ਰਸਮੀ ਤੌਰ ਤੇ ਦਿਹਾਤੀ ਮਿਉਂਸਿਪਲਟੀਆਂ ਕਿਹਾ ਜਾਂਦਾ ਹੈ। ਕਿੰਤੂ ਵਾਸਤਵ ਵਿੱਚ ਯੂਰਪ ਦੇ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਦੀਆਂ ਮਿਉਂਸਿਪਲਟੀਆਂ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਵਿੱਚ ਕੋਈ ਅੰਤਰ ਨਹੀਂ ਹੈ। ਬੈਲਜੀਅਮ ਵਿੱਚ ਵੱਡੀਆਂ ਮਿਉਂਸਿਪਲਟੀਆਂ ਸ਼ਹਿਰੀ ਖੇਤਰਾਂ ਵਿੱਚ ਹਨ ਜਦੋਂ ਕਿ ਛੋਟੀਆਂ ਮਿਉਂਸਿਪਲਟੀਆਂ ਦੇਹਾਤੀ ਖੇਤਰਾਂ ਵਿੱਚ। ਉੱਥੇ ਲੋਕਾਂ ਦੁਆਰਾ ਸਿੱਧੇ ਤੌਰ ਤੇ ਚੁਣੇ ਜਾਣ ਵਾਲੇ ਕੌਂਸਲਰਾਂ ਦੀ ਸੰਖਿਆ 7 ਤੋਂ 55 ਤੱਕ ਹੋ ਸਕਦੀ ਹੈ। ਮੇਅਰ ਅਤੇ ਐਲਡਰਮੈਨ ਮਿਉਂਸਿਪਲਟੀਆਂ ਦੇ ਸਿਖਰ ਦੇ ਕਾਰਜਕਾਰੀ ਅਧਿਕਾਰੀ ਹਨ। ਮੇਅਰ ਅਤੇ ਐਲਡਰਮੈਨ ਦੋਵੇਂ ਕੌਂਸਲਰਾਂ ਵਿੱਚੋਂ ਚੁਣੇ ਜਾਂਦੇ ਹਨ। ਨੀਦਰਲੈਂਡ ਵਿੱਚ ਮਿਉਂਸਿਪਲਟੀਆਂ ਦਾ ਸੰਚਾਲਨ ਮਿਉਂਸਿਪਲ ਕੌਂਸਲਾਂ ਦੁਆਰਾ ਹੁੰਦਾ ਹੈ ਜਿਨ੍ਹਾਂ ਵਿੱਚ ਮੇਅਰ, ਐਲਡਰਮੈੱਨ ਅਤੇ ਕੌਂਸਲਰ ਹੁੰਦੇ ਹਨ। ਮੇਅਰ ਅਤੇ ਐਲਡਰਮੈਨ ਦੀ ਚੋਣ ਕੌਂਸਲਰਾਂ ਵਿੱਚੋਂ ਹੁੰਦੀ ਹੈ ਜਿਨ੍ਹਾਂ ਨੂੰ ਲੋਕਾਂ ਦੁਆਰਾ ਸਿੱਧੇ ਤੌਰ ਤੇ ਚੁਣਿਆ ਜਾਂਦਾ ਹੈ।

ਫਿਨਲੈਂਡ ਵਿੱਚ 318 ਦਿਹਾਤੀ ਮਿਉਂਸਿਪਲਟੀਆਂ ਹਨ। 1919 ਦੇ ਸੰਵਿਧਾਨ ਐਕਟ ਦੀ ਧਾਰਾ-51 ਅਨੁਸਾਰ "ਮਿਉਂਸਿਪਲਟੀਆਂ ਦਾ ਪ੍ਰਸ਼ਾਸਨ ਵਿਸ਼ਿਸ਼ਟ ਕਾਨੂੰਨਾਂ ਦੁਆਰਾ ਦੱਸੇ ਗਏ ਅਨੁਸਾਰ ਨਾਗਰਿਕਾਂ ਦੁਆਰਾ ਸਵੈ-ਸ਼ਾਸਨ ਦੇ ਸਿਧਾਂਤ ਤੇ ਆਧਾਰਤ ਹੋਵੇਗਾ।" ਮਿਉਂਸਿਪਲਟੀ ਦੀ ਬਣਤਰ ਇਸ ਪ੍ਰਕਾਰ ਹੁੰਦੀ ਹੈ: ਸਿਖਰ ਤੇ ਮਿਉਂਸਿਪਲ ਕੌਂਸਲ, ਮੱਧ ਵਿੱਚ ਮਿਉਂਸਿਪਲ ਕਾਰਜਕਾਰੀ ਬੋਰਡ ਅਤੇ ਹੇਠਲੇ ਪੱਧਰ ਤੇ ਮਿਉਂਸਿਪਲ ਕਮੇਟੀਆਂ। ਮਿਉਂਸਿਪਲ ਕੌਂਸਲ ਸਥਾਨਕ ਸ਼ਾਸਨ ਦੀ ਸਰਵੁੱਚ ਅਧਿਕਾਰੀ ਹੁੰਦੀ ਹੈ ਜਿਸ ਵਿੱਚ ਪ੍ਰਧਾਨ ਅਤੇ ਹੋਰ ਚੁਣੇ ਹੋਏ ਮੈਂਬਰ ਹੁੰਦੇ ਹਨ ਜਿਨ੍ਹਾਂ ਦੀ ਸੰਖਿਆ ਅਬਾਦੀ ਮੁਤਾਬਕ ਘੱਟੋ-ਘੱਟ 17 ਤੋਂ ਲੈ ਕੇ ਵੱਧ ਤੋਂ ਵੱਧ 85 ਹੁੰਦੀ ਹੈ। ਪ੍ਰਧਾਨ ਮਿਉਂਸਿਪਲ ਕੌਂਸਲ ਦਾ ਮੁਖੀ ਹੁੰਦਾ ਹੈ ਅਤੇ ਉਸ ਦੀ ਚੋਣ ਮੈਂਬਰਾਂ ਵਿੱਚੋਂ ਅਸਿੱਧੇ ਤੌਰ ਤੇ ਕੀਤੀ ਜਾਂਦੀ ਹੈ। ਮਿਉਂਸਿਪਲ ਪ੍ਰਬੰਧਕ ਹੋਰ ਸਟਾਫ ਮੈਂਬਰਾਂ ਸਮੇਤ ਪ੍ਰਸ਼ਾਸਨ ਅਤੇ ਦਿਨ-ਪ੍ਰਤੀ-ਦਿਨ ਦੀਆਂ ਗਤੀਵਿਧੀਆਂ ਦਾ ਧਿਆਨ ਰਖਦੇ ਹਨ।

ਸਪੇਨ ਵਿੱਚ ਮਿਉਂਸਿਪਲ ਕੌਂਸਲ ਦੇ ਮੈਂਬਰ (ਭਾਵ ਕੌਂਸਲਰ) ਲੋਕਾਂ ਦੁਆਰਾ ਸਿੱਧੇ ਤੌਰ ਤੇ ਚੁਣੇ ਜਾਂਦੇ ਹਨ ਅਤੇ ਮੇਅਰ, ਜੋ ਕਿ ਮਿਉਂਸਿਪਲ ਕੌਂਸਲ ਦਾ ਮੁਖੀ ਹੁੰਦਾ ਹੈ, ਚੁਣੇ ਹੋਏ ਕੌਂਸਲਰਾਂ ਵਿੱਚੋਂ ਚੁਣਿਆ ਜਾਂਦਾ ਹੈ। ਮੇਅਰ ਮਿਉਂਸਿਪਲਟੀ ਦੇ ਨਿਰਵਿਘਨ ਸੰਚਾਲਨ ਲਈ 'ਡਿਪਟੀਆਂ' ਦੀ ਨਿਯੁਕਤੀ ਕਰਦਾ ਹੈ। ਛੋਟੀਆਂ ਮਿਉਂਸਿਪਲਟੀਆਂ ਦੇ ਮੇਅਰ ਲੋਕਾਂ ਦੁਆਰਾ ਸਿੱਧੇ ਤੌਰ ਤੇ ਚੁਣੇ ਜਾਂਦੇ ਹਨ। ਮਿਉਂਸਿਪਲਟੀਆਂ ਦੇ ਪ੍ਰਸ਼ਾਸਨਿਕ ਮਾਮਲਿਆਂ ਦੀ ਦੇਖਭਾਲ ਸਕੱਤਰਾਂ ਅਤੇ ਸਕੱਤਰੇਤ ਦੇ ਹੋਰ ਅਮਲੇ ਦੁਆਰਾ ਕੀਤੀ ਜਾਂਦੀ ਹੈ। ਇਟਲੀ ਵਿੱਚ ਮਿਉਂਸਿਪਲਟੀਆਂ ਦੇ ਮੇਅਰ ਅਤੇ ਕੌਂਸਲਰ ਲੋਕਾਂ ਦੁਆਰਾ ਸਿੱਧੇ ਤੌਰ ਤੇ ਚੁਣੇ ਜਾਂਦੇ ਹਨ।

ਯੂਰਪੀ ਯੂਨੀਅਨ ਦੇ ਦੇਸ਼ਾਂ ਦੀਆਂ ਮਿਉਂਸਿਪਲਟੀਆਂ ਦੀ ਬਣਤਰ ਵਿੱਚ ਬਹੁਤ ਸਮਾਨਤਾ ਹੈ, ਕਿੰਤੂ ਅੰਤਰ ਵੀ ਹਨ। ਸਕੈਂਡੀਨੇਵੀਅਨ ਦੇਸ਼ਾਂ, ਉਦਾਹਰਣ ਦੇ ਤੌਰ ਤੇ ਫਿਨਲੈਂਡ ਦੀਆਂ ਮਿਉਂਸਿਪਲਟੀਆਂ ਦੀ ਬਣਤਰ ਯੂਰਪੀ ਯੂਨੀਅਨ ਦੇ ਬਾਕੀ ਦੇਸ਼ਾਂ ਦੀਆਂ ਮਿਉਂਸਿਪਲਟੀਆਂ ਨਾਲੋਂ ਅਧਿਕ ਸਰਲ ਹੈ। ਆਮ ਕਰਕੇ ਸਕੈਂਡੀਨੇਵੀਅਨ ਦੇਸ਼ਾਂ ਵਿੱਚ ਮਿਉਂਸਿਪਲਟੀਆਂ ਪਾਸ ਜ਼ਿਆਦਾ ਖੁਦਮੁਖਤਾਰੀ ਹੈ। ਬਰਤਾਨੀਆ ਨੂੰ ਛੱਡ ਕੇ ਯੂਰਪੀ ਯੂਨੀਅਨ ਦੇ

ਬਾਕੀ ਸਾਰੇ ਦੇਸ਼ਾਂ ਦੀਆਂ ਮਿਉਂਸਿਪਲਟੀਆਂ ਦੀ ਸ਼ਕਤੀ ਦਾ ਸਰੋਤ ਉਨ੍ਹਾਂ ਦੇਸ਼ਾਂ ਦੇ ਲਿਖਤੀ ਸੰਵਿਧਾਨ ਹਨ। ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਲਿਖਤੀ ਸੰਵਿਧਾਨ ਦੀ ਅਣਹੋਂਦ ਦੇ ਬਾਵਜੂਦ, ਬਰਤਾਨੀਆਂ ਦੀਆਂ ਮਿਉਂਸਿਪਲਟੀਆਂ ਪਾਸ ਕਾਫੀ ਖੁਦਮੁਖਤਾਰੀ ਹੈ।

ਯੂਰਪੀ ਦੇਸ਼ਾਂ ਵਿੱਚ ਦਿਹਾਤੀ ਖੇਤਰਾਂ ਦੀਆਂ ਮਿਉਂਸਿਪਲਟੀਆਂ ਦੇ ਕਾਰਜ ਅਤੇ ਜਿੰਮੇਵਾਰੀਆਂ ਉਹੀ ਹਨ ਜੋ ਭਾਰਤ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀਆਂ, ਕਿੰਤੂ ਉੱਥੇ ਖੁਦਮੁਖਤਾਰੀ, ਜਵਾਬਦੇਹੀ ਅਤੇ ਪਾਰਦਰਸ਼ਤਾ ਜ਼ਿਆਦਾ ਹੈ। ਸਪੇਨ ਦੇ ਸੰਵਿਧਾਨ ਨੇ ਸ਼ਹਿਰੀ ਅਤੇ ਦਿਹਾਤੀ, ਦੋਵੇਂ ਖੇਤਰਾਂ ਦੀਆਂ ਮਿਉਂਸਿਪਲਟੀਆਂ ਨੂੰ ਇਹ ਸ਼ਕਤੀਆਂ ਸੌਂਪੀਆਂ ਹਨ: (i) ਅਮਨ ਅਤੇ ਕਾਨੂੰਨ (ii) ਸੜਕਾਂ ਦੀ ਸਾਂਭ ਸੰਭਾਲ (iii) ਜਲ ਪੂਰਤੀ ਅਤੇ ਰਾਤ ਨੂੰ ਰੋਸ਼ਨੀ ਦਾ ਪ੍ਰਬੰਧ (iv) ਕੂੜੇ ਕਰਕਟ ਨੂੰ ਟਿਕਾਣੇ ਲਗਾਉਣਾ (v) ਵਿਰਾਸਤੀ ਸੰਪਤੀਆਂ ਦੀ ਸੁਰੱਖਿਆ। ਫਿਨਲੈਂਡ ਦੀਆਂ ਦਿਹਾਤੀ ਮਿਉਂਸਿਪਲਟੀਆਂ ਦੇ ਮੁੱਖ ਕਾਰਜ ਹਨ : (i) ਸਿੱਖਿਆ (ii) ਸਿਹਤ ਸੰਭਾਲ (iii) ਸਮਾਜ ਭਲਾਈ (iv) ਤਕਨੀਕੀ ਬੁਨਿਆਦੀ ਢਾਂਚਾ ਅਤੇ (v) ਪਰਿਆਵਰਣ ਦਾ ਨਿਯੰਤਰਣ। ਬਰਤਾਨੀਆ, ਬੈਲਜੀਅਮ, ਇਟਲੀ ਅਤੇ ਨੀਦਰਲੈਂਡ ਹਦੇ ਸਥਾਨਕ ਸ਼ਾਸਨ ਸਫਾਈ ਪ੍ਰਬੰਧ, ਸਿਹਤ ਸੰਭਾਲ, ਸਮਾਜ ਭਲਾਈ ਕੂੜੇ ਕਰਕਟ ਦੇ ਪ੍ਰਬੰਧ ਅਤੇ ਸਿੱਖਿਆ ਦੇ ਖੇਤਰ ਵਿੱਚ ਕਾਰਜ ਕਰ ਰਹੀਆਂ ਹਨ।

**ਪੰਚਾਇਤੀ ਰਾਜ ਸੰਸਥਾਵਾਂ ਅਧੀਨ ਸਥਾਈ ਕਮੇਟੀਆਂ**

ਦਿਹਾਤੀ ਵਿਕਾਸ ਦੇ ਵੱਖ-ਵੱਖ ਪ੍ਰੋਗਰਾਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਵੱਖ-ਵੱਖ ਰਾਜਾਂ ਦੇ ਪੰਚਾਇਤੀ ਰਾਜ ਐਕਟਾਂ ਤਹਿਤ ਪਿੰਡ ਦੀਆਂ, ਵਿਚਕਾਰਲੀਆਂ ਅਤੇ ਜ਼ਿਲ੍ਹਾ ਪੱਧਰ ਦੀਆਂ ਪੰਚਾਇਤਾਂ ਵਿੱਚ ਸਥਾਈ ਕਮੇਟੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਪੰਜਾਬ ਪੰਚਾਇਤੀ ਰਾਜ ਐਕਟ 1994 ਦੁਆਰਾ ਪੰਚਾਇਤਾਂ ਦੇ ਵੱਖ-ਵੱਖ ਪੱਧਰਾਂ ਤੇ ਸਥਾਈ ਕਮੇਟੀਆਂ ਦੇ ਪ੍ਰਬੰਧ ਦਾ ਵਰਣਨ ਹੇਠਾਂ ਕੀਤਾ ਜਾ ਰਿਹਾ ਹੈ :

**ਗਰਾਮ ਪੰਚਾਇਤ ਦੀਆਂ ਸਥਾਈ ਕਮੇਟੀਆਂ :**

ਪੰਜਾਬ ਪੰਚਾਇਤੀ ਰਾਜ ਐਕਟ ਨੇ ਹਰ ਪਿੰਡ ਪੰਚਾਇਤ ਵਿੱਚ ਸਥਾਈ ਕਮੇਟੀਆਂ ਦੇ ਗਠਨ ਦੀ ਉਮੀਦ ਕੀਤੀ ਹੈ। ਹਰ ਕਮੇਟੀ ਵਿੱਚ ਸਰਪੰਚ ਸਮੇਤ ਘੱਟੋ-ਘੱਟ 3 ਅਤੇ ਵੱਧ ਤੋਂ ਵੱਧ 5 ਮੈਂਬਰ ਹੁੰਦੇ ਹਨ। ਸਰਪੰਚ ਅਪਣੇ ਪਦ ਦੇ ਨਾਤੇ ਸਾਰੀਆਂ ਸਥਾਈ ਕਮੇਟੀਆਂ ਦਾ ਮੈਂਬਰ ਅਤੇ ਪ੍ਰਧਾਨ ਹੁੰਦਾ ਹੈ। ਪਿੰਡ ਪੰਚਾਇਤ ਦੇ ਪੱਧਰ ਤੇ ਸਥਾਈ ਕਮੇਟੀਆਂ ਹੇਠ ਲਿਖੇ ਅਨੁਸਾਰ ਹੁੰਦੀਆਂ ਹਨ :

ੳ) ਉਤਪਾਦਨ ਕਮੇਟੀ
ਅ) ਸਮਾਜਕ ਨਿਆਂ ਕਮੇਟੀ ਅਤੇ
ੲ) ਸਹੂਲਤਾਂ ਸੰਬੰਧੀ ਕਮੇਟੀ
ਹਰ ਕਮੇਟੀ ਦੇ ਕਾਰਜ ਹੇਠਾਂ ਸਾਰਣੀ-17 ਵਿੱਚ ਦਿੱਤੇ ਗਏ ਹਨ।

**ਪੰਚਾਇਤ ਸੰਮਤੀ ਦੀਆਂ ਸਥਾਈ ਕਮੇਟੀਆਂ**

ਪੰਚਾਇਤ ਸੰਮਤੀ ਪੱਧਰ ਤੇ ਸਥਾਈ ਕਮੇਟੀਆਂ ਇਸ ਪ੍ਰਕਾਰ ਹੁੰਦੀਆਂ ਹਨ :

ੳ) ਸਾਧਾਰਣ ਕਮੇਟੀ
ਅ) ਵਿੱਤੀ ਕਮੇਟੀ
ੲ) ਲੇਖਾ-ਪਰੀਖਣ ਕਮੇਟੀ
ਸ) ਯੋਜਨਾਬੰਦੀ ਕਮੇਟੀ ਅਤੇ
ਹ) ਸਮਾਜਕ ਨਿਆਂ ਕਮੇਟੀ

ਹਰ ਕਮੇਟੀ ਵਿੱਚ ਪੰਚਾਇਤ ਸੰਮਤੀ ਦੇ ਪ੍ਰਧਾਨ ਅਤੇ ਹੋਰ ਚੁਣੇ ਹੋਏ ਮੈਂਬਰਾਂ ਸਮੇਤ 6 ਤੋਂ ਵੱਧ ਮੈਂਬਰ ਨਹੀਂ ਹੁੰਦੇ।

## ਜ਼ਿਲ੍ਹਾ ਪਰੀਸ਼ਦ ਦੀਆਂ ਸਥਾਈ ਕਮੇਟੀਆਂ

ਜ਼ਿਲ੍ਹਾ ਪਰੀਸ਼ਦ ਪੱਧਰ ਤੇ ਸਥਾਈ ਕਮੇਟੀਆਂ ਇਸ ਪ੍ਰਕਾਰ ਹੁੰਦੀਆਂ ਹਨ:

(ੳ) ਆਮ ਪ੍ਰਬੰਧ ਕਮੇਟੀ
(ਅ) ਵਿੱਤ, ਲੇਖਾ ਪਰੀਖਣ ਅਤੇ ਯੋਜਨਾਬੰਦੀ ਕਮੇਟੀ
(ੲ) ਸਮਾਜਕ ਨਿਆਂ ਕਮੇਟੀ
(ਸ) ਸਿੱਖਿਆ ਅਤੇ ਸਿਹਤ ਕਮੇਟੀ ਅਤੇ
(ਹ) ਖੇਤੀ-ਬਾੜੀ ਅਤੇ ਉਦਯੋਗ ਕਮੇਟੀ

ਹਰ ਸਥਾਈ ਕਮੇਟੀ ਵਿੱਚ ਜ਼ਿਲ੍ਹਾ ਪਰੀਸ਼ਦ ਦੇ ਪ੍ਰਧਾਨ ਅਤੇ ਚੁਣੇ ਹੋਏ ਮੈਂਬਰਾਂ ਸਮੇਤ 5 ਤੋਂ ਵੱਧ ਮੈਂਬਰ ਨਹੀਂ ਹੁੰਦੇ।

ਸਥਾਈ ਕਮੇਟੀਆਂ ਦੇ ਕਾਰਜ ਜਿਵੇਂਕਿ ਪੰਜਾਬ ਪੰਚਾਇਤੀ ਰਾਜ ਐਕਟ 1994 ਦੁਆਰਾ ਉਮੀਦ ਰੱਖੀ ਗਈ ਹੈ, ਸਾਰਣੀ-19 ਵਿੱਚ ਦਿੱਤੇ ਗਏ ਹਨ :

**ਸਾਰਣੀ-19**

**ਪੰਜਾਬ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੇ ਤਿੰਨ ਪੱਧਰਾਂ ਦੀਆਂ ਸਥਾਈ ਕਮੇਟੀਆਂ ਦੇ ਕਾਰਜ**

| ਪੰਚਾਇਤੀ ਰਾਜ ਸੰਸਥਾ | ਸਥਾਈ ਕਮੇਟੀਆਂ ਦੇ ਨਾਂ | ਮੁਖ ਕਾਰਜ |
|---|---|---|
| **ਗਰਾਮ ਪੰਚਾਇਤ** | 1. ਉਤਪਾਦਨ ਕਮੇਟੀ | i ਖੇਤੀ ਬਾੜੀ, ਪਸ਼ੂ ਪਾਲਣ ਅਤੇ ਗ੍ਰਾਮ ਉਦਯੋਗ ਦੇ ਉਤਪਾਦਨ ਅਤੇ ਗਰੀਬੀ ਘਟਾਉਣ ਦੇ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰਨਾ। |
| | 2. ਸਮਾਜਕ ਨਿਆਂ ਕਮੇਟੀ | i ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਹੋਰ ਕਮਜੋਰ ਵਰਗਾਂ ਦੀ ਸਿੱਖਿਆ ਅਤੇ ਉਨ੍ਹਾਂ ਦੇ ਆਰਥਕ, ਸਮਾਜਕ, ਸੱਭਿਆਚਾਰਕ ਅਤੇ ਹੋਰ ਹਿੱਤਾਂ ਨੂੰ ਉਤਸ਼ਾਹਿਤ ਕਰਨਾ।<br>ii ਅਜਿਹੀਆਂ ਜਾਤੀਆਂ ਅਤੇ ਵਰਗਾਂ ਦੀ ਸਮਾਜਕ ਅਨਿਆਂ ਅਤੇ ਕਿਸੇ ਵੀ ਹੋਰ ਤਰ੍ਹਾਂ ਦੇ ਸ਼ੋਸ਼ਣ ਤੋਂ ਰੱਖਿਆ ਕਰਨੀ<br>iii ਇਸਤ੍ਰੀਆਂ ਅਤੇ ਬੱਚਿਆ ਦੀ ਦੇਖ ਭਾਲ |
| | 3. ਸਹੂਲਤਾਂ ਸੰਬੰਧੀ ਕਮੇਟੀ | ਸਿੱਖਿਆ, ਜਨ ਸਿਹਤ ਤੇ ਲੋਕ ਨਿਰਮਾਣ ਸੰਬੰਧੀ ਕਾਰਜ ਅਤੇ ਹੋਰ ਸਾਧਾਰਣ ਪ੍ਰਕਿਰਤੀ ਦੇ ਕਾਰਜ ਕਰਨੇ |
| **ਪੰਚਾਇਤੀ ਸੰਮਤੀ** | 1. ਸਾਧਾਰਣ ਕਮੇਟੀ | i ਇਸ ਸਥਾਈ ਕਮੇਟੀ ਦੇ ਕੰਮ ਇਸ ਪ੍ਰਕਾਰ ਹਨ: ਅਮਲੇ ਸੰਬੰਧੀ ਕਾਰਜ, ਸੰਚਾਰ, ਪਿੰਡਾਂ ਵਿੱਚ ਰਿਹਾਇਸ਼ੀ ਮਕਾਨਾਂ ਦੀ ਉਸਾਰੀ, ਪਿੰਡ ਦਾ ਵਿਸਥਾਰ ਕਰਨਾ, ਕੁਦਰਤੀ ਸੰਕਟਾਂ ਤੋਂ ਰਾਹਤ, ਜਲ ਪੂਰਤੀ ਅਤੇ ਹੋਰ ਫੁਟਕਲ ਕੰਮ |
| | 2. ਵਿੱਤ, ਲੇਖਾ-ਪਰੀਖਣ ਅਤੇ ਯੋਜਨਾਬੰਦੀ ਸੰਬੰਧੀ ਕਮੇਟੀ | i ਬਜਟ ਬਣਾਉਣਾ ਆਮਦਨੀ ਦੇ ਸਾਧਨਾਂ ਨੂੰ ਵਧਾਉਣ ਦੇ ਪ੍ਰਸਤਾਵਾਂ ਦੇ ਚਿੱਠੇ ਦੀ ਛਾਣਬੀਣ ਕਰਨਾ, ਪੰਚਾਇਤ ਸੰਮਤੀ ਦੀ ਮਾਲੀ ਹਾਲਤ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਪ੍ਰਸਤਾਵਾਂ ਤੇ ਗੌਰ ਕਰਨਾ, ਪੰਚਾਇਤ ਸੰਮਤੀ ਦੇ ਵਿੱਤੀ ਮਾਮਲਿਆਂ ਦੀ ਆਮ ਨਿਗਰਾਨੀ ਕਰਨਾ |

| ਪੰਚਾਇਤੀ ਰਾਜ ਸੰਸਥਾ | ਸਥਾਈ ਕਮੇਟੀਆਂ ਦੇ ਨਾਂ | | ਮੁਖ ਕਾਰਜ |
| --- | --- | --- | --- |
| | 3. ਸਮਾਜਕ ਨਿਆਂ ਕਮੇਟੀ | i | ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਸਿੱਖਿਆ ਅਤੇ ਉਨ੍ਹਾਂ ਦੇ ਆਰਥਕ, ਸਮਾਜਕ, ਸੱਭਿਆਚਾਰਕ ਅਤੇ ਹੋਰ ਹਿੱਤਾਂ ਨੂੰ ਉਤਸ਼ਾਹਿਤ ਕਰਨਾ |
| | | ii | ਉਨ੍ਹਾਂ ਨੂੰ ਸਮਾਜਕ ਅਨਿਆਂ ਅਤੇ ਸ਼ੋਸ਼ਣ ਦੀਆਂ ਹੋਰ ਸਾਰੀਆਂ ਕਿਸਮਾਂ ਤੋਂ ਬਚਾਉਣਾ |
| | | iii | ਅਨੁਸੂਚਿਤ ਜਾਤੀਆਂ, ਹੋਰ ਪਛੜੀਆਂ ਜਾਤੀਆਂ, ਇਸਤ੍ਰੀਆਂ ਅਤੇ ਹੋਰ ਕਮਜੋਰ ਵਰਗਾਂ ਨੂੰ ਸਮਾਜਕ ਨਿਆਂ ਦਿਵਾਉਣਾ |
| **ਜ਼ਿਲਾ ਪਰੀਸ਼ਦ** | 1. ਆਮ ਕਮੇਟੀ | i | ਅਮਲੇ ਸੰਬੰਧੀ ਮਾਮਲੇ ਅਤੇ ਸੰਚਾਰ, ਰਿਹਾਇਸ਼ੀ ਮਕਾਨਾਂ ਦੀ ਉਸਾਰੀ, ਪਿੰਡ ਦੇ ਵਿਸਥਾਰ ਅਤੇ ਕੁਦਰਤੀ ਸੰਕਟਾਂ ਤੋਂ ਰਾਹਤ ਸੰਬਧੀ ਕਾਰਜ |
| | 2. ਵਿੱਤ, ਲੇਖਾ-ਪਰੀਖਣ ਅਤੇ ਯੋਜਨਾਬੰਦੀ ਸਬੰਧੀ ਕਮੇਟੀ | i | ਬਜਟ ਬਣਾਉਣਾ, ਆਮਦਨੀ ਦੇ ਵਾਧੇ ਵਾਸਤੇ ਪ੍ਰਸਤਾਵਾਂ ਦਾ ਨਿਰੀਖਣ ਕਰਨਾ, ਜ਼ਿਲ੍ਹਾ ਪਰੀਸ਼ਦ ਦੀ ਵਿੱਤੀ ਹਾਲਤ ਬਾਰੇ ਪ੍ਰਸਤਾਵਾਂ ਤੇ ਗੌਰ ਕਰਨਾ |
| | | ii | ਵਿਕਾਸ ਸੰਬੰਧੀ ਖਰਚਿਆਂ ਨੂੰ ਨਿਰਧਾਰਤ ਕਰਨਾ, ਖੜ੍ਹਵੀਂ ਅਤੇ ਲੇਟਵੀਂ ਦੋਵੇਂ ਦਿਸ਼ਾਵਾਂ ਵਿੱਚ ਸੰਪਰਕ ਬਣਾਉਣੇ, ਰਾਜ ਸਰਕਾਰ ਦੀਆਂ ਹਦਾਇਤਾਂ ਨੂੰ ਲਾਗੂ ਕਰਨਾ, ਯੋਜਨਾਬੰਦੀ ਦੇ ਪ੍ਰੋਗਰਾਮਾਂ ਦਾ ਨਿਯਮਿਤ ਤੌਰ ਤੇ ਪੁਨਰ-ਨਿਰੀਖਣ ਕਰਨਾ |
| | 3. ਸਮਾਜਕ ਨਿਆਂ ਕਮੇਟੀ | i | ਅਨੁਸੂਚਿਤ ਜਾਤੀਆਂ ਅਤੇ ਹੋਰ ਪਛੜੀਆਂ ਜਾਤੀਆਂ ਦੀ ਸਿੱਖਿਆ ਅਤੇ ਉਨ੍ਹਾਂ ਦੇ ਆਰਥਕ, ਸਮਾਜਕ, ਸੱਭਿਆਚਾਰਕ ਅਤੇ ਹੋਰ ਹਿੱਤਾਂ ਨੂੰ ਉਤਸ਼ਾਹਿਤ ਕਰਨਾ |
| | | ii | ਅਨੁਸੂਚਿਤ ਜਾਤੀਆਂ ਅਤੇ ਹੋਰ ਪਛੜੀਆਂ ਜਾਤੀਆਂ ਨੂੰ ਸਮਾਜਕ ਅਨਿਆਂ ਤੋਂ ਬਚਾਉਣਾ |
| | | iii | ਅਨੁਸੂਚਿਤ ਜਾਤੀਆਂ ਅਤੇ ਹੋਰ ਪਛੜੀਆਂ ਜਾਤੀਆਂ ਦੀ ਹਾਲਤ ਵਿੱਚ ਸੁਧਾਰ ਕਰਨਾ |
| | 4. ਸਿੱਖਿਆ ਅਤੇ ਸਿਹਤ ਕਮੇਟੀ | i | ਜ਼ਿਲ੍ਹਾ ਪਰੀਸ਼ਦ ਵਿੱਚ ਸਿੱਖਿਆ ਸੰਬੰਧੀ ਸਰਗਰਮੀਆਂ ਨੂੰ ਉਤਸ਼ਾਹਿਤ ਕਰਨਾ |
| | | ii | ਜ਼ਿਲ੍ਹੇ ਵਿੱਚ ਸਿੱਖਿਆ ਦੀ ਯੋਜਨਾਬੰਦੀ ਕਰਨੀ ਅਤੇ ਮੁਲਾਂਕਣ ਕਰਨਾ |
| | | iii | ਜਲ-ਨਿਕਾਸੀ ਦੇ ਪ੍ਰਬੰਧ, ਸਿਹਤ ਸੇਵਾਵਾਂ, ਹਸਪਤਾਲਾਂ, ਜਲ ਪੂਰਤੀ, ਪਰਿਵਾਰ ਭਲਾਈ ਅਤੇ ਹੋਰ ਸੰਬੰਧਤ ਸੇਵਾਵਾਂ ਦੀ ਸਾਂਭ-ਸੰਭਾਲ ਕਰਨੀ |
| | 5. ਖੇਤੀਬਾੜੀ, ਉਦਯੋਗ ਅਤੇ ਵਪਾਰ | i | ਖੇਤੀਬਾੜੀ ਦਾ ਉਤਪਾਦਨ, ਪਸ਼ੂ ਪਾਲਣ, ਸਹਿਕਾਰਤਾ |
| | | ii | ਗਰਾਮ ਅਤੇ ਕੁਟੀਰ ਉਦਯੋਗ |
| | | iii | ਜ਼ਿਲ੍ਹੇ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ |

**ਸਰੋਤ :** ਪੰਜਾਬ ਪੰਚਾਇਤੀ ਰਾਜ ਐਕਟ, 1994

ਵਿਵਹਾਰਕ ਤੌਰ ਤੇ ਇਹ ਸਥਾਈ ਕਮੇਟੀਆਂ ਨਹੀਂ ਹਨ ਬਲਕਿ ਲੋੜ ਪੈਣ ਤੇ ਵਿਸ਼ੇਸ਼ ਯੋਜਨਾਵਾਂ ਜਾਂ ਪ੍ਰੋਗਰਾਮਾਂ

ਲਈ ਗੈਰ-ਸਰਕਾਰੀ ਸੰਗਠਨਾਂ ਜਾਂ ਸਰਕਾਰੀ ਵਿਭਾਗਾਂ ਦੁਆਰਾ ਉਚੇਚੇ ਤੌਰ ਤੇ ਬਣਾ ਲਈਆਂ ਜਾਂਦੀਆਂ ਹਨ। ਉਦਾਹਰਣ ਦੇ ਤੌਰ ਤੇ ਕਈ ਪੰਚਾਇਤਾਂ ਵਿੱਚ 'ਸਰਵ ਸਿੱਖਿਆ ਅਭਿਆਨ' ਅਤੇ 'ਮੁਕੰਮਲ ਸਫਾਈ ਮੁਹਿੰਮ' ਦੇ ਤਹਿਤ ਗਰਾਮ ਸਿੱਖਿਆ ਕਮੇਟੀਆਂ ਅਤੇ ਜਲ ਅਤੇ ਸਫਾਈ ਕਮੇਟੀਆਂ ਬਣਾਈਆਂ ਗਈਆਂ ਹਨ। ਹਰ ਪੱਧਰ ਤੇ ਸਥਾਈ ਕਮੇਟੀਆਂ ਦਾ ਗਠਨ ਇਨ੍ਹਾਂ ਪੰਚਾਇਤਾਂ ਦੇ ਮੈਂਬਰਾਂ ਨੂੰ ਜਿੰਮੇਵਾਰੀਆਂ ਸੌਂਪਣ ਵਿੱਚ ਸਹਾਈ ਹੋਵੇਗਾ। ਹੁਣ ਤੱਕ ਵਿਵਹਾਰਕ ਤੌਰ ਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਮੁਖੀ ਸਰਵਉੱਚ ਹਨ ਅਤੇ ਸਥਾਈ ਕਮੇ ਟੀਆਂ ਦਾ ਗਠਨ ਨਾ ਹੋਣ ਕਰਕੇ ਇਨ੍ਹਾਂ ਸੰਸਥਾਵਾਂ ਦੇ ਮੈਂਬਰਾਂ ਨੂੰ ਇਨ੍ਹਾਂ ਸੰਸਥਾਵਾਂ ਦੀਆਂ ਗਤੀਵਿਧੀਆਂ ਵਿੱਚ ਨੇੜੇ ਤੋਂ ਸ਼ਾਮਿਲ ਨਹੀਂ ਕੀਤਾ ਜਾਂਦਾ।

### ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਸਥਾਈ ਕਮੇਟੀਆਂ

ਪੰਚਾਇਤੀ ਰਾਜ ਸੰਸਥਾਵਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਵਾਸਤੇ ਹਰ ਪ੍ਰਗਤੀਸ਼ੀਲ ਭਾਰਤੀ ਰਾਜ ਦੇ ਪੰਚਾਇਤੀ ਰਾਜ ਐਕਟ ਨੇ ਸਥਾਈ ਕਮੇਟੀਆਂ ਦੇ ਗਠਨ ਦਾ ਪ੍ਰਬੰਧ ਕੀਤਾ ਹੋਇਆ ਹੈ। ਇਹ ਕਮੇਟੀਆਂ ਵਿਭਾਗੀ ਵਿਕਾਸ ਗਤੀਵਿਧੀਆਂ ਦੀ ਦੇਖਭਾਲ ਕਰਦੀਆਂ ਹਨ ਜਿਵੇਂ ਕਿ ਸਿੱਖਿਆ, ਲੋਕ ਨਿਰਮਾਣ, ਸਿਹਤ ਅਤੇ ਪਰਿਵਾਰ ਭਲਾਈ, ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੀ ਭਲਾਈ ਆਦਿ।

**ਸਾਰਣੀ-20**
**ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਸਥਾਈ ਕਮੇਟੀਆਂ ਦੀ ਸੰਖਿਆ**

| ਰਾਜ | ਗਰਾਮ ਪੰਚਾਇਤ | ਵਿਚਕਾਰਲੀ ਪੰਚਾਇਤ | ਜਿਲ੍ਹਾ ਪੰਚਾਇਤ |
|---|---|---|---|
| ਗੁਜਰਾਤ | * ਕਾਰਜਕਾਰੀ ਕਮੇਟੀ<br>* ਸਮਾਜਕ ਨਿਆਂ ਕਮੇਟੀ | * ਕਾਰਜਕਾਰੀ ਕਮੇਟੀ<br>* ਸਮਾਜਕ ਨਿਆਂ ਕਮੇਟੀ | * ਕਾਰਜਕਾਰੀ ਕਮੇਟੀ<br>* ਸਮਾਜਕ ਨਿਆਂ ਕਮੇਟੀ<br>* ਸਿੱਖਿਆ ਕਮੇਟੀ<br>* ਜਨ ਸਿਹਤ ਕਮੇਟੀ<br>* ਲੋਕ ਨਿਰਮਾਣ ਕਮੇਟੀ |
| ਕਰਨਾਟਕ | * ਉਤਪਾਦਨ ਕਮੇਟੀ<br>* ਸਮਾਜਕ ਨਿਆਂ ਕਮੇਟੀ<br>* ਸਹੂਲਤਾਂ ਸੰਬੰਧੀ ਕਮੇਟੀ | * ਆਮ ਸਥਾਈ ਕਮੇਟੀ<br>* ਵਿੱਤ, ਲੇਖਾ-ਪਰੀਖਣ ਅਤੇ ਯੋਜਨਬੰਦੀ ਸੰਬੰਧੀ ਕਮੇਟੀ<br>* ਸਮਾਜਕ ਨਿਆਂ ਕਮੇਟੀ | * ਆਮ ਸਥਾਈ ਕਮੇਟੀ<br>* ਵਿੱਤ, ਲੇਖਾ-ਪਰੀਖਣ ਅਤੇ ਯੋਜਨਾਬੰਦੀ ਸੰਬੰਧੀ ਕਮੇਟੀ<br>* ਸਮਾਜਕ ਨਿਆਂ ਕਮੇਟੀ<br>* ਸਿੱਖਿਆ ਅਤੇ ਸਿਹਤ ਕਮੇਟੀ<br>* ਖੇਤੀਬਾੜੀ ਅਤੇ ਉਦਯੋਗ ਕਮੇਟੀ |
| ਕੇਰਲ | * ਵਿੱਤ ਕਮੇਟੀ<br>* ਵਿਕਾਸ ਕਮੇਟੀ<br>* ਭਲਾਈ ਕਮੇਟੀ | * ਵਿੱਤ ਕਮੇਟੀ<br>* ਵਿਕਾਸ ਕਮੇਟੀ<br>* ਭਲਾਈ ਕਮੇਟੀ | * ਵਿੱਤ ਕਮੇਟੀ<br>* ਵਿਕਾਸ ਕਮੇਟੀ<br>* ਭਲਾਈ ਕਮੇਟੀ<br>* ਲੋਕ ਨਿਰਮਾਣ ਕਮੇਟੀ<br>* ਸਿਹਤ ਅਤੇ ਸਿੱਖਿਆ ਕਮੇਟੀ |

| ਰਾਜ | ਗਰਾਮ ਪੰਚਾਇਤ | ਵਿਚਕਾਰਲੀ ਪੰਚਾਇਤ | ਜਿਲ੍ਹਾ ਪੰਚਾਇਤ |
|---|---|---|---|
| ਮੱਧ ਪ੍ਰਦੇਸ਼ | * ਆਮ-ਪ੍ਰਸ਼ਾਸਨ ਕਮੇਟੀ<br>* ਉਸਾਰੀ ਅਤੇ ਵਿਕਾਸ ਕਮੇਟੀ<br>* ਸਿੱਖਿਆ ਸਿਹਤ ਅਤੇ ਸਮਾਜ ਭਲਾਈ ਕਮੇਟੀਆਂ | * ਆਮ ਪ੍ਰਸ਼ਾਸਨ ਕਮੇਟੀ<br>* ਖੇਤੀਬਾੜੀ ਕਮੇਟੀ<br>* ਸਿੱਖਿਆ ਕਮੇਟੀ<br>* ਸੰਚਾਰ ਅਤੇ ਜਨਤਕ ਸੇਵਾਵਾਂ ਦੀ ਕਮੇਟੀ<br>* ਸਹਿਕਾਰਤਾ ਅਤੇ ਗਰਾਮ ਉਦਯੋਗ ਕਮੇਟੀ<br>* ਸਿਹਤ, ਇਸਤ੍ਰੀ ਭਲਾਈ ਅਤੇ ਬਾਲ ਵਿਕਾਸ ਕਮੇਟੀਆਂ<br>* ਜੰਗਲਾਤ ਕਮੇਟੀ | * ਆਮ ਪ੍ਰਸ਼ਾਸਨ ਕਮੇਟੀ<br>* ਖੇਤੀਬਾੜੀ ਕਮੇਟੀ<br>* ਸਿੱਖਿਆ ਕਮੇਟੀ<br>* ਸੰਚਾਰ ਅਤੇ ਜਨਤਕ ਸੇਵਾਵਾਂ ਦੀ ਕਮੇਟੀ<br>* ਸਹਿਕਾਰਤਾ ਅਤੇ ਗਰਾਮ ਉਦਯੋਗ ਕਮੇਟੀ<br>* ਸਿਹਤ, ਇਸਤ੍ਰੀ ਭਲਾਈ ਅਤੇ ਬਾਲ ਵਿਕਾਸ ਕਮੇਟੀ<br>* ਜੰਗਲਾਤ ਕਮੇਟੀ |
| ਮਹਾਰਾਸ਼ਟਰ | * ਕਾਨੂੰਨੀ ਕਮੇਟੀਆਂ ਲਾਜ਼ਮੀ ਹਨ ਅਤੇ ਗਰਾਮ ਪੰਚਾਇਤਾਂ ਪਾਸ ਇੱਕ ਜਾਂ ਇੱਕ ਤੋਂ ਵੱਧ ਕਮੇਟੀਆਂ ਬਣਾਉਣ ਦਾ | * ਕਾਨੂੰਨੀ ਕਮੇਟੀਆਂ ਲਾਜਮੀ ਹਨ ਅਤੇ ਵਿਚਕਾਰਲੀ ਪੰਚਾਇਤ ਨੂੰ ਇੱਕ ਜਾਂ ਇੱਕ ਤੋਂ ਵੱਧ ਕਮੇਟੀਆਂ ਬਣਾਉਣ ਦਾ ਅਧਿਕਾਰ ਹੈ।<br>ਅਧਿਕਾਰ ਹੈ। | * ਵਿੱਤ ਕਮੇਟੀ<br>* ਨਿਰਮਾਣ ਕਮੇਟੀ<br>* ਖੇਤੀਬਾੜੀ ਸੰਬੰਧੀ ਕਮੇਟੀ<br>* ਸਿਹਤ ਕਮੇਟੀ<br>* ਸਿੱਖਿਆ ਕਮੇਟੀ<br>* ਸਮਾਜ ਭਲਾਈ ਕਮੇਟੀ<br>* ਪਸ਼ੂ ਪਾਲਣ ਅਤੇ ਦੁੱਧ ਵਿਉਪਾਰ ਕਮੇਟੀ<br>* ਇਸਤ੍ਰੀ ਅਤੇ ਬਾਲ ਭਲਾਈ ਕਮੇਟੀ<br>* ਜਲ ਸੰਭਾਲ ਅਤੇ ਪੀਣ ਵਾਲੇ ਜਲ ਦੀ ਪੂਰਤੀ ਸੰਬੰਧੀ ਕਮੇਟੀ |

ਇਨ੍ਹਾਂ ਕਮੇਟੀਆਂ ਦੇ ਕਾਰਜ ਲਗਭਗ ਉਹੀ ਹਨ ਜੋ ਪੰਜਾਬ ਵਿੱਚ ਅਜਿਹੀਆਂ ਕਮੇਟੀਆਂ ਦੇ ਹਨ, ਕਿੰਤੂ ਇਨ੍ਹਾਂ ਦੀ ਕਾਰਜ-ਵਿਧੀ ਹਰ ਰਾਜ ਵਿੱਚ ਭਿੰਨ-ਭਿੰਨ ਹੈ ਅਤੇ ਪੰਜਾਬ ਨਾਲੋਂ ਬਹੁਤ ਵੱਖਰੀ ਹੈ। ਕਈ ਰਾਜਾਂ ਵਿੱਚ ਸਥਾਈ ਕਮੇਟੀਆਂ ਜ਼ਿਲ੍ਹਾ ਪੱਧਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀਆਂ ਹਨ ਜਦੋਂ ਕਿ ਕਈ ਹੋਰ ਰਾਜਾਂ ਵਿੱਚ ਉਹ ਪਿੰਡ ਦੇ ਪੱਧਰ ਤੇ ਵੀ ਪ੍ਰਭਾਵਸ਼ਾਲੀ ਢੰਗ ਨਾਲ ਚੱਲ ਰਹੀਆਂ ਹਨ। ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਜ਼ਿਲ੍ਹਾ ਪੰਚਾਇਤਾਂ ਦੀਆਂ ਸਥਾਈ ਕਮੇਟੀਆਂ ਅਤੇ ਕੇਰਲ ਅਤੇ ਮੱਧ ਪ੍ਰਦੇਸ਼ ਦੀਆਂ ਗਰਾਮ ਪੰਚਾਇਤਾਂ ਦੀਆਂ ਸਥਾਈ ਕਮੇਟੀਆਂ ਅਪਣੇ ਅਪਣੇ ਅਧਿਕਾਰ ਖੇਤਰ ਵਿੱਚ ਖੰਡ ਵਿਕਾਸ ਪ੍ਰੋਗਰਾਮਾਂ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਰਹੀਆਂ ਹਨ। ਉਦਾਹਰਣ ਦੇ ਤੌਰ ਤੇ ਇਹ ਕਮੇਟੀਆਂ ਸਕੂਲਾਂ, ਸਿਹਤ ਕੇਂਦਰਾਂ, ਜਲ ਘਰਾਂ, ਸੜਕਾਂ ਅਤੇ ਸਫਾਈ ਪ੍ਰਬੰਧ ਆਦਿ ਨਾਲ ਸੰਬੰਧਤ ਉਸਾਰੀ ਦੇ ਕੰਮ ਦੀ ਨਿਗਰਾਨੀ ਕਰ ਰਹੀਆਂ ਹਨ। ਗਰਾਮ ਪੰਚਾਇਤਾਂ ਦੁਆਰਾ ਬਣਾਈਆਂ ਗਈਆਂ ਜਲ ਸੇਵਾ ਅਤੇ ਸਫਾਈ ਪ੍ਰਬੰਧ ਕਮੇਟੀਆਂ ਗੁਜਰਾਤ ਅਤੇ ਕਰਨਾਟਕ ਵਿੱਚ ਸਫਲਤਾਪੂਰਵਕ ਕਈ ਜਲ ਪੂਰਤੀ ਸਕੀਮਾਂ ਚਲਾ ਰਹੀਆਂ ਹਨ। ਕਰਨਾਟਕ ਵਿੱਚ ਅਜਿਹੀਆਂ ਕਈ ਕਮੇਟੀਆਂ ਜ਼ਿਲ੍ਹਾ ਅਤੇ ਪਿੰਡ ਪੱਧਰ ਤੇ ਇੱਕੋ ਜਿਹੀ ਕਾਰਜਕੁਸ਼ਲਤਾ ਨਾਲ ਕੰਮ ਕਰ ਰਹੀਆਂ ਹਨ।

ਅਧਿਐਨ ਮੰਡਲੀ ਨੇ ਕਰਨਾਟਕ ਦੀ ਇੱਕ ਗਰਾਮ ਪੰਚਾਇਤ ਦਾ ਦੌਰਾ ਕੀਤਾ ਅਤੇ ਦੇਖਿਆ ਕਿ ਪਿੰਡ ਦੀ ਜਲ ਅਤੇ ਸਫਾਈ ਪ੍ਰਬੰਧ ਕਮੇਟੀ ਲੋਕਾਂ ਨੂੰ ਪੀਣ ਦੇ ਪਾਣੀ ਦੀ ਸਹੂਲਤ ਮੁਹੱਈਆ ਕਰਵਾਉਣ ਵਿੱਚ ਚੰਗਾ ਕੰਮ ਕਰ ਰਹੀ ਸੀ। ਇਸ ਕਮੇਟੀ ਦੇ ਕੁੱਝ ਕਾਰਜ ਇਸ ਪ੍ਰਕਾਰ ਹਨ : (i) ਕਮੇਟੀ ਦੀ ਮਹੀਨਾਵਾਰ ਇਕੱਤਰਤਾ ਕਰਨੀ (ii) ਜਲ ਕਰ ਇਕੱਠਾ ਕਰਨਾ (iii) ਹਿਸਾਬ-ਕਿਤਾਬ ਰੱਖਣਾ (iv) ਜਲ ਕਰਮਚਾਰੀਆਂ ਦੀ ਭਰਤੀ ਕਰਨੀ (v) ਜਲ ਪੂਰਤੀ ਸਕੀਮਾਂ ਦਾ ਸੰਚਾਲਨ ਅਤੇ ਸਾਂਭ-ਸੰਭਾਲ ਕਰਨੀ (vi) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਸੁਣ ਕੇ ਉਨ੍ਹਾਂ ਦਾ ਨਿਵਾਰਣ ਕਰਨਾ। ਗੁਜਰਾਤ ਦੇ ਬੜੌਦਾ ਜ਼ਿਲ੍ਹੇ ਵਿੱਚ ਅਧਿਐਨ ਮੰਡਲੀ ਨੇ ਦੇਖਿਆ ਕਿ ਗੁਜਰਾਤ ਪੰਚਾਇਤ ਰਾਜ ਐਕਟ ਵਿੱਚ ਵਿਚਾਰੀਆਂ ਗਈਆਂ ਸਾਰੀਆਂ ਸਥਾਈ ਕਮੇਟੀਆਂ ਨਾ ਕੇਵਲ ਬਣਾਈਆਂ ਹੀ ਗਈਆਂ ਹਨ ਬਲਕਿ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਵੀ ਕਰ ਰਹੀਆਂ ਹਨ। ਉਹ ਪਿੰਡ ਦੇ ਪੱਧਰ ਤੇ ਸਿਹਤ, ਲੋਕ ਨਿਰਮਾਣ, ਸਿੱਖਿਆ ਅਤੇ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਲਈ ਵਿਕਾਸ ਪ੍ਰੋਗਰਾਮਾਂ ਨੂੰ ਅਮਲ ਵਿੱਚ ਲਿਆ ਰਹੀਆਂ ਸਨ। ਇਹ ਕਮੇਟੀਆਂ ਜ਼ਿਲੇ ਵਿੱਚ ਵਿਕਾਸ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਦੀਆਂ ਹਨ। ਇਨ੍ਹਾਂ ਕਮੇਟੀਆਂ ਅਤੇ ਜ਼ਿਲ੍ਹਾ ਵਿਕਾਸ ਅਫਸਰ ਵਿਚਕਾਰ ਜੋ ਕਿ ਜ਼ਿਲ੍ਹਾ ਪੰਚਾਇਤ ਦਾ ਪ੍ਰਸ਼ਾਸਨਿਕ ਮੁਖੀ ਹੈ, ਡੂੰਘਾ ਤਾਲਮੇਲ ਹੈ। ਗੁਜਰਾਤ ਦੀਆਂ ਜ਼ਿਲ੍ਹਾ ਪੰਚਾਇਤਾਂ ਦਾ ਅਪਣਾ ਹੀ ਸਕੱਤਰੇਤ ਅਤੇ ਇੱਕ ਵੱਖਰਾ ਪ੍ਰਸ਼ਾਸਨਿਕ ਅਧਿਕਾਰੀ ਹੁੰਦਾ ਹੈ। ਕਰਨਾਟਕ ਅਤੇ ਮਹਾਰਾਸ਼ਟਰ ਵਿੱਚ ਵੀ ਗੁਜਰਾਤ ਵਰਗੀ ਹੀ ਪ੍ਰਣਾਲੀ ਹੈ।

ਕੇਰਲ ਅਤੇ ਮੱਧ ਪ੍ਰਦੇਸ਼ ਵਿੱਚ ਪੰਚਾਇਤੀ ਰਾਜ ਐਕਟ ਵਿੱਚ ਵਿਚਾਰੀਆਂ ਗਈਆਂ ਸਥਾਈ ਕਮੇਟੀਆਂ ਬਣਾਈਆਂ ਗਈਆਂ ਹਨ ਅਤੇ ਪਿੰਡਾਂ ਦੇ ਪੱਧਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀਆਂ ਹਨ। ਇਨ੍ਹਾਂ ਦੋ ਰਾਜਾਂ ਵਿੱਚ ਵਿਚਕਾਰਲੀਆਂ ਅਤੇ ਜ਼ਿਲ੍ਹਾ ਪੱਧਰ ਦੀਆਂ ਪੰਚਾਇਤਾਂ ਨਾਲੋਂ ਪਿੰਡਾਂ ਦੀਆਂ ਪੰਚਾਇਤਾਂ ਜ਼ਿਆਦਾ ਸਰਗਰਮ ਹਨ।

## ਯੂਰਪੀ ਯੂਨੀਅਨ ਦੇ ਦੇਸ਼ਾਂ ਦੀ ਪ੍ਰਣਾਲੀ

ਯੂਰਪੀ ਦੇਸ਼ਾਂ ਵਿੱਚ ਦਿਹਾਤੀ ਖੇਤਰ ਦੀਆਂ ਮਿਉਂਸਿਪਲਟੀਆਂ ਦੇ ਕਾਰਜ ਅਤੇ ਜਿੰਮੇਵਾਰੀਆਂ ਉਹੀ ਹਨ ਜੋ ਭਾਰਤ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਹਨ, ਕਿੰਤੂ ਉਹ ਜ਼ਿਆਦਾ ਖੁਦਮੁਖਤਾਰ, ਜਵਾਬਦੇਹ ਅਤੇ ਪਾਰਦਰਸ਼ੀ ਹਨ। ਸਪੇਨ ਦੇ ਸੰਵਿਧਾਨ ਨੇ ਅਪਣੀਆਂ ਮਿਉਂਸਿਪਲਟੀਆਂ ਨੂੰ, ਭਾਵੇਂ ਉਹ ਸ਼ਹਿਰੀ ਹੋਣ ਜਾਂ ਦਿਹਾਤੀ, ਇਹ ਸ਼ਕਤੀਆਂ ਸੌਂਪੀਆਂ ਹਨ: (i) ਅਮਨ-ਕਾਨੂੰਨ (ii) ਸੜਕਾਂ ਦੇ ਜਾਲ ਦੀ ਸਾਂਭ-ਸੰਭਾਲ (iii) ਜਲ ਪੂਰਤੀ ਅਤੇ ਰਾਤ ਨੂੰ ਰੋਸ਼ਨੀ ਦਾ ਪ੍ਰਬੰਧ (iv) ਕੂੜਾ ਕਰਕਟ ਹਟਾਉਣਾ (v) ਵਿਰਾਸਤੀ ਸੰਪਤੀਆਂ ਦੀ ਸੰਭਾਲ। ਫਿਨਲੈਂਡ ਦੀਆਂ ਦੇਹਾਤੀ ਮਿਉਂਸਿਪਲਟੀਆਂ ਦੇ ਮੁੱਖ ਕਾਰਜ ਹਨ: (i) ਸਿੱਖਿਆ (ii) ਸਿਹਤ ਸੰਭਾਲ (iii) ਸਮਾਜ ਭਲਾਈ (iv) ਤਕਨੀਕੀ ਬੁਨਿਆਦੀ ਢਾਂਚਾ ਅਤੇ (v) ਪਰਿਆਵਰਣ ਦੀ ਦੇਖਭਾਲ। ਬਰਤਾਨੀਆਂ ਬੈਲਜੀਅਮ, ਇਟਲੀ ਅਤੇ ਨੀਦਰਲੈਂਡ ਵਿੱਚ ਸਥਾਨਕ ਸ਼ਾਸਨ ਸਫਾਈ ਪ੍ਰਬੰਧ, ਸਿਹਤ ਸੰਭਾਲ, ਸਮਾਜ ਭਾਲਾਈ, ਕੂੜੇ ਕਰਕਟ ਨੂੰ ਹਟਾਉਣ ਦਾ ਪ੍ਰਬੰਧ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਕਾਰਜ ਕਰ ਰਹੇ ਹਨ।


ਫਿਨਲੈਂਡ ਦੀਆਂ ਮਿਉਂਸਿਪਲਟੀਆਂ ਦੇ, ਭਾਵੇਂ ਉਹ ਦਿਹਾਤੀ ਹੋਣ ਜਾਂ ਸ਼ਹਿਰੀ, ਦੋ ਸਪਸ਼ਟ ਪੱਖ ਹੁੰਦੇ ਹਨ : ਰਾਜਨੀਤਿਕ ਅਤੇ ਪ੍ਰਸ਼ਾਸਨਿਕ। ਪ੍ਰਸ਼ਾਸਨਿਕ ਵਿਭਾਗ ਮਿਉਂਸਿਪਲ ਕਮੇਟੀਆਂ ਰਾਹੀਂ ਤਕਨੀਕੀ ਕੰਮਾਂ ਨੂੰ ਪੂਰਾ ਕਰਦਾ ਹੈ। ਇਨ੍ਹਾਂ ਮਿਉਂਸਿਪਲ ਕਮੇਟੀਆਂ ਦੀ ਨਿਯੁਕਤੀ ਮਿਉਂਸਿਪਲ ਕੌਂਸਲ ਦੁਆਰਾ ਕੀਤੀ ਜਾਂਦੀ ਹੈ। ਆਮ ਕਰਕੇ ਕਮੇਟੀਆਂ ਇਸ ਪ੍ਰਕਾਰ ਹੁੰਦੀਆਂ ਹਨ; ਸਿੱਖਿਆ ਕਮੇਟੀ, ਸਿਹਤ ਅਤੇ ਸਮਾਜ ਭਲਾਈ ਕਮੇਟੀ, ਤਕਨੀਕੀ ਕਮੇਟੀ, ਪਰਿਆਵਰਣ ਕਮੇਟੀ ਆਦਿ। ਵੱਖ-ਵੱਖ ਮਿਉਂਸਿਲਟੀਆਂ ਅਪਣੀਆਂ ਲੋੜਾਂ ਮੁਤਾਬਕ ਵੱਖ-ਵੱਖ ਕਮੇਟੀਆਂ ਬਣਾ ਸਕਦੀਆਂ ਹਨ।

ਮਿਉਂਸਿਪਲ ਕੌਂਸਲ ਇੱਕ ਲੇਖਾ ਪਰੀਖਣ ਕਮੇਟੀ ਵੀ ਨਿਯੁਕਤ ਕਰਦੀ ਹੈ ਜੋ ਕਿ ਇੱਕ ਲਾਜ਼ਮੀ ਸ਼ਰਤ ਹੁੰਦੀ ਹੈ। ਇਸ ਕਮੇਟੀ ਦਾ ਕੰਮ ਸਾਲ ਬਾਦ ਇਹ ਮੁਲਾਂਕਣ ਕਰਨਾ ਹੈ ਕਿ ਮਿਉਂਸਿਪਲਟੀ ਦੇ ਕੰਮ ਕਾਜੀ ਅਤੇ ਵਿੱਤੀ ਟੀਚੇ ਪੂਰੇ ਹੋਏ ਹਨ ਜਾਂ ਨਹੀਂ। ਕੌਂਸਲ ਦੁਆਰਾ ਨਿਯੁਕਤ ਕੀਤਾ ਹੋਇਆ ਪੇਸ਼ਾਵਰ ਅਤੇ ਸੁਤੰਤਰ ਲੇਖਾ ਪਰੀਖਕ ਹਰ ਸਾਲ ਵਿੱਤੀ ਮਾਮਲਿਆਂ ਦਾ ਲੇਖਾ ਪਰੀਖਣ ਕਰਦਾ ਹੈ। ਲੇਖਾ ਪਰੀਖਕ ਅਤੇ ਲੇਖਾ ਪਰੀਖਣ ਕਮੇਟੀ ਦੀਆਂ

ਰਿਪੋਰਟਾਂ ਹਰ ਸਾਲ ਕੌਂਸਲ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਵਿਚਕਾਰਲੀਆਂ ਅਤੇ ਜ਼ਿਲ੍ਹਾਂ ਪੱਧਰ ਦੀਆਂ ਪੰਚਾਇਤਾਂ ਵਿੱਚ ਵਿੱਤੀ ਲੇਖਾ ਪਰੀਖਣ ਅਤੇ ਯੋਜਨਾਬੰਦੀ ਕਮੇਟੀ ਦਾ ਪ੍ਰਬੰਧ ਹੈ। ਪਰ ਇਹ ਕਮੇਟੀਆਂ ਜਾਂ ਤਾਂ ਬਣਾਈਆਂ ਹੀ ਨਹੀਂ ਜਾਂਦੀਆਂ ਅਤੇ ਜੇ ਬਣਾ ਵੀ ਲਈਆਂ ਜਾਣ ਤਾਂ ਕਦੇ ਕੰਮ ਕਰਦੀਆਂ ਨਹੀਂ ਦੇਖੀਆਂ ਗਈਆਂ।

**ਖਾਕਾ–1**

## ਫਿਨਲੈਂਡ ਵਿੱਚ ਮਿਉਸਿਪਲ ਪ੍ਰਬੰਧ ਦੀ ਬਣਤਰ




ਬਰਤਾਨੀਆ ਦੀਆਂ ਮਿਉਂਸਿਪਲਟੀਆਂ ਵਿੱਚ ਕਈ ਖੇਤਰੀ ਕਮੇਟੀਆਂ ਹੁੰਦੀਆਂ ਹਨ ਜੋ ਮਿਉਂਸਿਪਲਟੀਆਂ ਦੇ ਅਧਿਕਾਰੀਆਂ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਲੋਕਾਂ ਨੂੰ ਇੱਕ ਦੂਜੇ ਦੇ ਨੇੜੇ ਆਉਣ ਵਿੱਚ ਸਹਾਇਤਾ ਕਰਦੀਆਂ ਹਨ। ਇਨ੍ਹਾਂ ਕਮੇਟੀਆਂ ਦੀ ਮੁੱਖ ਭੂਮਿਕਾ ਇਸ ਪ੍ਰਕਾਰ ਹੈ :

(i) ਖੇਤਰ ਨਾਲ ਸਰੋਕਾਰ ਰੱਖਣ ਵਾਲੇ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਵਿੱਚ ਸਹਾਇਤਾ ਕਰਨਾ।
(ii) ਸਮੁਦਾ ਨੂੰ ਵਿਕਾਸ ਦੇ ਕੰਮਾਂ ਵਿੱਚ ਲਗਾਉਣਾ।
(iii) ਖੇਤਰ ਦੀਆਂ ਸਮੁਦਾ ਯੋਜਨਾਵਾਂ ਬਣਾਉਣਾ।
(iv) ਮਿਉਂਸਿਪਲ ਕੌਂਸਲ ਦੇ ਫੈਸਲਿਆਂ ਨੂੰ ਸਥਾਨਕ ਦ੍ਰਿਸ਼ਟੀਕੋਣ ਤੋਂ ਘੋਖਣਾ।
(v) ਸਥਾਨਕ ਪੱਧਰ ਤੇ ਕੰਮ ਚਲਾਊ ਭਾਗੀਦਾਰੀ ਵਿਕਸਤ ਕਰਨਾ ਅਤੇ ਸਮੁਦਾ ਦਾ ਮੇਲ ਜੋਲ ਅਤੇ ਸਹਿਕਾਰਤਾ ਵਧਾਉਣਾ।

**ਨਿਸ਼ਕਰਸ਼ :**

1990ਵਿਆਂ ਤੋਂ ਲੈ ਕੇ ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਭਾਰਤ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਤੇਜ਼ੀ ਨਾਲ ਅੱਗੇ ਵਧੀ ਹੈ। ਸੰਬੰਧਤ ਪ੍ਰਕਾਸ਼ਨਾਂ ਦੇ ਨਿਰੀਖਣ ਅਤੇ ਸਥਾਨਕ ਸਵੈ-ਸ਼ਾਸਨ ਦੇ ਮਾਹਿਰਾਂ, ਪ੍ਰਤੀਨਿਧਾਂ ਅਤੇ ਅਧਿਕਾਰੀਆਂ ਦੇ ਨਾਲ ਮੇਲ-ਜੋਲ ਤੋਂ ਬਾਦ ਪਤਾ ਚੱਲਿਆ ਹੈ ਕਿ ਹੇਠਲੇ ਪੱਧਰ ਤੇ ਜ਼ਿੰਮੇਵਾਰੀਆਂ ਸੌਂਪਣ

ਦੀ ਪ੍ਰਕਿਰਿਆ ਭਾਰਤ ਵਿੱਚ ਇੱਕ ਤੋਂ ਦੂਜੇ ਰਾਜ ਵਿੱਚ ਅਤੇ ਯੂਰਪ ਵਿੱਚ ਇੱਕ ਤੋਂ ਦੂਜੇ ਦੇਸ਼ ਵਿਚ ਭਿੰਨ-ਭਿੰਨ ਹੈ। ਇਹ ਤੱਥ ਕੇਰਲ, ਕਰਨਾਟਕ, ਗੁਜਰਾਤ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਰਗੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਬਰਤਾਨੀਆ ਫਿਨਲੈਂਡ, ਸਪੇਨ, ਇਟਲੀ, ਨੀਦਰਲੈਂਡ ਅਤੇ ਬੈਲਜੀਅਮ ਵਰਗੇ ਯੂਰਪੀ ਯੂਨੀਅਨ ਦੇ ਚੋਣਵੇ ਦੇਸ਼ਾਂ ਦੇ ਅਧਿਐਨ ਹਿੱਤ ਕੀਤੇ ਗਏ ਦੌਰੇ ਤੋਂ ਸਾਹਮਣੇ ਆਇਆ ਹੈ। ਪਰ ਮੋਟੇ ਤੌਰ ਤੇ, ਕੇਰਲ ਨੂੰ ਛੱਡ ਕੇ, ਬਾਕੀ ਭਾਰਤੀ ਰਾਜਾਂ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਖੁਦਮੁਖਤਾਰੀ ਹਾਸਲ ਕਰਨ ਲਈ ਹਾਲੇ ਵੀ ਸੰਘਰਸ਼ ਕਰ ਰਹੀਆਂ ਹਨ। ਰਾਜ ਦੇ ਪੰਚਾਇਤੀ ਰਾਜ ਐਕਟਾਂ ਵਿੱਚ ਵਿਚਾਰੀਆਂ ਗਈਆਂ ਸਥਾਈ ਕਮੇਟੀਆਂ ਹਾਲੇ ਵੀ ਬਹੁਤ ਸਾਰੀਆਂ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਬਣਾਈਆਂ ਨਹੀਂ ਗਈਆਂ। ਕਿੰਤੂ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਸਥਾਨਕ ਸੰਸਥਾਵਾਂ ਨੂੰ ਕਿਤੇ ਜਿਆਦਾ ਖੁਦਮੁਖਤਾਰੀ ਹਾਸਲ ਹੈ। ਸਥਾਈ ਕਮੇਟੀਆਂ ਉੱਥੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀਆਂ ਹਨ ਅਤੇ ਸਮੁਦਾ ਦੀ ਭਲਾਈ ਦੀਆਂ ਸਰਗਰਮੀਆਂ ਵਿੱਚ ਲੱਗੀਆਂ ਹੋਈਆਂ ਹਨ।

ਕਰਨਾਟਕ ਅਤੇ ਗੁਜਰਾਤ ਨੇ 1993 ਵਿੱਚ ਕੇਂਦਰੀ ਐਕਟ ਦੇ ਅਨੁਰੂਪ ਅਪਣੇ ਪੰਚਾਇਤੀ ਰਾਜ ਐਕਟ ਬਣਾਏ । ਕੇਰਲ ਨੇ ਅਪਣਾ ਪੰਚਾਇਤੀ ਰਾਜ ਐਕਟ 1994 ਵਿਚ ਬਣਾਇਆ ਅਤੇ ਹਾਲੇ ਵੀ ਇਹ ਰਾਜ ਪੰਚਾਇਤੀ ਰਾਜ ਸੰਸਥਾਵਾਂ ਨੂੰ ਨਰੋਆ ਬਣਾਉਣ ਲਈ ਸਮੇਂ-ਸਮੇਂ ਤੇ ਅਪਣੇ ਐਕਟਾਂ ਵਿੱਚ ਜ਼ਰੂਰੀ ਸੁਧਾਰ ਕਰਦਾ ਰਹਿੰਦਾ ਹੈ।ਲੋਕਤੰਤਰੀ ਵਿਕੇਂਦਰੀਕਰਣ ਦੇ ਹੱਕ ਵਿੱਚ ਕਰਨਾਟਕ ਅਤੇ ਗੁਜਰਾਤ ਦਾ ਮਜਬੂਤ ਇਤਿਹਾਸਕ ਪਿਛੋਕੜ ਅਤੇ ਕੇਰਲ ਦੀਆਂ ਉੱਨੀਆਂ ਹੀ ਮਜਬੂਤ ਰਾਜਨੀਤਕ ਅਤੇ ਪ੍ਰਸ਼ਾਸਨਿਕ ਪਰੰਪਰਾਵਾਂ ਅਤੇ ਲੋਕਾਂ ਦੀ ਇੱਛਾ ਇਨ੍ਹਾਂ ਰਾਜਾਂ ਵਿੱਚ ਪੰਚਾਇਤੀ ਰਾਜ ਦੇ ਸਫਲਤਾਪੂਰਵਕ ਕੰਮ ਕਰਨ ਦਾ ਕਾਰਣ ਹਨ।

ਜਿੱਥੇ ਤੱਕ ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਤਿੰਨ-ਪੱਧਰੀਆਂ ਸੰਸਥਾਵਾਂ ਦੇ ਕੰਮ ਕਰਨ ਦਾ ਸਵਾਲ ਹੈ, ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਪਿੰਡਾਂ ਦੀਆਂ ਅਤੇ ਵਿਚਕਾਰਲੀਆਂ ਪੰਚਾਇਤਾਂ ਦੀ ਤੁਲਨਾ ਵਿੱਚ ਜ਼ਿਲ੍ਹਾ ਪੰਚਾਇਤਾਂ ਜ਼ਿਆਦਾ ਸ਼ਕਤੀਸ਼ਾਲੀ ਹਨ। ਕੇਰਲ ਅਤੇ ਮੱਧ ਪ੍ਰਦੇਸ਼ ਵਿੱਚ ਵਿਚਕਾਰਲੀਆਂ ਅਤੇ ਜ਼ਿਲ੍ਹਾ ਪੰਚਾਇਤਾਂ ਦੀ ਤੁਲਨਾ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਸ਼ਕਤੀਸ਼ਾਲੀ ਹਨ ਜਦੋਂ ਕਿ ਕਰਨਾਟਕ ਵਿੱਚ ਪਿੰਡ ਅਤੇ ਜ਼ਿਲ੍ਹਾ, ਦੋਵੇਂ ਪੱਧਰਾਂ ਦੀਆਂ ਪੰਚਾਇਤਾਂ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀਆਂ ਹਨ ਅਤੇ ਲੋਕਾਂ ਦੀ ਭਲਾਈ ਵਿੱਚ ਲੱਗੀਆਂ ਹੋਈਆਂ ਹਨ।

ਪੰਜਾਬ ਵਿੱਚ ਪੰਚਾਇਤੀ ਰਾਜ ਐਕਟ 1994 ਵਿੱਚ ਅਪਣਾਇਆ ਗਿਆ ਕਿੰਤੂ ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪਣ ਦੀ ਪ੍ਰਕਿਰਿਆ ਇੱਕ ਦਹਾਕੇ ਬਾਦ 2004 ਵਿੱਚ ਸ਼ੁਰੂ ਹੋਈ। ਇਸ ਤਰ੍ਹਾਂ ਹੋਰ ਪ੍ਰਗਤੀਸ਼ੀਲ ਰਾਜਾਂ ਦੀ ਤੁਲਨਾ ਵਿੱਚ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੇ ਸੁਧਾਰ ਦੀ ਪ੍ਰਕਿਰਿਆ ਬਹੁਤ ਮੱਧਮ ਹੈ। ਇਨ੍ਹਾਂ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੇ ਹੱਕ ਵਿੱਚ ਰਾਜਨੀਤਕ ਨੇਤਾਵਾਂ ਅਤੇ ਅਫਸਰਸ਼ਾਹੀ ਵਿੱਚ ਇੱਛਾ ਦੀ ਘਾਟ, ਸਾਖਰਤਾ ਦਾ ਨੀਵਾਂ ਪੱਧਰ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਪ੍ਰਤੀਨਿਧਾਂ ਵਿੱਚ ਜੋਸ਼ ਦੀ ਘਾਟ ਹੀ ਇਸ ਦੇ ਮੱਧਮ ਪੈਣ ਦਾ ਕਾਰਣ ਹਨ। ਪੰਜਾਬ ਦੇ ਸਾਮੰਤਵਾਦੀ ਸਮਾਜ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੇ ਉਮੀਦਵਾਰ ਲੋਕਾਂ ਦੀ ਸੇਵਾ ਲਈ ਨਹੀਂ ਬਲਕਿ ਸ਼ੁਹਰਤ ਦੇ ਤਾਜ ਲਈ ਚੋਣਾਂ ਜਿੱਤਦੇ ਹਨ। ਨਤੀਜੇ ਵਜੋਂ ਸਥਾਨਕ ਲੋਕ ਉਦਾਸੀਨ ਹੋ ਜਾਂਦੇ ਹਨ। ਰਾਜ ਵਿੱਚ ਲੋਕਤੰਤਰੀ ਵਿਕੇਂਦਰੀਕਰਣ ਦੇ ਹੱਕ ਵਿੱਚ ਇੱਕ ਲੋਕ ਲਹਿਰ ਦੀ ਲੋੜ ਹੈ।

ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਭੂਗੋਲਕ ਅਧਾਰ ਉਤੇ ਨਿਰਭਰ ਮਿਉਂਸਿਪਲ ਵਿਕੇਂਦਰੀਕਰਣ ਦੀ ਸੰਸਥਾਗਤ ਪ੍ਰਣਾਲੀ ਹੈ। ਉਥੇ ਭਾਰਤ ਦੀ ਤਰ੍ਹਾਂ ਸ਼ਹਿਰੀ ਅਤੇ ਦੇਹਾਤੀ ਇਲਾਕਿਆਂ ਲਈ ਅਲੱਗ ਅਲੱਗ ਵਿਵਸਥਾ ਨਹੀਂ ਹੈ। ਯੂਨੀਅਨ ਦੇ ਵੱਖ-ਵੱਖ ਦੇਸ਼ਾਂ ਵਿੱਚ ਹੇਠਲੇ ਪੱਧਰਾਂ ਨੂੰ ਵੱਖ-ਵੱਖ ਹੱਦ ਤੱਕ ਸ਼ਕਤੀਆ ਸੌਂਪੀਆਂ ਗਈਆਂ ਹਨ। ਫਿਨਲੈਂਡ ਵਿੱਚ ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਯੂਨੀਅਨ ਦੇ ਬਾਕੀ ਦੇਸ਼ਾਂ ਨਾਲੋਂ ਕਿਤੇ ਅੱਗੇ ਹੈ। ਸਪੇਨ, ਇਟਲੀ, ਨੀਦਰਲੈਂਡ, ਇਥੋਂ ਤੱਕ ਕਿ ਬਰਤਾਨੀਆ ਵਿੱਚ ਵੀ, ਲੋਕਤੰਤਰੀ ਵਿਕੇਂਦਰੀਕਰਣ ਦੀ ਸੰਸਥਾਗਤ ਵਿਵਸਥਾ ਸਕੈਂਡੀਨੇਵੀਅਨ ਦੇਸ਼ਾਂ ਦੀ ਤੁਲਨਾ ਵਿੱਚ ਨੀਵੇਂ ਸੁਰ ਦੀ ਹੈ।

ਬਰਤਾਨੀਆ ਅਤੇ ਫਿਨਲੈਂਡ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਵਿੱਚ ਮਿਉਂਸਿਪਲ ਮਾਮਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਉਣ ਲਈ ਸਥਾਈ ਕਮੇਟੀਆਂ ਦੀ ਵਿਵਸਥਾ ਹੈ। ਭਾਰਤ ਵਿੱਚ ਸਥਿਤੀ ਇਕ ਤੋਂ ਦੂਜੇ ਰਾਜ

ਵਿੱਚ ਭਿੰਨ-ਭਿੰਨ ਹੈ। ਗੁਜਰਾਤ ਵਿੱਚ ਸਥਾਈ ਕਮੇਟੀਆਂ ਬਣਾਈਆਂ ਗਈਆਂ ਹਨ ਅਤੇ ਕੰਮ ਵੀ ਪ੍ਰਭਾਵਸ਼ਾਲੀ ਢੰਗ ਨਾਲ ਕਰ ਰਹੀਆਂ ਹਨ। ਕੇਰਲ ਅਤੇ ਮੱਧ ਪ੍ਰਦੇਸ਼ ਵਿਚ ਸਥਾਈ ਕਮੇਟੀਆਂ, ਖਾਸ ਕਰਕੇ ਪਿੰਡਾਂ ਦੇ ਪੱਧਰ ਤੇ, ਕਿਰਿਆਸ਼ੀਲ ਅਤੇ ਪ੍ਰਭਾਵਸ਼ਾਲੀ ਹਨ। ਪੰਜਾਬ ਨੂੰ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਦੇ ਤਜਰਬੇ ਤੋਂ ਸਬਕ ਲੈ ਕੇ ਪ੍ਰਭਾਵਸ਼ਾਲੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਸ਼ੁਰੂ ਕਰ ਦੇਣੀ ਚਾਹੀਦੀ ਹੈ ਅਤੇ ਪੰਜਾਬ ਪੰਚਾਇਤੀ ਰਾਜ ਐਕਟ 1994 ਦੀਆਂ ਸ਼ਰਤਾਂ ਅਨੁਸਾਰ ਪੰਚਾਇਤੀ ਰਾਜ ਸੰਸਥਾਵਾਂ ਦੇ ਸਾਰੇ ਪੱਧਰਾਂ ਤੇ ਸਥਾਈ ਕਮੇਟੀਆਂ ਨੂੰ ਕਿਰਿਆਸ਼ੀਲ ਬਣਾ ਦੇਣਾ ਚਾਹੀਦਾ ਹੈ।

## ਪੁਸਤਕ ਸੂਚੀ


1. Das, H.H. ਦੀ ਪੁਸਤਕ ***Introduction to Panchayati Raj and Community Development in India***, Kalyani Publishers, 1990 ਤੋਂ ਦਿੱਤਾ ਗਿਆ ਹਵਾਲਾ।
2. ਉਪਰੋਕਤ ਪੁਸਤਕ।
3. ***A Quarterly of Local Self Government Institute***, Mumbai, No. 128, pp. 452-53.
4. 18 ਜਨਵਰੀ, 1948 ਦੀ ***'ਹਰੀਜਨ'*** ਪੱਤਰਿਕਾ ਵਿੱਚ ਮਹਾਤਮਾ ਗਾਂਧੀ ਦਾ ਬਿਆਨ।
5. Gurumurthy, U. ਦੀ ਪੁਸਤਕ ***Panchayati Raj and Weaker Sections***, Ashish Publishing House, New Delhi, 1987 ਤੋਂ ਦਿੱਤਾ ਗਿਆ ਜਵਾਹਰ ਲਾਲ ਨਹਿਰੂ ਦੇ ਬਿਆਨ ਦਾ ਹਵਾਲਾ।
6. Das, H.H. ਦੀ ਉਪਰੋਕਤ ਪੁਸਤਕ ਤੋਂ ਦਿੱਤਾ ਗਿਆ S.K. Dey ਦੇ ਬਿਆਨ ਦਾ ਹਵਾਲਾ।
7. ਰਾਜੀਵ ਗਾਂਧੀ ਦੇ ਇਸ ਬਿਆਨ ਦਾ ਹਵਾਲਾ 20 ਅਗਸਤ, 2004 ਦੇ The Tribune ਵਿੱਚ ਭਾਰਤ ਸਰਾਕਰ ਦੇ ਪੰਚਾਇਤੀ ਰਾਜ ਮੰਤਰਾਲੇ ਦੇ ਪ੍ਰਕਾਸ਼ਨ ਵਿੱਚੋਂ ਦਿੱਤਾ ਗਿਆ ਹੈ।
8. B.N. Ahuja ਅਤੇ S.S. Chhabra ਦੀ ਪੁਸਤਕ ***Panchayati Raj***, Surjeet Publications, 1993, ਤੋਂ ਦਿੱਤਾ ਗਿਆ ਹਵਾਲਾ।
9. ਪੀ. ਵੀ. ਨਰਸਿੰਹਾਂ ਰਾਓ ਦੇ ਏਸ ਬਿਆਨ ਦਾ ਹਵਾਲਾ Jagmohan ਦੀ ਪੁਸਤਕ ***Soul and Structure of Governance in India,*** Allied Publishers, New Delhi, 2005, ਤੋਂ ਹੈ।
10. Das, H.H. ਦੀ ਉਪਰੋਕਤ ਪੁਸਤਕ।
11. ਪੰਜਾਬ ਪੰਚਾਇਤੀ ਰਾਜ ਐਕਟ, 1994.
12. Centre for Research in Rural and Industrial Development (CRRID) ਚੰਡੀਗੜ੍ਹ ਵਿਖੇ 7 ਅਤੇ 8 ਮਾਰਚ, 2006 ਨੂੰ ***"Capacity Building of Local Self Government Institutions in Punjab"*** ਨਾਂ ਦੇ ਵਿਸ਼ੇ ਤੇ ਹੋਈ ਕੌਮੀ ਪੱਧਰ ਦੀ ਕਾਨਫਰੰਸ ਲਈ ਤਿਆਰ ਕੀਤਾ ਗਿਆ ਅਣਛਪਿਆ ਦਸਤਾਵੇਜ ***"Management Practices"***.

# ਅਧਿਆਇ – 2

# ਸਥਾਨਕ ਸ਼ਾਸਨ ਦੀਆਂ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਲੋਕਤੰਤਰੀ ਵਿਕੇਂਦਰੀਕਰਣ

## ਭਾਗ ਪਹਿਲਾ

## ਸ਼ਹਿਰੀ ਸਥਾਨਕ ਸੰਸਥਾਵਾਂ

74ਵੀਂ ਸੰਵਿਧਾਨਕ ਸੋਧ 1992 ਅਤੇ ਕਸਬਿਆਂ ਸ਼ਹਿਰਾਂ ਤੇ ਲਾਗੂ ਹੋਣ ਵਾਲੇ ਪ੍ਰਸਤਾਵਤ ਆਦਰਸ਼ ਨਗਰ ਪਾਲਕਾ ਕਾਨੂੰਨ ਵਰਗੇ ਲੋਕਤੰਤਰੀ ਵਿਕੇਂਦਰੀਕਰਣ ਦੇ ਕੌਮੀ ਪੱਧਰ ਦੇ ਉਪਰਾਲਿਆਂ ਦੇ ਮੁੱਖ ਲੱਛਣ ਇਸ ਅਧਿਆਇ ਦਾ ਕੇਂਦਰ-ਬਿੰਦੂ ਹਨ।

ਵਿਕੇਂਦਰੀਕਰਣ ਦੇ ਉਪਰਾਲਿਆਂ ਤੋਂ ਬਾਦ ਪੰਜਾਬ ਵਿੱਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦਾ ਦਰਜਾ ਅਤੇ ਚੋਣਵੇਂ ਪ੍ਰਗਤੀਸ਼ੀਲ ਭਾਰਤੀ ਰਾਜਾਂ ਤੇ ਯੂਰਪੀ ਯੂਨੀਅਨ ਦੇ ਮੈਂਬਰ ਦੇਸ਼ਾਂ ਵਿੱਚ ਵਿਕੇਂਦਰੀਕਰਣ ਦੇ ਉਪਰਾਲੇ ਏਸ ਭਾਗ ਦਾ ਮਹੱਤਵਪੂਰਣ ਅੰਗ ਹਨ।

### 1. ਲੋਕਤੰਤਰੀ ਵਿਕੇਂਦਰੀਕਰਣ ਦੀ ਦਿਸ਼ਾ ਵਿੱਚ ਕੌਮੀ ਪੱਧਰ ਦੇ ਉਪਰਾਲੇ

*(i) 74ਵੀਂ ਸੰਵਿਧਾਨਕ ਸੋਧ ਐਕਟ, 1992 :* 74ਵੀਂ ਸੰਵਿਧਾਨਕ ਸੋਧ ਐਕਟ, 1992 (ਜਿਸ ਨੂੰ ਅਸੀਂ ਸੰਖੇਪ ਵਿੱਚ ਸੰ.ਸੋ.ਕਹਾਂਗੇ) ਭਾਰਤ ਦੇ ਸ਼ਹਿਰੀ ਸ਼ਾਸਨ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਹੈ। ਇਹ 1 ਜੂਨ 1993 ਨੂੰ ਲਾਗੂ ਹੋਇਆ ਕਿਉਂਕਿ ਸਥਾਨਕ ਸ਼ਾਸਨ ਸੰਵਿਧਾਨ ਦੀ 7ਵੀਂ ਸੂਚੀ ਵਿੱਚ ਦਰਜ ਹੋਏ ਹੋਣ ਕਾਰਣ, ਰਾਜ ਸਰਕਾਰਾਂ ਅਧੀਨ ਆਉਂਦਾ ਹੈ, ਇਸ ਲਈ ਸਾਰੀਆਂ ਰਾਜ ਸਰਕਾਰਾਂ ਨੂੰ ਕਿਹਾ ਗਿਆ ਸੀ ਕਿ ਉਹ ਸਥਾਨਕ ਲੋਕਤੰਤਰੀ ਸੰਸਥਾਵਾਂ ਨੂੰ ਮਜਬੂਤ ਬਣਾਉਣ ਲਈ ਸੰ.ਸੋ. ਦੇ ਅਨੁਰੂਪ ਕਾਨੂੰਨ ਪਾਸ ਕਰਕੇ ਇਸ ਦੀਆਂ ਸ਼ਰਤਾਂ ਨੂੰ ਅਪਣੇ ਅਪਣੇ ਪ੍ਰਾਂਤੀ ਮਿਉਂਸਿਪਲ ਕਾਨੂੰਨ ਵਿੱਚ ਸ਼ਾਮਿਲ ਕਰਨ। ਸੰ.ਸੋ. ਵਿੱਚ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਕਾਨੂੰਨੀ ਦਰਜਾ ਦੇਣ ਦੀ ਵਿਵਸਥਾ ਕੀਤੀ ਗਈ ਸੀ ਤਾਂ ਕਿ ਉਨ੍ਹਾਂ ਦੀ ਨਿਰੰਤਰਤਾ ਯਕੀਨੀ ਬਣੀ ਰਹੇ। ਇਸ ਵਿੱਚ ਇਨ੍ਹਾਂ ਸੰਸਥਾਵਾਂ ਦੀਆਂ ਨਿਯਮਿਤ ਅਤੇ ਸਮਾਂ-ਬੱਧ ਚੋਣਾਂ ਅਤੇ ਇਨ੍ਹਾਂ ਵਿੱਚ ਇਸਤ੍ਰੀਆਂ ਸਮੇਤ ਹੋਰ ਕਮਜੋਰ ਵਰਗਾਂ ਲਈ ਰਾਖਵਾਂਕਰਣ ਵੀ ਯਕੀਨੀ ਬਣਾਇਆ ਗਿਆ ਹੈ। 12ਵੀਂ ਸੂਚੀ ਦੀ ਧਾਰਾ 243W ਨੂੰ ਸ਼ਾਮਿਲ ਕੀਤੇ ਜਾਣਾ ਸੰ.ਸੋ. ਦਾ ਇੱਕ ਮਹੱਤਵਪੂਰਣ ਪੱਖ ਹੈ। 12ਵੀਂ ਸੂਚੀ ਵਿੱਚ ਨਮੂਨੇ ਦੇ 18 ਅਜਿਹੇ ਕਾਰਜ ਦਰਜ ਹਨ ਜੋ ਇੱਕ ਨਗਰ ਪਾਲਕਾ ਨੂੰ ਕਰਨੇ ਚਾਹੀਦੇ ਹਨ। ਸੰ.ਸੋ. ਵਿੱਚ ਰਾਜ ਦੇ ਚੋਣ ਕਮਿਸ਼ਨ, ਰਾਜ ਦੇ ਵਿੱਤ ਕਮਿਸ਼ਨ, ਜ਼ਿਲ੍ਹਾ ਪੱਧਰੀ ਯੋਜਨਾਬੰਦੀ ਕਮੇਟੀਆਂ, ਮਹਾਂਨਗਰੀ ਯੋਜਨਾਬੰਦੀ ਕਮੇਟੀਆਂ ਅਤੇ ਵਾਰਡ ਕਮੇਟੀਆਂ ਦੇ ਗਠਨ ਦੀ ਵੀ ਵਿਵਸਥਾ ਕੀਤੀ ਗਈ ਹੈ। ਸੰ.ਸੋ. ਅਨੁਸਾਰ ਨਗਰ ਪਾਲਕਾਵਾਂ ਨੇ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੇ ਤੌਰ ਤੇ ਕੰਮ ਕਰਨਾ ਹੈ ਅਤੇ ਆਰਥਕ ਵਿਕਾਸ ਤੇ ਸਮਾਜਕ ਨਿਆਂ ਲਈ ਯੋਜਨਾਵਾਂ ਬਣਾਉਣੀਆਂ ਹਨ। 74ਵੀਂ ਸੰਵਿਧਾਨਕ ਸੋਧ ਐਕਟ, 1992 ਵਿੱਚ ਇਹ ਸ਼ਰਤ ਰੱਖੀ ਗਈ ਹੈ ਕਿ :

ੳ. ਨਗਰ ਪਾਲਕਾਵਾਂ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੇ ਤੌਰ ਤੇ ਕੰਮ ਕਰਨਗੀਆਂ, ਆਰਥਕ ਵਿਕਾਸ ਅਤੇ ਸਮਾਜਕ ਨਿਆਂ ਲਈ ਯੋਜਨਾਵਾਂ ਬਣਾਉਣਗੀਆਂ, 12ਵੀਂ ਸੂਚੀ ਦੀ ਧਾਰਾ 243W (a) ਸਮੇਤ ਰਾਜ ਸਰਕਾਰਾਂ ਦੁਆਰਾ ਸੌਂਪੇ ਗਏ ਕਾਰਜਾਂ ਨੂੰ ਪੂਰਾ ਕਰਨਗੀਆਂ ਅਤੇ ਸਕੀਮਾਂ ਨੂੰ ਲਾਗੂ ਕਰਨਗੀਆਂ।

ਅ. ਸਥਾਨਕ ਸਮੁਦਾਵਾਂ ਅਤੇ ਸਥਾਨਕ ਸ਼ਾਸਨਾਂ ਦਰਮਿਆਨ ਫਾਸਲੇ ਨੂੰ ਘੱਟ ਕਰਨ ਲਈ ਤਿੰਨ ਲੱਖ ਜਾਂ ਇਸ ਤੋਂ ਵੱਧ ਜਨ-ਸੰਖਿਆ ਵਾਲੇ ਸ਼ਹਿਰਾਂ ਲਈ ਸੰ.ਸੋ. [ਧਾਰਾ 243 S (1)] ਵਿੱਚ ਵਾਰਡ ਕਮੇਟੀਆਂ ਦੇ ਗਠਨ ਦੀ ਵਿਵਸਥਾ ਕੀਤੀ ਗਈ ਹੈ।

ੲ. ਰਾਜ ਦੇ ਚੋਣ ਕਮਿਸ਼ਨ ਨੇ ਮੱਤ-ਦਾਤਾ ਸੂਚੀਆਂ ਬਣਾਉਣ ਦੀ ਨਿਗਰਾਨੀ, ਨਿਰਦੇਸ਼ਨ ਅਤੇ ਨਿਯੰਤਰਣ ਕਰਨਾ ਹੈ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਕਰਵਾਉਣੀਆਂ ਹਨ [ਧਾਰਾ 243 K (1)]

ਸ. ਰਾਜ ਦੇ ਵਿੱਤ ਕਮਿਸ਼ਨ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਵਿੱਤੀ ਹਾਲਤ ਦਾ ਨਿਰੀਖਣ ਕਰਕੇ ਹੇਠ ਲਿਖੇ ਵਿਸ਼ਿਆਂ ਸੰਬੰਧੀ ਸਿਫ਼ਾਰਸ਼ਾਂ ਕਰਨੀਆਂ ਹਨ :

(i) ਕਿਹੜੇ ਸਿਧਾਂਤਾਂ ਅਨੁਸਾਰ ਰਾਜ ਅਤੇ ਸਥਾਨਕ ਸੰਸਥਾਵਾਂ ਵਿਚਕਾਰ ਵਸੀਲਿਆਂ ਦੀ ਵੰਡ ਕੀਤੀ ਜਾਵੇ, ਸਥਾਨਕ ਸੰਸਥਾਵਾਂ ਨੂੰ ਅਪਣੀ ਵਰਤੋਂ ਲਈ ਸੌਂਪੇ ਜਾਣ ਵਾਲੇ ਆਮਦਨੀ ਦੇ ਵਸੀਲਿਆਂ ਦਾ ਅਤੇ ਰਾਜ ਦੇ ਕਨਸੌਲੀਡੇਟਡ ਫੰਡ ਵਿੱਚੋਂ ਗਰਾਂਟ-ਇਨ-ਏਡ ਦਾ ਨਿਰਣਾ ਕੀਤਾ ਜਾਵੇ। (ii) ਸਥਾਨਕ ਸੰਸਥਾਵਾਂ ਦੀ ਵਿੱਤੀ ਹਾਲਤ ਨੂੰ ਸੁਧਾਰਣ ਲਈ ਕਿਹੜੇ ਕਿਹੜੇ ਕਦਮ ਚੁੱਕੇ ਜਾਣ ਅਤੇ (iii) ਹੋਰ ਕੋਈ ਅਜਿਹਾ ਵਿਸ਼ਾ ਜਿਹੜਾ ਸਥਾਨਕ ਸੰਸਥਾਵਾਂ ਦੀ ਚੰਗੀ ਵਿੱਤੀ ਹਾਲਤ ਦੇ ਹਿੱਤ ਵਿੱਚ ਰਾਜਪਾਲ ਦੁਆਰਾ ਕਮਿਸ਼ਨ ਦੀ ਸਲਾਹ ਲੈਣ ਲਈ ਭੇਜਿਆ ਜਾਵੇ [ਧਾਰਾ 243Y (1)]

ਹ. ਜ਼ਿਲ੍ਹੇ ਦੀਆਂ ਪੰਚਾਇਤਾਂ ਅਤੇ ਨਗਰ ਪਾਲਕਾਵਾਂ ਦੁਆਰਾ ਤਿਆਰ ਕੀਤੀਆਂ ਗਈਆਂ ਯੋਜਨਾਵਾਂ ਨੂੰ ਪੱਕਾ ਕਰਨ ਲਈ ਅਤੇ ਸਮੁੱਚੇ ਜ਼ਿਲ੍ਹੇ ਦੀ ਵਿਕਾਸ ਯੋਜਨਾ ਦਾ ਖਰੜਾ ਤਿਆਰ ਕਰਨ ਲਈ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦਾ ਗਠਨ ਕੀਤਾ ਜਾਵੇ [ਧਾਰਾ 243ZD (1)]

ਕ. ਮਹਾਂਨਗਰੀ ਯੋਜਨਾਬੰਦੀ ਕਮੇਟੀਆਂ ਦੁਆਰਾ ਸੰਬੰਧਤ ਮਹਾਂਨਗਰ ਦੇ ਸਮੁੱਚੇ ਖੇਤਰ ਲਈ ਵਿਕਾਸ ਯੋਜਨਾਵਾਂ ਦਾ ਖਰੜਾ ਤਿਆਰ ਕੀਤਾ ਜਾਵੇ [ਧਾਰਾ 243 2E (1)]

ਸੰ.ਸੋ. ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ : (i) ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਨਿਰੰਤਰਤਾ ਬਣਾਈ ਰੱਖਣਾ (ii) ਤਿੰਨ-ਪੱਧਰੀ ਪ੍ਰਣਾਲੀ ਸਥਾਪਤ ਕਰਨਾ (iii) ਇਸਤ੍ਰੀਆਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਾਗੀਦਾਰੀ ਯਕੀਨੀ ਬਣਾਉਣਾ (iv) ਸ਼ਕਤੀਆਂ, ਅਧਿਕਾਰਾਂ ਅਤੇ ਕਾਰਜਾਂ ਨੂੰ ਪਰਿਭਾਸ਼ਿਤ ਕਰਨਾ (v) ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਸਮਰਥਾ ਅਤੇ ਕਾਰਜਕੁਸ਼ਲਤਾ ਵਿੱਚ ਸੁਧਾਰ ਲਿਆਉਣ ਲਈ ਵਾਰਡ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਸੰਸਥਾਗਤ ਕਾਰਜ ਪ੍ਰਣਾਲੀ ਸਥਾਪਤ ਕਰਨਾ। ਇਸ ਦਾ ਉਦੇਸ਼ ਇਨ੍ਹਾਂ ਸੰਸਥਾਵਾਂ ਦੇ ਵਿੱਤੀ ਅਧਾਰ ਨੂੰ ਮਜਬੂਤ ਕਰਨਾ ਵੀ ਹੈ। ਸੰ.ਸੋ. ਦੇ ਮੁੱਖ ਲੱਛਣ ਹੇਠਲੇ ਖਾਨੇ-1 ਵਿੱਚ ਦਿੱਤੇ ਗਏ ਹਨ :

**ਖਾਨਾ - 1**

**74ਵੀਂ ਸੰਵਿਧਾਨਕ ਸੋਧ ਐਕਟ 1992 ਦੇ ਮੁੱਖ ਲੱਛਣ**

**ਨਿਰੰਤਰਤਾ :** ਇੱਕ ਚੁਣੀ ਹੋਈ ਨਗਰਪਾਲਕਾ ਨੂੰ ਪੰਜ ਸਾਲ ਦਾ ਕਾਰਜ ਕਾਲ ਦੇ ਕੇ ਅਤੇ ਪੰਜ-ਸਾਲ ਦੀ ਅਵਧੀ ਖਤਮ ਹੋਣ ਤੋਂ ਪਹਿਲਾਂ ਜਾਂ ਉਸ ਦੇ ਭੰਗ ਹੋਣ ਦੇ ਛੇ ਮਹੀਨਿਆਂ ਅੰਦਰ ਮੁੜ-ਚੋਣਾਂ ਕਰਵਾਉਣ ਦੀ ਵਿਵਸਥਾ ਕਰਕੇ ਸੰ.ਸੋ. ਨੇ ਨਗਰ ਪਾਲਕਾਵਾਂ ਦੀ ਨਿਰੰਤਰਤਾ ਯਕੀਨੀ ਬਣਾਈ ਹੈ।

**ਤਿੰਨ-ਪੱਧਰੀ ਪ੍ਰਣਾਲੀ :** ਤਿੰਨ ਪੱਧਰਾਂ ਵਾਲੀ ਇਕਸਾਰ ਬਣਤਰ, ਭਾਵ ਵੱਡੇ ਸ਼ਹਿਰੀ ਇਲਾਕਿਆਂ ਲਈ ਨਗਰ ਨਿਗਮਾਂ, ਛੋਟੇ ਸ਼ਹਿਰੀ ਇਲਾਕਿਆਂ ਲਈ ਨਗਰ ਕੌਂਸਲਾਂ ਅਤੇ ਪੇਂਡੂ-ਸ਼ਹਿਰੀ ਦਰਮਿਆਨੇ ਮੇਲ ਦੇ ਇਲਾਕਿਆਂ ਲਈ ਨਗਰ ਪੰਚਾਇਤਾਂ ਦੀ ਵਿਵਸਥਾ ਕੀਤੀ ਗਈ ਹੈ। ਨਗਰ ਪਾਲਕਾਵਾਂ ਦੇ ਗਠਨ ਅਤੇ ਬਣਤਰ ਦੀ ਜਿੰਮੇਵਾਰੀ ਰਾਜ ਦੀ ਅਪਣ ਸਮਝ ਤੇ ਛੱਡ ਦਿੱਤੀ ਗਈ ਹੈ, ਕੇਵਲ ਸ਼ਰਤ ਇਹ ਹੈ ਕਿ ਸਾਰੀਆਂ ਸੀਟਾਂ ਸੰਬੰਧਤ ਚੋਣ ਹਲਕਿਆਂ ਤੋਂ ਚੁਣੇ ਹੋਏ ਵਿਅਕਤੀਆਂ ਦੁਆਰਾ ਭਰੀਆਂ ਜਾਣ।

**ਸੀਟਾਂ ਦਾ ਰਾਖਵਾਂਕਰਣ :** ਸੰ.ਸੋ. ਨੇ ਹਰ ਨਗਰ ਪਾਲਕਾ ਵਿੱਚ ਅਨੁਪਾਤੀ ਪ੍ਰਤੀਨਿਧਤਾ ਦੇ ਅਧਾਰ ਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਸੀਟਾਂ ਦੇ ਰਾਖਵੇਂਕਰਣ ਦੀ ਵਿਵਸਥਾ ਕੀਤੀ ਹੈ। ਅਜਿਹੀਆਂ ਰਾਖਵੀਆਂ ਸੀਟਾਂ ਰੋਟੇਸ਼ਨ ਰਾਹੀਂ ਨਗਰ ਪਾਲਕਾ ਦੇ ਵੱਖ-ਵੱਖ ਚੋਣ ਹਲਕਿਆਂ ਤੋਂ ਹੋ ਸਕਦੀਆਂ ਹਨ ਅਤੇ ਇਨ੍ਹਾਂ ਰਾਖਵੀਆਂ ਸੀਟਾਂ ਵਿਚੋਂ ਘੱਟੋ-ਘੱਟ ਇੱਕ ਤਿਹਾਈ ਸੀਟਾਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀਆਂ ਇਸਤ੍ਰੀਆਂ ਲਈ ਛੱਡੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਨਗਰ ਪਾਲਕਾ ਦੀਆਂ ਕੁੱਲ ਸੀਟਾਂ ਦਾ ਘੱਟੋ-ਘੱਟ ਇੱਕ ਤਿਹਾਈ ਹਿੱਸਾ ਇਸਤ੍ਰੀਆਂ ਲਈ ਰਾਖਵਾਂ ਕੀਤਾ ਗਿਆ ਹੈ ਅਤੇ ਅਜਿਹੀਆਂ ਰਾਖਵੀਆਂ ਸੀਟਾਂ ਰੋਟੇਸ਼ਨ ਰਾਹੀਂ ਨਗਰ ਪਾਲਕਾ ਦੇ ਵੱਖ-ਵੱਖ ਚੋਣ ਹਲਕਿਆਂ ਤੋਂ ਹੋ ਸਕਦੀਆਂ ਹਨ।

**ਸ਼ਕਤੀਆਂ, ਅਧਿਕਾਰ ਅਤੇ ਕਾਰਜ :** 74ਵੀਂ ਸੰਵਿਧਾਨਕ ਸੋਧ ਨੇ ਰਾਜਾਂ ਦੁਆਰਾ ਨਗਰ ਪਾਲਕਾਵਾਂ ਨੂੰ ਸ਼ਕਤੀਆਂ ਅਤੇ ਅਧਿਕਾਰ ਦਿੱਤੇ ਜਾਣ ਦੀ ਵਿਵਸਥਾ ਕੀਤੀ ਹੈ ਤਾਂ ਕਿ ਉਹ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੇ ਤੌਰ ਤੇ ਕੰਮ ਕਰਨ ਸਕਣ। ਧਾਰਾ 243W ਤਹਿਤ ਵਿਚਾਰੇ ਗਏ ਅਜਿਹੇ ਕਾਰਜ ਵਿਕਾਸ ਨਾਲ ਸੰਬੰਧਤ ਹਨ। 12ਵੀਂ ਸੂਚੀ ਤਹਿਤ ਸੌਂਪੇ ਗਏ ਵਿਸ਼ਿਆਂ ਸਮੇਤ ਹੋਰ ਕਾਰਜਾਂ ਦੀ ਪੂਰਤੀ ਅਤੇ ਸਕੀਮਾਂ ਨੂੰ ਲਾਗੂ ਕਰਨ ਦੀ ਜਿੰਮੇਵਾਰੀ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪੀ ਜਾ ਸਕਦੀ ਹੈ।

**ਵਾਰਡ ਕਮੇਟੀਆਂ ਦਾ ਗਠਨ :** ਸੰ.ਸੋ. ਅਨੁਸਾਰ ਤਿੰਨ ਲੱਖ ਤੋਂ ਵੱਧ ਅਬਾਦੀ ਵਾਲੀਆਂ ਨਗਰ ਪਾਲਕਾਵਾਂ ਵਿੱਚ ਵਾਰਡ ਕਮੇਟੀਆਂ ਦਾ ਗਠਨ, ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਇਸਤ੍ਰੀਆਂ ਅਤੇ ਨਾਗਰਕਾਂ ਦੇ ਸਮੂਹਾਂ ਦੀ ਪ੍ਰਤੀਨਿਧਤਾ ਹੋਵੇ, ਲਾਜਮੀ ਬਣਾਇਆ ਗਿਆ ਹੈ। ਵਾਰਡ ਕਮੇਟੀਆਂ ਦੇ ਗਠਨ ਦਾ ਮੁੱਖ ਉਦੇਸ਼ ਸ਼ਾਸਨ ਨੂੰ ਲੋਕਾਂ ਦੇ ਨੇੜੇ ਲਿਆਉਣਾ ਅਤੇ 12ਵੀਂ ਸੂਚੀ ਵਿੱਚ ਦਰਜ ਵਿਸ਼ਿਆਂ ਸਮੇਤ ਸਥਾਨਕ ਮਾਮਲਿਆਂ ਵਿੱਚ ਉਨ੍ਹਾਂ ਦੀ ਭਾਗੀਦਾਰੀ ਨੂੰ ਵਧਾਉਣਾ ਹੈ।

**ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦਾ ਗਠਨ :** ਸੰ.ਸੋ. ਨੇ ਚੁਣੇ ਹੋਏ ਸਥਾਨਕ ਪ੍ਰਤੀਨਿਧਾਂ ਵਾਲੀਆਂ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੇ ਗਠਨ ਦੀ ਵਿਵਸਥਾ ਕੀਤੀ ਹੈ ਜਿਨ੍ਹਾਂ ਦਾ ਉਦੇਸ਼ ਜ਼ਿਲ੍ਹਾ ਪੱਧਰ ਤੇ ਸ਼ਹਿਰੀ ਅਤੇ ਦਿਹਾਤੀ ਯੋਜਨਾਵਾਂ ਨੂੰ ਏਕੀਕ੍ਰਿਤ ਕਰਕੇ ਆਰਥਕ ਵਿਕਾਸ ਅਤੇ ਸ਼ਹਿਰੀ/ਦਿਹਾਤੀ ਵਿਸਥਾਰ ਨੂੰ ਯੋਜਨਾਬੱਧ ਕਰਨਾ ਹੈ।

**ਰਾਜ ਪੱਧਰ ਦਾ ਵਿੱਤ ਕਮਿਸ਼ਨ :** ਸ਼ਹਿਰੀ ਸਥਾਨਕ ਸੰਸਥਾਵਾਂ ਦੇ ਵਿੱਤੀ ਅਧਾਰ ਨੂੰ ਮਜਬੂਤ ਬਣਾਉਣ ਲਈ ਸੰ.ਸੋ. ਨੇ ਹਰ ਪੰਜ ਸਾਲ ਬਾਦ ਸਟੇਟ ਫਾਇਨਾਂਸ ਕਮਿਸ਼ਨ (ਰਾਜ ਪੱਧਰ ਦਾ ਵਿੱਤੀ ਕਮਿਸ਼ਨ) ਬਣਾਉਣ ਦਾ ਆਦੇਸ਼ ਦਿੱਤਾ ਹੈ। ਕਮਿਸ਼ਨ ਸ਼ਹਿਰੀ ਸੰਸਥਾਵਾਂ ਦੀ ਵਿੱਤੀ ਹਾਲਤ, ਉਨ੍ਹਾਂ ਦੀ ਆਮਦਨੀ ਅਤੇ ਮਾਇਕ ਲੋੜਾਂ ਦਾ ਨਿਰੀਖਣ ਕਰਦਾ ਹੈ, ਉਨ੍ਹਾਂ ਨੂੰ ਕਰ, ਖਰਚੇ, ਫੀਸਾਂ, ਰਾਹਦਾਰੀਆਂ ਅਤੇ ਹੋਰ ਮਹਿਸੂਲ, ਸਾਂਝੀ ਆਮਦਨੀ, ਇੱਕ ਤੋਂ ਦੂਜੀ ਸਰਕਾਰ ਨੂੰ ਸੌਂਪੇ ਜਾਣ ਵਾਲੇ ਫੰਡ ਅਤੇ ਰਾਜ ਦੁਆਰਾ ਨਗਰ ਪਾਲਕਾਵਾਂ ਨੂੰ ਦਿੱਤੇ ਜਾਣ ਵਾਲੇ ਅਨੁਦਾਨ ਸੌਂਪੇ ਜਾਣ ਦੀ ਸਿਫ਼ਾਰਿਸ਼ ਕਰਦਾ ਹੈ ਅਤੇ ਨਗਰ ਪਾਲਕਾ ਦੇ ਵਿੱਤੀ ਸਾਧਨਾਂ ਦੇ ਉਪਯੋਗ ਲਈ ਉਠਾਏ ਜਾ ਸਕਣ ਵਾਲੇ ਕਦਮਾਂ ਦਾ ਸੁਝਾਅ ਦਿੰਦਾ ਹੈ। ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਤੇ ਵਿਚਾਰ ਕਰਨ ਉਪਰੰਤ ਕੇਂਦਰੀ ਵਿੱਤ ਕਮਿਸ਼ਨ ਨੂੰ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਸਾਧਨਾਂ ਵਿੱਚ ਵਾਧਾ ਕਰਨ ਲਈ ਰਾਜ ਦੇ ਕਨਸੋਲੀਡੇਟਡ ਫੰਡ ਨੂੰ ਵਧਾਉਣ ਬਾਰੇ ਸੁਝਾਅ ਦੇਣ ਦਾ ਆਦੇਸ਼ ਦਿੱਤਾ ਗਿਆ ਹੈ।

**ਰਾਜ ਪੱਧਰ ਦਾ ਚੋਣ ਕਮਿਸ਼ਨ :** ਨਗਰ ਪਾਲਕਾਵਾਂ ਦੀਆਂ ਚੋਣਾਂ ਨੂੰ ਨਿਯਮਿਤ ਕਰਨ ਲਈ ਸੰ.ਸੋ. ਨੇ ਹਰ ਪੰਜ ਸਾਲ ਬਾਦ ਸਟੇਟ ਇਲੈਕਸ਼ਨ ਕਮਿਸ਼ਨ (ਰਾਜ ਪੱਧਰ ਦੇ ਚੋਣ ਕਮਿਸ਼ਨ) ਬਣਾਏ ਜਾਣ ਦੀ ਵਿਵਸਥਾ ਕੀਤੀ ਹੈ। ਸਥਾਨਕ ਪੱਧਰ ਤੇ ਲੋਕਤੰਤਰੀ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਇਹ ਇੱਕ ਪ੍ਰਗਤੀਵਾਦੀ ਕਦਮ ਹੈ। ਰਾਜ ਦੇ ਚੋਣ ਕਮਿਸ਼ਨ ਨੂੰ ਮੱਤਦਾਤਾ ਸੂਚੀਆਂ ਬਣਾਉਣ ਦੀ ਨਿਗਰਾਨੀ, ਨਿਰਦੇਸ਼ਨ ਅਤੇ ਨਿਯੰਤਰਣ, ਤੋਂ ਇਲਾਵਾ ਚੋਣਾਂ ਕਰਵਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਰਾਜ ਦੇ ਚੋਣ ਕਮਿਸ਼ਨ ਦਾ ਇਹ ਵੀ ਕਰਤੱਵ ਹੈ ਕਿ ਰਾਜ ਸਰਕਾਰ ਦੁਆਰਾ ਭੰਗ ਕੀਤੀਆਂ ਗਈਆਂ ਨਗਰ ਪਾਲਕਾਵਾਂ ਦੀਆਂ ਚੋਣਾਂ ਛੇ ਮਹੀਨਿਆਂ ਦੇ ਅੰਦਰ ਅੰਦਰ ਕਰਵਾਵੇ।

ਸੰ.ਸੋ. ਨੇ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਵਿੱਚ ਢਾਂਚਾਗਤ, ਸੰਸਥਾਗਤ, ਕੰਮ-ਕਾਜੀ ਅਤੇ ਵਿੱਤੀ ਸੁਧਾਰ ਕਰਨੇ ਹਨ ਅਤੇ ਉਨ੍ਹਾਂ ਦੀ ਸਮੁੱਚੀ ਸਮਰਥਾ ਨੂੰ ਸੁਧਾਰਣਾ ਹੈ, ਕਿੰਤੂ ਇਸ ਨੂੰ ਮਿਲਣ ਵਾਲਾ ਹੁੰਗਾਰਾ ਬੜਾ ਢਿੱਲਾ ਹੈ ਕਿਉਂਕਿ ਬਹੁਤ ਸਾਰੇ ਰਾਜਾਂ ਨੇ ਸੰ.ਸੋ. ਨੂੰ ਸਹੀ ਅਰਥਾਂ ਵਿੱਚ ਲਾਗੂ ਨਹੀਂ ਕੀਤਾ। ਸੰ.ਸੋ. ਦੇ ਕੇਵਲ ਹੇਠ ਲਿਖੇ ਪੱਖ ਹੀ ਲਾਗੂ ਕੀਤੇ ਗਏ ਹਨ :

ੳ. ਨਗਰ ਪਾਲਕਾਵਾਂ ਦਾ ਗਠਨ (ਧਾਰਾ 243Q)
ਅ. ਨਗਰ ਪਾਲਕਾਵਾਂ ਦੀ ਬਣਤਰ (ਧਾਰਾ 243R)
ੲ. ਸੀਟਾਂ ਦਾ ਰਾਖਵਾਂਕਰਣ (ਧਾਰਾ 243T)
ਸ. ਨਗਰ ਪਾਲਕਾਵਾਂ ਦੀ ਮਿਆਦ (ਧਾਰਾ 243U)
ਹ. ਸਦੱਸਤਾ ਦਾ ਆਯੋਗ ਠਹਿਰਾਇਆ ਜਾਣਾ (ਧਾਰਾ 243V)
ਕ. ਰਾਜ ਦੇ ਵਿੱਤ ਕਮਿਸ਼ਨ ਦਾ ਗਠਨ (ਧਾਰਾ 243 I)
ਖ. ਰਾਜ ਦੇ ਚੋਣ ਕਮਿਸ਼ਨ ਦਾ ਗਠਨ (ਧਾਰਾ 243K)
ਗ. ਨਗਰ ਪਾਲਕਾਵਾਂ ਦੀਆਂ ਚੋਣਾਂ (ਧਾਰਾ 243ZA)

ਮੱਧ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚ ਮੇਅਰ/ਪ੍ਰੈਜ਼ੀਡੈਂਟ-ਇਨ-ਕੌਂਸਲ ਦੀ ਪ੍ਰਣਾਲੀ ਪ੍ਰਚੱਲਤ ਹੈ। ਨਗਰ ਪਾਲਕਾਵਾਂ ਦੀਆਂ ਚੋਣਾਂ ਦੋ ਵਾਰ ਹੋਈਆਂ ਹਨ। ਧਾਰਾ 243 ਤਹਿਤ ਬਣਾਏ ਗਏ ਪਹਿਲੇ ਅਤੇ ਦੂਜੇ ਵਿੱਤੀ ਕਮਿਸ਼ਨਾਂ ਨੇ ਧਾਰਾ 243 I ਤਹਿਤ ਨਗਰ ਪਾਲਕਾਵਾਂ ਦੀ ਵਿੱਤੀ ਹਾਲਤ ਦਾ ਨਿਰੀਖਣ ਕਰਕੇ ਅਪਣੀਆਂ ਸਿਫ਼ਾਰਸ਼ਾਂ ਦੇ ਦਿੱਤੀਆਂ ਹਨ ਕਿੰਤੂ ਸਾਰੇ ਰਾਜਾਂ ਵਿੱਚ ਇਨ੍ਹਾਂ ਕਮਿਸ਼ਨਾਂ ਦੀਆਂ ਸਾਰੀਆਂ ਸਿਫ਼ਾਰਸ਼ਾਂ ਨਹੀਂ ਲਾਗੂ ਹੋਈਆਂ। ਰਾਜਾਂ ਦੇ ਵਿੱਤ ਕਮਿਸ਼ਨਾਂ ਦੀ ਤੀਜੀ ਲੜੀ ਵੀ ਬਣ ਚੁੱਕੀ ਹੈ। ਬਹੁ-ਗਿਣਤੀ ਰਾਜਾਂ ਵਿੱਚ ਸੰ.ਸੋ. ਦੇ ਹੇਠ ਲਿਖੇ ਪੱਖਾਂ ਨੂੰ ਲਾਗੂ ਨਹੀਂ ਕੀਤਾ ਗਿਆ :

ੳ. ਵਾਰਡ ਕਮੇਟੀਆਂ ਦਾ ਗਠਨ ਅਤੇ ਬਣਤਰ (ਧਾਰਾ 243S)
ਅ. ਨਗਰ ਪਾਲਕਾਵਾਂ ਦੀਆਂ ਸ਼ਕਤੀਆਂ, ਅਧਿਕਾਰ ਅਤੇ ਜ਼ਿੰਮੇਵਾਰੀਆਂ (ਧਾਰਾ 243W)
ੲ. ਨਗਰ ਪਾਲਕਾਵਾਂ ਦੇ ਫੰਡ ਅਤੇ ਉਨ੍ਹਾਂ ਦੇ ਕਰ ਲਗਾਉਣ ਦੇ ਅਧਿਕਾਰ (ਧਾਰਾ 243X)
ਸ. ਜ਼ਿਲ੍ਹਾ ਪੱਧਰ ਦੀ ਯੋਜਨਾਬੰਦੀ ਕਮੇਟੀ (ਧਾਰਾ 243ZD)
ਹ. ਮਹਾਂਨਗਰ ਦੀ ਯੋਜਨਾਬੰਦੀ ਲਈ ਕਮੇਟੀ (ਧਾਰਾ 243ZE)
ਕ. ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨਾ (ਧਾਰਾ 243Y)
ਖ. ਨਗਰ ਪਾਲਕਾ ਦੇ ਵਿੱਤੀ ਸਾਧਨਾਂ ਵਿੱਚ ਵਾਧਾ ਕਰਨ ਲਈ ਰਾਜ ਦੇ ਕਨਸੌਲੀਡੇਟਡ ਫੰਡ ਨੂੰ ਵਧਾਉਣਾ (ਧਾਰਾ 243 (3) (C))

ਵਿੱਤ ਅਤੇ ਕਾਰਜ ਖੇਤਰ ਦੇ ਸੰਦਰਭ ਵਿੱਚ ਸੰ.ਸੋ. ਦਾ ਸਭ ਤੋਂ ਗੰਭੀਰ ਪੱਖ ਧਾਰਾ 243W ਅਤੇ 243Y ਦੇ ਲਾਗੂ ਕਰਨ ਵਿੱਚ ਵਰਤੀ ਗਈ ਢਿੱਲ ਹੈ। ਸੰ.ਸੋ. ਦੇ ਅਨੁਰੂਪ ਕਾਨੂੰਨ ਬਣਾਏ ਜਾਣ ਦੇ ਬਾਵਜੂਦ ਕਈ ਰਾਜਾਂ ਨੇ 12ਵੀਂ ਸੂਚੀ ਵਿੱਚ ਦਰਜ ਸਾਰੇ ਕਾਰਜ ਨਗਰ ਪਾਲਕਾਵਾਂ ਨੂੰ ਸੌਂਪ ਦੇਣ ਬਾਰੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ। ਨਗਰ ਪਾਲਕਾਵਾਂ ਦਾ ਕਾਰਜ ਖੇਤਰ ਨੀਮ-ਸਰਕਾਰੀ ਅਦਾਰਿਆਂ ਦੀ ਸਮਾਨਾਂਤਰ ਭਾਗੀਦਾਰੀ ਤੋਂ ਹਾਲੇ ਵੀ ਪ੍ਰਭਾਵਿਤ ਹੋ ਰਿਹਾ ਹੈ। ਨਗਰ ਪਾਲਕਾਵਾਂ ਦੇ ਕਾਰਜ ਖੇਤਰ ਵਿੱਚ ਜਲ ਸਪਲਾਈ ਅਤੇ ਸੀਵਰੇਜ ਬੋਰਡਾਂ (ਜਲ-ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਬੋਰਡਾਂ), ਸਟੇਟ ਵਾਟਰ ਅਥਾਰਟੀਜ਼, ਟਾਊਨ ਅਤੇ ਕੰਟਰੀ ਪਲੈਨਿੰਗ ਵਿਭਾਗਾਂ, ਇੰਪਰੂਵਮੈਂਟ ਟਰਸਟਾਂ, ਸਲੱਮ ਡਿਵੈਲਪਮੈਂਟ ਬੋਰਡਾਂ (ਗੰਦੀਆਂ ਬਸਤੀਆਂ ਦੇ ਵਿਕਾਸ ਸੰਬੰਧੀ ਬੋਰਡਾਂ) ਅਤੇ ਅਰਬਨ ਡਿਵੈਲਪਮੈਂਟ ਅਥਾਰਟੀਜ਼ ਦਾ ਦਖਲ ਸੰ.ਸੋ. ਦੀ ਭਾਵਨਾ ਦੇ ਵਿਪਰੀਤ ਹੈ। ਸ਼ਹਿਰੀ ਯੋਜਨਾਬੰਦੀ ਅਤੇ ਆਰਥਕ ਵਿਕਾਸ ਤੇ ਸਮਾਜਕ ਨਿਆਂ ਬਾਰੇ ਯੋਜਨਾਵਾਂ ਬਣਾਉਣ ਵਰਗੇ ਸਥਾਨਕ ਹਿੱਤ ਦੇ ਸਭ ਤੋਂ ਵੱਧ ਮਹੱਤਵਪੂਰਣ ਕਾਰਜ ਹਾਲੇ ਵੀ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਨਹੀਂ ਕੀਤੇ ਜਾ ਰਹੇ। ਵਾਰਡ ਕਮੇਟੀਆਂ ਨਾ ਬਣਾਏ ਜਾਣ ਕਰਕੇ ਸ਼ਹਿਰੀ ਖੇਤਰਾਂ ਵਿੱਚ ਲੋਕਾਂ ਦੀ ਭਾਗੀਦਾਰੀ ਤੇ ਆਧਾਰਤ ਵਿਕਾਸ ਨਹੀਂ ਹੋ ਰਿਹਾ।

ਸਥਾਨਕ ਪੱਧਰ ਤੇ ਲੋਕਾਂ ਨੂੰ ਕੋਈ ਮੰਚ ਨਾ ਮਿਲਣ ਕਰਕੇ ਉਹ ਆਪਣੀ ਪਸੰਦ ਅਨੁਸਾਰ ਅਪਣੀਆਂ ਲੋੜਾਂ ਨੂੰ ਪਹਿਚਾਣ ਕੇ ਪਹਿਲ ਦੇ ਅਧਾਰ ਤੇ ਵਿਕਾਸ ਦੀਆਂ ਯੋਜਨਾਵਾਂ ਨਹੀਂ ਬਣਾ ਸਕਦੇ। ਪੰਚਾਇਤਾਂ ਅਤੇ ਨਗਰ ਪਾਲਕਾਵਾਂ ਦੁਆਰਾ ਬਣਾਈਆਂ ਗਈਆਂ ਵਿਕਾਸ ਯੋਜਨਾਵਾਂ ਨੂੰ ਇੱਕ-ਮੁੱਠ ਕਰਕੇ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਨੇ ਇੱਕ ਅਤਿ ਮਹੱਤਵਪੂਰਣ ਭੂਮਿਕਾ ਨਿਭਾਉਣੀ ਹੈ। ਕਿੰਤੂ ਥੋੜ੍ਹੇ ਜਿਹੇ ਰਾਜਾਂ ਨੂੰ ਛੱਡ ਕੇ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਕਿਤੇ ਵੀ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਕਰ ਰਹੀਆਂ। ਇਹ ਧਿਆਨ ਦੇਣ ਯੋਗ ਹੈ ਕਿ ਛੋਟੀਆਂ ਅਤੇ ਦਰਮਿਆਨੀਆਂ ਨਗਰ ਪਾਲਕਾਵਾਂ ਵੱਡੀਆਂ ਨਗਰ ਪਾਲਕਾਵਾਂ ਨਾਲੋਂ ਜਿਆਦਾ ਪ੍ਰਭਾਵਿਤ ਹੁੰਦੀਆਂ ਹਨ ਕਿਉਂਕਿ ਵੱਡੀਆਂ ਨਗਰ ਪਾਲਕਾਵਾਂ ਪਾਸ ਸ਼ਹਿਰ ਦੀਆਂ ਵਿਕਾਸ ਯੋਜਨਾਵਾਂ ਬਣਾਉਣ ਲਈ ਮੁਕਾਬਲਤਨ ਜ਼ਿਆਦਾ ਸਮਰਥਾ ਹੁੰਦੀ ਹੈ। ਛੋਟੀਆਂ ਅਤੇ ਦਰਮਿਆਨੀਆਂ ਨਗਰ ਪਾਲਕਾਵਾਂ ਦੇ ਸਾਧਨ ਸੀਮਤ ਹੁੰਦੇ ਹਨ ਅਤੇ ਉਨ੍ਹਾਂ ਦੀ ਤਕਨੀਕੀ ਅਤੇ ਪ੍ਰਬੰਧਕੀ ਸਮਰਥਾ ਵੀ ਮਾੜੀ ਹੁੰਦੀ ਹੈ।

**(ii) ਆਦਰਸ਼ ਨਗਰ ਪਾਲਕਾ ਕਾਨੂੰਨ**

ਤੇਜ਼ੀ ਨਾਲ ਵਧ ਰਹੀ ਸ਼ਹਿਰੀ ਅਬਾਦੀ ਦੀਆਂ ਵਧੀਆ ਕਿਸਮ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਸਮਰਥਾ ਨੂੰ ਵਿਕਸਤ ਕਰਨਾ ਜਰੂਰੀ ਹੈ। ਦੇਸ਼ ਵਿਚ ਸਭ ਤੋਂ ਹੇਠਲੇ ਪੱਧਰ ਤੇ ਲੋਕਾਂ ਦੀ ਭਾਗੀਦਾਰੀ ਤੇ ਅਧਾਰਤ ਲੋਕਤੰਤਰ ਦੇ ਵਿਕਾਸ ਲਈ ਲੋਕਾਂ ਨੂੰ ਨਾਲ ਲਗਾਉਣਾ ਜਰੂਰੀ ਹੈ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਸਮਰਥਾ ਵਿਚ ਸੁਧਾਰ ਲਿਆਉਣ ਲਈ ਰਾਜਾਂ ਦੇ ਨਗਰ ਪਾਲਕਾ ਸੰਬੰਧੀ ਪੁਰਾਣੇ ਕਾਨੂੰਨਾਂ ਨੂੰ ਸੁਧਾਰਣਾ ਜਰੂਰੀ ਹੈ। ਰਾਜਾਂ ਦੇ ਨਗਰ ਪਾਲਕਾਵਾਂ ਸੰਬੰਧੀ ਕਾਨੂੰਨਾਂ ਦੇ ਆਪਸੀ ਅੰਤਰਾਂ ਅਤੇ ਉਨ੍ਹਾਂ ਦੀਆਂ ਊਣਤਾਈਆਂ ਦੀ ਸਮੱਸਿਆ ਦੇ ਹੱਲ ਲਈ ਭਾਰਤ ਸਰਕਾਰ ਨੇ 2003 ਵਿੱਚ ਇੱਕ ਆਦਰਸ਼ ਨਗਰ ਪਾਲਕਾ ਕਾਨੂੰਨ ਬਣਾਇਆ ਜਿਸ ਦੇ ਮੁੱਖ ਲੱਛਣ ਇਸ ਪ੍ਰਕਾਰ ਹਨ:

(ੳ) ਸ਼ਹਿਰੀ ਸਥਾਨਕ ਸੰਸਥਾਵਾਂ ਦੇ ਤਿੰਨੇ ਪੱਧਰਾਂ ਲਈ ਇੱਕੋ ਏਕੀਕ੍ਰਿਤ ਕਾਨੂੰਨ

(ਅ) ਸ਼ਹਿਰੀ ਸਥਾਨਕ ਸੰਸਥਾ ਦੀ ਕਾਰਜਕਾਰੀ ਸ਼ਕਤੀ ਦਾ ਪ੍ਰਯੋਗ ਇਕ ਸ਼ਕਤੀ ਸੰਪੰਨ ਸਥਾਈ ਕਮੇਟੀ ਕਰੇਗੀ।

(ੲ) ਅਲੱਗ ਅਲੱਗ ਸੇਵਾਵਾਂ ਲਈ ਵੱਖ-ਵੱਖ ਖਾਤਿਆਂ ਵਾਲਾ ਨਗਰ ਪਾਲਕਾ ਫੰਡ

(ਸ) ਮੇਅਰ ਜਾਂ ਪ੍ਰਧਾਨ ਦੀ ਪੰਜ ਸਾਲ ਲਈ ਅਸਿੱਧੀ ਚੋਣ

(ਹ) ਵਾਰਡਾਂ ਅਤੇ ਵਾਰਡ ਕਮੇਟੀਆਂ ਦਾ ਗਠਨ

(ਕ) ਅਮਲੇ ਦੀ ਅਵਸਥਾ ਦਾ ਨਿਰੀਖਣ ਕਰਨ ਲਈ ਰਾਜ ਪੱਧਰ ਦਾ ਨਗਰ ਪਾਲਕਾ ਲੇਖਾ ਪਰੀਖਣ ਕਮਿਸ਼ਨ

(ਖ) ਕਾਰਜਾਂ ਦਾ ਨਿਮਨ ਅਨੁਸਾਰ ਵਰਗੀਕਰਣ:

- (i) ਨਗਰ ਪਾਲਕਾ ਦੇ ਅਤਿ ਅਵੱਸ਼ਕ ਕਾਰਜ (ਜਿਵੇਂ ਕਿ ਜਲ ਪੂਰਤੀ, ਗੰਦੇ ਪਾਣੀ ਅਤੇ ਬਰਸਾਤ ਦੇ ਪਾਣੀ ਦੀ ਨਿਕਾਸੀ, ਠੋਸ ਕੂੜੇ ਕਰਕਟ ਦਾ ਪ੍ਰਬੰਧ, ਸੜਕਾਂ ਆਦਿ)
- (ii) ਸਰਕਾਰ ਦੁਆਰਾ ਸੌਂਪੇ ਗਏ ਕਾਰਜ ਅਤੇ
- (iii) ਹੋਰ ਕਾਰਜ

ਸਰਕਾਰ ਦੁਆਰਾ ਸੌਂਪੇ ਗਏ ਕਾਰਜ ਤਾਂ ਹੀ ਲਏ ਜਾਣ ਜੇਕਰ ਸਰਕਾਰ ਦੇ ਸੰਬੰਧਤ ਪੱਧਰ ਇਨ੍ਹਾਂ ਦੇ ਖਰਚੇ ਦੀ ਜ਼ਿੰਮੇਵਾਰੀ ਲੈਣ।

(ਗ) ਨਗਰ ਪਾਲਕਾ ਦੀ ਕਾਰਗੁਜਾਰੀ ਵਿਚ ਨੁਕਸ ਜਾਂ ਇਸ ਦੁਆਰਾ ਸ਼ਕਤੀਆਂ ਦੀ ਦੁਰਵਰਤੋਂ ਕੀਤੇ ਜਾਣ ਦੀ ਹਾਲਤ ਵਿੱਚ ਰਾਜ ਸਰਕਾਰ ਪੁਨਰ ਨਿਰੀਖਣ ਲਈ ਕਮੇਟੀ ਬਣਾ ਸਕਦੀ ਹੈ ਅਤੇ ਯੋਗ ਨੋਟਿਸ ਦੇਣ ਤੋਂ ਬਾਦ ਨਗਰ ਪਾਲਕਾ ਨੂੰ ਭੰਗ ਕਰ ਸਕਦੀ ਹੈ; ਚੋਣਾਂ ਛੇ ਮਹੀਨਿਆਂ ਦੇ ਅੰਦਰ ਕਰਵਾਉਣੀਆਂ ਹੁੰਦੀਆਂ ਹਨ।

(ਘ) ਨਗਰ ਪਾਲਕਾਵਾਂ ਦੇ ਹਿਸਾਬ-ਕਿਤਾਬ ਰੱਖਣ ਲਈ ਰਾਜ ਸਰਕਾਰ ਦੁਆਰਾ ਜਾਰੀ ਕੀਤਾ ਹੋਇਆ ਮੈਨੂਅਲ ਜਿਸ ਵਿਚ ਦੂਹਰੇ ਇੰਦਰਾਜਾਂ ਸਮੇਤ ਹਿਸਾਬ- ਕਿਤਾਬ ਦੀ ਸੁਧਰੀ ਹੋਣੀ ਪ੍ਰਣਾਲੀ ਦਿੱਤੀ ਹੋਵੇ।

(ਙ) ਰਾਜ ਸਰਕਾਰ ਇੱਕ ਪੇਸ਼ਾਵਰ ਅਤੇ ਅਧਿਕ੍ਰਿਤ ਲੇਖਾਕਾਰ ਨੂੰ ਸ਼ਹਿਰੀ ਸਥਾਨਕ ਸੰਸਥਾ ਦੇ ਲੇਖਾ ਪਰੀਖਕ ਦੇ ਤੌਰ ਤੇ ਨਿਯੁਕਤ ਕਰ ਸਕਦੀ ਹੈ।

(ਚ) ਹਰ ਸ਼ਹਿਰੀ ਸਥਾਨਕ ਸੰਸਥਾ ਅਪਣੀਆਂ ਸੰਪਤੀਆਂ ਅਤੇ ਦੇਣਦਾਰੀਆਂ ਦਾ ਸਲਾਨਾ ਚਿੱਠਾ ਤਿਆਰ ਕਰੇ।

(ਛ) ਪਬਲਿਕ ਅਕਾਊਂਟਸ ਕਮੇਟੀ ਵਰਗੀ ਇੱਕ ਕਮੇਟੀ ਨਿਯੁਕਤ ਕੀਤੀ ਜਾਵੇ ਜੋ ਨਗਰ ਪਾਲਕਾ ਦੇ ਹਿਸਾਬ ਕਿਤਾਬ ਦਾ ਨਿਰੀਖਣ ਕਰੇ।

(ਜ) ਸ਼ਹਿਰੀ ਸਥਾਨਕ ਸੰਸਥਾ ਹਰ ਸਾਲ ਅਪਣੀਆਂ ਸੰਪਤੀਆਂ ਦੀ ਸੂਚੀ ਤਿਆਰ ਕਰੇ।

(ਝ) ਸਰਕਾਰ ਡੈੱਟ ਲਿਮੀਟੇਸ਼ਨ ਪਾਲਿਸੀ (ਕਰਜਾ ਹੱਦਬੰਦੀ ਨੀਤੀ) ਬਣਾਵੇ ਜਿਸ ਵਿੱਚ ਸ਼ਹਿਰੀ ਸਥਾਨਕ ਸੰਸਥਾ ਦੀ ਵਿੱਤੀ ਸਮਰਥਾ ਦੇ ਮੁਤਾਬਕ ਪੈਸਾ ਉਧਾਰ ਲੈਣ ਦੇ ਆਮ ਸਿਧਾਂਤ ਦਿੱਤੇ ਗਏ ਹੋਣ।

(ਞ) ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਆਮਦਨੀ ਦੇ ਅਪਣੇ ਸਾਧਨ ਪੈਦਾ ਕਰਨ ਦੀ ਸ਼ਕਤੀ ਦਿੱਤੀ ਜਾਵੇ। ਇਹ ਖਾਸ ਕਰਕੇ ਇਲਾਕੇ ਜਾਂ ਬਜ਼ਾਰ ਦੀ ਕੀਮਤ ਦੇ ਅਧਾਰ ਤੇ ਸੰਪਤੀ ਕਰ ਦੇ ਮੁਲਾਂਕਣ ਰਾਹੀਂ ਕੀਤਾ ਜਾਵੇ।

(ਟ) ਉਸਾਰੀ, ਵਿੱਤ ਅਤੇ ਬਿੱਲ ਬਣਾਉਣ ਤੇ ਵੰਡਣ ਵਰਗੀਆਂ ਸੇਵਾਵਾਂ ਉਪਲਬਧ ਕਰਵਾਉਣ ਵਿੱਚ ਨਿੱਜੀ ਖੇਤਰ ਦੀ ਭਾਗਦਾਰੀ ਹੋਵੇ।

(ਠ) ਰਾਜ ਪੱਧਰ ਦੇ ਨਗਰ ਪਾਲਕਾ ਨਿਯਮਤੀਕਰਣ ਕਮਿਸ਼ਨ ਦੀ ਵਿਵਸਥਾ ਕੀਤੀ ਜਾਵੇ, ਜਿਹੜਾ ਸੇਵਾਵਾਂ ਦੇ ਮਿਆਰ ਅਤੇ ਉਪਭੋਗਤਾਵਾਂ ਤੋਂ ਵਸੂਲੇ ਜਾਣ ਵਾਲੇ ਖਰਚਿਆਂ ਦਾ ਨਿਰਣਾ ਕਰੇ, ਨਿੱਜੀ ਖੇਤਰ ਦੀ ਭਾਗੀਦਾਰੀ ਦੀ ਸੰਭਾਵਨਾ ਦਾ ਸੁਝਾਅ ਦੇਵੇ ਅਤੇ ਨਾਗਰਿਕਾਂ ਨਾਲ ਵਧੀਕੀ ਨਾ ਹੋਣ ਦੇਵੇ।

(ਡ) ਜ਼ਿਲ੍ਹਾ ਅਤੇ ਮਹਾਂਨਗਰੀ ਯੋਜਨਾਬੰਦੀ ਕਮੇਟੀਆਂ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਪ੍ਰਤੀਨਿਧਤਾ ਦੀ ਵਿਵਸਥਾ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਵਿਕਾਸ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਵਿਵਸਥਾ ਕੀਤੀ ਜਾਵੇ ।

(ਢ) ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਪਰਿਆਵਰਣ ਅਤੇ ਸਬਸੀਡੀਆਂ ਸੰਬੰਧੀ ਸਲਾਨਾ ਰਿਪੋਰਟਾਂ ਤਿਆਰ ਕੀਤੀਆਂ ਜਾਣ।

ਆਦਰਸ਼ ਨਗਰ ਪਾਲਕਾ ਕਾਨੂੰਨ ਦੀ ਲੋਅ ਵਿੱਚ ਕਈ ਰਾਜ ਸਰਕਾਰਾਂ ਨੇ ਅਪਣੇ ਨਗਰ ਪਾਲਕਾ ਸੰਬੰਧੀ ਕਾਨੂੰਨਾਂ ਦੀ ਸੋਧ ਅਰੰਭ ਦਿੱਤੀ ਹੈ। ਉਤਰਾਂਚਲ ਸਰਕਾਰ ਨੇ ਰਾਜ ਲਈ ਨਵਾਂ ਨਗਰ ਪਾਲਕਾ ਕਾਨੂੰਨ ਬਣਾਉਣ ਵਾਸਤੇ ਸ਼ਹਿਰੀ ਵਿਕਾਸ ਦੇ ਮੰਤਰੀ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਬਣਾਈ। ਕਮੇਟੀ ਨੇ ਆਦਰਸ਼ ਨਗਰ ਪਾਲਿਕਾ ਕਾਨੂੰਨ ਦੇ ਖਰੜੇ ਵਿੱਚ ਦਿੱਤੀਆਂ ਗਈਆਂ ਸਾਰੀਆਂ ਵਿਕਲਪਕ ਨੀਤੀਆਂ ਦੀ ਸਮੀਖਿਆ ਕਰਕੇ ਰਾਜ ਲਈ ਢੁਕਵੇ ਂ ਵਿਕਲਪਾਂ ਦੀ ਚੋਣ ਕੀਤੀ। ਹੁਣ ਰਾਜ ਲਈ ਚੁਣੇ ਗਏ ਵਿਕਲਪਾਂ ਦਾ ਖਰੜਾ ਤਿਆਰ ਕੀਤਾ ਜਾ ਰਿਹਾ ਹੈ। ਉੜੀਸਾ ਸਰਕਾਰ ਨੇ ਉੜੀਸਾ ਨਗਰ ਨਿਗਮ ਅਧਿਆਦੇਸ਼ 2003 ਦੀ ਘੋਸ਼ਣਾ ਕੀਤੀ ਜਿਸ ਵਿਚ ਆਦਰਸ਼ ਨਗਰ ਪਾਲਕਾ ਕਾਨੂੰਨ ਦੇ ਕਈ ਸੁਝਾਅ ਸ਼ਾਮਿਲ ਕੀਤੇ ਗਏ। ਦਿੱਲੀ ਨਗਰ ਨਿਗਮ ਦਿੱਲੀ ਨਗਰ ਨਿਗਮ ਐਕਟ ਦੇ ਆਮਦਨੀ ਵਾਲੇ ਅਧਿਆਇ ਦੀ ਸਮੀਖਿਆ ਕਰ ਰਿਹਾ ਹੈ। ਸਮੀਖਿਆ ਦੇ ਮਹੱਤਵ ਨੂੰ ਪਛਾਣਦੇ ਹੋਏ ਆਂਧਰਾ ਪ੍ਰਦੇਸ਼ ਸਰਕਾਰ ਨੇ ਐਚ. ਆਰ. ਡੀ. ਰੈਡੀ ਸਿਖਲਾਈ ਸੰਸਥਾ ਨੂੰ ਇੱਕ ਕੇਂਦਰੀ ਏਜੰਸੀ ਦੇ ਤੌਰ ਤੇ ਮਾਨਤਾ ਦੇ ਕੇ ਰਾਜ ਦਾ ਨਵਾਂ ਨਗਰ ਪਾਲਕਾ ਕਾਨੂੰਨ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ। ਇਸ ਉਪਰੰਤ ਇਸ ਨੇ ਅਪਣਾ ਨਗਰ

ਪਾਲਕਾ ਕਾਨੂੰਨ ਵੀ ਸੋਧ ਲਿਆ। ਕਰਨਾਟਕ ਸਰਕਾਰ ਵੀ ਅਪਣੇ ਨਗਰ ਪਾਲਕਾ ਕਾਨੂੰਨ ਨੂੰ ਸੋਧਣ ਦੀ ਯੋਜਨਾ ਬਣਾ ਰਹੀ ਹੈ।

ਵੱਖ-ਵੱਖ ਸੇਵਾਵਾਂ ਲਈ ਵੱਖ-ਵੱਖ ਖਾਤਿਆਂ ਵਾਲਾ ਨਗਰ ਪਾਲਕਾ ਫੰਡ ਬਣਾਉਣ ਦੀ ਦਿਸ਼ਾ ਵਿੱਚ ਵੀ ਪ੍ਰਗਤੀ ਮੱਠੀ ਹੈ। ਜਵਾਹਰਲਾਲ ਨਹਿਰੂ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ (ਸ਼ਹਿਰੀ ਕਾਇਆ ਪਲਟ ਯੋਜਨਾ) ਅਪਣੇ ਸੁਧਾਰ ਦੇ ਕੰਮਾਂ ਨੂੰ ਅੱਗੇ ਤੋਰਨ ਲਈ ਰਾਜ ਪੱਧਰ ਤੇ ਇੱਕ ਨੋਡਲ ਏਜੰਸੀ ਦੀ ਉਮੀਦ ਰੱਖਦਾ ਹੈ। ਕਰਨਾਟਕ ਨੇ ਇਹ ਕਾਰਜ ਕਰਨਾਟਕ ਅਰਬਨ ਇਨਫਰਾਸਟਰਕਚਰ, ਡਿਵੈਲਪਮੈਂਟ ਫਾਇਨਾਂਸ ਕਾਰਪੋਰੇਸ਼ਨ (ਕਰਨਾਟਕ ਦੇ ਸ਼ਹਿਰੀ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਿੱਤ ਨਿਗਮ) ਨੂੰ ਸੌਂਪਿਆ ਹੈ। ਤਾਮਿਲਨਾਡੂ ਨੇ ਇਹ ਕੰਮ ਤਾਮਿਲ ਨਾਡੂ ਸ਼ਹਿਰੀ ਵਿਕਾਸ ਫੰਡ ਨੂੰ ਦਿੱਤਾ ਹੈ। ਮਹਾਰਾਸ਼ਟਰ, ਮੱਧ ਪ੍ਰਦੇਸ਼, ਪੱਛਮੀ ਬੰਗਾਲ, ਅਤੇ ਰਾਜਸਥਾਨ ਵੀ ਅਜਿਹੇ ਫੰਡ ਸਥਾਪਤ ਕਰਨ ਦੀ ਯੋਜਨਾ ਬਣਾ ਰਹੇ ਹਨ ਤਾਂ ਕਿ ਉਪਰੋਕਤ ਮਿਸ਼ਨ ਦੇ ਸਮਰਥਨ ਤਹਿਤ ਸੁਧਾਰ ਆਰੰਭ ਕੀਤੇ ਜਾਣ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਯੋਜਨਾ ਵਿਕਾਸ ਵਿੱਚ ਰਾਜ ਪੱਧਰ ਤੇ ਮਦਦ ਕੀਤੀ ਜਾਵੇ।

ਨਗਰ ਨਿਗਮਾਂ/ਕੌਂਸਲਾਂ ਦੇ ਮੇਅਰਾਂ/ਪ੍ਰਧਾਨਾਂ ਦਾ ਕਾਰਜਕਾਲ ਇੱਕ ਤੋਂ ਦੂਜੇ ਰਾਜ ਵਿਚ ਵੱਖ-ਵੱਖ ਹੈ ਅਤੇ 1 ਤੋਂ 5 ਸਾਲ ਤੱਕ ਦਾ ਹੈ। ਵਾਰਡ ਕਮੇਟੀਆਂ ਕਈ ਰਾਜਾਂ ਵਿਚ ਨਹੀਂ ਬਣਾਈਆਂ ਗਈਆਂ ਹਾਲਾਂਕਿ ਸਥਾਨਕ ਪੱਧਰ ਤੇ ਭਾਗੀਦਾਰੀ ਆਧਾਰਤ ਲੋਕਤੰਤਰ ਲਈ ਇਕ ਅਵੱਸ਼ਕ ਹਨ। ਅਮਲੇ ਦੀ ਸਥਿਤੀ ਦੀ ਸਮੀਖਿਆ ਕਰਨ ਲਈ ਰਾਜ ਪੱਧਰ ਦੇ ਨਗਰ ਪਾਲਕਾ ਲੇਖਾ ਪਰੀਖਣ ਕਮਿਸ਼ਨ ਦਾ ਗਠਨ ਨਹੀਂ ਕੀਤਾ ਗਿਆ।

ਹਿਸਾਬ-ਕਿਤਾਬ ਰੱਖਣ ਦੀ ਇੱਕੋ ਇੰਦਰਾਜ ਤੇ ਅਧਾਰਤ ਪ੍ਰਣਾਲੀ ਤੋਂ ਹਟ ਕੇ ਦੂਹਰੇ ਇੰਦਰਾਜ ਵਾਲੀ ਪ੍ਰਣਾਲੀ ਨੂੰ ਅਪਣਾਉਣ ਲਈ ਰਾਜ ਪੱਧਰ ਦਾ ਮੈਨੂਅਲ ਵੀ ਹਾਲੇ ਬਹੁਤ ਸਾਰੇ ਰਾਜਾਂ ਦੁਆਰਾ ਨਹੀਂ ਤਿਆਰ ਕੀਤਾ ਗਿਆ। ਕੇਵਲ ਬਿਹਾਰ, ਛੱਤੀਸਗੜ੍ਹ, ਦਿੱਲੀ, ਗੋਆ, ਹਿਮਾਚਲ ਪ੍ਰਦੇਸ਼, ਕੇਰਲ ਅਤੇ ਰਾਜਸਥਾਨ ਹੀ ਰਾਜ ਦੀਆਂ ਵਿਸ਼ੇਸ਼ ਲੋੜਾਂ ਮੁਤਾਬਕ ਹਿਸਾਬ-ਕਿਤਾਬ ਰੱਖਣ ਦੇ ਮੈਨੂਅਲ ਤਿਆਰ ਕਰ ਰਹੇ ਹਨ ਜਦੋਂ ਕਿ ਆਂਧਰਾ ਪ੍ਰਦੇਸ਼, ਗੁਜਰਾਤ, ਕਰਨਾਟਕ, ਮੱਧ ਪ੍ਰਦੇਸ਼, ਤਾਮਿਲਨਾਡੂ ਅਤੇ ਉਤਰਾਂਚਲ ਨੇ ਇਸ ਸੰਬੰਧ ਵਿੱਚ ਸੁਧਾਰਾਂ ਨੂੰ ਲਾਗੂ ਕਰ ਦਿੱਤਾ ਹੈ। ਹਿਸਾਬ-ਕਿਤਾਬ ਰੱਖਣ ਦੇ ਸੁਧਾਰ ਕਰਨ ਦੀ ਦਿਸ਼ਾ ਵਿੱਚ ਪੰਜਾਬ ਦੀ ਗਤੀ ਧੀਮੀ ਹੈ। ਅਰੁਣਾਚਲ ਪ੍ਰਦੇਸ਼, ਹਰਿਆਣਾ, ਜੰਮੂ ਤੇ ਕਸ਼ਮੀਰ, ਝਾਰਖੰਡ, ਮਹਾਰਾਸ਼ਟਰ, ਮਨੀਪੁਰ, ਉੜੀਸਾ, ਸਿੱਕਮ, ਤ੍ਰਿਪੁਰਾ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਰਗੇ ਰਾਜਾਂ ਨੇ ਹਾਲੇ ਕੇਵਲ ਨੀਤੀਗਤ ਫੈਸਲੇ ਲਏ ਹਨ ਅਤੇ ਆਦਰਸ਼ ਨਗਰ ਪਾਲਕਾ ਕਾਨੂੰਨ ਦੀ ਲੋਅ ਵਿੱਚ ਰਾਜ ਦੇ ਨਗਰ ਪਾਲਕਾ ਕਾਨੂੰਨ ਦੇ ਨਿਰਮਾਣ ਨੂੰ ਆਸਾਨ ਬਣਾਉਣ ਲਈ ਨਿਰਦੇਸ਼ਕ ਕਮੇਟੀਆਂ ਦਾ ਗਠਨ ਕੀਤਾ ਹੈ।

ਨਗਰ ਪਾਲਕਾਵਾਂ ਨੇ ਹਾਲੇ ਅਪਣੀਆਂ ਸੰਪਤੀਆਂ ਅਤੇ ਦੇਣਦਾਰੀਆਂ ਦਾ ਸਲਾਨਾ ਚਿੱਠਾ ਬਣਾਉਣ ਦੀ ਪਰੰਪਰਾ ਦਾ ਵਿਕਾਸ ਨਹੀਂ ਕੀਤਾ। ਪਬਲਿਕ ਅਕਾਊਂਟਸ ਕਮੇਟੀ ਦੇ ਨਮੂਨੇ ਤੇ ਨਗਰ ਪਾਲਕਾ ਹਿਸਾਬ-ਕਿਤਾਬ ਕਮੇਟੀ ਬਣਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਕੇਵਲ ਕੁਝ ਹੀ ਨਗਰ ਪਾਲਕਾਵਾਂ ਨੇ ਅਪਣੀਆਂ ਸੰਪਤੀਆਂ ਦੀ ਸੂਚੀ ਤਿਆਰ ਕੀਤੀ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਨੂੰ, ਖਾਸ ਕਰਕੇ ਸੰਪਤੀ ਕਰ ਮੁਲਾਂਕਣ ਦੀ ਪ੍ਰਣਾਲੀ ਵਿੱਚ ਸੁਧਾਰ ਰਾਹੀਂ, ਅਪਣੇ ਅੰਦਰੂਨੀ ਵਿੱਤੀ ਸਾਧਨ ਪੈਦਾ ਕਰਨ ਦੀਆਂ ਸ਼ਕਤੀਆਂ ਨਹੀਂ ਦਿੱਤੀਆਂ ਗਈਆਂ। ਸੰਪਤੀ ਕਰ ਦੇ ਮੁਲਾਂਕਣ ਦੀ ਸਭ ਤੋਂ ਲੋਕਪ੍ਰਿਯ ਵਿਧੀ ਸਲਾਨਾ ਕਿਰਾਏ ਤੇ ਆਧਾਰਤ ਮਾਲੀਅਤ ਦੀ ਹੈ। ਨਗਰ ਪਾਲਕਾ ਦੀਆਂ ਸੇਵਾਵਾਂ ਦੇ ਵਿਕਾਸ, ਉਨ੍ਹਾਂ ਵਿਚ ਧਨ ਨਿਵੇਸ਼ ਅਤੇ ਉਨ੍ਹਾਂ ਦੇ ਸੰਚਾਲਨ ਤੇ ਸਾਂਭ ਸੰਭਾਲ ਵਿੱਚ ਨਿੱਜੀ ਖੇਤਰ ਦੀ ਭਾਗੀਦਾਰੀ ਦੇਸ਼ ਦੀਆਂ ਕੁੱਝ ਵੱਡੀਆਂ ਨਗਰ ਪਾਲਕਾਵਾਂ ਤੱਕ ਹੀ ਸੀਮਤ ਹੈ। ਉਪਭੋਗਤਾਵਾਂ ਤੋਂ ਵਸੂਲੇ ਜਾਣ ਵਾਲੇ ਖਰਚਿਆਂ ਅਤੇ ਸੇਵਾਵਾਂ ਦੇ ਪੱਧਰ ਦਾ ਨਿਰਣਾ ਕਰਨ ਲਈ ਰਾਜ ਪੱਧਰ ਦੇ ਨਗਰ ਪਾਲਕਾ ਨਿਯਮਤੀਕਰਣ ਕਮਿਸ਼ਨ (State Municipal Regulatory Commission) ਸਥਾਪਤ ਕਰਨ ਲਈ ਕੋਈ ਜਤਨ ਨਹੀਂ ਕੀਤੇ ਜਾ ਰਹੇ। ਬਹੁ-ਗਿਣਤੀ ਨਗਰ ਪਾਲਕਾਵਾਂ ਦੁਆਰਾ ਸਲਾਨਾ ਸਬਸੀਡੀਆਂ ਅਤੇ ਪਰਿਆਵਰਣ ਦੀ ਅਵਸਥਾ ਬਾਰੇ

ਰਿਪੋਰਟਾਂ ਤਿਆਰ ਨਹੀਂ ਕੀਤੀਆਂ ਜਾਂਦੀਆਂ। ਕੇਵਲ ਮੁੰਬਈ ਅਤੇ ਥੋੜ੍ਹੀਆਂ ਜਿਹੀਆਂ ਹੋਰ ਨਗਰ ਪਾਲਕਾਵਾਂ ਨੇ ਹੀ ਪਰਿਆਵਰਣ ਦੀ ਸਥਿਤੀ ਸੰਬੰਧੀ ਸਲਾਨਾ ਰਿਪੋਰਟਾਂ ਤਿਆਰ ਕਰਨ ਦੀ ਸ਼ੁਰੂਆਤ ਕੀਤੀ ਹੈ।

## 2. 74 ਵੀਂ ਸੰਵਿਧਾਨਕ ਸੋਧ ਦੇ ਸੰਦਰਭ ਵਿਚ ਪੰਜਾਬ ਵਿੱਚ ਲੋਕਤੰਤਰੀ ਵਿਕੇਂਦਰੀਕਰਣ

ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਹੱਕ ਵਿਚ ਕੀਤੇ ਜਾਣ ਵਾਲੇ ਲੋਕਤੰਤਰੀ ਵਿਕੇਂਦਰੀਕਰਣ ਦੀ ਗਤੀ ਪੰਜਾਬ ਵਿੱਚ ਬਹੁਤ ਧੀਮੀ ਹੈ। ਗੁਪਤਾ ਅਤੇ ਤਿਓਤੀਆ (2005) ਅਨੁਸਾਰ ਪੰਜਾਬ ਦਾ ਸ਼ਹਿਰੀ ਸ਼ਾਸਨ ਇਕ ਚੁਰਾਹੇ ਤੇ ਖੜ੍ਹਾ ਹੈ। ਇਤਿਹਾਸ ਇਹ ਰਿਹਾ ਹੈ ਕਿ ਸਥਾਨਕ ਸਵੈ-ਸ਼ਾਸਨ ਸਰਕਾਰ ਦੇ ਉੱਪਰਲੇ ਪੱਧਰਾਂ ਤੋਂ ਬਜਟ ਅਨੁਸਾਰ ਆਏ ਹੋਣੇ ਫੰਡਾਂ ਤੇ ਨਿਰਭਰ ਰਹੇ ਹਨ। ਸੰਵਿਧਾਨਕ ਸੋਧ 1992 ਅਤੇ ਇਸ ਦੇ ਅਨੁਰੂਪ ਰਾਜ ਸਰਕਾਰ ਦੁਆਰਾ 1994 ਵਿਚ ਬਣਾਏ ਗਏ ਕਾਨੂੰਨ ਦੇ ਬਾਵਜੂਦ ਸਥਾਨਕ ਸੰਸਥਾਵਾਂ ਨੂੰ ਖੁਦਮੁਖਤਾਰੀ ਦੇਣ ਲਈ ਕੋਈ ਗੰਭੀਰ ਕੋਸ਼ਿਸ਼ ਨਹੀਂ ਕੀਤੀ ਗਈ। ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ, ਜਿਸ ਵਿਚ ਸਥਾਨਕ ਸ਼ਾਸਨਾਂ ਨੂੰ ਫੰਡ, ਜ਼ਿੰਮੇਵਾਰੀਆਂ ਅਤੇ ਅਮਲਾ ਸੌਂਪਿਆ ਜਾਵੇ, ਬਹੁਤ ਮੱਠੀ ਹੈ ਅਤੇ 1994 ਵਿੱਚ 74ਵੀਂ ਸੰਵਿਧਾਨਕ ਸੋਧ ਦੇ ਅਨੁਰੂਪ ਬਣਾਏ ਗਏ ਕਾਨੂੰਨ ਦੀਆਂ ਧਾਰਾਵਾਂ ਨੂੰ ਸਹੀ ਅਰਥਾਂ ਵਿਚ ਲਾਗੂ ਨਹੀਂ ਕੀਤਾ ਗਿਆ।

ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਦੇ ਯੁੱਗ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਅਫਸਰਸ਼ਾਹੀ ਦੇ ਨਿਯੰਤਰਣ ਹੇਠ ਕੰਮ ਕਰਦੀਆਂ ਸਨ ਅਤੇ ਵਿੱਤ, ਕਾਰਜ-ਖੇਤਰ ਅਤੇ ਅਧਿਕਾਰ-ਖੇਤਰ ਦੇ ਸੰਬੰਧ ਵਿੱਚ ਉਨ੍ਹਾਂ ਨੂੰ ਕੋਈ ਖੁਦਮੁਖਤਾਰੀ ਹਾਸਲ ਨਹੀਂ ਸੀ। ਸੁਤੰਤਰਤਾ ਤੋਂ ਬਾਦ ਭਾਰਤੀ ਸੰਵਿਧਾਨ ਅਨੁਸਾਰ ਸਥਾਨਕ ਸ਼ਾਸਨ ਨੂੰ ਰਾਜਾਂ ਦੇ ਅਧਿਕਾਰ-ਖੇਤਰ ਵਿੱਚ ਆਉਣ ਵਾਲਾ ਵਿਸ਼ਾ ਬਣਾ ਦਿੱਤਾ ਗਿਆ। ਪੰਜਾਬ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦਾ ਸ਼ਾਸਨ ਹਾਲੇ ਵੀ ਪੰਜਾਬ ਮਿਉਂਸਿਪਲ ਐਕਟ 1911 ਅਤੇ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ 1976 ਵਰਗੇ ਪੁਰਾਣੇ ਕਾਨੂੰਨਾਂ ਅਨੁਸਾਰ ਚਲਾਇਆ ਜਾ ਰਿਹਾ ਹੈ ਜਿਨ੍ਹਾਂ ਨੂੰ 1992 ਦੀ 74ਵੀਂ ਸੰਵਿਧਾਨਕ ਸੋਧ ਦੇ ਅਨੁਰੂਪ ਬਣਾਉਣ ਦੇ ਮੁੱਖ ਉਦੇਸ਼ ਨਾਲ 1994 ਵਿਚ ਸੋਧਿਆ ਗਿਆ।

### (i) ਨਗਰ ਪਾਲਕਾਵਾਂ ਦੀ ਬਣਤਰ (ਧਾਰਾ 243 R)

ਪੰਜਾਬ ਦੀਆਂ ਨਗਰ ਪਾਲਕਾਵਾਂ ਵਿੱਚ ਚੁਣੇ ਹੋਏ ਮੈਂਬਰ, ਨਾਮਜ਼ਦ ਮੈਂਬਰ ਅਤੇ ਅਪਣੇ ਕਿਸੇ ਸਰਕਾਰੀ ਪਦ ਦੇ ਨਾਤੇ ਬਣੇ ਹੋਏ ਮੈਂਬਰ ਹੁੰਦੇ ਹਨ। ਪੰਜਾਬ ਦੇ ਸੋਧੇ ਹੋਵੇ ਨਗਰ ਪਾਲਕਾ ਬਿਲ 1999 ਵਿੱਚ ਵਿਵਸਥਾ ਕੀਤੀ ਗਈ ਹੈ ਕਿ ਇੱਕ ਨਗਰ ਨਿਗਮ ਦੇ ਚੁਣੇ ਹੋਏ ਮੈਂਬਰਾਂ ਦੀ ਸੰਖਿਆ ਘੱਟੋ-ਘੱਟ 50 ਅਤੇ ਵੱਧ ਤੋਂ ਵੱਧ 100 ਹੋਣੀ ਚਾਹੀਦੀ ਹੈ, ਏ-ਕਲਾਸ ਨਗਰ ਕੌਂਸਲਾਂ ਵਿੱਚ ਇਹ ਸੰਖਿਆ 20 ਤੋਂ ਘੱਟ ਅਤੇ 50 ਤੋਂ ਵੱਧ ਨਹੀਂ ਹੋਣੀ ਚਾਹੀਦੀ, ਬੀ-ਕਲਾਸ ਨਗਰ ਕੌਂਸਲਾਂ ਵਿੱਚ 15 ਤੋਂ ਘੱਟ ਅਤੇ 30 ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਬਿੱਲ ਵਿਚ ਇਹ ਵੀ ਵਿਵਸਥਾ ਹੈ ਕਿ ਨਾਮਜ਼ਦ ਮੈਂਬਰਾਂ ਦੀ ਸੰਖਿਆ ਨਗਰ ਨਿਗਮਾਂ ਵਿੱਚ 5 ਤੋਂ ਵੱਧ, ਨਗਰ ਕੌਂਸਲਾਂ ਵਿਚ 3 ਤੋਂ ਵੱਧ ਅਤੇ ਨਗਰ ਪੰਚਾਇਤਾਂ ਵਿੱਚ 2 ਤੋਂ ਵੱਧ ਨਹੀਂ ਹੋਣੀ ਚਾਹੀਦੀ। 74ਵੀਂ ਸੰਵਿਧਾਨਕ ਸੋਧ ਦੀ ਧਾਰਾ 243R (2) ਅਨੁਸਾਰ ਨਾਮਜ਼ਦ ਮੈਂਬਰ ਅਜਿਹੇ ਵਿਅਕਤੀ ਹੋਣਗੇ ਜਿਨ੍ਹਾਂ ਨੂੰ ਨਗਰ ਪਾਲਕਾ ਪ੍ਰਸ਼ਾਸਨ ਦੇ ਖੇਤਰ ਵਿੱਚ ਵਿਸ਼ੇਸ ਗਿਆਨ ਦਾ ਅਨੁਭਵ ਹੋਵੇ। ਉਪਰੋਕਤ ਪੰਜਾਬ ਮਿਉਂਸਿਪਲ ਬਿਲ 1999 ਵਿੱਚ ਕੀਤੀ ਗਈ ਅਪਣੇ ਪਦ ਦੇ ਨਾਤੇ ਬਣਾਏ ਜਾਣ ਵਾਲੇ ਮੈਂਬਰਾਂ ਦੀ ਵਿਵਸਥਾ ਸੰਵਿਧਾਨਕ ਸੋਧ ਦੀ ਧਾਰਾ 243 R(2) ਦੇ ਅਨੁਰੂਪ ਹੈ।

### (ii) ਵਾਰਡ ਕਮੇਟੀਆਂ ਦਾ ਗਠਨ ਅਤੇ ਬਣਤਰ (ਧਾਰਾ 243 S)

74ਵੀਂ ਸੰਵਿਧਾਨਕ ਸੋਧ ਪਾਸ ਹੋਣ ਦੇ ਬਾਰਾਂ ਸਾਲ ਬਾਦ ਵੀ ਇਸ ਦੀ ਵਿਵਸਥਾ ਅਨੁਸਾਰ ਰਾਜ ਵਿਚ ਵਾਰਡ ਕਮੇਟੀਆਂ ਦਾ ਗਠਨ ਨਹੀਂ ਕੀਤਾ ਗਿਆ। ਪ੍ਰੰਤੂ ਰਾਜ ਸਰਕਾਰ ਨੇ ਪੰਜਾਬ ਮਿਉਂਸਿਪਲ ਬਿਲ 1999 ਵਿੱਚ ਕਮੇਟੀਆਂ ਸੰਬੰਧੀ ਵਿਵਸਥਾ ਕੀਤੀ ਹੈ ਜਿਸਦੇ ਅਨੁਸਾਰ ਇੱਕ ਲੱਖ ਤੋਂ ਵੱਧ ਜਨ-ਸੰਖਿਆ ਵਾਲਾ ਹਰੇਕ ਨਗਰ ਨਿਗਮ ਅਤੇ ਨਗਰ ਕੌਂਸਲ ਅਪਣੀ ਪਹਿਲੀ ਇੱਕਤਰਤਾ ਤੋਂ ਬਾਦ, ਜਿੰਨਾ ਜਲਦੀ ਹੋ ਸਕੇ, ਉੰਨੀਆਂ ਵਾਰਡ ਕਮੇਟੀਆਂ ਦਾ ਗਠਨ ਕਰੇਗਾ ਜਿੰਨੀਆਂ ਦਾ ਨਿਰਣਾ ਨਗਰ ਨਿਗਮ/ ਨਗਰ ਕੌਂਸਲ ਦੁਆਰਾ ਕੀਤਾ ਗਿਆ ਹੋਵੇ; ਇਹ ਏਸ ਸ਼ਰਤ ਅਧੀਨ

ਹੋਵੇਗਾ ਕਿ ਹਰੇਕ ਵਾਰਡ ਕਮੇਟੀ ਦੇ ਖੇਤਰ ਵਿੱਚ ਘੱਟ ਤੋਂ ਘੱਟ 5 ਅਤੇ ਵੱਧ ਤੋਂ ਵੱਧ 10 ਨਾਲ ਲਗਦੇ ਵਾਰਡ ਹੋਣਗੇ।

### (iii) ਸੀਟਾਂ ਦਾ ਰਾਖਵਾਂਕਰਣ (ਧਾਰਾ 243 T)

1994 ਦੇ ਸੋਧੇ ਹੋਏ ਐਕਟ ਵਿਚ ਵਿਵਸਥਾ ਕੀਤੀ ਗਈ ਹੈ ਕਿ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੀਟਾਂ ਦਾ ਘੱਟੋ-ਘੱਟ ਇੱਕ ਤਿਹਾਈ ਅਤੇ ਇਨ੍ਹਾਂ ਜਾਤੀਆਂ ਲਈ ਰਾਖਵੀਆਂ ਸੀਟਾਂ ਸਮੇਤ ਸਿੱਧੀ ਚੋਣ ਰਾਹੀਂ ਭਰੀਆਂ ਜਾਣ ਵਾਲੀਆਂ ਕੁੱਲ ਸੀਟਾਂ ਦਾ ਘੱਟੋ-ਘੱਟ ਇੱਕ ਤਿਹਾਈ ਇਸਤ੍ਰੀਆਂ ਲਈ ਰਾਖਵਾਂ ਹੋਵੇਗਾ ਅਤੇ ਇਸਤ੍ਰੀਆਂ ਲਈ ਰਾਖਵੀਆਂ ਅਜਿਹੀਆਂ ਸੀਟਾਂ ਨੂੰ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿਚੋਂ ਵਾਰੀ-ਵਾਰੀ ਚੁਣਿਆ ਜਾ ਸਕਦਾ ਹੈ। ਸੰਵਿਧਾਨਕ ਸੋਧ ਦੀ ਧਾਰਾ 243 T ਵਿਚ ਰਾਖਵੇਂਕਰਣ ਸੰਬੰਧੀ ਕੀਤੀ ਗਈ ਵਿਵਸਥਾ ਲਾਗੂ ਕਰ ਦਿੱਤੀ ਗਈ ਹੈ।

**ਮੇਅਰ ਅਤੇ ਪ੍ਰਧਾਨ ਦੇ ਪਦਾਂ ਦੇ ਰਾਖਵੇਂਕਰਣ ਸੰਬੰਧੀ ਵਿਵਸਥਾ** : 1994 ਦੇ ਐਕਟ ਵਿੱਚ ਇਹ ਵਿਵਸਥਾ ਕੀਤੀ ਗਈ ਕਿ ਰਾਜ ਵਿੱਚ ਨਗਰ ਨਿਗਮਾਂ ਜਾਂ ਨਗਰ ਪਾਲਕਾਵਾਂ ਦੇ ਮੇਅਰਾਂ/ਪ੍ਰਧਾਨਾਂ ਦੇ ਪਦ ਨਿਰਧਾਰਤ ਵਿਧੀ ਅਨੁਸਾਰ ਵਾਰੀ-ਵਾਰੀ ਰਾਖਵੇਂ ਕੀਤੇ ਜਾਣਗੇ। ਪੰਜਾਬ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਮੇਅਰਾਂ ਅਤੇ ਪ੍ਰਧਾਨਾਂ ਦੀਆਂ ਚੋਣਾਂ 1998 ਅਤੇ 2003 ਵਿੱਚ ਇਸੇ ਵਿਵਸਥਾ ਅਨੁਸਾਰ ਹੋਈਆਂ ਸਨ ਜਿਹੜੀ ਕਿ ਸੰਵਿਧਾਨਕ ਸੋਧ ਦੇ ਅਨੁਰੂਪ ਹੈ।

### (iv) ਨਗਰ ਪਾਲਕਾਵਾਂ ਦੀ ਮਿਆਦ (ਧਾਰਾ 243 U):

74ਵੀਂ ਸੰਵਿਧਾਨਕ ਸੋਧ ਦਾ ਇਹ ਪੱਖ ਪੰਜਾਬ ਸਰਕਾਰ ਦੁਆਰਾ 1994 ਦੇ ਸੋਧੇ ਹੋਏ ਐਕਟ ਦੁਆਰਾ ਲਾਗੂ ਕੀਤਾ ਗਿਆ ਹੈ। ਇਸ ਐਕਟ ਅਨੁਸਾਰ ਹਰ ਨਗਰ ਪਾਲਕਾ 5 ਸਾਲ ਲਈ ਰਹੇਗੀ।

### (v) ਨਗਰ ਪਾਲਕਾਵਾਂ ਦੀਆਂ ਸ਼ਕਤੀਆਂ, ਅਧਿਕਾਰ ਅਤੇ ਜ਼ਿੰਮੇਵਾਰੀਆਂ (ਧਾਰਾ 243 W):

ਸੰਵਿਧਾਨਕ ਸੋਧ ਦੀ ਧਾਰਾ 243W ਇਸ ਦੀਆਂ ਸਭ ਤੋਂ ਮਹੱਤਵਪੂਰਣ ਧਾਰਾਵਾਂ ਵਿੱਚ ਸ਼ੁਮਾਰ ਹੁੰਦੀ ਹੈ ਕਿਉਂਕਿ ਇਹ ਨਗਰ ਪਾਲਕਾਵਾਂ ਦੀਆਂ ਸ਼ਕਤੀਆਂ, ਅਧਿਕਾਰ ਅਤੇ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਿਤ ਕਰਦੀ ਹੈ। ਏਸ ਧਾਰਾ ਅਨੁਸਾਰ, ਸੰਵਿਧਾਨ ਵਿੱਚ ਕੀਤੀ ਗਈ ਵਿਵਸਥਾ ਦੀਆਂ ਸੀਮਾਵਾਂ ਵਿੱਚ ਰਹਿੰਦੇ ਹੋਏ, ਕਿਸੇ ਰਾਜ ਦੀ ਵਿਧਾਨ ਸਭਾ ਕਾਨੂੰਨ ਰਾਹੀਂ ਨਗਰ ਪਾਲਕਾਵਾਂ ਨੂੰ ਨਿਮਨਲਿਖਤ ਸ਼ਕਤੀਆਂ ਸੌਂਪ ਸਕਦੀ ਹੈ:

(ੳ) ਇਹ ਨਗਰ ਪਾਲਕਾਵਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਧਿਕਾਰ ਦੇ ਸਕਦੀ ਹੈ ਜਿਹੜੇ ਉਨ੍ਹਾਂ ਨੂੰ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੇ ਤੌਰ ਤੇ ਕੰਮ ਕਰਨ ਦੇ ਯੋਗ ਬਣਾਉਣ ਲਈ ਜਰੂਰੀ ਹੋਣ ਅਤੇ ਸੰਬੰਧਤ ਕਾਨੂੰਨ ਵਿੱਚ ਨਗਰ ਪਾਲਕਾਵਾਂ ਨੂੰ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਸੌਂਪੇ ਜਾਣ ਸੰਬੰਧੀ ਵਿਵਸਥਾ ਹੋ ਸਕਦੀ ਹੈ; ਇਹ ਸਭ ਕੁਝ ਉਨ੍ਹਾਂ ਸ਼ਰਤਾਂ ਅਧੀਨ ਹੋਵੇਗਾ ਜਿਹੜੀਆਂ ਨਿਮਨਲਿਖਤ ਵਿਸ਼ਿਆਂ ਸੰਬੰਧੀ ਏਸ ਕਾਨੂੰਨ ਵਿਚ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ:

(i) ਆਰਥਕ ਵਿਕਾਸ ਅਤੇ ਸਮਾਜਕ ਨਿਆਂ ਵਾਸਤੇ ਯੋਜਨਾਵਾਂ ਤਿਆਰ ਕਰਨ ਸੰਬੰਧੀ।

(ii) ਸੰਵਿਧਾਨ ਦੀ 12ਵੀਂ ਸੂਚੀ ਵਿਚ ਦਰਜ ਵਿਸ਼ਿਆਂ ਨਾਲ ਸੰਬੰਧਤ ਜ਼ਿੰਮੇਵਾਰੀਆਂ ਸਮੇਤ ਉਨ੍ਹਾਂ ਨੂੰ ਸੌਂਪੇ ਗਏ ਸਾਰੇ ਕਾਰਜਾਂ ਦੀ ਪੂਰਤੀ ਅਤੇ ਸਕੀਮਾਂ ਦੇ ਲਾਗੂ ਕਰਨ ਸੰਬੰਧੀ।

(ਅ) ਇਹ ਕਮੇਟੀਆਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਧਿਕਾਰ ਦੇ ਸਕਦੀ ਹੈ ਜੋ ਸੰਵਿਧਾਨ ਦੀ 12ਵੀਂ ਸੂਚੀ ਵਿੱਚ ਦਰਜ ਵਿਸ਼ਿਆਂ ਸੰਬੰਧੀ ਜ਼ਿੰਮੇਵਾਰੀਆਂ ਸਮੇਤ ਉਨ੍ਹਾਂ ਨੂੰ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਪੂਰਾ ਕਰਨ ਦੇ ਯੋਗ ਬਣਾਉਣ ਲਈ ਜਰੂਰੀ ਹੋਣ।

ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਨੇ ਸਥਾਨਕ ਸਵੈ-ਸ਼ਾਸਨ ਨੂੰ ਜ਼ਿੰਮੇਵਾਰੀਆਂ ਸੌਂਪੇ ਜਾਣ ਅਤੇ ਖੁਦਮੁਖਤਾਰੀ ਦਿੱਤੇ ਜਾਣ ਬਾਰੇ ਕਈ ਸਵਾਲ ਖੜ੍ਹੇ ਕੀਤੇ। ਇਸ ਅਨੁਸਾਰ ਪੰਜਾਬ ਦੀਆਂ ਨਗਰ ਪਾਲਕਾਵਾਂ ਦੇ ਕਾਰਜ ਖੇਤਰ ਵਿੱਚ ਸਪਸ਼ਟਤਾ ਦੀ ਘਾਟ ਹੈ। ਕਾਰਜ ਖੇਤਰ ਸਥਿਰ ਵੀ ਨਹੀਂ ਹੈ ਕਿਉਂਕਿ ਸਮਾਂ ਗੁਜਰਨ ਨਾਲ ਨਗਰ ਪਾਲਕਾਵਾਂ ਦੀਆਂ ਜ਼ਿੰਮੇਵਾਰੀਆਂ ਨੂੰ ਜਾਂ ਤਾਂ ਬਦਲ ਦਿੱਤਾ ਗਿਆ/ ਮੱਧਮ ਕਰ ਦਿੱਤਾ ਗਿਆ ਹੈ, ਜਾਂ ਫਿਰ ਸਰਕਾਰ ਦੇ ਹੋਰ ਅਦਾਰਿਆਂ ਦੁਆਰਾ ਖੋਹ ਲਿਆ ਗਿਆ ਹੈ। ਅਸਲ ਵਿੱਚ ਸਥਾਨਕ ਸੰਸਥਾਵਾਂ ਦੀਆਂ ਕਈ ਜ਼ਿੰਮੇਵਾਰੀਆਂ ਦੇ ਸੰਬੰਧ ਵਿੱਚ ਉਲਟੇ ਗੇੜ ਦਾ ਵੀ ਰੁਝਾਣ ਦੇਖਿਆ ਗਿਆ ਹੈ। ਰਾਜ ਸਰਕਾਰ ਨੇ ਕਿੰਨੇ ਹੀ ਕਾਰਜ ਅਪਣੇ ਜਿੰਮੇ ਲੈ ਲਏ ਹਨ ਜਿਵੇਂ ਕਿ ਸਿੱਖਿਆ, ਸਿਹਤ, ਖੁਰਾਕ, ਪ੍ਰਸ਼ਾਸਨ, ਨਾਪ ਅਤੇ ਤੋਲ ਦਾ ਨਿਯਮਤੀਕਰਣ। ਰਵਾਇਤੀ ਤੌਰ ਤੇ ਇਹ ਸਭ ਨਗਰ ਪਾਲਕਾਵਾਂ ਦੇ ਕਾਰਜ-ਖੇਤਰ ਵਿਚ ਆਉਂਦੇ ਸਨ। ਜਲ-ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਵਰਗੀਆਂ ਸਹੀ ਅਰਥਾਂ ਵਿੱਚ ਨਗਰ ਪਾਲਕਾਵਾਂ ਦੇ ਕਾਰਜ ਖੇਤਰ ਵਿਚ ਆਉਣ ਵਾਲੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਵੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਰਗੀਆਂ ਨੀਮ-ਸਰਕਾਰੀ ਸੰਸਥਾਵਾਂ ਰਾਹੀਂ ਰਾਜ ਸਰਕਾਰ ਦੀ ਸਮਾਨਾਂਤਰ ਭਾਗੀਦਾਰੀ ਪਾਈ ਜਾਂਦੀ ਹੈ। ਇਸ ਨਾਲ ਨਗਰ ਪਾਲਕਾਵਾਂ ਦੇ ਅਧਿਕਾਰ ਅਤੇ ਖੁਦਮੁਖਤਾਰੀ ਨੂੰ ਮੱਧਮ ਪਾਉਣ ਦਾ ਰੁਝਾਣ ਪੈਦਾ ਹੁੰਦਾ ਹੈ।

ਨੀਮ-ਸਰਕਾਰੀ ਅਦਾਰਿਆਂ ਬਾਰੇ ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਦੀ ਟਿੱਪਣੀ ਅਨੁਸਾਰ ਸਥਾਨਕ ਸ਼ਾਸਨ ਦਾ ਵਿਭਾਗ ਕਮਿਸ਼ਨ ਦੀ ਇਸ ਰਾਇ ਨਾਲ ਸਹਿਮਤ ਸੀ ਕਿ ਨੀਮ ਸਰਕਾਰੀ ਸੰਸਥਾਵਾਂ ਨੂੰ ਨਗਰ ਪਾਲਕਾਵਾਂ ਦੇ ਅਧਿਕਾਰ ਅਤੇ ਕਾਰਜ ਖੇਤਰ ਦੇ ਮਹੱਤਵ ਨੂੰ ਘਟਾਉਣਾ ਨਹੀਂ ਚਾਹੀਦਾ। ਕਿੰਤੂ ਰਾਜ ਸਰਕਾਰ ਹਾਲੇ ਵੀ ਸੰਵਿਧਾਨ ਦੀ 12ਵੀਂ ਸੂਚੀ ਵਿਚ ਦਰਜ ਕਈ ਮਹੱਤਵਪੂਰਣ ਜ਼ਿੰਮੇਵਾਰੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪੇ ਜਾਣ ਤੋਂ ਸੰਕੋਚ ਕਰਦੀ ਹੈ।

'ਭਾਵੇਂ 74ਵੀਂ ਸੋਧ ਰਾਹੀਂ ਭਾਰਤੀ ਸੰਵਿਧਾਨ ਸਥਾਨਕ ਸਵੈ-ਸ਼ਾਸਨ ਦੀਆਂ ਸ਼ਕਤੀਸੰਪੰਨ ਇਕਾਈਆਂ ਦੀ ਉਮੀਦ ਕਰਦਾ ਹੈ, ਕਾਰਜਕਾਰੀ ਸ਼ਕਤੀ ਅਫਸਰਸ਼ਾਹਾਂ ਪਾਸ ਹੀ ਹੈ। ਰਾਜ ਦੇ ਨਗਰ ਪਾਲਕਾ ਸੰਬੰਧੀ ਕਾਨੂੰਨਾਂ ਨੇ ਅਫਸਰਸ਼ਾਹੀ ਨੂੰ ਨਗਰ ਪਾਲਕਾਵਾਂ ਉੱਪਰ ਨਿਗਰਾਨੀ ਅਤੇ ਨਿਯੰਤਰਣ ਦਾ ਅਧਿਕਾਰ ਦੇ ਰੱਖਿਆ ਹੈ। ਨਗਰ ਪਾਲਕਾਵਾਂ ਦੇ ਚੁਣੇ ਹੋਏ ਮੈਂਬਰ ਇਹ ਮਹਿਸੂਸ ਕਰਦੇ ਹਨ ਕਿ ਸਰਕਾਰ ਦਾ ਕਾਰਜਕਾਰੀ ਅੰਗ ਵਿਧਾਨ ਸਭਾ ਅਤੇ ਸੰਸਦ ਦੇ ਮੈਂਬਰਾਂ ਦੇ ਪ੍ਰਭਾਵ ਅਧੀਨ ਹੈ ਜਿਹੜੇ ਸੱਤਾ ਦੀ ਭਾਗੀਦਾਰੀ ਦੀ ਖੇਡ ਵਿੱਚ ਨਗਰ ਪਾਲਕਾਵਾਂ ਦੇ ਚੁਣੇ ਹੋਏ ਮੈਂਬਰਾਂ ਨੂੰ ਨਜਾਇਜ਼ ਆ ਵੜੇ ਹੋਏ ਸਮਝਦੇ ਹਨ। ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਜ਼ਿੰਮੇਵਾਰੀਆਂ, ਕਰ ਲਗਾਉਣ ਦਾ ਅਧਿਕਾਰ ਅਤੇ ਵਿੱਤੀ ਖੁਦਮੁਖਤਾਰੀ ਦੇਣ ਲਈ ਮੌਜੂਦਾ ਕਾਨੂੰਨ ਨੂੰ ਮੁੜ ਵਿਚਾਰਣ ਅਤੇ ਵਿਸ਼ੇਸ਼ ਕਰਕੇ ਸੰਵਿਧਾਨਕ ਸੋਧ ਦੀ ਭਾਵਨਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਦ੍ਰਿੜ ਰਾਜਨੀਤਕ ਇੱਛਾ ਸ਼ਕਤੀ ਦੀ ਲੋੜ ਹੈ।' (ਗੁਪਤਾ ਅਤੇ ਤਿਓਤੀਆ, 2002)।

ਪੰਜਾਬ ਦੇ ਪਹਿਲੇ ਅਤੇ ਦੂਜੇ ਵਿੱਤ ਕਮਿਸ਼ਨਾਂ ਦੀਆਂ ਟਿੱਪਣੀਆਂ ਅਤੇ ਸਿਫਾਰਸ਼ਾਂ ਦੇ ਬਾਵਜੂਦ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਐਕਟ ਪਾਸ ਕਰਕੇ ਨਗਰ ਪਾਲਕਾਵਾਂ ਨੂੰ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੇ ਤੌਰ ਤੇ ਕੰਮ ਕਰਨ ਦੇਣ ਲਈ ਨਾ ਤਾਂ ਜ਼ਰੂਰੀ ਸ਼ਕਤੀਆਂ ਅਤੇ ਅਧਿਕਾਰਾਂ ਨਾਲ ਲੈਸ ਕੀਤਾ ਹੈ ਅਤੇ ਨਾ ਹੀ ਆਰਥਕ ਵਿਕਾਸ ਅਤੇ ਸਮਾਜਕ ਨਿਆਂ ਦੀ ਯੋਜਨਾ ਬਣਾਉਣ ਲਈ ਉਨ੍ਹਾਂ ਨੂੰ ਸ਼ਕਤੀਆਂ ਹੀ ਸੌਂਪੀਆਂ ਹਨ। ਸਾਰਣੀ – 21 ਪੰਜਾਬ ਵਿੱਚ ਨਗਰ ਪਾਲਕਾਵਾਂ ਦੇ ਕਾਰਜਾਂ ਦੀ ਪੂਰਤੀ ਨੂੰ ਦਰਸਾਉਂਦੀ ਹੈ:

## ਸਾਰਣੀ - 21

## ਪੰਜਾਬ ਵਿੱਚ ਨਗਰ ਪਾਲਕਾਵਾਂ ਦੇ ਕਾਰਜਾਂ ਦੀ ਪੂਰਤੀ (ਧਾਰਾ 243W)

| ਸੰਵਿਧਾਨ ਦੀ 12ਵੀਂ ਸੂਚੀ ਵਿੱਚ ਦਰਜ ਨਗਰ ਪਾਲਕਾਵਾਂ ਦੇ ਕਾਰਜ | ਇਨ੍ਹਾਂ ਕਾਰਜਾਂ ਨੂੰ ਪੂਰਾ ਕਰਨ ਵਾਲੇ ਸੰਗਠਨ |
|---|---|
| 1. ਸ਼ਹਿਰਾਂ ਅਤੇ ਕਸਬਿਆਂ ਦੀ ਯੋਜਨਾਬੰਦੀ | ਸ਼ਹਿਰੀ ਅਤੇ ਦਿਹਾਤੀ ਯੋਜਨਾਬੰਦੀ ਵਿਭਾਗ/ ਪੰਜਾਬ ਸ਼ਹਿਰੀ ਯੋਜਨਾਬੰਦੀ ਅਥਾਰਟੀ। |
| 2. ਭੋਂ ਦੀ ਵਰਤੋਂ ਅਤੇ ਭਵਨ ਉਸਾਰੀ ਦਾ ਨਿਯਮਤੀਕਰਣ | ਸ਼ਹਿਰੀ ਅਤੇ ਦਿਹਾਤੀ ਯੋਜਨਾਬੰਦੀ ਵਿਭਾਗ/ਪੰਜਾਬ ਸ਼ਹਿਰੀ ਯੋਜਨਾਬੰਦੀ ਅਥਾਰਟੀ। |
| 3. ਆਰਥਕ ਅਤੇ ਸਮਾਜਕ ਵਿਕਾਸ ਲਈ ਯੋਜਨਾਬੰਦੀ | ਯੋਜਨਾਬੰਦੀ ਅਤੇ ਸਮਾਜ ਭਲਾਈ ਵਿਭਾਗ। |
| 4. ਸੜਕਾਂ ਅਤੇ ਪੁਲ | ਲੋਕ ਨਿਰਮਾਣ ਵਿਭਾਗ |
| 5. ਘਰੇਲੂ, ਉਦਯੋਗਿਕ ਅਤੇ ਵਪਾਰਕ ਉਦੇਸ਼ ਲਈ ਜਲ-ਪੂਰਤੀ | ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਅਤੇ ਨਗਰ ਪਾਲਕਾਵਾਂ। |
| 6. ਜਨ ਸਿਹਤ, ਸਫਾਈ ਪ੍ਰਬੰਧ ਅਤੇ ਠੋਸ ਕੂੜੇ-ਕਰਕਟ ਦਾ ਪ੍ਰਬੰਧ | ਸ਼ਹਿਰੀ ਸਥਾਨਕ ਸੰਸਥਾਵਾਂ (ਠੋਸ ਕੂੜੇ ਕਰਕਟ ਦਾ ਪ੍ਰਬੰਧ) ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਗੰਦੇ ਪਾਣੀ ਦੀ ਨਿਕਾਸੀ)। |
| 7. ਅੱਗ-ਬੁਝਾਊ ਸੇਵਾਵਾਂ | ਅੱਗ-ਬੁਝਾਊ ਵਿਭਾਗ/ਨਗਰ ਨਿਗਮ। |
| 8. ਸ਼ਹਿਰੀ ਵਣ ਪ੍ਰਬੰਧ, ਪਰਿਆਵਰਣ ਦੀ ਸੁਰੱਖਿਆ ਅਤੇ ਪਰਿਆਵਰਣਕ ਪੱਖਾਂ ਨੂੰ ਉਤਸਾਹਿਤ ਕਰਨਾ | ਵਣ ਵਿਭਾਗ, ਰਾਜ ਪ੍ਰਦੂਸ਼ਣ ਕੰਟਰੋਲ ਬੋਰਡ, ਸਾਇੰਸ, ਤਕਨਾਲੋਜੀ ਅਤੇ ਪਰਿਆਵਰਣ ਦੀ ਸਟੇਟ ਕੌਂਸਲ, ਸ਼ਹਿਰੀ ਸਥਾਨਕ ਸੰਸਥਾਵਾਂ। |
| 9. ਸਰੀਰਕ ਅਤੇ ਮਾਨਸਕ ਤੌਰ ਤੇ ਅਪੰਗ ਵਿਅਕਤੀਆਂ ਸਮੇਤ ਸਮਾਜ ਦੇ ਕਮਜੋਰ ਵਰਗਾਂ ਦੇ ਹਿੱਤਾਂ ਦੀ ਰੱਖਿਆ ਕਰਨੀ | ਸਮਾਜ ਭਲਾਈ ਵਿਭਾਗ। |
| 10. ਗੰਦੀ ਬਸਤੀਆਂ ਦਾ ਸੁਧਾਰ ਅਤੇ ਉਨ੍ਹਾਂ ਦੇ ਮਿਆਰ ਨੂੰ ਉੱਚਾ ਚੁੱਕਣਾ | ਸ਼ਹਿਰੀ ਸਥਾਨਕ ਸੰਸਥਾਵਾਂ। |
| 11. ਸ਼ਹਿਰੀ ਗਰੀਬੀ ਨੂੰ ਘਟਾਉਣਾ | ਸ਼ਹਿਰੀ ਸਥਾਨਕ ਸੰਸਥਾਵਾਂ/ਰਾਜ ਦੀ ਸ਼ਹਿਰੀ ਵਿਕਾਸ ਏਜੰਸੀ। |
| 12. ਸ਼ਹਿਰਾਂ ਵਿੱਚ, ਪਾਰਕਾਂ, ਬਾਗਾਂ ਅਤੇ ਖੇਡ ਦੇ ਮੈਦਾਨਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਉਣਾ | ਸ਼ਹਿਰੀ ਸਥਾਨਕ ਸੰਸਥਾਵਾਂ। |
| 13. ਸੱਭਿਆਚਾਰ, ਸਿੱਖਿਆ ਅਤੇ ਸੁਹਜ ਨੂੰ ਉਤਸ਼ਾਹਿਤ ਕਰਨਾ | ਸੱਭਿਆਚਾਰ, ਸਿੱਖਿਆ ਅਤੇ ਲੋਕ ਸੰਪਰਕ ਵਿਭਾਗ। |
| 14. ਦਫਨਾਉਣ ਲਈ, ਕਬਰਸਤਾਨ, ਦਾਹ-ਸੰਸਕਾਰ ਲਈ, ਸ਼ਾਮਸ਼ਾਨ ਭੂਮੀ ਅਤੇ ਬਿਜਲੀ ਨਾਲ ਚੱਲਣ ਵਾਲੇ ਸ਼ਮਸ਼ਾਨ ਘਾਟ ਦਾ ਪ੍ਰਬੰਧ | ਸ਼ਹਿਰੀ ਸਥਾਨਕ ਸੰਸਥਾਵਾਂ। |
| 15. ਪਸ਼ੂਆਂ ਲਈ ਟੋਭਿਆਂ ਦਾ ਪ੍ਰਬੰਧ ਅਤੇ ਜਾਨਵਰਾਂ ਉਤੇ ਹੋਣ ਵਾਲੀ ਬੇਰਹਿਮੀ ਦੀ ਰੋਕਥਾਮ | ਸ਼ਹਿਰੀ ਸਥਾਨਕ ਸੰਸਥਾਵਾਂ। |
| 16. ਜਨਮ ਅਤੇ ਮੌਤ ਦਰਜ ਕਰਨਾ ਅਤੇ ਹੋਰ ਜ਼ਰੂਰੀ ਅੰਕੜੇ ਇਕੱਠੇ ਕਰਨਾ। | ਸ਼ਹਿਰੀ ਸਥਾਨਕ ਸੰਸਥਾਵਾਂ। |
| 17. ਰਾਤ ਨੂੰ ਰੋਸ਼ਨੀ ਦਾ ਪ੍ਰਬੰਧ, ਗੱਡੀਆਂ ਖੜ੍ਹਾਉਣ ਦੀ ਜਗ੍ਹਾ, ਬਸਾਂ ਖੜਨ ਦੀ ਜਗ੍ਹਾ ਅਤੇ ਸੌਚਾਲਿਆਂ ਜਿਹੀਆਂ ਜਨ ਸੁਵਿਧਾਵਾਂ | ਸ਼ਹਿਰੀ ਸਥਾਨਕ ਸੰਸਥਾਵਾਂ। |
| 18. ਬੁੱਚੜਖਾਨਿਆਂ ਅਤੇ ਚਮੜਾ ਰੰਗਣ ਦੇ ਉਦਯੋਗ ਨੂੰ ਨਿਯਮਿਤ ਕਰਨਾ | ਸ਼ਹਿਰੀ ਸਥਾਨਕ ਸੰਸਥਾਵਾਂ। |

### (vi) ਨਗਰ ਪਾਲਕਾਵਾਂ ਦਾ ਕਰ ਲਗਾਉਣ ਦਾ ਅਧਿਕਾਰ ਅਤੇ ਉਨ੍ਹਾਂ ਦੇ ਫੰਡ (ਧਾਰਾ 243X):

ਸੰਵਿਧਾਨਕ ਸੋਧ ਦੀ ਧਾਰਾ 243X ਵਿੱਚ ਵਿਵਸਥਾ ਕੀਤੀ ਗਈ ਹੈ ਕਿ ਰਾਜ ਦੀ ਵਿਧਾਨ ਸਭਾ ਕਾਨੂੰਨ ਰਾਹੀਂ (ੳ) ਨਗਰ ਪਾਲਕਾ ਨੂੰ ਕਾਨੂੰਨੀ ਤੌਰ ਤੇ ਨਿਰਧਾਰਤ ਕੀਤੇ ਗਏ ਕਰ, ਡਿਊਟੀਆਂ, ਰਾਹਦਾਰੀਆਂ ਅਤੇ ਫੀਸਾਂ ਲਗਾਉਣ, ਇਕੱਠਾ ਕਰਨ ਅਤੇ ਵਰਤਣ ਦਾ ਅਧਿਕਾਰ ਦੇ ਸਕਦੀ ਹੈ ਜੋ ਕਾਨੂੰਨੀ ਤੌਰ ਤੇ ਨਿਰਧਾਰਤ ਵਿਧੀ ਅਨੁਸਾਰ ਅਤੇ ਨਿਸ਼ਚਿਤ ਕੀਤੀਆਂ ਗਈਆਂ ਸੀਮਾਵਾਂ ਅੰਦਰ ਹੋਣ, (ਅ) ਨਗਰ ਪਾਲਕਾ ਨੂੰ ਰਾਜ ਸਰਕਾਰ ਦੁਆਰਾ ਲਗਾਏ ਗਏ ਅਤੇ ਇਕੱਠੇ ਕੀਤੇ ਗਏ ਕਰ, ਡਿਊਟੀਆਂ, ਰਾਹਦਾਰੀਆਂ ਅਤੇ ਫੀਸਾਂ ਦੇ ਸਕਦੀ ਹੈ ਜੋ ਕਾਨੂੰਨ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਹੋਣ ਅਤੇ ਜੋ ਅਜਿਹੇ ਉਦੇਸ਼ਾਂ ਲਈ ਅਤੇ ਅਜਿਹੀਆਂ ਸ਼ਰਤਾਂ ਅਤੇ ਸੀਮਾਵਾਂ ਦੇ ਤਹਿਤ ਹੋਣ ਜੋ ਕਾਨੂੰਨੀ ਤੌਰ ਤੇ ਨਿਰਧਾਰਤ ਕੀਤੀਆਂ ਗਈਆਂ ਹੋਣ। ਸਰਕਾਰ ਕਾਨੂੰਨੀ ਤੌਰ ਤੇ ਨਿਰਧਾਰਤ ਵਿਧੀ ਅਨੁਸਾਰ ਇਹ ਵੀ ਕਰ ਸਕਦੀ ਹੈ: (ੲ) ਰਾਜ ਦੇ ਕਨਸੌਲੀਡੇਟਡ ਫੰਡ ਵਿਚੋਂ ਨਗਰ ਪਾਲਕਾਵਾਂ ਨੂੰ ਗਰਾਂਟ-ਇਨ-ਏਡ ਦੇਣ ਦੀ ਵਿਵਸਥਾ ਕਰ ਸਕਦੀ ਹੈ (ਸ) ਨਗਰ ਪਾਲਕਾਵਾਂ ਦੁਆਰਾ ਜਾਂ ਉਨ੍ਹਾਂ ਦੇ ਨਾਂ ਤੇ ਪ੍ਰਾਪਤ ਕੀਤੀਆਂ ਗਈਆਂ ਧਨ ਰਾਸ਼ੀਆਂ ਨੂੰ ਨਗਰ ਪਾਲਕਾਵਾਂ ਦੇ ਨਾਂ ਤੇ ਜਮ੍ਹਾਂ ਕਰਵਾਉਣ ਲਈ ਅਜਿਹੇ ਫੰਡ ਦੇ ਨਿਰਮਾਣ ਦੀ ਅਤੇ ਇਸ ਵਿਚੋਂ ਪੈਸਾ ਕਢਵਾਉਣ ਦੀ ਵਿਵਸਥਾ ਕਰ ਸਕਦੀ ਹੈ।

ਪੰਜਾਬ ਵਿੱਚ ਕਰ ਲਗਾਉਣ ਦੇ ਅਧਿਕਾਰ ਦਾ ਪ੍ਰਯੋਗ ਰਾਜ ਸਰਕਾਰ ਦੁਆਰਾ ਕੀਤਾ ਜਾਂਦਾ ਹੈ, ਨਾ ਕਿ ਨਗਰ ਪਾਲਕਾਵਾਂ ਦੁਆਰਾ ਜਿਹਾ ਕਿ 74ਵੀਂ ਸੰਵਿਧਾਨਕ ਸੋਧ ਵਿੱਚ ਉਮੀਦ ਰੱਖੀ ਗਈ ਹੈ। ਬਜਟ ਦੇ ਅਨੁਮਾਨ ਸਰਕਾਰ ਦੇ ਉੱਪਰਲੇ ਪੱਧਰਾਂ ਦੁਆਰਾ ਮੰਜੂਰ ਕੀਤੇ ਜਾਂਦੇ ਹਨ। ਨਗਰ ਪਾਲਕਾਵਾਂ ਦੁਆਰਾ ਲਗਾਏ ਜਾਣ ਵਾਲੇ ਕਰਾਂ ਦੀ ਦਰ ਰਾਜ ਸਰਕਾਰ ਦੁਆਰਾ ਨਿਸ਼ਚਿਤ ਕੀਤੀ ਜਾਂਦੀ ਹੈ ਅਤੇ ਵਿਕਾਸ ਗਰਾਂਟਾਂ ਅਤੇ ਹੋਰ ਮੱਦਾਂ ਵਿਚੋਂ ਕੱਟ ਕੇ ਦਿੱਤੀਆਂ ਜਾਣ ਵਾਲੀਆਂ ਧਨ ਰਾਸ਼ੀਆਂ ਦਾ ਫੈਸਲਾ ਵੀ ਸਰਕਾਰ ਹੀ ਕਰਦੀ ਹੈ। 74ਵੀਂ ਸੰਵਿਧਾਨਕ ਸੋਧ ਤੋਂ ਪਹਿਲਾਂ ਰਾਜ ਸਰਕਾਰ ਦੁਆਰਾ ਇਕੱਠੇ ਕੀਤੇ ਗਏ ਕਰਾਂ ਨੂੰ ਨਗਰ ਪਾਲਕਾਵਾਂ ਨਾਲ ਸਾਂਝੇ ਕਰਨ ਦੀ ਕੋਈ ਪਰੰਪਰਾ ਨਹੀਂ ਸੀ। ਇਸ ਸੰਵਿਧਾਨਕ ਸੋਧ ਤੋਂ ਬਾਦ ਹੀ ਰਾਜ ਦੇ ਵਿੱਤ ਕਮਿਸ਼ਨ ਨੇ ਰਾਜ ਸਰਕਾਰ ਦੁਆਰਾ ਇਕੱਠੇ ਕੀਤੇ ਗਏ ਕਰਾਂ ਦਾ ਇੱਕ ਹਿੱਸਾ ਨਗਰ ਪਾਲਕਾਵਾਂ ਨੂੰ ਸੌਂਪਣ ਦੀ ਸਿਫ਼ਾਰਿਸ਼ ਕੀਤੀ ਹੈ।

ਪੰਜਾਬ ਮਿਉਂਸਿਪਲ ਐਕਟ 1911 ਦੀ ਧਾਰਾ 61 ਅਤੇ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 90 ਦਾ ਸੰਬੰਧ ਸ਼ਹਿਰੀ ਸੰਸਥਾਵਾਂ ਦੀਆਂ ਕਰ ਅਤੇ ਫੀਸਾਂ ਵਸੂਲਣ ਦੀਆਂ ਸ਼ਕਤੀਆਂ ਨਾਲ ਹੈ। ਭਾਵੇਂ ਐਕਟਾਂ ਵਿੱਚ ਬਹੁਤ ਸਾਰੇ ਕਰ-ਆਧਾਰਤ ਅਤੇ ਗੈਰ ਕਰ-ਆਧਾਰਤ ਸਾਧਨਾਂ ਦਾ ਵਰਣਨ ਕੀਤਾ ਗਿਆ ਹੈ, ਕਿੰਤੂ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਆਮਦਨੀ ਦੇ ਮੁੱਖ ਸਰੋਤ ਚੁੰਗੀ, ਸੰਪਤੀ ਕਰ ਅਤੇ ਜਲ-ਪੂਰਤੀ ਤੇ ਗੰਦੇ ਜਲ ਦੀ ਨਿਕਾਸੀ ਲਈ ਵਸੂਲੇ ਗਏ ਖਰਚੇ ਹਨ। ਪਰ ਇਨ੍ਹਾਂ ਕਰਾਂ ਦੇ ਮੁਲਾਂਕਣ, ਵਸੂਲੀ ਅਤੇ ਪ੍ਰਸ਼ਾਸਨ ਵਿੱਚ ਕਈ ਘਾਟਾਂ ਹੋਣ ਕਰਕੇ ਉਨ੍ਹਾਂ ਦੀ ਆਮਦਨੀ ਵਿੱਚ ਕੋਈ ਵਾਧਾ ਨਹੀਂ ਹੋ ਰਿਹਾ।

ਰਾਜ ਸਰਕਾਰ ਦੀ ਆਗਿਆ ਨਾਲ ਉਧਾਰ ਲਈਆਂ ਗਈਆਂ ਰਾਸ਼ੀਆਂ ਬਹੁਤ ਸੀਮਤ ਹਨ। ਸਿਵਾਇ ਲੁਧਿਆਣਾ ਨਗਰ ਨਿਗਮ ਦੇ, ਜਿਸ ਨੇ 1999 ਵਿੱਚ ਨਿੱਜੀ ਖੇਤਰ ਦੀ ਹੈਸੀਅਤ ਵਿੱਚ 17.84 ਕਰੋੜ ਦੇ ਬਾਂਡ ਜਾਰੀ ਕੀਤੇ , ਪੰਜਾਬ ਦੀ ਕਿਸੇ ਵੀ ਸ਼ਹਿਰੀ ਸਥਾਨਕ ਸੰਸਥਾ ਨੇ ਪੂੰਜੀ ਬਜਾਰ ਵਿੱਚੋਂ ਉਧਾਰ ਨਹੀਂ ਲਿਆ। ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸਰਕਾਰੀ ਖਰਚਿਆਂ ਦੀਆਂ ਹੋਰਾਂ ਮੱਦਾਂ ਵਿੱਚੋਂ ਕੱਢੀਆਂ ਹੋਈਆਂ ਰਾਸ਼ੀਆਂ ਅਤੇ ਰਾਜ ਅਤੇ ਕੇਂਦਰੀ ਸਰਕਾਰ ਦੁਆਰਾ ਦਿੱਤੀਆਂ ਗਈਆਂ ਗਰਾਂਟਾਂ ਮਿਲਦੀਆਂ ਹਨ। ਇਹ ਸਭ ਰਾਜ ਦੇ ਅਪਣੇ ਵਿੱਤੀ ਸਰੋਤਾਂ ਦੀ ਹਾਲਤ ਤੇ ਨਿਰਭਰ ਹਨ ਅਤੇ ਇਸ ਲਈ ਬਹੁਤ ਹੀ ਅਨਿਯਮਿਤ ਹਨ ਅਤੇ ਇਨ੍ਹਾਂ ਦੀ ਪੂਰਵ ਸੂਚਨਾ ਮਿਲਣੀ ਮੁਸ਼ਕਿਲ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਕੋਲ ਅਗੇਤ ਅਨੁਸਾਰ ਕਰ ਲਗਾਉਣ ਅਤੇ ਫੰਡਾਂ ਦਾ ਪ੍ਰਬੰਧ ਕਰਨ ਦੀਆਂ ਚੋਖੀਆਂ ਸ਼ਕਤੀਆਂ ਨਹੀਂ ਹੁੰਦੀਆਂ। ਇਸ ਲਈ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਜਿਸ ਵਿੱਤੀ ਖੁਦਮੁਖਤਾਰੀ ਦੀ ਉਮੀਦ 74ਵੀਂ ਸੰਵਿਧਾਨਕ ਸੋਧ ਵਿੱਚ ਕੀਤੀ ਗਈ ਹੈ ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਇਸ ਦਾ ਕਾਰਣ ਇਹ ਹੈ ਕਿ ਸੰਵਿਧਾਨਕ ਸੋਧ ਦੀ ਧਾਰਾ 243X ਦੀ ਵਿਵਸਥਾ ਅਨੁਸਾਰ ਰਾਜ ਸਰਕਾਰ ਨੇ ਵਿਧਾਨ ਸਭਾ ਵਿੱਚ ਐਕਟ ਪਾਸ ਕਰਕੇ ਨਗਰ ਪਾਲਕਾਵਾਂ ਨੂੰ ਕਰ ਅਤੇ ਡਿਊਟੀਆਂ ਲਗਾਉਣ ਅਤੇ ਵਸੂਲ ਕਰਨ ਦਾ ਅਧਿਕਾਰ ਨਹੀਂ ਦਿੱਤਾ ਹੈ।

**(vii) ਵਿੱਤ ਕਮਿਸ਼ਨ (ਧਾਰਾ 243Y):**

ਸੰਵਿਧਾਨਕ ਸੋਧ ਦੀ ਧਾਰਾ 243Y (1) ਵਿੱਚ ਵਿਵਸਥਾ ਕੀਤੀ ਗਈ ਹੈ ਕਿ ਧਾਰਾ 243-I ਤਹਿਤ ਬਣਾਇਆ ਗਿਆ ਵਿੱਤ ਕਮਿਸ਼ਨ ਨਗਰ ਪਾਲਕਾਵਾਂ ਦੀ ਵਿੱਤੀ ਹਾਲਤ ਦੀ ਸਮੀਖਿਆ ਕਰੇਗਾ ਅਤੇ ਨਿਮਨ ਲਿਖਤ ਦੇ ਸੰਬੰਧ ਵਿੱਚ ਰਾਜਪਾਲ ਕੋਲ ਸਿਫ਼ਾਰਿਸ਼ਾਂ ਕਰੇਗਾ :

(ੳ) ਉਹ ਸਿਧਾਂਤ ਜਿਨ੍ਹਾਂ ਅਨੁਸਾਰ :

- (i) ਸਰਕਾਰ ਦੁਆਰਾ ਵਸੂਲੇ ਗਏ ਕਰਾਂ, ਡਿਊਟੀਆਂ, ਰਾਹਦਾਰੀਆਂ ਅਤੇ ਫੀਸਾਂ ਤੋਂ ਹੋਣ ਵਾਲੀ ਕੁੱਲ ਵੰਡੀ ਜਾ ਸਕਣ ਵਾਲੀ ਆਮਦਨੀ ਨੂੰ ਰਾਜ ਅਤੇ ਨਗਰ ਪਾਲਕਾਵਾਂ ਵਿੱਚ ਵੰਡਿਆ ਜਾਵੇ ਅਤੇ ਵੰਡੀ ਜਾ ਸਕਣ ਯੋਗ ਰਾਸ਼ੀ ਵਿੱਚ ਵੱਖ-ਵੱਖ ਪੱਧਰ ਦੀਆਂ ਨਗਰ ਪਾਲਕਾਵਾਂ ਦੇ ਅਪਣੇ ਅਪਣੇ ਹਿੱਸੇ ਪਾਏ ਜਾਣ।
- (ii) ਨਗਰ ਪਾਲਕਾਵਾਂ ਨੂੰ ਸੌਂਪੇ ਜਾ ਸਕਣ ਜਾਂ ਉਨ੍ਹਾਂ ਦੁਆਰਾ ਵਰਤੇ ਜਾ ਸਕਣ ਵਾਲੇ ਕਰਾਂ, ਡਿਊਟੀਆਂ, ਰਾਹਦਾਰੀਆਂ ਅਤੇ ਫੀਸਾਂ ਦਾ ਨਿਰਣਾ ਕੀਤਾ ਜਾਵੇ।
- (iii) ਰਾਜ ਦੇ ਕਨਸੌਲੀਡੇਟਡ ਫੰਡ ਵਿੱਚੋਂ ਨਗਰ ਪਾਲਕਾਵਾਂ ਨੂੰ ਦਿੱਤੀਆਂ ਜਾਣ ਵਾਲੀਆਂ ਗਰਾਂਟਸ-ਇਨ-ਏਡ ਦਾ ਨਿਰਣਾ ਕੀਤਾ ਜਾਵੇ।

(ਅ) ਨਗਰ ਪਾਲਕਾਵਾਂ ਦੀ ਵਿੱਤੀ ਹਾਲਤ ਵਿੱਚ ਸੁਧਾਰ ਕਰਨ ਲਈ ਲੁੜੀਂਦੇ ਕਦਮ।

(ੲ) ਹੋਰ ਕੋਈ ਵੀ ਵਿਸ਼ਾ ਜਿਹੜਾ ਨਗਰ ਪਾਲਕਾਵਾਂ ਦੀ ਨਿੱਗਰ ਵਿੱਤੀ ਹਾਲਤ ਦੇ ਹਿੱਤ ਵਿੱਚ ਰਾਜਪਾਲ ਦੁਆਰਾ ਵਿੱਤ ਕਮਿਸ਼ਨ ਨੂੰ ਸਲਾਹ ਲਈ ਭੇਜਿਆ ਜਾਵੇ।

ਸੰਵਿਧਾਨਕ ਸੋਧ ਦੀ ਧਾਰਾ 243Y (2) ਅਨੁਸਾਰ ਰਾਜਪਾਲ ਕਮਿਸ਼ਨ ਦੁਆਰਾ ਇਸ ਧਾਰਾ ਤਹਿਤ ਕੀਤੀ ਗਈ ਹਰੇਕ ਸਿਫਾਰਿਸ਼ ਅਤੇ ਇਸ ਉਪਰ ਕੀਤੀ ਗਈ ਕਾਰਵਾਈ ਬਾਰੇ ਵਿਆਖਿਆਤਮਕ ਯਾਦ ਪੱਤਰ ਨੂੰ ਰਾਜ ਦੀ ਵਿਧਾਨ ਸਭਾ ਸਾਮ੍ਹਣੇ ਪੇਸ਼ ਕਰਵਾਏਗਾ।

ਸੰਵਿਧਾਨਕ ਸੋਧ ਦੀ ਧਾਰਾ 243Y ਪੰਜਾਬ ਸਰਕਾਰ ਦੁਆਰਾ ਲਾਗੂ ਕਰ ਦਿੱਤੀ ਗਈ ਹੈ। ਪੰਜਾਬ ਦਾ ਪਹਿਲਾ ਵਿੱਤ ਕਮਿਸ਼ਨ 24 ਅਪ੍ਰੈਲ 1994 ਨੂੰ ਬਣਾਇਆ ਗਿਆ ਸੀ ਅਤੇ ਇਸ ਨੇ ਅਪਣੀ ਰਿਪੋਰਟ ਦਿਸੰਬਰ 1995 ਵਿੱਚ ਪੇਸ਼ ਕੀਤੀ ਸੀ। ਪੰਜਾਬ ਦਾ ਦੂਜਾ ਵਿੱਤ ਕਮਿਸ਼ਨ ਸਿਤੰਬਰ 2000 ਵਿੱਚ ਬਣਾਇਆ ਗਿਆ ਸੀ ਅਤੇ ਇਸ ਨੇ ਅਪਣੀ ਰਿਪੋਰਟ ਫਰਵਰੀ 2002 ਵਿੱਚ ਪੇਸ਼ ਕੀਤੀ ਸੀ। ਦੋਵੇਂ ਵਿੱਤ ਕਮਿਸ਼ਨਾਂ ਦੀਆਂ ਰਿਪੋਰਟਾਂ ਨੂੰ ਰਾਜ ਦੀ ਵਿਧਾਨ ਸਭਾ ਦੁਆਰਾ ਪਰਵਾਨ ਕਰ ਲਿਆ ਗਿਆ ਸੀ ਅਤੇ ਉਨ੍ਹਾਂ ਉਤੇ ਕੀਤੀ ਗਈ ਕਾਰਵਾਈ ਦੀਆਂ ਰਿਪੋਰਟਾਂ ਵੀ ਵਿਧਾਨ ਸਭਾ ਅੱਗੇ ਰੱਖੀਆਂ ਗਈਆਂ ਸਨ। ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਨੇ ਪਹਿਲੇ ਵਿੱਤ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਅਤੇ ਉਨ੍ਹਾਂ ਉਤੇ ਕੀਤੀ ਗਈ ਕਾਰਵਾਈ ਦਾ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਹੈ। ਇਸ ਨੇ ਕਿਹਾ ਹੈ ਕਿ :

(ੳ) ਰਾਜ ਦੇ ਪੰਜ ਟੈਕਸਾਂ ਦਾ 20% ਜਿਸ ਦੀ ਸਿਫਾਰਿਸ਼ ਪਹਿਲੇ ਵਿੱਤ ਕਮਿਸ਼ਨ ਦੁਆਰਾ ਕੀਤੀ ਗਈ ਸੀ, ਪੂਰੀ ਤਰ੍ਹਾਂ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਨਹੀਂ ਦਿੱਤਾ ਗਿਆ। ਬਜਟ ਵਿੱਚ ਕੀਤੀ ਗਈ 180.65 ਕਰੋੜ ਰੁਪਏ ਦੀ ਅਰੰਭਕ ਵਿਵਸਥਾ ਦੀ ਬਜਾਏ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਕੇਵਲ 78.04 ਕਰੋੜ ਹੀ ਸੌਂਪਿਆ ਗਿਆ ਜਿਸ ਨਾਲ 1996-97 ਤੋਂ 200-01 ਦੀ ਅਵਧੀ ਦੌਰਾਨ ਉਨ੍ਹਾਂ ਨੂੰ 102.61 ਕਰੋੜ ਰੁਪਿਆ ਘੱਟ ਮਿਲਿਆ। ਏਸ ਘਾਟੇ ਨਾਲ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਵਿੱਤੀ ਅਧਾਰ ਤੇ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ।

(ਅ) ਆਮ ਉਦੇਸ਼ਾਂ, ਵਿਸ਼ੇਸ਼ ਉਦੇਸ਼ਾਂ ਅਤੇ ਉਤਸ਼ਾਹ ਲਈ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ, ਜਿਨ੍ਹਾਂ ਦੀ ਸਿਫ਼ਾਰਿਸ਼ ਪਹਿਲੇ ਵਿੱਤ ਕਮਿਸ਼ਨ ਨੇ ਕੀਤੀ ਸੀ, ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਨਹੀਂ ਦਿੱਤੀਆਂ ਗਈਆਂ।

(ੲ) ਰਾਜ ਸਰਕਾਰ ਨੇ ਦੇਸੀ ਸ਼ਰਾਬ ਉਤੇ 7 ਤੋਂ 10% ਵਧੀਕ ਐਕਸਾਈਜ ਡਿਊਟੀ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਦੇਣੀ ਮੰਨ ਲਈ ਸੀ, ਪਰੰਤੂ ਏਸ ਐਕਸਾਈਜ ਡਿਊਟੀ ਨੂੰ 16% ਤੋਂ 20% ਤੱਕ ਵਧਾਉਣ ਅਤੇ ਇਸ ਦਾ ਭੁਗਤਾਨ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਕਰਨ ਦੀ ਸਿਫਾਰਸ਼ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ। ਨੀਲਾਮੀ ਅਤੇ ਐਕਸਾਈਜ ਡਿਊਟੀ ਤੋਂ ਮਿਲਣ ਵਾਲੇ ਧਨ ਵਿੱਚ ਉਨ੍ਹਾਂ ਦੇ ਹਿੱਸੇ ਦੀ 283.07 ਕਰੋੜ ਰੁਪਏ ਦੀ ਧਨ ਰਾਸ਼ੀ ਵਿੱਚੋਂ ਉਨ੍ਹਾਂ ਨੂੰ ਕੇਵਲ 231.87 ਕਰੋੜ ਹੀ ਦਿੱਤਾ ਗਿਆ।

(ਹ) ਉਪਭੋਗਤਾ ਖਰਚਿਆਂ ਨੂੰ ਯੁਕਤੀ-ਸੰਗਤ ਬਣਾਉਣ ਅਤੇ ਚੁੰਗੀ, ਸੰਪਤੀ-ਕਰ ਅਤੇ ਹੋਰ ਕਰਾਂ ਵਿੱਚ ਸੁਧਾਰ ਲਿਆਉਣ ਬਾਰੇ ਪਹਿਲੇ ਵਿੱਤ ਕਮਿਸ਼ਨ ਦੀਆਂ ਬਾਕੀ ਸਿਫਾਰਸ਼ਾਂ ਨੂੰ ਵੀ ਲਾਗੂ ਨਹੀਂ ਕੀਤਾ ਗਿਆ। ਕਰ-ਆਧਾਰਤ ਅਤੇ ਗੈਰ ਕਰ-ਅਧਾਰਤ ਆਮਦਨੀ ਦੇ ਪ੍ਰਸ਼ਾਸਨ, ਵਸੂਲੀ ਅਤੇ ਪ੍ਰਬੰਧ ਵਿੱਚ ਪਾਈਆਂ ਜਾਣ ਵਾਲੀਆਂ ਊਣਤਾਈਆਂ ਦੂਜੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਬਾਦ ਵੀ ਜਾਰੀ ਹਨ। ਕਿੱਤਿਆਂ, ਵਪਾਰਾਂ, ਧੰਦਿਆਂ ਅਤੇ ਰੁਜਗਾਰਾਂ ਉੱਤੇ ਕਰ ਸ਼ੁਰੂ ਨਹੀਂ ਕੀਤਾ ਗਿਆ। ਇਸ਼ਤਿਹਾਰਾਂ ਅਤੇ ਇਸ਼ਤਿਹਾਰੀ ਬੋਰਡਾਂ ਉੱਤੇ ਲਗਾਏ ਜਾ ਸਕਣ ਵਾਲੇ ਕਰ ਦੀ ਸੰਭਾਵਨਾ ਦਾ ਵੀ ਨਗਰ ਪਾਲਕਾਵਾਂ ਪੂਰਾ ਫਾਇਦਾ ਨਹੀਂ ਉਠਾ ਸਕੀਆਂ। ਗੈਰ ਕਰ-ਆਧਾਰਤ ਆਮਦਨੀ ਦੀ ਸਮੇਂ ਸਮੇਂ ਤੇ ਕੋਈ ਸਮੀਖਿਆ ਨਹੀਂ ਕੀਤੀ ਜਾਂਦੀ ਅਤੇ ਸਥਾਨਕ ਕਰਾਂ ਦੀ ਦਰ ਨਿਸ਼ਚਿਤ ਕਰਨ ਤੇ ਸਰਕਾਰ ਦਾ ਨਿਯੰਤਰਣ ਜਾਰੀ ਹੈ। ਇਸ ਉਦਾਸੀਨਤਾ ਦੇ ਨਤੀਜੇ ਵਜੋਂ ਨਗਰ ਪਾਲਕਾਵਾਂ ਲਗਾਤਾਰ ਵਿੱਤੀ ਤਣਾਅ ਵਿਚੋਂ ਗੁਜਰ ਰਹੀਆਂ ਹਨ ਅਤੇ ਬੁਨਿਆਦੀ ਢਾਂਚੇ ਦੀਆਂ ਜ਼ਰੂਰੀ ਯੋਜਨਾਵਾਂ ਸ਼ੁਰੂ ਕਰਨ ਤੋਂ ਅਸਮਰਥ ਹਨ।

ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਨੇ ਹੇਠ ਲਿਖੀਆਂ ਸਿਫਾਰਿਸ਼ਾਂ ਕੀਤੀਆਂ ਹਨ :

(ੳ) 2002-03 ਤੋਂ 2005-06 ਦੌਰਾਨ ਰਾਜ ਦੁਆਰਾ ਲਗਾਏ ਗਏ ਸਾਰੇ ਕਰਾਂ ਦੀ ਕੁੱਲ ਆਮਦਨੀ ਦਾ 4% ਸਥਾਨਕ ਸੰਸਥਾਵਾਂ ਨੂੰ ਸੌਂਪ ਦਿੱਤਾ ਜਾਣਾ ਚਾਹੀਦਾ ਹੈ ਅਤੇ ਏਸ ਰਾਸ਼ੀ ਨੂੰ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿਚਕਾਰ ਉਨ੍ਹਾਂ ਦੇ ਅਪਣੇ-ਅਪਣੇ ਇਲਾਕਿਆਂ ਵਿੱਚ 2001 ਦੀ ਜਨ-ਗਣਨਾ ਅਨੁਸਾਰ ਰਹਿ ਰਹੀ ਅਬਾਦੀ ਦੇ ਅਨੁਪਾਤ ਵਿੱਚ ਭਾਵ 32.43 : 67.57 ਜਾਂ 32.5 : 67.5 ਅਨੁਸਾਰ ਵੰਡ ਦੇਣਾ ਚਾਹੀਦਾ ਹੈ। ਉਪਰੋਕਤ ਅਵਧੀ ਦੌਰਾਨ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਦਿੱਤੀ ਜਾ ਸਕਣ ਵਾਲੀ ਕਰਾਂ ਦੀ ਅਨੁਮਾਨਤ ਰਾਸ਼ੀ 324.27 ਕਰੋੜ ਹੈ।

(ਅ) ਨਗਰ ਪਾਲਕਾਵਾਂ ਦੇ ਵਸੀਲਿਆਂ ਦੇ ਉਪਯੋਗ ਵਾਸਤੇ ਸੁਧਾਰਾਂ ਨੂੰ ਉਤਸ਼ਾਹ ਦੇਣ ਲਈ ਸ਼ਹਿਰੀ ਸਥਾਨਕ ਸੰਸਥਾਵਾਂ ਲਈ 10,000 ਕਰੋੜ ਰੁਪਏ ਦਾ ਪ੍ਰੇਰਕ ਫੰਡ ਸਥਾਪਤ ਕੀਤਾ ਜਾਵੇ। ਕਰਾਂ ਅਤੇ ਉਪਭੋਗਤਾ ਖਰਚਿਆਂ ਤੋਂ ਹੋਣ ਵਾਲੀ ਆਮਦਨੀ ਨੂੰ ਵਧਾਉਣ ਦੇ ਜਤਨਾਂ ਨੂੰ ਉਤਸ਼ਾਹ ਦੇਣ ਅਤੇ ਅਮਲੇ ਉਤੇ ਕੀਤੀ ਜਾਣ ਵਾਲੀ ਫਜ਼ੂਲਖਰਚੀ ਨੂੰ ਘਟਾਉਣ ਵਾਸਤੇ ਇਹ ਇੱਕ ਚੰਗੀ ਸਿਫਾਰਿਸ਼ ਹੈ। ਇਸ ਨੇ ਕਰਮਚਾਰੀਆਂ ਦੀ ਕਾਰਗੁਜਾਰੀ ਨਾਲ ਜੁੜੇ ਹੋਏ ਪ੍ਰੇਰਕ ਪੁਰਸਕਾਰਾਂ, ਕਰ ਚੋਰੀ ਰੋਕਣ ਅਤੇ ਕਰ ਦੇ ਪ੍ਰਸ਼ਾਸਨ ਵਿੱਚ ਸੁਧਾਰ ਲਈ ਕੰਪਿਊਟਰਾਂ ਦੀ ਵਰਤੋਂ ਅਤੇ ਖਰਚਿਆਂ ਵਿੱਚ ਬੱਚਤ ਦਾ ਵੀ ਸੁਝਾਅ ਦਿੱਤਾ ਹੈ।

ਭਾਵੇਂ ਰਾਜ ਸਰਕਾਰ ਨੇ ਦੂਜੇ ਵਿੱਤ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਮੰਜੂਰ ਕਰ ਲਿਆ, ਪਰ ਇਸ ਨੇ ਇਨ੍ਹਾਂ ਨੂੰ ਸਹੀ ਅਰਥਾਂ ਵਿੱਚ ਲਾਗੂ ਨਹੀਂ ਕੀਤਾ।

### (viii) ਕੇਂਦਰੀ ਵਿੱਤ ਕਮਿਸ਼ਨ ਤੋਂ ਮਿਲਣ ਵਾਲੀਆਂ ਗਰਾਂਟਾਂ (ਧਾਰਾ 280 (3) (C))

ਧਾਰਾ 280(3)(C) ਵਿੱਚ ਕਿਹਾ ਗਿਆ ਹੈ ਕਿ ਕੇਂਦਰੀ ਵਿੱਤ ਕਮਿਸ਼ਨ ਕਿਸੇ ਰਾਜ ਦੇ ਕਨਸੌਲੀਡੇਟਡ ਫੰਡ ਵਿੱਚ ਵਾਧਾ ਕਰਨ ਲਈ ਲੁੜੀਂਦੀ ਕਾਰਵਾਈ ਦਾ ਸੁਝਾਅ ਦੇ ਸਕਦਾ ਹੈ ਤਾਂ ਕਿ ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਰਾਜ ਦੀਆਂ ਨਗਰ ਪਾਲਕਾਵਾਂ ਦੇ ਵਿੱਤੀ ਸਾਧਨਾਂ ਦੀ ਅਨੁਪੂਰਤੀ ਕੀਤਾ ਜਾ ਸਕੇ। ਦਸਵੇਂ ਵਿੱਤ ਕਮਿਸ਼ਨ ਨੇ ਸਾਰੇ ਰਾਜਾਂ ਲਈ 10,000 ਕਰੋੜ ਰੁਪਏ ਦੀ ਉਚੇਚੀ ਵਿਵਸਥਾ ਕੀਤੀ ਹੈ ਜਿਸ ਵਿੱਚੋਂ ਗੰਦੀਆਂ ਬਸਤੀਆਂ ਦੀ ਅਬਾਦੀ (1971) ਦੇ ਅਨੁਪਾਤ ਦੇ ਅਧਾਰ ਤੇ ਪੰਜਾਬ ਨੂੰ ਕੁੱਲ ਗਰਾਂਟ ਦਾ 3.06% ਮਿਲਿਆ ਜਿਹੜਾ 1996-97 ਤੋਂ 1999-2000 ਦੀ ਅਵਧੀ ਵਾਸਤੇ 30.60 ਕਰੋੜ ਰੁਪਏ ਬਣਦਾ ਸੀ।

ਗਿਆਰ੍ਹਵੇਂ ਵਿੱਤ ਕਮਿਸ਼ਨ ਨੇ 2000-01 ਤੋਂ 2004-05 ਦੀ ਅਵਧੀ ਵਾਸਤੇ 400 ਕਰੋੜ ਰੁਪਏ ਸਲਾਨਾ ਦੀ ਦਰ ਨਾਲ ਦੇਸ਼ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਲਈ 2000 ਕਰੋੜ ਰੁਪਏ ਦੀ ਸਿਫਾਰਿਸ਼ ਕੀਤੀ। ਇਸ ਵਿੱਚੋਂ ਪੰਜਾਬ ਨੂੰ 10.94 ਕਰੋੜ ਸਲਾਨਾ ਦੀ ਦਰ ਨਾਲ 54.70 ਕਰੋੜ ਰੁਪਏ ਦਿੱਤੇ ਗਏ।

ਨਗਰ ਪਾਲਕਾਵਾਂ ਦੇ ਵਿੱਤੀ ਸਾਧਨਾਂ ਦੇ ਉਪਯੋਗ ਲਈ ਰਾਜ ਦੇ ਕਨਸੌਲੀਡੇਟਡ ਫੰਡ ਵਿੱਚ ਵਾਧੇ ਵਾਸਤੇ ਗਿਆਰ੍ਹਵੇਂ ਵਿੱਤ ਕਮਿਸ਼ਨ ਨੇ ਕਈ ਸੁਝਾਅ ਦਿੱਤੇ ਹਨ। ਇਸ ਵਿੱਚ ਭੂਮੀ ਕਰ, ਰਾਜ ਸਰਕਾਰ ਦੇ ਕਰਾਂ ਤੇ ਲਗਾਏ ਗਏ ਮਹਿਸੂਲ ਜਾਂ ਉਪ-ਕਰ ਜੋ ਸਥਾਨਕ ਸੰਸਥਾਵਾਂ ਨੂੰ ਮਿਲ ਸਕਦੇ ਹਨ, ਅਤੇ ਕਿੱਤਾ ਕਰ ਸ਼ਾਮਿਲ ਹਨ। ਸਥਾਨਕ ਵਿੱਤੀ ਸਾਧਨਾਂ ਦੇ ਉਪਯੋਗ ਵਾਸਤੇ ਭੂਮੀ ਕਰ ਦੀ ਵਸੂਲੀ ਅਤੇ ਉਪਭੋਗਤਾ ਖਰਚਿਆਂ ਨੂੰ ਅਜਿਹੇ ਢੰਗ ਨਾਲ ਨਿਸ਼ਚਿਤ ਕਰਨ ਦਾ ਸੁਝਾਅ ਦਿੱਤਾ ਗਿਆ ਹੈ ਕਿ ਸੇਵਾਵਾਂ ਦੇ ਸੰਚਾਲਨ ਅਤੇ ਸਾਂਭ-ਸੰਭਾਲ ਦੀ ਪੂਰੀ ਲਾਗਤ ਵਸੂਲ ਹੋ ਜਾਵੇ।

ਇਹ ਦੇਖਣ ਵਿੱਚ ਆਇਆ ਹੈ ਕਿ ਕੇਂਦਰੀ ਵਿੱਤੀ ਕਮਿਸ਼ਨ ਦੀ ਸਿਫਾਰਿਸ਼ ਤੇ ਮਿਲੇ ਹੋਏ ਫੰਡਾਂ ਦਾ ਰਾਜ ਸਰਕਾਰ ਸਮੇਂ ਸਿਰ ਭੁਗਤਾਨ ਨਹੀਂ ਕਰਦੀ ਅਤੇ ਨਾ ਹੀ ਸੁਝਾਏ ਹੋਏ ਪ੍ਰਸਤਾਵਾਂ ਰਾਹੀਂ ਨਗਰ ਪਾਲਕਾਵਾਂ ਦੇ ਵਿੱਤੀ ਸਾਧਨਾਂ ਨੂੰ ਵਧਾਉਣ ਲਈ ਚੁੱਕੇ ਜਾ ਸਕਣ ਵਾਲੇ ਕਦਮਾਂ ਤੇ ਅਮਲ ਕਰਨ ਦੀ ਹੀ ਕੋਈ ਕੋਸ਼ਿਸ਼ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚ ਸੰਪਤੀ ਕਰ ਤੋਂ ਇਲਾਵਾ ਉਪਭੋਗਤਾ ਖਰਚੇ ਸ਼ਾਮਿਲ ਹਨ ਤਾਂ ਕਿ ਨਾਗਰਿਕਾਂ ਨੂੰ ਉਪਲਬਧ ਕਰਵਾਈਆਂ ਜਾ ਰਹੀਆਂ ਸੇਵਾਵਾਂ ਦੇ ਸੰਚਾਲਨ ਅਤੇ ਸਾਂਭ-ਸੰਭਾਲ ਦੇ ਪੂਰੇ ਖਰਚੇ ਵਸੂਲੇ ਜਾ ਸਕਣ।

## 3. ਚੋਣਵੇਂ ਪ੍ਰਗਤੀਸ਼ੀਲ ਭਾਰਤੀ ਰਾਜਾਂ ਦੁਆਰਾ ਲੋਕਤੰਤਰੀ ਵਿਕੇਂਦਰੀਕਰਣ

ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਸ਼ਕਤੀ ਸੰਪੰਨ ਬਣਾਉਣ ਲਈ ਕੇਰਲ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਗੁਜਰਾਤ ਨੇ ਲੋਕਤੰਤਰੀ ਵਿਕੇਂਦਰੀਕਰਣ ਦੀ ਦਿਸ਼ਾ ਵਿੱਚ ਕਈ ਕਦਮ ਚੁੱਕੇ ਹਨ। ਵਿੱਤ ਅਤੇ ਕਾਰਜਾਂ ਸੰਬੰਧੀ ਵਿਕੇਂਦਰੀਕਰਣ ਦੇ ਉਪਰਾਲਿਆਂ ਨੇ ਸਥਾਨਕ ਸ਼ਾਸਨਾਂ ਨੂੰ ਰਾਜਨੀਤਕ ਤੌਰ ਤੇ ਸ਼ਕਤੀਸ਼ਾਲੀ ਬਣਾ ਦਿੱਤਾ ਹੈ। ਸਥਾਨਕ ਸ਼ਾਸਨਾਂ ਨੂੰ ਫੰਡ, ਜਿੰਮੇਵਾਰੀਆਂ ਅਤੇ ਅਮਲਾ ਸੌਂਪੇ ਜਾਣ ਨਾਲ ਇਹ ਸੰਸਥਾਵਾਂ ਮਜਬੂਤ ਹੋ ਗਈਆਂ ਹਨ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਇਸਤ੍ਰੀਆਂ ਸਮੇਤ ਸਮਾਜ ਦੇ ਸਾਰੇ ਵਰਗਾਂ ਦੇ ਬਹੁਤ ਸਾਰੇ ਲੋਕ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦਾ ਸੰਚਾਲਨ ਕਰਨ ਲਈ ਚੁਣੇ ਗਏ ਹਨ। ਇਨ੍ਹਾਂ ਰਾਜਾਂ ਵਿੱਚ ਸਥਾਨਕ ਸ਼ਹਿਰੀ ਲੀਡਰਸ਼ਿਪ ਦਾ ਮੁਹਾਂਦਰਾ ਬਦਲ ਰਿਹਾ ਹੈ। ਇਹ ਰਾਜ ਹੇਠਲੇ ਪੱਧਰਾਂ ਨੂੰ ਉਪਰ ਚੁੱਕ ਕੇ ਉਨ੍ਹਾਂ ਦੀ ਭਾਗੀਦਾਰੀ ਤੇ ਆਧਾਰਤ ਸ਼ਹਿਰੀ ਯੋਜਨਾਬੰਦੀ, ਸ਼ਾਸਨ ਅਤੇ ਵਿਕਾਸ ਦੇ ਕੰਮਾਂ ਨੂੰ ਉਤਸ਼ਾਹ ਦੇ ਰਹੇ ਹਨ। ਲੋਕਤੰਤਰੀ ਵਿਕੇਂਦਰੀਕਰਣ ਦੇ ਉਪਰਾਲਿਆਂ ਦਾ ਰਾਜ ਵਾਰ ਸੰਖੇਪ ਵਿਸ਼ਲੇਸ਼ਣ ਹੇਠਾਂ ਦਿੱਤਾ ਜਾ ਰਿਹਾ ਹੈ:

### (i) ਕੇਰਲ ਵਿੱਚ ਲੋਕਤੰਤਰੀ ਵਿਕੇਂਦਰੀਕਰਣ

'ਵਿਕੇਂਦਰੀਕਰਣ ਨਾਲ ਪ੍ਰਸ਼ਾਸਨਿਕ ਢਾਂਚੇ, ਕਾਰਜਾਂ ਅਤੇ ਸ਼ਕਤੀਆਂ ਦੀ ਵੰਡ ਅਤੇ ਸਾਧਨਾਂ ਦੇ ਨਿਯੰਤਰਣ ਵਿੱਚ ਕਈ ਪਰੀਵਰਤਨ ਆਉਂਦੇ ਹਨ। ਇਨ੍ਹਾਂ ਤਿੰਨਾਂ ਦਾ ਆਪਸੀ ਸੰਬੰਧ ਹੈ ਅਤੇ ਕਿਸੇ ਹੱਦ ਤੱਕ ਇਨ੍ਹਾਂ ਦੀ ਇੱਕੋ ਸਮੇਂ ਚਰਚਾ ਕਰਨੀ ਪਵੇਗੀ' (Isaac 2000)। ਕੇਰਲ ਸਰਕਾਰ ਨੇ ਰਾਜ ਵਿੱਚ ਜਲਦੀ ਹੀ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਹੱਕ ਵਿੱਚ ਸ਼ਕਤੀਆਂ, ਕਾਰਜਾਂ, ਫੰਡਾਂ ਅਤੇ ਅਮਲੇ ਦਾ ਵਿਕੇਂਦਰੀਕਰਣ ਕਰ ਦਿੱਤਾ। 74ਵੀਂ ਸੰਵਿਧਾਨਕ ਸੋਧ ਤੋਂ ਬਾਦ ਇਸ ਨੇ ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪਣ ਅਤੇ ਵਿਕੇਂਦਰੀਕਰਣ ਪੱਖੋਂ ਮਹੱਤਵਪੂਰਣ ਪ੍ਰਗਤੀ ਕੀਤੀ ਹੈ। ਸਭ ਤੋਂ ਹੇਠਲੇ ਪੱਧਰਾਂ ਤੇ ਲੋਕਤੰਤਰ ਨੂੰ ਦ੍ਰਿੜ੍ਹ ਬਣਾਉਣ ਦੇ ਉਦੇਸ਼ ਨਾਲ ਕੀਤੇ ਗਏ ਲੋਕਤੰਤਰੀ ਵਿਕੇਂਦਰੀਕਰਣ ਨੇ ਸਥਾਨਕ ਪ੍ਰਸ਼ਾਸਨਾਂ ਦੀ ਕਾਇਆ ਪਲਟ ਦਿੱਤੀ ਹੈ ਕਿਉਂਕਿ 1994 ਵਿੱਚ ਕੇਰਲ ਸਰਕਾਰ ਦੁਆਰਾ ਸੰਵਿਧਾਨਕ ਸੋਧ ਦੇ ਅਨੁਰੂਪ ਕਾਨੂੰਨ ਬਣਾਉਣ ਤੋਂ ਪਹਿਲਾਂ ਇਹ ਸ਼ਾਸਨ ਚੁਰਾਹੇ ਤੇ ਖੜ੍ਹੇ ਸਨ। ਸਥਾਨਕ ਸ਼ਾਸਨ ਦੀ ਮਜਬੂਤ ਪ੍ਰਣਾਲੀ ਨੇ ਲੋਕਾਂ ਨੂੰ ਸੁਤੰਤਰਤਾ ਨਾਲ ਅਪਣੀ ਪਸੰਦ ਪਰਗਟ ਕਰਨ ਅਤੇ ਅਪਣੇ ਹਿੱਤਾਂ ਦੀ

ਪੂਰਤੀ ਦੇ ਯੋਗ ਬਣਾਇਆ ਹੈ। ਸੰਵਿਧਾਨਕ ਸੋਧ ਦੇ ਅਨੁਰੂਪ ਕਾਨੂੰਨ ਬਣਾਏ ਜਾਣ ਬਾਦ ਨਿਰਮਿਤ ਹੋਏ ਸਥਾਨਕ ਸੰਗਠਨਾਤਮਕ ਢਾਂਚੇ ਸਥਾਨਕ ਰਾਜਨੀਤਕ ਭਾਗੀਦਾਰੀ ਦੇ ਮਹੱਤਵਪੂਰਣ ਵਸੀਲੇ ਬਣ ਗਏ ਹਨ। 1996 ਵਿੱਚ ਰਾਜ ਸਰਕਾਰ ਦੁਆਰਾ ਚਲਾਈ ਗਈ 'ਲੋਕਾਂ ਦੀ ਯੋਜਨਾਬੰਦੀ ਮੁਹਿੰਮ' ਇੱਕ ਮਹੱਤਵਪੂਰਣ ਰਾਜਨੀਤਕ ਉਪਰਾਲਾ ਸੀ ਜਿਸਦੇ ਨਤੀਜੇ ਵਜੋਂ ਸਥਾਨਕ ਸਵੈ-ਸ਼ਾਸਨ ਨੂੰ ਦ੍ਰਿੜ੍ਹ ਬਣਾਉਣ ਲਈ ਇੱਕ 'ਸਮਾਜਕ ਲਹਿਰ' ਚੱਲ ਪਈ। ਸ਼ਹਿਰਾਂ ਵਿੱਚ ਨੀਤੀਆਂ ਦੇ ਨਿਰਮਾਣ ਅਤੇ ਲਾਗੂ ਕਰਨ ਵਿੱਚ ਸਮੁਦਾ ਦੀ ਭਾਗੀਦਾਰੀ ਯਕੀਨੀ ਬਣਾ ਦਿੱਤੀ ਗਈ ਹੈ। ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੁਆਰਾ ਵਿਕਾਸ ਯੋਜਨਾਵਾਂ ਬਣਾਏ ਜਾਣ ਨਾਲ ਉਨ੍ਹਾਂ ਦਾ ਸੂਚਨਾ ਅਤੇ ਅੰਕੜਿਆਂ ਦਾ ਅਧਾਰ ਦ੍ਰਿੜ੍ਹ ਹੋ ਗਿਆ ਹੈ ਜਿਸ ਨਾਲ ਇਨ੍ਹਾਂ ਸੰਸਥਾਵਾਂ ਦੀ ਯੋਜਨਾ ਬਣਾਉਣ ਦੀ ਸਮਰਥਾ ਵਿੱਚ ਸੁਧਾਰ ਹੋਇਆ ਹੈ ਅਤੇ ਕਾਰਜ ਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਆਈ ਹੈ।

ਇਸਤ੍ਰੀਆਂ,ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਾਗੀਦਾਰੀ ਨੇ ਕੇਰਲ ਵਿੱਚ ਸਥਾਨਕ ਪੱਧਰ ਤੇ ਭਾਗੀਦਾਰੀ ਆਧਾਰਤ ਲੋਕਤੰਤਰ ਨੂੰ ਮਜਬੂਤ ਬਣਾਇਆ ਹੈ। ਜਾਤੀ ਵਿਵਸਥਾ, ਜਿਸਦਾ 74ਵੀਂ ਸੰਵਿਧਾਨਕ ਸੋਧ ਲਾਗੂ ਹੋਣ ਤੋਂ ਪਹਿਲਾਂ ਰਾਜ ਵਿੱਚ ਬੋਲਬਾਲਾ ਸੀ, ਹੁਣ ਫੈਸਲੇ ਲੈਣ ਵਿੱਚ ਸਮਾਜ ਦੇ ਸਾਰੇ ਵਰਗਾਂ ਦੀ ਵਧ ਰਹੀ ਭਾਗੀਦਾਰੀ ਨਾਲ ਢਿੱਲੀ ਪੈ ਰਹੀ ਨਜਰ ਆ ਰਹੀ ਹੈ। ਯੋਜਨਾਵਾਂ ਲਈ ਨਿਸ਼ਚਿਤ ਕੀਤੇ ਗਏ ਫੰਡ ਹੇਠਲੇ ਪੱਧਰਾਂ ਨੂੰ ਸੌਂਪੇ ਜਾਣ ਦੇ ਪ੍ਰੋਗਰਾਮ ਨਾਲ, ਅਨੁਪਾਤ ਦੇ ਲਿਹਾਜ਼ ਨਾਲ ਸਪੈਸ਼ਲ ਕੰਪੋਨੈਂਟ ਪਲੈਨ ਅਤੇ ਟ੍ਰਾਈਬਲ ਸਬ ਪਲੈਨ (ਕਬੀਲਿਆਂ ਸੰਬੰਧੀ ਉਪ-ਯੋਜਨਾ) ਨੂੰ ਚੰਗਾ ਮਹੱਤਵ ਦਿੱਤਾ ਗਿਆ ਹੈ। ਇਨ੍ਹਾਂ ਯੋਜਨਾਵਾਂ ਦਾ ਉਦੇਸ਼ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਹੈ। ਭਾਵੇਂ ਇਨ੍ਹਾਂ ਦੋ ਭਲਾਈ ਯੋਜਨਾਵਾਂ ਦੀ ਸ਼ੁਰੂਆਤ ਕੇਰਲ ਵਿੱਚ ਅੱਸੀਵਿਆਂ ਦੇ ਮੱਧ ਵਿੱਚ ਹੋਣੀ ਸੀ, ਕੇਵਲ ਪੀਪਲਜ਼ ਪਲੈਨ ਕੈਂਪੇਨ (ਲੋਕਾਂ ਦੀ ਯੋਜਨਾਬੰਦੀ ਮੁਹਿੰਮ) ਲਾਗੂ ਹੋਣ ਤੋਂ ਬਾਦ ਹੀ ਉਹ ਮੁੜ ਮਜਬੂਤ ਹੋਈਆਂ। ਏਸ ਮੁਹਿੰਮ ਨੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸੰਬੰਧ ਰੱਖਣ ਵਾਲੀਆਂ ਸਮੁਦਾਵਾਂ ਦੇ ਪ੍ਰਤੀਨਿਧਾਂ ਅਤੇ ਮੈਂਬਰਾਂ ਦੀ ਭਾਗੀਦਾਰੀ ਨੂੰ ਸੰਭਵ ਬਣਾਇਆ ਜਿਸਦੇ ਨਤੀਜੇ ਵਜੋਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਤੇ ਖਰਚੇ ਜਾਣ ਵਾਲੇ ਫੰਡਾਂ ਵਿੱਚ ਮਹੱਤਵਪੂਰਣ ਵਾਧਾ ਹੋਇਆ। ਏਸ ਮੁਹਿੰਮ ਤੋਂ ਬਾਦ ਕਮਜੋਰ ਵਰਗਾਂ ਦੀ ਭਲਾਈ ਲਈ ਮਿਲਣ ਵਾਲੇ ਫੰਡਾਂ ਵਿੱਚ ਵੀ ਕਾਫੀ ਵਾਧਾ ਹੋਇਆ ਹੈ।

### ੳ) ਕਾਰਜਾਂ ਦਾ ਵਿਕੇਂਦਰੀਕਰਣ

ਏਸ ਵੇਲੇ ਸਾਰੀਆਂ ਨਗਰਪਾਲਕਾਵਾਂ 74ਵੀਂ ਸੰਵਿਧਾਨਕ ਸੋਧ ਵਿੱਚ ਵਿਚਾਰੇ ਗਏ ਅਤੇ ਏਸ ਸੋਧ ਦੇ ਅਨੁਰੂਪ ਰਾਜ ਸਰਕਾਰ ਦੁਆਰਾ ਬਣਾਏ ਗਏ ਕਾਨੂੰਨ ਵਿੱਚ ਸ਼ਾਮਿਲ ਕੀਤੇ ਗਏ ਕਾਰਜ ਕਰ ਰਹੀਆਂ ਹਨ। ਸਾਰੇ ਮੁੱਖ-ਮੁੱਖ ਕਾਰਜ, ਜਿਵੇਂ ਉਹ ਸੰਵਿਧਾਨ ਦੀ 12ਵੀਂ ਸੂਚੀ ਵਿੱਚ ਦਰਜ ਹਨ (ਕੁੱਲ 18 ਕਾਰਜ) ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪ ਦਿੱਤੇ ਗਏ ਹਨ। ਕੇਰਲ ਨਗਰ ਪਾਲਕਾ ਐਕਟ ਵਿੱਚ ਸਥਾਨਕ ਸਵੈ-ਸ਼ਾਸਨ ਦੇ ਵੱਖ-ਵੱਖ ਪੱਧਰਾਂ ਦੇ ਕਾਰਜ ਖੇਤਰਾਂ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ।

ਕੇਰਲ ਵਿੱਚ ਰਾਜ ਦੇ ਦੂਜੇ ਵਿੱਤ ਕਮਿਸ਼ਨ ਨੇ ਵਿਕੇਂਦਰੀਕਰਣ ਦੇ ਵਿਸਥਾਰ ਦਾ ਵਿਸ਼ਲੇਸ਼ਣ ਕੀਤਾ ਹੈ। ਸਿਹਤ ਦੇ ਖੇਤਰ ਵਿੱਚ ਮੈਡੀਕਲ ਕਾਲਜਾਂ ਅਤੇ ਵੱਡੇ ਖੇਤਰੀ ਵਿਸ਼ੇਸ਼ ਸੁਵਿਧਾਵਾਂ ਵਾਲੇ ਹਸਪਤਾਲਾਂ ਨੂੰ ਛੱਡ ਕੇ ਸਾਰੇ ਅਦਾਰਿਆਂ ਨੂੰ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਨਿਯੰਤਰਣ ਅਧੀਨ ਕਰ ਦਿੱਤਾ ਗਿਆ ਹੈ। ਸਿੱਖਿਆ ਦੇ ਖੇਤਰ ਵਿੱਚ ਸ਼ਹਿਰੀ ਇਲਾਕਿਆਂ ਦੇ ਸਾਰੇ ਸਕੂਲਾਂ ਦਾ ਨਿਯੰਤਰਣ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਦੇ ਦਿੱਤਾ ਗਿਆ ਹੈ। ਗਰੀਬੀ ਘਟਾਉਣ ਦੀ ਜਿੰਮੇਵਾਰੀ ਵੀ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੀ ਹੀ ਹੈ। ਜਿੱਥੇ ਤੱਕ ਸਮਾਜ ਭਲਾਈ ਦਾ ਸਵਾਲ ਹੈ, ਬਾਲ ਅਪਰਾਧੀਆਂ ਬਾਰੇ ਕਾਨੂੰਨੀ ਜਿੰਮੇਵਾਰੀਆਂ ਨੂੰ ਛੱਡ ਕੇ, ਬਾਕੀ ਸਾਰੀਆਂ ਜਿੰਮੇਵਾਰੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਦੇ ਦਿੱਤੀਆਂ ਗਈਆਂ ਹਨ। ਏਕੀਕ੍ਰਿਤ ਬਾਲ ਵਿਕਾਸ ਯੋਜਨਾ ਵੀ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਲਾਗੂ ਕੀਤੀ ਜਾਂਦੀ ਹੈ। ਅਪੰਗ ਵਿਅਕਤੀਆਂ ਦੀ ਦੇਖ-ਭਾਲ ਕਾਫੀ ਹੱਦ ਤੱਕ ਸਥਾਨਕ ਸ਼ਾਸਨ ਦੀ ਹੀ ਜਿੰਮੇਵਾਰੀ ਬਣ ਗਈ ਹੈ। ਰਾਜ ਮਾਰਗਾਂ ਅਤੇ ਜ਼ਿਲ੍ਹੇ ਦੀਆਂ ਮੁੱਖ-ਮੁੱਖ ਸੜਕਾਂ ਤੋਂ ਸਿਵਾਇ, ਬਾਕੀ ਰਸਤਿਆਂ ਦੀ ਜਿੰਮੇਵਾਰੀ ਸਥਾਨਕ ਸ਼ਾਸਨ ਦੀ ਬਣ ਚੁੱਕੀ ਹੈ। ਸਫਾਈ ਪ੍ਰਬੰਧ ਅਤੇ ਦਿਹਾਤੀ

ਇਲਾਕੇ ਦੀ ਲਗਭਗ ਸਾਰੀ ਜਲ-ਪੂਰਤੀ ਦੀ ਜਿੰਮੇਵਾਰੀ ਵੀ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੀ ਹੈ। ਬਹੁਤ ਛੋਟੇ, ਕੁਟੀਰ ਅਤੇ ਛੋਟੇ ਉਦਯੋਗਾਂ ਨੂੰ ਉਤਸ਼ਾਹਤ ਕਰਨ ਦੀ ਜਿੰਮੇਵਾਰੀ ਜਿਆਦਾਤਰ ਸਥਾਨਕ ਸ਼ਾਸਨ ਦੀ ਹੈ। ਭਲਾਈ ਪੈਨਸ਼ਨਾਂ ਵੀ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੁਆਰਾ ਹੀ ਦਿੱਤੀਆਂ ਜਾਂਦੀਆਂ ਹਨ।

### ਅ. ਵਿੱਤੀ ਵਿਕੇਂਦਰੀਕਰਣ

ਫਰਵਰੀ 1996 ਵਿੱਚ ਕੇਰਲ ਸਰਕਾਰ ਦੁਆਰਾ ਪੇਸ਼ ਕੀਤਾ ਗਿਆ ਬਜਟ ਵਿੱਤੀ ਵਿਕੇਂਦਰੀਕਰਣ ਦੀ ਦਿਸ਼ਾ ਵਿੱਚ ਇਕ ਮਹੱਤਵਪੂਰਣ ਮੀਲ-ਪੱਥਰ ਹੈ। ਰਾਜ ਦੇ ਦੂਜੇ ਵਿੱਤ ਕਮਿਸ਼ਨ ਦੀ ਰਿਪੋਰਟ ਮੁਤਾਬਕ ਇਸ ਨੇ ਸੰਯੁਕਤ ਫੰਡਾਂ ਦੇ ਸੰਕਲਪ ਦਾ ਵਿਸਥਾਰ ਕੀਤਾ ਹੈ। ਬਜਟ ਵਿੱਚ ਕਾਰਜ ਪ੍ਰਣਾਲੀ ਸੰਬੰਧੀ ਦੋ ਮਹੱਤਵਪੂਰਣ ਨਵੀਆਂ ਕਾਢਾਂ ਸਨ। ਪਹਿਲੀ ਇਹ ਸੀ ਕਿ ਸਥਾਨਕ ਸ਼ਾਸਨਾਂ ਦੇ ਬਜਟ ਲਈ ਇੱਕ ਵੱਖਰੇ ਦਸਤਾਵੇਜ ਦਾ ਵਿਚਾਰ ਸਥਾਪਤ ਹੋ ਗਿਆ। ਇਸੇ ਵਿੱਚ ਇਨ੍ਹਾਂ ਸੰਸਥਾਵਾਂ ਲਈ ਖਰਚੇ ਦੀ ਇੱਕ ਵੱਖਰੀ ਮੱਦ ਬਣਾਉਣ ਦੀ ਵਿਵਸਥਾ ਵੀ ਕਰ ਦਿੱਤੀ ਗਈ ਜਿਸ ਵਿੱਚ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਦਿੱਤੀਆਂ ਗਈਆਂ ਗਰਾਂਟਾਂ ਅੰਕਿਤ ਸਨ ਅਤੇ ਜਿਸ ਨਾਲ ਵਿਭਾਗੀ ਮੁਖੀ ਧਨ ਰਾਸ਼ੀ ਇਨ੍ਹਾਂ ਸੰਸਥਾਵਾਂ ਦੇ ਖਾਤੇ ਵਿੱਚ ਜਮ੍ਹਾਂ ਕਰ ਸਕਦੇ ਸਨ। ਇਸ ਤਰ੍ਹਾਂ ਸਥਾਨਕ ਸ਼ਾਸਨਾਂ ਨੂੰ ਦਿੱਤੇ ਜਾਣ ਵਾਲੇ ਸਾਧਨਾਂ ਨੂੰ ਵਿਧਾਨ ਸਭਾ ਦੀ ਮੰਜੂਰੀ ਮਿਲ ਗਈ ਅਤੇ ਗਰਾਂਟਸ-ਇਨ-ਏਡ ਲਈ ਜਿਹੜੀਆਂ ਕਿ ਕੇਵਲ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਹੀ ਦਿੱਤੀਆਂ ਜਾ ਸਕਦੀਆਂ ਸਨ, ਇੱਕ ਵੱਖਰੀ ਉਪ-ਪ੍ਰਣਾਲੀ ਦਾ ਨਿਰਮਾਣ ਹੋ ਗਿਆ। ਦੂਸਰੀ ਕਾਢ ਦਾ ਸੰਬੰਧ ਵਿਭਾਗੀ ਯੋਜਨਾ ਹਿੱਤ ਆਉਣ ਵਾਲੀਆਂ ਕੁੱਝ ਸਕੀਮਾਂ ਨੂੰ ਇਸ ਪ੍ਰਣਾਲੀ ਵਿੱਚ ਲਿਆਉਣ ਨਾਲ ਹੈ। ਇਹ ਰਾਜ ਸਰਕਾਰ ਦੀ ਸਰਪ੍ਰਸਤੀ ਹੇਠ ਚੱਲਣ ਵਾਲੀਆਂ ਸਕੀਮਾਂ ਹਨ ਜਿਹੜੀਆਂ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਯੋਜਨਾ ਤਹਿਤ ਮਿਲਣ ਵਾਲੀ ਗਰਾਂਟ-ਇਨ-ਏਡ ਦਾ ਦਸਵਾਂ ਹਿੱਸਾ ਹਨ। ਇਹ ਸਕੀਮਾਂ ਰਾਜ ਜਾਂ ਕੇਂਦਰੀ ਸਰਕਾਰ ਦੁਆਰਾ ਦਿੱਤੀ ਗਈ ਸੇਧ ਅਨੁਸਾਰ ਸਥਾਨਕ ਸੰਸਥਾਵਾਂ ਦੁਆਰਾ ਲਾਗੂ ਕੀਤੀਆਂ ਜਾਂਦੀਆਂ ਹਨ। ਵਿਕੇਂਦਰੀਕਰਣ ਵੀ ਪ੍ਰਕਿਰਿਆ ਦਾ ਸਭ ਤੋਂ ਵੱਧ ਮਹੱਤਵਪੂਰਣ ਮੀਲ ਪੱਥਰ 1996 ਵਿੱਚ ਯੋਜਨਾ ਅਧੀਨ ਮਿਲੇ ਹੋਣ ਸਾਧਨਾਂ ਦਾ 35-40% ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਦੇਣ ਦਾ ਫੈਸਲਾ ਅਤੇ ਪੀਪਲਜ਼ ਪਲੈਨਿੰਗ ਮੁਹਿੰਮ ਦੀ ਸ਼ੁਰੂਆਤ ਹੈ ਜਿਸ ਦਾ ਉਦੇਸ਼ ਵਿਕੇਂਦਰੀਕਰਣ ਲਈ ਇੱਕ ਢਾਂਚੇ ਦਾ ਨਿਰਮਾਣ ਕਰਨਾ ਹੈ।

### ੲ) ਯੋਜਨਾ ਤੋਂ ਇਲਾਵਾ ਗਰਾਂਟ-ਇਨ ਏਡ:

ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੇ ਸਪੁਰਦ ਕੀਤੇ ਹੋਏ ਅਦਾਰਿਆਂ ਦੇ ਸੰਚਾਲਨ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਲਈ ਯੋਜਨਾ ਤੋਂ ਬਾਹਰ ਦੀ ਗਰਾਂਟ-ਇਨ-ਏਡ ਦੀ ਵੀ ਵਿਵਸਥਾ ਹੈ। ਰਾਜ ਸਰਕਾਰ ਤਨਖਾਹਾਂ ਦੇ ਨਾਲ ਨਾਲ ਸੰਚਾਲਨ ਅਤੇ ਸਾਂਭ-ਸੰਭਾਲ ਦੇ ਖਰਚੇ ਵੀ ਉਠਾਉਂਦੀ ਹੈ ਜਿਨ੍ਹਾਂ ਵਿੱਚ ਹਸਪਤਾਲਾਂ ਲਈ ਦਵਾਈਆਂ, ਸਕੂਲਾਂ ਲਈ ਬੁਨਿਆਦੀ ਢਾਂਚਾ ਅਤੇ ਸੇਵਾਵਾਂ, ਅਤੇ ਸ਼ਹਿਰ ਦੀ ਸੀਮਾ ਅੰਦਰ ਸੜਕਾਂ ਤੇ ਹੋਣ ਵਾਲੇ ਖਰਚ ਸ਼ਾਮਲ ਹਨ। ਭਾਵੇਂ ਯੋਜਨਾ ਤੋਂ ਬਾਹਰ ਮਿਲਣ ਵਾਲੀਆਂ ਗਰਾਂਟਾਂ ਸਥਾਨਕ ਸੰਸਥਾਵਾਂ ਲਈ ਕਾਫੀ ਨਹੀਂ ਹਨ ਕਿੰਤੂ ਸੰਦੇਸ਼ ਸਪਸ਼ਟ ਹੈ ਕਿ ਅਮਲੇ ਦਾ ਖਰਚ ਉਠਾਉਣ ਵਿੱਚ ਸਰਕਾਰ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਵਿੱਤੀ ਅਧਾਰ ਨੂੰ ਮਜਬੂਤ ਬਣਾਉਣ ਦੀ ਇੱਛਾ ਰਖਦੀ ਹੈ।

### ਸ. ਸੰਸਥਾਵਾਂ ਦਾ ਨਿਰਮਾਣ ਅਤੇ ਦ੍ਰਿੜੀਕਰਣ

ਵਿਕੇਂਦਰੀਕਰਣ ਨੇ ਸਥਾਨਕ ਪੱਧਰ ਤੇ ਸੰਸਥਾਗਤ ਕਾਰਜ ਪ੍ਰਣਾਲੀ ਨੂੰ ਦ੍ਰਿੜ ਬਣਾਇਆ ਹੈ। ਸ਼ਕਤੀਆਂ ਦੇ ਵਿਕੇਂਦਰੀਕਰਣ ਬਾਰੇ ਬਣਾਈ ਗਈ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਗਿਆ ਅਤੇ 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਸ਼ੁਰੂ ਕੀਤੀ ਗਈ। ਇਸ ਦਾ ਉਦੇਸ਼ ਚੁਣੇ ਹੋਏ ਪ੍ਰਤੀਨਿਧਾਂ, ਕਰਮਚਾਰੀਆਂ, ਨਾਗਰਿਕਾਂ ਦੇ ਸਮੂਹਾਂ ਅਤੇ ਵਿਅਕਤੀਆਂ ਨੂੰ ਇਸ ਯੋਗ ਬਣਾਉਣਾ ਸੀ ਕਿ ਉਹ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੀ ਅਪਣੇ ਕਾਰਜ ਕੁਸ਼ਲਤਾਪੂਰਵਕ ਪੂਰੇ ਕਰਨ ਵਿੱਚ ਸਹਾਇਤਾ ਕਰ ਸਕਣ। ਕੇਰਲ ਸਰਕਾਰ ਨੇ ਸੇਨ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਕੇਰਲ ਨਗਰ ਪਾਲਕਾ ਐਕਟ 1994 ਵਿੱਚ ਸੋਧ ਕੀਤੀ। ਇਲਾਕਾਈ ਸਮੂਹ, ਖੇਤਰੀ ਵਿਕਾਸ ਸਭਾਵਾਂ,

ਸਮੁਦਾ ਵਿਕਾਸ ਸਭਾਵਾਂ, ਵਾਰਡ ਸਭਾਵਾਂ ਅਤੇ ਜ਼ਿਲ੍ਹਾ ਪੱਧਰੀ ਯੋਜਨਾਬੰਦੀ ਕਮੇਟੀਆਂ ਦਾ ਗਠਨ ਕੀਤਾ ਗਿਆ ਅਤੇ ਰਾਜ ਵਿਚ ਭਾਗੀਦਾਰੀ ਆਧਾਰਤ ਲੋਕਤੰਤਰ ਨੂੰ ਇਕ ਸੰਸਥਾ ਦੇ ਤੌਰ ਤੇ ਮਜਬੂਤ ਬਣਾਉਣ ਲਈ ਉਨ੍ਹਾਂ ਦੀ ਸਮਰਥਾ ਵਿੱਚ ਵਾਧਾ ਕੀਤਾ ਗਿਆ।

### ਹ) 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ: ਵਾਸਤਵਿਕ ਲੋਕਤੰਤਰੀ ਵਿਕੇਂਦਰੀਕਰਣ ਵੱਲ ਇਕ ਕਦਮ:

ਕੇਰਲ ਵਿੱਚ ਲੋਕਤੰਤਰੀ ਵਿਕੇਂਦਰੀਕਰਣ ਦੇ ਇਤਿਹਾਸ ਵਿੱਚ 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਨੂੰ ਇਕ ਮੀਲ ਪੱਥਰ ਸਮਝਿਆ ਜਾਂਦਾ ਹੈ। ਇਸਨੇ ਲੋਕਾਂ ਨੂੰ ਦਲਗਤ ਰਾਜਨੀਤੀ ਤੋਂ ਉੱਪਰ ਉੱਠ ਕੇ ਸਥਾਨਕ ਯੋਜਨਾਬੰਦੀ ਅਤੇ ਵਿਕਾਸ ਦੇ ਕੰਮਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਹ ਮੁਹਿੰਮ ਵਿਕੇਂਦਰੀਕ੍ਰਿਤ ਵਿਕਾਸ ਦਾ ਕਾਰਜਕ੍ਰਮ ਨਿਸ਼ਚਿਤ ਕਰਨ ਵਿਚ ਸਫਲ ਰਹੀ ਹੈ। ਅਤੇ ਇਸ ਨਾਲ ਸਥਾਨਕ ਵਿਕਾਸ ਲਈ ਭਾਗੀਦਾਰੀ ਆਧਾਰਤ ਯੋਜਨਾ ਬਣਾਉਣ ਲਈ ਇਕ ਠੋਸ ਵਿਧੀ ਦਾ ਨਿਰਮਾਣ ਹੋਇਆ ਹੈ। ਏਸ ਵਿਧੀ ਦੇ ਮੁੱਖ ਮੁੱਖ ਪੜਾਅ ਹਨ: ਜਰੂਰਤਾਂ ਦੀ ਪਹਿਚਾਣ ਕਰਨੀ, ਸਥਿਤੀ ਦਾ ਵਿਸ਼ਲੇਸ਼ਣ ਕਰਨਾ, ਰਣਨੀਤੀ ਤੈਅ ਕਰਨੀ, ਯੋਜਨਾਵਾਂ ਪ੍ਰਸਤਾਵਤ ਕਰਨਾ, ਯੋਜਨਾਵਾਂ ਨੂੰ ਅੰਤਮ ਰੂਪ ਦੇਣਾ, ਯੋਜਨਾਵਾਂ ਦਾ ਸੰਸ਼ੋਧਨ ਕਰਨਾ ਅਤੇ ਯੋਜਨਾਵਾਂ ਮੰਜ਼ੂਰ ਕਰਨਾ। ਸਾਰਣੀ-22 ਵਿੱਚ 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਦੇ ਵੱਖ-ਵੱਖ ਪੜਾਵਾਂ, ਉਦੇਸ਼ਾਂ ਅਤੇ ਗਤੀਵਿਧੀਆਂ ਦੀ ਇਕ ਸੰਖੇਪ ਝਾਤ ਦਿੱਤੀ ਗਈ ਹੈ:

**ਸਾਰਣੀ-22**

**ਲੋਕ ਮੁਹਿੰਮ 1997-98 ਦੇ ਵੱਖ-ਵੱਖ ਪੜਾਅ**

| ਪੜਾਅ | ਅਵਧੀ | ਉਦੇਸ਼ | ਗਤੀਵਿਧੀਆਂ | ਜਨਤਾ ਦੀ ਭਾਗੀਦਾਰੀ |
|---|---|---|---|---|
| I. ਗਰਾਮ ਸਭਾ | ਅਗਸਤ-ਅਕਤੂਬਰ 1997 | ਲੋਕਾਂ ਦੁਆਰਾ ਮਹਿਸੂਸ ਕੀਤੀਆਂ ਜਾ ਰਹੀਆਂ ਜਰੂਰਤਾਂ ਨੂੰ ਪਹਿਚਾਨਣਾ | ਦਿਹਾਤੀ ਇਲਾਕਿਆਂ ਵਿੱਚ ਗਰਾਮ ਸਭਾਵਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਵਾਰਡ ਸਭਾਵਾਂ | ਗਰਾਮ ਸਭਾਵਾਂ ਵਿੱਚ 25 ਲੱਖ ਵਿਅਕਤੀ ਹਾਜ਼ਰ ਹੋਏ। |
| II.ਵਿਕਾਸ ਸੈਮੀਨਾਰ | ਅਕਤੂਰ-ਦਿਸੰਬਰ 1997 | ਸਾਧਨਾਂ ਅਤੇ ਸਮੱਸਿਆਵਾਂ ਦਾ ਵਸਤੂਗਤ ਮੁਲਾਂਕਣ ਅਤੇ ਸਥਾਨਕ ਵਿਕਾਸ ਪਰਿਪੇਖ ਦਾ ਨਿਰਮਾਣ | ਭਾਗੀਦਾਰੀ ਆਧਾਰਤ ਅਧਿਐਨ: ਵਿਕਾਸ ਸੰਬੰਧੀ ਰਿਪੋਰਟਾਂ ਤਿਆਰ ਕਰਨੀਆਂ, ਵਿਕਾਸ ਸੰਬੰਧੀ ਸੈਮੀਨਾਰਾਂ ਦਾ ਆਯੋਜਨ ਕਰਨਾ | 3 ਲੱਖ ਡੈਲੀਗੇਟਾਂ ਨੇ ਸੈਮੀਨਾਰਾਂ ਵਿੱਚ ਭਾਗ ਲਿਆ। |
| III. ਟਾਸਕ ਫੋਰਸਾਂ | ਨਵੰਬਰ 1997- ਮਾਰਚ 1998 | ਯੋਜਨਾਵਾਂ ਦੀ ਤਿਆਰੀ | ਟਾਸਕ ਫੋਰਸਾਂ ਦੀਆਂ ਇਕੱਤਰਤਾਵਾਂ | ਟਾਸਕ ਫੋਰਸਾਂ ਵਿੱਚ 1 ਲੱਖ ਸਵੈ-ਸੇਵਕ |
| IV. ਸਭ ਤੋਂ ਹੇਠਲੇ ਪੱਧਰ ਦੀਆਂ ਯੋਜਨਾਵਾਂ | ਮਾਰਚ-ਜੂਨ 1998 | ਸਭ ਤੋਂ ਹੇਠਲੇ ਪੱਧਰਾਂ ਦੀਆਂ ਯੋਜਨਾਵਾਂ ਬਣਾਉਣਾ | ਯੋਜਨਾਵਾਂ ਦੀ ਤਿਆਰੀ, ਚੁਣੇ ਹੋਏ ਪ੍ਰਤੀਨਿਧਾਂ ਦੀਆਂ ਇਕੱਤਰਤਾਵਾਂ | ਯੋਜਨਾਵਾਂ ਦੇ ਦਸਤਾਵੇਜ ਤਿਆਰ ਕਰਨ ਵਿੱਚ 25000 ਸਵੈ-ਸੇਵਕਾਂ ਨੇ ਭਾਗ ਲਿਆ। |
| V. ਉੱਪਰਲੇ ਪੱਧਰਾਂ ਦੀਆਂ ਯੋਜਨਾਵਾਂ | ਅਪ੍ਰੈਲ-ਜੁਲਾਈ 1998 | ਉੱਪਰਲੇ ਪੱਧਰਾਂ ਦੀਆਂ ਯੋਜਨਾਵਾਂ ਬਣਾਉਣਾ | ਯੋਜਨਾਵਾਂ ਦੀ ਤਿਆਰੀ, ਚੁਣੇ ਹੋਏ ਪ੍ਰਤੀਨਿਧਾਂ ਦੀਆਂ ਇਕੱਤਰਤਾਵਾਂ | ਯੋਜਨਾਵਾਂ ਦੇ ਦਸਤਾਵੇਜ ਤਿਆਰ ਕਰਨ ਵਿਚ 5000 ਸਵੈ-ਸੇਵਕਾਂ ਨੇ ਭਾਗ ਲਿਆ। |
| VI. ਸਵੈ-ਸੇਵਕ ਤਕਨੀਕੀ ਦਸਤਾ | ਮਈ-ਅਕਤੂਬਰ 1998 | ਯੋਜਨਾਵਾਂ ਦਾ ਮੁਲਾਂਕਣ ਅਤੇ ਮੰਜ਼ੂਰੀ | ਮਾਹਿਰਾਂ ਦੀ ਕਮੇਟੀ ਦੀਆਂ ਇਕੱਤਰਤਾਵਾਂ | ਮੁਲਾਂਕਣ ਕਮੇਟੀ ਵਿੱਚ 5000 ਸਵੈ-ਸੇਵਕ ਤਕਨੀਕੀ ਮਾਹਿਰਾਂ ਨੇ ਕੰਮ ਕੀਤਾ। |

'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਨੇ ਸਥਾਨਕ ਅਗੇਤਾਂ ਦੇ ਮੁਤਾਬਕ ਯੋਜਨਾਵਾਂ ਪ੍ਰਸਤਾਵਿਤ ਕਰਨ ਅਤੇ ਬਣਾਉਣ ਦੀ ਸੁਤੰਤਰਤਾ ਦੇ ਕੇ ਵਿਕੇਂਦਰੀਕ੍ਰਿਤ ਯੋਜਨਾਬੰਦੀ ਨੂੰ ਮਜ਼ਬੂਤ ਬਣਾਇਆ ਹੈ। ਏਸ ਮੁਹਿੰਮ ਅਧੀਨ ਸਮਰਥਾ ਨਿਰਮਾਣ ਲਈ ਪ੍ਰਭਾਵਸ਼ਾਲੀ ਜਤਨ ਕੀਤੇ ਗਏ। ਰਾਜ ਪੱਧਰ ਤੇ ਸਰਕਾਰ ਵਿਚੋਂ ਅਤੇ ਇਸਦੇ ਬਾਹਰੋਂ, ਵੱਖ-ਵੱਖ ਯੋਗਤਾਵਾਂ ਵਾਲੇ 600 ਪ੍ਰਮੁੱਖ ਸਹਾਇਕ ਵਿਅਕਤੀਆਂ ਦੀ ਪਹਿਚਾਣ ਕੀਤੀ ਗਈ। ਜ਼ਿਲ੍ਹਾ ਪੱਧਰ ਤੇ ਲਗਭਗ 10,000 ਅਜਿਹੇ ਵਿਅਕਤੀਆਂ ਅਤੇ ਸਥਾਨਕ ਸ਼ਾਸਨ ਦੇ ਪੱਧਰ ਤੇ ਲਗਭਗ 100,000 ਅਜਿਹੇ ਵਿਅਕਤੀਆਂ ਦੀ ਪਹਿਚਾਣ ਕੀਤੀ ਗਈ।

ਜ਼ਿਲ੍ਹਾ ਅਤੇ ਸਥਾਨਕ ਪੱਧਰ ਦੇ ਅਜਿਹੇ ਵਿਅਕਤੀਆਂ ਦੀ ਪਹਿਚਾਣ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੁਆਰਾ ਸਰਕਾਰੀ ਮੁਲਾਜ਼ਮਾਂ, ਪੇਸ਼ਾਵਰ ਮਹਿਰਾਂ ਅਤੇ ਕਾਰਜ ਕਰਤਾਵਾਂ ਵਿਚੋਂ ਕੀਤੀ ਗਈ। ਟਾਸਕ ਫੋਰਸ ਦੇ ਮੈਂਬਰਾਂ ਨੂੰ ਅਪਣੇ ਅਪਣੇ ਵਿਸ਼ੇ ਵਿੱਚ ਉੱਚ-ਪੱਧਰ ਦੀ ਤਕਨੀਕੀ ਸਿਖਲਾਈ ਦੇਣ ਲਈ ਮੈਡੀਕਲ ਕਾਲਜਾਂ, ਖੇਤੀਬਾੜੀ ਯੂਨੀਵਰਸਿਟੀ, ਜਲ ਸੰਸਾਧਨ ਵਿਕਾਸ ਅਤੇ ਪ੍ਰਬੰਧ ਕੇਂਦਰ ਵਰਗੀਆਂ ਸੰਸਥਾਵਾਂ ਦਾ ਉਪਯੋਗ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੇ ਸਫਲਤਾਪੂਰਣ ਵਿਧੀਆਂ ਵਿਕਸਤ ਕੀਤੀਆਂ ਹਨ, ਉਨ੍ਹਾਂ ਦੀ ਸਹਾਇਤਾ ਨਾਲ ਆਸ-ਪਾਸ ਦੀਆਂ ਸਥਾਨਕ ਸੰਸਥਾਵਾਂ ਨੂੰ ਇਨ੍ਹਾਂ ਵਿਧੀਆਂ ਤੋਂ ਜਾਣੂੰ ਕਰਵਾਇਆ ਜਾਂਦਾ ਹੈ।

ਲੋਕਤੰਤਰੀ ਵਿਕੇਂਦਰੀਕਰਣ ਨਾਲ ਗਰੀਬੀ ਹਟਾਉਣ ਦੇ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ ਅਤੇ ਇਸ ਨੂੰ ਲਾਗੂ ਕਰਨ ਵਿਚ ਗਰੀਬ ਇਸਤ੍ਰੀਆਂ ਦੀ ਭਾਗੀਦਾਰੀ ਯਕੀਨੀ ਬਣੀ ਹੈ। ਇਲਾਕਾਈ ਸਮੂਹਾਂ, ਖੇਤਰੀ ਵਿਕਾਸ ਸਭਾਵਾਂ ਅਤੇ ਸਮੁਦਾ ਵਿਕਾਸ ਸਭਾਵਾਂ ਦਾ ਗਠਨ ਕਰਕੇ ਇਨ੍ਹਾਂ ਸੰਗਠਨਾਂ ਰਾਹੀਂ ਕਦੰਬ ਸ਼੍ਰੀ ਪ੍ਰੋਗਰਾਮ ਲਾਗੂ ਕੀਤਾ ਗਿਆ।ਲੋਕਤੰਤਰੀ ਵਿਕੇਂਦਰੀਕਰਣ ਦੇ ਸਿਧਾਂਤਾਂ ਤੇ ਆਧਾਰਤ ਵਿਕਾਸ ਦੇ ਇੱਕ ਆਦਰਸ਼ ਤੇ ਕੰਮ ਚਲਾਊ ਪ੍ਰਯੋਗ ਦੇ ਤੌਰ ਤੇ ਇਸਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਸਲਾਹਿਆ ਗਿਆ ਹੈ।

### ii ਮੱਧ ਪ੍ਰਦੇਸ਼ ਵਿੱਚ ਲੋਕਤੰਤਰੀ ਵਿਕੇਂਦਰੀਕਰਣ:

ਮੱਧ ਪ੍ਰਦੇਸ਼ ਸਰਕਾਰ ਨੇ, ਵਿਸ਼ੇਸ਼ ਕਰਕੇ 74ਵੀਂ ਸੰਵਿਧਾਨਕ ਸੋਧ ਦੇ ਬਾਦ, ਲੋਕਤੰਤਰੀ ਵਿਕੇਂਦਰੀਕਰਣ ਦੀ ਦਿਸ਼ਾ ਵਿੱਚ ਕਈ ਉਪਰਾਲੇ ਕੀਤੇ ਹਨ। ਸ਼ਹਿਰਾਂ ਵਿੱਚ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਦ੍ਰਿੜ ਬਣਾਉਣ ਲਈ ਕਈ ਢਾਂਚਾਗਤ, ਸੰਸਥਾਗਤ, ਵਿੱਤੀ ਅਤੇ ਕਾਰਜ ਪ੍ਰਣਾਲੀ ਸੰਬੰਧੀ ਸੁਧਾਰ ਕੀਤੇ ਗਏ ਹਨ। ਸ਼ਹਿਰੀ ਯੋਜਨਾਬੰਦੀ ਨੂੰ ਛੱਡ ਕੇ ਸੰਵਿਧਾਨ ਦੀ 12ਵੀਂ ਸੂਚੀ ਵਿੱਚ ਦਿੱਤੀਆਂ ਗਈਆਂ ਸਾਰੀਆਂ ਮੁੱਖ-ਮੁੱਖ ਜ਼ਿੰਮੇਵਾਰੀਆਂ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਲੋਕਾਂ ਦੀ ਭਾਗੀਦਾਰੀ ਨਾਲ ਵਿਕੇਂਦਰੀਕਰਣ ਦੀ ਪ੍ਰਕਿਰਿਆ ਨੂੰ ਉਤਸ਼ਾਹ ਮਿਲਿਆ ਹੈ। ਵਾਰਡ ਕਮੇਟੀਆਂ ਅਤੇ ਮੱਧ ਪ੍ਰਦੇਸ਼ ਨਗਰ ਪਾਲਕਾ ਮੁਹੱਲਾ ਸਮਿਤੀ ਨਿਯਮਾਂ 2001 ਦੇ ਤਹਿਤ ਗੰਦੀਆਂ ਬਸਤੀਆਂ ਵਿੱਚ ਮੁਹੱਲਾ ਸੰਮਤੀਆਂ ਦੇ ਗਠਨ ਨਾਲ ਲੋਕਤੰਤਰ ਸਥਾਨਕ ਪੱਧਰ ਤੇ ਪਹੁੰਚ ਗਿਆ ਹੈ। 7 ਤੋਂ 15 ਮੈਂਬਰਾਂ ਵਾਲੀ ਮੁਹੱਲਾ ਕਮੇਟੀ ਲਗਭਗ 50 ਤੋਂ 1000 ਪਰਿਵਾਰਾਂ ਲਈ ਬਣਾਈ ਜਾਂਦੀ ਹੈ ਜਦੋਂ ਕਿ ਵਾਰਡ ਕਮੇਟੀ ਵਾਰਡ ਪੱਧਰ ਤੇ ਬਣਦੀ ਹੈ।ਇਹ ਸੰਮਤੀਆਂ ਆਸ-ਪਾਸ ਦੇ ਇਲਾਕੇ ਦੇ ਵਿਕਾਸ ਦੇ ਪ੍ਰਸਤਾਵ ਤਿਆਰ ਕਰਕੇ ਇਸ ਦੀ ਯੋਜਨਾ ਵਾਰਡ ਕਮੇਟੀਆਂ ਅੱਗੇ ਪੇਸ਼ ਕਰਦੀਆਂ ਹਨ। ਵਿੱਤੀ ਵਿਕੇਂਦਰੀਕਰਣ ਦੇ ਉਪਰਾਲਿਆਂ ਨਾਲ ਆਮਦਨੀ ਦੇ ਵੱਖ-ਵੱਖ ਸਰੋਤਾਂ ਦੇ ਵਾਧੇ ਦੀ ਦਰ ਵਧੀ ਹੈ।

ਮੱਧ ਪ੍ਰਦੇਸ਼ ਵਿੱਚ ਸ਼ਹਿਰੀ ਸ਼ਾਸਨ ਦੇ ਸਭ ਤੋਂ ਮਹੱਤਵਪੂਰਣ ਲੱਛਣਾਂ ਵਿੱਚ ਨਗਰ ਨਿਗਮਾਂ ਵਿੱਚ ਮੇਅਰ-ਇਨ-ਕੌਂਸਲ ਅਤੇ ਨਗਰ ਕੌਂਸਲਾਂ ਵਿੱਚ ਪ੍ਰੈਜ਼ੀਡੈਂਟ-ਇਨ-ਕੌਂਸਲ ਦਾ ਸੰਸਥਾਗਤ ਹੋਣਾ ਹੈ। ਇਹ ਪ੍ਰਣਾਲੀ ਸਥਾਨਕ ਪੱਧਰ ਤੇ ਸ਼ਾਸਨ ਦੇ ਵਿਕੇਂਦਰੀਕਰਣ ਦੇ ਨਮੂਨੇ ਦੀ ਪ੍ਰਤੀਨਿਧਤਾ ਕਰਦੀ ਹੈ। ਖਾਨਾ-2 ਵਿਚ ਮੱਧ ਪਦੇਸ਼ ਵਿੱਚ ਮੇਅਰ/ ਪ੍ਰੈਜ਼ੀਡੈਂਟ ਇਨ ਕੌਂਸਲ ਪ੍ਰਣਾਲੀ ਦੇ ਮੁੱਖ-ਮੁੱਖ ਲੱਛਣ ਦਿੱਤੇ ਗਏ ਹਨ:

## ਖਾਨਾ-2
## ਮੱਧ ਪ੍ਰਦੇਸ਼ ਵਿੱਚ ਮੇਅਰ-ਇਨ-ਕੌਂਸਲ ਪ੍ਰਣਾਲੀ

ਨਗਰ ਪਾਲਕਾ ਦੇ ਵੋਟਰ ਅਪਣੇ ਮੁਖੀ ਦੀ ਸਿੱਧੀ ਚੋਣ ਕਰਦੇ ਹਨ ਜਿਸ ਨੂੰ ਨਗਰ ਨਿਗਮ ਵਿੱਚ ਮੇਅਰ-ਇਨ-ਕੌਂਸਲ ਅਤੇ ਨਗਰ ਕੌਂਸਲ ਤੇ ਨਗਰ ਪੰਚਾਇਤ ਵਿੱਚ ਪ੍ਰੈਜ਼ੀਡੈਂਟ-ਇਨ-ਕੌਂਸਲ ਕਿਹਾ ਜਾਂਦਾ ਹੈ।

ਇਹ ਪ੍ਰਣਾਲੀ ਰਾਜ ਦੀਆਂ ਸਾਰੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਸੰਸਥਾਗਤ ਹੋ ਗਈ ਹੈ ਅਤੇ ਇਸ ਅਨੁਸਾਰ ਨਗਰ ਨਿਗਮਾਂ ਵਿੱਚ ਮੇਅਰ-ਇਨ-ਕੌਂਸਲ ਅਤੇ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਪ੍ਰੈਜ਼ੀਡੈਂਟ-ਇਨ-ਕੌਂਸਲ ਬਣਾਏ ਜਾਂਦੇ ਹਨ। ਕੌਂਸਲ ਵਿਚ ਚੁਣੇ ਹੋਏ ਕੌਂਸਲਰ ਹੁੰਦੇ ਹਨ ਜਿਨ੍ਹਾਂ ਨੂੰ ਮੁਖੀ ਨਾਮਜ਼ਦ ਕਰਦਾ ਹੈ। ਇਨ੍ਹਾਂ ਦੀ ਸੰਖਿਆ ਨਗਰ ਨਿਗਮ ਵਿਚ 10, ਨਗਰ ਕੌਂਸਲ ਵਿਚ 7 ਅਤੇ ਨਗਰ ਪੰਚਾਇਤ ਵਿੱਚ 5 ਹੁੰਦੀ ਹੈ। ਕੌਂਸਲ ਦੇ ਮੈਂਬਰ ਜਿੰਨੀ ਦੇਰ ਮੇਅਰ/ਪ੍ਰੈਜ਼ੀਡੈਂਟ ਚਾਹੇ ਬਣੇ ਰਹਿੰਦੇ ਹਨ।

ਮੇਅਰ/ਪ੍ਰੈਜ਼ੀਡੈਂਟ-ਇਨ-ਕੌਂਸਲ ਦੇ ਹਰੇਕ ਮੈਂਬਰ ਪਾਸ ਨਗਰ ਪਾਲਕਾ ਦੇ ਇੱਕ ਵਿਭਾਗ ਦੀ ਜ਼ਿੰਮੇਵਾਰੀ ਹੁੰਦੀ ਹੈ। ਰਾਜ ਦੇ ਨਗਰ ਪਾਲਕਾ ਕਾਨੂੰਨਾਂ ਤਹਿਤ ਕੌਂਸਲ ਨੂੰ ਵਿੱਤੀ ਅਤੇ ਹੋਰ ਵਾਸਤਵਿਕ ਸ਼ਕਤੀਆਂ ਮਿਲੀਆਂ ਹੁੰਦੀਆਂ ਹਨ।

ਰਾਜ ਦੇ ਨਗਰ ਪਾਲਕਾ ਕਾਨੂੰਨ ਤਹਿਤ ਨਗਰ ਪਾਲਕਾ ਦੇ ਮੁਖੀ ਨੂੰ ਨਗਰ ਪਾਲਕਾ ਦੇ ਹਰੇਕ ਵਿਭਾਗ ਵਾਸਤੇ ਇਕ ਸਲਾਹਕਾਰ ਕਮੇਟੀ ਬਣਾਉਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਏਸ ਸਲਾਹਕਾਰ ਕਮੇਟੀ ਵਿਚ ਨਗਰ ਨਿਗਮ ਵਿੱਚ 9, ਨਗਰ ਕੌਂਸਲ ਵਿਚ 5 ਅਤੇ ਨਗਰ ਪੰਚਾਇਤ ਵਿਚ 3 ਮੈਂਬਰ ਹੁੰਦੇ ਹਨ। ਸਲਾਹਕਾਰ ਕਮੇਟੀ ਦੇ ਮੈਂਬਰ ਚੁਣੇ ਹੋਏ ਕੌਂਸਲਰ ਹੁੰਦੇ ਹਨ ਅਤੇ ਇਹ ਮੇਅਰ/ ਪ੍ਰੈਜ਼ੀਡੈਂਟ-ਇਨ-ਕੌਂਸਲ ਦੇ ਮੈਂਬਰ ਨਹੀਂ ਹੋ ਸਕਦੇ।

ਸਲਾਹਕਾਰ ਕਮੇਟੀਆਂ ਤੋਂ ਮਹੀਨੇ ਵਿੱਚ ਇੱਕ ਵਾਰ ਇੱਕਤਰ ਹੋਣ ਦੀ ਉਮੀਦ ਰੱਖੀ ਗਈ ਜਾਂਦੀ ਹੈ ਅਤੇ ਉਨ੍ਹਾਂ ਪਾਸ ਨਗਰ ਪਾਲਕਾ ਦੇ ਸੰਬੰਧਤ ਵਿਭਾਗ ਦੇ ਮਾਮਲਿਆਂ ਬਾਰੇ ਸਲਾਹ ਦੇਣ ਦਾ ਅਧਿਕਾਰ ਹੁੰਦਾ ਹੈ। ਮੇਅਰ/ ਪ੍ਰੈਜੀਡੈਂਟ ਇਨ ਕੌਂਸਲ ਦੇ ਜਿਹੜੇ ਮੈਂਬਰ ਪਾਸ ਵਿਭਾਗ ਦੀ ਜ਼ਿੰਮੇਵਾਰੀ ਹੁੰਦੀ ਹੈ ਉਹੀ ਸਲਾਹਕਾਰ ਕਮੇਟੀ ਦੀ ਇਕੱਤਰਤਾ ਕਰਨ ਅਤੇ ਇਸ ਦੀ ਪ੍ਰਧਾਨਗੀ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ।

ਸਲਾਹਕਾਰ ਕਮੇਟੀ ਦੀ ਪ੍ਰਣਾਲੀ ਤੋਂ ਇਹ ਉਮੀਦ ਰੱਖੀ ਜਾਂਦੀ ਹੈ ਕਿ ਇਸ ਨਾਲ ਨਗਰ ਪਾਲਕਾ ਵਿੱਚ ਫੈਸਲੇ ਲੈਣ ਦੀ ਪ੍ਰਕਿਰਿਆ ਦਾ ਅਧਾਰ ਵਿਸਤ੍ਰਿਤ ਹੋਵੇਗਾ। ਇਸ ਨਾਲ ਪਾਲਕਾ ਦੇ ਮਾਮਲਿਆਂ: ਵਿੱਚ ਚੁਣੇ ਹੋਏ ਮੈਂਬਰਾਂ ਦੀ ਲਗਾਤਾਰ ਦਿਲਚਸਪੀ ਬਣੀ ਰਹਿੰਦੀ ਹੈ।

ਨਗਰ ਪਾਲਕਾਵਾਂ ਦੇ ਪ੍ਰਸ਼ਾਸਨ ਦਾ ਅਧਿਕਾਰ ਨਗਰ ਪਾਲਕਾ ਦੇ ਸਦਨ ਪਾਸ ਹੁੰਦਾ ਹੈ। ਇਸ ਦਾ ਅਰਥ ਹੈ ਕਿ ਨਗਰ ਪਾਲਕਾ ਵਿਚ ਫੈਸਲੈ ਲੈਣ ਸੰਬੰਧੀ ਅੰਤਮ ਅਧਿਕਾਰ ਸਦਨ ਪਾਸ ਹੁੰਦਾ ਹੈ।

ਸਦਨ ਨੂੰ ਕਾਰਜਸ਼ੀਲ ਬਣਾਈ ਰੱਖਣ ਲਈ ਰਾਜ ਦੇ ਸੰਬੰਧਤ ਕਾਨੂੰਨਾਂ ਨੇ ਦੋ ਮਹੀਨਿਆਂ ਵਿੱਚ ਇਕ ਵਾਰ ਸਦਨ ਦੀ ਇਕੱਤਰਤਾ ਕਰਨ ਦੀ ਸ਼ਰਤ ਰੱਖੀ ਹੈ। ਨਗਰ ਨਿਗਮਾਂ ਵਿੱਚ ਇਨ੍ਹਾਂ ਇੱਤਰਤਾਵਾਂ ਦੀ ਪ੍ਰਧਾਨਗੀ ਸਭਾਪਤੀ (ਸਪੀਕਰ) ਕਰਦਾ ਹੈ ਅਤੇ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਇਨ੍ਹਾਂ ਇਕੱਤਰਤਾਵਾਂ ਦੀ ਪ੍ਰਧਾਨਗੀ ਪ੍ਰੈਜੀਡੈਂਟ (ਪ੍ਰਧਾਨ) ਦੁਆਰਾ ਕੀਤੀ ਜਾਂਦੀ ਹੈ।

ਸਰੋਤ: Mishra, H.M. & A.K. Singh (2005), A Decade of Urban Decentralization: An Impact Assessment with Special Reference to Madya Pradesh in Shelter, HSMI. New Delhi, pp. 57-67.

### (iii) ਕਰਨਾਟਕ ਵਿੱਚ ਲੋਕਤੰਤਰੀ ਵਿਕੇਂਦਰੀਕਰਣ

74ਵੀਂ ਸੰਵਿਧਾਨਕ ਸੋਧ ਦੇ ਮੁੱਖ-ਮੁੱਖ ਲੱਛਣਾਂ ਨੂੰ ਅਪਣਾਉਣ ਅਤੇ ਵਿਕੇਂਦਰੀਕਰਣ ਦੀ ਪ੍ਰਕਿਰਿਆ ਸ਼ੁਰੂ ਕਰਨ ਵਾਸਤੇ ਕਰਨਾਟਕ ਸਰਕਾਰ ਨੇ ਕਰਨਾਟਕ ਨਗਰ ਪਾਲਕਾ ਐਕਟ 1964 ਅਤੇ ਕਰਨਾਟਕ ਨਗਰ ਨਿਗਮ ਐਕਟ

1976 ਵਿੱਚ ਸੋਧ ਕੀਤੀ। ਸੰਵਿਧਾਨਕ ਸੋਧ ਦੇ ਅਨੁਰੂਪ ਕਾਨੂੰਨ ਬਣਾਉਣ ਉਪਰੰਤ ਨਗਰ ਪਾਲਕਾਵਾਂ ਦੀਆਂ ਦੋ ਵਾਰ (1996 ਵਿਚ ਅਤੇ 2001-2002 ਵਿੱਚ) ਚੋਣਾਂ ਹੋ ਚੁੱਕੀਆਂ ਹਨ। 74ਵੀਂ ਸੰਵਿਧਾਨਕ ਸੋਧ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਸੰਵਿਧਾਨ ਦੀ 12ਵੀਂ ਸੂਚੀ ਵਿੱਚ ਦਰਜ 18 ਕਾਰਜਾਂ ਵਿੱਚੋਂ ਕੇਵਲ 11 ਕਾਰਜ ਹੀ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਦਿੱਤੇ ਗਏ ਹਨ। ਸ਼ਹਿਰੀ ਅਤੇ ਅਰਧ-ਸ਼ਹਿਰੀ ਇਲਾਕਿਆਂ ਦੀ ਯੋਜਨਾਬੰਦੀ, ਭੋਂ ਵਰਤੋਂ ਅਤੇ ਭਵਨ ਉਸਾਰੀ ਦਾ ਨਿਯਮਤੀਕਰਣ, ਅੱਗ ਬੁਝਾਊ ਸੇਵਾਵਾਂ, ਸ਼ਹਿਰੀ ਵਣ ਪ੍ਰਬੰਧ, ਪਰਿਆਵਰਣ ਦੀ ਸੁਰੱਖਿਆ, ਗੰਦੀਆਂ ਬਸਤੀਆਂ ਦਾ ਸੁਧਾਰ, ਆਰਥਕ ਅਤੇ ਸਮਾਜਕ ਵਿਕਾਸ ਲਈ ਯੋਜਨਾਬੰਦੀ ਅਤੇ ਗਰੀਬੀ ਘਟਾਉਣ ਵਰਗੇ ਸੰਵਿਧਾਨ ਦੀ 12ਵੀਂ ਸੂਚੀ ਵਿੱਚ ਦਰਜ ਕੀਤੇ ਗਏ ਕਾਰਜ ਸ਼ਹਿਰੀ ਸਥਾਨਕ ਸੰਸਕਾਵਾਂ ਨੂੰ ਨਹੀਂ ਸੌਂਪੇ ਗਏ। ਸਰਕਾਰੀ ਅਤੇ ਅਰਧ-ਸਰਕਾਰੀ ਸੰਗਠਨ ਜਿਵੇਂ ਕਿ ਸ਼ਹਿਰੀ ਯੋਜਨਾਬੰਦੀ ਦਾ ਵਿਭਾਗ, ਸ਼ਹਿਰੀ ਵਿਕਾਸ/ਯੋਜਨਾਬੰਦੀ ਅਥਾਰਟੀ (ਬੰਗਲੌਰ ਮਹਾਂਨਗਰੀ ਖੇਤਰੀ ਵਿਕਾਸ ਅਥਾਰਟੀ-Bangalore Metropolitan Regional Development Authority ) ਸਲੱਮ ਕਲੀਅਰੈਂਸ ਬੋਰਡ, ਕਰਨਾਟਕ ਜਲ-ਪੂਰਤੀ ਅਤੇ ਜਲ ਨਿਕਾਸੀ ਬੋਰਡ (Karnataka Water supply and Drainage Board) , ਕਰਨਾਟਕ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਵਿੱਤ ਦੀ ਕਾਰਪੋਰੇਸ਼ਨ (Karnataka Urban Infrastructure Development and Finance Corporation) ਵਗੈਰਾ ਨਗਰ ਪਾਲਕਾਵਾਂ ਦੇ ਕਾਰਜ-ਖੇਤਰ ਵਿਚ ਜਬਰਦਸਤੀ ਪੈਰ ਪਸਾਰ ਰਹੀਆਂ ਹਨ।

ਭਾਵੇਂ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਜ਼ਿੰਮੇਵਾਰੀਆਂ ਸੌਂਪਣ ਦੇ ਸੰਬੰਧ ਵਿੱਚ ਸਰਕਾਰ ਢਿੱਲੀ ਹੈ ਕਿੰਤੂ ਇਸ ਨੇ ਇਸਤ੍ਰੀਆਂ ਸਮੇਤ ਹੋਰ ਕਮਜ਼ੋਰ ਵਰਗਾਂ ਨੂੰ ਰਾਖਵੇਂਕਰਣ ਤੱਕ ਸੀਮਤ ਨਾ ਰੱਖ ਕੇ ਸ਼ਾਸਨ ਵਿੱਚ ਭਾਗੀਦਾਰ ਬਣਾਇਆ ਹੈ ਜਿਸ ਨਾਲ ਇਹ ਵਰਗ ਸ਼ਕਤੀ ਸੰਪੰਨ ਹੋਏ ਹਨ। ਨਗਰ ਨਿਗਮਾਂ/ ਕੌਂਸਲਾਂ ਅਤੇ ਇਨ੍ਹਾਂ ਦੀਆਂ ਸਥਾਈ ਕਮੇਟੀਆਂ ਵਿੱਚ ਇਸਤ੍ਰੀਆਂ ਅਤੇ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਦੀ ਚੰਗੀ ਪ੍ਰਤੀਨਿਧਤਾ ਹੈ।

ਲੋਕਾਂ ਦੀ ਭਾਗੀਦਾਰੀ ਨੂੰ ਸੰਸਥਾਗਤ ਬਣਾਉਣ ਲਈ ਬੰਗਲੌਰ ਨਗਰ ਨਿਗਮ ਨੇ 13 ਵਾਰਡ ਕਮੇਟੀਆਂ ਦਾ ਗਠਨ ਕੀਤਾ ਹੈ। ਇਸ ਤੋਂ ਇਲਾਵਾ ਸ਼ਹਿਰਾਂ ਦੇ ਗਰੀਬ ਲੋਕ ਅਪਣੇ ਇਲਾਕਿਆਂ ਦੀਆਂ ਵਿਕਾਸ ਯੋਜਨਾਵਾਂ ਵੀ ਬਣਾਉਂਦੇ ਹਨ ਜਿਹੜੀਆਂ ਸ਼ਹਿਰੀ ਅਤੇ ਅਰਧ-ਸ਼ਹਿਰੀ ਗਰੀਬੀ ਉਨਮੂਲਨ ਸੈੱਲ ਅਤੇ ਸਮੁਦਾ ਵਿਕਾਸ ਸਭਾਵਾਂ ਦੁਆਰਾ ਇਕੱਠੀਆਂ ਕਰਕੇ ਵੱਡੇ ਪੱਧਰ ਦੀ ਐਕਸ਼ਨ ਪਲੈਨ ਵਿੱਚ ਤਬਦੀਲ ਕਰ ਦਿੱਤੀਆਂ ਜਾਂਦੀਆਂ ਹਨ। ਜ਼ਿਲ੍ਹਾ ਪੱਧਰ ਤੇ ਨਗਰ ਪਾਲਕਾਵਾਂ ਅਤੇ ਪੰਚਾਇਤਾਂ ਦੁਆਰਾ ਬਣਾਈਆਂ ਗਈਆਂ ਯੋਜਨਾਵਾਂ ਨੂੰ ਇੱਕ ਜੁੱਟ ਕਰਨ ਲਈ 16 ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਣਾਈਆਂ ਗਈਆਂ ਹਨ। ਜ਼ਿਲ੍ਹਾ ਪੰਚਾਇਤ ਦਾ ਪ੍ਰਧਾਨ ਜ਼ਿਲਾ ਯੋਜਨਾਬੰਦੀ ਕਮੇਟੀ ਦਾ ਪ੍ਰਧਾਨ ਹੁੰਦਾ ਹੈ ਅਤੇ ਹੈੱਡ ਕੁਆਟਰ ਨਗਰ ਪਾਲਕਾ ਦਾ ਮੇਅਰ/ਪ੍ਰਧਾਨ ਇਸ ਦਾ ਉਪ-ਪ੍ਰਧਾਨ ਹੁੰਦਾ ਹੈ।

ਰਾਜ ਦੇ ਪਹਿਲੇ ਵਿੱਤ ਕਮਿਸ਼ਨ ਨੇ ਰਾਜ ਦੀ ਕਰਜ਼ ਤੋਂ ਇਲਾਵਾ ਅਪਣੀ ਕੁੱਲ ਆਮਦਨੀ (Non Loan Own Gross Revenue Receipts NLOGRR) ਦੇ 35% ਭਾਗ ਨੂੰ ਸ਼ਹਿਰੀ ਸਥਾਨਕ ਸੰਸਥਾਵਾਂ (15%) ਅਤੇ ਪੰਚਾਇਤੀ ਰਾਜ ਸੰਸਥਾਵਾਂ (85%) ਵਿਚਕਾਰ ਵੰਡਣ ਦੀ ਸਿਫਾਰਿਸ਼ ਕੀਤੀ। ਦੂਜੇ ਵਿੱਤ ਕਮਿਸ਼ਨ ਨੇ ਰਾਜ ਦੇ NLOGRR ਦੇ 40% ਭਾਗ ਨੂੰ ਸ਼ਹਿਰੀ ਸਥਾਨਕ ਸੰਸਥਾਵਾਂ (20%) ਅਤੇ ਪੰਚਾਇਤੀ ਰਾਜ ਸੰਸਥਾਵਾਂ (80%) ਵਿਚਕਾਰ ਵੰਡਣ ਦੀ ਸਿਫਾਰਿਸ਼ ਕੀਤੀ। ਕਰਨਾਟਕ ਨੂੰ ਇਲਾਕਾ -ਅਧਾਰਤ ਪ੍ਰਣਾਲੀ ਦੀ ਸ਼ੁਰੂਆਤ ਦੁਆਰਾ ਸੰਪਤੀ ਕਰ ਸੁਧਾਰ ਲਾਗੂ ਕਰਨ ਅਤੇ ਵਸੂਲੀ ਦੇ ਪ੍ਰਬੰਧ ਅਤੇ ਕੁਸ਼ਲਤਾ ਨੂੰ ਸੁਧਾਰਣ ਲਈ ਸਵੈ-ਮੁਲਾਂਕਣ ਪ੍ਰਣਾਲੀ ਅਰੰਭ ਕਰਨ ਦਾ ਮਾਣ ਪ੍ਰਾਪਤ ਹੈ। ਸਥਾਨਕ ਪ੍ਰਬੰਧ ਨੂੰ ਚੁਸਤ ਬਣਾਉਣ ਅਤੇ ਵਿਕੇਂਦਰੀਕਰਣ ਦੇ ਕਾਰਜਕ੍ਰਮ ਨੂੰ ਲਾਗੂ ਕਰਨ ਲਈ ਕਈ ਵਿਭਾਗਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਸ਼ੁਰੂਆਤ ਕੀਤੀ ਗਈ ਹੈ।

### iv. ਗੁਜਰਾਤ ਵਿੱਚ ਲੋਕਤੰਤਰੀ ਵਿਕੇਂਦਰੀਕਰਣ

74ਵੀਂ ਸੰਵਿਧਾਨਕ ਸੋਧ ਦੇ ਅਨੁਰੂਪ ਬਣਾਏ ਗਏ ਅਪਣੇ ਕਾਨੂੰਨ ਵਿੱਚ ਗੁਜਰਾਤ ਨੇ ਸੰਵਿਧਾਨ ਦੀ 12ਵੀਂ ਸੂਚੀ ਵਿੱਚ ਦਰਜ ਸਾਰੇ ਕਾਰਜ ਸ਼ਾਮਿਲ ਕਰ ਲਏ ਹਨ। ਸਥਾਨਕ ਪੱਧਰ ਤੇ ਗੁਜਰਾਤ ਨੂੰ ਚੰਗੇ ਪ੍ਰਸ਼ਾਸਨ ਵਾਲਾ ਰਾਜ

ਸਮਝਿਆ ਜਾਂਦਾ ਹੈ ਕਿਉਂਕਿ 74ਵੀਂ ਸੰਵਿਧਾਨਕ ਸੋਧ ਅਤੇ ਇਸਦੇ ਅਨੁਰੂਪ ਨਗਰ ਪਾਲਕਾ ਸੰਬੰਧੀ ਕਾਨੂੰਨ ਬਣਾਉਣ ਤੋਂ ਪਹਿਲਾਂ ਵੀ ਉੱਥੇ ਸਥਾਨਕ ਸ਼ਹਿਰੀ ਪ੍ਰਸ਼ਾਸਨ ਦੀ ਪ੍ਰਣਾਲੀ ਕਾਫੀ ਮਜਬੂਤ ਸੀ। ਰਾਜ ਨੇ ਸਥਾਨਕ ਸਵੈ-ਸ਼ਾਸਨ ਸੰਸਥਾਵਾਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਇਸਤ੍ਰੀਆਂ ਲਈ ਰਾਖਵੇਂਕਰਣ ਦੀ ਨਿਰੰਤਰਤਾ ਬਣਾਈ ਰੱਖੀ ਹੈ ਅਤੇ ਰਾਜ ਦੇ ਚੋਣ ਅਤੇ ਵਿੱਤ ਕਮਿਸ਼ਨਾਂ ਦਾ ਗਠਨ ਕੀਤਾ ਹੈ। 1995-96 ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ - ਵਿਸ਼ੇਸ਼ ਕਰਕੇ ਵਿਕੇਂਦਰੀਕ੍ਰਿਤ ਜ਼ਿਲ੍ਹਾ ਯੋਜਨਾਬੰਦੀ, ਸਿਹਤ ਵਿਭਾਗ, ਸਿੱਖਿਆ ਵਿਭਾਗ, ਜਲ-ਪੂਰਤੀ ਵਿਭਾਗ ਅਤੇ ਸ਼ਹਿਰੀ ਵਿਕਾਸ ਵਿਭਾਗ ਲਈ - ਦਿੱਤੀਆਂ ਗਈਆਂ ਗਰਾਂਟਾਂ ਕੇਵਲ 149.5 ਕਰੋੜ ਦੀਆਂ ਸਨ ਜੋ ਇਨ੍ਹਾਂ ਸੰਸਥਾਵਾਂ ਦੀ ਕੁੱਲ ਆਮਦਨੀ ਦਾ ਲਗਭਗ 10% ਹੈ। ਕਮਿਸ਼ਨ ਨੇ ਸਰਕਾਰ ਦੁਆਰਾ ਵਸੂਲੇ ਜਾ ਰਹੇ ਮੁੱਖ-ਮੁੱਖ ਕਰਾਂ ਵਿੱਚੋਂ 2044.7 ਕਰੋੜ ਰੁਪਏ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪਣ ਦੀ ਸਿਫਾਰਿਸ਼ ਕੀਤੀ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਵਿੱਤ ਪੱਖੋਂ ਨਿਸ਼ਚਿਤ ਤੌਰ ਤੇ ਸ਼ਕਤੀ ਸੰਪੰਨ ਬਣਾਉਣ ਲਈ ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸੰਪਤੀ ਕਰ ਵਿੱਚ ਸੁਧਾਰ ਕੀਤਾ ਗਿਆ ਅਤੇ ਸੰਪਤੀ ਕਰ ਦੀ ਇਲਾਕਾ ਆਧਾਰਤ ਪ੍ਰਣਾਲੀ ਅਪਣਾਈ ਗਈ (ਜੋ ਕਿ ਬਜਾਰੀ ਕੀਮਤ ਅਤੇ ਸਲਾਨਾ ਕਿਰਾਏ ਤੇ ਅਧਾਰਤ ਮਾਲੀਅਤ ਦਾ ਮਿਸ਼ਰਣ ਹੈ) ਸ਼ੁਰੂ ਵਿੱਚ ਇਹ ਅਹਿਮਦਾਬਾਦ ਅਤੇ ਬੜੌਦਾ ਨਗਰ ਨਿਗਮਾਂ ਵਿੱਚ ਸ਼ੁਰੂ ਕੀਤੀ ਗਈ ਹੈ। ਸਰਕਾਰ ਨੇ ਇਸ ਵਰਿੱਧੀਮੁਖੀ ਪ੍ਰਣਾਲੀ ਨੂੰ ਦੂਜੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਲਾਗੂ ਕਰਨ ਦਾ ਨਿਸ਼ਚਾ ਕਰ ਲਿਆ ਹੈ। ਅਹਿਮਦਾਬਾਦ, ਬੜੌਦਾ ਅਤੇ ਰਾਜਕੋਟ ਆਦਿ ਦੇ ਨਗਰ ਨਿਗਮਾਂ ਨੇ ਰਾਜਨੀਤਕ, ਵਿੱਤੀ ਅਤੇ ਕਾਰਜ ਪ੍ਰਣਾਲੀ ਸੰਬੰਧੀ ਵਿਕੇਂਦਰੀਕਰਣ ਨੂੰ ਸੰਸਥਾਗਤ ਬਣਾਉਣ ਲਈ ਕਈ ਸੁਧਾਰ ਅਰੰਭ ਕੀਤੇ ਹਨ। ਅਹਿਮਦਾਬਾਦ ਦੇ ਇੱਕ ਗੈਰ ਸਰਕਾਰੀ ਸੰਗਠਨ Socio-Economic Welfare Association (SEWA) ਨੇ ਗੰਦੀਆਂ ਬਸਤੀਆਂ ਦੇ ਆਪਸੀ ਸੰਪਰਕ ਸਥਾਪਤ ਕਰਨ (ਨੈਟਵਰਕਿੰਗ), ਕੂੜੇ ਕਰਕਟ ਦੇ ਸਮੁਦਾ ਪੱਧਰ ਤੇ ਪ੍ਰਬੰਧ ਅਤੇ ਸਮੁਦਾ ਲਈ ਸਿਹਤ ਦਾ ਬੁਨਿਆਦੀ ਢਾਂਚਾ ਖੜਾ ਕਰਨ ਦੀਆਂ ਯੋਜਨਾਵਾਂ ਬਣਾਈਆਂ ਹਨ ਜੋ ਕਿ ਸ਼ਹਿਰ ਦੇ ਸਥਾਨਕ ਗਰੀਬ ਲੋਕਾਂ ਅਤੇ ਇਸਤ੍ਰੀਆਂ ਨੂੰ ਵਿਕਾਸ ਕੰਮਾਂ ਵਿੱਚ ਸ਼ਾਮਲ ਕਰਨ ਅਤੇ ਸਿਹਤ ਅਤੇ ਪਰਿਆਵਰਣ ਦੇ ਢਾਂਚੇ ਨੂੰ ਸੰਭਾਲਣ ਵਿੱਚ ਉਨ੍ਹਾਂ ਦੇ ਯੋਗਦਾਨ ਦੀਆਂ ਚੰਗੀਆਂ ਉਦਾਹਰਣਾਂ ਹਨ। ਇਹ ਕਾਰਜ ਨਗਰ ਪਾਲਕਾਵਾਂ ਦੀਆਂ ਮੁੱਖ ਜਿੰਮੇਵਾਰੀਆਂ ਵਿੱਚ ਆਉਂਦੇ ਹਨ।

## V. ਮਹਾਰਾਸ਼ਟਰ ਵਿੱਚ ਲੋਕਤੰਤਰੀ ਵਿਕੇਂਦਰੀਕਰਣ

ਮਹਾਰਾਸ਼ਟਰ ਨੇ 1968 ਵਿੱਚ ਮੁੰਬਈ ਵਿੱਚ ਚੋਣਾਂ ਕਰਵਾ ਕੇ ਅਤੇ 1976 ਵਿੱਚ ਅਨੁਸੂਚਿਤ ਜਾਤੀਆਂ ਨਾਲ ਸੰਬੰਧ ਰੱਖਣ ਵਾਲੇ ਕੌਂਸਲਰਾਂ ਲਈ ਰਾਖਵਾਂਕਰਣ ਕਰਕੇ ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਬਹੁਤ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਸੀ। ਕਿੰਤੂ ਵੱਡੇ ਉਪਰਾਲੇ 1994 ਵਿੱਚ ਸੰਵਿਧਾਨਕ ਸੋਧ ਦੇ ਅਨੁਰੂਪ ਕਾਨੂੰਨ ਬਣਾਉਣ ਉਪਰੰਤ ਹੀ ਕੀਤੇ ਗਏ। ਸਮਾਜਕ ਅਤੇ ਆਰਥਕ ਵਿਕਾਸ ਲਈ ਯੋਜਨਾਬੰਦੀ, ਸ਼ਹਿਰੀ ਵਣ ਪ੍ਰਬੰਧ ਅਤੇ ਪਰਿਆਵਰਣ ਦੀ ਸੁਰੱਖਿਆ ਅਤੇ ਪਰਿਆਵਰਣ ਸੰਬੰਧੀ ਮੁੱਦਿਆਂ ਨੂੰ ਉਤਸ਼ਾਹਤ ਕਰਨਾ ਆਦਿ ਕਾਰਜ ਨਗਰ ਪਾਲਕਾਵਾਂ ਦੀਆਂ ਲਾਜ਼ਮੀ ਜਿੰਮੇਵਾਰੀਆਂ ਵਿੱਚ ਆਉਂਦੇ ਹਨ।

ਸੰਸਥਾਗਤ ਕਾਰਜ ਪ੍ਰਣਾਲੀ ਨੂੰ ਦ੍ਰਿੜ ਬਣਾਉਣ ਅਤੇ ਸਥਾਨਕ ਸੰਸਥਾਵਾਂ ਦੇ ਮਾਮਲਿਆਂ ਅਤੇ ਫੈਸਲੇ ਲੈਣ ਵਿੱਚ ਲੋਕਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਸਰਕਾਰ ਨੇ ਨਗਰ ਪਾਲਕਾਵਾਂ ਦੇ ਖੇਤਰਾਂ ਵਿੱਚ ਵਾਰਡ ਕਮੇਟੀਆਂ ਬਣਾਈਆਂ ਹਨ।

ਰਾਜ ਦੇ ਪਹਿਲੇ ਵਿੱਤ ਕਮਿਸ਼ਨ ਦੀ ਸਥਾਪਨਾ 1994 ਵਿੱਚ ਕੀਤੀ ਗਈ। ਕਮਿਸ਼ਨ ਨੇ ਵੱਖ ਵੱਖ ਵਰਗਾਂ ਦੀਆਂ ਨਗਰ ਪਾਲਕਾਵਾਂ ਦੁਆਰਾ ਵਸੂਲ ਕੀਤੇ ਗਏ ਮਨੋਰੰਜਨ ਕਰ ਦਾ 25% ਤੋਂ 100%, ਵਾਹਨਾਂ ਤੇ ਲਗਾਏ ਜਾਣ ਵਾਲੇ ਕਰ ਦਾ 25% ਅਤੇ ਕਿੱਤਿਆਂ ਤੇ ਲਗਾਏ ਜਾਣ ਵਾਲੇ ਕਰ ਦਾ 10% ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪੇ ਜਾਣ ਦੀ ਸਿਫਾਰਿਸ਼ ਕੀਤੀ। ਕਮਿਸ਼ਨ ਨੇ ਵਿਸ਼ੇਸ਼ ਕਰਕੇ ਮੁਢਲੀ ਸਿੱਖਿਆ ਲਈ ਦਿੱਤੀਆਂ ਗਈਆਂ ਗਰਾਂਟਸ-ਇਨ-ਏਡ, DA ਗਰਾਂਟਾਂ, ਭੂਮੀ ਕਰ ਵਿੱਚੋਂ ਮਿਲਣ ਵਾਲੀ ਗਰਾਂਟ, ਛੋਟੀਆਂ ਖਣਿਜ ਗਰਾਂਟਾਂ, ਗੰਦੀਆਂ ਬਸਤੀਆਂ ਦੇ ਸੁਧਾਰ ਲਈ ਗਰਾਟਾਂ, ਸੈਰ ਸਪਾਟੇ ਦੇ ਸਥਾਨਾਂ ਵਾਲੀਆਂ 6 ਪਹਾੜੀ ਨਗਰ ਪਾਲਕਾਵਾਂ ਨੂੰ ਮਿਲਣ ਵਾਲੀਆਂ

ਗਰਾਂਟਾਂ, ਸੈਰ ਸਪਾਟਾ ਉਦਯੋਗ ਦੇ ਵਿਕਾਸ ਲਈ ਗਰਾਂਟਾਂ ਅਤੇ ਪ੍ਰੇਰਕ ਗਰਾਂਟਾਂ (Incentive Grants) ਨੂੰ ਵਧਾ ਕੇ ਸਥਾਨਕ ਸੰਸਥਾਵਾਂ ਨੂੰ ਸੌਂਪਣ ਦੀ ਸਿਫਾਰਿਸ਼ ਕੀਤੀ। ਇਸ ਨੇ ਕਈ ਕਰਾਂ, ਵਿਸ਼ੇਸ਼ ਕਰਕੇ ਸੰਪਤੀ ਕਰਾਂ ਵਿੱਚ ਸੁਧਾਰ ਅਤੇ ਚੁੰਗੀ ਲਈ ਵੱਧ ਤੋਂ ਵੱਧ ਦਰ ਅਪਣਾਉਣ ਦੀ ਵੀ ਸਿਫਾਰਿਸ਼ ਕੀਤੀ। ਕਰਾਂ ਤੋਂ ਇਲਾਵਾ ਹੋਣ ਵਾਲੀ ਆਮਦਨੀ ਦੇ ਸੁਧਾਰਾਂ ਵਿੱਚ ਸਰਕਾਰੀ ਸੰਪਤੀਆਂ ਤੇ ਸਰਵਿਸ ਚਾਰਜ, ਖਾਲੀ ਪਈ ਜਗ੍ਹਾ ਦੀ ਉਚਿਤ ਵਰਤੋਂ ਅਤੇ ਉਪਭੋਗਤਾਵਾਂ ਤੋਂ ਵਸੂਲੇ ਜਾਣ ਵਾਲੇ ਖਰਚਿਆਂ ਦੀ ਸਮੇਂ ਸਮੇਂ ਤੇ ਸਮੀਖਿਆ ਸ਼ਾਮਿਲ ਹੈ।

## 4. ਸਥਾਨਕ ਸ਼ਾਸਨਾਂ ਨੂੰ ਸ਼ਕਤੀ ਸੰਪੰਨ ਬਣਾਉਣ ਲਈ ਲੋਕਤੰਤਰੀ ਵਿਕੇਂਦਰੀਕਰਣ: ਯੂਰਪ ਤੋਂ ਸਬਕ

ਯੂਰਪ ਵਿੱਚ ਸਥਾਨਕ ਪ੍ਰਕਿਰਤੀ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਲੋਕਤੰਤਰ ਦੇ ਪ੍ਰਭਾਵਸ਼ਾਲੀ ਵਸੀਲੇ ਬਣ ਰਹੀਆਂ ਹਨ। ਭਾਵੇਂ ਲੋਕਤੰਤਰੀ ਵਿਕੇਂਦਰੀਕਰਣ ਦੇ ਪੱਧਰ ਪੱਖੋਂ ਯੂਰਪੀ ਦੇਸ਼ਾਂ ਵਿੱਚ ਭਿੰਨਤਾ ਹੈ, ਪਰ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਆਮ ਕਰਕੇ ਕਾਫੀ ਖੁਦਮੁਖਤਾਰੀ ਹਾਸਿਲ ਹੈ ਕਿਉਂਕਿ ਜ਼ਿੰਮੇਵਾਰੀਆਂ ਅਤੇ ਫੰਡਾਂ ਸੰਬੰਧੀ ਬਹੁਤ ਸਾਰੇ ਵਿਕਲਪ ਮਿਲਣ ਕਰਕੇ ਉਹ ਬਹੁਤ ਸ਼ਕਤੀਸੰਪੰਨ ਹੋ ਚੁੱਕੀਆਂ ਹਨ।

ਇਸ ਤਰ੍ਹਾਂ ਆਰਥਕ ਅਤੇ ਭਲਾਈ ਸੰਬੰਧੀ ਮਾਮਲਿਆਂ ਵਿੱਚ ਸਥਾਨਕ ਸਾਧਨਾਂ ਦੀ ਸਰਗਰਮ ਭੂਮਿਕਾ ਵਧਦੀ ਜਾ ਰਹੀ ਹੈ ਜਿਸ ਨਾਲ ਨਗਰ ਪੱਧਰ ਦੀ ਭਲਾਈ ਪ੍ਰਣਾਲੀ ਨਿਰਮਤ ਕਰਨ ਦੇ ਰੁਝਾਣ ਦੀ ਪੁਸ਼ਟੀ ਹੋ ਰਹੀ ਹੈ। ਇਸ ਪ੍ਰਕਾਰ ਦੀ ਪ੍ਰਣਾਲੀ ਯੂਰਪੀ ਯੂਨੀਅਨ ਦੇ ਸਾਰੇ ਦੇਸ਼ਾਂ ਵਿੱਚ ਫੈਲ ਜਾਣ ਵਾਲੀ ਹੈ। ਇਸ ਦਾ ਕਾਰਣ ਭਲਾਈ ਦੇ ਮਾਮਲਿਆਂ ਵਿੱਚ ਸਰਕਾਰਾਂ ਦੀ ਕਮਜ਼ੋਰ ਅਤੇ ਘਟ ਰਹੀ ਭੂਮਿਕਾ ਹੀ ਨਹੀਂ ਬਲਕਿ ਅਧੀਨ ਸ਼ਾਸਨ ਦੀ ਕੀਮਤ ਦਾ ਵਧਦਾ ਹੋਇਆ ਅਹਿਸਾਸ ਵੀ ਹੈ ਜਿਸ ਕਰਕੇ ਸਮਾਜਕ ਏਕੀਕਰਣ ਅਤੇ ਭਲਾਈ ਸਭ ਤੋਂ ਵਧੀਆ ਢੰਗ ਨਾਲ ਲੋਕਾਂ ਦੇ ਸਭ ਤੋਂ ਨੇੜੇ ਦੇ ਸਰਕਾਰੀ ਪੱਧਰ ਦੁਆਰਾ ਜਾਂ ਮੁਨਾਫਾ ਨਾ ਕਮਾਉਣ ਵਾਲੇ ਸੰਗਠਨਾਂ ਦੁਆਰਾ ਜਾਂ ਨਿੱਜੀ ਖੇਤਰ ਦੁਆਰਾ ਕੀਤੇ ਜਾਂਦੇ ਹਨ।

ਸਪੇਨ ਵਰਗੇ ਮਜ਼ਬੂਤ ਇਲਾਕਾਈ ਪਰੰਪਰਾ ਵਾਲੇ ਦੇਸ਼ਾਂ ਵਿੱਚ ਇਲਾਕਾਈ ਰਾਜਨੀਤਕ ਨੇਤਾ ਇਲਾਕਾਈ ਖੁਦਮੁਖਤਾਰੀ ਦਾ ਵਿਸਥਾਰ ਕਰਨ ਵਾਸਤੇ ਕਈ ਤਰ੍ਹਾਂ ਦੀਆਂ ਕਾਰਵਾਈਆਂ ਦੀ ਮੰਗ ਕਰ ਰਹੇ ਹਨ ਜਾਂ ਫਿਰ ਕਿਸੇ ਨਾ ਕਿਸੇ ਤਰ੍ਹਾਂ ਦੀ ਇਲਾਕਾਈ ਪ੍ਰਭੂਸੱਤਾ ਅਤੇ ਸਮੁਦਾ ਦੇ ਆਤਮ ਨਿਰਣੈ ਦਾ ਅਧਿਕਾਰ ਚਾਹੁੰਦੇ ਹਨ। ਬਰਤਾਨੀਆਂ ਵਿਚ ਸਰਕਾਰ ਦੇ ਹੇਠਲੇ ਪੱਧਰਾਂ ਨੂੰ ਅਧਿਕਾਰ ਸੌਂਪੇ ਜਾਣ ਦੀ ਪ੍ਰਕਿਰਿਆ ਗਤੀਸ਼ੀਲ ਹੈ ਅਤੇ ਇਹ ਖੁਦਮੁਖਤਾਰੀ ਦੇ ਨਿਵੇਕਲੇ ਰੂਪਾਂ ਨੂੰ ਜਨਮ ਦੇ ਰਹੀ ਹੈ। ਇਟਲੀ ਦੀਆਂ ਇਲਾਕਾਈ ਸੰਸਥਾਵਾਂ ਵਿੱਚ ਵੀ ਪਰੀਵਰਤਨ ਆ ਰਿਹਾ ਹੈ। ਨੀਦਰਲੈਂਡ ਨੇ ਫੈਸਲੇ ਲੈਣ ਦੀਆਂ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਮੁੱਖ ਤੌਰ ਤੇ ਸਥਾਨਕ ਸ਼ਾਸਨਾਂ ਨੂੰ ਸੌਂਪ ਦਿੱਤੀਆਂ ਹਨ। ਫਿਨਲੈਂਡ ਨੇ 1917 ਵਿੱਚ ਪ੍ਰਭੂਸੱਤਾ ਹਾਸਲ ਕਰਨ ਤੋਂ ਬਾਦ ਜਲਦੀ ਹੀ 1919 ਦੇ ਐਕਟ ਰਾਹੀਂ ਸਥਾਨਕ ਸ਼ਾਸਨ ਦੀ ਇੱਕ ਪ੍ਰਣਾਲੀ ਸਥਾਪਤ ਕਰ ਲਈ। ਲੋਕਤੰਤਰੀ ਭਾਵਨਾ ਅਤੇ ਨਾਗਰਿਕ ਜਾਗਰੂਕਤਾ ਦੀ ਮਿਸਾਲ ਪੇਸ਼ ਕਰਨ ਵਾਲੀਆਂ ਅਜਿਹੀਆ ਕਾਰਵਾਈਆਂ ਫਿਨਲੈਂਡ ਵਿੱਚ ਇਕ ਮਹੱਤਵਪੂਰਣ ਨਾਗਰਿਕ ਪਰੰਪਰਾ ਰਹੀਆਂ ਹਨ।

### i. ਇਟਲੀ ਵਿੱਚ ਲੋਕਤੰਤਰੀ ਵਿਕੇਂਦਰੀਕਰਣ:

ਖੇਤਰਾਂ ਬਾਰੇ ਕਮੇਟੀ ਦੀ ਰਿਪੋਰਟ ਦੇ ਮੁਤਾਬਕ "ਸੰਘਵਾਦ ਇਟਲੀ ਵਿਚ ਇਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ। ਇਸ ਕਰਕੇ ਸ਼ਾਸਨ ਲਈ ਇੱਕ ਨਵੇਂ ਕਾਨੂੰਨੀ ਢਾਂਚੇ ਦਾ ਨਿਰਮਾਣ ਕੀਤਾ ਗਿਆ ਹੈ, ਅਤੇ ਕੇਂਦਰੀ ਸਰਕਾਰ, ਖੇਤਰਾਂ, ਨਗਰ ਪਾਲਕਾਵਾਂ, ਪ੍ਰਾਂਤਾਂ, ਅਤੇ ਮਹਾਂਨਗਰਾਂ ਵਿਚਕਾਰ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਨੂੰ ਵੰਡਣ ਦੇ ਨਵੇਂ ਮਾਪ ਦੰਡ ਸਥਾਪਤ ਕੀਤੇ ਗਏ ਹਨ।"

1997 ਵਿੱਚ ਬਾਸਾਨੀਨੀ ਕਾਨੂੰਨ ਕਹੇ ਜਾਣ ਵਾਲੇ ਇਕ ਮਹੱਤਵਪੂਰਣ ਕਾਨੂੰਨ ਨੇ ਸਥਾਨਕ ਸ਼ਾਸਨਾਂ ਨੂੰ ਕਾਰਜ/ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ। ਨਤੀਜੇ ਵਜੋਂ ਕੇਂਦਰੀ ਸਰਕਾਰ ਦੇ ਲਗਭਗ 40% ਕਾਰਜ ਹੁਣ ਖੇਤਰੀ ਅਤੇ ਪ੍ਰਾਂਤੀ

ਸ਼ਾਸਨਾਂ ਅਤੇ ਨਗਰ ਪਾਲਕਾਵਾਂ ਨੂੰ ਸੌਂਪ ਦਿੱਤੇ ਗਏ ਹਨ। ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਾਪਤੀ ਦੇ ਉਦੇਸ਼ ਨਾਲ ਤੈਅ ਕੀਤੇ ਮੁੱਖ-ਮੁੱਖ ਪੜਾਅ ਸਾਰਣੀ-23 ਵਿੱਚ ਦਿੱਤੇ ਗਏ ਹਨ:

**ਸਾਰਣੀ-23**

**1990-2000 ਦੀ ਅਵਧੀ ਦੌਰਾਨ ਹੋਵੇ ਸੁਧਾਰਾਂ ਦੇ ਮਹੱਤਵਪੂਰਣ ਪੜਾਅ ਅਤੇ ਕਾਰਜ**

| ਸਾਲ | ਵੇਰਵੇ | ਕਾਨੂੰਨ |
|---|---|---|
| 1990 | ਸਥਾਨਕ ਸ਼ਾਸਨਾਂ ਦੇ ਆਮ ਸੁਧਾਰ | ਕਾਨੂੰਨ 142/90 |
| 1993 | ਪ੍ਰਾਤਾਂ ਦੇ ਮੇਅਰਾਂ ਅਤੇ ਪ੍ਰਧਾਨਾਂ ਦੀ ਚੋਣ | ਕਾਨੂੰਨ 81/93 |
| 1997/98 | ਜਿੰਮੇਵਾਰੀਆਂ ਅਤੇ ਸਾਧਨਾਂ ਦਾ ਵਿਕੇਂਦਰੀਕਰਣ, ਅਫਸਰਸ਼ਾਹੀ ਦਾ ਸਰਲੀਕਰਣ | ਕਾਨੂੰਨ 59/97 ਅਤੇ ਫਰਮਾਨ 127/97; 191/98 |
| 2000 | ਸਥਾਨਕ ਸ਼ਾਸਨਾਂ ਬਾਰੇ ਇੱਕ ਮੁਸ਼ਤ ਕਾਨੂੰਨ | T.U.265/00 |

**ਸਰੋਤ:** Yuri Kazepov (coordination), Marco Arlotti, Eduardo Barberis and Silvia Righettini (2005), the Role of Local Authorities in Italy, an unpublished paper presented by Prof Yuri Kazepov in the National Conference organized by CRRID (March 7-8, 2006, Chandigarh CRRID)

ਲੋਕਤੰਤਰੀ ਵਿਕੇਂਦਰੀਕਰਣ ਦੇ ਨਤੀਜੇ ਵਜੋਂ ਉਨ੍ਹਾਂ ਦੀ ਕੁੱਲ ਵਰਤਮਾਨ ਆਮਦਨੀ ਦੇ ਪ੍ਰਤੀਸ਼ਤ ਦੇ ਤੌਰ ਤੇ ਉਨ੍ਹਾਂ ਦੀ ਅਪਣੀ ਆਮਦਨੀ ਵਿੱਚ ਕਾਫੀ ਵਾਧਾ ਹੋਇਆ। (ਸਾਰਣੀ-24)

**ਸਾਰਣੀ-24**

**ਕੁੱਲ ਵਰਤਮਾਨ ਆਮਦਨੀ ਦੇ ਪ੍ਰਤੀਸ਼ਤ ਦੇ ਤੌਰ ਤੇ ਅਪਣੀ ਆਮਦਨੀ***

| ਵੇਰਵੇ | 1990 | 1979 | 2000 |
|---|---|---|---|
| ਖੇਤਰ** | 3.3 | 44.4 | ਉਪਲਬਧ ਨਹੀਂ |
| ਪ੍ਰਾਂਤ | 14.5 | 57.1 | 64.1 |
| ਨਗਰ ਪਾਲਕਾਵਾਂ | 34.9 | 61.6 | 65.3 |

* ਅਪਣੀ ਆਮਦਨੀ = ਅਪਣਾ ਖਜਾਨਾ + ਹੋਰ ਆਮਦਨੀਆਂ

** ਵਿਸ਼ੇਸ਼ ਵਿਧਾਨ ਵਾਲੇ ਖੇਤਰ ਸ਼ਾਮਿਲ ਨਹੀਂ ਹਨ।

**ਸਰੋਤ**: ਉਹੀ ਜੋ ਸਾਰਣੀ-23 ਦਾ ਹੈ।

ਸਥਾਨਕ ਸ਼ਾਸਨਾਂ ਪਾਸ ਹੁਣ ਅਪਣੇ ਕਰ ਅਤੇ ਆਮਦਨੀ ਨਿਰਧਾਰਤ ਕਰਨ ਦੀ ਸ਼ਕਤੀ ਹੈ। ਉਨ੍ਹਾਂ ਦਾ ਰਾਸ਼ਟਰੀ ਆਮਦਨੀ ਵਿੱਚ ਵੀ ਹਿੱਸਾ ਹੁੰਦਾ ਹੈ।

ਸਾਰਣੀ-25 ਵਿਚ GDP ਅਤੇ ਕੁਲ ਸਰਕਾਰੀ ਖਰਚ ਦੇ ਪ੍ਰਤੀਸ਼ਤ ਦੇ ਤੌਰ ਤੇ ਰਾਸ਼ਟਰ, ਖੇਤਰਾਂ ਅਤੇ ਸਥਾਨਕ ਸ਼ਾਸਨਾਂ ਦਾ ਖਰਚ ਦਿੱਤਾ ਗਿਆ ਹੈ।

## ਸਾਰਣੀ–25

## GDP ਅਤੇ ਕੁੱਲ ਸਰਕਾਰੀ ਖਰਚ ਦੇ ਪ੍ਰਤੀਸ਼ਤ ਦੇ ਤੌਰ ਤੇ ਕੇਂਦਰੀ ਸਰਕਾਰ, ਖੇਤਰਾਂ ਅਤੇ ਸਥਾਨਕ ਸ਼ਾਸਨਾਂ ਦਾ ਖਰਚ

| ਸਾਲ | GDP | ਸਰਕਾਰੀ ਖਰਚ | ਕੇਂਦਰੀ ਸਰਕਾਰ | | ਖੇਤਰੀ ਸ਼ਾਸਨ | | ਸਥਾਨਕ ਸ਼ਾਸਨ | |
|---|---|---|---|---|---|---|---|---|
| | | | %GDP | %ਸਰਕਾਰੀ ਖਰਚ | %GDP | %ਸਰਕਾਰੀ ਖਰਚ | %GDP | %ਸਰਕਾਰੀ ਖਰਚ |
| 1990 | 1,306.833[2] | 493.401[2] | 21.6 | 57.3 | 8.7 | 22.9 | 7.5 | 19.7 |
| 1995 | 1,772.254[2] | 653.190[2] | 21.3 | 57.7 | 8.9 | 24.2 | 6.7 | 18.1 |
| 1997 | 1,993.850[2] | 642.882[2] | 17.4 | 53.9 | 8.4 | 25.9 | 6.5 | 20.1 |
| 2000 | ਉਪਲਬਧ ਨਹੀਂ | 362.793[2] | ਉਪਲਬਧ ਨਹੀਂ | 51.0 | ਉਪਲਬਧ ਨਹੀਂ | 27.8 | ਉਪਲਬਧ ਨਹੀਂ | 21.2 |
| 2001 | 1,218.890[3] | 376.084[3] | 14.5 | 47.1 | 9.3 | 30.2 | 7.0 | 22.7 |

1. ਵਿਆਜ ਅਤੇ ਸੋਸ਼ਲ ਕੰਟਰੀਬਿਊਸ਼ਨਜ਼ ਤੋਂ ਬਗੈਰ
2. ਵਰਤਮਾਨ ਬਿਲੀਅਨ ਲੀਰਾ ਵਿੱਚ ਨਿਰਪੇਖ ਮਾਲੀਅਤ
3. ਵਰਤਮਾਨ ਬਿਲੀਅਨ ਯੂਰੋ ਵਿਚ ਨਿਰਪੇਖ ਮਾਲੀਅਤ

ਸਰੋਤ: ਉਹੀ ਜੋ ਸਾਰਣੀ–23 ਦਾ ਹੈ।

ਸਰਕਾਰੀ ਖਰਚ ਵਿੱਚ ਖੇਤਰਾਂ ਅਤੇ ਸਥਾਨਕ ਸ਼ਾਸਨਾਂ ਦਾ ਵੱਧ ਰਿਹਾ ਹਿੱਸਾ ਇਟਲੀ ਵਿੱਚ ਪ੍ਰਗਤੀਸ਼ੀਲ ਲੋਕਤੰਤਰੀ ਵਿਕੇਂਦਰੀਕਰਣ ਵੱਲ ਇਸ਼ਾਰਾ ਕਰਦਾ ਹੈ। ਨਗਰ ਪਾਲਕਾਵਾਂ ਨੂੰ ਸੌਂਪੇ ਗਏ ਅਧਿਕਾਰਾਂ ਨਾਲ ਉਨ੍ਹਾਂ ਦਾ ਵਿੱਤੀ ਅਧਾਰ ਅਤੇ ਕਾਰਜ ਖੇਤਰ ਮਜਬੂਤ ਹੋਇਆ ਹੈ। ਚੁਣੀਆਂ ਹੋਈਆਂ ਸਥਾਨਕ ਸੰਸਥਾਵਾਂ ਦੀ ਭੂਮਿਕਾ ਨੂੰ ਵਧਾਉਣ ਲਈ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਪ੍ਰਸ਼ਾਸਨਿਕ ਸੁਧਾਰਾਂ ਕਾਰਣ ਅਫਸਰਸ਼ਾਹੀ ਦੀ ਭੂਮਿਕਾ ਘੱਟ ਰਹੀ ਹੈ। ਵਿੱਤ ਮੁਹੱਈਆ ਕਰਵਾਉਣ ਦੀ ਵਿਧੀ ਵਿੱਚ ਮੌਲਿਕ ਪਰਿਵਰਤਨ ਆ ਚੁੱਕਿਆ ਹੈ। ਸਰਕਾਰ ਦੇ ਉੱਪਰਲੇ ਪੱਧਰਾਂ ਤੋਂ ਮਿਲਣ ਵਾਲੀਆਂ ਰਾਸ਼ੀਆਂ ਘਟ ਰਹੀਆਂ ਹਨ ਅਤੇ ਸਥਾਨਕ ਕਰ ਉਭਰ ਰਹੇ ਹਨ। ਸਥਾਨਕ ਸ਼ਾਸਨਾਂ ਦੀਆਂ ਮਾਲੀ ਜਰੂਰਤਾਂ ਨੂੰ ਪੂਰਾ ਕਰਨ ਵਿਚ ਕੇਂਦਰੀ ਸਰਕਾਰ ਕੇਵਲ ਪੂਰਕ ਭੂਮਿਕਾ ਨਿਭਾ ਰਹੀ ਹੈ।

### ii. ਬਰਤਾਨੀਆਂ ਵਿੱਚ ਲੋਕਤੰਤਰੀ ਵਿਕੇਂਦਰੀਕਰਣ

1990ਵਿਆਂ ਦੇ ਪਿਛਲੇ ਸਾਲਾਂ ਵਿੱਚ ਬਰਤਾਨੀਆਂ ਦੇ ਸਥਾਨਕ ਸਵੈ-ਸ਼ਾਸਨਾਂ ਵਿੱਚ ਮਹੱਤਵਪੂਰਣ ਪਰੀਵਰਤਨ ਆਏ ਹਨ। ਮਹਾਂਨਗਰੀ ਸਥਾਨਕ ਸ਼ਾਸਨ ਦੀ ਪ੍ਰਣਾਲੀ (ਵਿਸ਼ੇਸ਼ ਕਰਕੇ ਗ੍ਰੇਟਰ ਲੰਡਨ ਅਥਾਰਟੀ) ਨੂੰ ਮੁੜ ਸੁਰਜੀਤ ਕਰਕੇ ਮਜਬੂਤ ਬਣਾਇਆ ਗਿਆ। ਸਰਕਾਰ ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਨੂੰ ਦ੍ਰਿੜ ਬਣਾਉਣ ਲਈ ਲਗਾਤਾਰ ਕੋਸ਼ਿਸਾਂ ਕਰ ਰਹੀ ਹੈ। ਪਹਿਲਾਂ ਇਸ ਨੇ ਸਥਾਨਕ ਸ਼ਾਸਨਾਂ ਨੂੰ ਸ਼ਕਤੀਆਂ ਅਤੇ ਜਿੰਮੇਵਾਰੀਆਂ ਸੌਂਪਣ ਲਈ ਕਈ ਕਾਨੂੰਨ ਪਾਸ ਕੀਤੇ ਤੇ ਫੇਰ ਇਸ ਨੇ ਸਥਾਨਕ ਸੰਸਥਾਵਾਂ ਦੇ ਤਾਣੇਬਾਣੇ ਨੂੰ ਮਜ਼ਬੂਤ ਬਣਾਉਣ ਤੇ ਧਿਆਨ ਕੇਂਦਰਤ ਕੀਤਾ। ਸਰਕਾਰ ਦੇ ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪੇ ਜਾਣ ਨਾਲ ਕੇਂਦਰੀਕ੍ਰਿਤ ਏਕਾਤਮਕ ਢਾਂਚਾ ਬਦਲ ਰਿਹਾ ਹੈ ਅਤੇ ਏਸ ਕਰਕੇ ਸਥਾਨਕ ਸ਼ਾਸਨਾਂ ਪ੍ਰਤੀ ਸਰਕਾਰ ਦੀ ਭੂਮਿਕਾ ਵਿੱਚ ਵੀ ਮਹੱਤਵਪੂਰਣ ਪਰੀਵਰਤਨ

ਆ ਰਹੇ ਹਨ। ਲੋਕਲ ਗੌਰਮਿੰਟ ਐਕਟ 2000 ਅਤੇ ਗ੍ਰੇਟਰ ਲੰਡਨ ਅਥਾਰਟੀ ਐਕਟ 1999 ਨੇ ਸਥਾਨਕ ਸੰਸਥਾਵਾਂ ਦੇ ਕਾਰਜ ਖੇਤਰ ਅਤੇ ਵਿੱਤੀ ਅਧਾਰ ਨੂੰ ਮਜ਼ਬੂਤ ਬਣਾ ਦਿੱਤਾ ਹੈ। ਲੋਕਲ ਗੌਰਮਿੰਟ ਐਕਟ 2000 ਨੇ ਸਥਾਨਕ ਪੱਧਰ ਤੇ ਆਰਥਕ, ਸਮਾਜਕ ਤੇ ਪਰਿਆਵਰਣਕ ਹਾਲਤਾਂ ਸੁਧਾਰਣ ਲਈ ਜਰੂਰੀ ਕਾਰਜ ਕਰਨ ਵਾਸਤੇ ਸਥਾਨਕ ਸ਼ਾਸਨਾਂ ਨੂੰ ਬਹੁਤ ਸਾਰੀਆਂ ਸ਼ਕਤੀਆਂ ਸੌਂਪੀਆਂ ਹਨ। ਐਕਟ ਨੇ ਸਥਾਨਕ ਮਾਮਲਿਆਂ ਨਾਲ ਕੁਸ਼ਲਤਾਪੂਰਵਕ ਨਿਪਟਣ ਲਈ ਨਿਯਮਤੀਕਰਣ ਦਾ ਵੀ ਇੱਕ ਦ੍ਰਿੜ ਢਾਂਚਾ ਮੁਹੱਈਆ ਕਰਵਾਇਆ ਹੈ। ਗ੍ਰੇਟਰ ਲੰਡਨ ਅਥਾਰਟੀ ਨੇ ਮਈ 2000 ਵਿੱਚ ਅਪਣੀਆਂ ਚੋਣਾਂ ਕਰਵਾਈਆਂ ਅਤੇ ਮੇਅਰ ਨੂੰ ਸਿੱਧੇ ਤੌਰ ਤੇ ਚੁਣਿਆ। ਲੋਕਲ ਗੌਰਮਿੰਟ ਐਕਟ ਪ੍ਰਤੱਖ ਲੋਕਤੰਤਰ ਦੇ ਕਈ ਰੂਪ ਅਤੇ ਸਾਧਨ ਮੁਹੱਈਆ ਕਰਵਾਉਂਦਾ ਹੈ।ਇਸ ਦੀ ਇੱਕ ਮਿਸਾਲ ਜਨਮੱਤ ਕਰਵਾਉਣਾ ਹੈ।

ਰਾਜਨੀਤਕ ਵਿਕੇਂਦਰੀਕਰਣ ਸਥਾਨਕ ਸ਼ਾਸਨਾਂ ਦੇ ਪੱਖ ਵਿਚ ਕੀਤੇ ਗਏ ਵਿੱਤੀ ਵਿਕੇਂਦਰੀਕਰਣ ਤੋਂ ਬਾਦ ਆਇਆ ਹੈ। ਕੌਂਸਲ ਦੁਆਰਾ ਲਗਾਏ ਗਏ ਕਰ, ਵਪਾਰ ਤੋਂ ਮਿਲਣ ਵਾਲੇ ਕਰ ਅਤੇ ਕੇਂਦਰੀ ਸਰਕਾਰ ਤੋਂ ਮਿਲਣ ਵਾਲੀਆਂ ਰਾਸ਼ੀਆਂ ਸਥਾਨਕ ਸ਼ਾਸਨ ਦੀਆਂ ਸੰਸਥਾਵਾਂ ਦੀ ਆਮਦਨੀ ਦੇ ਮੁੱਖ ਸਰੋਤ ਹਨ। ਮਕਾਨਾਂ ਉੱਤੇ ਸੰਪਤੀ ਦੀ ਮਾਲੀਅਤ ਦੇ ਅਧਾਰ ਤੇ ਕੌਂਸਲ ਦੁਆਰਾ ਕਰ ਲਗਾਇਆ ਜਾਂਦਾ ਹੈ। ਵਪਾਰ ਉੱਤੇ ਕਰ ਸਰਕਾਰ ਵੱਲੋਂ ਵਸੂਲਿਆ ਜਾਂਦਾ ਹੈ ਅਤੇ ਫੇਰ ਇਸ ਨੂੰ ਕੇਂਦਰ ਸਰਕਾਰ ਅਤੇ ਸਥਾਨਕ ਕੌਂਸਲਾਂ ਵਿਚਕਾਰ ਵੰਡ ਲਿਆ ਜਾਂਦਾ ਹੈ। ਕੇਂਦਰ ਸਰਕਾਰ ਦੁਆਰਾ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਨਿਰਧਾਰਤ ਕਰਨ ਲਈ, ਸਰਕਾਰ ਅਪਣੇ ਇਸ ਕੰਮ ਲਈ ਨਿਯੁਕਤ ਕੀਤੇ ਹੋਵੇ ਲੇਖਾ ਪਰੀਖਕਾਂ ਰਾਹੀਂ ਕੁੱਲ ਲੁੜੀਂਦੇ ਫੰਡਾਂ ਦਾ ਹਿਸਾਬ ਲਗਾਉਂਦੀ ਹੈ।

ਗਰਾਂਟਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ, ਆਮ ਅਤੇ ਵਿਸ਼ੇਸ਼। ਆਮ ਗਰਾਂਟ ਨੂੰ ਰੈਵਨਿਊ ਸਪੋਰਟ ਗਰਾਂਟ (Revenue Support Grant) ਕਿਹਾ ਜਾਂਦਾ ਹੈ ਅਤੇ ਦੂਸਰੀ ਗਰਾਂਟ ਜਿਸ ਨੂੰ ਵਿਸ਼ੇਸ਼ ਗਰਾਂਟ ਕਿਹਾ ਜਾਂਦਾ ਹੈ, ਕੇਵਲ ਸਰਕਾਰ ਦੁਆਰਾ ਨਿਰਧਾਰਤ ਉਦੇਸ਼ਾਂ ਲਈ ਹੀ ਵਰਤੀ ਜਾ ਸਕਦੀ ਹੈ। 'ਜਰੂਰਤਾਂ ਦਾ ਮੁਲਾਂਕਣ' ਕਰਨ ਲਈ ਸੰਬੰਧਤ ਕੌਂਸਲ ਦੀ ਜਨ-ਸੰਖਿਆ ਅਤੇ ਸਮਾਜਕ ਬਣਤਰ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ ਜਿਸ ਦੇ ਅਧਾਰ ਤੇ ਕੌਂਸਲ ਤੇ ਹੋਣ ਵਾਲੇ ਕੁੱਲ ਸਲਾਨਾ ਖਰਚ ਦਾ ਮੁਲਾਂਕਣ ਕੀਤਾ ਜਾਂਦਾ ਹੈ। ਆਮ ਕਰਕੇ ਕੌਂਸਲ ਦੇ ਕੰਮ ਨਿਰਵਿਘਨ ਚਲਦੇ ਰਹਿਣ ਦੇਣ ਲਈ ਕੁੱਲ ਅਨੁਮਾਨਤ ਖਰਚ ਦਾ ਮੁਲਾਂਕਣ ਕੀਤਾ ਜਾਂਦਾ ਹੈ। ਕੌਂਸਲਾਂ ਦੀ ਲੋੜ-ਆਧਾਰਤ ਮੰਗ ਨੂੰ ਪੂਰਾ ਕਰਨ ਵਿੱਚ ਸਰਕਾਰ ਦੀ ਭੂਮਿਕਾ ਜਾਣੀ ਪਛਾਣੀ ਹੈ।

ਸਾਰੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਚੁਣੀਆਂ ਹੋਈਆਂ ਕੌਂਸਲਾਂ ਨੂੰ ਦਿੱਤੀਆਂ ਗਈਆਂ ਹਨ ਅਤੇ ਇਨ੍ਹਾਂ ਦਾ ਪ੍ਰਯੋਗ ਆਮ ਕਰਕੇ ਕੌਂਸਲਾਂ ਦੀਆਂ ਕਮੇਟੀਆਂ ਅਤੇ ਉਪ-ਕਮੇਟੀਆਂ ਦੁਆਰਾ ਕੀਤਾ ਜਾਂਦਾ ਹੈ। ਬਹੁਤ ਸਾਰੀਆਂ ਚੁਣੀਆਂ ਹੋਈਆਂ ਸੰਸਥਾਵਾਂ ਨੂੰ ਅਧਿਕਾਰ ਸੌਂਪਣ ਦਾ ਅਮਲ ਬਰਤਾਨੀਆਂ ਦੇ ਸਥਾਨਕ ਸਵੈ-ਸ਼ਾਸਨ ਦਾ ਮੂਲ ਮੁੱਦਾ ਹੈ। ਸਮੁਦਾ ਨੂੰ ਚਰਚਾ ਵਿਚ ਭਾਗ ਲੈਣ ਲਈ ਵਿਆਪਕ ਤੌਰ ਤੇ ਅਤੇ ਖੁੱਲ੍ਹ ਦਿਲੀ ਨਾਲ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਨਾਲ ਲੋਕਤੰਤਰ ਭਾਗੀਦਾਰੀ-ਅਧਾਰਤ ਹੋ ਜਾਂਦਾ ਹੈ ਜਿਸ ਵਿੱਚ ਸ਼ਹਿਰੀ ਅਤੇ ਦਿਹਾਤੀ, ਦੋਵੇਂ ਇਲਾਕਿਆਂ ਦੇ ਨਾਗਰਿਕ ਅਪਣੇ ਹਿੱਤਾਂ ਲਈ ਸ਼ਾਮਿਲ ਹੁੰਦੇ ਹਨ। ਬਰਤਾਨੀਆਂ ਵਿਚ ਸਥਾਨਕ ਸ਼ਾਸਨ ਨੂੰ ਜਿਸ ਵਿੱਚ ਕਾਊਂਟੀ ਕੌਂਸਲਾਂ, ਬੋਰੋ/ਜ਼ਿਲ੍ਹਾ ਕੌਂਸਲਾਂ ਅਤੇ ਪੈਰਿਸ਼ ਕੌਂਸਲਾਂ ਆਉਂਦੀਆਂ ਹਨ, ਬਹੁਤ ਸਾਰੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਵੱਡੇ ਨਗਰਾਂ ਲਈ ਪੈਰਿਸ਼ ਪੱਧਰ ਦੀ ਕੌਂਸਲ ਨਹੀਂ ਹੁੰਦੀ ਅਤੇ ਬੋਰੋ/ਜ਼ਿਲ੍ਹਾ ਪੱਧਰ ਹੀ ਪੈਰਿਸ਼ ਕੌਂਸਲਾਂ ਦੇ ਕਾਰਜ ਕਰਦੇ ਹਨ। ਕਾਊਂਟੀ ਕੌਂਸਲਾਂ ਸਾਰੇ ਜ਼ਿਲ੍ਹਿਆਂ ਵਿਚ ਸਿੱਖਿਆ, ਪੁਸਤਕਾਲਿਆਂ, ਰਾਜ ਮਾਰਗਾਂ ਅਤੇ ਸਮਾਜਕ ਦੇਖਭਾਲ ਦੀਆਂ ਸੇਵਾਵਾਂ ਮੁਹੱਈਆ ਕਰਵਾਉਂਦੀਆਂ ਹਨ। ਜ਼ਿਲ੍ਹਾ ਅਤੇ ਬੋਰੋ ਦੀਆਂ ਮੁੱਖ ਜ਼ਿੰਮੇਵਾਰੀਆਂ ਚੋਣਾਂ ਕਰਵਾਉਣ ,ਕੌਂਸਲ ਦੁਆਰਾ ਲਗਾਏ ਜਾ ਰਹੇ ਕਰ ਵਸੂਲਣ, ਕੂੜਾ-ਕਰਕਟ ਇਕੱਠਾ ਕਰਨ (ਜਿਸ ਵਿੱਚ ਇਸ ਨੂੰ ਟਿਕਾਣੇ ਲਗਾਉਣਾ ਸ਼ਾਮਲ ਨਹੀਂ), ਸਥਾਨਕ ਯੋਜਨਾਬੰਦੀ, ਪਰਿਆਵਰਣ ਦੀ ਸਿਹਤ, ਮਨੋਰੰਜਨ, ਫੁਰਸਤ ਦੇ ਪਲਾਂ ਦਾ ਆਨੰਦ ਲੈਣ ਲਈ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਮਕਾਨਾਂ ਸੰਬੰਧੀ ਹਨ। ਸਾਰੀਆਂ ਜ਼ਿਲ੍ਹਾ ਅਤੇ ਕਾਊਂਟੀ ਕੌਂਸਲਾਂ ਦੇ ਅਪਣੇ ਸੰਵਿਧਾਨ ਹੁੰਦੇ ਹਨ। ਉਨ੍ਹਾਂ ਨੂੰ ਕਾਰਜ ਪੂਰਤੀ ਦੇ ਪ੍ਰਬੰਧ ਦੀਆਂ ਇੱਕੋ ਜਿਹੀਆਂ ਪ੍ਰਣਾਲੀਆਂ ਅਨੁਸਾਰ ਕੰਮ ਕਰਨਾ ਪੈਂਦਾ ਹੈ। ਬਰਤਾਨੀਆਂ ਦੀਆਂ ਸਾਰੀਆਂ ਕੌਂਸਲਾਂ ਵਿੱਚ, ਭਾਵੇ

ੇਂ ਉਹ ਦਿਹਾਤੀ ਹੋਣ ਜਾਂ ਸ਼ਹਿਰੀ, ਪ੍ਰਬੰਧ ਦੇ ਮੁੱਦੇ ਉਹੀ ਨਹੀਂ ਤਾਂ ਇੱਕੋ ਜਿਹੇ ਜਰੂਰ ਹੁੰਦੇ ਹਨ। ਪੈਰਿਸ਼ ਅਤੇ ਟਾਊਨ ਕੌਂਸਲਾਂ ਦੀਆਂ ਜ਼ਿੰਮੇਵਾਰੀਆਂ ਵਿੱਚ ਕਬਰਸਤਾਨ, ਸੜਕਾਂ ਦੇ ਕਿਨਾਰੇ ਦੀਆਂ ਪਟੜੀਆਂ, ਮਨੋਰੰਜਨ ਅਤੇ ਕਾਊਂਟੀ ਜਾਂ ਜ਼ਿਲ੍ਹਾ/ਬੋਰੋ ਕੌਂਸਲਾਂ ਦੁਆਰਾ ਸੌਂਪੀਆਂ ਗਈਆਂ ਹੋਰ ਜ਼ਿੰਮੇਵਾਰੀਆਂ ਹੁੰਦੀਆਂ ਹਨ।

ਲੋਕਲ ਏਰੀਆਂ ਐਗਰੀਮੈਂਟ (ਸਥਾਨਕ ਮਾਮਲਿਆਂ ਬਾਰੇ ਸਮਝੌਤਾ) ਕੇਂਦਰੀ ਸਰਕਾਰ ਦਾ ਸਥਾਨਕ ਸ਼ਾਸਨਾਂ ਅਤੇ ਉਨ੍ਹਾਂ ਦੇ ਭਾਗੀਦਾਰਾਂ ਨਾਲ ਇੱਕ ਨਵੀਂ ਕਿਸਮ ਦਾ ਸਮਝੌਤਾ ਹੁੰਦਾ ਹੈ। ਏਸ ਸਮਝੌਤੇ ਦਾ ਉਦੇਸ਼ ਸਥਾਨਕ ਲੋਕਾਂ ਨੂੰ ਮਿਲਣ ਵਾਲੀਆਂ ਜਨਤਕ ਸੇਵਾਵਾਂ ਵਿੱਚ ਸੁਧਾਰ ਕਰਨਾ ਅਤੇ ਉਨ੍ਹਾਂ ਨੂੰ ਹੋਰ ਸੰਤੋਖਜਨਕ ਬਣਾਉਣਾ, ਕੇਂਦਰੀ ਸਰਕਾਰ ਦੀਆਂ ਅਗੇਤਾਂ ਦਾ ਸਥਾਨਕ ਅਗੇਤਾਂ ਨਾਲ ਗੱਠਜੋੜ ਕਰਨਾ ਅਤੇ ਸਥਾਨਕ ਹਿੱਤਾਂ ਦੇ ਸਮਰਥਨ ਲਈ ਸੁਤੰਤਰਤਾ ਅਤੇ ਲਚਕ ਦੀ ਸੰਭਾਵਨਾ ਮੁਹੱਈਆ ਕਰਾਉਣਾ ਹੈ। ਵਾਸਤਵ ਵਿੱਚ ਏਸ ਸਮਝੌਤੇ ਦਾ ਉਦੇਸ਼ ਸਰਕਾਰ ਦੁਆਰਾ ਇਸ ਵੇਲੇ ਮੁਹੱਈਆ ਕਰਵਾਏ ਜਾਣ ਵਾਲੇ ਵਿੱਤ ਦੇ ਅਨੇਕ ਪ੍ਰਕਾਰ ਦੇ ਸਰੋਤਾਂ ਨੂੰ ਇੱਕਜੁੱਟ ਕਰਨਾ ਹੋਵੇਗਾ ਜਿਸ ਨਾਲ ਕੌਂਸਲਾਂ ਅਤੇ ਉਨ੍ਹਾਂ ਦੇ ਭਾਗੀਦਾਰ ਸਾਂਝੀਆਂ ਅਗੇਤਾਂ ਦੀ ਪੂਰਤੀ ਕਰ ਸਕਣਗੇ।

ਲੈਸਟਰ ਨਗਰ ਕੌਂਸਲ ਵਿੱਚ ਕਈ ਨਿਰੀਖਕ ਕਮੇਟੀਆਂ ਦੀ ਵਿਵਸਥਾ ਹੈ ਜਿਹੜੀਆਂ ਕੈਬਨਿਟ ਦੇ ਫੈਸਲਿਆਂ ਅਤੇ ਉਨ੍ਹਾਂ ਦੇ ਲਾਗੂ ਕੀਤੇ ਜਾਣ ਦੀ ਨਿਗਰਾਨੀ ਕਰਦੀਆਂ ਹਨ। ਉਹ ਕੈਬਨਿਟ ਅਤੇ ਕੌਂਸਲ ਪਾਸ ਨੀਤੀਆਂ ਦੀ ਸਿਫਾਰਿਸ਼ ਵੀ ਕਰ ਸਕਦੀਆਂ ਹਨ। ਉਹ ਕੌਂਸਲ ਦੇ ਮਾਮਲਿਆਂ ਵਿੱਚ ਨਾਗਰਿਕਾਂ ਦੀ ਪੁੱਛ-ਪ੍ਰਤੀਤ ਵਧਾਉਂਦੀਆਂ ਹਨ ਅਤੇ ਨੀਤੀਆਂ ਦੇ ਨਿਰਮਾਣ ਬਾਰੇ ਕੈਬਨਿਟ ਨੂੰ ਸਲਾਹ ਦਿੰਦੀਆਂ ਹਨ। ਕੌਂਸਲ ਅਪਣੇ ਨਿਯਮਤੀਕਰਣ ਦੇ ਕਾਰਜਾਂ ਦੀ ਪੂਰਤੀ ਲਈ ਨਿਯਮਤੀਕਰਣ ਕਮੇਟੀਆਂ ਵੀ ਸਥਾਪਤ ਕਰਦੀ ਹੈ। ਇਸੇ ਪ੍ਰਕਾਰ ਦੀਆਂ ਹੋਰ ਕਮੇਟੀਆਂ ਵੀ ਹੁੰਦੀਆਂ ਹਨ, ਜਿਵੇਂ ਕਿ ਵਿਕਾਸ ਨਿਯੰਤਰਣ ਕਮੇਟੀ (ਜਿਆਦਾਤਰ ਯੋਜਨਾਬੰਦੀ ਬਾਰੇ ਬਿਨੈ-ਪੱਤਰ ਵਿਚਾਰਦੀ ਹੈ), ਲਾਇਸੰਸ ਦੇਣ ਵਾਲੀ ਕਮੇਟੀ (ਜ਼ਿਆਦਾਤਰ ਨੀਤੀ ਨਾਲ ਸੰਬੰਧਤ ਹੈ) ਅਤੇ ਲਾਇਸੰਸ ਦੇਣ ਦੀ ਨੀਤੀ ਨੂੰ ਲਾਗੂ ਕਰਨ ਸੰਬੰਧੀ ਉਪ ਕਮੇਟੀ (ਲਾਇਸੰਸਾਂ ਨਾਲ ਸੰਬੰਧਤ ਮਾਮਲਿਆਂ ਦੀ ਸੁਣਵਾਈ ਕਰਦੀ ਹੈ)। ਲੈਸਟਰ ਨਗਰ ਕੌਂਸਲ ਨੇ ਲੋਕਾਂ ਅਤੇ ਉਨ੍ਹਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਕੌਂਸਲਰਾਂ ਵਿਚਕਾਰ ਨੇੜਤਾ ਪੈਦਾ ਕਰਨ ਲਈ ਇਲਾਕਾਈ ਕਮੇਟੀਆਂ ਸਥਾਪਤ ਕੀਤੀਆਂ ਹਨ। ਇਨ੍ਹਾਂ ਇਲਾਕਾਈ ਕਮੇਟੀਆਂ ਦੀਆਂ ਇੱਕਤਰਤਾਵਾਂ ਵਿੱਚ ਕੋਈ ਵੀ ਵਿਅਕਤੀ ਸ਼ਾਮਿਲ ਹੋ ਸਕਦਾ ਹੈ। ਇਲਾਕੇ ਨਾਲ ਸੰਬੰਧਤ ਫੈਸਲੇ ਇਨ੍ਹਾਂ ਕਮੇਟੀਆਂ ਦੁਆਰਾ ਜਾਂ ਇਨ੍ਹਾਂ ਦੇ ਪ੍ਰਭਾਵ ਅਧੀਨ ਲਏ ਜਾਂਦੇ ਹਨ। ਇਸ ਤੋਂ ਇਲਾਵਾ ਇਹ ਕਮੇਟੀਆਂ ਸਮੁਦਾ ਨੂੰ ਨਾਲ ਲੈ ਕੇ ਚਲਦੀਆਂ ਹਨ, ਇਲਾਕੇ ਦੀਆਂ ਸਾਂਝੀਆਂ ਯੋਜਨਾਵਾਂ ਬਣਾਉਂਦੀਆਂ ਹਨ, ਇਲਾਕੇ ਦੀ ਕਾਇਆ-ਪਲਟ ਦੇ ਕੰਮ ਨੂੰ ਅੱਗੇ ਤੋਰਦੀਆਂ ਹਨ, ਕੌਂਸਲ ਦੇ ਫੈਸਲਿਆਂ ਦਾ ਸਥਾਨਕ ਪਰਿਪੇਖ ਤੋਂ ਨਿਰੀਖਣ ਕਰਨ ਵਿਚ ਸਹਾਇਤਾ ਕਰਦੀਆਂ ਹਨ, ਕੌਂਸਲ ਅਤੇ ਜਨ-ਸੇਵਾਵਾਂ ਦੇਣ ਵਾਲੇ ਹੋਰ ਸੰਗਠਨਾਂ ਨੂੰ ਸਰਵੋਤਮ ਸੇਵਾਵਾਂ ਦੇਣ ਅਤੇ ਆਪਣੀ ਕਾਰਜ-ਪੂਰਤੀ ਨੂੰ ਸੁਧਾਰਣ ਵਿਚ ਸਹਾਇਤਾ ਕਰਦੀਆਂ ਹਨ, ਸਥਾਨਕ ਭਾਗੀਦਾਰੀ ਦਾ ਵਿਕਾਸ ਕਰਦੀਆਂ ਹਨ ਅਤੇ ਸਮੁਦਾ ਵਿੱਚ ਏਕੇ ਦੀ ਪ੍ਰਵਿਰਤੀ ਨੂੰ ਵਧਾਉਂਦੀਆਂ ਹਨ। ਇਹ ਸਥਾਨਕ ਪੱਧਰ ਤੇ ਵਿਕੇਂਦਰੀਕ੍ਰਿਤ ਪ੍ਰਬੰਧ ਅਤੇ ਮਾਮਲੇ ਨਿਪਟਾਉਣ ਦੀ ਇੱਕ ਮਹੱਤਵਪੂਰਣ ਉਦਾਹਰਣ ਹੈ।

### iii. ਨੀਦਰਲੈਂਡ ਵਿਚ ਲੋਕਤੰਤਰੀ ਵਿਕੇਂਦਰੀਕਰਣ:

ਨੀਦਰਲੈਂਡ ਦੇ ਸ਼ਾਹੀ ਸੰਵਿਧਾਨ ਨੇ ਨਗਰ ਪਾਲਕਾਵਾਂ ਨੂੰ ਬਹੁਤ ਸਾਰੇ ਕਾਰਜ ਸੌਂਪੇ ਹਨ। ਉੱਥੋਂ ਦੀਆਂ ਨਗਰ ਪਾਲਕਾਵਾਂ ਸਮਾਜ ਭਲਾਈ, ਜਨ ਸਿਹਤ, ਮਕਾਨ ਮੁਹੱਈਆ ਕਰਵਾਉਣ, ਆਵਾਜਾਈ ਅਤੇ ਸੜਕਾਂ ਦੀ ਸਾਂਭ-ਸੰਭਾਲ, ਆਰਥਕ ਮਾਮਲਿਆਂ, ਸਿੱਖਿਆ, ਸੱਭਿਆਚਾਰ, ਖੇਡਾਂ, ਅਮਨ ਕਾਨੂੰਨ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਹਨ। ਸ਼ਹਿਰੀ ਵਿਸਥਾਰ ਦੀ ਯੋਜਨਾਬੰਦੀ ਅਤੇ ਪਰਿਆਵਰਣ ਵਰਗੇ ਕੁੱਝ ਵਿਸ਼ਿਆਂ ਦਾ ਪ੍ਰਬੰਧ ਰਾਸ਼ਟਰੀ ਅਤੇ ਪ੍ਰਾਂਤੀ ਸਰਕਾਰਾਂ ਨਾਲ ਮਿਲ ਕੇ ਕੀਤਾ ਜਾਂਦਾ ਹੈ।

1994 ਦੇ ਨਗਰ ਪਾਲਕਾਵਾਂ ਸੰਬੰਧੀ ਐਕਟ ਨੇ ਸ਼ਹਿਰੀ ਸ਼ਾਸਨ ਦੇ ਤਿੰਨ ਅੰਗਾਂ - ਮਿਉਂਸਿਪਲ ਕੌਂਸਲ, ਮਿਉਂਸਿਪਲ ਕਾਰਜਕਾਰਣੀ ਅਤੇ ਬਰਗੋਮਾਸਟਰ - ਨੂੰ ਕਾਰਜ, ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਹਨ। ਇਸ ਤੋਂ

ਇਲਾਵਾ ਕਈ ਅਜਿਹੀਆਂ ਕਮੇਟੀਆਂ ਸਥਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਪਾਸ ਸਲਾਹ ਦੇਣ ਅਤੇ ਫੈਸਲੇ ਲੈਣ ਦੀਆਂ ਸ਼ਕਤੀਆਂ ਹਨ। ਸ਼ਕਤੀਆਂ ਅਤੇ ਕਾਰਜਾਂ ਦਾ ਵਿਕੇਂਦਰੀਕਰਣ ਸਰਕਾਰ ਨੂੰ ਲੋਕਾਂ ਦੇ ਹੋਰ ਨੇੜੇ ਲੈ ਜਾਣ ਦਾ ਮੁੱਖ ਜਤਨ ਰਿਹਾ ਹੈ। ਸਮੇਂ ਦੇ ਨਾਲ ਨਾਲ ਕੇਂਦਰ ਸਰਕਾਰ ਅਤੇ ਪ੍ਰਾਂਤੀ ਸਰਕਾਰਾਂ ਦਾ ਨਗਰ ਪਾਲਕਾਵਾਂ ਦੇ ਮਾਮਲਿਆਂ ਵਿੱਚ ਦਖਲ ਘਟਿਆ ਹੈ।

ਨਾਗਰਕ ਮਾਮਲਿਆਂ ਦੇ ਵਿਕੇਂਦਰੀਕ੍ਰਿਤ ਪ੍ਰਬੰਧ ਲਈ ਸਥਾਨਕ ਨਾਗਰਿਕਾਂ ਦੀ ਭਾਗੀਦਾਰੀ ਯਕੀਨੀ ਬਣਾਈ ਗਈ ਹੈ। ਜਨਮੱਤ ਦੀ ਵਿਵਸਥਾ ਕਾਰਣ ਫੈਸਲੇ ਲੈਣ ਵਿਚ ਨਾਗਰਿਕਾਂ ਦੀ ਸਿੱਧੀ ਭਾਗੀਦਾਰੀ ਹੋ ਗਈ ਹੈ। ਸਥਾਨਕ ਨਾਗਰਿਕਾਂ ਨੂੰ ਨਗਰ ਪਾਲਕਾਵਾਂ ਦੀਆਂ ਵੱਖ-ਵੱਖ ਕਮੇਟੀਆਂ ਵਿੱਚ ਨਿਯੁਕਤ ਕੀਤਾ ਜਾ ਸਕਦਾ ਹੈ। ਭਾਗੀਦਾਰੀ ਤੇ ਅਧਾਰਤ ਸਥਾਨਕ ਵਿਕਾਸ ਲਈ ਨੇਬਰਹੁੱਡ (ਆਸ ਪਾਸ ਦੇ ਇਲਾਕੇ ਲਈ) ਕੌਂਸਲਾਂ ਅਤੇ ਸਬ-ਮਿਉਂਸਿਪਲ (ਉਪ-ਨਗਰ) ਕੌਂਸਲਾਂ ਹਨ। ਨਗਰ ਪਾਲਕਾਵਾਂ ਪਾਸ ਅਪਣੇ ਅਧਿਕਾਰ ਖੇਤਰ ਵਿਚ ਆਉਣ ਵਾਲੇ ਖਾਲੀ ਪਏ ਇਲਾਕਿਆਂ ਲਈ ਸਥਾਨਕ ਯੋਜਨਾ ਬਣਾਉਣ ਅਤੇ ਅਪਣਾਉਣ ਦਾ ਅਧਿਕਾਰ ਹੁੰਦਾ ਹੈ। ਯੋਜਨਾ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਸੰਬੰਧਤ ਇਲਾਕੇ ਦੇ ਲੋਕਾਂ ਦੀ ਰਾਇ ਲੈ ਲਈ ਜਾਂਦੀ ਹੈ।

ਨੀਦਰਲੈਂਡ ਦੀਆਂ ਨਗਰ ਪਾਲਕਾਵਾਂ ਦਾ ਵਿੱਤੀ ਅਧਾਰ ਮਜ਼ਬੂਤ ਹੈ। ਨਗਰ ਪਾਲਕਾਵਾਂ ਦੁਆਰਾ ਕੀਤਾ ਜਾਣ ਵਾਲਾ ਪ੍ਰਤੀ ਵਿਅਕਤੀ ਨਿਵੇਸ਼ ਅਤੇ ਖਰਚ ਕਾਫੀ ਜ਼ਿਆਦਾ ਹੈ। 1990ਵਿਆਂ ਦੇ ਆਖਰੀ ਸਾਲਾਂ ਵਿਚ ਕੇਂਦਰੀ ਸਰਕਾਰ ਨੇ ਨਗਰ ਪਾਲਕਾਵਾਂ ਦੁਆਰਾ ਨਿਵੇਸ਼ ਲਈ ਬਣਾਏ ਗਏ ਬਜਟ ਵਿੱਚ ਵਾਧਾ ਕਰਨ ਦਾ ਮਹੱਤਵਪੂਰਣ ਫੈਸਲਾ ਲਿਆ। ਜ਼ਮੀਨਾਂ ਅਤੇ ਮਕਾਨਾਂ ਦੇ ਨਿਵਾਸੀਆਂ ਅਤੇ ਮਾਲਕਾਂ ਤੋਂ ਇਲਾਵਾ ਵਪਾਰਕ ਇਕਾਈਆਂ ਤੇ ਲਗਾਇਆ ਜਾਣ ਵਾਲਾ ਸੰਪਤੀ ਕਰ ਨਗਰ ਪਾਲਕਾਵਾਂ ਦੀ ਅਪਣੀ ਆਮਦਨੀ ਦਾ ਮੁੱਖ ਸੋਮਾ ਹੈ।Betterment levy (ਚੌਗਿਰਦੇ ਦੇ ਵਿਕਾਸ ਕਾਰਣ ਸੰਪਤੀ ਦੀ ਕੀਮਤ ਵਧ ਜਾਣ ਕਰਕੇ ਇਸ ਤੇ ਲਗਾਇਆ ਜਾਣ ਵਾਲਾ ਕਰ), ਕੁੱਤਿਆਂ ਤੇ ਕਰ, ਸੈਲਾਨੀਆਂ ਤੇ ਕਰ, ਅਸਥਾਈ ਰਿਹਾਇਸ਼ ਤੇ ਕਰ ਅਤੇ ਹੁਣੇ ਹੁਣੇ ਸ਼ੁਰੂ ਕੀਤੇ ਗਏ ਇਸ਼ਤਿਹਾਰੀ ਬੋਰਡਾਂ ਤੇ ਕਰ ਅਤੇ ਚਲ ਰਿਹਾਇਸ਼ੀ ਤੇ ਉਦਯੋਗਿਕ ਅਹਾਤਿਆਂ (moveable residential and industrial premises) ਤੇ ਕਰ ਇਨ੍ਹਾਂ ਦੀ ਆਮਦਨੀ ਦੇ ਹੋਰ ਸਾਧਨ ਹਨ। ਨਗਰ ਪਾਲਕਾਵਾਂ ਅਤੇ ਪ੍ਰਾਂਤ ਵਾਹਨਾਂ ਤੇ ਲਗਾਏ ਜਾਣ ਵਾਲੇ ਕਰ ਤੇ ਵੀ ਮਹਿਸੂਲ ਲੈਂਦੇ ਹਨ। ਨਗਰ ਪਾਲਕਾਵਾਂ ਨੂੰ ਇਨ੍ਹਾਂ ਦੁਆਰਾ ਲਗਾਏ ਜਾਣ ਵਾਲੇ ਕਰਾਂ ਦੀ ਦਰ ਨਿਯਤ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਇੱਕ ਨਗਰ ਪਾਲਕਾ ਨੂੰ ਇਹ ਅਧਿਕਾਰ ਹੈ ਕਿ ਇਹ Betterment levy ਲਗਾ ਕੇ ਵਸੂਲ ਕਰ ਸਕਦੀ ਹੈ। ਪਰ ਇਹ ਮੁਹੱਈਆ ਕਰਵਾਈਆਂ ਗਈਆਂ ਸੇਵਾਵਾਂ ਤੇ ਹੋਈ ਲਾਗਤ ਦੇ 100% ਤੋਂ ਵੱਧ ਨਹੀਂ ਹੋ ਸਕਦੀ। ਕਰਾਂ ਤੋਂ ਇਲਾਵਾ ਹੋਣ ਵਾਲੀ ਆਮਦਨੀ ਵਿੱਚ ਕੂੜਾ ਇਕੱਠਾ ਕਰਨ ਦੇ ਖਰਚੇ (ਜੋ ਘਰਾਂ ਅਤੇ ਵਪਾਰਕ ਇਕਾਈਆਂ, ਦੋਵਾਂ ਤੋਂ ਲਏ ਜਾਂਦੇ ਹਨ), ਗੰਦੇ ਜਲ ਦੀ ਨਿਕਾਸੀ ਦੇ ਖਰਚੇ, ਜਲ ਪ੍ਰਦੂਸ਼ਣ ਤੇ ਮਹਿਸੂਲ, ਸਰਕਾਰੀ ਭੂਮੀ ਤੇ ਨਜ਼ਾਇਜ਼ ਕਬਜ਼ਾ ਕਰਨ ਵਾਲਿਆਂ ਤੋਂ ਲਏ ਜਾਣ ਵਾਲੇ ਖਰਚੇ, ਅੰਤਮ ਸੰਸਕਾਰ ਦੇ ਖਰਚੇ, ਉਸਾਰੀ ਫੀਸ, ਗੱਡੀਆਂ ਖੜੀਆਂ ਕਰਨ ਦੀ ਫੀਸ ਅਤੇ ਮੰਡੀ ਵਿਚ ਵਪਾਰ ਕਰਨ ਦੀ ਫੀਸ ਸ਼ਾਮਿਲ ਹਨ। ਸੰਪਤੀਆਂ ਦੇ ਕਿਰਾਏ ਅਤੇ ਵਿਆਜ ਤੋਂ ਹੋਣ ਵਾਲੀ ਆਮਦਨੀ ਤੋਂ ਇਲਾਵਾ ਨਗਰ ਪਾਲਕਾਵਾਂ ਬਿਜਲੀ, ਗੈਸ, ਟੈਲੀਫੂਨ ਆਦਿ ਜਨ-ਸੁਵਿਧਾਵਾਂ ਮੁਹੱਈਆ ਕਰਵਾਉਣ ਵਾਲੀਆਂ ਕੰਪਨੀਆਂ ਤੋਂ ਵੀ ਆਮਦਨੀ ਪੈਦਾ ਕਰਦੀਆਂ ਹਨ। ਇਸ ਤੋਂ ਛੁੱਟ ਉਨ੍ਹਾਂ ਨੂੰ ਦੋ ਪ੍ਰਕਾਰ ਦੀਆਂ ਗਰਾਂਟਾਂ ਮਿਲਦੀਆਂ ਹਨ, ਆਮ ਗਰਾਂਟਾਂ ਜੋ ਮਿਉਂਸਿਪਲਟੀ ਫੰਡ ਵਿੱਚੋਂ ਦਿੱਤੀਆਂ ਜਾਂਦੀਆਂ ਹਨ ਅਤੇ ਵਿਸ਼ੇਸ਼ ਗਰਾਂਟਾਂ ਜੋ Grants to Local Government Act ਤਹਿਤ ਦਿੱਤੀਆਂ ਜਾਂਦੀਆਂ ਹਨ। ਵਿਸ਼ੇਸ਼ ਗਰਾਂਟਾਂ ਨਗਰ ਪਾਲਕਾਵਾਂ ਦੀ ਆਮਦਨੀ ਦਾ ਸਭ ਤੋਂ ਵੱਡਾ ਸਰੋਤ ਹਨ ਅਤੇ ਇਹ ਉਨ੍ਹਾਂ ਨੂੰ ਸਿੱਖਿਆ, ਸ਼ਹਿਰੀ ਕਾਇਆ ਪਲਟ ਅਤੇ ਸਮਾਜਕ ਸੇਵਾਵਾਂ ਜਿਹੀਆਂ ਕਾਨੂੰਨੀ ਤੌਰ ਤੇ ਨਿਸ਼ਚਿਤ ਕੀਤੀਆਂ ਗਈਆਂ ਜ਼ਿੰਮੇਵਾਰੀਆਂ ਪੂਰਾ ਕਰਨ ਲਈ ਦਿੱਤੀਆਂ ਜਾਂਦੀਆਂ ਹਨ। ਸਰਕਾਰ ਨੇ ਨਗਰ ਪਾਲਕਾਵਾਂ ਦੀਆਂ ਰਿਣ ਸੰਬੰਧੀ ਲੋੜਾਂ ਪੂਰੀਆਂ ਕਰਨ ਲਈ ਨੀਦਰਲੈਂਡ ਮਿਉਂਸਿਪਲਟੀਜ਼ ਬੈਂਕ ਦੀ ਸਥਾਪਨਾ ਕੀਤੀ ਹੈ। ਸਥਾਨਕ ਸੰਸਥਾਵਾਂ ਖੁੱਲ੍ਹੇ ਬਜ਼ਾਰ, ਬੈਂਕਾਂ ਅਤੇ ਸੰਸਥਾਗਤ ਨਿਵੇਸ਼ਕਾਂ ਤੋਂ ਵੀ ਰਿਣ ਲੈ ਸਕਦੀਆਂ ਹਨ। ਨੀਦਰਲੈਂਡ ਦੇ ਸਥਾਨਕ ਸ਼ਾਸਨਾਂ ਦਾ ਕਾਰਜ ਖੇਤਰ, ਵਿੱਤੀ ਘੇਰਾ ਅਤੇ ਸੰਸਥਾਗਤ ਅਧਾਰ ਮਜ਼ਬੂਤ ਹੈ ਅਤੇ ਸਰਕਾਰ ਨੇ ਸਹੀ ਅਰਥਾਂ ਵਿੱਚ ਇਨ੍ਹਾਂ ਨੂੰ ਸ਼ਕਤੀ ਸੰਪੰਨ ਕਰਨ ਲਈ ਸੰਜੀਦਗੀ ਦਿਖਾਈ ਹੈ।

## iv. ਸਪੇਨ ਵਿੱਚ ਲੋਕਤੰਤਰੀ ਵਿਕੇਂਦਰੀਕਰਣ

ਸਪੇਨ ਵਿੱਚ ਵਿਕੇਂਦਰੀਕਰਣ ਦਾ ਅਧਾਰ ਬਹੁਤ ਮਜ਼ਬੂਤ ਹੈ। ਸਪੇਨੀ ਸੰਵਿਧਾਨ ਦੇ ਉਦੇਸ਼ਾਂ ਵਿੱਚ ਸਥਾਨਕ ਸਵੈ-ਸ਼ਾਸਨ ਨੂੰ ਖੁਦਮੁਖਤਾਰੀ ਦੇਣਾ ਵੀ ਸ਼ਾਮਿਲ ਹੈ। ਸਰਕਾਰ ਦੇ ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪਣ ਦੀ ਪ੍ਰਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ ਅਤੇ ਸਪੇਨ ਵਿੱਚ ਇਹ ਇੱਕ ਮਹੱਤਵਪੂਰਣ ਮੁੱਦਾ ਹੈ। ਸਥਾਨਕ ਸਵੈ-ਸ਼ਾਸਨ ਦਾ ਵਰਤਮਾਨ ਰੂਪ 1985 ਦੇ Local Government Act (ਸਥਾਨਕ ਸਰਕਾਰ ਐਕਟ) ਤਹਿਤ ਸਥਾਪਤ ਹੋਇਆ ਸੀ। ਇਸ ਐਕਟ ਵਿੱਚ ਸੁਰੱਖਿਆ, ਆਵਾਜਾਈ, ਸਿੱਖਿਆ, ਕੂੜੇ ਕਰਕਟ ਦਾ ਪ੍ਰਬੰਧ ਆਦਿ ਮਹੱਤਵਪੂਰਣ ਜਨ ਸੇਵਾਵਾਂ ਸਥਾਨਕ ਸ਼ਾਸਨ ਦੀਆਂ ਸੰਸਥਾਵਾਂ ਨੂੰ ਸੌਂਪਣ ਦੀ ਵਿਵਸਥਾ ਕੀਤੀ ਗਈ ਸੀ। ਪੂਰੇ ਪ੍ਰਾਂਤ ਵਿਚ ਚੋਖੀਆਂ ਸੇਵਾਵਾਂ ਮੁਹੱਈਆ ਕਰਵਾਉਣ ਲਈ ਪ੍ਰਾਂਤੀ ਸਰਕਾਰ ਤਾਲਮੇਲ ਬਣਾਈ ਰੱਖਦੀ ਹੈ। ਸਥਾਨਕ ਪੱਧਰ ਤੇ ਮਿਲ-ਜੁਲ ਕੇ ਹੋਰ ਵਧੀਆ ਸੇਵਾਵਾਂ ਉਪਲਬਧ ਕਰਵਾਉਣ ਲਈ ਐਕਟ ਵਿੱਚ ਸਥਾਨਕ ਸੰਸਥਾਵਾਂ ਦੇ ਜੁੱਟ ਬਣਾਉਣ ਦੀ ਵੀ ਵਿਵਸਥਾ ਕੀਤੀ ਗਈ ਸੀ ਜਿਸ ਤਹਿਤ ਨਗਰ ਪਾਲਕਾ ਪੱਧਰ ਤੇ ਸਵੈ-ਇੱਛਕ ਸਭਾਵਾਂ, ਜ਼ਿਲ੍ਹਾ ਪੱਧਰ ਤੇ ਖੁਦਮੁਖਤਾਰ ਸਮੁਦਾਵਾਂ ਅਤੇ ਮਹਾਂਨਗਰੀ ਪੱਧਰ ਤੇ ਨਗਰ ਪਾਲਕਾਵਾਂ ਦੇ ਜੁੱਟ ਬਣਾਏ ਜਾ ਸਕਦੇ ਹਨ। 1988 ਵਿੱਚ ਸਥਾਨਕ ਸੰਸਥਾਵਾਂ ਦੀ ਖੁਦਮੁਖਤਾਰੀ ਅਤੇ ਆਤਮ-ਨਿਰਭਰਤਾ ਦੇ ਸਿਧਾਂਤ ਵਿਕਸਤ ਕਰਨ ਲਈ ਇੱਕ ਕਾਨੂੰਨ ਪਾਸ ਕੀਤਾ ਗਿਆ ਸੀ। ਪਰ ਕੇਵਲ 1990ਵਿਆਂ ਵਿੱਚ ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪਣ ਦੇ ਹੱਕ ਵਿੱਚ ਉੱਠੀ ਇੱਕ ਸਥਾਨਕ ਲਹਿਰ ਪਿੱਛੋਂ ਸਥਾਨਕ ਸ਼ਾਸਨਾਂ ਨੂੰ ਹੋਰ ਮਜ਼ਬੂਤ ਬਣਾਉਣ ਦੀ ਗੱਲ ਮੰਨੀ ਗਈ। ਸਥਾਨਕ ਸ਼ਾਸਨਾਂ ਨੂੰ ਵਿੱਤ ਮੁਹੱਈਆ ਕਰਾਉਣ ਦੀ ਪ੍ਰਣਾਲੀ ਦਾ ਢਾਂਚਾ ਹੌਲੀ ਹੌਲੀ ਉੱਭਰ ਰਿਹਾ ਹੈ। 2002 ਵਿੱਚ ਵਿੱਤ ਮੁਹੱਈਆ ਕਰਾਉਣ ਦੀ ਇੱਕ ਮਜ਼ਬੂਤ ਪ੍ਰਣਾਲੀ ਸ਼ੁਰੂ ਕਰਨ ਅਤੇ ਸਥਾਨਕ ਲੋੜਾਂ ਨੂੰ ਪੂਰਾ ਕਰਨ ਵਾਸਤੇ ਵਧੇਰੇ ਸਾਂਝੀ ਵਿੱਤੀ ਜ਼ਿੰਮੇਵਾਰੀ ਵਾਲੇ ਸਥਾਨਕ ਸ਼ਾਸਨਾਂ ਨੂੰ ਹੋਰ ਖੁਦਮੁਖਤਾਰੀ ਦੇਣ ਲਈ ਇੱਕ ਕਾਨੂੰਨ ਪਾਸ ਕੀਤਾ ਗਿਆ।

ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਸੌਂਪੀਆਂ ਗਈਆਂ ਮੁੱਖ ਮੁੱਖ ਜ਼ਿੰਮੇਵਾਰੀਆਂ ਵਿੱਚ ਸ਼ਹਿਰੀਕਰਣ ਦਾ ਪ੍ਰਬੰਧ, ਸਿਹਤ, ਪਰਿਆਵਰਣ, ਸਮਾਜਕ ਸੇਵਾਵਾਂ, ਸੱਭਿਆਚਾਰ ਅਤੇ ਖੇਡਾਂ, ਮੰਡੀਆਂ ਅਤੇ ਲਾਇਸੰਸ ਸ਼ਾਮਿਲ ਹਨ। ਨਗਰ ਪਾਲਕਾਵਾਂ ਨੂੰ ਸਮੁਦਾ ਦੀਆਂ ਸਮਾਜਕ ਲੋੜਾਂ ਪੂਰੀਆਂ ਕਰਨ ਦੀ ਸ਼ਕਤੀ ਦਿੱਤੀ ਗਈ ਹੈ। 1985 ਦੇ ਐਕਟ ਅਨੁਸਾਰ ਸਮਾਜਕ ਸੇਵਾਵਾਂ ਉਪਲਬਧ ਕਰਵਾਉਣਾ 20,000 ਤੋਂ ਵੱਧ ਵਸਨੀਕਾਂ ਵਾਲੀਆਂ ਨਗਰ ਪਾਲਕਾਵਾਂ ਦੀ ਲਾਜ਼ਮੀ ਜ਼ਿੰਮੇਵਾਰੀ ਹੈ। ਸਮਾਜਕ ਸੇਵਾਵਾਂ ਤੇ ਹੋਣ ਵਾਲੇ ਖਰਚ ਕੌਮੀ ਤੇ ਖੇਤਰੀ ਪੱਧਰ ਦੇ ਸ਼ਾਸਨਾਂ ਦੁਆਰਾ ਸਾਂਝੇ ਤੌਰ ਤੇ ਕੀਤੇ ਜਾਂਦੇ ਹਨ।

ਸਥਾਨਕ ਸੰਸਥਾਵਾਂ ਦੇ ਮੂਲ ਵਿੱਤੀ ਸਾਧਨ ਉਨ੍ਹਾਂ ਦੀ ਅਪਣੀ ਆਮਦਨੀ ਅਤੇ ਕੇਂਦਰੀ ਸਰਕਾਰ ਤੋਂ ਮਿਲਣ ਵਾਲੇ ਫੰਡ ਹਨ। ਇਨ੍ਹਾਂ ਸੰਸਥਾਵਾਂ ਦੁਆਰਾ ਲਗਾਏ ਹੋਏ ਕਰਾਂ ਵਿੱਚ ਸਥਾਨਕ ਕਰ, ਜਮ੍ਹਾਂ ਪੂੰਜੀ, ਅਤੇ ਜੁਰਮਾਨੇ ਹਨ। ਸਥਾਨਕ ਸ਼ਾਸਨਾਂ ਦੇ ਵਿੱਤੀ ਅਧਾਰ ਨੂੰ ਮਜਬੂਤ ਬਣਾਉਣ ਲਈ 1988 ਵਿੱਚ ਤਿੰਨ ਹੋਰ ਕਰ - ਸੰਪਤੀ ਕਰ, ਆਰਥਕ ਗਤੀਵਿਧੀਆਂ ਤੇ ਕਰ ਅਤੇ ਵਾਹਨਾਂ ਤੇ ਕਰ - ਲਗਾਉਣ ਦੀ ਆਗਿਆ ਦੇ ਦਿੱਤੀ ਗਈ। ਇਸ ਤੋਂ ਇਲਾਵਾ ਆਮਦਨੀ ਕਰ, ਸੰਪਤੀ ਕਰ, ਕੂੜੇ ਕਰਕਟ ਤੇ ਕਰ, ਵਾਹਨ ਕਰ, ਵਿਉਪਾਰ ਕਰ, ਊਰਜਾ ਕਰ, ਅਤੇ ਜਲ ਕਰ ਵੀ ਵਸੂਲ ਕੀਤੇ ਜਾਂਦੇ ਹਨ। ਸ਼ਹਿਰੀ ਜ਼ਮੀਨ ਤੇ ਲੱਗਣ ਵਾਲਾ VAT ਇੱਕ ਹੋਰ ਮਹੱਤਵਪੂਰਣ ਕਰ ਹੈ। ਸਥਾਨਕ ਸਵੈ-ਸ਼ਾਸਨ ਅਪਣੇ ਅਧਿਕਾਰ ਖੇਤਰ ਵਿਚ ਕਰਾਂ ਦੀ ਦਰ ਦਾ ਫੈਸਲਾ ਕਰਦਾ ਹੈ। 2004 ਵਿੱਚ ਪਾਸ ਕੀਤਾ ਗਿਆ ਇੱਕ ਕਾਨੂੰਨ ਸਥਾਨਕ ਸ਼ਾਸਨਾਂ ਨੂੰ ਸਰਕਾਰੀ ਆਮਦਨੀ ਵਿੱਚੋਂ ਹੋਰ ਵੱਡਾ ਹਿੱਸਾ ਮੁਹੱਈਆ ਕਰਵਾਉਂਦਾ ਹੈ। 75000 ਜਾਂ ਇਸ ਤੋਂ ਵੱਧ ਦੀ ਜਨ ਸੰਖਿਆ ਵਾਲੇ ਇੱਕ ਨਗਰ ਨੂੰ ਮਿਲਣ ਵਾਲਾ ਹਿੱਸਾ ਇਸ ਪ੍ਰਕਾਰ ਹੈ: (ੳ) ਆਮਦਨੀ ਕਰ, VAT, ਬੀਅਰ ਅਤੇ ਸ਼ਰਾਬ ਤੇ ਲੱਗਣ ਵਾਲੇ ਵਿਸ਼ੇਸ਼ ਕਰਾਂ ਜਿਹੇ ਜ਼ਿਆਦਾ ਆਮਦਨੀ ਦੇਣ ਵਾਲੇ ਸਾਧਨ (ਅ) ਰਾਜ ਦੇ ਅਨੁਪੂਰਕ ਫੰਡ ਵਿੱਚੋਂ ਸੂਚਕ ਅੰਕ ਤੇ ਅਧਾਰਤ ਪ੍ਰਤੀਸ਼ਤ ਹਿੱਸਾ (index based percentage share of supplementary fund of the state). ਭਾਵੇਂ ਸਥਾਨਕ ਸੰਸਥਾਵਾਂ ਦੀਆਂ ਵਿੱਤੀ ਸ਼ਕਤੀਆਂ ਵਿੱਚ ਕਾਫੀ ਵਾਧਾ ਹੋਇਆ ਹੈ, ਪਰ ਉਨ੍ਹਾਂ ਦੁਆਰਾ ਜਨਤਾ ਤੇ ਕੀਤਾ ਜਾਣ ਵਾਲਾ ਖਰਚ ਤੁਲਨਾਤਮਕ ਤੌਰ ਤੇ ਹਾਲੇ ਵੀ ਘੱਟ ਹੈ।

### ਏ. ਫਿਨਲੈਂਡ ਵਿੱਚ ਲੋਕਤੰਤਰੀ ਵਿਕੇਂਦਰੀਕਰਣ

ਫਿਨਲੈਂਡ ਇੱਕ ਪ੍ਰਭੂਸੱਤਾ ਸੰਪੰਨ ਸੰਸਦੀ ਗਣਤੰਤਰ ਹੈ ਜਿਸ ਦੀ ਲੋਕਤੰਤਰੀ ਪ੍ਰਣਾਲੀ ਤਹਿਤ ਕੇਂਦਰ ਵਿਚ ਰਾਸ਼ਟਰੀ, ਵਿਚਕਾਰਲੇ ਪੱਧਰ ਤੇ ਖੇਤਰੀ ਅਤੇ ਸਥਾਨਕ ਪੱਧਰ ਤੇ ਨਗਰ ਪਾਲਕਾ ਦਾ ਸ਼ਾਸਨ ਹੈ। ਨਗਰ ਪਾਲਕਾਵਾਂ ਨੂੰ ਸਿੱਖਿਆ, ਸਿਹਤ ਸੰਭਾਲ, ਸਮਾਜ ਭਲਾਈ, ਤਕਨੀਕੀ ਬੁਨਿਆਦੀ ਢਾਂਚਾ ਅਤੇ ਪਰਿਆਵਰਣ ਦੀ ਸੁਰੱਖਿਆ ਵਰਗੇ ਮਹੱਤਵਪੂਰਣ ਕਾਰਜ ਸੌਂਪੇ ਗਏ ਹਨ। ਸਥਾਨਕ ਸ਼ਾਸਨਾਂ ਨੂੰ ਸ਼ਕਤੀ ਸੰਪੰਨ ਬਣਾਉਣ ਲਈ ਲੋਕਤੰਤਰੀ ਵਿਕੇ ਂਦਰੀਕਰਣ ਦੀ ਪ੍ਰਕਿਰਿਆ ਫਿਨਲੈਂਡ ਵਿੱਚ ਬਹੁਤ ਸਫਲ ਰਹੀ ਹੈ। ਸਥਾਨਕ ਸ਼ਾਸਨ ਨੂੰ ਅਪਣਾ ਕੰਮ ਕਰਨ ਵਿਚ ਖੁਦਮੁਖਤਾਰੀ ਅਤੇ ਸੁਤੰਤਰਤਾ ਹਾਸਲ ਹੈ ਅਤੇ ਰਾਸ਼ਟਰੀ ਜਾਂ ਪ੍ਰਾਂਤੀ ਸਰਕਾਰ ਵੱਲੋਂ ਇਸ ਵਿੱਚ ਕੋਈ ਦਖਲ ਨਹੀਂ ਦਿੱਤਾ ਜਾਂਦਾ। ਫਿਨਲੈਂਡ ਦੇ ਸੰਵਿਧਾਨ ਵਿੱਚ ਸਪਸ਼ਟ ਕਿਹਾ ਗਿਆ ਹੈ ਕਿ:

"ਪ੍ਰਾਂਤੀ ਸਰਕਾਰ ਨੂੰ ਨਗਰ ਪਾਲਕਾਵਾਂ ਦੇ ਮਾਮਲਿਆਂ ਵਿੱਚ ਦਖਲ ਦੇਣ ਦਾ ਜਾਂ ਨਗਰ ਪਾਲਕਾਵਾਂ ਨੂੰ ਆਦੇਸ਼ ਦੇਣ ਦਾ ਕੋਈ ਅਧਿਕਾਰ ਨਹੀਂ। ਨਗਰ ਪਾਲਕਾਵਾਂ ਪ੍ਰਾਂਤੀ ਸਰਕਾਰਾਂ ਦੇ ਪ੍ਰਸ਼ਾਸਨ ਅਧੀਨ ਨਹੀਂ ਹਨ। ਜੇ ਨਗਰ ਪਾਲਕਾਵਾਂ ਕਾਨੂੰਨ ਦੁਆਰਾ ਨਿਰਧਾਰਤ ਕੀਤੇ ਗਏ ਅਪਣਾ ਕੰਮ ਪੂਰਾ ਨਹੀਂ ਕਰਦੀਆਂ ਤਾਂ ਪ੍ਰਾਂਤੀ ਸਰਕਾਰ ਨਗਰ ਪਾਲਕਾਵਾਂ ਨੂੰ ਅਜਿਹਾ ਕੰਮ ਪੂਰਾ ਕਰਨ ਦਾ ਆਦੇਸ਼ ਦੇ ਸਕਦੀ ਹੈ। ਪ੍ਰਸ਼ਾਸਨਿਕ ਅਦਾਲਤ ਜਿਹੜੀ ਹਰ ਪ੍ਰਾਂਤ ਵਿੱਚ ਪ੍ਰਾਂਤੀ ਸਰਕਾਰ ਤੋਂ ਸੁਤੰਤਰ ਰਹਿ ਕੇ ਕੰਮ ਕਰਦੀ ਹੈ, ਨਗਰ ਪਾਲਕਾ ਦੇ ਫੈਸਲਿਆਂ ਵਿਰੁੱਧ ਕਾਨੂੰਨੀ ਸ਼ਿਕਾਇਤਾਂ ਦੀ ਸੁਣਵਾਈ ਕਰਦੀ ਹੈ।"

ਫਿਨਲੈਂਡ ਵਿੱਚ ਨਗਰ ਪਾਲਕਾਵਾਂ ਦੀ ਖੁਦਮੁਖਤਾਰੀ ਦੇ ਕੁੱਝ ਮੁੱਖ ਲੱਛਣ ਇਸ ਪ੍ਰਕਾਰ ਹਨ:

ੳ) ਨਗਰ ਪਾਲਕਾਵਾਂ ਸਵੈ-ਸ਼ਾਸਕ ਇਕਾਈਆਂ ਹਨ ਜਿਨ੍ਹਾਂ ਵਿਚ ਫੈਸਲੇ ਲੈਣ ਦਾ ਸਰਵ ਉੱਚ ਅਧਿਕਾਰ ਨਾਗਰਿਕਾਂ ਦੁਆਰਾ ਚੁਣੀਆਂ ਹੋਈਆਂ ਸਥਾਨਕ ਕੌਂਸਲਾਂ ਪਾਸ ਹੁੰਦਾ ਹੈ।

ਅ) ਨਗਰ ਪਾਲਕਾਵਾਂ ਚੋਖੀਆਂ ਅਤੇ ਉੱਚ ਗੁਣਵੱਤਾ ਵਾਲੀਆਂ ਮੁਢਲੀਆਂ ਸੇਵਾਵਾਂ ਮੁਹੱਈਆ ਕਰਵਾਉਂਦੀਆਂ ਹਨ ਜਿਨ੍ਹਾਂ ਵਿੱਚ ਸਮਾਜ ਭਲਾਈ, ਸਿਹਤ ਸੰਭਾਲ, ਸਿੱਖਿਆ, ਸਕੂਲਾਂ ਦਾ ਪ੍ਰਬੰਧ, ਕਿੱਤਾ ਸਿਖਲਾਈ, ਪੁਸਤਕਾਲੇ, ਸੱਭਿਆਚਾਰ, ਪਰਿਆਵਰਣ ਅਤੇ ਬੁਨਿਆਦੀ ਢਾਂਚਾ ਜਿਵੇਂ ਕਿ ਸੜਕਾਂ, ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ, ਬਿਜਲੀ, ਕੂੜੇ-ਕਰਕਟ ਦਾ ਪ੍ਰਬੰਧ ਆਦਿ ਸ਼ਾਮਿਲ ਹਨ।

ੲ) ਨਗਰ ਪਾਲਕਾਵਾਂ ਦਾ ਵਿੱਤੀ ਅਧਾਰ ਬਹੁਤ ਮਜ਼ਬੂਤ ਹੈ। ਨਗਰ ਪਾਲਕਾਵਾਂ ਅਤੇ ਸੰਯੁਕਤ ਸਥਾਨਕ ਸ਼ਾਸਨਾਂ ਦਾ ਬਜਟ 27 ਬਿਲੀਅਲ ਯੂਰੋ ਤੋਂ ਵੀ ਵੱਧ ਹੈ।

ਨਗਰ ਪਾਲਕਾਵਾਂ ਨੂੰ ਅਪਣੇ ਵਿੱਤੀ ਪ੍ਰਬੰਧ ਵਿੱਚ ਪੂਰੀ ਸੁਤੰਤਰਤਾ ਹੈ। ਉਨ੍ਹਾਂ ਦੀ ਆਮਦਨੀ ਦੇ ਮੁੱਖ ਸਾਧਨਾਂ ਵਿੱਚ ਕਰ, ਕੇਂਦਰੀ ਸਰਕਾਰ ਤੋਂ ਮਿਲਣ ਵਾਲੀਆਂ ਗਰਾਂਟਾਂ, ਵਸਤੂਆਂ ਅਤੇ ਸੇਵਾਵਾਂ ਦੀ ਵਿੱਕਰੀ ਅਤੇ ਉਧਾਰ ਲਈਆਂ ਹੋਈਆਂ ਰਾਸ਼ੀਆਂ ਸ਼ਾਮਿਲ ਹਨ। ਉਨ੍ਹਾਂ ਦੁਆਰਾ ਵਸੂਲ ਕੀਤਾ ਹੋਇਆ ਆਮਦਨੀ ਕਰ, ਸੰਪਤੀ ਅਤੇ ਭੂਮੀ ਆਧਾਰਤ ਸੰਪਤੀ ਕਰ, ਕੰਪਨੀਆਂ ਤੇ ਆਮਦਨੀ ਕਰ (ਜੋ ਮਿਉਂਸਿਪਲ ਕੌਂਸਲ ਖੇਤਰ ਵਿੱਚ ਵਿਉਪਾਰ ਕਰਨ ਵਾਲੀਆਂ ਕੰਪਨੀਆਂ ਤੋਂ ਲਿਆ ਜਾਂਦਾ ਹੈ) ਉਨ੍ਹਾਂ ਦੀ ਆਮਦਨੀ ਦੇ ਮਹੱਤਵਪੂਰਣ ਸਾਧਨ ਹਨ। ਸਾਲ 2005 ਵਿੱਚ ਨਗਰ ਪਾਲਕਾਵਾਂ ਦੀ ਆਮਦਨੀ ਦੇ ਵੱਖ-ਵੱਖ ਸਰੋਤ ਇਸ ਪ੍ਰਕਾਰ ਸਨ: ਕਰ (47%), ਸਟੇਟ ਗਰਾਂਟਾਂ (17%), ਵਸਤੂਆਂ ਅਤੇ ਸੇਵਾਵਾਂ ਦੀ ਵਿੱਕਰੀ (27%), ਉਧਾਰ (6%) ਅਤੇ ਹੋਰ ਆਮਦਨੀ (3%)। ਇਸ ਤੋਂ ਪਤਾ ਚਲਦਾ ਹੈ ਕਿ ਨਗਰ ਪਾਲਕਾਵਾਂ ਦੁਆਰਾ ਵਸੂਲੇ ਜਾਣ ਵਾਲੇ ਕਰਾਂ ਦਾ ਅਧਾਰ ਮਜਬੂਤ ਹੈ ਅਤੇ ਸਰਕਾਰ ਦੁਆਰਾ ਦਿੱਤੀਆਂ ਜਾ ਰਹੀਆਂ ਗਰਾਂਟਾ ਤੇ ਹੋਰ ਧਨ ਰਾਸ਼ੀਆਂ ਤੇ ਉਨ੍ਹਾਂ ਦੀ ਨਿਰਭਰਤਾ ਇੰਨੀ ਨਹੀਂ ਜਿੰਨੀ ਕਿ ਯੂਰਪ ਦੇ ਕਈ ਹੋਰ ਦੇਸ਼ਾਂ ਵਿੱਚ ਹੈ। ਨਗਰ ਪਾਲਕਾਵਾਂ ਦੀ ਆਮਦਨੀ ਦੇ ਸੁਤੰਤਰ ਸਾਧਨ ਉਨ੍ਹਾਂ ਨੂੰ ਸਵੈ-ਸ਼ਾਸਨ ਦਾ ਦਰਜਾ ਦਿੰਦੇ ਹਨ ਜਿਸ ਨਾਲ ਉਨ੍ਹਾਂ ਦੀ ਸਰਕਾਰ ਉੱਪਰ ਨਿਰਭਰਤਾ ਘਟ ਜਾਂਦੀ ਹੈ।

ਇੱਕ ਸਮੇਂ ਬਾਦ ਨਗਰ ਪਾਲਕਾਵਾਂ ਦੀ ਵਧੀ ਹੋਣੀ ਆਮਦਨੀ ਕਰਕੇ ਉਨ੍ਹਾਂ ਦੀ ਖਰਚ ਕਰਨ ਦੀ ਸਮਰਥਾ ਵੀ ਵਧ ਗਈ ਹੈ। ਨਗਰ ਪਾਲਕਾਵਾਂ ਦੁਆਰਾ 2005 ਵਿੱਚ ਕੀਤੇ ਹੋਏ ਖਰਚ ਦੇ ਵਿਸ਼ਲੇਸ਼ਣ ਤੋਂ ਪਤਾ ਚਲਦਾ ਹੈ ਕਿ ਉਹ ਸਮਾਜ ਭਲਾਈ ਅਤੇ ਸਿਹਤ ਤੇ ਸਭ ਤੋਂ ਵੱਧ ਖਰਚ (50%) ਕਰਨ ਲਈ ਪ੍ਰਤੀਬੱਧ ਹਨ। ਇਸ ਤੋਂ ਬਾਦ ਸਿੱਖਿਆ ਅਤੇ ਸੱਭਿਆਚਾਰ (26%), ਆਮਦਨੀ ਪੈਦਾ ਕਰਨ ਵਾਲੀ ਸੰਪਤੀ ਦਾ ਸੰਚਾਲਨ ਅਤੇ ਸਾਂਭ-ਸੰਭਾਲ (20%), ਧਨ ਨਿਵੇਸ਼ ਤੇ ਹੋਰ ਖਰਚੇ (4%) ਆਉਂਦੇ ਹਨ। ਪੂਰੇ ਖਰਚ ਦਾ 41% ਤਨਖਾਹਾਂ ਅਤੇ ਉਜਰਤਾਂ ਤੇ, 12% ਸਮਾਜਕ ਸੁਰੱਖਿਆ ਦੇ ਫੰਡਾਂ ਅਤੇ ਪੈਨਸ਼ਨਾਂ ਤੇ, 26% ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਤੇ, 6% ਸਬਸੀਡੀਆਂ ਤੇ ਅਤੇ 15% ਹੋਰ ਫੁਟਕਲ ਕੰਮਾਂ ਤੇ ਖਰਚਿਆ ਜਾਂਦਾ ਹੈ।

ਸਰਕਾਰ ਸਥਾਨਕ ਪੱਧਰ ਤੇ ਭਾਗੀਦਾਰੀ ਆਧਾਰਤ ਸ਼ਾਸਨ ਅਤੇ ਵਿਕਾਸ ਨੂੰ ਉਤਸ਼ਾਹਤ ਕਰ ਰਹੀ ਹੈ। ਲੋਕਾਂ ਦੀ ਭਾਗੀਦਾਰੀ ਨੂੰ ਵਧਾਉਣ ਅਤੇ ਵਿਭਾਗੀ ਯੋਜਨਾਵਾਂ ਅਤੇ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਿੱਖਿਆ, ਸਿਹਤ ਅਤੇ ਸਮਾਜਕ ਸੁਰੱਖਿਆ ਅਤੇ ਪਰਿਆਵਰਣ ਆਦਿ ਤੇ ਵੱਖ-ਵੱਖ ਕਮੇਟੀਆਂ ਬਣਾਈਆਂ ਜਾਂਦੀਆਂ ਹਨ। ਸਥਾਨਕ ਸਵੈ-ਸ਼ਾਸਨ ਵਿੱਚ ਇਸਤ੍ਰੀਆਂ ਦੀ ਲਗਾਤਾਰ ਵਧ ਰਹੀ ਭਾਗੀਦਾਰੀ ਉੱਥੇ ਭਾਗੀਦਾਰੀ ਆਧਾਰਤ ਸ਼ਾਸਨ ਵਿੱਚ ਹੋ ਰਹੇ ਵਾਧੇ ਵੱਲ ਸੰਕੇਤ ਕਰਦੀ ਹੈ। ਇਸਤ੍ਰੀਆਂ ਦੀ ਇਹ ਭਾਗੀਦਾਰੀ 1980 ਵਿੱਚ 22.2% ਤੋਂ ਵਧ ਕੇ 1992 ਵਿੱਚ 30% ਅਤੇ 2004 ਵਿੱਚ 36.3% ਹੋ ਗਈ। ਸਥਾਨਕ ਸ਼ਾਸਨਾਂ ਦੀ ਖੁਦਮੁਖਤਾਰੀ ਦਾ ਸਭ ਤੋਂ ਅਹਿਮ ਪੱਖ ਇਹ ਹੈ ਕਿ ਉਨ੍ਹਾਂ ਪਾਸ ਅਪਣਾ ਅਮਲਾ ਆਪ ਨਿਯੁਕਤ ਕਰਨ ਦਾ ਅਧਿਕਾਰ ਹੈ।

### vi. ਬੈਲਜੀਅਮ ਵਿੱਚ ਲੋਕਤੰਤਰੀ ਵਿਕੇਂਦਰੀਕਰਣ

ਪੱਛਮੀ ਯੂਰਪ ਵਿੱਚ ਸਥਿਤ ਬੈਲਜੀਅਮ 1993 ਵਿੱਚ ਇੱਕ ਸੰਘੀ ਰਾਜ ਬਣ ਗਿਆ। ਇਹ ਸਰਕਾਰ ਦੀ ਦੋ-ਸਦਨੀ ਪ੍ਰਣਾਲੀ ਵਾਲਾ ਸੰਸਦੀ ਰਾਜਤੰਤਰ ਹੈ। ਦੇਸ਼ ਨੂੰ ਦੋ ਖੇਤਰਾਂ ਵਿੱਚ ਵੰਡਿਆ ਹੋਇਆ ਹੈ - ਵੌਲੂਨ ਖੇਤਰ ਅਤੇ ਫਲੈਮਿਸ਼ ਖੇਤਰ। ਇਸ ਤੋਂ ਇਲਾਵਾ ਭਾਸ਼ਾ ਦੇ ਅਧਾਰ ਤੇ ਵੀ ਉੱਥੇ ਵੰਡਾਂ ਹਨ। ਖੇਤਰਾਂ ਨੂੰ ਅੱਗੇ 10 ਪ੍ਰਾਂਤਾਂ ਵਿੱਚ ਵੰਡਿਆ ਹੋਇਆ ਹੈ। ਸਮੂਹਾਂ ਅਤੇ ਖੇਤਰਾਂ ਦੀ ਸਹਿਹੋਂਦ ਬੈਲਜੀਅਮ ਦੀ ਸ਼ੈਲੀ ਦੇ ਸੰਘਵਾਦ ਦੀ ਸਭ ਤੋਂ ਵੱਡੀ ਵਿਲੱਖਣਤਾ ਹੈ। ਸਰਕਾਰਾਂ ਰਾਸ਼ਟਰੀ, ਖੇਤਰੀ, ਪ੍ਰਾਂਤੀ ਅਤੇ ਸਥਾਨਕ ਹਨ। ਸਥਾਨਕ ਮੁੱਦਿਆਂ ਨਾਲ ਨਿਪਟਣ ਲਈ ਨਗਰ ਪਾਲਕਾਵਾਂ (589) ਨੂੰ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਜਾ ਰਹੀਆਂ ਹਨ। ਮੇਅਰ ਪਾਸ ਸਾਰੇ ਵਿਧਾਨ, ਫਰਮਾਨ ਅਤੇ ਅਧਿਆਦੇਸ਼ ਆਦਿ ਲਾਗੂ ਕਰਨ ਦੀ ਸ਼ਕਤੀ ਹੈ। ਨਗਰ ਕੌਂਸਲ ਸਥਾਨਕ ਸ਼ਾਸਨ ਨਾਲ ਸੰਬੰਧ ਰੱਖਣ ਵਾਲੇ ਸਾਰੇ ਮਾਮਲਿਆਂ ਦਾ ਨਿਪਟਾਰਾ ਕਰਦੀ ਹੈ ਅਤੇ ਕੌਂਸਲ ਜਾਂ ਇਸ ਤੋਂ ਉੱਪਰਲੇ ਪੱਧਰ ਦੇ ਅਧਿਕਾਰੀਆਂ ਦੁਆਰਾ ਲਏ ਗਏ ਸਾਰੇ ਫੈਸਲਿਆਂ ਨੂੰ ਲਾਗੂ ਕਰਦੀ ਹੈ।

ਨਗਰ ਪਾਲਕਾਵਾਂ ਦੇ ਅਪਣੇ ਉਚੇਚੇ ਕਾਰਜ ਥੋੜ੍ਹੇ ਜਿਹੇ ਹੀ ਹਨ ਕਿਉਂਕਿ ਬਹੁ-ਗਿਣਤੀ ਕਾਰਜ ਕੇਂਦਰ ਸਰਕਾਰ ਜਾਂ ਪ੍ਰਾਤਾਂ ਨਾਲ ਮਿਲ ਕੇ ਕੀਤੇ ਜਾਂਦੇ ਹਨ। ਨਗਰ ਪਾਲਕਾਵਾਂ ਦੇ ਮੁੱਖ ਕਾਰਜ ਹਨ: ਆਮ ਪ੍ਰਸ਼ਾਸਨ (ਸਰਕਾਰ ਨਾਲ ਮਿਲ ਕੇ), ਸਿੱਖਿਆ (ਸਰਕਾਰ ਅਤੇ ਪ੍ਰਾਂਤ ਨਾਲ ਮਿਲ ਕੇ), ਜਨ-ਸਿਹਤ (ਸਰਕਾਰ ਅਤੇ ਪ੍ਰਾਂਤ ਨਾਲ ਮਿਲ ਕੇ), ਸਮਾਜ ਭਲਾਈ (ਸਰਕਾਰ ਅਤੇ ਪ੍ਰਾਂਤ ਨਾਲ ਮਿਲ ਕੇ), ਮਕਾਨ ਉਸਾਰੀ ਅਤੇ ਸ਼ਹਿਰੀ ਯੋਜਨਾਬੰਦੀ (ਸਰਕਾਰ ਨਾਲ ਮਿਲਕੇ), ਪਰਿਆਵਰਣ ਅਤੇ ਸਫਾਈ ਪ੍ਰਬੰਧ (ਸਰਕਾਰ ਨਾਲ ਮਿਲਕੇ), ਸੱਭਿਆਚਾਰ, ਮਨੋਰੰਜਨ ਅਤੇ ਖੇਡਾਂ (ਸਰਕਾਰ ਅਤੇ ਪ੍ਰਾਂਤ ਨਾਲ ਮਿਲਕੇ), ਆਵਾਜਾਈ ਅਤੇ ਢੋ-ਢੁਆਈ (ਸਰਕਾਰ ਅਤੇ ਪ੍ਰਾਂਤ ਨਾਲ ਮਿਲ ਕੇ) ਆਦਿ। ਕੌਮੀ ਕਾਨੂੰਨ ਤਹਿਤ ਆਉਣ ਵਾਲੇ ਕਈ-ਕਈ ਨਗਰ ਪਾਲਕਾਵਾਂ ਵਿੱਚ ਕੰਮ ਕਰਨ ਵਾਲੇ ਸੰਗਠਨਾਂ ਦਾ ਸੰਬੰਧ ਪਾਣੀ, ਗੈਸ, ਬਿਜਲੀ, ਟੀ.ਵੀ. ਪ੍ਰੋਗਰਾਮਾਂ ਦੇ ਵਿਤਰਣ, ਆਰਥਕ ਵਿਕਾਸ, ਸਮਾਜਕ ਵਿਕਾਸ, ਭੂਮੀ ਅਤੇ ਮਕਾਨ ਉਸਾਰੀ ਵਿਕਾਸ, ਕੂੜੇ ਕਰਕਟ ਅਤੇ ਗੰਦਗੀ ਦੇ ਪ੍ਰਬੰਧ, ਸ਼ਮਸ਼ਾਨ ਘਾਟ, ਸੈਰ-ਸਪਾਟੇ ਅਤੇ ਡਾਕਟਰੀ ਤੇ ਸਮਾਜਕ ਮੁੱਦਿਆਂ ਨਾਲ ਹੁੰਦਾ ਹੈ।

ਕਰ ਵਸੂਲੀ ਦਾ ਅਧਾਰ ਅਤੇ ਦਰ ਨਿਯਤ ਕਰਨ ਅਤੇ ਕਰਾਂ ਵਿੱਚ ਕਟੌਤੀ ਜਾਂ ਇਨ੍ਹਾਂ ਤੋਂ ਛੋਟ ਆਦਿ ਮਾਮਲਿਆਂ ਵਿੱਚ ਨਗਰ ਪਾਲਕਾਵਾਂ ਨੂੰ ਵਿਸਤ੍ਰਿਤ ਵਿੱਤੀ ਖੁਦਮੁਖਤਾਰੀ ਹਾਸਲ ਹੈ। ਪ੍ਰਸ਼ਾਸਨਿਕ ਦਸਤਾਵੇਜ ਜਾਰੀ ਕਰਨ, ਉਸਾਰੀ ਦਾ ਪਰਮਿਟ ਦੇਣ, ਗੰਦੇ ਜਲ ਦੀ ਨਿਕਾਸੀ ਅਤੇ ਜਲ-ਪੂਰਤੀ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਸ਼ਹਿਰੀਕਰਣ ਤੇ ਕਰ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਸੰਪਤੀ ਤੋਂ ਮਿਲਣ ਵਾਲੇ ਕਿਰਾਏ ਦੀ ਆਮਦਨੀ ਅਤੇ ਵਿਅਕਤੀਗਤ ਆਮਦਨੀ ਕਰ ਤੇ ਕੀਤੀ ਜਾਣ ਵਾਲੀ ਵਧੀਕ ਵਸੂਲੀ ਅਤੇ ਵਾਹਨਾਂ ਤੇ ਲਗਾਏ ਜਾਣ ਵਾਲੇ ਕਰ ਤੇ 10% ਦੀ ਵਧੀਕ ਵਸੂਲੀ ਨਗਰ ਪਾਲਕਾ ਦੀ ਆਮਦਨੀ ਦੇ ਕੁੱਝ ਹੋਰ ਸਾਧਨ ਹਨ। ਭਾਵੇਂ ਸਥਾਨਕ ਸ਼ਾਸਨ ਸਥਾਨਕ ਕਰਾਂ ਦੀ ਦਰ ਅਪਣੀ ਮਰਜੀ ਅਨੁਸਾਰ ਨਿਯਤ ਕਰ ਸਕਦਾ ਹੈ ਪਰ ਫੇਰ ਵੀ ਕਾਨੂੰਨ ਦੁਆਰਾ ਅਜਿਹੇ ਕਰਾਂ ਦੀ ਵੱਧ ਤੋਂ ਵੱਧ ਵਸੂਲੀ ਜਾ ਸਕਣ ਵਾਲੀ ਦਰ ਨਿਸ਼ਚਿਤ ਕੀਤੀ ਗਈ ਹੈ।

ਨਗਰ ਪਾਲਕਾ ਦੇ ਖੇਤਰ ਵਿੱਚ ਰਜਿਸਟਰ ਕੀਤੇ ਗਏ ਵਾਹਨਾਂ ਨੂੰ ਲਾਇਸੰਸ ਜਾਰੀ ਕਰਨ ਤੇ ਲਗਾਇਆ ਜਾਣ ਵਾਲਾ ਕਰ ਅਜਿਹਾ ਆਮ ਕਰ ਹੈ ਜਿਸ ਵਿੱਚੋਂ ਨਗਰ ਪਾਲਕਾਵਾਂ ਨੂੰ ਇੱਕ ਨਿਸ਼ਚਿਤ ਭਾਗ ਮਿਲਦਾ ਹੈ। ਨਗਰ ਪਾਲਕਾਵਾਂ ਨੂੰ ਕਈ ਹੋਰ ਸੋਮਿਆਂ ਤੋਂ ਵੀ ਆਮਦਨੀ ਹੁੰਦੀ ਹੈ ਜਿਵੇਂ ਕਿ ਜਨਤਕ ਸੰਸਥਾਵਾਂ ਵਿੱਚ ਪ੍ਰਵੇਸ਼ ਤੇ ਕੀਤੀ ਜਾਣ ਵਾਲੀ ਵਸੂਲੀ, ਸਿੱਖਿਆ ਤੇ ਹੋਣ ਵਾਲੇ ਖਰਚਿਆਂ ਵਾਸਤੇ ਮਾਪਿਆਂ ਦੁਆਰਾ ਦਿੱਤਾ ਗਿਆ ਚੰਦਾ, ਬਿਜਲੀ ਅਤੇ ਗੈਸ ਪੂਰਤੀ ਤੇ ਵਸੂਲ ਕੀਤੇ ਗਏ ਖਰਚੇ, ਕਬਰਸਤਾਨਾਂ ਦਾ ਕਿਰਾਇਆ, ਵਸਤੂਆਂ ਦੀ ਵਿੱਕਰੀ ਜਾਂ ਨਗਰ ਪਾਲਕਾ ਦੇ ਸੰਯੰਤਰ ਜਾਂ ਸਾਜ਼ੋ-ਸਮਾਨ ਨੂੰ ਭਾੜੇ ਤੇ ਦੇਣ ਨਾਲ ਪ੍ਰਾਪਤ ਹੋਈ ਰਾਸ਼ੀ, ਖੇਤੀਬਾੜੀ, ਨਗਰ ਪਾਲਕਾਵਾਂ ਦੀ ਅਸੋਸੀਏਸ਼ਨ ਵਿੱਚ ਕੀਤੇ ਹੋਏ ਨਿਵੇਸ਼ ਤੇ ਮਿਲਣ ਵਾਲੇ ਲਾਭ ਅੰਸ਼, ਕਰਜ਼ਿਆਂ ਤੇ ਮਿਲਣ ਵਾਲਾ ਵਿਆਜ, ਉਤਪਾਦਕ ਸਾਜ਼ੋ-ਸਮਾਨ ਦੀ ਵਿੱਕਰੀ, ਸਰਕਾਰੀ ਪ੍ਰਤੀਭੂਤੀਆਂ ਅਤੇ ਰਿਣ ਪੱਤਰਾਂ (Securities and debentures) ਦੀ ਵਿੱਕਰੀ ਵਗੈਰਾ। ਗਰਾਂਟਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ-ਆਮ ਗਰਾਂਟਾਂ ਅਤੇ ਪਾਬੰਦੀ ਵਾਲੀਆਂ ਗਰਾਂਟਾਂ। ਨਗਰ ਪਾਲਕਾਵਾਂ ਨੂੰ ਗਰਾਂਟਾਂ ਸਰਕਾਰ, ਸਮੂਹਾਂ, ਖੇਤਰਾਂ ਜਾਂ ਪ੍ਰਾਂਤਾਂ ਦੁਆਰਾ ਦਿੱਤੀਆ ਜਾ ਸਕਦੀਆਂ ਹਨ। ਨਗਰ ਪਾਲਕਾਵਾਂ ਕਿਸੇ ਖਾਸ ਅਵਧੀ ਜਾਂ ਕਿਸੇ ਖਾਸ ਕਿਸਮ ਦੇ ਹੋਣ ਵਾਲੇ ਖਰਚ ਵਾਸਤੇ ਕਰਜ਼ ਲੈ ਸਕਦੀਆਂ ਹਨ।

ਸਥਾਨਕ ਸੰਸਥਾਵਾਂ ਦਾ ਬਜਟ ਅਤੇ ਹਿਸਾਬ ਕਿਤਾਬ ਉੱਪਰਲੇ ਅਧਿਕਾਰੀਆਂ ਦੀ ਨਿਗਰਾਨੀ ਅਤੇ ਨਿਯੰਤਰਣ ਵਿੱਚ ਹੁੰਦਾ ਹੈ। ਵਾਸਤਵ ਵਿੱਚ ਨਗਰ ਪਾਲਕਾਵਾਂ ਦੀ ਵਿੱਤੀ ਖੁਦਮੁਖਤਾਰੀ ਉੱਪਰਲੇ ਅਧਿਕਾਰੀਆਂ ਦੁਆਰਾ ਉਨ੍ਹਾਂ ਨੂੰ ਦਿੱਤੇ ਗਏ ਸਾਧਨਾਂ ਤੇ ਨਿਰਭਰ ਕਰਦੀ ਹੈ। ਖੇਤਰਾਂ ਪਾਸ ਸਥਾਨਕ ਸ਼ਾਸਨਾਂ ਦੀ ਨਿਗਰਾਨੀ ਕਰਨ ਦਾ ਕਾਨੂੰਨੀ ਅਧਿਕਾਰ ਹੁੰਦਾ ਹੈ। ਕਿੰਤੂ ਜਰਮਨ ਭਾਸ਼ੀ ਖੇਤਰੀ ਦੀਆਂ ਨਗਰ ਪਾਲਕਾਵਾਂ ਦੀ ਪ੍ਰਸ਼ਾਸਨਿਕ ਨਿਗਰਾਨੀ ਦਾ ਅਧਿਕਾਰ ਸੰਘੀ ਸਰਕਾਰ ਪਾਸ ਹੈ।

## ਸਿੱਟੇ, ਸਬਕ ਅਤੇ ਸਿਫਾਰਸ਼ਾਂ

74ਵੀਂ ਸੰਵਿਧਾਨਕ ਸੋਧ 1992 ਭਾਰਤ ਦੇ ਸ਼ਹਿਰੀ ਸ਼ਾਸਨ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਹੈ। ਇਸ ਵਿੱਚ ਨਿਯਮਿਤ ਅਤੇ ਸਮਾਂ ਬੱਧ ਚੋਣਾਂ ਤੋਂ ਇਲਾਵਾ ਇਸਤ੍ਰੀਆਂ ਸਮੇਤ ਸਮਾਜ ਦੇ ਕਮਜੋਰ ਵਰਗਾਂ ਲਈ ਰਾਖਵੇਂਕਰਣ ਨੂੰ ਯਕੀਨੀ ਬਣਾਇਆ ਗਿਆ ਹੈ। 12ਵੀਂ ਸੂਚੀ (ਧਾਰਾ 243W) ਦਾ ਸ਼ਾਮਿਲ ਕੀਤਾ ਜਾਣਾ ਸੰਵਿਧਾਨਕ ਸੋਧ ਦਾ ਇੱਕ ਮਹੱਤਵਪੂਰਣ ਪੱਖ ਹੈ। 12ਵੀਂ ਸੂਚੀ ਵਿੱਚ 18 ਕਾਰਜਾਂ ਦੀ ਇੱਕ ਨਮੂਨੇ ਦੀ ਲਿਸਟ ਦਿੱਤੀ ਗਈ ਹੈ ਜੋ ਇੱਕ ਨਗਰ ਪਾਲਕਾ ਨੂੰ ਪੂਰੇ ਕਰਨੇ ਚਾਹੀਦੇ ਹਨ। ਸੰਵਿਧਾਨਕ ਸੋਧ ਵਿੱਚ ਰਾਜ ਦੇ ਚੋਣ ਕਮਿਸ਼ਨ, ਵਿੱਤ ਕਮਿਸ਼ਨ, ਜ਼ਿਲਾ ਯੋਜਨਾਬੰਦੀ ਕਮੇਟੀਆਂ, ਮਹਾਂਨਗਰੀ ਯੋਜਨਾਬੰਦੀ ਕਮੇਟੀਆਂ ਅਤੇ ਵਾਰਡ ਕਮੇਟੀਆਂ ਬਣਾਉਣ ਦੀ ਵੀ ਵਿਵਸਥਾ ਹੈ। ਇਸ ਸੋਧ ਅਨੁਸਾਰ ਨਗਰ ਪਾਲਕਾਵਾਂ ਨੇ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੇ ਤੌਰ ਤੇ ਕੰਮ ਕਰਨਾ ਹੈ ਅਤੇ ਆਰਥਕ ਵਿਕਾਸ ਤੇ ਸਮਾਜਕ ਨਿਆਂ ਲਈ ਯੋਜਨਾਵਾਂ ਬਣਾਉਣੀਆਂ ਹਨ।

ਪਰੰਤੂ ਸੰਵਿਧਾਨਕ ਸੋਧ ਪਾਸ ਹੋਣ ਤੋਂ ਬਾਰਾਂ ਸਾਲ ਬਾਦ ਵੀ ਇਸ ਦੀਆਂ ਕਈ ਮਹੱਤਵਪੂਰਣ ਵਿਸ਼ੇਸ਼ਤਾਵਾਂ ਨੂੰ ਲਾਗੂ ਨਹੀਂ ਕੀਤਾ ਗਿਆ ਹੈ। ਨਗਰ ਪਾਲਕਾਵਾਂ ਦੇ ਵਿੱਤੀ ਅਤੇ ਕਾਰਜ ਖੇਤਰ ਦੇ ਸੰਦਰਭ ਵਿੱਚ ਸੰਵਿਧਾਨਕ ਸੋਧ ਦਾ

ਸਭ ਤੋਂ ਗੰਭੀਰ ਪੱਖ ਧਾਰਾ 243W ਅਤੇ ਧਾਰਾ 243Y ਨੂੰ ਲਾਗੂ ਕਰਨ ਵਿੱਚ ਵਰਤੀ ਗਈ ਢਿੱਲ ਹੈ। ਸੰਵਿਧਾਨਕ ਸੋਧ ਦੇ ਅਨੁਰੂਪ ਕਾਨੂੰਨ ਬਣਾਏ ਜਾਣ ਦੇ ਬਾਵਜੂਦ ਕਈ ਰਾਜਾਂ ਨੇ 12ਵੀਂ ਸੂਚੀ ਵਿੱਚ ਦਿੱਤੇ ਗਏ ਕਾਰਜ ਨਗਰ ਪਾਲਕਾਵਾਂ ਨੂੰ ਸੌਂਪਣ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਨੀਮ-ਸਰਕਾਰੀ ਸੰਗਠਨਾਂ ਦੀ ਸਮਾਨਾਂਤਰ ਭਾਗੀਦਾਰੀ ਨਗਰ ਪਾਲਕਾਵਾਂ ਦੇ ਕਾਰਜ ਖੇਤਰ ਨੂੰ ਲਗਾਤਾਰ ਗਰੱਸ ਰਹੀ ਹੈ। ਨਗਰ ਪਾਲਕਾਵਾਂ ਦੇ ਕਾਰਜ ਖੇਤਰ ਵਿੱਚ ਵਾਟਰ ਸਪਲਾਈ ਤੇ ਸੀਵਰੇਜ ਬੋਰਡਾਂ, ਸਟੇਟ ਵਾਟਰ ਅਥਾਰਟੀਆਂ, ਟਾਊਨ ਐਂਡ ਕੰਟਰੀ ਪਲੈਨਿੰਗ ਵਿਭਾਗਾਂ, ਇੰਪਰੂਵਮੈਂਟ ਟਰਸਟਾਂ ਸਲੱਮ ਡਿਵੈਲਪਮੈਂਟ ਬੋਰਡਾਂ ਅਤੇ ਅਰਬਨ ਡਿਵੈਲਮੈਂਟ ਅਥਾਰਟੀਆਂ ਦਾ ਦਖਲ ਸੰਵਿਧਾਨਕ ਸੋਧ ਦੀ ਭਾਵਨਾ ਦੇ ਵਿਰੁੱਧ ਹੈ। ਆਰਥਕ ਵਿਕਾਸ ਅਤੇ ਸਮਾਜਕ ਨਿਆਂ ਲਈ ਯੋਜਨਾਵਾਂ ਬਣਾਉਣ ਅਤੇ ਸ਼ਹਿਰੀ ਯੋਜਨਾਬੰਦੀ ਵਗੈਰਾ ਸਥਾਨਕ ਪ੍ਰਕਿਰਤੀ ਦੇ ਸਭ ਤੋਂ ਮਹੱਤਵਪੂਰਣ ਕਾਰਜ ਹਾਲੇ ਵੀ ਸਰਕਾਰੀ ਵਿਭਾਗਾਂ ਦੁਆਰਾ ਪੂਰੇ ਕੀਤੇ ਜਾ ਰਹੇ ਹਨ। ਵਾਰਡ ਕਮੇਟੀਆਂ ਨਾ ਬਣਾਏ ਜਾਣ ਕਰਕੇ ਸ਼ਹਿਰੀ ਇਲਾਕਿਆਂ ਵਿੱਚ ਭਾਗੀਦਾਰੀ ਆਧਾਰਤ ਵਿਕਾਸ ਦੇ ਵਾਧੇ ਤੇ ਮਾੜਾ ਅਸਰ ਪੈ ਰਿਹਾ ਹੈ। ਸਥਾਨਕ ਪੱਧਰ ਤੇ ਲੋਕਾਂ ਨੂੰ ਮੰਚ ਨਾ ਮਿਲਣ ਕਰਕੇ ਉਹ ਅਪਣੀਆਂ ਜਰੂਰਤਾਂ ਨੂੰ ਪਛਾਣ ਕੇ ਅਪਣੀ ਪਸੰਦ ਦੀ ਪਹਿਲ ਮੁਤਾਬਕ ਵਿਕਾਸ ਸੰਬੰਧੀ ਫੈਸਲੇ ਨਹੀਂ ਕਰ ਸਕਦੇ। ਇਸੇ ਤਰ੍ਹਾਂ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਪੰਚਾਇਤਾਂ ਅਤੇ ਨਗਰ ਪਾਲਕਾਵਾਂ ਦੁਆਰਾ ਤਿਆਰ ਕੀਤੀਆਂ ਗਈਆਂ ਵਿਕਾਸ ਦੀਆਂ ਯੋਜਨਾਵਾਂ ਨੂੰ ਇੱਕਜੁੱਟ ਕਰਕੇ ਇੱਕ ਮਹੱਤਵਪੂਰਣ ਭੂਮਿਕਾ ਨਿਭਾ ਸਕਦੀਆਂ ਹਨ। ਸਥਾਨਕ ਪੱਧਰ ਤੇ ਮੁਹੱਲੇ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਇਹ ਸੰਗਠਨਾਤਮਕ ਢਾਂਚਾ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ, ਪਰ ਬਦਕਿਸਮਤ ਨਾਲ ਕਈ ਰਾਜਾਂ ਵਿੱਚ ਇਸ ਦਾ ਨਿਰਮਾਣ ਹੀ ਨਹੀਂ ਕੀਤਾ ਗਿਆ। ਥੋੜ੍ਹੇ ਜਿਹੇ ਅਪਵਾਦਾਂ ਨੂੰ ਛੱਡ ਕੇ ਜਿੱਥੇ ਵੀ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਣਾਈਆਂ ਗਈਆਂ, ਉਹ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਕਰ ਰਹੀਆਂ। ਇਹ ਧਿਆਨ ਦੇਣ ਯੋਗ ਹੈ ਕਿ ਇਸ ਨਾਲ ਵੱਡੀਆਂ ਨਗਰ ਪਾਲਕਾਵਾਂ ਨਾਲੋਂ ਛੋਟੀਆਂ ਅਤੇ ਦਰਮਿਆਨੀਆਂ ਨਗਰ ਪਾਲਕਾਵਾਂ ਤੇ ਜਿਆਦਾ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ ਕਿਉਂਕਿ ਵੱਡੀਆਂ ਨਗਰ ਪਾਲਕਾਵਾਂ ਪਾਸ ਸ਼ਹਿਰ ਦੀਆਂ ਵਿਕਾਸ ਯੋਜਨਾਵਾਂ ਬਣਾਉਣ ਲਈ ਤੁਲਨਾਤਮਕ ਤੌਰ ਤੇ ਜਿਆਦਾ ਸਮਰਥਾ ਹੁੰਦੀ ਹੈ। ਛੋਟੀਆਂ ਅਤੇ ਦਰਮਿਆਨੀਆਂ ਨਗਰ ਪਾਲਕਾਵਾਂ ਦੇ ਵਸੀਲੇ ਸੀਮਤ ਹੁੰਦੇ ਹਨ ਅਤੇ ਉਨ੍ਹਾਂ ਦੀ ਤਕਨੀਕੀ ਤੇ ਪ੍ਰਬੰਧਕੀ ਸਮਰਥਾ ਵੀ ਮਾੜੀ ਹੁੰਦੀ ਹੈ।

ਪੰਜਾਬ ਦਾ ਸ਼ਹਿਰੀ ਸ਼ਾਸਨ ਇੱਕ ਚੁਰਾਹੇ ਤੇ ਖੜ੍ਹਾ ਹੈ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਲੋਕਤੰਤਰੀ ਵਿਕੇਂਦਰੀਕਰਣ ਦੀ ਗਤੀ ਬਹੁਤ ਧੀਮੀ ਹੈ। 74ਵੀਂ ਸੰਵਿਧਾਨਕ ਸੋਧ 1992 ਅਤੇ ਇਸਦੇ ਅਨੁਰੂਪ ਪੰਜਾਬ ਸਰਕਾਰ ਦੁਆਰਾ 1994 ਵਿੱਚ ਪਾਸ ਕੀਤੇ ਕਾਨੂੰਨ ਦੇ ਬਾਵਜੂਦ ਸਥਾਨਕ ਸੰਸਥਾਵਾਂ ਨੂੰ ਖੁਦਮੁਖਤਾਰੀ ਦੇਣ ਲਈ ਕੋਈ ਗੰਭੀਰ ਜਤਨ ਨਹੀਂ ਕੀਤੇ ਗਏ। ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ, ਜਿਸ ਵਿੱਚ ਸਥਾਨਕ ਸੰਸਥਾਵਾਂ ਨੂੰ ਫੰਡ, ਜਿੰਮੇਵਾਰੀਆਂ ਅਤੇ ਅਮਲਾ ਸੌਂਪਣਾ ਸ਼ਾਮਿਲ ਹੈ, ਬਹੁਤ ਸੁਸਤ ਹੈ ਅਤੇ ਸੰਵਿਧਾਨਕ ਸੋਧ ਦੇ ਅਨੁਰੂਪ ਪਾਸ ਕੀਤੇ ਗਏ ਕਾਨੂੰਨ ਦੀਆਂ ਕਈ ਵਿਵਸਥਾਵਾਂ ਨੂੰ ਸਹੀ ਅਰਥਾਂ ਵਿੱਚ ਲਾਗੂ ਨਹੀਂ ਕੀਤਾ ਗਿਆ। ਪੰਜਾਬ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦਾ ਪ੍ਰਬੰਧ ਹਾਲੇ ਵੀ ਪੰਜਾਬ ਮਿਊਂਸਿਪਲ ਐਕਟ 1911 ਅਤੇ ਪੰਜਾਬ ਮਿਊਂਸਿਪਲ ਕਾਰਪੋਰੇਸ਼ਨ ਐਕਟ 1976 ਅਨੁਸਾਰ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ 74 ਵੀਂ ਸੰਵਿਧਾਨਕ ਸੋਧ 1992 ਅਨੁਰੂਪ ਬਣਾਉਣ ਦੇ ਮੁੱਖ ਮਕਸਦ ਨਾਲ 1994 ਵਿੱਚ ਸੋਧਿਆ ਗਿਆ ਸੀ।

ਦੂਸਰੇ ਪਾਸੇ ਕੇਰਲ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਗੁਜਰਾਤ ਦੀਆਂ ਰਾਜ ਸਰਕਾਰਾਂ ਨੇ ਵਿਸ਼ੇਸ਼ ਕਰਕੇ ਸੰਵਿਧਾਨਕ ਸੋਧ ਦੇ ਸੰਦਰਭ ਵਿੱਚ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਸ਼ਕਤੀ ਸੰਪੰਨ ਬਣਾਉਣ ਲਈ ਲੋਕਤੰਤਰੀ ਵਿਕੇਂਦਰੀਕਰਣ ਦੀ ਦਿਸ਼ਾ ਵਿੱਚ ਕਈ ਕਾਰਵਾਈਆਂ ਕੀਤੀਆਂ ਹਨ। ਵਿੱਤ ਅਤੇ ਕਾਰਜਾਂ ਸੰਬੰਧੀ ਵਿਕੇਂਦਰੀਕਰਣ ਦੇ ਉਪਰਾਲਿਆਂ ਨੇ ਸਥਾਨਕ ਸ਼ਾਸਨਾਂ ਨੂੰ ਰਾਜਨੀਤਕ ਤੌਰ ਤੇ ਸ਼ਕਤੀਸ਼ਾਲੀ ਬਣਾ ਦਿੱਤਾ ਹੈ। ਫੰਡ, ਜਿੰਮੇਵਾਰੀਆਂ ਅਤੇ ਅਮਲਾ ਸੌਂਪੇ ਜਾਣ ਕਾਰਣ ਸਥਾਨਕ ਸੰਸਥਾਵਾਂ ਮਜਬੂਤ ਹੋ ਗਈਆਂ ਹਨ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਇਸਤ੍ਰੀਆਂ ਸਮੇਤ ਸਮਾਜ ਦੇ ਸਾਰੇ ਵਰਗਾਂ ਨਾਲ ਸੰਬੰਧ ਰੱਖਣ ਵਾਲੇ ਲੋਕ ਇੱਕ ਬਹੁਤ ਵੱਡੀ ਸੰਖਿਆ ਵਿੱਚ ਸ਼ਾਸਨ ਦੀਆਂ ਸੰਸਥਾਵਾਂ ਦਾ ਸੰਚਾਲਨ ਕਰਨ ਲਈ ਚੁਣੇ ਗਏ ਹਨ। ਇਸ ਤੋਂ ਇਲਾਵਾ ਰਾਜ ਸਰਕਾਰਾਂ ਸਿਖਰ ਦੀ ਬਜਾਏ ਸਭ ਤੋਂ ਹੇਠਲੇ ਪੱਧਰਾਂ ਦੀ ਭਾਗੀਦਾਰੀ ਤੇ ਆਧਾਰਤ ਸ਼ਹਿਰੀ ਯੋਜਨਾਬੰਦੀ, ਸ਼ਾਸਨ ਅਤੇ ਵਿਕਾਸ ਦੇ ਕੰਮਾਂ ਨੂੰ ਉਤਸ਼ਾਹਤ ਕਰ ਰਹੀਆਂ ਹਨ।

ਲੋਕਤੰਤਰੀ ਵਿਕੇਂਦਰੀਕਰਣ ਵਿੱਚ ਕੇਰਲ ਸਭ ਤੋਂ ਅੱਗੇ ਹੈ। ਰਾਜ ਸਰਕਾਰ ਦੁਆਰਾ 1996 ਵਿੱਚ ਸ਼ੁਰੂ ਕੀਤੀ ਗਈ 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਇੱਕ ਮਹੱਤਵਪੂਰਣ ਰਾਜਨੀਤਕ ਉਪਰਾਲਾ ਸੀ ਜਿਸ ਨਾਲ ਸਥਾਨਕ ਸਵੈ-ਸ਼ਾਸਨ ਨੂੰ ਮਜਬੂਤ ਕਰਨ ਲਈ ਇੱਕ ਸਮਾਜਕ ਲਹਿਰ ਪੈਦਾ ਹੋ ਗਈ। ਸਥਾਨਕ ਸ਼ਾਸਨ ਦੀਆਂ ਸੰਸਥਾਵਾਂ ਨੂੰ ਜ਼ਿੰਮੇਵਾਰੀਆਂ, ਫੰਡ ਅਤੇ ਅਮਲਾ ਸੌਂਪਿਆ ਗਿਆ ਹੈ। ਰਾਜ ਦੀਆਂ ਨੀਤੀਆਂ ਘੜਨ ਅਤੇ ਲਾਗੂ ਕਰਨ ਵਿੱਚ ਸਮੁਦਾ ਦੀ ਭਾਗੀਦਾਰੀ ਨੂੰ ਯਕੀਨੀ ਬਣਾਇਆ ਗਿਆ ਹੈ। ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੁਆਰਾ ਵਿਕਾਸ ਯੋਜਨਾਵਾਂ ਬਣਾਏ ਜਾਣ ਨਾਲ ਸੂਚਨਾ ਅਤੇ ਤੱਥਾਂ ਦੀ ਉਪਲਬਧੀ ਵਿੱਚ ਸੁਧਾਰ ਆਇਆ ਹੈ ਜਿਸ ਨਾਲ ਇਹ ਸੰਸਥਾਵਾਂ ਯੋਜਨਾਵਾਂ ਬਣਾਉਣ ਦੇ ਵਧੇਰੇ ਸਮਰਥ ਹੋਈਆਂ ਹਨ ਅਤੇ ਉਨ੍ਹਾਂ ਦੀ ਕਾਰਜ ਪ੍ਰਣਾਲੀ ਵਿੱਚ ਜਿਆਦਾ ਪਾਰਦਰਸ਼ਤਾ ਅਤੇ ਜਵਾਬਦੇਹੀ ਆਈ ਹੈ। ਮੱਧ ਪ੍ਰਦੇਸ਼ ਨੇ ਵੀ ਲੋਕਤੰਤਰੀ ਵਿਕੇਂਦਰੀਕਰਣ ਦੀ ਦਿਸ਼ਾ ਵਿੱਚ ਕਈ ਕਦਮ ਉਠਾਏ ਹਨ। ਸ਼ਹਿਰੀ ਇਲਾਕਿਆਂ ਵਿੱਚ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਮਜਬੂਤ ਬਣਾਉਣ ਲਈ ਕਈ ਢਾਂਚਾਗਤ, ਸੰਸਥਾਗਤ, ਵਿੱਤੀ ਅਤੇ ਕਾਰਜ ਪ੍ਰਣਾਲੀ ਸੰਬੰਧੀ ਸੁਧਾਰ ਸ਼ੁਰੂ ਕੀਤੇ ਗਏ ਹਨ। ਲੋਕਾਂ ਦੀ ਭਾਗੀਦਾਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਦਾ ਸਾਰ-ਤੱਤ ਰਹੀ ਹੈ। ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਬਾਦ ਵਿੱਤੀ ਵਿਕੇਂਦਰੀਕਰਣ ਸੰਬੰਧੀ ਕੀਤੇ ਗਏ ਉਪਰਾਲਿਆਂ ਨਾਲ ਆਮਦਨੀ ਦੇ ਵੱਖ-ਵੱਖ ਸਰੋਤਾਂ ਦੇ ਵਾਧੇ ਦੀ ਦਰ ਵਿੱਚ ਸੁਧਾਰ ਹੋਇਆ ਹੈ। ਮੱਧ ਪ੍ਰਦੇਸ਼ ਵਿੱਚ ਸ਼ਹਿਰੀ ਸ਼ਾਸਨ ਦੀ ਇੱਕ ਬਹੁਤ ਵੱਡੀ ਵਿਸ਼ੇਸ਼ਤਾ ਉੱਥੇ ਨਗਰ ਨਿਗਮਾਂ ਵਿੱਚ ਮੇਅਰ-ਇਨ-ਕੌਂਸਲ ਅਤੇ ਨਗਰ ਕੌਂਸਲਾਂ ਵਿੱਚ ਪ੍ਰੈਜ਼ੀਡੈਂਟ-ਇਨ-ਕੌਂਸਲ ਪ੍ਰਣਾਲੀ ਦਾ ਸੰਸਥਾਗਤ ਹੋਣਾ ਹੈ। ਇਹ ਪ੍ਰਣਾਲੀ ਸਥਾਨਕ ਪੱਧਰ ਤੇ ਸ਼ਾਸਨ ਦਾ ਵਿਕੇਂਦਰੀਕ੍ਰਿਤ ਨਮੂਨਾ ਪੇਸ਼ ਕਰਦੀ ਹੈ। ਮੇਅਰ/ਪ੍ਰੈਜ਼ੀਡੈਂਟ-ਇਨ-ਕੌਂਸਲ ਨਾਲ ਇਹ ਸ਼ਾਸਨ ਦੀ ਸੰਸਦੀ ਪ੍ਰਣਾਲੀ ਬਣ ਜਾਂਦੀ ਹੈ।

ਕਰਨਾਟਕ ਨੇ ਭਾਵੇਂ 74ਵੀਂ ਸੰਵਿਧਾਨਕ ਸੋਧ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਪਰੰਤੂ ਵਿੱਤੀ ਸਾਧਨਾਂ ਸਮੇਤ 12ਵੀਂ ਸੂਚੀ ਵਿੱਚ ਦਿੱਤੇ ਗਏ ਸਾਰੇ ਕਾਰਜ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਸੌਂਪ ਦੇਣ ਦਾ ਅਪਣਾ ਇਰਾਦਾ ਸਪਸ਼ਟ ਕਰ ਦਿੱਤਾ ਹੈ। ਇਸਤ੍ਰੀਆਂ ਸਮੇਤ ਕਮਜੋਰ ਵਰਗਾਂ ਦੀ ਭਾਗੀਦਾਰੀ ਨੂੰ ਰਾਖਵੇਂਕਰਣ ਦੀਆਂ ਹੱਦਾਂ ਤੋਂ ਵੀ ਅੱਗੇ ਵਧਾ ਕੇ ਉਨ੍ਹਾਂ ਨੂੰ ਰਾਜਨੀਤਕ ਤੌਰ ਤੇ ਸ਼ਕਤੀਸ਼ਾਲੀ ਬਣਾਇਆ ਗਿਆ ਹੈ। ਸਥਾਈ ਕਮੇਟੀਆਂ ਨੂੰ ਵੀ 15 ਤੋਂ 25 ਲੱਖ ਦੀ ਲਾਗਤ ਵਾਲੀਆਂ ਯੋਜਨਾਵਾਂ ਮੰਜ਼ੂਰ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ ਜਦੋਂ ਕਿ 74ਵੀਂ ਸੋਧ ਤੋਂ ਪਹਿਲਾਂ ਇਹ ਸੀਮਾ 4 ਲੱਖ ਦੀ ਸੀ। ਲੋਕਾਂ ਦੀ ਭਾਗੀਦਾਰੀ ਨੂੰ ਸੰਸਥਾਗਤ ਬਣਾਉਣ ਲਈ ਵਾਰਡ ਕਮੇਟੀਆਂ ਦੇ ਗਠਨ ਦੀ ਪ੍ਰਕਿਰਿਆ ਬੰਗਲੌਰ ਨਗਰ ਨਿਗਮ ਵਿੱਚ ਸ਼ੁਰੂ ਹੋ ਚੁੱਕੀ ਹੈ। ਮੁਹੱਲਿਆਂ ਤੇ ਆਧਾਰਤ ਵਿਕਾਸ ਯੋਜਨਾਵਾਂ ਬਣਾਉਣ ਦੀ ਪ੍ਰਣਾਲੀ ਵਿੱਚ ਵੀ ਨਵੀਨਤਾ ਹੈ। ਜ਼ਿਲਾ ਪੱਧਰ ਤੇ ਨਗਰ ਪਾਲਕਾਵਾਂ ਅਤੇ ਪੰਚਾਇਤਾਂ ਦੁਆਰਾ ਬਣਾਈਆਂ ਗਈਆਂ ਯੋਜਨਾਵਾਂ ਨੂੰ ਇੱਕ ਜੁੱਟ ਬਣਾਉਣ ਲਈ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਣਾਈਆਂ ਗਈਆਂ ਹਨ। ਇਲਾਕਾ-ਆਧਾਰਤ ਅਤੇ ਸਵੈ-ਮੁਲਾਂਕਣ ਪ੍ਰਣਾਲੀ ਦੁਆਰਾ ਕਰਨਾਟਕ ਨੂੰ ਸੰਪਤੀ ਕਰ ਦੇ ਪ੍ਰਸ਼ਾਸਨ ਅਤੇ ਵਸੂਲੀ ਵਿੱਚ ਸੁਧਾਰ ਲਾਗੂ ਕਰਨ ਦਾ ਵੀ ਮਾਣ ਹਾਸਲ ਹੈ। ਸਥਾਨਕ ਸ਼ਹਿਰੀ ਪ੍ਰਬੰਧ ਨੂੰ ਚੁਸਤ ਬਣਾਉਣ ਅਤੇ ਵਿਕੇਂਦਰੀਕਰਣ ਦੇ ਕਾਰਜ-ਕ੍ਰਮ ਨੂੰ ਨਿਰਵਿਘਨਤਾਪੂਰਵਕ ਲਾਗੂ ਕਰਨ ਲਈ ਕਈ ਇਲਾਕਿਆਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਵੀ ਲਾਗੂ ਕੀਤਾ ਗਿਆ ਹੈ।

ਗੁਜਰਾਤ ਨੇ 74ਵੀਂ ਸੰਵਿਧਾਨਕ ਸੋਧ ਦੇ ਅਨੁਰੂਪ ਬਣਾਏ ਗਏ ਅਪਣੇ ਕਾਨੂੰਨ ਵਿੱਚ 12ਵੀਂ ਸੂਚੀ ਵਿੱਚ ਦਰਜ ਸਾਰੇ ਕਾਰਜ ਸ਼ਾਮਿਲ ਕੀਤੇ ਹਨ। ਸਥਾਨਕ ਪੱਧਰ ਤੇ ਗੁਜਰਾਤ ਨੂੰ ਇੱਕ ਚੰਗੇ ਪ੍ਰਸ਼ਾਸਨ ਵਾਲਾ ਰਾਜ ਸਮਝਿਆ ਜਾਂਦਾ ਹੈ ਕਿਉਂਕਿ 74ਵੀਂ ਸੰਵਿਧਾਨਕ ਸੋਧ ਅਤੇ ਇਸਦੇ ਅਨੁਰੂਪ ਕਾਨੂੰਨ ਬਣਾਏ ਜਾਣ ਤੋਂ ਪਹਿਲਾਂ ਵੀ ਉੱਥੇ ਸਥਾਨਕ ਸ਼ਹਿਰੀ ਸ਼ਾਸਨ ਬਹੁਤ ਮਜਬੂਤ ਸੀ। ਮਹਾਰਾਸ਼ਟਰ ਨੇ ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਬਹੁਤ ਪਹਿਲਾਂ ਸ਼ੁਰੂ ਕਰ ਦਿੱਤੀ ਸੀ ਕਿੰਤੂ ਵੱਡੇ ਉਪਰਾਲੇ ਕੇਵਲ 74ਵੀਂ ਸੰਵਿਧਾਨਕ ਸੋਧ ਦੇ ਅਨੁਰੂਪ ਕਾਨੂੰਨ ਬਣਾਉਣ ਤੋਂ ਬਾਦ ਹੀ ਕੀਤੇ ਗਏ। ਸੰਸਥਾਗਤ ਕਾਰਜ ਪ੍ਰਣਾਲੀ ਨੂੰ ਮਜਬੂਤ ਬਣਾਉਣ ਦੇ ਉਦੇਸ਼ ਨਾਲ ਸਥਾਨਕ ਮਾਮਲਿਆਂ ਅਤੇ ਫੈਸਲੇ ਲੈਣ ਵਿੱਚ ਲੋਕਾਂ ਦੀ ਭਾਗੀਦਾਰੀ ਵਧਾਉਣ ਵਾਸਤੇ ਸਰਕਾਰ ਨੇ ਨਗਰ ਪਾਲਕਾ ਖੇਤਰਾਂ ਵਿੱਚ ਵਾਰਡ ਕਮੇਟੀਆਂ ਬਣਾਈਆਂ ਹਨ। ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਵੀ ਬਣਾ ਦਿੱਤੀਆਂ ਗਈਆਂ ਹਨ। ਮਹਾਂਨਗਰੀ ਯੋਜਨਾਬੰਦੀ ਕਮੇਟੀਆਂ ਦੇ ਗਠਨ ਨੂੰ ਸੰਭਵ ਬਣਾਉਣ ਲਈ ਰਾਜ ਸਰਕਾਰ ਨੇ ਇਸ ਸੰਬੰਧ ਵਿੱਚ ਕਾਨੂੰਨ ਵੀ ਬਣਾ ਦਿੱਤਾ ਹੈ।

ਯਰੂਪ ਵਿੱਚ ਸਥਾਨਕ ਸਵੈ-ਸ਼ਾਸਨ ਦੀਆਂ ਸ਼ਕਤੀ ਸੰਪੰਨ ਸੰਸਥਾਵਾਂ ਸਥਾਨਕ ਪ੍ਰਕਿਰਤੀ ਦੀਆਂ ਸੇਵਾਵਾਂ ਅਤੇ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਵਿੱਚ ਵਿਕੇਂਦਰੀਕਰਣ ਰਾਹੀਂ ਲੋਕਤੰਤਰ ਦੇ ਬਹੁਤ ਪ੍ਰਭਾਵਸ਼ਾਲੀ ਵਸੀਲੇ ਬਣ ਰਹੀਆਂ ਹਨ। ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਤੇ ਵਿੱਤੀ ਵਿਕਲਪ ਸੌਂਪੇ ਜਾਣ ਕਰਕੇ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਉੱਥੇ ਬਹੁਤ ਖੁਦਮੁਖਤਾਰੀ ਹਾਸਲ ਹੈ। ਇਨ੍ਹਾਂ ਸਥਾਨਕ ਸੰਸਥਾਵਾਂ ਨੂੰ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਇਸ ਪ੍ਰਕਾਰ ਹਨ: ਆਰਥਕ ਵਿਕਾਸ ਸੰਬੰਧੀ ਨੀਤੀਆਂ (ਵਪਾਰ, ਵਿਕਾਸ ਅਤੇ ਸ਼ਹਿਰੀ ਵਿਸਥਾਰ ਨੂੰ ਉਤਸ਼ਾਹਤ ਕਰਨਾ), ਸਮਾਜਕ ਅਤੇ ਸੱਭਿਆਚਾਰਕ ਨੀਤੀਆਂ (ਸਿਹਤ ਅਤੇ ਸਮਾਜ ਸੰਬੰਧੀ ਨੀਤੀਆਂ, ਸਭ ਤੋਂ ਵੱਧ ਕਮਜ਼ੋਰ ਵਰਗਾਂ ਦੀ ਸਹਾਇਤਾ ਕਰਨ ਸੰਬੰਧੀ ਨੀਤੀਆਂ, ਸੱਭਿਆਚਾਰ, ਸਿੱਖਿਆ) ਅਤੇ ਸ਼ਹਿਰ ਅਤੇ ਇਸ ਦੇ ਵਿਸਥਾਰ ਸੰਬੰਧੀ ਨੀਤੀਆਂ (ਸ਼ਹਿਰੀ ਯੋਜਨਾਬੰਦੀ, ਬੁਨਿਆਦੀ ਢਾਂਚਾ, ਸ਼ਹਿਰ ਦਾ ਕਾਇਆ-ਪਲਟ, ਪਰਿਆਵਰਣ)। ਇਸ ਤਰ੍ਹਾਂ ਵਿਕੇਂਦਰੀਕਰਣ ਸਦਕਾ ਆਰਥਕ ਅਤੇ ਭਲਾਈ ਸੰਬੰਧੀ ਮਾਮਲਿਆਂ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ ਵਧ ਰਹੀ ਹੈ ਜਿਸ ਨਾਲ ਨਗਰ ਪਾਲਕਾ ਆਧਾਤਰ ਭਲਾਈ ਪ੍ਰਣਾਲੀ ਨਿਰਮਾਣ ਕਰਨ ਦੇ ਰੁਝਾਣ ਦੀ ਪੁਸ਼ਟੀ ਹੁੰਦੀ ਹੈ।

ਇਟਲੀ ਦੀਆਂ ਸਥਾਨਕ ਸੰਸਥਾਵਾਂ ਵਿੱਚ ਵੀ ਪਰੀਵਰਤਨ ਆ ਰਿਹਾ ਹੈ। 1990 ਵਿਆਂ ਦੇ ਆਖਰੀ ਵਰ੍ਹਿਆਂ ਵਿੱਚ ਉੱਥੇ ਵਿਕੇਂਦਰੀਕਰਣ ਦੀ ਪ੍ਰਕਿਰਿਆ ਬਹੁਤ ਤੇਜ ਰਹੀ ਹੈ। 1997 ਵਿੱਚ ਸਥਾਨਕ ਸ਼ਾਸਨਾਂ ਨੂੰ ਕਾਰਜ/ਜ਼ਿੰਮੇ ਵਾਰੀਆਂ ਸੌਂਪਣ ਲਈ ਇੱਕ ਕਾਨੂੰਨ ਬਣਾਇਆ ਗਿਆ ਸੀ। ਸਥਾਨਕ ਸ਼ਾਸਨਾਂ ਸੰਬੰਧੀ ਪਹਿਲਾ ਨਵੀਨ ਐਕਟ 1998 ਵਿੱਚ ਪਾਸ ਕੀਤਾ ਗਿਆ ਸੀ ਜਿਸ ਵਿੱਚ ਖੁਦਮੁਖਤਾਰ ਵਿਧਾਨਾਂ, ਨਗਰ ਪਾਲਕਾਵਾਂ ਦੀਆਂ ਵਧੀਕ ਜ਼ਿੰਮੇ ਵਾਰੀਆਂ, ਉਨ੍ਹਾਂ ਦੀ ਆਪਸੀ ਭਾਗੀਦਾਰੀ, ਸਰਕਾਰੀ ਨਿਗਰਾਨੀ ਦੀ ਹੱਦਬੰਦੀ, ਸਥਾਨਕ ਪੱਧਰ ਤੇ ਵਿੱਤ ਅਤੇ ਪ੍ਰਬੰਧ ਦੀ ਵਿਵਸਥਾ ਸੀ। ਇਸ ਦੇ ਨਤੀਜੇ ਵਜੋਂ ਕੇਂਦਰੀ ਸਰਕਾਰ ਦੇ ਲਗਭਗ 40% ਕਾਰਜ ਖੇਤਰੀ, ਪ੍ਰਾਂਤੀ ਅਤੇ ਨਗਰ ਸ਼ਾਸਨਾਂ ਨੂੰ ਸੌਂਪ ਦਿੱਤੇ ਗਏ। ਲੋਕਤੰਤਰੀ ਵਿਕੇਂਦਰੀਕਰਣ ਸਦਕਾ ਨਗਰ ਪਾਲਕਾਵਾਂ ਦੀ ਆਮਦਨੀ ਵਿੱਚ ਵੀ ਬਹੁਤ ਵਾਧਾ ਹੋਇਆ ਹੈ। 2001 ਵਿੱਚ ਬਣਾਏ ਗਏ ਸੰਵਿਧਾਨਕ ਕਾਨੂੰਨ ਨੇ ਸਥਾਨਕ ਸ਼ਾਸਨਾਂ ਨੂੰ ਹੋਰ ਵੀ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਹਨ। ਇਟਲੀ ਦੇ ਸੰਵਿਧਾਨ ਦੀ ਇੱਕ ਮਹੱਤਵਪੂਰਣ ਧਾਰਾ ਜਿਸ ਵਿੱਚ ਸਥਾਨਕ ਸ਼ਾਸਨਾਂ ਤੇ ਖੇਤਰੀ ਨਿਯੰਤਰਣ ਦੀ ਵਿਵਸਥਾ ਸੀ, ਖਤਮ ਕਰ ਦਿੱਤੀ ਗਈ ਹੈ। ਹੁਣ ਸਥਾਨਕ ਸ਼ਾਸਨਾਂ ਪਾਸ ਅਪਣੇ ਕਰ ਅਤੇ ਆਮਦਨੀ ਨਿਰਧਾਰਤ ਕਰਨ ਦਾ ਅਧਿਕਾਰ ਹੈ। ਅਜਿਹੀਆਂ ਸ਼ਕਤੀਆਂ ਸੌਂਪੇ ਜਾਣ ਕਾਰਣ ਨਗਰ ਪਾਲਕਾਵਾਂ ਦਾ ਕਾਰਜ-ਖੇਤਰ ਅਤੇ ਵਿੱਤੀ ਅਧਾਰ ਮਜਬੂਤ ਹੋਇਆ ਹੈ। ਰਾਜਨੀਤਿਕ ਅਤੇ ਵਿੱਤੀ ਸੁਧਾਰਾਂ ਦੇ ਨਾਲ ਨਾਲ ਨਗਰ ਪਾਲਕਾਵਾਂ ਦੀ ਸੰਸਥਾਗਤ ਅਤੇ ਪ੍ਰਸ਼ਾਸਨਿਕ ਸਮਰਥਾ ਵਿੱਚ ਵੀ ਸੁਧਾਰ ਹੋ ਰਿਹਾ ਹੈ। ਚੋਣਾਂ ਸ਼ੁਰੂ ਹੋਣ ਨਾਲ ਸਥਾਨਕ ਲੋਕਤੰਤਰ ਦ੍ਰਿੜ ਹੋਇਆ ਹੈ। ਚੁਣੀਆਂ ਹੋਈਆਂ ਸਥਾਨਕ ਸੰਸਥਾਵਾਂ ਦੀ ਭੂਮਿਕਾ ਵਿੱਚ ਵਿਸਥਾਰ ਕਰਨ ਲਈ ਸਰਕਾਰ ਦੁਆਰਾ ਅਰੰਭੇ ਪ੍ਰਸ਼ਾਸਨਿਕ ਸੁਧਾਰਾਂ ਕਾਰਣ ਅਫਸਰਸ਼ਾਹੀ ਦੀ ਭੂਮਿਕਾ ਘਟ ਰਹੀ ਹੈ।

ਬਰਤਾਨੀਆ ਵਿੱਚ ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪਣ ਦੀ ਪ੍ਰਕਿਰਿਆ ਗਤੀਸ਼ੀਲ ਹੈ ਅਤੇ ਇਸ ਨੇ ਖੁਦਮੁਖਤਾਰੀ ਦੇ ਕਈ ਨਿਵੇਕਲੇ ਰੂਪਾਂ ਨੂੰ ਜਨਮ ਦਿੱਤਾ ਹੈ। ਬਰਤਾਨੀਆ ਸਰਕਾਰ ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਨੂੰ ਮਜਬੂਤ ਬਣਾਉਣ ਦੀ ਦਿਸ਼ਾ ਵਿੱਚ ਜਤਨ ਕਰਦੀ ਰਹੀ ਹੈ। ਇਸ ਨੇ ਸਥਾਨਕ ਸੰਸਥਾਵਾਂ ਨੂੰ ਸ਼ਕਤੀਆਂ ਅਤੇ ਕਾਰਜ ਸੌਂਪਣ ਲਈ ਕਈ ਕਾਨੂੰਨ ਬਣਾਏ ਅਤੇ ਫੇਰ ਇਸ ਨੇ ਸਥਾਨਕ ਸੰਸਥਾਵਾਂ ਦੇ ਤਾਣੇ-ਬਾਣੇ ਨੂੰ ਮਜਬੂਤ ਕਰਨ ਤੇ ਅਪਣਾ ਧਿਆਨ ਕੇਂਦਰਤ ਕੀਤਾ। ਸਥਾਨਕ ਸੰਸਥਾਵਾਂ ਨੂੰ ਵਧੇਰੇ ਸ਼ਕਤੀਆਂ ਸੌਂਪੇ ਜਾਣ ਨਾਲ ਕੇਂਦਰੀਕ੍ਰਿਤ ਸੰਘੀ ਢਾਂਚਾ ਬਦਲ ਰਿਹਾ ਹੈ ਅਤੇ ਇਸ ਲਈ ਸਥਾਨਕ ਸ਼ਾਸਨਾਂ ਪ੍ਰਤੀ ਕੇਂਦਰੀ ਸਰਕਾਰ ਦੀ ਭੂਮਿਕਾ ਵਿੱਚ ਵੀ ਪਰੀਵਰਤਨ ਆ ਰਿਹਾ ਹੈ। ਲੋਕਲ ਗੌਰਮਿੰਟ ਐਕਟ 2000 ਅਤੇ ਗ੍ਰੇਟਰ ਲੰਡਨ ਅਥਾਰਟੀ ਐਕਟ 1999 ਨੇ ਸਥਾਨਕ ਸ਼ਾਸਨਾਂ ਦੇ ਕਾਰਜ ਖੇਤਰ ਅਤੇ ਵਿੱਤੀ ਅਧਾਰ ਨੂੰ ਮਜਬੂਤ ਬਣਾ ਦਿੱਤਾ ਹੈ। ਬਰਤਾਨੀਆ ਦੀ ਸੰਸਦ ਦੁਆਰਾ ਪਾਸ ਕੀਤੇ ਗਏ ਲੋਕਲ ਗੌਰਮਿੰਟ ਐਕਟ 2000 ਨੇ ਸਥਾਨਕ ਪੱਧਰ ਤੇ ਆਰਥਕ, ਸਮਾਜਕ ਅਤੇ ਪਰਿਆਵਰਣ ਸੰਬੰਧੀ ਹਾਲਾਤ ਸੁਧਾਰਣ ਲਈ ਲੁੜੀਂਦੇ ਕਾਰਜ ਕਰਨ ਹਿੱਤ ਸਥਾਨਕ ਸ਼ਾਸਨਾਂ ਨੂੰ ਬਹੁਤ ਸਾਰੀਆਂ ਸ਼ਕਤੀਆਂ ਸੌਂਪੀਆਂ

ਹਨ। ਸਥਾਨਕ ਮਾਮਲਿਆਂ ਨਾਲ ਕੁਸ਼ਲਤਾਪੂਰਵਕ ਨਿਪਟਣ ਲਈ ਐਕਟ ਨੇ ਨਿਯਮਤੀਕਰਣ ਦੇ ਇੱਕ ਮਜਬੂਤ ਢਾਂਚੇ ਦੀ ਵੀ ਵਿਵਸਥਾ ਕੀਤੀ ਹੈ।

ਰਾਜਨੀਤਕ ਵਿਕੇਂਦਰੀਕਰਣ ਸਥਾਨਕ ਸ਼ਾਸਨਾਂ ਦੇ ਹੱਕ ਵਿੱਚ ਕੀਤੇ ਗਏ ਵਿੱਤੀ ਵਿਕੇਂਦਰੀਕਰਣ ਦਾ ਨਤੀਜਾ ਹੈ। ਸਾਰੀਆਂ ਜਿੰਮੇਵਾਰੀਆਂ ਅਤੇ ਅਧਿਕਾਰ ਚੁਣੀਆਂ ਹੋਈਆਂ ਕੌਂਸਲਾਂ ਪਾਸ ਹੁੰਦੇ ਹਨ ਅਤੇ ਇਨ੍ਹਾਂ ਦਾ ਪ੍ਰਯੋਗ ਆਮ ਕਰਕੇ ਕੌਂਸਲ ਦੀਆਂ ਕਮੇਟੀਆਂ ਅਤੇ ਉਪ-ਕਮੇਟੀਆਂ ਦੁਆਰਾ ਕੀਤਾ ਜਾਂਦਾ ਹੈ। ਸਥਾਨਕ ਸ਼ਾਸਨ ਵਿੱਚ ਕਾਊਂਟੀ ਕੌਂਸਲਾਂ, ਬੋਰੋ/ਜ਼ਿਲ੍ਹਾ ਕੌਂਸਲਾਂ ਅਤੇ ਪੈਰਿਸ਼ ਕੌਂਸਲਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਬਹੁਤ ਸਾਰੀਆਂ ਜਿੰਮੇਵਾਰੀਆਂ ਸੌਂਪੀਆਂ ਗਈਆਂ ਹਨ।

ਨੀਦਰਲੈਂਡ ਨੇ ਫੈਸਲੇ ਲੈਣ ਦੀਆਂ ਸ਼ਕਤੀਆਂ ਅਤੇ ਹੋਰ ਜਿੰਮੇਵਾਰੀਆਂ ਕਾਫੀ ਹੱਦ ਤੱਕ ਸਥਾਨਕ ਸ਼ਾਸਨਾਂ ਨੂੰ ਸੌਂਪ ਦਿੱਤੀਆਂ ਹਨ। ਭਾਵੇਂ ਇਹ ਦੇਸ਼ ਏਕਾਤਮਕ ਹੈ, ਪਰ ਇਸ ਦੇ ਸੰਵਿਧਾਨ ਵਿੱਚ ਵਿਕੇਂਦਰੀਕ੍ਰਿਤ ਸ਼ਾਸਨ ਦੀ ਵਿਵਸਥਾ ਕੀਤੀ ਗਈ ਹੈ। ਸਥਾਨਕ ਪੱਧਰ ਤੇ ਮਹੱਤਵਪੂਰਣ ਨੀਤੀਆਂ ਸੰਬੰਧੀ ਫੈਸਲੇ ਨਗਰ ਪਾਲਕਾ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ। ਕਈ ਮਹੱਤਵਪੂਰਣ ਵਿਸ਼ਿਆਂ ਸੰਬੰਧੀ ਕਾਰਜ ਕਰਨ ਦਾ ਅਧਿਕਾਰ ਕੇਵਲ ਉਨ੍ਹਾਂ ਦਾ ਹੀ ਹੈ। ਮਿਉਂਸਿਪਲਟੀਜ਼ ਐਕਟ 1994 ਨੇ ਨਗਰ ਪਾਲਕਾ ਦੇ ਤਿੰਨੇ ਅੰਗਾਂ – ਮਿਉਂਸਿਪਲ ਕੌਂਸਲ, ਮਿਉਂਸਿਪਲ ਕਾਰਜ ਕਾਰਣੀ ਅਤੇ ਬਰਗੋਮਾਸਟਰ – ਨੂੰ ਕਈ ਕਾਰਜ, ਸ਼ਕਤੀਆਂ ਅਤੇ ਜਿੰਮੇਵਾਰੀਆਂ ਸੌਂਪੀਆਂ ਹਨ। ਮਿਉਂਸਿਪਲ ਐਕਟ ਵਿੱਚ ਨਗਰ ਪਾਲਕਾਵਾਂ ਦੀਆਂ ਖੁਦਮੁਖਤਾਰ ਸ਼ਕਤੀਆਂ ਦੀ ਵਿਵਸਥਾ ਹੈ। ਨੀਦਰਲੈਂਡ ਦੀਆਂ ਨਗਰ ਪਾਲਕਾਵਾਂ ਦਾ ਵਿੱਤੀ ਅਧਾਰ ਬਹੁਤ ਮਜ਼ਬੂਤ ਹੈ। ਉਨ੍ਹਾਂ ਦੁਆਰਾ ਕੀਤਾ ਜਾਣ ਵਾਲਾ ਪ੍ਰਤੀ ਵਿਅਕਤੀ ਨਿਵੇਸ਼ ਅਤੇ ਖਰਚ ਕਾਫੀ ਜਿਆਦਾ ਹੈ। ਨਗਰ ਪਾਲਕਾਵਾਂ ਦੀਆਂ ਕਰਜ਼ ਸੰਬੰਧੀ ਲੋੜਾਂ ਦੀ ਪੂਰਤੀ ਲਈ ਨੀਦਰਲੈਂਡ ਸਰਕਾਰ ਨੇ ਨੀਦਰਲੈਂਡ ਮਿਉਂਸਿਪਲਟੀਜ਼ ਬੈਂਕ ਦੀ ਸਥਾਪਨਾ ਕੀਤੀ ਹੈ। ਫੈਸਲੇ ਲੈਣ ਵਿੱਚ ਨਾਗਰਿਕਾਂ ਦੀ ਸਿੱਧੀ ਭਾਗੀਦਾਰੀ ਲਈ ਜਨ ਮੱਤ ਦੀ ਵਿਵਸਥਾ ਹੈ। ਸਥਾਨਕ ਨਾਗਰਿਕ ਨਗਰ ਪਾਲਕਾਵਾਂ ਦੀਆਂ ਵੱਖ-ਵੱਖ ਕਮੇਟੀਆਂ ਦੇ ਮੈਂਬਰ ਨਿਯੁਕਤ ਕੀਤੇ ਜਾ ਸਕਦੇ ਹਨ। ਭਾਗੀਦਾਰੀ ਆਧਾਰਤ ਸਥਾਨਕ ਵਿਕਾਸ ਲਈ ਮੁਹੱਲਾ ਕੌਂਸਲਾਂ ਅਤੇ ਉਪ-ਮਿਉਂਸਿਪਲ ਕੌਂਸਲਾਂ ਵੀ ਬਣਾਈਆਂ ਜਾਂਦੀਆਂ ਹਨ।

ਸਪੇਨ ਇੱਕ ਵਿਕੇਂਦਰੀਕ੍ਰਿਤ ਦੇਸ਼ ਹੈ ਅਤੇ ਸਥਾਨਕ ਸਵੈ-ਸ਼ਾਸਨਾਂ ਦੀ ਖੁਦਮੁਖਤਾਰੀ ਸਪੇਨੀ ਸੰਵਿਧਾਨ ਦੇ ਉਦੇਸ਼ਾਂ ਵਿੱਚ ਸ਼ਾਮਿਲ ਹੈ। ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪਣ ਦੀ ਪ੍ਰਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ ਅਤੇ ਇਹ ਇਸ ਦੇਸ਼ ਵਿੱਚ ਇੱਕ ਮਹੱਤਵਪੂਰਣ ਮੁੱਦਾ ਹੈ। ਮਿਉਂਸਿਪਲ ਐਕਟ ਵਿੱਚ ਸੁਰੱਖਿਆ, ਆਵਾਜਾਈ, ਸਿੱਖਿਆ ਅਤੇ ਕੂੜੇ ਕਰਕਟ ਦਾ ਪ੍ਰਬੰਧ ਆਦਿ ਮਹੱਤਵਪੂਰਣ ਜਨ ਸੇਵਾਵਾਂ ਸਥਾਨਕ ਸ਼ਾਸਨ ਦੀਆਂ ਸੰਸਥਾਵਾਂ ਹਵਾਲੇ ਕਰਨ ਦੀ ਵਿਵਸਥਾ ਹੈ। ਸਥਾਨਕ ਸ਼ਾਸਨ ਦੇ ਵਿੱਤੀ ਢਾਂਚੇ ਦਾ ਨਿਰਮਾਣ ਹੌਲੀ ਹੌਲੀ ਹੋ ਰਿਹਾ ਹੈ। ਸਥਾਨਕ ਸੰਸਥਾਵਾਂ ਦੀ ਖੁਦਮੁਖਤਾਰੀ ਦੇ ਸਿਧਾਂਤ ਦਾ ਵਿਕਾਸ ਕਰਨ, ਉਨ੍ਹਾਂ ਨੂੰ ਵਿੱਤੀ ਤੌਰ ਤੇ ਆਤਮ-ਨਿਰਭਰ ਬਣਾਉਣ ਅਤੇ ਸਥਾਨਕ ਸ਼ਾਸਨਾਂ ਨੂੰ ਅਪਣੀ ਆਮਦਨੀ ਦੇ ਸਾਧਨਾਂ ਦਾ ਪ੍ਰਬੰਧ ਕਰਨ ਵਾਸਤੇ ਸ਼ਕਤੀ ਸੰਪੰਨ ਕਰਨ ਲਈ 1988 ਵਿੱਚ ਇੱਕ ਕਾਨੂੰਨ ਬਣਾਇਆ ਗਿਆ ਸੀ।

ਲੋਕਤੰਤਰੀ ਭਾਵਨਾ ਅਤੇ ਨਾਗਰਿਕ ਜਾਗਰੂਕਤਾ ਦੇ ਦਾਇਰੇ ਅੰਦਰ ਹੇਠਲੇ ਪੱਧਰਾਂ ਨੂੰ ਸ਼ਕਤੀਆਂ ਸੌਂਪਣਾ ਫਿਨਲੈਂਡ ਦੇ ਨਗਰ ਪ੍ਰਬੰਧ ਦੀ ਇੱਕ ਮਹੱਤਵਪੂਰਣ ਪਰੰਪਰਾ ਰਹੀ ਹੈ। ਦੇਸ਼ ਦਾ ਪ੍ਰਸ਼ਾਸਨ ਲੋਕਤੰਤਰ ਉੱਤੇ ਆਧਾਰਤ ਹੈ ਅਤੇ ਇਸਦੇ ਤਿੰਨ ਪੱਧਰ ਹਨ-ਕੇਂਦਰ ਵਿੱਚ ਰਾਸ਼ਟਰੀ ਸਰਕਾਰ ਵਿਚਕਾਰਲੇ ਪੱਧਰ ਤੇ ਖੇਤਰੀ ਪ੍ਰਸ਼ਾਸਨ ਅਤੇ ਸਥਾਨਕ ਪੱਧਰ ਤੇ ਨਗਰ ਪਾਲਕਾਵਾਂ। ਨਗਰ ਪਾਲਕਾਵਾਂ ਨੂੰ ਸਿੱਖਿਆ, ਸਿਹਤ-ਸੰਭਾਲ, ਸਮਾਜ ਭਲਾਈ, ਤਕਨੀਕੀ ਬੁਨਿਆਦੀ ਢਾਂਚੇ ਅਤੇ ਪਰਿਆਵਰਣ ਦੀ ਸੁਰੱਖਿਆ ਜਿਹੇ ਮਹੱਤਵਪੂਰਣ ਕਾਰਜ ਸੌਂਪੇ ਗਏ ਹਨ। ਸਥਾਨਕ ਸ਼ਾਸਨ ਨੂੰ ਸ਼ਕਤੀ ਸੰਪੰਨ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਲੋਕਤੰਤਰੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਫਿਨਲੈਂਡ ਵਿੱਚ ਬਹੁਤ ਸਫਲ ਰਹੀ ਹੈ। ਸਥਾਨਕ ਸ਼ਾਸਨ ਨੂੰ ਅਪਣੇ ਮਾਮਲਿਆਂ ਦਾ ਪ੍ਰਬੰਧ ਕਰਨ ਲਈ ਪੂਰੀ ਖੁਦਮੁਖਤਾਰੀ ਅਤੇ ਸੁਤੰਤਰਤਾ ਹਾਸਲ ਹੈ ਅਤੇ ਇਸ ਵਿੱਚ ਰਾਸ਼ਟਰੀ ਜਾਂ ਪ੍ਰਾਂਤੀ ਸਰਕਾਰਾਂ ਦੀ ਕੋਈ ਦਖਲਅੰਦਾਜੀ ਨਹੀਂ। ਨਗਰ ਪਾਲਕਾਵਾਂ ਸਵੈ-ਸ਼ਾਸਨ ਦੀਆਂ ਇਕਾਈਆਂ ਹਨ ਜਿਨ੍ਹਾਂ ਵਿੱਚ ਫੈਸਲੇ ਲੈਣ ਦਾ

ਸਰਵ-ਉੱਚ ਅਧਿਕਾਰ ਨਾਗਰਕਾਂ ਦੁਆਰਾ ਚੁਣੀਆਂ ਹੋਈਆਂ ਸਥਾਨਕ ਕੌਂਸਲਾਂ ਪਾਸ ਹੈ। ਨਗਰ ਪਾਲਕਾਵਾਂ ਚੋਖੀਆਂ ਅਤੇ ਗੁਣਵੱਤਾ ਵਾਲੀਆਂ ਸੇਵਾਵਾਂ ਮੁਹੱਈਆ ਕਰਵਾਉਂਦੀਆਂ ਹਨ। ਉਨ੍ਹਾਂ ਦਾ ਵਿੱਤੀ ਅਧਾਰ ਬਹੁਤ ਮਜਬੂਤ ਹੈ। ਆਮਦਨੀ ਦੇ ਸੁਤੰਤਰ ਸਾਧਨ ਉਨਾਂ ਦੀ ਖੁਦਮੁਖਤਾਰ ਸਥਿਤੀ ਨੂੰ ਮਜਬੂਤ ਬਣਾਉਂਦੇ ਹਨ ਜਿਸ ਕਰਕੇ ਉਹ ਸਰਕਾਰ ਤੇ ਘੱਟ ਨਿਰਭਰ ਕਰਦੀਆ ਹਨ।

ਬੈਲਜੀਅਮ ਦੇ ਸੰਘਵਾਦ ਦੇ ਨਮੂਨੇ ਦਾ ਸਭ ਤੋਂ ਨਿਵੇਕਲਾ ਲੱਛਣ ਵੱਖ-ਵੱਖ ਸਮੂਹਾਂ ਅਤੇ ਖੇਤਰਾਂ ਦੀ ਸਹਿ-ਹੋਂਦ ਹੈ। ਉੱਥੇ ਕੌਮੀ, ਖੇਤਰੀ, ਪ੍ਰਾਂਤੀ ਅਤੇ ਸਥਾਨਕ ਸਰਕਾਰਾਂ ਹਨ ਅਤੇ ਸਥਾਨਕ ਮਾਮਲਿਆਂ ਦੀ ਦੇਖਭਾਲ ਲਈ ਨਗਰ ਪਾਲਕਾਵਾਂ ਨੂੰ ਸ਼ਕਤੀਆਂ ਅਤੇ ਜਿੰਮੇਵਾਰੀਆਂ ਸੌਂਪੀਆਂ ਜਾ ਰਹੀਆਂ ਹਨ।ਮੇਅਰ ਨੂੰ ਸਾਰੇ ਵਿਧਾਨ ਅਤੇ ਅਧਿਆਦੇਸ਼ ਆਦਿ ਲਾਗੂ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ। ਕਰ ਵਸੂਲੀ ਦੇ ਅਧਾਰ ਅਤੇ ਦਰਾਂ ਨਿਸ਼ਚਿਤ ਕਰਨ ਲਈ ਨਗਰ ਪਾਲਕਾਵਾਂ ਨੂੰ ਵਿਸਤ੍ਰਿਤ ਵਿੱਤੀ ਖੁਦਮੁਖਤਾਰੀ ਹਾਸਲ ਹੈ। ਪ੍ਰਸ਼ਾਸਨਿਕ ਦਸਤਾਵੇਜ ਜਾਰੀ ਕਰਨ, ਉਸਾਰੀ ਦੇ ਪਰਮਿਟ ਦੇਣ, ਗੰਦੇ ਪਾਣੀ ਦੀ ਨਿਕਾਸੀ, ਜਲ ਪੂਰਤੀ ਅਤੇ ਸ਼ਹਿਰੀਕਰਣ ਤੇ ਕਰ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਸੰਪਤੀ ਦੇ ਕਿਰਾਏ ਤੋਂ ਮਿਲਣ ਵਾਲੀ ਆਮਦਨੀ ਅਤੇ ਵਿਅਕਤੀਗਤ ਆਮਦਨੀ ਕਰ ਤੇ ਕੀਤੀ ਜਾਣ ਵਾਲੀ ਵਧੀਕ ਵਸੂਲੀ ਅਤੇ ਵਾਹਨਾਂ ਤੇ ਵਸੂਲ ਕੀਤੇ ਜਾਣ ਵਾਲੇ ਕਰ ਤੇ 10% ਵਧੀਕ ਵਸੂਲੀ ਆਮਦਨੀ ਦੇ ਕੁੱਝ ਹੋਰ ਸਾਧਨ ਹਨ। ਸਥਾਨਕ ਸ਼ਾਸਨ ਅਪਣੀ ਮਰਜ਼ੀ ਅਨੁਸਾਰ ਕਰਾਂ ਦੀ ਦਰ ਨਿਸ਼ਚਿਤ ਕਰ ਸਕਦੇ ਹਨ ਕਿੰਤੂ ਅਜਿਹੇ ਕਰਾਂ ਦੀ ਵੱਧ ਤੋਂ ਵੱਧ ਦਰ ਕਾਨੂੰਨੀ ਤੌਰ ਤੇ ਸੀਮਤ ਕੀਤੀ ਗਈ ਹੈ।

ਕੇਰਲ, ਗੁਜਰਾਤ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਕਰਨਾਟਕ ਵਿੱਚ ਸਥਾਨਕ ਸੰਸਥਾਵਾਂ ਦੀ ਕਾਰਜ-ਪ੍ਰਣਾਲੀ ਦਾ ਨਿਵੇਕਲਾ ਲੱਛਣ ਉਨ੍ਹਾਂ ਨੂੰ ਸੌਂਪੀਆਂ ਜਾਣ ਵਾਲੀਆਂ ਸ਼ਕਤੀਆਂ, ਜ਼ਿੰਮੇਵਾਰੀਆਂ, ਫੰਡ ਅਤੇ ਅਮਲੇ ਦੁਆਰਾ ਲੋਕਤੰਤਰੀ ਵਿਕੇਂਦਰੀਕਰਣ ਹੈ। ਇਸ ਨੂੰ ਬਣਾਈ ਰੱਖਣ ਲਈ ਯੋਜਨਾਬੱਧ ਢੰਗ ਨਾਲ ਸਮਰਥਾ ਨਿਰਮਾਣ ਕਰਨ ਦੀ ਢੁਕਵੀਂ ਰਣਨੀਤੀ ਦੀ ਲੋੜ ਹੈ। ਸੰਵਿਧਾਨਕ ਸੋਧ ਦੀ ਧਾਰਾ 243 Z ਵਿੱਚ ਵਿਚਾਰੀ ਗਈ ਵਿਕੇਂਦਰੀਕ੍ਰਤ ਯੋਜਨਾਬੰਦੀ ਅਰੰਭ ਕਰਨ ਲਈ ਯੋਜਨਾਬੰਦੀ ਬਾਰੇ ਕੇਰਲ ਸ਼ੈਲੀ ਦੀ ਲੋਕ ਮੁਹਿੰਮ ਆਦਰਸ਼ ਹੈ। ਇਸ ਮੁਹਿੰਮ ਤਹਿਤ ਵਾਰਡ ਸਭਾਵਾਂ ਰਾਹੀਂ ਲੋਕਾਂ ਦੀਆਂ ਇੱਛਾਵਾਂ ਅਤੇ ਜਰੂਰਤਾਂ ਦਾ ਪਤਾ ਲਗਾ ਕੇ ਇਨ੍ਹਾਂ ਬਾਰੇ ਵਿਚਾਰ ਵਟਾਂਦਰੇ ਅਤੇ ਸੈਮੀਨਾਰ ਕਰਵਾਏ ਜਾਂਦੇ ਹਨ। ਸਥਾਨਕ ਪੱਧਰ ਤੇ ਬਣਾਈਆਂ ਗਈਆਂ ਯੋਜਨਾਵਾਂ ਨੂੰ ਇੱਕਜੁੱਟ ਕਰਕੇ ਅੰਤਮ ਰੂਪ ਦਿੱਤਾ ਜਾਂਦਾ ਹੈ। ਯੋਜਨਾ ਅਧੀਨ ਚੋਖੀਆਂ ਗਰਾਂਟਾਂ ਦਿੱਤੇ ਜਾਣ ਕਾਰਣ ਵਿਕੇਂਦਰੀਕਰਣ ਦੇ ਕਾਰਜਕ੍ਰਮ ਨੂੰ ਲਾਗੂ ਕਰਨਾ ਸੰਭਵ ਹੋ ਜਾਂਦਾ ਹੈ। ਵਿਕੇਂਦਰੀਕ੍ਰਿਤ ਸ਼ਾਸਨ ਵਿਕਾਸ ਦੀ ਪ੍ਰਕਿਰਿਆ ਲਈ ਰਾਹ ਪੱਧਰਾ ਕਰੇਗਾ। ਸਥਾਨਕ ਪੱਧਰ ਤੇ ਇਹ ਮਜਬੂਤ ਸੰਸਥਾਗਤ ਕਾਰਜ ਪ੍ਰਣਾਲੀ ਸਥਾਨਕ ਸਮੱਸਿਆਵਾਂ ਦਾ ਪ੍ਰਭਾਵਸ਼ਾਲੀ ਹੱਲ ਕੱਢੇਗੀ। ਚੁਣੇ ਹੋਏ ਸਥਾਨਕ ਨੇਤਾਵਾਂ ਦੇ ਹੱਥ ਮਜਬੂਤ ਕਰਨਾ ਵੀ ਜਰੂਰੀ ਹੈ ਤਾਂ ਕਿ ਉਹ ਅਪਣੇ ਸ਼ਹਿਰਾਂ ਅਤੇ ਕਸਬਿਆਂ ਦੇ ਸ਼ਾਸਨ, ਪ੍ਰਬੰਧ, ਵਿੱਤੀ ਮਾਮਲਿਆਂ ਅਤੇ ਵਿਕਾਸ ਵਿੱਚ ਅਪਣੀ ਭੂਮਿਕਾ ਅਦਾ ਕਰ ਸਕਣ।

ਸਮਾਜਕ ਅਤੇ ਆਰਥਕ ਵਿਕਾਸ, ਸ਼ਹਿਰੀ ਯੋਜਨਾਬੰਦੀ ਅਤੇ ਪਰਿਆਵਰਣ ਦੀ ਸੁਰੱਖਿਆ ਨਾਲ ਸੰਬੰਧ ਰੱਖਣ ਵਾਲੇ ਨਗਰ ਪਾਲਕਾਵਾਂ ਦੇ ਕਾਰਜ ਸ਼ਹਿਰੀ ਵਿਕਾਸ ਦੀ ਪ੍ਰਕਿਰਿਆ ਨੂੰ ਚਲਦਾ ਰੱਖਣ ਲਈ ਅਤਿ ਜਰੂਰੀ ਹਨ। ਜਿਆਦਾਤਰ ਯੂਰਪੀ ਦੇਸ਼ਾਂ ਵਿੱਚ ਇਹ ਕਾਰਜ ਸਥਾਨਕ ਸ਼ਾਸਨਾਂ ਦੁਆਰਾ ਪੂਰੇ ਕੀਤੇ ਜਾਂਦੇ ਹਨ। ਇਸ ਨਾਲ ਸਥਾਨਕ ਪੱਧਰ ਤੇ ਹੋਣ ਵਾਲਾ ਮਨੁੱਖੀ ਵਿਕਾਸ, ਯੋਜਨਾਬੰਦੀ ਅਤੇ ਸ਼ਾਸਨ ਹੋਰ ਵਧੀਆ ਢੰਗ ਨਾਲ ਹੁੰਦੇ ਹਨ। ਨੀਦਰਲੈਂਡ, ਬਰਤਾਨੀਆਂ ਫਿਨਲੈਂਡ, ਸਪੇਨ ਅਤੇ ਇਟਲੀ ਵਿੱਚ ਵੱਡੇ ਪੈਮਾਨੇ ਤੇ ਨਗਰ ਪਾਲਕਾਵਾਂ ਨੂੰ ਜਿੰਮੇਵਾਰੀਆਂ ਸੌਂਪੀਆਂ ਜਾ ਰਹੀਆਂ ਹਨ।

ਨਰੋਈ ਸ਼ਹਿਰੀ ਆਰਥਕਤਾ ਅਤੇ ਉੱਤਮ ਮਨੁੱਖੀ ਪੂੰਜੀ ਹੋਣ ਕਰਕੇ ਨਗਰ ਪਾਲਕਾਵਾਂ ਨੂੰ ਜਿੰਮੇਵਾਰੀਆਂ ਸੌਂਪਣ ਅਤੇ ਯੋਜਨਾਬੱਧ ਢੰਗ ਨਾਲ ਵਿਕਾਸ ਕਰਨ ਨਾਲ ਪੰਜਾਬ ਦੇ ਸ਼ਹਿਰਾਂ ਦੀ ਨੁਹਾਰ ਵਿੱਚ ਕ੍ਰਾਂਤੀਕਾਰੀ ਪਰੀਵਰਤਨ ਆ ਸਕਦਾ ਹੈ।

# ਭਾਗ ਦੂਜਾ

# ਪੰਚਾਇਤੀ ਰਾਜ ਸੰਸਥਾਵਾਂ

ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਜ਼ਿੰਮੇਵਾਰੀਆਂ, ਅਮਲਾ ਅਤੇ ਫੰਡ ਸੌਂਪੇ ਜਾਣ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਦੂਜੇ ਅਧਿਆਇ ਦੇ ਇਸ ਭਾਗ ਦਾ ਕੇਂਦਰ ਬਿੰਦੂ ਹੈ। ਇਹ ਵਿਸ਼ਲੇਸ਼ਣ ਚੋਣਵੇਂ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਵਿੱਚ ਚੱਲ ਰਹੇ ਇਸੇ ਅਮਲ ਦੇ ਸਨਮੁੱਖ ਰੱਖ ਕੇ ਕੀਤਾ ਗਿਆ ਹੈ।

### ਜਾਣ-ਪਛਾਣ

73ਵੀਂ ਸੰਵਿਧਾਨਕ ਸੋਧ ਵਿੱਚ ਪੰਚਾਇਤੀ ਰਾਜ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਤਿੰਨ ਪੱਧਰਾਂ ਨੂੰ ਕਾਰਜ, ਅਮਲਾ ਅਤੇ ਫੰਡ ਸੌਂਪੇ ਜਾਣ ਦੀ ਵਿਵਸਥਾ ਕੀਤੀ ਗਈ ਹੈ। ਸੰਵਿਧਾਨ ਦੀ ਧਾਰਾ 243 ਅਨੁਸਾਰ:

"ਸੰਵਿਧਾਨ ਵਿੱਚ ਕੀਤੀ ਗਈ ਵਿਵਸਥਾ ਦੇ ਦਾਇਰੇ ਵਿਚ ਰਹਿੰਦੇ ਹੋਏ ਕਿਸੇ ਰਾਜ ਦਾ ਵਿਧਾਨ ਮੰਡਲ ਕਾਨੂੰਨ ਰਾਹੀਂ ਪੰਚਾਇਤਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਧਿਕਾਰ ਦੇ ਸਕਦਾ ਹੈ ਜੋ ਉਨ੍ਹਾਂ ਨੂੰ ਸਵੈ- ਸ਼ਾਸਨ ਦੀਆਂ ਸੰਸਥਾਵਾਂ ਦੇ ਤੌਰ ਤੇ ਕੰਮ ਕਰ ਸਕਣ ਦੇ ਯੋਗ ਬਣਾਉਣ ਲਈ ਜਰੂਰੀ ਹੋਣ, ਅਤੇ ਅਜਿਹੇ ਕਾਨੂੰਨ ਵਿੱਚ ਢੁਕਵੇਂ ਪੱਧਰ ਤੇ ਪੰਚਾਇਤਾਂ ਨੂੰ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਸੌਂਪਣ ਦੀ ਵਿਵਸਥਾ ਹੋ ਸਕਦੀ ਹੈ ਜੋ ਇਸ ਕਾਨੂੰਨ ਵਿੱਚ ਨਿਰਧਾਰਤ ਕੀਤੀਆਂ ਗਈਆਂ ਸ਼ਰਤਾਂ ਤਹਿਤ, ਹੇਠ ਲਿਖੇ ਵਿਸ਼ਿਆਂ ਦੇ ਸੰਬੰਧ ਵਿੱਚ ਹੋਣਗੀਆਂ।

(ੳ) ਆਰਥਕ ਵਿਕਾਸ ਅਤੇ ਸਮਾਜਕ ਨਿਆਂ ਵਾਸਤੇ ਯੋਜਨਾਵਾਂ ਤਿਆਰ ਕਰਨਾ ਅਤੇ

(ਅ) 11ਵੀਂ ਸੂਚੀ ਵਿਚ ਦਰਜ ਵਿਸ਼ਿਆਂ ਸੰਬੰਧੀ ਸਕੀਮਾਂ ਸਮੇਤ ਆਰਥਕ ਵਿਕਾਸ ਅਤੇ ਸਮਾਜਕ ਨਿਆਂ ਸੰਬੰਧੀ ਉਨ੍ਹਾਂ ਜ਼ਿੰਮੇ ਲਗਾਈਆਂ ਗਈਆਂ ਸਕੀਮਾਂ ਨੂੰ ਲਾਗੂ ਕਰਨਾ।"

ਸੰਵਿਧਾਨ ਦੀ ਧਾਰਾ 243G ਲੋਕਤੰਤਰੀ ਵਿਕੇਂਦਰੀਕਰਣ ਦੀ ਭਾਵਨਾ ਨੂੰ ਸਾਕਾਰ ਕਰਦੀ ਹੈ।

### ਕਾਰਜਾਂ ਦੀ ਸਪੁਰਦਗੀ

73ਵੀਂ ਸੰਵਿਧਾਨਕ ਸੋਧ ਅਨੁਸਾਰ ਰਾਜ ਸਰਕਾਰਾਂ ਤੋਂ ਉਮੀਦ ਰੱਖੀ ਜਾਂਦੀ ਹੈ ਕਿ ਉਹ 11ਵੀਂ ਸੂਚੀ ਵਿੱਚ ਦਰਜ 29 ਵਿਸ਼ਿਆਂ ਸੰਬੰਧੀ ਕਾਰਜ ਅਤੇ ਸ਼ਕਤੀਆਂ ਪੰਚਾਇਤਾਂ ਨੂੰ ਸੌਂਪਣ।

ਸਾਰਣੀ-26 ਵਿਚ ਦਰਸਾਏ ਗਏ ਅਨੁਸਾਰ ਕੇਰਲ ਅਤੇ ਕਰਨਾਟਕ ਵਿੱਚ 29 ਅਤੇ ਮੱਧ ਪ੍ਰਦੇਸ਼ ਵਿੱਚ 18 ਵਿਸ਼ੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਜਾ ਚੁੱਕੇ ਹਨ। ਇਨ੍ਹਾਂ ਰਾਜਾਂ ਵਿਚ ਪੰਚਾਇਤਾਂ ਸਕੂਲ ਚਲਾ ਰਹੀਆਂ ਹਨ, ਡਿਸਪੈਂਸਰੀਆਂ ਦੀ ਨਿਗਰਾਨੀ ਕਰਦੀਆਂ ਹਨ, ਸਮੂਹਕ ਖੇਤੀਬਾੜੀ ਕਰਦੀਆਂ ਹਨ, ਵਰਖਾ ਦੇ ਪਾਣੀ ਦਾ ਉਪਯੋਗ ਕਰਦੀਆਂ ਹਨ ਅਤੇ ਬਿਜਲੀ ਪੈਦਾ ਕਰਨ ਦੇ ਛੋਟੇ-ਛੋਟੇ ਸੰਯੰਤਰ ਵੀ ਲਗਾ ਰਹੀਆਂ ਹਨ। ਪਰ ਕਈ ਹੋਰ ਰਾਜਾਂ ਵਿੱਚ ਪਿੰਡ ਪੰਚਾਇਤਾਂ ਸੰਬੰਧਤ ਸਰਕਾਰਾਂ ਤੇ ਨਿਰਭਰ ਹਨ ਕਿਉਂਕਿ ਉੱਥੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਅਮਲਾ ਅਤੇ ਫੰਡ ਨਹੀਂ ਸੌਂਪੇ ਗਏ ਹਨ। ਕੇਂਦਰ ਸਰਕਾਰ ਦੇ ਦਿਹਾਤੀ ਵਿਕਾਸ ਦੇ ਮੰਤਰਾਲੇ ਦੀ ਇੱਕ ਸ਼ਕਤੀਸ਼ਾਲੀ ਟਾਸਕ ਫੋਰਸ (2001) ਨੇ ਇਸ ਗੱਲ ਵੱਲ ਧਿਆਨ ਦਿਵਾਇਆ ਕਿ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਕਾਰਜ ਵਿਸ਼ਿਆਂ ਸੰਬੰਧੀ ਸਨ, ਨਾ ਕਿ ਗਤੀਵਿਧੀਆਂ ਦੇ ਅਧਾਰ ਤੇ। ਇਸ ਲਈ ਦਿਹਾਤੀ ਵਿਕਾਸ ਦੇ ਮੰਤਰਾਲੇ ਦੇ ਪੰਚਾਇਤੀ ਰਾਜ ਵਿਭਾਗ ਨੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਸ਼ਕਤੀਆਂ ਅਤੇ ਕਾਰਜ ਸੌਂਪੇ ਜਾਣ ਸੰਬੰਧੀ 2001 ਵਿੱਚ ਇੱਕ ਟਾਸਕ ਫੋਰਸ ਬਣਾਈ। ਟਾਸਕ ਫੋਰਸ ਨੇ ਅਪਣੀ ਰਿਪੋਰਟ ਵਿੱਚ ਤਿੰਨ-ਪੱਧਰੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੀਆਂ ਗਈਆਂ 29 ਜਿੰਮੇਵਾਰੀਆਂ ਸੰਬੰਧੀ ਹੋ ਰਹੀਆਂ ਕਾਰਵਾਈਆਂ ਦਾ ਵਿਸਤ੍ਰਿਤ ਨਕਸ਼ਾ ਪੇਸ਼ ਕੀਤਾ ਹੈ। ਕਰਨਾਟਕ ਪੰਚਾਇਤੀ ਰਾਜ ਐਕਟ 1993 ਵਿੱਚ ਤਿੰਨ-ਪੱਧਰੀਆਂ ਪੰਚਾਇਤੀ

ਰਾਜ ਸੰਸਥਾਵਾਂ ਨੂੰ ਸੌਂਪੇ ਗਏ 29 ਵਿਸ਼ਿਆਂ ਸੰਬੰਧੀ ਗਤੀਵਿਧੀਆਂ ਦਾ ਵਿਸਤ੍ਰਿਤ ਨਕਸ਼ਾ ਹੈ। ਕਿੰਤੂ ਦੂਜੇ ਰਾਜਾਂ ਨੇ ਅਪਣੇ ਪੰਚਾਇਤੀ ਰਾਜ ਐਕਟ ਵਿੱਚ ਗਤੀਵਿਧੀਆਂ ਸੰਬੰਧੀ ਅਜਿਹੇ ਵੇਰਵੇ ਸ਼ਾਮਿਲ ਨਹੀਂ ਕੀਤੇ। ਪੰਜਾਬ ਸਰਕਾਰ ਨੇ ਤਿੰਨ-ਪੱਧਰੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ 6 ਵਿਭਾਗਾਂ ਸੰਬੰਧੀ ਗਤੀਵਿਧੀਆਂ ਦਾ ਨਕਸ਼ਾ ਬਣਾਇਆ ਹੈ (ਅੰਤਕਾ-1)। ਗਤੀਵਿਧੀਆਂ ਦੇ ਨਕਸ਼ੇ ਤਹਿਤ ਮੋਟੇ ਤੌਰ ਤੇ ਪੰਚਾਇਤਾਂ ਦੀ ਜ਼ਿੰਮੇਵਾਰੀ ਪ੍ਰੋਗਰਾਮਾਂ ਤੋਂ ਲਾਭ ਉਠਾਉਣ ਵਾਲੇ ਲੋਕਾਂ ਦੀ ਚੋਣ ਕਰਨ ਅਤੇ ਇਨ੍ਹਾਂ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਹੈ, ਪੰਚਾਇਤ ਸੰਮਤੀਆਂ ਦਾ ਕੰਮ ਪ੍ਰੋਗਰਾਮਾਂ ਨੂੰ ਨਿਰਵਿਘਨਤਾ ਪੂਰਵਕ ਲਾਗੂ ਕਰਨ ਵਿੱਚ ਪੰਚਾਇਤਾਂ ਨੂੰ ਸੇਧ ਅਤੇ ਮਦਦ ਦੇਣਾ ਹੈ, ਅਤੇ ਜ਼ਿਲ੍ਹਾ ਪਰੀਸ਼ਦਾਂ ਦਾ ਕੰਮ ਪੰਚਾਇਤਾਂ ਨੂੰ ਕੇਂਦਰ ਸਰਕਾਰ ਦੀ ਸਰਪਰਸਤੀ ਹੇਠ ਚੱਲਣ ਵਾਲੀਆਂ ਸਕੀਮਾਂ ਵੰਡਣਾ ਤੇ ਇਨ੍ਹਾਂ ਦੀ ਨਿਗਰਾਨੀ ਕਰਨਾ ਹੈ।

ਕਿੰਤੂ ਪੰਜਾਬ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਉਨ੍ਹਾਂ ਨੂੰ ਸੌਂਪੇ ਗਏ ਵਿਸ਼ਿਆਂ ਸੰਬੰਧੀ ਕਾਰਜਾਂ ਦੀ ਪੂਰਤੀ ਲਈ ਖੁਦਮੁਖਤਾਰ ਨਹੀਂ ਹਨ। ਉਦਾਹਰਣ ਦੇ ਤੌਰ ਤੇ ਵੱਖ-ਵੱਖ ਦਿਹਾਤੀ ਵਿਕਾਸ ਸਕੀਮਾਂ ਤੋਂ ਫਾਇਦਾ ਉਠਾਉਣ ਵਾਲੇ ਲੋੜਵੰਦੀ ਵਿਅਕਤੀਆਂ ਦੀ ਚੋਣ ਭਾਵੇਂ ਪੰਚਾਇਤਾਂ ਕਰਦੀਆਂ ਹਨ, ਪਰ ਇਸ ਚੋਣ ਸੰਬੰਧੀ ਆਖਰੀ ਫੈਸਲਾ ਰਾਜ ਦੇ ਸੰਬੰਧਤ ਵਿਭਾਗ ਰਾਹੀਂ ਕੀਤਾ ਜਾਂਦਾ ਹੈ। ਭਾਵੇਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੀ ਗਈ ਭੂਮਿਕਾ ਕਾਰਵਾਈਆਂ ਦੇ ਉਪਰੋਕਤ ਨਕਸ਼ੇ ਤੇ ਆਧਾਰਤ ਹੈ, ਪਰ ਇਹ ਕੇਵਲ ਸਲਾਹਕਾਰ ਦੇ ਤੌਰ ਤੇ ਹੈ।

**ਸਾਰਣੀ-26**

**ਚੋਣਵੇਂ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਕਾਰਜਾਂ ਦੀ ਸਥਿਤੀ**

| ਰਾਜ | ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਵਿਸ਼ਿਆਂ ਦੀ ਸੰਖਿਆ |
|---|---|
| ਗੁਜਰਾਤ | 20 (98.96) |
| ਕਰਨਾਟਕ | 29 (100.00) |
| ਕੇਰਲ | 29 (100.00) |
| ਮੱਧ ਪ੍ਰਦੇਸ਼ | 23 (79.31) |
| ਮਹਾਰਾਸ਼ਟਰ | 18 (62.07) |
| ਪੰਜਾਬ | 6 (20.69) |
| ਹਰਿਆਣਾ | 16 (55.17) |
| ਹਿਮਾਚਲ ਪ੍ਰਦੇਸ਼ | 23 (79.31) |

**ਨੋਟ:** ਬ੍ਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪੰਚਾਇਤਾਂ ਨੂੰ ਸੌਂਪੇ ਗਏ ਵਿਭਾਗਾਂ/ਵਿਸ਼ਿਆਂ ਨੂੰ ਇਨ੍ਹਾਂ ਵਿਭਾਗਾਂ/ਵਿਸ਼ਿਆਂ ਦੀ ਕੁੱਲ ਸੰਖਿਆ (29) ਦੇ ਪ੍ਰਤੀਸ਼ਤ ਦੇ ਤੌਰ ਤੇ ਦਰਸਠਠਾ ਰਹੇ ਹਨ।

**ਸਰੋਤ :** ਕੁਰੂਕਸ਼ੇਤਰ (ਪੱਤ੍ਰਿਕਾ), ਜੂਨ 2002

ਪੰਜਾਬ ਸਰਕਾਰ ਨੇ ਜਨਵਰੀ 2004 ਵਿੱਚ ਇੱਕ ਨੋਟੀਫਿਕੇਸ਼ਨ ਰਾਹੀਂ ਪੰਚਾਇਤੀ ਰਾਜ ਸੰਸਥਾਵਾਂ ਨੂੰ 6 ਵਿਸ਼ੇ ਸੌਂਪੇ। ਇਹ ਸੌਂਪੇ ਗਏ ਵਿਸ਼ੇ ਇਸ ਪ੍ਰਕਾਰ ਹਨ :

i. ਸਮਾਜਕ ਸੁਰੱਖਿਆ, ਇਸਤ੍ਰੀ ਅਤੇ ਬਾਲ ਵਿਕਾਸ
ii. ਅਨੁਸੂਚਿਤ ਅਤੇ ਪਛੜੀਆਂ ਜਾਤੀਆਂ ਦੀ ਭਲਾਈ
iii. ਜਨ ਸਿਹਤ
iv. ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ
v. ਸਿਹਤ ਅਤੇ ਪਰਿਵਾਰ ਭਲਾਈ
vi. ਸਕੂਲੀ ਸਿੱਖਿਆ

ਪੰਚਾਇਤੀ ਰਾਜ ਸੰਸਥਾਵਾਂ ਕੇਵਲ ਸਰਕਾਰੀ ਵਿਭਾਗਾਂ ਦੀ ਸਹਾਇਤਾ ਕਰਦੀਆਂ ਹਨ ਅਤੇ ਅੰਤਮ ਫੈਸਲੇ ਸਰਕਾਰੀ ਅਧਿਕਾਰੀਆਂ ਦੇ ਹੁੰਦੇ ਹਨ। ਕਿੰਤੂ ਦੂਜੇ ਰਾਜਾਂ ਵਿੱਚ ਅਜਿਹਾ ਨਹੀਂ ਹੈ। ਪੰਚਾਇਤੀ ਰਾਜ ਸੰਸਥਾਵਾਂ ਦੇ ਤਿੰਨ ਪੱਧਰਾਂ ਵਿਚਕਾਰ ਕਾਰਜਾਂ ਦੀ ਵੰਡ ਇੱਕ ਤੋਂ ਦੂਜੇ ਰਾਜ ਵਿੱਚ ਵੱਖ-ਵੱਖ ਹੈ। ਕਈ ਰਾਜ ਸਰਕਾਰਾਂ ਨੇ ਜਿਆਦਾਤਰ ਕਾਰਜ ਬਲਾਕ ਅਤੇ ਜ਼ਿਲ੍ਹਾ ਪੱਧਰ ਦੀਆਂ ਪੰਚਾਇਤਾਂ ਨੂੰ ਸੌਂਪੇ ਹਨ ਜਦੋਂ ਕਿ ਕਈ ਹੋਰ ਰਾਜਾਂ ਵਿੱਚ ਜ਼ਿਲ੍ਹਾ ਪੰਚਾਇਤਾਂ ਅਤੇ ਵਿਚਕਾਰਲੀਆਂ ਪੰਚਾਇਤਾਂ ਨੂੰ ਅਣਡਿੱਠਾ ਕਰਕੇ ਜਿਆਦਾਤਰ ਸ਼ਕਤੀਆਂ ਗਰਾਮ ਪੰਚਾਇਤਾਂ ਨੂੰ ਦਿੱਤੀਆਂ ਗਈਆਂ ਹਨ। ਕਰਨਾਟਕ ਵਿੱਚ ਗਰਾਮ ਪੰਚਾਇਤਾਂ ਨੇ ਲਗਭਗ ਅਫਸਰਸ਼ਾਹੀ ਦਾ ਸਥਾਨ ਲੈ ਲਿਆ ਹੈ। ਕੇਰਲ ਵਿੱਚ ਪਿੰਡ ਪੰਚਾਇਤਾਂ ਪਿੰਡ ਦੀਆਂ ਯੋਜਨਾਵਾਂ ਅਤੇ ਸਲਾਨਾ ਰਿਪੋਰਟਾਂ ਤਿਆਰ ਕਰਦੀਆਂ ਹਨ ਅਤੇ ਸਥਾਨਕ ਸ਼ਾਸਨ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਲਈ ਜਿੰਮੇਵਾਰ ਹਨ। ਅਫਸਰਸ਼ਾਹੀ ਤੋਂ ਮੁਕਤੀ ਮਿਲਣ ਕਰਕੇ ਸਥਾਨਕ ਸ਼ਾਸਨ ਦੀ ਕਾਰਜ ਪ੍ਰਣਾਲੀ ਵਿੱਚ ਸੁਧਾਰ ਹੋਇਆ ਹੈ ਜਿਸ ਨਾਲ ਇਹ ਲੋਕਾਂ ਦੀਆਂ ਇੱਛਾਵਾਂ ਪੂਰੀਆਂ ਕਰ ਸਕਦਾ ਹੈ।

## ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਦਿਹਾਤੀ ਸਥਾਨਕ ਸੰਸਥਾਵਾਂ ਦੀ ਸਥਿਤੀ

ਯੂਰਪੀ ਦੇਸ਼ਾਂ ਵਿੱਚ ਪਿੰਡਾਂ ਦੀ ਦੇਖਭਾਲ ਕਰਨ ਵਾਲੇ ਸਥਾਨਕ ਸਵੈ-ਸ਼ਾਸਨਾਂ ਨੂੰ ਦਿਹਾਤੀ ਮਿਉਂਸਿਪਲਟੀਆਂ ਕਿਹਾ ਜਾਂਦਾ ਹੈ। ਇਨ੍ਹਾਂ ਮਿਉਂਸਿਪਲਟੀਆਂ ਨੂੰ ਚੋਖੀ ਖੁਦਮੁਖਤਾਰੀ ਹਾਸਲ ਹੈ ਅਤੇ ਇਨ੍ਹਾਂ ਨੂੰ ਬਹੁਤ ਸਾਰੇ ਕਾਰਜ ਸੌਂਪੇ ਗਏ ਹਨ ਜਿਹੜੇ ਇਹ ਸਰਕਾਰ ਦੀ ਦਖਲ-ਅੰਦਾਜੀ ਦੇ ਬਗੈਰ ਪੂਰਾ ਕਰਦੀਆਂ ਹਨ। ਉਦਾਹਰਣ ਦੇ ਤੌਰ ਤੇ ਫਿਨਲੈਂਡ ਦੇ ਸੰਵਿਧਾਨ ਵਿੱਚ ਕਿਹਾ ਗਿਆ ਹੈ:

"ਪ੍ਰਾਂਤੀ ਸਰਕਾਰ ਨੂੰ ਮਿਉਂਸਿਪਲਟੀ ਦੇ ਮਾਮਲਿਆਂ ਵਿੱਚ ਦਖਲ ਅੰਦਾਜ਼ੀ ਕਰਨ ਜਾਂ ਕਿਸੇ ਮਿਉਂਸਿਪਲਟੀ ਨੂੰ ਆਦੇਸ਼ ਦੇਣ ਦਾ ਕੋਈ ਅਧਿਕਾਰ ਨਹੀਂ। ਮਿਉਂਸਿਪਲਟੀਆਂ ਪ੍ਰਾਂਤੀ ਸਰਕਾਰ ਦੇ ਪ੍ਰਸ਼ਾਸਨ ਅਧੀਨ ਨਹੀਂ ਹਨ। ਜੇ ਕਿਸੇ ਮਿਉਂਸਿਪਲਟੀ ਨੇ ਕਾਨੂੰਨ ਜਾਂ ਸਟੇਟ ਸਬਸਿਡੀਆਂ ਵਿੱਚ ਪਰਿਭਾਸ਼ਿਤ ਅਪਣਾ ਕਾਰਜ ਪੂਰਾ ਨਹੀਂ ਕੀਤਾ ਤਾਂ ਪ੍ਰਾਂਤੀ ਸਰਕਾਰ ਮਿਉਂਸਿਪਲਟੀ ਨੂੰ ਅਜਿਹਾ ਕੰਮ ਪੂਰਾ ਕਰਨ ਦਾ ਆਦੇਸ਼ ਦੇ ਸਕਦੀ ਹੈ।"

ਫਿਨਲੈਂਡ ਵਿੱਚ ਮਿਉਂਸਿਪਲਟੀਆਂ ਸਿਹਤ-ਸੰਭਾਲ, ਸਿੱਖਿਆ ਅਤੇ ਬਜੁਰਗਾਂ ਲਈ ਮਕਾਨ ਮੁਹੱਈਆ ਕਰਵਾਉਣ ਜਿਹੀਆਂ ਸਹੂਲਤਾਂ ਦਿੰਦੀਆਂ ਹਨ। ਇਸ ਤੋਂ ਇਲਾਵਾ ਨਿੱਜੀ ਖੇਤਰ ਦੀਆਂ ਕੰਪਨੀਆਂ ਦੀ ਮਦਦ ਨਾਲ ਇਹ ਮਿਉਂਸਿਪਲਟੀਆਂ ਦਿਹਾਤੀ ਇਲਾਕਿਆਂ ਵਿੱਚ ਕੂੜੇ-ਕਰਕਟ ਦਾ ਪ੍ਰਬੰਧ, ਪੀਣ ਦਾ ਸੁਰੱਖਿਅਤ ਜਲ ਅਤੇ ਸੁਪਰ ਮਾਰਕਿਟ ਆਦਿ ਸ਼ਹਿਰੀ ਨਾਗਰਿਕ ਸਹੂਲਤਾਂ ਵੀ ਦੇ ਰਹੀਆਂ ਹਨ। ਮਿਉਂਸਿਪਲਟੀਆਂ ਇਹ ਕਾਰਜ ਸਰਕਾਰ ਦੀ ਦਖਲ ਅੰਦਾਜ਼ੀ ਤੋਂ ਬਿਨਾਂ ਪੂਰਾ ਕਰਦੀਆਂ ਹਨ। ਦੋ ਜਾਂ ਤਿੰਨ ਮਿਉਂਸਿਪਲਟੀਆਂ ਮਿਲ ਕੇ ਸੰਯੁਕਤ ਮਿਉਂਸਿਪਲ ਬੋਰਡ ਬਣਾ ਲੈਂਦੀਆਂ ਹਨ। ਇਨ੍ਹਾਂ ਬੋਰਡਾਂ ਦਾ ਕੰਮ ਵੱਡੇ ਹਸਪਤਾਲ ਅਤੇ ਕਾਲਜਾਂ ਜਿਹੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਹੈ ਜਿਨ੍ਹਾਂ ਵਿੱਚ ਜਿਆਦਾ ਧਨ ਨਿਵੇਸ਼ ਦੀ ਲੋੜ ਹੁੰਦੀ ਹੈ। ਪਰ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਸੰਯੁਕਤ ਮਿਉਂਸਿਪਲ ਬੋਰਡ ਬਣਾਏ ਜਾਣ ਨਾਲ ਵੱਖ-ਵੱਖ ਮਿਉਂਸਿਪਲਟੀਆਂ ਦੀ ਖੁਦਮੁਖਤਾਰੀ ਤੇ ਕੋਈ ਮਾੜਾ ਅਸਰ ਨਹੀਂ ਪੈਂਦਾ।

ਬਰਤਾਨੀਆ ਦੇ ਸਥਾਨਕ ਸ਼ਾਸਨ ਦੀਆਂ ਜਿੰਮੇਵਾਰੀਆਂ ਵਿੱਚ ਕੂੜਾ-ਕਰਕਟ ਇਕੱਠਾ ਕਰਨਾ, ਸਥਾਨਕ ਯੋਜਨਾਵਾਂ ਬਣਾਉਣਾ, ਪਰਿਆਵਰਣ ਦੀ ਸਿਹਤ, ਮਨੋਰੰਜਨ ਸਮੇਤ ਹੋਰ ਸਹੂਲਤਾਂ ਅਤੇ ਮਕਾਨ ਉਸਾਰੀ ਸ਼ਾਮਿਲ ਹਨ। ਬਰਤਾਨੀਆ ਦੇ ਦਿਹਾਤੀ ਇਲਾਕਿਆਂ ਵਿੱਚ ਮਿਉਂਸਿਪਲਟੀਆਂ ਨਿੱਜੀ ਖੇਤਰ ਦੀਆਂ ਕੰਪਨੀਆਂ ਰਾਹੀਂ ਲੋਕਾਂ ਲਈ ਜਲ-ਪੂਰਤੀ ਦਾ ਪ੍ਰਬੰਧ ਕਰਦੀਆਂ ਹਨ। ਉਹ ਅਪਣੇ ਖੇਤਰ ਦੇ ਕੂੜੇਕਰਕਟ ਦਾ ਪ੍ਰਬੰਧ ਕਰਦੀਆਂ ਹਨ ਅਤੇ ਸਿਹਤ ਸੰਭਾਲ, ਸਮਾਜ ਭਲਾਈ ਅਤੇ ਸਿੱਖਿਆ ਮੁਹੱਈਆ ਕਰਵਾਉਂਦੀਆਂ ਹਨ। ਬਰਤਾਨੀਆ ਵਿੱਚ ਸਮਾਜ ਭਲਾਈ ਅਤੇ ਸਿਹਤ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਇਸ ਵਿੱਚ ਬੱਚਿਆਂ, ਮਾਪਿਆਂ, ਅਪੰਗ ਵਿਅਕਤੀਆਂ ਅਤੇ ਬਜੁਰਗਾਂ ਦੀ ਮਦਦ ਕਰਨਾ ਸ਼ਾਮਿਲ ਹੈ। ਕੌਂਸਲਾਂ ਸਰੀਰ ਅਤੇ ਗਿਆਨ ਇੰਦਰੀਆਂ ਵਜੋਂ ਅਪੰਗ ਵਿਅਕਤੀਆਂ, ਮਾਨਸਕ ਸਿਹਤ ਸੰਬੰਧੀ ਸਮੱਸਿਆਵਾਂ ਵਾਲੇ ਵਿਅਕਤੀਆਂ, ਆਖਰੀ ਸੁਆਸ ਲੈ ਰਹੇ

ਰੋਗੀਆਂ, ਬਾਲ ਅਪਰਾਧੀਆਂ ਅਤੇ ਰਾਜਨੀਤਕ ਸ਼ਰਨ ਦੇ ਇੱਛੁਕ ਵਿਅਕਤੀਆਂ ਦੀ ਵੀ ਮਦਦ ਕਰਦੀਆਂ ਹਨ।

ਨੀਦਰਲੈਂਡ ਦੇ ਦਿਹਾਤੀ ਇਲਾਕਿਆਂ ਵਿੱਚ ਮਿਉਂਸਿਪਲਟੀਆਂ ਸਮਾਜਕ ਪੱਧਰ ਤੇ ਘਰਾਂ ਦੀ ਉਸਾਰੀ ਅਤੇ ਦੇਖ-ਭਾਲ, ਸਮੁਦਾ ਦੀ ਸਾਂਝੀ ਭੂਮੀ ਦਾ ਪ੍ਰਬੰਧ, ਅਪਣੇ ਖੇਤਰ ਵਿੱਚ ਪਾਏ ਜਾਣ ਵਾਲੇ ਸਰਕਾਰੀ ਪ੍ਰਾਈਮਰੀ ਸਕੂਲਾਂ ਦਾ ਪ੍ਰਬੰਧ ਅਤੇ ਪ੍ਰਾਈਵੇਟ ਪ੍ਰਾਈਮਰੀ ਸਕੂਲਾਂ ਦੇ ਸਾਰੇ ਖਰਚੇ ਉਠਾਉਣ ਦਾ ਪ੍ਰਬੰਧ ਕਰਦੀਆਂ ਹਨ। ਉਹ ਸਮਾਜ ਭਲਾਈ ਅਤੇ ਬੇਰੁਜਗਾਰਾਂ, ਅਪੰਗਾਂ ਅਤੇ ਬਜੁਰਗਾਂ ਦੀ ਮਦਦ ਕਰਨ ਦਾ ਵੀ ਪ੍ਰਬੰਧ ਕਰਦੀਆਂ ਹਨ। ਅਪਣੇ ਖੇਤਰ ਦੀਆਂ ਸੜਕਾਂ ਅਤੇ ਗਲੀਆਂ ਦੇ ਵਿਕਾਸ ਦੀ ਜਿੰਮੇਵਾਰੀ ਵੀ ਉਨ੍ਹਾਂ ਦੀ ਹੀ ਹੁੰਦੀ ਹੈ।

ਨੀਦਰਲੈਂਡ ਵਿੱਚ ਦਿਹਾਤੀ ਮਿਉਂਸਿਪਲਟੀਆਂ ਦੁੱਧ ਵਿਉਪਾਰ ਦੇ ਵਿਕਾਸ ਵਿੱਚ ਸਰਗਰਮ ਭੂਮਿਕਾ ਅਦਾ ਕਰਦੀਆਂ ਹਨ। ਉੱਥੇ ਇਸ ਵਿਉਪਾਰ ਦਾ ਵੱਡੇ ਪੈਮਾਨੇ ਤੇ ਮਸ਼ੀਨੀਕਰਣ ਹੋ ਚੁੱਕਿਆ ਹੈ ਅਤੇ ਕੰਪਿਊਟਰਾਂ ਦੀ ਵਰਤੋਂ ਕਰਕੇ ਇਸ ਦੀ ਕੁਸ਼ਲਤਾ ਵਿੱਚ ਵਾਧਾ ਅਤੇ ਲਾਗਤ ਵਿੱਚ ਕਮੀ ਆਈ ਹੈ।

ਚੰਗੀਆਂ ਨਾਗਰਿਕ ਸਹੂਲਤਾਂ, ਜਿਵੇਂ ਕਿ ਸੜਕਾਂ, ਠੋਸ ਅਤੇ ਤਰਲ ਗੰਦਗੀ ਦੇ ਪ੍ਰਬੰਧ, ਚੰਗੇ ਵਾਤਾਵਰਣ ਅਤੇ ਰਹਿਣ ਦੀਆ ਚੰਗੀਆਂ ਹਾਲਤਾਂ ਵਾਲੇ ਉੱਤਮ ਬੁਨਿਆਦੀ ਢਾਂਚੇ ਤੋਂ ਪਤਾ ਚਲਦਾ ਹੈ ਕਿ ਇਸ ਦੇਸ਼ ਦਾ ਸਥਾਨਕ ਸ਼ਾਸਨ ਅਤੇ ਯੋਜਨਾਬੰਦੀ ਕਿੰਨੇ ਪ੍ਰਭਾਵਸ਼ਾਲੀ ਹਨ। ਮਿਉਂਸਿਪਲਟੀਆਂ ਛੋਟੇ ਪੱਧਰ ਦੀਆਂ ਸਥਾਨਕ ਸਭਾਵਾਂ ਅਤੇ ਨਿੱਜੀ ਖੇਤਰ ਦੀ ਭਾਗੀਦਾਰੀ ਰਾਹੀਂ ਇਨ੍ਹਾਂ ਸੇਵਾਵਾਂ ਵਿੱਚ ਸੁਧਾਰ ਕਰਦੀਆਂ ਹਨ। ਮਿਉਂਸਿਪਲਟੀਆਂ ਦੇ ਹੋਰ ਮਹੱਤਵਪੂਰਣ ਕੰਮਾਂ ਵਿੱਚ ਮਕਾਨ ਮੁਹੱਈਆ ਕਰਵਾਉਣਾ, ਸੈਰ-ਸਪਾਟਾ, ਮਨੋਰੰਜਨ, ਲੋਕ ਨਿਰਮਾਣ ਤੇ ਢੋ-ਢੁਆਈ, ਜਨ ਸਿਹਤ, ਸਿੱਖਿਆ ਅਤੇ ਸਮਾਜ ਭਲਾਈ ਆਦਿ ਸ਼ਾਮਿਲ ਹਨ।

ਸਪੇਨ ਵਿੱਚ ਦਿਹਾਤੀ ਮਿਉਂਸਿਪਲਟੀਆਂ ਦੇ ਚੁਣੇ ਹੋਏ ਮੈਂਬਰਾਂ ਵਿੱਚ ਵਿਭਾਗਾਂ ਦੀ ਵੰਡ ਕੀਤੀ ਜਾਂਦੀ ਹੈ। ਮਿਉਂਸਿਪਲਟੀ ਇਨ੍ਹਾਂ ਮੈਂਬਰਾਂ ਨੂੰ ਜਿੰਮੇਵਾਰੀਆਂ ਸੌਂਪਦੀ ਹੈ ਜਿਸ ਨਾਲ ਮੁਖੀ ਤੋਂ ਮੈਂਬਰਾਂ ਵੱਲ ਵਿਕੇਂਦਰੀਕਰਣ ਹੋ ਜਾਂਦਾ ਹੈ। ਮਿਉਂਸਿਪਲਟੀ ਦੇ ਮੈਂਬਰਾਂ ਵਿੱਚ ਹੇਠ ਲਿਖੇ ਵਿਭਾਗ ਵੰਡੇ ਜਾਂਦੇ ਹਨ:

- ਸ਼ਹਿਰੀਕਰਣ
- ਬਜਟ
- ਸਿਹਤ
- ਪਰਿਆਵਰਣ
- ਸਮਾਜਕ ਸੁਰੱਖਿਆ
- ਸੱਭਿਆਚਾਰ
- ਖੇਡਾਂ
- ਮੰਡੀਕਰਣ
- ਲਾਇਸੰਸ

ਸਿਟੀ ਹਾਲ ਵਿੱਚ ਸੱਤਾਧਾਰੀ ਅਤੇ ਵਿਰੋਧੀ ਦਲਾਂ ਦੇ ਵਿਚਕਾਰ ਹੋਣ ਵਾਲੀ ਬਹਿਸ ਨਾਲ ਸਥਾਨਕ ਸਵੈ-ਸ਼ਾਸਨ ਵਿੱਚ ਸਿਤਹਮੰਦ ਲੋਕਤੰਤਰੀ ਵਿਵਹਾਰ ਨੂੰ ਉਤਸ਼ਾਹ ਮਿਲਦਾ ਹੈ। ਇਸ ਤਰ੍ਹਾਂ ਲੋਕਤੰਤਰ ਨੂੰ ਲੋਕਾਂ ਦੇ ਹੋਰ ਨੇੜੇ ਲਿਆਂਦਾ ਗਿਆ ਹੈ।

## ਹੇਠਲੇ ਪੱਧਰਾਂ ਨੂੰ ਅਮਲਾ ਸੌਂਪਣਾ

ਪੰਚਾਇਤੀ ਰਾਜ ਸੰਸਥਾਵਾਂ ਦੇ ਕੰਮ ਦੇ ਭਾਰ, ਕਾਰਜਾਂ ਅਤੇ ਜਿੰਮੇਵਾਰੀਆਂ ਨੂੰ ਦੇਖਦੇ ਹੋਏ 73ਵੀਂ ਸੋਧ ਦੀ ਵਿਵਸਥਾ ਅਨੁਸਾਰ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਦੇ ਪ੍ਰਸ਼ਾਸਨਿਕ ਨਿਯੰਤਰਣ ਅਧੀਨ ਕਰਨਾ ਉਚਿਤ ਜਾਪਦਾ ਹੈ। ਕੇਰਲ ਅਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਨੇ ਕਰਮਚਾਰੀਆਂ ਨੂੰ ਗਰਾਮ ਪੰਚਾਇਤਾਂ ਦੇ ਸਪੁਰਦ ਕਰਕੇ ਇਨ੍ਹਾਂ ਸੰਸਥਾਵਾਂ ਦੇ ਨਿਯੰਤਰਣ ਅਧੀਨ ਕੰਮ ਕਰਨ ਦੀ ਹਦਾਇਤ ਦਿੱਤੀ ਹੈ ਜਦੋਂ

ਕਿ ਕਰਨਾਟਕ ਅਤੇ ਗੁਜਰਾਤ ਵਿੱਚ ਜ਼ਿਲ੍ਹਾ ਪੱਧਰ ਦੇ ਕਰਮਚਾਰੀਆਂ ਨੂੰ ਜ਼ਿਲ੍ਹਾ ਪੰਚਾਇਤਾਂ ਦੇ ਅਧੀਨ ਕਰ ਦਿੱਤਾ ਗਿਆ ਹੈ। ਕਰਨਾਟਕ ਅਤੇ ਕੇਰਲ ਵਿੱਚ ਕ੍ਰਮਵਾਰ 29 ਅਤੇ 15 ਵਿਭਾਗਾਂ ਦੇ ਕਰਮਚਾਰੀਆਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਦੇ ਸਪੁਰਦ ਕਰ ਦਿੱਤਾ ਗਿਆ ਹੈ (ਸਾਰਣੀ-28), ਜਦੋਂ ਕਿ ਪੰਜਾਬ ਵਿੱਚ ਕਿਸੇ ਵੀ ਵਿਭਾਗ ਦੇ ਕਰਮਚਾਰੀਆਂ ਨੂੰ ਇਨ੍ਹਾਂ ਸੰਸਥਾਵਾਂ ਅਧੀਨ ਨਹੀਂ ਕੀਤਾ ਗਿਆ। ਪਰੰਤੂ ਹੁਣੇ ਹੁਣੇ ਪੰਜਾਬ ਸਰਕਾਰ ਨੇ ਅਪਣੇ ਅਪਣੇ ਇਲਾਕੇ ਲਈ ਡਾਕਟਰਾਂ ਦੀ ਚੋਣ ਵਿੱਚ ਜ਼ਿਲ੍ਹਾ ਪਰੀਸ਼ਦਾਂ, ਅਤੇ ਅਸਥਾਈ ਅਧਿਆਪਕਾਂ ਦੀ ਚੋਣ ਵਿੱਚ ਪੰਚਾਇਤਾਂ ਨੂੰ ਸ਼ਾਮਿਲ ਕੀਤਾ ਹੈ।

1995 ਵਿੱਚ ਕੇਰਲ ਸਰਕਾਰ ਨੇ ਮਹੱਤਵਪੂਰਣ ਵਿਭਾਗਾਂ ਦੇ ਬਹੁਤ ਸਾਰੇ ਕਰਮਚਾਰੀਆਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਦੇ ਸਪੁਰਦ ਕਰ ਦਿੱਤਾ। ਜਿਨ੍ਹਾਂ ਵਿਭਾਗਾਂ ਦੇ ਕਰਮਚਾਰੀਆਂ ਨੂੰ ਪਿੰਡ ਪੰਚਾਇਤਾਂ ਦੇ ਸਪੁਰਦ ਕੀਤਾ ਗਿਆ ਉਹ ਹਨ: ਖੇਤੀਬਾੜੀ, ਪਸ਼ੂ-ਪਾਲਣ, ਦੁੱਧ ਵਿਉਪਾਰ, ਮੱਛੀ ਪਾਲਣ, ਦਿਹਾਤੀ ਵਿਕਾਸ, ਸਮਾਜ ਭਲਾਈ, ਅਨੁਸੂਚਿਤ ਜਾਤੀਆਂ ਦੀ ਭਲਾਈ, ਆਦਿਵਾਸੀਆਂ ਦੀ ਭਲਾਈ, ਸਿਹਤ ਸੇਵਾਵਾਂ, ਆਮ ਸਿੱਖਿਆ ਅਤੇ ਲੋਕ ਨਿਰਮਾਣ। ਜਿਹੜੇ ਵਿਭਾਗਾਂ ਦੇ ਕਰਮਚਾਰੀਆਂ ਨੂੰ ਬਲਾਕ ਪੰਚਾਇਤਾਂ ਦੇ ਸਪੁਰਦ ਕੀਤਾ ਗਿਆ ਉਹ ਹਨ : ਖੇਤੀਬਾੜੀ, ਉਦਯੋਗ, ਦਿਹਾਤੀ ਵਿਕਾਸ, ਸਮਾਜ ਭਲਾਈ, ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦਾ ਵਿਕਾਸ, ਸਿਹਤ ਸੇਵਾਵਾਂ, ਲਘੂ ਸਿੰਚਾਈ ਅਤੇ ਲਘੂ ਉਦਯੋਗਾਂ ਦਾ ਵਿਕਾਸ।

**ਸਾਰਣੀ-27**

**ਕਰਮਚਾਰੀਆਂ ਦੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਜਾਣ ਦੀ ਸਥਿਤੀ**

| **ਰਾਜ** | **ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੇ ਗਏ ਵਿਭਾਗ/ਵਿਸ਼ਿਆਂ ਅਤੇ ਕਰਮਚਾਰੀਆਂ ਦੀ ਸੰਖਿਆ** |
|---|---|
| ਗੁਜਰਾਤ* | ਕੋਈ ਨਹੀਂ |
| ਕਰਨਾਟਕ* | 29 (100) |
| ਕੇਰਲ | 15 (51.72) |
| ਮੱਧ ਪ੍ਰਦੇਸ਼ | 09 (31.03) |
| ਮਹਾਰਾਸ਼ਟਰ | 09 (31.03) |
| **ਪੰਜਾਬ** | **ਕੋਈ ਨਹੀਂ** |
| ਹਰਿਆਣਾ | ਕੋਈ ਨਹੀਂ |
| ਹਿਮਾਚਲ ਪ੍ਰਦੇਸ਼ | 07 (24.14) |

**ਨੋਟ :** ਬ੍ਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪੰਚਾਇਤਾਂ ਨੂੰ ਸੌਂਪੇ ਗਏ ਵਿਭਾਗਾਂ/ਵਿਸ਼ਿਆਂ ਨੂੰ ਇਨ੍ਹਾਂ ਵਿਭਾਗਾਂ ਦੀ ਕੁੱਲ ਸੰਖਿਆ (29) ਦੇ ਪ੍ਰਤੀਸ਼ਤ ਦੇ ਤੌਰ ਤੇ ਦਰਸਾ ਰਹੇ ਹਨ।

**ਸਰੋਤ:** ਕੁਰੂਕਸ਼ੇਤਰ, ਜੂਨ 2002

* ਕੇਵਲ ਜ਼ਿਲ੍ਹਾ ਪਰੀਸ਼ਦ ਦੇ ਸਪੁਰਦ ਕੀਤੇ ਗਏ

ਪੰਜਾਬ ਪੰਚਾਇਤੀ ਰਾਜ ਐਕਟ, 1994 ਵਿੱਚ ਇਹ ਵਿਚਾਰ ਰੱਖਿਆ ਗਿਆ ਹੈ ਕਿ ਪੰਜਾਬ ਸਕੱਤਰ ਜੋ ਕਿ ਪਿੰਡ ਪੱਧਰ ਦਾ ਇੱਕੋ-ਇੱਕ ਕਰਮਚਾਰੀ ਹੁੰਦਾ ਹੈ, ਸਰਪੰਚ ਦੀ ਅਗਵਾਈ ਹੇਠ ਪੰਚਾਇਤਾਂ ਦੇ ਨਿਯੰਤਰਣ ਅਧੀਨ ਹੋਣਾ ਚਾਹੀਦਾ ਹੈ। ਪਰੰਤੂ ਪੰਚਾਇਤ ਸਕੱਤਰਾਂ ਦੀ ਨਿਯੁਕਤੀ ਪੰਚਾਇਤ ਸੰਮਤੀ ਦੇ ਮੁੱਖ ਦਫਤਰ ਵਿੱਚ ਹੁੰਦੀ ਹੈ ਅਤੇ ਉਹ ਅਪਣੇ ਆਪ ਨੂੰ ਪੰਚਾਇਤਾਂ ਦੇ ਕਰਮਚਾਰੀ ਨਹੀਂ ਸਮਝਦੇ। ਇੱਕ ਪੰਚਾਇਤ ਸਕੱਤਰ ਚਾਰ-ਪੰਜ ਪਿੰਡਾਂ ਦੀਆਂ ਪੰਚਾਇਤਾਂ ਦਾ ਕੰਮ ਦੇਖਦਾ ਹੈ।

ਗੁਜਰਾਤ ਦੀਆਂ ਪੰਚਾਇਤ ਸੇਵਾਵਾਂ ਵਿੱਚ ਨਿਯੁਕਤੀ ਲਈ ਰਾਜ ਅਤੇ ਜ਼ਿਲ੍ਹਾ ਪੱਧਰ ਤੇ ਵੱਖ-ਵੱਖ ਚੋਣ ਬੋਰਡ ਹਨ। ਗੁਜਰਾਤ ਦੇ ਪੰਚਾਇਤ ਐਕਟ 1994 ਦੇ ਅਧਿਆਇ 13 ਧਾਰਾ 235 (1) ਵਿੱਚ ਪੰਜ ਮੈਂਬਰੀ (ਚੇਅਰਮੈਨ ਸਮੇਤ) ਗੁਜਰਾਤ ਪੰਚਾਇਤ ਸਰਵਿਸ ਸਲੈਕਸ਼ਲ ਬੋਰਡ ਦਾ ਵਿਚਾਰ ਰੱਖਿਆ ਗਿਆ ਹੈ। ਬੋਰਡ ਮੈਂਬਰਾਂ ਦਾ ਕਾਰਜ ਕਾਲ ਛੇ ਸਾਲ ਦਾ ਰੱਖਿਆ ਗਿਆ ਹੈ। ਬੋਰਡ ਦਾ ਮੁੱਖ ਕਾਰਜ ਨਿਯਮਾਂ ਅਨੁਸਾਰ ਨਿਰਧਾਰਤ ਕੀਤੀਆਂ ਗਈਆਂ ਅਸਾਮੀਆਂ ਲਈ ਉਮੀਦਵਾਰਾਂ ਦੀ ਚੋਣ ਕਰਨਾ ਅਤੇ ਨਿਯਮਾਂ ਅਨੁਸਾਰ ਨਿਰਧਾਰਤ ਮਾਮਲਿਆਂ ਬਾਰੇ ਪੰਚਾਇਤਾਂ ਨੂੰ ਸਲਾਹ ਦੇਣਾ ਹੈ। ਗੁਜਰਾਤ ਪੰਚਾਇਤ ਐਕਟ 1993 ਦੇ ਅਧਿਆਇ 13 ਧਾਰਾ 236 ਵਿੱਚ ਪੰਚਾਇਤਾਂ ਦੀਆਂ ਨਿਰਧਾਰਤ ਅਸਾਮੀਆਂ ਲਈ ਭਰਤੀ ਵਾਸਤੇ ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੰਚਾਇਤ ਸਰਵਿਸ ਸਲੈਕਸ਼ਨ ਕਮੇਟੀ ਦਾ ਵਿਚਾਰ ਰੱਖਿਆ ਗਿਆ ਹੈ। ਕਮੇਟੀ ਦੀ ਬਣਤਰ ਇਸ ਪ੍ਰਕਾਰ ਹੈ : (i) ਬੋਰਡ ਦੇ ਚੇਅਰਮੈਨ ਦੁਆਰਾ ਨਾਮਜ਼ਦ ਕੀਤਾ ਹੋਇਆ ਗੁਜਰਾਤ ਪੰਚਾਇਤ ਸਰਵਿਸ ਸਲੈਕਸ਼ਨ ਬੋਰਡ ਦਾ ਇੱਕ ਮੈਂਬਰ (ii) ਜ਼ਿਲ੍ਹੇ ਦੀ ਜ਼ਿਲ੍ਹਾ ਪੰਚਾਇਤ ਦਾ ਪ੍ਰਧਾਨ (iii) ਰਾਜ ਸਰਕਾਰ ਦੁਆਰਾ ਨਾਮਜ਼ਦ ਪੰਚਾਇਤ ਸਰਵਿਸ ਜਾਂ ਸਟੇਟ ਸਰਵਿਸ ਦੇ ਅਧਿਕਾਰੀ। ਜ਼ਿਲ੍ਹਾ ਪੰਚਾਇਤ ਸਰਵਿਸ ਸਲੈਕਸ਼ਨ ਬੋਰਡ ਪੰਚਾਇਤਾਂ ਦੇ ਸਕੱਤਰਾਂ ਅਤੇ ਹੋਰ ਕਰਮਚਾਰੀਆਂ ਦੀ ਚੋਣ ਕਰਦੇ ਹਨ। ਦੂਜੇ ਸ਼ਬਦਾਂ ਵਿੱਚ ਗੁਜਰਾਤ ਦੀਆਂ ਜ਼ਿਲ੍ਹਾ ਪੰਚਾਇਤਾਂ ਪੰਚਾਇਤੀ ਰਾਜ ਸੰਸਥਾਵਾਂ ਦੇ ਕਰਮਚਾਰੀਆਂ ਦੀ ਚੋਣ ਪ੍ਰਕਿਰਿਆ ਵਿੱਚ ਸ਼ਾਮਿਲ ਹਨ।

ਕਰਨਾਟਕ ਵਿੱਚ ਮਹੱਤਵਪੂਰਣ ਵਿਭਾਗਾਂ ਦੇ ਕਰਮਚਾਰੀਆਂ ਨੂੰ ਪੰਚਾਇਤਾਂ ਦੇ ਸਪੁਰਦ ਕਰ ਦਿੱਤਾ ਗਿਆ ਹੈ। ਪਿੰਡਾਂ ਦੀਆਂ ਪੰਚਾਇਤਾਂ ਨੂੰ ਅਪਣੇ ਅਮਲੇ ਦੀ ਚੋਣ ਅਤੇ ਨਿਯੁਕਤੀ ਦਾ ਅਧਿਕਾਰ ਹੈ।

### ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਦਿਹਾਤੀ ਸਥਾਨਕ ਸੰਸਥਾਵਾਂ ਦੀ ਸਥਿਤੀ:

ਯੂਰਪ ਦੇ ਦੇਸ਼ਾਂ ਵਿੱਚ ਸਥਾਨਕ ਸੰਸਥਾਵਾਂ ਦੇ ਕਰਮਚਾਰੀਆਂ ਦੀ ਚੋਣ ਅਤੇ ਨਿਯੁਕਤੀ ਦਿਹਾਤੀ ਮਿਉਂਸਿਪਲਟੀਆਂ ਦੁਆਰਾ ਕੀਤੀ ਜਾਂਦੀ ਹੈ ਅਤੇ ਉਹ ਸਰਕਾਰੀ ਮੁਲਾਜਮ ਨਹੀਂ ਹੁੰਦੇ। ਫਿਨਲੈਂਡ ਵਿੱਚ 42600 ਕਰਮਚਾਰੀ ਮਿਉਂਸਿਪਲਟੀਆਂ ਵਿੱਚ ਕੰਮ ਕਰ ਰਹੇ ਹਨ ਜੋ ਫਿਨਲੈਂਡ ਦੀ ਕੁੱਲ ਕੰਮ ਕਾਜੀ ਜਨ ਸੰਖਿਆ ਦਾ 24 ਪ੍ਰਤੀਸ਼ਤ ਅਤੇ ਸਰਕਾਰੀ ਖੇਤਰ ਦੇ ਕਰਮਚਾਰੀਆਂ ਦਾ 77 ਪ੍ਰਤੀਸ਼ਤ ਹਨ।

ਹੋਰ ਯੂਰਪੀ ਦੇਸ਼ਾਂ ਵਿੱਚ ਕਰਮਚਾਰੀਆਂ ਦੀ ਭਰਤੀ ਅਤੇ ਨਿਯੁਕਤੀ ਦਿਹਾਤੀ ਮਿਉਂਸਿਪਲਟੀਆਂ ਦੁਆਰਾ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਿੱਚ ਮੈਨੇਜਰ, ਅਧਿਆਪਕ, ਡਾਕਟਰ, ਕੰਪਿਊਟਰ ਕਰਮਚਾਰੀ ਅਤੇ ਸਫਾਈ ਇੰਸਪੈਕਟਰ ਆਦਿ ਸ਼ਾਮਿਲ ਹੁੰਦੇ ਹਨ। ਇਸ ਤਰ੍ਹਾਂ ਨਿਯੁਕਤ ਕੀਤੇ ਗਏ ਕਰਮਚਾਰੀਆਂ ਦੀ ਤਨਖਾਹ ਮਿਉਂਸਿਪਲ ਫੰਡ ਵਿਚੋਂ ਦਿੱਤੀ ਜਾਂਦੀ ਹੈ ਅਤੇ ਉਹ ਸਰਕਾਰ ਦੇ ਮੁਲਾਜਮ ਨਹੀਂ ਹੁੰਦੇ।

### ਫੰਡਾਂ ਦੀ ਸਪੁਰਦਗੀ

ਭਾਰਤ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਕਰ ਰਹੀਆਂ । ਇਨ੍ਹਾਂ ਦੇ ਰਾਹ ਵਿਚ ਵੱਡਾ ਅੜਿੱਕਾ ਇਹ ਹੈ ਕਿ ਇਨ੍ਹਾਂ ਨੂੰ ਅਪਣੀਆਂ ਜਰੂਰਤਾਂ ਮੁਤਾਬਕ ਬਣੇ ਪ੍ਰੋਗਰਾਮ ਲਾਗੂ ਕਰਨ ਲਈ ਚੋਖੇ ਫੰਡ ਨਹੀਂ ਮਿਲਦੇ। ਇਸ ਤੋਂ ਇਲਾਵਾ ਜੋ ਫੰਡ ਮਿਲਦੇ ਵੀ ਹਨ ਉਨ੍ਹਾਂ ਤੇ ਬੰਦਿਸ਼ ਹੁੰਦੀ ਹੈ ਜਿਸ ਨਾਲ ਪੰਚਾਇਤਾਂ ਪਾਸ ਕੋਈ ਗੁੰਜਾਇਸ਼ ਨਹੀਂ ਰਹਿੰਦੀ (Siva Subrahmanyam, 2003)। ਇਨ੍ਹਾਂ ਸੰਸਥਾਵਾਂ ਨੂੰ ਚੋਖੇ ਫੰਡ ਸੌਂਪੇ ਜਾਣ ਨਾਲ ਉਹ ਪ੍ਰਭਾਵਸ਼ਾਲੀ ਸਵੈ-ਸ਼ਾਸਨ ਦੇ ਤੌਰ ਤੇ ਕੰਮ ਕਰਨ ਦੇ ਯੋਗ ਹੋ ਜਾਣਗੀਆਂ।

ਸੰਵਿਧਾਨ ਦੀ ਧਾਰਾ 243 H ਰਾਜਾਂ ਦੀਆਂ ਵਿਧਾਨ ਸਭਾਵਾਂ ਨੂੰ ਹੇਠ ਲਿਖੇ ਮੰਤਵਾਂ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਦਿੰਦੀ ਹੈ:

(i) ਪੰਚਾਇਤਾਂ ਨੂੰ ਕਰ, ਮਹਿਸੂਲ, ਰਾਹਦਾਰੀਆਂ ਅਤੇ ਫੀਸਾਂ ਲਗਾਉਣ, ਵਸੂਲ ਕਰਨ ਅਤੇ ਵਰਤਣ ਲਈ।
(ii) ਰਾਜ ਸਰਕਾਰ ਦੁਆਰਾ ਲਗਾਏ ਗਏ ਅਤੇ ਵਸੂਲ ਕੀਤੇ ਗਏ ਕੁੱਝ ਕਰ, ਮਹਿਸੂਲ ਅਤੇ ਰਾਹਦਾਰੀਆਂ ਪੰਚਾਇਤਾਂ ਨੂੰ ਸੌਂਪਣ ਲਈ।

(iii) ਰਾਜ ਦੇ ਕਨਸੌਲੀਡੇਟਡ ਫੰਡ ਵਿੱਚੋਂ ਪੰਚਾਇਤਾਂ ਲਈ ਗਰਾਂਟ-ਇਨ-ਏਡ ਦੀ ਵਿਵਸਥਾ ਕਰਨ ਲਈ ਅਤੇ
(iv) ਪੰਚਾਇਤਾਂ ਵਾਸਤੇ ਕਾਨੂੰਨ ਦੁਆਰਾ ਨਿਰਧਾਰਤ ਕੀਤੇ ਗਏ ਫੰਡ ਸਥਾਪਤ ਕਰਨ ਅਤੇ ਉਨ੍ਹਾਂ ਵਿਚੋਂ ਪੈਸਾ ਕਢਵਾਉਣ ਦੀ ਵਿਵਸਥਾ ਕਰਨ ਲਈ।

ਸੰਵਿਧਾਨ ਦੀ ਧਾਰਾ 243H ਵਿੱਚ ਹਰ ਪੰਜ ਸਾਲ ਬਾਦ ਰਾਜ ਦੇ ਵਿੱਤ ਕਮਿਸ਼ਨ ਦਾ ਗਠਨ ਕਰਨ ਦੀ ਵਿਵਸਥਾ ਹੈ। ਇਸ ਦਾ ਉਦੇਸ਼ ਪੰਚਾਇਤਾਂ ਦੀ ਵਿੱਤੀ ਹਾਲਤ ਦਾ ਨਿਰੀਖਣ ਕਰਨਾ ਅਤੇ ਨਿਮਨਲਿਖਤ ਵਿਸ਼ਿਆਂ ਸੰਬੰਧੀ ਰਾਜਪਾਲ ਨੂੰ ਸਿਫਾਰਸ਼ਾਂ ਕਰਨਾ ਹੈ:

(ੳ) ਉਨ੍ਹਾਂ ਸਿਧਾਂਤਾਂ ਸੰਬੰਧੀ ਜਿਨ੍ਹਾਂ ਅਨੁਸਾਰ:

(i) ਰਾਜ ਸਰਕਾਰ ਦੁਆਰਾ ਲਗਾਏ ਜਾ ਸਕਣ ਵਾਲੇ ਕਰਾਂ, ਮਹਿਸੂਲਾਂ, ਰਾਹਦਾਰੀਆਂ ਅਤੇ ਫੀਸਾਂ ਦੀ ਕੁੱਲ ਰਾਸ਼ੀ ਵਿੱਚੋਂ ਉਪਰੋਕਤ ਧਾਰਾ ਤਹਿਤ ਰਾਜ ਸਰਕਾਰ ਅਤੇ ਪੰਚਾਇਤਾਂ ਵਿਚਕਾਰ ਵੰਡੇ ਜਾ ਸਕਣ ਵਾਲੇ ਹਿੱਸੇ ਦੀ ਇਨ੍ਹਾਂ ਦੋਹਾਂ ਧਿਰਾਂ ਵਿਚਕਾਰ ਪਾਈ ਜਾ ਸਕਣ ਵਾਲੀ ਵੰਡ ਦਾ, ਅਤੇ ਵੱਖ ਵੱਖ ਪੱਧਰ ਦੀਆਂ ਪੰਚਾਇਤਾਂ ਦੇ ਆਪਸ ਵਿਚ ਅਪਣੇ ਅਪਣੇ ਬਣਦੇ ਹਿੱਸੇ ਮੁਤਾਬਕ, ਪਾਈ ਜਾ ਸਕਣ ਵਾਲੀ ਵੰਡ ਦਾ ਫੈਸਲਾ ਕੀਤਾ ਜਾ ਸਕਦੇ।

(ii) ਉਨ੍ਹਾਂ ਕਰਾਂ, ਮਹਿਸੂਲਾਂ, ਰਾਹਦਾਰੀਆਂ ਅਤੇ ਫੀਸਾਂ ਦਾ ਫੈਸਲਾ ਕੀਤਾ ਜਾ ਸਕੇ ਜਿਨ੍ਹਾਂ ਨੂੰ ਵਰਤਣ ਦਾ ਜਾਂ ਵਸੂਲ ਕਰਨ ਦਾ ਅਧਿਕਾਰ ਪੰਚਾਇਤਾਂ ਨੂੰ ਦਿੱਤਾ ਜਾ ਸਕਦਾ ਹੋਵੇ।

(iii) ਸਰਕਾਰ ਦੇ ਕਨਸੌਲੀਡੇਟਡ ਫੰਡ ਵਿੱਚੋਂ ਪੰਚਾਇਤ ਨੂੰ ਦਿੱਤੀ ਜਾਣ ਵਾਲੀ ਗਰਾਂਟ-ਇਨ-ਏਡ ਦਾ ਫੈਸਲਾ ਕੀਤਾ ਜਾ ਸਕੇ।

(ਅ) ਪੰਚਾਇਤਾਂ ਦੀ ਵਿੱਤੀ ਹਾਲਤ ਨੂੰ ਸੁਧਾਰਣ ਵਾਸਤੇ ਲੁੜੀਂਦੀਆਂ ਕਾਰਵਾਈਆਂ ਸੰਬੰਧੀ।

(ੲ) ਪੰਚਾਇਤਾਂ ਦੀ ਨਿੱਗਰ ਵਿੱਤੀ ਹਾਲਤ ਦੇ ਹਿੱਤ ਵਿਚ ਰਾਜਪਾਲ ਦੁਆਰਾ ਸਲਾਹ ਲਈ ਭੇਜੇ ਗਏ ਕਿਸੇ ਵੀ ਹੋਰ ਵਿਸ਼ੇ ਸੰਬੰਧੀ।

ਸੰਵਿਧਾਨ ਦੀ ਧਾਰਾ 280(3)(b) ਵਿੱਚ ਕੇਂਦਰੀ ਵਿੱਤ ਕਮਿਸ਼ਨ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਰਾਜ ਦੀਆਂ ਪੰਚਾਇਤਾਂ ਅਤੇ ਨਗਰ ਪਾਲਕਾਵਾਂ ਦੇ ਵਿੱਤੀ ਸਾਧਨਾਂ ਦੀ ਅਨਪੂਰਤੀ ਲਈ ਇਸ ਦੇ ਕਨਸੌਲੀਡੇਟਡ ਫੰਡ ਵਿਚ ਵਾਧਾ ਕਰਨ ਦੇ ਤਰੀਕਿਆਂ ਦਾ ਸੁਝਾਅ ਦੇਵੇ।

ਸੰਵਿਧਾਨ ਦੀ ਉਪਰੋਕਤ ਧਾਰਾ 243(I) ਤਹਿਤ ਪੰਜਾਬ ਦਾ ਪਹਿਲਾ ਵਿੱਤ ਕਮਿਸ਼ਨ 1994 ਅਤੇ ਦੂਜਾ 2000 ਵਿਚ ਬਣਾਇਆ ਗਿਆ ਸੀ। ਰਾਜ ਦੇ ਪਹਿਲੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨਿਮਨਲਿਖਤ ਅਨੁਸਾਰ ਹਨ:

ਪੰਜ ਕਰਾਂ - ਅਸ਼ਟਾਮਾਂ, ਮੋਟਰ ਵਾਹਨਾਂ ਤੇ ਲੱਗਣ ਵਾਲੇ ਕਰ, ਬਿਜਲੀ ਕਰ, ਮਨੋਰੰਜਨ ਕਰ ਅਤੇ ਸਿਨੇਮਾ ਤੇ ਲੱਗਣ ਵਾਲੇ ਕਰ - ਤੋਂ ਹੋਣ ਵਾਲੀ ਕੁੱਲ ਵਸੂਲੀ ਦਾ 20% ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਆਬਕਾਰੀ ਕਰਾਂ ਅਤੇ ਦਸਵੇਂ ਵਿੱਤ ਕਮਿਸ਼ਨ ਦੇ ਫੈਸਲੇ ਅਨੁਸਾਰ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਅਤੇ ਹੋਰ ਧਨ ਰਾਸ਼ੀਆਂ ਦੇ ਇੱਕ ਹਿੱਸੇ ਨੂੰ ਵੀ ਇੱਕ ਖਾਸ ਅਨੁਪਾਤ ਵਿਚ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤਾਂ ਨੂੰ ਸੌਂਪੇ ਜਾਣ ਦੀ ਸਿਫਾਰਿਸ਼ ਕੀਤੀ ਗਈ। ਇਨ੍ਹਾਂ ਸਿਫਾਰਸ਼ਾਂ ਨਾਲ ਪਹਿਲੀ ਵਾਰ ਰਾਜ ਅਤੇ ਕੇਂਦਰੀ ਸਰਕਾਰ ਦੇ ਕਨਸੌਲੀਡੇਟਡ ਫੰਡਾਂ ਵਿਚ ਪੰਚਾਇਤਾਂ ਦੇ ਹਿੱਸੇ ਦਾ ਅਧਿਕਾਰ ਸਥਾਪਤ ਹੋ ਗਿਆ।

ਦੂਜੇ ਵਿੱਤ ਕਮਿਸ਼ਨ ਨੇ ਵੀ ਉੱਪਰਲੇ ਪੱਧਰਾਂ ਵੱਲੋਂ ਲਗਭਗ ਉਹੀ ਸਿਧਾਂਤਾਂ ਅਨੁਸਾਰ ਪੰਚਾਇਤਾਂ ਨੂੰ ਫੰਡ ਦਿੱਤੇ ਜਾਣ ਦੀ ਸਿਫਾਰਿਸ਼ ਕੀਤੀ ਕਿੰਤੂ ਇਸ ਅਨੁਸਾਰ ਪੰਜ ਉਪਰੋਕਤ ਨਿਰਧਾਰਤ ਕਰਾਂ ਦੇ 20% ਦੀ ਥਾਂ ਰਾਜ ਦੁਆਰਾ

ਲਗਾਏ ਜਾ ਰਹੇ ਕਰਾਂ ਦੀ ਕੁੱਲ ਵਸੂਲੀ ਦਾ 4% ਸਥਾਨਕ ਸੰਸਥਾਵਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ ਜਿਸ ਵਿਚੋਂ ਦੋ-ਤਿਹਾਈ ਹਿੱਸਾ ਪੰਚਾਇਤੀ ਰਾਜ ਸੰਸਥਾਵਾਂ ਦਾ ਹੋਣਾ ਚਾਹੀਦਾ ਹੈ। ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੇ ਗਏ ਫੰਡਾਂ ਵਿਚ ਗਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦਾ ਹਿੱਸਾ 50:30:20 ਦੇ ਅਨੁਪਾਤ ਵਿਚ ਨਿਸ਼ਚਿਤ ਕੀਤਾ ਗਿਆ ਸੀ।

ਕੇਂਦਰ ਸਰਕਾਰ ਦੇ ਕਨਸੋਲੀਡੇਟਡ ਫੰਡ ਵਿਚੋਂ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੇ ਜਾਣ ਵਾਲੇ ਫੰਡ ਸੰਬੰਧੀ 10ਵੇਂ, 11ਵੇਂ ਅਤੇ 12 ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਹੇਠ ਲਿਖੇ ਅਨੁਸਾਰ ਹਨ:

(1) 10ਵੇਂ ਵਿੱਤ ਕਮਿਸ਼ਨ ਨੇ 1971 ਦੀ ਜਨ-ਗਣਨਾ ਦੇ ਅਧਾਰ ਤੇ ਦਿਹਾਤੀ ਅਬਾਦੀ ਲਈ ਹਰੇਕ ਪੰਚਾਇਤ ਨੂੰ ਪ੍ਰਤੀ ਵਿਅਕਤੀ 100/- ਰੁਪਏ ਦੀ ਗਰਾਂਟ ਦੇਣ ਦੀ ਸਿਫਾਰਿਸ਼ ਕੀਤੀ।

(2) 11ਵੇਂ ਵਿੱਤ ਕਮਿਸ਼ਨ ਨੇ 2000 ਤੋਂ 2005 ਦੀ ਅਵਧੀ ਦੇ ਪੰਜ ਸਾਲਾਂ ਲਈ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ 30.93 ਕਰੋੜ ਰੁਪਏ ਦੇਣ ਦੀ ਸਿਫਾਰਸ਼ ਕੀਤੀ। ਇਹ ਦੇਸ਼ ਭਰ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੇ ਗਏ 1600 ਕਰੋੜ ਰੁਪਏ ਦਾ 1.933% ਸੀ।

(3) 12ਵੇਂ ਵਿੱਤ ਕਮਿਸ਼ਨ ਨੇ ਪੰਜਾਬ ਨੂੰ ਪੰਜ ਸਾਲਾਂ ਲਈ ਰਾਸ਼ਟਰੀ ਪੱਧਰ ਤੇ ਦਿੱਤੀ ਗਈ 25000 ਕਰੋੜ ਰੁਪਏ ਦੀ ਕੁੱਲ ਰਾਸ਼ੀ ਦਾ 1.620%, ਭਾਵ 320 ਕਰੋੜ ਰੁਪਿਆ ਦਿੱਤਾ।

ਕਿੰਤੂ ਜਿਆਦਾਤਰ ਰਾਜ ਸਰਕਾਰਾਂ ਨੇ ਕੇਂਦਰ ਅਤੇ ਰਾਜਾਂ ਦੇ ਵਿੱਤ ਕਮਿਸ਼ਨਾਂ ਦੀਆਂ ਰਿਪੋਰਟਾਂ ਵੱਲ ਉਚਿਤ ਧਿਆਨ ਨਹੀਂ ਦਿੱਤਾ। ਰਾਜ ਸਰਕਾਰਾਂ ਦੁਆਰਾ ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੇ ਗਏਫੰਡ ਨਾਕਾਫੀ ਹੀ ਨਹੀਂ ਬਲਕਿ ਅਨਿਯਮਿਤ ਵੀ ਹਨ ਜਿਸ ਨਾਲ ਸਭ ਤੋਂ ਹੇਠਲੇ ਪੱਧਰ ਦੇ ਵਿਕਾਸ ਕਾਰਜਾਂ ਤੇ ਮਾੜਾ ਪ੍ਰਭਾਵ ਪੈਂਦਾ ਹੈ। ਮੈਥਿਊ (Mathew) (2000) ਦੀ ਟਿੱਪਣੀ ਅਨੁਸਾਰ ਜਿਆਦਾਤਰ ਪਿੰਡ ਪੰਚਾਇਤਾਂ ਵਿਚ ਸਰਕਾਰੀ ਗਰਾਂਟਾਂ ਤੇ ਨਿਰਭਰ ਕਰਨ ਅਤੇ ਕਰ ਲਗਾਉਣ ਤੋਂ ਸੰਕੋਚ ਕਰਨ ਦਾ ਰੁਝਾਣ ਬਹੁਤ ਪ੍ਰਚੱਲਤ ਹੈ ਜਿਸ ਦੇ ਨਤੀਜੇ ਵਜੋਂ ਵਸੀਲੇ ਨਾ ਹੋਣ ਕਰਕੇ ਉਹ ਵਿਕਾਸ ਦੇ ਕੰਮ ਸ਼ੁਰੂ ਨਹੀਂ ਕਰ ਸਕਦੇ। ਊਮਨ (Oomen) (2000) ਦੀ ਵੀ ਇਹ ਰਾਇ ਹੈ ਕਿ ਭਾਰਤ ਵਿਚ ਰਾਜਨੀਤਕ ਵਿਕੇਂਦਰੀਕਰਣ ਦੇ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ ਵਿੱਤੀ ਵਿਕੇਂਦਰੀਕਰਣ ਨੇ ਕੋਈ ਜਿਆਦਾ ਪ੍ਰਗਤੀ ਨਹੀਂ ਕੀਤੀ।

ਨੇਸ਼ਨਲ ਇੰਸਟੀਚਿਊਟ ਆਫ ਰੂਰਲ ਡਿਵੈਲਪਮੈਂਟ ਨੇ ਵੱਖ-ਵੱਖ ਰਾਜਾਂ ਦੁਆਰਾ ਪੰਚਾਇਤੀ ਰਾਜ ਸੰਸਥਾਵਾਂ ਦੇ ਵਸੀਲਿਆਂ ਵਿੱਚ ਵਾਧਾ ਕਰਨ ਲਈ ਅਪਨਾਏ ਗਏ ਨਵੀਨ/ਸਰਵੋਤਮ ਢੰਗਾਂ ਦਾ ਸਰਵੇਖਣ ਕੀਤਾ ਤਾਂ ਕਿ ਉਨ੍ਹਾਂ ਨੂੰ ਦੂਜੇ ਰਾਜਾਂ ਵਿੱਚ ਲਾਗੂ ਕਰਨ ਦੀ ਸੰਭਾਵਨਾ ਦਾ ਪਤਾ ਲਗਾਇਆ ਜਾ ਸਕੇ। ਇਹ ਅਧਿਐਨ ਤਿੰਨ ਰਾਜਾਂ, ਕੇਰਲ, ਗੁਜਰਾਤ, ਅਤੇ ਮੱਧ ਪ੍ਰਦੇਸ਼ ਤੱਕ ਸੀਮਤ ਸੀ ਕਿਉਂਕਿ ਇਨ੍ਹਾਂ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾ ਪ੍ਰਣਾਲੀ ਦੇ ਕੁਝ ਨਿਵੇਕਲੇ ਲੱਛਣ ਹਨ। ਇਸ ਅਧਿਐਨ ਦੇ ਨਿਸ਼ਕਰਸ਼ ਇਸ ਪ੍ਰਕਾਰ ਹਨ:

(i) ਪੰਚਾਇਤਾਂ ਲਈ ਮੁੱਖ-ਮੁੱਖ ਕਰ ਲਗਾਉਣਾ ਅਤੇ ਗੈਰ ਕਰ-ਆਧਾਰਤ ਆਮਦਨੀ ਵਿੱਚ ਵਾਧਾ ਕਰਨਾ ਜਰੂਰੀ ਕਰ ਦੇਣਾ ਚਾਹੀਦਾ ਹੈ।

(ii) ਪੰਚਾਇਤਾਂ ਦੁਆਰਾ ਲਗਾਏ ਗਏ ਕਰਾਂ ਤੋਂ ਹੋਣ ਵਾਲੀ ਆਮਦਨੀ ਦੀ ਘੱਟੋ-ਘੱਟ ਸੀਮਾ ਤੇ ਜ਼ੋਰ ਦੇਣਾ ਚਾਹੀਦਾ ਹੈ।

(iii) ਉਪਭੋਗਤਾ ਖਰਚੇ ਲਾਜ਼ਮੀ ਤੌਰ ਤੇ ਵਸੂਲੇ ਜਾਣੇ ਚਾਹੀਦੇ ਹਨ।

(iv) ਪਿੰਡ ਪੰਚਾਇਤਾਂ ਦੀ ਸਾਂਝੀ ਸੰਪਤੀ ਤੇ ਆਧਾਰਤ ਵਸੀਲਿਆਂ ਦੀ ਪਹਿਚਾਣ ਕਰਕੇ ਆਮਦਨੀ ਪੈਦਾ ਕਰਨ ਤੇ ਵਿਚਾਰ ਕਰਨਾ ਚਾਹੀਦਾ ਹੈ।

(v) ਪੰਚਾਇਤਾਂ ਨੂੰ ਕਰ ਯੋਗ ਭੂਮੀ ਅਤੇ ਇਮਾਰਤਾਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ।

(vi) ਖੇਤੀ ਯੋਗ ਭੂਮੀ ਤੇ ਕਰ/ਵਧੀਕ ਵਸੂਲੀ/ਚੰਦਾ ਲੈਣ ਦਾ ਅਧਿਕਾਰ ਪੰਚਾਇਤ ਸੰਮਤੀਆਂ ਜਾਂ ਜ਼ਿਲ੍ਹਾ ਪਰੀਸ਼ਦਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ।

(vii) ਸਰਕਾਰੀ ਆਮਦਨੀ ਵਿੱਚ ਹਿੱਸੇ ਜਾਂ ਸਰਕਾਰੀ ਆਮਦਨੀ ਵਸੂਲਣ ਦੁਆਰਾ ਰਾਜ ਵੱਲੋਂ ਪੰਚਾਇਤ ਨੂੰ ਸੌਂਪੀ ਜਾਣ ਵਾਲੀ ਆਮਦਨੀ ਨੂੰ ਕਾਨੂੰਨੀ ਮਾਨਤਾ ਦੇਣੀ ਚਾਹੀਦੀ ਹੈ।

(viii) ਗਰਾਂਟ-ਇੰਨ-ਏਡ ਦੇ ਸੰਬੰਧ ਵਿੱਚ ਰਾਜ ਸਰਕਾਰਾਂ ਨੂੰ ਅਪਣੀ ਪ੍ਰਤੀਬੱਧਤਾ ਤੇ ਪਾਬੰਦ ਰਹਿਣਾ ਚਾਹੀਦਾ ਹੈ; ਪੰਚਾਇਤਾਂ ਵਾਸਤੇ ਨਿਯਤ ਕੀਤੀਆਂ ਗਈਆਂ ਗਰਾਂਟਾਂ ਨੂੰ ਕਾਨੂੰਨੀ ਮਾਨਤਾ ਦੇਣੀ ਚਾਹੀਦੀ ਹੈ।

(viii) ਪੰਚਾਇਤਾਂ ਦੁਆਰਾ ਰੱਖੇ ਜਾਣ ਵਾਲੇ ਹਿਸਾਬ-ਕਿਤਾਬ ਦਾ ਮਿਆਰ ਨਿਯਤ ਕਰਨਾ ਚਾਹੀਦਾ ਹੈ।

ਭਾਰਤ ਦੇ ਪ੍ਰਗਤੀਸ਼ੀਲ ਰਾਜਾਂ ਦੇ ਮੁਕਾਬਲੇ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੇ ਜਾ ਰਹੇ ਫੰਡ ਅਤੇ ਕਰਾਂ ਤੋਂ ਹੋਣ ਵਾਲੀ ਉਨ੍ਹਾਂ ਦੀ ਆਮਦਨੀ ਸੰਤੋਖਜਨਕ ਨਹੀਂ ਹੈ। ਪੰਜਾਬ ਦੇ ਪੰਚਾਇਤੀ ਰਾਜ ਐਕਟ 1994 ਦੀ ਧਾਰਾ 96 ਵਿੱਚ ਵਿਚਾਰ ਰੱਖਿਆ ਗਿਆ ਹੈ ਕਿ ਹਰ ਗਰਾਮ ਪੰਚਾਇਤ ਪਾਸ ਇਸ ਦੇ ਅਪਣੇ ਨਾਂ ਤੇ ਇਕ 'ਗਰਾਮ ਪੰਚਾਇਤ ਫੰਡ' ਹੋਣਾ ਚਾਹੀਦਾ ਹੈ। ਇਸ ਫੰਡ ਵਿਚ ਨਿਮਨਲਿਖਤ ਰਾਸ਼ੀਆਂ ਸ਼ਾਮਿਲ ਕੀਤੀਆਂ ਗਈਆਂ ਹਨ:

(i) ਸਰਕਾਰ ਅਤੇ ਹੋਰ ਸਥਾਨਕ ਸ਼ਾਸਨਾਂ ਕੋਲੋਂ ਮਿਲਣ ਵਾਲੀਆਂ ਗਰਾਂਟਾਂ ਅਤੇ ਹੋਰ ਧਨ ਰਾਸ਼ੀਆਂ

(ii) ਗਰਾਮ ਸਭਾ ਖੇਤਰ ਵਿਚ ਸਾਂਝੇ ਧਰਮ ਨਿਰਪੇਖ ਉਦੇਸ਼ਾਂ ਲਈ ਇਕੱਠੇ ਕੀਤੇ ਗਏ ਫੰਡਾਂ ਦੀ ਰਾਸ਼ੀ

(iii) ਹਰੇਕ ਪ੍ਰਕਾਰ ਦੇ ਦਾਨ

(iv) ਇਸ ਐਕਟ ਤਹਿਤ ਲਗਾਏ ਗਏ ਅਤੇ ਵਸੂਲ ਕੀਤੇ ਗਏ ਸਾਰੇ ਕਰ, ਮਹਿਸੂਲ, ਚੰਦੇ, ਰਾਹਦਾਰੀਆਂ ਅਤੇ ਫੀਸਾਂ

(v) ਮਿੱਟੀ, ਅਵਾਰਾ ਪਸ਼ੂਆਂ ਦੇ ਗੋਬਰ ਜਾਂ ਮੁਰਦਾਰ, ਬ੍ਰਿਛਾਂ ਅਤੇ ਹੋਰ ਵਸਤੂਆਂ ਦੀ ਵਿੱਕਰੀ ਤੋਂ ਮਿਲਣ ਵਾਲੀ ਰਾਸ਼ੀ

(vi) ਮੱਛੀ ਪਾਲਣ ਦੇ ਸਥਾਨਾਂ ਤੋਂ ਹੋਣ ਵਾਲੀ ਆਮਦਨੀ

(vii) ਸਾਂਝੀ ਭੋਂ ਤੋਂ ਹੋਣ ਵਾਲੀ ਆਮਦਨੀ

(viii) ਗਰਾਮ ਪੰਚਾਇਤ ਦੀ ਹੱਦ ਅੰਦਰ ਇੱਕਠੇ ਕੀਤੇ ਜਾ ਸਕਣ ਵਾਲੇ ਕੁੱਲ ਭੂਮੀ ਕਰ ਦਾ 40%

(viii) ਹੋਰ ਕੋਈ ਆਮਦਨੀ

ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 88 ਅਨੁਸਾਰ ਗਰਾਮ ਪੰਚਾਇਤਾਂ ਨੂੰ ਕਿਸੇ ਵੀ ਪ੍ਰਕਾਰ ਦਾ ਕਰ ਲਗਾਉਣ ਦੀ ਸੁਤੰਤਰਤਾ ਨਹੀਂ ਜਦ ਤੱਕ ਰਾਜ ਸਰਕਾਰ ਉਨ੍ਹਾਂ ਨੂੰ ਇਸ ਦਾ ਇਖਤਿਆਰ ਦੇ ਕੇ ਇਸ ਸੰਬੰਧੀ ਨੋਟੀਫਿਕੇਸ਼ਨ ਨਾ ਜਾਰੀ ਕਰ ਦੇਵੇ। ਇਸ ਐਕਟ ਦੀ ਧਾਰਾ 89 ਅਨੁਸਾਰ ਹਰੇਕ ਗਰਾਮ ਪੰਚਾਇਤ ਨੂੰ ਰਾਜ ਦੇ ਵਿੱਤ ਕਮਿਸ਼ਨ ਦੀ ਸਿਫਾਰਿਸ਼ ਉਪਰੰਤ, ਰਾਜ ਦੇ ਕਨਸੌਲੀਡੇਟਡ ਫੰਡ ਵਿੱਚੋਂ ਗਰਾਂਟ-ਇਨ-ਏਡ ਲੈਣ ਦਾ ਅਧਿਕਾਰ ਹੋਵੇਗਾ।

ਪੰਜਾਬ ਦੇ ਪੰਚਾਇਤੀ ਰਾਜ ਐਕਟ, 1994 ਵਿੱਚ ਵਿਚਾਰੀਆਂ ਗਈਆਂ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਕਰ ਲਗਾਉਣ ਦੀਆਂ ਸ਼ਕਤੀਆਂ ਸਾਰਣੀ-28 ਵਿੱਚ ਦਿੱਤੀਆਂ ਗਈਆਂ ਹਨ:

## ਸਾਰਣੀ–28
## ਪੰਜਾਬ ਪੰਚਾਇਤੀ ਰਾਜ ਐਕਟ ਤਹਿਤ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਕਰ ਲਗਾਉਣ ਦੀਆਂ ਸ਼ਕਤੀਆਂ

| ਧਾਰਾ | ਗਰਾਮ ਪੰਚਾਇਤ | ਧਾਰਾ | ਪੰਚਾਇਤੀ ਸੰਮਤੀ | ਧਾਰਾ | ਜ਼ਿਲ੍ਹਾ ਪਰੀਸ਼ਦ |
|---|---|---|---|---|---|
| 88 | (i) ਭੂਮੀ ਅਤੇ ਇਮਾਰਤਾਂ ਤੇ ਕਰ | 149 | (i) ਵਿਅਕਤੀ, ਵਾਹਨਾਂ ਜਾਂ | 189 | ਰਾਜ ਸਰਕਾਰ ਰਾਜ ਦੇ ਵਿੱਤ ਪਸ਼ੂਆਂ ਤੇ ਰਾਹਦਾਰੀ ਕਮਿਸ਼ਨ ਦੀ ਸਿਫਾਰਿਸ਼ ਤੇ ਧਾਰਾ 243-I ਤਹਿਤ ਜਾਂ ਕਿਸੇ ਹੋਰ ਢੰਗ ਨਾਲ ਜ਼ਿਲਾ ਪਰੀਸ਼ਦ ਨੂੰ ਕਰ, ਮਹਿਸੂਲ, ਫੀਸ, ਰਾਹਦਾਰੀ ਅਤੇ ਚੰਦੇ ਆਦਿ ਵਸੂਲਣ ਦੀ ਆਗਿਆ ਦੇ ਸਕਦੀ ਹੈ। |
| | (ii) ਕਿੱਤੇ,ਵਪਾਰ, ਧੰਦੇ ਅਤੇ ਰੁਜਗਾਰ ਤੇ ਕਰ | | (ii) ਦਰਿਆ ਪਾਰ ਕਰਨ ਦੀ ਕਿਸ਼ਤੀ ਆਦਿ ਤੇ ਰਾਹਦਾਰੀ | | |
| | (iii) ਕਿਸੇ ਵੀ ਪ੍ਰਕਾਰ ਦੇ ਮਨੋਰੰਜਨ ਵਿੱਚ ਪ੍ਰਵੇਸ਼ ਲਈ ਕੀਤੇ ਜਾਣ ਵਾਲੇ ਸਭ ਪ੍ਰਕਾਰ ਦੇ ਭੁਗਤਾਨਾਂ ਤੇ ਵਧੀਕ ਸਟੈਂਪ ਡਿਊਟੀ | | (iii) ਮੋਟਰ ਵਹੀਕਲ ਐਕਟ 1988 ਤੋਂ ਛੁੱਟ ਵਾਹਨਾਂ ਦੀ ਹੋਣ ਵਾਲੀ ਹੋਰ ਰਜਿਸਟ੍ਰੇਸ਼ਨ | | |
| | (iv) ਵਾਹਨਾਂ ਦੀ ਰਜਿਸਟ੍ਰੇਸ਼ਨ ਤੇ ਫੀਸ | | (iv) ਸਫਾਈ ਪ੍ਰਬੰਧ ਦੀ ਫੀਸ | | |
| | (v) ਸਫਾਈ ਪ੍ਰਬੰਧ ਤੇ ਫੀਸ | | (v) ਮੰਡੀਆਂ ਲਈ ਲਾਇਸੰਸ ਜਾਰੀ ਕਰਨ ਦੀ ਫੀਸ | | |
| | (vi) ਪਾਣੀ ਦਾ ਖਰਚਾ | | (vi) ਕਿਸੇ ਹੋਰ ਪ੍ਰਕਾਰ ਦੇ ਲਾਇਸੰਸ ਤੇ ਲਈ ਜਾਣ ਵਾਲੀ ਫੀਸ | | |
| | (vii) ਬਿਜਲੀ ਦਾ ਖਰਚਾ | | (vii) ਪਾਣੀ ਦਾ ਖਰਚਾ | | |
| | (viii) ਕੁਦਰਤੀ ਵਸੀਲਿਆਂ ਦੀ ਸੰਭਾਲ ਦਾ ਖਰਚਾ | | (viii) ਬਿਜਲੀ ਦਾ ਖਰਚਾ | | |

ਪੰਚਾਇਤੀ ਰਾਜ ਸੰਸਥਾਵਾਂ ਦੁਆਰਾਂ ਕਰਾਂ ਰਾਹੀਂ ਪੈਦਾ ਕੀਤੀ ਹੋਈ ਅੰਦਰੂਨੀ ਆਮਦਨੀ ਬਹੁਤ ਥੋੜ੍ਹੀ ਹੁੰਦੀ ਹੈ। ਦੂਜੇ ਵਿੱਤ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਾਲ 1999–2000 ਦੌਰਾਨ ਗਰਾਮ ਪੰਚਾਇਤਾਂ ਦੁਆਰਾ ਪੈਦਾ ਕੀਤੀ ਗਈ ਅੰਦਰੂਨੀ ਆਮਦਨੀ ਕੇਵਲ 74.91 ਕਰੋੜ ਰੁਪਏ ਸੀ। ਇਸ ਦਾ ਵੱਡਾ ਹਿੱਸਾ ਸ਼ਾਮਲਾਤ ਭੂਮੀਆਂ ਦੇ ਠੇਕੇ ਤੋਂ ਆਉਂਦਾ ਹੈ। ਗਰਾਮ ਪੰਚਾਇਤਾਂ ਦੁਆਰਾ ਲਗਾਏ ਜਾਣ ਵਾਲੇ ਮਕਾਨ ਕਰ ਅਤੇ ਪੰਚਾਇਤ ਸੰਮਤੀਆਂ ਦੁਆਰਾ ਲਗਾਏ ਜਾਣ ਵਾਲੇ ਆਮਦਨੀ ਕਰ ਤੋਂ ਇਲਾਵਾ 1984 ਦੇ ਐਕਟ ਵਿੱਚ ਦਿੱਤਾ ਗਿਆ ਹੋਰ ਕੋਈ ਵੀ ਕਰ ਨਾ ਲਗਾਇਆ ਜਾਂਦਾ ਹੈ ਅਤੇ ਨਾ ਹੀ ਵਸੂਲਿਆ ਜਾਂਦਾ ਹੈ। ਮਕਾਨਾਂ ਤੇ ਲਗਾਏ ਜਾਣ ਵਾਲੇ ਕਰ ਇਸ ਪ੍ਰਕਾਰ ਲਗਾਏ ਅਤੇ ਇਕੱਠੇ ਕੀਤੇ ਜਾਂਦੇ ਹਨ: ਆਮ ਵਰਗ ਦੇ ਘਰਾਂ ਤੇ 7/– ਰੁਪਏ; ਹੋਰ ਪਛੜੀਆਂ ਸ਼੍ਰੇਣੀਆਂ ਦੇ ਘਰਾਂ ਤੇ 5/– ਰੁਪਏ ਅਤੇ ਅਨੁਸੂਚਿਤ ਜਾਤੀਆਂ ਦੇ ਘਰਾਂ ਤੇ 3/– ਰੁਪਏ ਸਲਾਨਾ ਦੀ ਦਰ ਪੰਜਾਬ ਸਰਕਾਰ ਵੱਲ ਨਿਯਤ ਕੀਤੀ ਗਈ ਹੈ। ਆਮ ਜਾਤੀਆਂ ਅਤੇ ਪਛੜੀਆਂ ਜਾਤੀਆਂ ਦੇ ਮਕਾਨਾਂ ਦਾ ਕਰ ਗਰਾਮ ਪੰਚਾਇਤਾਂ ਦੁਆਰਾ ਇਕੱਠਾ ਕੀਤਾ ਜਾਂਦਾ ਹੈ; ਅਨੁਸੂਚਿਤ ਜਾਤੀਆਂ ਦੇ ਮਕਾਨਾਂ ਤੇ ਲੱਗਣ ਵਾਲਾ ਕਰ ਰਾਜ ਸਰਕਾਰ ਪੰਚਾਇਤ ਸੰਮਤੀਆਂ ਨੂੰ ਅਦਾ ਕਰਦੀ ਹੈ। ਆਬਕਾਰੀ ਕਰ ਪੰਚਾਇਤ ਸੰਮਤੀਆਂ ਦੁਆਰਾ ਇਕੱਠਾ ਕੀਤਾ ਜਾਂਦਾ ਹੈ। ਸ਼ਾਮਲਾਤ ਜਗ੍ਹਾਵਾਂ ਤੋਂ ਹੋਣ ਵਾਲੀ ਆਮਦਨੀ ਨੂੰ ਗਰਾਮ ਪੰਚਾਇਤ ਅਤੇ ਪੰਚਾਇਤ ਸੰਮਤੀ ਵਿਚਕਾਰ 80: 20 ਦੇ ਅਨੁਪਾਤ ਵਿੱਚ ਵੰਡ ਲਿਆ ਜਾਂਦਾ ਹੈ। ਜ਼ਿਲ੍ਹਾ ਪਰੀਸ਼ਦਾਂ ਨੇ ਅੱਜ ਤੱਕ ਲਗਭਗ ਕੋਈ ਕਰ ਨਹੀਂ ਲਗਾਇਆ। ਗੁਜਰਾਤ, ਮੱਧ ਪ੍ਰਦੇਸ਼, ਕਰਨਾਟਕ ਅਤੇ ਕੇਰਲ ਵਿੱਚ ਮਕਾਨਾਂ ਤੇ ਲਗਾਏ ਜਾਣ ਵਾਲੇ ਕਰ ਦੀ ਦਰ ਵੱਖ ਵੱਖ ਹੈ; ਇਹ ਘੱਟੋ ਘੱਟ 100/– ਰੁਪਏ ਤੋਂ ਲੈ ਕੇ ਵੱਧ ਤੋਂ ਵੱਧ 1000/– ਰੁਪਏ ਤੱਕ ਹੈ।

ਇਨ੍ਹਾਂ ਰਾਜਾਂ ਦੀਆਂ ਗਰਾਮ ਪੰਚਾਇਤਾਂ ਨੇ ਮਕਾਨਾਂ ਤੇ ਲਗਾਏ ਜਾਣ ਵਾਲੇ ਕਰ ਦੀ ਅਦਾਇਗੀ ਲਾਜ਼ਮੀ ਕੀਤੀ ਹੋਈ ਹੈ। ਅਨੁਸੂਚਿਤ ਜਾਤੀਆਂ ਅਤੇ ਹੋਰ ਪਛੜੀਆਂ ਜਾਤੀਆਂ ਨੂੰ ਵੀ ਉੱਥੇ ਕੋਈ ਛੋਟ ਨਹੀਂ ਹੈ। ਮਹਾਰਾਸ਼ਟਰ, ਕੇਰਲ, ਮੱਧ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦਾ ਪ੍ਰਤੀ ਵਿਅਕਤੀ ਕਰ ਕ੍ਰਮਵਾਰ 60.8, 51 .5, 33.9, 5.5 ਅਤੇ 0.53 ਰੁਪਏ ਸੀ। (ਊਮਨ, 2005)। ਭਾਰਤ ਸਰਕਾਰ ਦੇ ਦਿਹਾਤੀ ਵਿਕਾਸ ਦੇ ਮੰਤਰਾਲੇ ਨੇ ਪੰਚਾਇਤੀ ਰਾਜ ਸੰਸਥਾਵਾਂ ਦੀ ਅੰਦਰੂਨੀ ਆਮਦਨੀ ਬਾਰੇ ਹੇਠ ਲਿਖੇ ਮੁੱਦੇ ਉਠਾਏ:

(i) ਪੰਚਾਇਤੀ ਰਾਜ ਸੰਸਥਾਵਾਂ ਦੀ ਅੰਦਰੂਨੀ ਆਮਦਨੀ ਮਾੜੀ ਹੈ। ਇਹ ਉਨ੍ਹਾਂ ਦੀ ਕੁੱਲ ਆਮਦਨੀ ਦਾ ਕੇਵਲ 4.17% ਹੈ।
(ii) ਪੰਚਾਇਤੀ ਰਾਜ ਸੰਸਥਾਵਾਂ ਦੀ ਅੰਦਰੂਨੀ ਆਮਦਨੀ ਇੰਨੀ ਮਾੜੀ ਇਸ ਲਈ ਹੈ ਕਿਉਂਕਿ ਉਹ ਫੀਸਾਂ ਲੈਣ ਵਿੱਚ ਸੰਕੋਚ ਕਰਦੀਆਂ ਹਨ; ਜਦੋਂ ਇਹ ਫੀਸਾਂ ਲਈਆਂ ਵੀ ਜਾਂਦੀਆਂ ਹਨ ਤਾਂ ਇਨ੍ਹਾਂ ਦੀ ਦਰ ਬਹੁਤ ਨੀਵੀਂ ਹੈ, ਅਤੇ ਲੰਬੇ ਸਮੇਂ ਤੱਕ ਇਨ੍ਹਾਂ ਦਰ੍ਹਾਂ ਨੂੰ ਸੋਧਿਆ ਨਹੀਂ ਜਾਂਦਾ।
(iii) ਕਰ ਇਕੱਠੇ ਕਰਨ ਲਈ ਪ੍ਰਸ਼ਾਸਨ ਵੱਲੋਂ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ।

ਕਰਾਂ ਤੋਂ ਹੋਣ ਵਾਲੀ ਆਮਦਨੀ ਨਿਗੂਣੀ ਅਤੇ ਰਾਜ ਸਰਕਾਰ ਵੱਲੋਂ ਮਿਲਣ ਵਾਲੇ ਫੰਡ ਲੋੜ ਤੋਂ ਘੱਟ ਹੋਣ ਕਰਕੇ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦਾ ਆਮਦਨੀ-ਖਰਚ ਦਾ ਪਾੜਾ ਵਧ ਗਿਆ ਹੈ। ਸਾਰਣੀ-29 ਵਿੱਚ 2002-03 ਤੋਂ 2005-06 ਦੌਰਾਨ ਆਮਦਨੀ-ਖਰਚ ਦਾ ਇਹ ਪਾੜਾ ਦਿਖਾਇਆ ਗਿਆ ਹੈ।

**ਸਾਰਣੀ-29**

**2002-03 ਤੋਂ 2005-06 ਦੌਰਾਨ ਪੰਜਾਬ ਦੀਆਂ ਗਰਾਮ ਪੰਚਾਇਤਾਂ ਦੀ ਆਮਦਨੀ-ਖਰਚ ਦਾ ਅੰਤਰ (ਕਰੋੜ ਰੁਪਿਆਂ ਵਿੱਚ)**

| ਮੱਦ | 2002-03 | 2003-04 | 2004-05 | 2005-06 |
|---|---|---|---|---|
| ਸਾਰੇ ਸਰੋਤਾਂ ਤੋਂ ਆਮਦਨੀ | 195.31 | 201.07 | 206.90 | 214.82 |
| ਖਰਚ | 313.88 | 342.86 | 373.12 | 404.73 |
| ਅੰਤਰ | -118.37 | -141.79 | -166.22 | -189.91 |

**ਸਰੋਤ :** ਪੰਜਾਬ ਸਰਕਾਰ ਦੇ ਦੂਜੇ ਵਿੱਤ ਕਮਿਸ਼ਨ ਦੀ ਰਿਪੋਰਟ

ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੀ ਪ੍ਰਤੀ ਵਿਅਕਤੀ ਆਮਦਨੀ ਅਤੇ ਖਰਚ ਪ੍ਰਗਤੀਸ਼ੀਲ ਭਾਰਤੀ ਰਾਜਾਂ ਨਾਲੋਂ ਘੱਟ ਹੈ।

**ਸਾਰਣੀ-30**

**1998-99 ਦੌਰਾਨ ਚੋਣਵੇਂ ਭਾਰਤੀ ਰਾਜਾਂ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦਾ ਸਲਾਨਾ ਪ੍ਰਤੀ ਵਿਅਕਤੀ ਆਮਦਨੀ - ਖਰਚ**

| ਰਾਜ | ਪ੍ਰਤੀ ਵਿਅਕਤੀ ਆਮਦਨੀ | ਪ੍ਰਤੀ ਵਿਅਕਤੀ ਖਰਚ | ਅੰਤਰ |
|---|---|---|---|
| ਕਰਨਾਟਕ | 3225 | 2951 | 274 |
| ਕੇਰਲ | 3380 | 3406 | 26 |
| ਮੱਧ ਪ੍ਰਦੇਸ਼ | 2480 | 1998 | 487 |
| ਮਹਾਰਾਸ਼ਟਰ | 3570 | 3148 | 422 |
| **ਪੰਜਾਬ** | **1139** | **654** | **485** |

ਸਰੋਤ : Jha S., 'Strengthening Local Government, Rural Fiscal Decentralization in India 'Economic and Political Weekly', June 29, 2002.

### ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਸਥਿਤੀ

ਕਰਨਾਟਕ ਵਿੱਚ ਇੱਕ ਪਿੰਡ ਪੰਚਾਇਤ ਦੀ ਆਮਦਨੀ ਦੇ ਸਰੋਤ ਇਸ ਪ੍ਰਕਾਰ ਹਨ: (i) ਕਾਨੂੰਨੀ ਤੌਰ ਤੇ ਰਾਜ ਸਰਕਾਰ ਤੋਂ ਮਿਲਣ ਵਾਲੀ ਗਰਾਂਟ (5 ਲੱਖ ਰੁਪਏ) (ii) ਸੰਪਤੀ ਕਰ, ਜਲ ਕਰ, ਕਿੱਤਾ ਕਰ, ਮੇਲਿਆਂ ਤੇ ਪ੍ਰਦਰਸ਼ਨੀਆਂ ਤੇ ਲਗਾਇਆ ਜਾਣ ਵਾਲਾ ਕਰ। ਇਹ ਕਰ ਕੁੱਲ ਆਮਦਨੀ ਦਾ ਲਗਭਗ 17% ਹਨ।(iii) ਕੇਂਦਰੀ ਵਿੱਤ ਕਮਿਸ਼ਨ ਅਤੇ ਕੇਂਦਰੀ ਯੋਜਨਾ ਤੋਂ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ।

ਪਿੰਡ ਪੰਚਾਇਤ ਦੀ ਆਮਦਨੀ ਦੇ ਸਰੋਤਾਂ ਦੇ ਵੇਰਵੇ ਹੇਠ ਦਿੱਤੇ ਅਨੁਸਾਰ ਹਨ:

(i) ਪਿੰਡ ਪੰਚਾਇਤ ਦੁਆਰਾ ਲਗਾਏ ਜਾਣ ਵਾਲੇ ਕਰ :-

ੳ) ਸੰਪਤੀ ਕਰ

ਅ) ਜਲ ਕਰ

ੲ) ਰਾਤ ਵੇਲੇ ਰੋਸ਼ਨੀ ਦੇ ਪ੍ਰਬੰਧ ਤੇ ਕਰ

ਸ) ਵਾਹਨ ਕਰ

ਹ) ਸਫਾਈ ਕਰ

(ii) ਪਿੰਡ ਪੰਚਾਇਤ ਦੀਆਂ ਫੀਸਾਂ :-

ੳ) ਪਸ਼ੂ ਪਾਲਕਾਂ ਤੋਂ ਸਾਂਝੀ ਭੂਮੀ ਤੇ ਬਣੇ ਹੋਏ ਪਸ਼ੂਆਂ ਦੇ ਵਾੜਿਆਂ ਤੇ ਲਈ ਜਾਣ ਵਾਲੀ ਫੀਸ

ਅ) ਸਿਹਤ-ਸੰਭਾਲ ਲਈ ਵਧੀਕ ਵਸੂਲੀ

ੲ) ਗੱਡੀਆਂ ਖੜ੍ਹੀਆਂ ਕਰਨ ਤੇ ਕਰ

ਸ) ਸਮੇਂ-ਸਮੇਂ ਤੇ ਲਗਾਈ ਜਾਣ ਵਾਲੀ ਮੰਡੀ ਤੇ ਕਰ

(iii) ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਮਿਲਣ ਵਾਲੀਆਂ ਗਰਾਂਟਾਂ:

ੳ) 50% ਪਿੰਡ ਪੰਚਾਇਤ ਨੂੰ

ਅ) 25% ਤਾਲੁਕ ਪੰਚਾਇਤ ਨੂੰ

ੲ) 10% ਜ਼ਿਲ੍ਹਾ ਪੰਚਾਇਤ ਨੂੰ

ਸ) 75% District Equalization fund ਵਿੱਚੋਂ ਅਤੇ 7.5% District Gram Encouragement Fund ਵਿੱਚੋਂ ਗਰਾਂਟ

ਹ) District Equalization Fund ਵਿੱਚੋਂ ਗਰਾਂਟ

(iv) ਕੇਂਦਰ ਸਰਕਾਰ ਦੀਆਂ ਸਕੀਮਾਂ ਨੂੰ ਲਾਗੂ ਕਰਨ ਵਾਸਤੇ ਮਿਲਣ ਵਾਲੀ ਗਰਾਂਟ:

ੳ) ਜਵਾਹਰ ਰੋਜ਼ਗਾਰ ਯੋਜਨਾ ਵਾਸਤੇ ਗਰਾਂਟ

ਅ) ਇੰਦਰਾ ਆਵਾਸ ਯੋਜਨਾ ਵਾਸਤੇ ਗਰਾਂਟ

(v) ਰਾਜ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਵਾਸਤੇ ਮਿਲਣ ਵਾਲੀ ਗਰਾਂਟ:

ੳ) ਜਲ ਵਿਭਾਜਕ ਵਿਕਾਸ ਲਈ ਗਰਾਂਟ

ਅ) ਹਰੀ ਯੋਤੀ ਯੋਜਨਾ ਲਈ ਗਰਾਂਟ

ੲ) ਗੋਕਲ ਗਰਾਮ ਯੋਜਨਾ ਲਈ ਗਰਾਂਟ

ਕੇਰਲ ਵਿੱਚ ਪਿੰਡ ਪੰਚਾਇਤ ਸਥਾਨਕ ਲੋਕਾਂ ਤੇ ਕਰ ਲਗਾਉਂਦੀ ਅਤੇ ਵਸੂਲਦੀ ਹੈ ਅਤੇ ਇਸ ਤੋਂ ਹੋਣ ਵਾਲੀ ਆਮਦਨੀ ਪੰਜਾਬ ਵਿੱਚ ਹੋਣ ਵਾਲੀ ਇਸ ਤਰ੍ਹਾਂ ਦੀ ਆਮਦਨੀ ਨਾਲੋਂ ਕਿੱਤੇ ਵੱਧ ਹੈ। ਪਿੰਡ ਪੰਚਾਇਤ ਦੁਆਰਾ ਉੱਥੇ ਲਗਾਏ ਜਾਣ ਵਾਲੇ ਕਰ ਇਸ ਪ੍ਰਕਾਰ ਹਨ: ਸੰਪਤੀ ਕਰ, ਕਿੱਤਾ ਕਰ, ਮਨੋਰੰਜਨ ਕਰ, ਇਸ਼ਤਿਹਾਰਾਂ ਤੇ ਕਰ, ਸੇਵਾਵਾਂ ਤੇ ਕਰ, ਖੇਡ ਤਮਾਸ਼ੇ ਆਦਿ ਤੇ ਕਰ ਜਿਸ ਤੇ ਵਧੀਕ ਵਸੂਲੀ ਵੀ ਕੀਤੀ ਜਾਂਦੀ ਹੈ, ਭੂਮੀ ਦੇ ਉਪਯੋਗ ਵਿਚ ਪਰਿਵਰਤਨ ਕਰਨ ਤੇ ਕਰ ਜਿਸ ਤੇ ਵਧੀਕ ਵਸੂਲੀ ਵੀ ਕੀਤੀ ਜਾਂਦੀ ਹੈ। ਰਾਜ ਦੁਆਰਾ ਵਿੱਤੀ ਅਤੇ ਸਮਾਜਕ ਲੇਖਾ ਪਰੀਖਣ ਦੀ ਮਜ਼ਬੂਤ ਪ੍ਰਣਾਲੀ ਲਾਗੂ ਕੀਤੀ ਗਈ ਹੈ। ਕੇਰਲ ਵਿਚ ਸਰਕਾਰ ਯੋਜਨਾ ਅਧੀਨ ਬਣੇ ਹੋਏ ਬਜਟ ਦਾ 40% ਸਿੱਧਾ ਪਿੰਡ ਪੰਚਾਇਤਾਂ ਨੂੰ ਦਿੰਦੀ ਹੈ।

ਮੱਧ ਪ੍ਰਦੇਸ਼ ਵਿੱਚ ਹਰੇਕ ਪਿੰਡ ਨੂੰ ਆਤਮ ਨਿਰਭਰ ਬਣਾਉਣ ਦੇ ਉਦੇਸ਼ ਨਾਲ ਹਰ ਪਿੰਡ ਲਈ ਇਕ ਗਰਾਮ ਕੋਸ਼ (ਫੰਡ) ਦੀ ਵਿਵਸਥਾ ਕੀਤੀ ਗਈ ਹੈ। ਇਸ ਫੰਡ ਵਿਚ ਕਰਾਂ ਦੇ ਤੌਰ ਤੇ ਵਸੂਲ ਕੀਤੀਆਂ ਗਈਆਂ ਰਾਸ਼ੀਆਂ, ਕੇਂਦਰ ਅਤੇ ਰਾਜ ਸਰਕਾਰ ਦੀਆਂ ਗਰਾਂਟਾਂ ਅਤੇ ਜ਼ਿਲ੍ਹਾ ਪੰਚਾਇਤ ਦੁਆਰਾ ਦਿੱਤੇ ਗਏ ਫੰਡ ਹੋਣਗੇ। ਪਿੰਡ ਦੀ ਕਿਸੇ ਹੋਰ ਸਰੋਤ ਤੋਂ ਹੋਣ ਵਾਲੀ ਆਮਦਨੀ ਵੀ ਇਸੇ ਫੰਡ ਵਿੱਚ ਜਮ੍ਹਾਂ ਕਰਵਾਈ ਜਾਏਗੀ। ਗਰਾਮ ਕੋਸ਼ ਦੇ ਚਾਰ ਅੰਗ ਹੋਣਗੇ:

ੳ) ਖੁਰਾਕ ਕੋਸ਼
ਅ) ਵਸਤੂ ਕੋਸ਼
ੲ) ਕਿਰਤ ਕੋਸ਼
ਸ) ਨਕਦੀ ਕੋਸ਼

ਮੱਧ ਪ੍ਰਦੇਸ਼ ਵਿੱਚ ਪਿੰਡ ਪੰਚਾਇਤ ਦੀ ਆਮਦਨੀ ਦੇ ਸਾਧਨ ਹੇਠ ਲਿਖੇ ਅਨੁਸਾਰ ਹਨ:

ੳ) ਕਰ – ਮਕਾਨਾਂ ਤੇ ਕਰ, ਸਫਾਈ ਪ੍ਰਬੰਧ ਤੇ ਕਰ, ਰਾਤ ਵੇਲੇ ਰੋਸ਼ਨੀ ਦੇ ਪ੍ਰਬੰਧ ਤੇ ਕਰ, ਵਿਉਪਾਰ ਤੇ ਕਰ

ਅ) ਖਿਨਜ ਪਦਾਰਥਾਂ ਤੋਂ ਹੋਣ ਵਾਲੀ ਆਮਦਨੀ

ੲ) ਮੱਛੀ ਪਾਲਣ ਤੋਂ ਹੋਣ ਵਾਲੀ ਆਮਦਨੀ


ਸ) ਕੇਂਦਰ ਅਤੇ ਰਾਜ ਸਰਕਾਰ ਤੋਂ ਹੋਣ ਵਾਲੀ ਆਮਦਨੀ

ਹ) ਪਸ਼ੂਆਂ ਤੋਂ ਹੋਣ ਵਾਲੀ ਆਮਦਨੀ

**ਵਿਕੇਂਦਰੀਕਰਣ ਦੀ ਸਥਿਤੀ**

ਕਰਨਾਟਕ, ਕੇਰਲ ਅਤੇ ਮੱਧ ਪ੍ਰਦੇਸ਼ ਵਰਗੇ ਪ੍ਰਗਤੀਸ਼ੀਲ ਰਾਜਾਂ ਦੀ ਤੁਲਨਾ ਵਿੱਚ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਕਾਰਜ, ਅਮਲਾ ਅਤੇ ਫੰਡ ਸੌਂਪੇ ਜਾਣ ਦੀ ਸਥਿਤੀ ਮਾੜੀ ਹੈ। 11ਵੇਂ ਵਿੱਤ ਕਮਿਸ਼ਨ ਦੁਆਰਾ ਤਿਆਰ ਕੀਤੇ ਹੋਏ Composite Decentralization Index (ਵਿਕੇਂਦਰੀਕਰਣ ਦੇ ਸੰਯੁਕਤ ਸੂਚਕ ਅੰਕ) ਮੁਤਾਬਕ ਪੰਜਾਬ ਨੂੰ ਕੇਵਲ 2.0 ਅੰਕ ਮਿਲੇ ਹਨ ਜਦੋਂ ਕਿ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਕਰਨਾਟਕ ਨੂੰ ਕ੍ਰਮਵਾਰ 9.6, 9.1 ਅਤੇ 5.9 ਅੰਕ ਮਿਲੇ ਹਨ।

**ਗਰਾਫ–1**
**ਵਿਕੇਂਦਰੀਕਰਣ ਦਾ ਸੰਯੁਕਤ ਸੂਚਕ ਅੰਕ**
**(Composite Decentralization Index)**




ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀ ਸਥਿਤੀ ਬਾਰੇ ਉਪਰੋਕਤ ਚਰਚਾ ਤੋਂ ਹੇਠ ਲਿਖੇ ਨੁਕਤੇ ਉਭਰਦੇ ਹਨ:

(ੳ) ਪੰਚਾਇਤਾਂ ਨੂੰ ਸ਼ਕਤੀ ਸੰਪੰਨ ਬਣਾਉਣ ਲਈ ਉੱਥੇ ਰਾਜਨੀਤਕ ਇੱਛਾ ਹੈ।
(ਅ) ਪੰਚਾਇਤੀ ਰਾਜ ਸੰਸਥਾਵਾਂ ਨੂੰ ਅਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਯੋਗ ਬਣਾਉਣ ਲਈ ਜ਼ਿਆਦਾ ਸ਼ਕਤੀਆਂ ਸੌਂਪੀਆਂ ਗਈਆਂ ਹਨ।
(ੲ) ਪੰਚਾਇਤੀ ਰਾਜ ਸੰਸਥਾਵਾਂ ਅਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਉਥੇ ਸੰਸਥਾਗਤ ਤੌਰ ਤੇ ਜ਼ਿਆਦਾ ਮਜਬੂਤ ਹਨ।
(ਸ) ਉਨ੍ਹਾਂ ਨੂੰ ਉੱਥੇ ਕਰ ਲਗਾਉਣ ਦੀਆਂ ਜ਼ਿਆਦਾ ਸ਼ਕਤੀਆਂ ਦਿੱਤੀਆਂ ਗਈਆਂ ਹਨ।
(ਹ) ਕਰਾਂ ਤੋਂ ਹੋਣ ਵਾਲੀ ਉਨ੍ਹਾਂ ਦੀ ਅਪਣੀ ਆਮਦਨੀ ਉਨ੍ਹਾਂ ਨੂੰ ਅਪਣੇ ਪ੍ਰੋਗਰਾਮਾਂ ਦਾ ਫੈਸਲਾ ਕਰਨ ਅਤੇ ਉਨ੍ਹਾਂ ਤੇ ਖਰਚ ਕਰਨ ਵਿੱਚ ਬਹੁਤ ਲਾਹੇਵੰਦ ਹੈ।

ਪੰਜਾਬ ਇਨ੍ਹਾਂ ਸਭ ਗੱਲਾਂ ਤੋਂ ਸਬਕ ਸਿੱਖ ਸਕਦਾ ਹੈ ਅਤੇ ਇਸ ਨੂੰ ਅਪਣੀ ਪੰਚਾਇਤੀ ਰਾਜ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਜਿੰਨਾ ਜਲਦੀ ਹੋ ਸਕੇ ਅਮਲ ਕਰਨਾ ਚਾਹੀਦਾ ਹੈ।

**ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਸਥਾਨਕ ਸੰਸਥਾਵਾਂ ਦੀ ਸਥਿਤੀ:**

ਯੂਰਪੀ ਦੇਸ਼ਾਂ ਵਿੱਚ ਸਥਾਨਕ ਸਵੈ-ਸ਼ਾਸਨ ਜ਼ਿਆਦਾ ਆਤਮ ਨਿਰਭਰ ਹਨ ਕਿਉਂਕਿ ਉਨ੍ਹਾਂ ਦੀ ਆਮਦਨੀ ਕਾਫੀ ਜ਼ਿਆਦਾ ਹੈ। ਮਿਉਂਸਿਪਲਟੀਆਂ ਨੂੰ ਉੱਥੇ ਅਪਣਾ ਵਿੱਤੀ ਪ੍ਰਬੰਧ ਕਰਨ ਵਿੱਚ ਪੂਰੀ ਸੁਤੰਤਰਤਾ ਹਾਸਲ ਹੈ। ਉਨ੍ਹਾਂ ਦੀ ਆਮਦਨੀ ਦੇ ਮੁੱਖ ਸਾਧਨ ਨਿਮਨ ਲਿਖਤ ਅਨੁਸਾਰ ਹਨ:

(ੳ) ਕਰ
(ਅ) ਸਰਕਾਰੀ ਗਰਾਂਟਾਂ

(ੲ) ਵਸਤੂਆਂ ਅਤੇ ਸੇਵਾਵਾਂ ਦੀ ਵਿੱਕਰੀ
(ਸ) ਉਧਾਰ

ਮਿਉਂਸਿਪਲਟੀਆਂ ਦੁਆਰਾ ਲਗਾਏ ਜਾ ਰਹੇ ਵੱਖ-ਵੱਖ ਕਰ ਇਸ ਪ੍ਰਕਾਰ ਹਨ: (i) ਮਿਉਂਸਿਪਲ ਆਮਦਨੀ ਕਰ ਜੋ 18 ਤੋਂ 25% ਤੱਕ ਹੁੰਦਾ ਹੈ। (ii) ਭੂਮੀ ਆਧਾਰਤ ਸੰਪਤੀ (ਭੂਮੀ, ਇਮਾਰਤਾਂ ਆਦਿ) ਤੇ ਕਰ, ਅਤੇ (iii) ਕੰਪਨੀਆਂ ਤੇ ਲਗਾਇਆ ਜਾਣ ਵਾਲਾ ਆਮਦਨੀ ਕਰ। ਇਹ ਉਨ੍ਹਾਂ ਕੰਪਨੀਆਂ ਤੋਂ ਲਿਆ ਜਾਂਦਾ ਹੈ ਜੋ ਅਪਣਾ ਵਿਉਪਾਰ ਮਿਉਂਸਿਪਲਟੀ ਦੇ ਅਧਿਕਾਰ ਖੇਤਰ ਵਿਚ ਕਰਦੀਆਂ ਹਨ।

2005 ਦੌਰਾਨ ਫਿਨਲੈਂਡ ਦੀਆਂ ਮਿਉਂਸਿਪਲਟੀਆਂ ਦੀ ਆਮਦਨੀ ਦੇ ਸਾਧਨ ਹੇਠ ਲਿਖੇ ਅਨੁਸਾਰ ਸਨ:

| | | | |
|---|---|---|---|
| (ੳ) | ਕਰ | - | 47% |
| (ਅ) | ਸਰਕਾਰੀ ਗਰਾਂਟਾਂ | - | 17% |
| (ੲ) | ਵਸਤੂਆਂ ਅਤੇ ਸੇਵਾਵਾਂ ਦੀ ਵਿੱਕਰੀ | - | 27% |
| (ਸ) | ਉਧਾਰ | - | 6% |
| (ਹ) | ਹੋਰ ਆਮਦਨੀ | - | 3% |

ਮਿਉਂਸਿਪਲਟੀਆਂ ਦੀ ਆਮਦਨੀ ਦਾ ਸਭ ਤੋਂ ਵੱਡਾ ਸਰੋਤ ਆਮਦਨੀ ਕਰ ਹੈ। ਇਸ ਤੋਂ ਅਗਲਾ ਸਭ ਤੋਂ ਵੱਡਾ ਸਰੋਤ ਵਸਤੂਆਂ ਅਤੇ ਸੇਵਾਵਾਂ ਦੀ ਵਿੱਕਰੀ ਹੈ। ਇਸ ਵਿੱਚ ਜਿਆਦਾਤਰ ਬਾਲਵਾੜੀਆਂ ਦੀ ਫੀਸ, ਕੂੜਾ ਕਰਕਟ ਹਟਾਉਣ ਦੇ ਖਰਚੇ, ਸਾਂਝੀ ਭੂਮੀ ਦੀ ਵਿਕਰੀ ਤੋਂ ਮਿਲਣ ਵਾਲੀ ਰਾਸ਼ੀ, ਪਾਣੀ ਦੇ ਅਤੇ ਬਿਜਲੀ ਦੇ ਖਰਚੇ ਆਦਿ ਸ਼ਾਮਿਲ ਹਨ। ਸਰਕਾਰੀ ਗਰਾਂਟ ਕੁੱਲ ਆਮਦਨੀ ਦਾ ਕੇਵਲ 17% ਹੈ। ਮਿਉਂਸਿਪਲਟੀਆਂ ਬੁਨਿਆਦੀ ਸਹੂਲਤਾਂ ਦੇ ਵਿਕਾਸ ਲਈ ਵੱਖ-ਵੱਖ ਸਰੋਤਾਂ ਤੋਂ ਉਧਾਰ ਵੀ ਲੈਂਦੀਆਂ ਹਨ ਜੋ ਉਨ੍ਹਾਂ ਦੀ ਕੁੱਲ ਆਮਦਨੀ ਦਾ 6% ਹੈ। ਬਾਕੀ ਸਰੋਤਾਂ ਤੋਂ ਹੋਣ ਵਾਲੀ ਆਮਦਨੀ, ਜਿਵੇਂ ਕਿ ਬੈਂਕ ਵਿੱਚ ਜਮ੍ਹਾਂ ਰਾਸ਼ੀ ਤੇ ਮਿਲਣ ਵਾਲਾ ਵਿਆਜ, ਸ਼ੇਅਰਾਂ ਦੀ ਵਿੱਕਰੀ ਆਦਿ ਕੁਲ ਆਮਦਨੀ ਦਾ 3% ਹੈ।

ਇਟਲੀ ਨੇ 1998 ਵਿਚ 40% ਸਰਕਾਰੀ ਜ਼ਿੰਮੇਵਾਰੀਆਂ ਖੇਤਰਾਂ, ਪ੍ਰਾਂਤਾਂ ਅਤੇ ਮਿਉਂਸਿਪਲਟੀਆਂ ਨੂੰ ਸੌਂਪ ਦਿੱਤੀਆਂ ਸਨ। ਸ਼ਕਤੀਆਂ ਹੇਠਲੇ ਪੱਧਰਾਂ ਨੂੰ ਸੌਂਪੇ ਜਾਣ ਦੇ ਉਪਰਾਲੇ ਬਾਦ ਮਿਉਂਸਿਪਲਟੀਆਂ ਦੀ ਵਿੱਤੀ ਖੁਦਮੁਖਤਾਰੀ ਵਿਚ ਵਾਧਾ ਹੋਇਆ ਹੈ। ਸਥਾਨਕ ਕਰ ਹੋਰ ਮਹੱਤਵਪੂਰਣ ਹੋ ਰਹੇ ਹਨ, ਸਰਕਾਰੀ ਫੰਡਾਂ ਦੀ ਭੂਮਿਕਾ ਕੇਵਲ ਸਥਾਨਕ ਵਿੱਤ ਦੀ ਅਨੁਪੂਰਤੀ ਅਤੇ ਸਮੀਕਰਣ ਕਰਨਾ ਹੈ। ਮਿਉਂਸਿਪਲਟੀਆਂ ਨੂੰ ਅਪਣੇ ਕਰ ਲਗਾਉਣ ਵਿੱਚ ਪੂਰੀ ਖੁਦਮੁਖਤਾਰੀ ਦਿੱਤੀ ਗਈ ਹੈ। ਸੰਵਿਧਾਨ ਵਿੱਚ ਕਿਹਾ ਗਿਆ ਹੈ ਕਿ "ਵਿੱਤੀ ਵਿਵਸਥਾ ਦੇ ਸੰਬੰਧ ਵਿੱਚ, ਸੰਵਿਧਾਨ ਕਰ ਲਗਾਉਣ ਦੇ ਦੋ ਮੌਲਿਕ ਸਿਧਾਂਤ ਸਥਾਪਤ ਕਰਦਾ ਹੈ: ਹਰੇਕ ਵਿਅਕਤੀ ਨੂੰ ਅਪਣਾ ਆਮਦਨੀ ਕਰ ਦੇਣ ਦੀ ਸਮਰਥਾ ਅਨੁਸਾਰ ਸਰਕਾਰੀ ਖਰਚ ਲਈ ਯੋਗਦਾਨ ਦੇਣਾ ਪੈਣਾ ਹੈ ਅਤੇ ਕਰ ਸੰਬੰਧੀ ਮਾਮਲੇ ਕਾਨੂੰਨ ਦੁਆਰਾ ਨਿਯਮਿਤ ਕੀਤੇ ਜਾਣੇ ਜਰੂਰੀ ਹਨ।" ਮਿਉਂਸਿਪਲਟੀਆਂ ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚਿਆਂ ਦੀ ਵਸੂਲੀ ਥੋੜ੍ਹਾ-ਥੋੜ੍ਹਾ ਕਰਕੇ ਕਰਦੀਆਂ ਹਨ। ਠੋਸ ਕੂੜੇ-ਕਰਕਟ ਦੇ ਪ੍ਰਬੰਧ ਦੇ ਸੰਚਾਲਨ ਤੇ ਸਾਂਭ ਸੰਭਾਲ ਤੇ ਹੋਣ ਵਾਲੇ ਖਰਚੇ ਵੀ ਨਾਗਰਿਕਾਂ ਤੋਂ ਵਸੂਲੇ ਜਾਂਦੇ ਹਨ। ਉਪਭੋਗਤਾਵਾਂ ਤੋਂ ਵਸੂਲ ਕੀਤੇ ਜਾਣ ਵਾਲੇ ਖਰਚਿਆਂ ਨੂੰ ਮੁਦਰਾ ਸਫੀਤੀ ਨਾਲ ਜੋੜ ਕੇ ਨਿਯਮਿਤ ਤੌਰ ਤੇ ਸੋਧਿਆ ਜਾਂਦਾ ਹੈ।

ਨੀਂਦਰਲੈਂਡ ਵਿਚ ਕੇਂਦਰ ਸਰਕਾਰ ਦੇ ਬਜਟ ਦਾ ਲਗਭਗ 20% ਵਿਸ਼ੇਸ਼ ਗਰਾਂਟਾਂ ਦੇ ਤੌਰ ਤੇ ਸਿੱਧਾ ਮਿਉਂਸਿਪਲਟੀਆਂ ਨੂੰ ਜਾਂਦਾ ਹੈ। ਮਿਉਂਸਿਪਲਟੀਆਂ ਨੂੰ ਅਪਣੇ ਕਰ ਲਗਾਉਣ ਦੀ ਸੁਤੰਤਰਤਾ ਹੈ। ਸਪੇਨ ਵਿੱਚ ਮਿਉਂਸਿਪਲਟੀਆਂ ਨੂੰ ਕਰਾਂ ਤੋਂ ਹੋਣ ਵਾਲੀ ਆਮਦਨੀ ਉਨ੍ਹਾਂ ਦੀ ਕੁੱਲ ਆਮਦਨੀ ਦਾ ਲਗਭਗ 60% ਹੈ। ਕਰਮਚਾਰੀਆਂ ਦੇ ਆਮਦਨੀ ਕਰ ਤੋਂ ਇਲਾਵਾ ਮਿਉਂਸਿਪਲਟੀਆਂ ਦੇ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਦੁਆਰਾ ਦਿੱਤੇ ਜਾਣ ਵਾਲੇ ਹੋਰ ਕਰ ਨਿਮਨ ਅਨੁਸਾਰ ਹਨ:

(ੳ) ਮਕਾਨ ਕਰ

(ਅ) ਕੂੜੇ ਕਰਕਟ ਤੇ ਕਰ
(ੲ) ਵਾਹਨ ਕਰ
(ਸ) ਵਿਉਪਾਰ ਕਰ
(ਹ) ਊਰਜਾ ਕਰ
(ਕ) ਜਲ ਕਰ

ਸਥਾਨਕ ਸਵੈ-ਸ਼ਾਸਨ ਅਪਣੇ ਅਪਣੇ ਅਧਿਕਾਰ ਖੇਤਰ ਵਿੱਚ ਕਰਾਂ ਦੀ ਦਰ ਨਿਰਧਾਰਤ ਕਰਦੇ ਹਨ। ਬਰਤਾਨੀਆਂ ਵਿੱਚ ਕੌਂਸਲ ਦੁਆਰਾ ਲਗਾਏ ਜਾਣ ਵਾਲੇ ਕਰ ਅਤੇ ਕੇਂਦਰ ਸਰਕਾਰ ਤੋਂ ਮਿਲਣ ਵਾਲੀ ਰਾਸ਼ੀ ਸਥਾਨਕ ਸ਼ਾਸਨ ਦੀ ਆਮਦਨੀ ਦਾ ਮੁੱਖ ਸੋਮਾ ਹਨ। ਮਕਾਨ ਮਾਲਕ ਸੰਪਤੀ ਦੀ ਕੀਮਤ ਦੇ ਅਧਾਰ ਤੇ ਕੌਂਸਲ ਨੂੰ ਕਰ ਦਿੰਦੇ ਹਨ। ਵਿਉਪਾਰ ਕਰ ਸਰਕਾਰ ਵੱਲੋਂ ਲਿਆ ਜਾਂਦਾ ਹੈ ਅਤੇ ਇਸ ਨੂੰ ਕੇਂਦਰ ਸਰਕਾਰ ਅਤੇ ਸਥਾਨਕ ਸੰਸਥਾਵਾਂ ਵਿਚਕਾਰ ਵੰਡ ਲਿਆ ਜਾਂਦਾ ਹੈ। ਮਕਾਨਾਂ ਤੇ ਲਗਾਇਆ ਜਾਣ ਵਾਲਾ ਕਰ ਸੰਪਤੀ ਦੀ ਕੀਮਤ ਅਤੇ ਇਸ ਉਪਰ ਰਹਿ ਰਹੇ ਵਿਅਕਤੀਆਂ ਦੀ ਸੰਖਿਆ ਦੇ ਅਧਾਰ ਤੇ ਨਿਸ਼ਚਿਤ ਕੀਤਾ ਜਾਂਦਾ ਹੈ।

**ਸਿੱਟਾ :**

ਪ੍ਰਗਤੀਸ਼ੀਲ ਭਾਰਤੀ ਰਾਜਾਂ ਦੀ ਤੁਲਨਾ ਵਿੱਚ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਜਿੰਮੇਵਾਰੀਆਂ, ਅਮਲਾ ਤੇ ਫੰਡ ਸੌਂਪੇ ਜਾਣ ਦੀ ਹਾਲਤ ਬਹੁਤ ਮਾੜੀ ਹੈ। ਪੰਚਾਇਤੀ ਰਾਜ ਸੰਸਥਾਵਾਂ ਦੇ ਤਿੰਨੇ ਪੱਧਰਾਂ ਨੂੰ ਇਹ ਤਿੰਨ ਸਾਧਨ ਸੌਂਪੇ ਜਾਣ ਦੀ ਸਥਿਤੀ ਇੱਕ ਤੋਂ ਦੂਜੇ ਰਾਜ ਵਿੱਚ ਭਿੰਨ-ਭਿੰਨ ਹੈ। ਗੁਜਰਾਤ, ਕਰਨਾਟਕ, ਅਤੇ ਮਹਾਰਾਸ਼ਟਰ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੇ ਸਪੁਰਦ ਕੀਤੇ ਗਏ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਜ਼ਿਲ੍ਹਾ ਪਰੀਸ਼ਦ ਅਧੀਨ ਹਨ। ਕਿੰਤੂ ਬਲਾਕ ਅਤੇ ਪਿੰਡ ਪੱਧਰ ਦੇ ਕਰਮਚਾਰੀਆਂ ਨੂੰ ਵਿਚਕਾਰਲੇ ਅਤੇ ਪਿੰਡ ਪੱਧਰ ਦੀਆਂ ਪੰਚਾਇਤਾਂ ਅਧੀਨ ਨਹੀਂ ਕੀਤਾ ਗਿਆ। ਕਰਨਾਟਕ ਦੀਆਂ ਪਿੰਡ ਪੰਚਾਇਤਾਂ ਵਿੱਚ ਪੰਚਾਇਤ ਸਕੱਤਰ ਤੋਂ ਛੁੱਟ ਬਾਕੀ ਸਾਰੇ ਅਮਲੇ ਦੀ ਨਿਯੁਕਤੀ ਪੰਚਾਇਤ ਕਰਦੀ ਹੈ ਅਤੇ ਉਨ੍ਹਾਂ ਨੂੰ ਤਨਖਾਹ ਵੀ ਪਿੰਡ ਦੀ ਪੰਚਾਇਤ ਦੇ ਫੰਡ ਵਿੱਚੋਂ ਹੀ ਦਿੱਤੀ ਜਾਂਦੀ ਹੈ। ਗੁਜਰਾਤ ਵਿੱਚ ਕੇਵਲ ਪੰਚਾਇਤ ਸਕੱਤਰ ਪੰਚਾਇਤ ਦੇ ਕੰਮ ਦੀ ਦੇਖ-ਭਾਲ ਕਰਦੇ ਹਨ, ਹੋਰ ਵਿਭਾਗਾਂ ਦੇ ਕਰਮਚਾਰੀਆਂ ਨੂੰ ਪੰਚਾਇਤਾਂ ਸਪੁਰਦ ਨਹੀਂ ਕੀਤਾ ਗਿਆ।ਕੇਰਲ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੇ ਸਪੁਰਦ ਕੀਤੇ ਹੋਏ ਵਿਭਾਗਾਂ ਦੇ ਕਰਮਚਾਰੀਆਂ ਨੂੰ ਪਿੰਡ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਇਨ੍ਹਾਂ ਸੰਸਥਾਵਾਂ ਦੇ ਅਧੀਨ ਕਰ ਦਿੱਤਾ ਗਿਆ ਹੈ। ਮੱਧ ਪ੍ਰਦੇਸ਼ ਵਿੱਚ ਕੇਵਲ ਕੁਝ ਹੀ ਵਿਭਾਗਾਂ ਦੇ ਕਰਮਚਾਰੀਆਂ ਨੂੰ ਪਿੰਡ ਪੰਚਾਇਤਾਂ ਦੇ ਸਪੁਰਦ ਕੀਤਾ ਗਿਆ ਹੈ। ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਵਧੇਰੇ ਖੁਦਮੁਖਤਾਰੀ ਹਾਸਲ ਹੈ। ਮਿਉਂਸਿਪਲਟੀਆਂ ਦੇ ਅਮਲੇ ਦੀ ਭਰਤੀ ਮਿਉਂਸਿਪਲਟੀਆਂ ਦੁਆਰਾ ਹੀ ਕੀਤੀ ਜਾਂਦੀ ਹੈ ਨਾ ਕਿ ਪ੍ਰਾਂਤੀ ਸਰਕਾਰਾਂ ਦੁਆਰਾ। ਇਸ ਲਈ ਉਹ ਮਿਉਂਸਿਪਲਟੀਆਂ ਨੂੰ ਸੌਂਪੇ ਹੋਏ ਸਾਰੇ ਕਾਰਜਾਂ ਨੂੰ ਵਧੇਰੇ ਖੁਦਮੁਖਤਾਰੀ ਨਾਲ ਪੂਰਾ ਕਰਦੇ ਹਨ।

ਕੇਰਲ, ਕਰਨਾਟਕ ਅਤੇ ਗੁਜਰਾਤ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਵਧੇਰੇ ਵਿੱਤੀ ਖੁਦਮੁਖਤਾਰੀ ਹਾਸਲ ਹੈ। ਕੇਰਲ ਵਿੱਚ ਯੋਜਨਾ ਅਧੀਨ ਮਿਲਣ ਵਾਲੇ ਫੰਡਾਂ ਦਾ 40% ਸਿੱਧਾ ਪੰਚਾਇਤਾਂ ਨੂੰ ਜਾਂਦਾ ਹੈ। ਕਰਨਾਟਕ ਵਿੱਚ ਹਰੇਕ ਪੰਚਾਇਤ ਨੂੰ ਹਰ ਸਾਲ ਤਿੰਨ ਲੱਖ ਰੁਪਿਆ ਸਿੱਧਾ ਰਾਜ ਸਰਕਾਰ ਤੋਂ ਮਿਲਦਾ ਹੈ ਅਤੇ ਮੱਧ ਪ੍ਰਦੇਸ਼ ਵਿੱਚ ਹਰੇਕ ਪੰਚਾਇਤ ਨੂੰ ਸਰਕਾਰ ਤੋਂ ਇਕ ਲੱਖ ਰੁਪਏ ਦੀ ਸਲਾਨਾ ਗਰਾਂਟ ਮਿਲਦੀ ਹੈ। ਇਨ੍ਹਾਂ ਫੰਡਾਂ ਤੇ ਕੋਈ ਬੰਦਿਸ਼ ਨਹੀਂ ਹੁੰਦੀ ਅਤੇ ਇਹ ਪੰਚਾਇਤ ਦੇ ਹਰੇਕ ਵਾਰਡ ਦੀ ਜਰੂਰਤ ਅਨੁਸਾਰ ਖਰਚੇ ਜਾਣੇ ਹੁੰਦੇ ਹਨ। ਸਾਰੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀ ਕਰਾਂ ਤੋਂ ਹੋਣ ਵਾਲੀ ਆਮਦਨੀ ਪੰਜਾਬ ਦੀ ਤੁਲਨਾ ਵਿਚ ਕਾਫੀ ਜ਼ਿਆਦਾ ਹੈ। ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੀ ਆਮਦਨੀ ਦਾ ਮੁੱਖ ਸੋਮਾ ਸ਼ਾਮਲਾਤ ਜ਼ਮੀਨਾਂ ਹਨ। ਕਰਾਂ ਤੋਂ ਹੋਣ ਵਾਲੀ ਆਮਦਨੀ ਪੰਚਾਇਤਾਂ ਦੀ ਕੁੱਲ ਆਮਦਨੀ ਦਾ ਕੇਵਲ .56% ਹੈ। ਪਰੰਤੂ ਕੇਰਲ ਅਤੇ ਕਰਨਾਟਕ ਵਿੱਚ ਲੋਕਾਂ ਦੀ ਮੁਹਿੰਮ ਅਤੇ ਜਨ-ਸੰਚਾਰ ਦੇ ਸਾਧਨਾਂ ਦੁਆਰਾ ਲੋਕਾਂ ਨੂੰ ਕਰ ਅਦਾ ਕਰਨ ਲਈ ਪ੍ਰੇ ਰਿਤ ਕੀਤਾ ਗਿਆ ਹੈ। ਜਿਆਦਾ ਖੁਦਮੁਖਤਾਰੀ ਦੀ ਇੱਛੁਕ ਪੰਚਾਇਤ ਦੀ ਅੰਦਰੂਨੀ ਆਮਦਨੀ ਵਧੇਰੇ ਹੋਣੀ

ਚਾਹੀਦੀ ਹੈ ਅਤੇ ਇਸ ਵਿੱਚ ਕਰਾਂ ਤੋਂ ਮਿਲਣ ਵਾਲੀ ਆਮਦਨੀ ਦਾ ਹਿੱਸਾ ਵਿਸ਼ੇਸ਼ ਤੌਰ ਤੇ ਜ਼ਿਆਦਾ ਹੋਣਾ ਚਾਹੀਦਾ ਹੈ।

ਭਾਰਤੀ ਰਾਜਾਂ ਵਿੱਚ ਜ਼ਿੰਮੇਵਾਰੀਆਂ, ਅਮਲੇ ਅਤੇ ਫੰਡਾਂ ਨੂੰ ਹੇਠਲੇ ਪੱਧਰਾਂ ਦੇ ਸਪੁਰਦ ਕਰਨ ਦਾ ਕੰਮ ਹੋਰਾਂ ਰਾਜਾਂ ਦੀ ਤੁਲਨਾ ਵਿੱਚ ਕੇਰਲ ਨੇ ਜ਼ਿਆਦਾ ਹੱਦ ਤੱਕ ਪੂਰਾ ਕੀਤਾ ਹੈ। ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਇਸ ਪੱਖੋਂ ਸਕੈਂਡੀਨੇਵੀਅਨ ਦੇਸ਼ ਯੂਨੀਅਨ ਦੇ ਹੋਰ ਦੇਸ਼ਾਂ ਨਾਲੋਂ ਅੱਗੇ ਹਨ। ਕੁਲ ਮਿਲਾ ਕੇ ਜਿੰਮੇਵਾਰੀਆਂ, ਅਮਲੇ ਅਤੇ ਫੰਡਾਂ ਨੂੰ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਸਪੁਰਦ ਕਰਨ ਦੇ ਮਾਮਲੇ ਵਿੱਚ ਭਾਰਤ ਨਾਲੋਂ ਯੂਰਪ ਕਿੱਤੇ ਅੱਗੇ ਹੈ। ਦੂਜੇ ਸ਼ਬਦਾਂ ਵਿੱਚ ਯੂਰਪੀ ਯੂਨੀਅਨ ਦੇ ਦੇਸ਼ਾਂ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਮੁੱਖ ਤੌਰ ਤੇ ਸਵੈ-ਸ਼ਾਸਨ ਸੰਸਥਾਵਾਂ ਹਨ। ਭਾਰਤ ਵਿੱਚ ਕੇਰਲ ਤੋਂ ਛੁੱਟ ਬਾਕੀ ਸਾਰੇ ਰਾਜਾਂ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਫੰਡਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ ਉੱਪਰ ਅਤੇ ਜ਼ਿੰਮੇਵਾਰੀਆਂ ਅਤੇ ਅਮਲੇ ਲਈ ਰਾਜ ਸਰਕਾਰਾਂ ਉੱਪਰ ਨਿਰਭਰ ਹਨ।

ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਆਮਦਨੀ ਦੇ ਅੰਦਰੂਨੀ ਸਾਧਨ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਕੁੱਲ ਆਮਦਨੀ ਦਾ 60 ਤੋਂ 70 ਪ੍ਰਤੀਸ਼ਤ ਹਨ। ਇਸ ਕਰਕੇ ਉੱਥੋਂ ਦੀਆਂ ਮਿਉਂਸਿਪਲਟੀਆਂ ਕੇਂਦਰ ਅਤੇ ਪ੍ਰਾਂਤੀ ਸਰਕਾਰਾਂ ਤੇ ਘੱਟ ਨਿਰਭਰ ਹਨ। ਇਨ੍ਹਾਂ ਮਿਉਂਸਿਪਲਟੀਆਂ ਦੀ ਵਿੱਤੀ ਸ਼ਕਤੀ ਇਨ੍ਹਾਂ ਨੂੰ ਆਪਣੇ ਕੰਮ-ਕਾਜ ਵਿੱਚ ਜ਼ਿਆਦਾ ਖੁਦਮੁਖਤਾਰ ਬਣਨ ਵਿੱਚ ਸਹਾਈ ਹੁੰਦੀ ਹੈ।

## ਅੰਤਿਕਾ – 1

## ਗਰਾਮ ਪੰਚਾਇਤ ਨੂੰ ਵਿਭਾਗ ਅਤੇ ਸਕੀਮਾਂ ਸੌਂਪੇ ਜਾਣ ਦੇ ਵੇਰਵੇ

| ਕ੍ਰਮ ਸੰਖਿਆ | ਵਿਭਾਗ | ਸਕੀਮਾਂ | ਗ੍ਰਾਮ ਪੰਚਾਇਤ ਦੀ ਭੂਮਿਕਾ/ਜਿੰਮੇਵਾਰੀਆਂ | ਪੰਚਾਇਤ ਸੰਮਤੀਆਂ ਦੀ ਭੂਮਿਕਾ/ਜਿੰਮੇਵਾਰੀਆਂ | ਜ਼ਿਲਾ ਪਰੀਸ਼ਦ |
|---|---|---|---|---|---|
| 1. | ਸਮਾਜਕ ਸੁਰੱਖਿਆ, ਇਸਤ੍ਰੀ ਅਤੇ ਬਾਲ ਵਿਕਾਸ | 1. ਬੁਢਾਪਾ ਪੈਨਸ਼ਨ<br>2.ਬਾਲਿਕਾ ਸਮਰਿੱਧੀ ਯੋਜਨਾ<br>3.ਇਸਤ੍ਰੀਆਂ ਲਈ ਬਸ ਪਾਸ<br>4. ਕੰਨਿਆ ਜਾਗ੍ਰਤੀ ਯੋਜਨਾ<br>5. ਬੀਮਾ ਸਕੀਮ<br>6. ਜੇ. ਜੇ. ਐਕਟ ਅਤੇ ਵੀ. ਆਰ. ਸੀ. ਅਧੀਨ ਮਕਾਨ ਉਸਾਰੀ | ਲੋੜਵੰਦ ਵਿਅਕਤੀਆਂ ਦੀ ਚੋਣ | 1. ਗ੍ਰਾਮ ਪੰਚਾਇਤ ਮੰਜ਼ੂਰੀ ਲਈ ਪੰਚਾਇਤ ਸੰਮਤੀ ਪਾਸ ਬਿਨੈ-ਪੱਤਰ ਦੇਵੇਗੀ। ਜ਼ਿਲਾ ਸਮਾਜਕ ਸੁਰੱਖਿਆ ਅਫਸਰ (D.S.S.O.) ਮੰਜ਼ੂਰੀ ਦਾ ਪੱਤਰ ਜਾਰੀ ਕਰੇਗਾ<br>2. ਪੰਚਾਇਤ ਸੰਮਤੀ ਮੰਜ਼ੂਰ ਕੀਤੀ ਹੋਈ ਰਾਸ਼ੀ ਦੇਵੇਗੀ। | **1. ਬੁਢਾਪਾ ਪੈਨਸ਼ਨ**<br>(i) ਸਕੀਮ ਦੀ ਨਿਗਰਾਨੀ ਕਰਨਾ<br>(ii) ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ (DSSO) ਬਾਲ ਵਿਕਾਸ ਅਤੇ ਪ੍ਰਾਜੈਕਟ ਅਫਸਰ (CDPO) ਤੋਂ ਪ੍ਰਾਪਤ ਹੋਈ ਸੂਚੀ ਨੂੰ ਵਿਚਾਰਦਾ ਹੈ ਅਤੇ ਇਸਨੂੰ ਜ਼ਿਲਾ ਪਰੀਸ਼ਦ ਪਾਸ ਸੂਚਨਾ ਅਤੇ ਰਿਕਾਰਡ ਲਈ ਭੇਜਦਾ ਹੈ।<br>(iii) ਜ਼ਿਲ੍ਹਾ ਪਰੀਸ਼ਦ ਦੇ ਸੀ.ਈ.ਓ. ਦੀ ਮੰਜ਼ੂਰੀ ਬਾਦ ਜ਼ਿਲ੍ਹਾ ਸਮਾਜਕ ਸੁਰੱਖਿਆ ਅਫ਼ਸਰ (DSSO) ਪੰਚਾਇਤ ਸੰਮਤੀ ਨੂੰ ਚੈੱਕ ਜਾਂ ਡਰਾਫਟ ਰਾਹੀਂ ਫੰਡ ਦਿੰਦਾ ਹੈ।<br>**2. ਬਾਲਿਕਾ ਸਮਰਿੱਧੀ ਯੋਜਨਾ**<br>(i) ਸਕੀਮ ਲਾਗੂ ਕਰਨ ਦੀ ਨਿਗਰਾਨੀ ਕਰਨਾ<br>(ii) ਬਾਲ ਵਿਕਾਸ ਅਤੇ ਪ੍ਰਾਜੈਕਟ ਅਫਸਰ (CDPO) ਦੁਆਰਾ ਭੇਜੀ ਹੋਈ ਸੂਚੀ ਅਨੁਸਾਰ ਪ੍ਰੋਗਰਾਮ ਅਫਸਰ ਜ਼ਿਲਾ ਪਰੀਸ਼ਦ ਤੋਂ ਧਨ ਰਾਸ਼ੀ ਦੀ ਅਦਾਇਗੀ ਕਰਵਾਏਗਾ।<br>(iii) ਇਸ ਤਰ੍ਹਾਂ ਪ੍ਰਾਪਤ ਹੋਈ ਧਨ ਰਾਸ਼ੀ ਬਾਲ ਵਿਕਾਸ ਅਤੇ ਪ੍ਰਾਜੈਕਟ ਅਫਸਰ (CDPO) ਨੂੰ ਭੇਜੀ ਜਾਏਗੀ ਜੋ ਇਸ ਨੂੰ ਗਰਾਮ ਪੰਚਾਇਤ ਦੇ ਸਪੁਰਦ ਕਰੇਗਾ।<br>**3. ਇਸਤ੍ਰੀਆਂ ਲਈ ਬਸ ਪਾਸ**<br>(i) ਸਕੀਮ ਨੂੰ ਅਪਣੀ ਨਿਗਰਾਨੀ ਹੇਠ ਲਾਗੂ ਕਰਾਉਣਾ।<br>(ii) CDPO ਤੋਂ ਪਾਸਾਂ ਦੀ ਸੂਚੀ ਪ੍ਰਾਪਤ ਕਰਨ ਉਪਰੰਤ ਪ੍ਰੋਗਰਾਮ ਅਫ਼ਸਰ (ਪੀ.ਓ.) ਇਕ ਕਨਸੌਲੀਡੇਟਡ ਸੂਚੀ ਵਿਭਾਗ ਨੂੰ ਭੇਜੇਗਾ। ਵਿਭਾਗ ਵਿੱਤੀ ਨਿਯਮਾਂ ਅਨੁਸਾਰ |

| ਕ੍ਰਮ ਸੰਖਿਆ | ਵਿਭਾਗ | ਸਕੀਮਾਂ | ਗ੍ਰਾਮ ਪੰਚਾਇਤ ਦੀ ਭੂਮਿਕਾ/ਜ਼ਿੰਮੇਵਾਰੀਆਂ | ਪੰਚਾਇਤ ਸੰਮਤੀਆਂ ਦੀ ਭੂਮਿਕਾ/ਜ਼ਿੰਮੇਵਾਰੀਆਂ | ਜ਼ਿਲਾ ਪਰੀਸ਼ਦ |
|---|---|---|---|---|---|
| | | | | | ਪਾਸ ਜਾਰੀ ਕਰਵਾਉਣ ਲਈ ਲੁੜੀਂਦੀ ਰਾਸ਼ੀ ਪੰਜਾਬ ਰੋਡਵੇਜ਼ ਨੂੰ ਭੇਜੇਗਾ।<br>**4. ਕੰਨਿਆ ਜਾਗ੍ਰਤੀ ਯੋਜਨਾ**<br>(i) ਸਕੀਮ ਨੂੰ ਅਪਣੀ ਨਿਗਰਾਨੀ ਹੇਠ ਲਾਗੂ ਕਰਵਾਉਣਾ।<br>(ii) CDPO ਤੋਂ ਲੋੜਵੰਦਾਂ ਦੀ ਸੂਚੀ ਪ੍ਰਾਪਤ ਕਰਨ ਉਪਰੰਤ ਪ੍ਰੋਗਰਾਮ ਅਫ਼ਸਰ (PO) ਇੱਕ ਕਨਸੌਲੀਡੇਟਡ ਸੂਚੀ ਵਿਭਾਗ ਨੂੰ ਭੇਜੇਗਾ। ਵਿਭਾਗ PO ਨੂੰ ਮੈਂਬਰਸ਼ਿਪ ਕਾਰਡ ਅਤੇ ਵਜ਼ੀਫੇ ਦੀ ਰਾਸ਼ੀ ਭੇਜੇਗਾ।<br>(iii) PO ਮੈਂਬਰਸ਼ਿਪ ਕਾਰਡ ਅਤੇ ਵਜ਼ੀਫੇ ਦੀ ਰਾਸ਼ੀ ਬਲਾਕ ਵਾਰ ਬਾਲ ਵਿਕਾਸ ਅਤੇ ਪ੍ਰਾਜੈਕਟ ਅਫਸਰਾਂ ਨੂੰ ਭੇਜੇਗਾ।<br>**5. ਬੀਮਾ ਸਕੀਮ**<br>(i) ਸਕੀਮ ਨੂੰ ਅਪਣੀ ਨਿਗਰਾਨੀ ਹੇਠ ਲਾਗੂ ਕਰਵਾਉਣਾ।<br>(ii) PO ਜ਼ਿਲਾ ਪਰੀਸ਼ਦ ਤੋਂ ਸੂਚੀ ਮੰਜੂਰ ਕਰਵਾ ਕੇ LIC ਨੂੰ ਭੇਜੇਗਾ।<br>(iii) LIC ਅਪਣੀ ਪਾਲਿਸੀ ਮੁਤਾਬਕ ਉਚਿਤ ਧਨ ਰਾਸ਼ੀ PO/CDPO ਨੂੰ ਭੇਜੇਗੀ<br>**6. J.J. Act ਅਤੇ VRC ਤਹਿਤ ਮਕਾਨ ਉਸਾਰੀ**<br>(i) ਅਮਲੇ ਦੀ ਮੌਜੂਦਗੀ ਦੀ ਨਿਗਰਾਨੀ ਕਰਨਾ<br>(ii) ਘਰ ਵਿੱਚ ਰਹਿਣ ਵਾਲਿਆਂ ਦੀ ਸਫਾਈ, ਖਾਣੇ ਦੀ ਗੁਣਵੱਤਾ ਅਤੇ ਹੋਰ ਸਹੂਲਤਾਂ ਦੀ ਨਿਗਰਾਨੀ ਕਰਨਾ<br>(iii) ਘਰ ਵਿੱਚ ਰਹਿਣ ਵਾਲਿਆਂ ਨੂੰ ਡਾਕਟਰੀ ਸਹੂਲਤਾਂ ਦੇਣੀਆਂ<br>(iv) ਨਿਰੀਖਣ ਬਾਦ ਜ਼ਿਲ੍ਹਾ ਪਰੀਸ਼ਦ ਜਰੂਰੀ ਕਾਰਵਾਈ ਲਈ ਵਿਭਾਗ ਨੂੰ ਰਿਪੋਰਟ ਪੇਸ਼ ਕਰੇਗਾ। |
| 2. | ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਜਾਤੀਆਂ ਦੀ ਭਲਾਈ | 1. ਅਨੁਸੂਚਿਤ ਜਾਤੀਆਂ ਦੇ ਪ੍ਰਾਈਮਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਵਜ਼ੀਫੇ<br>2. ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਵਜ਼ੀਫੇ<br>3. ਅਨੁਸੂਚਿਤ ਜਾਤੀਆਂ/ਕਬੀਲਿਆਂ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਵਜ਼ੀਫੇ<br>4. ਪ੍ਰਾਇਮਰੀ ਤੋਂ ਮੈਟ੍ਰਿਕ ਪੱਧਰ ਤੱਕ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਮੁਫਤ ਕਿਤਾਬਾਂ | ਸਕੀਮਾਂ ਲਾਗੂ ਕਰਨ ਵਿੱਚ ਵਿਭਾਗ ਦੀ ਮਦਦ ਕਰਨਾ | 1. ਵਜ਼ੀਫੇ ਦੀ ਰਾਸ਼ੀ ਮਿਲਣ ਤੇ ਇਸਨੂੰ ਸਹੀ ਵਿਅਕਤੀ ਦੇ ਸਪੁਰਦ ਕਰਨਾ<br>2. ਵਜ਼ੀਫਿਆਂ ਦੀ ਰਾਸ਼ੀ ਦਾ ਭੁਗਤਾਨ ਕਰਨਾ<br>3. ਵਜ਼ੀਫੇ ਦੇ ਲੋੜਵੰਦਾਂ ਬਾਰੇ ਅਤੇ ਵਜ਼ੀਫਿਆਂ ਦੀ ਰਾਸ਼ੀ ਦੇ ਭੁਗਤਾਨ ਬਾਰੇ ਜ਼ਿਲਾ ਪਰੀਸ਼ਦ ਨੂੰ ਰਿਪੋਰਟ ਭੇਜਣਾ। | 1. ਸਕੀਮ ਨੂੰ ਅਪਣੀ ਨਿਗਰਾਨੀ ਹੇਠ ਲਾਗੂ ਕਰਵਾਉਣਾ।<br>2. CDPO ਦੁਆਰਾ ਭੇਜੀ ਗਈ ਸੂਚੀ ਮੁਤਾਬਕ PO ਜ਼ਿਲ੍ਹਾ ਪਰੀਸ਼ਦ ਤੋਂ ਧਨ ਰਾਸ਼ੀ ਦਾ ਭੁਗਤਾਨ ਕਰਵਾਏਗਾ।<br>3. ਇਸ ਤਰ੍ਹਾਂ ਪ੍ਰਾਪਤ ਹੋਈ ਰਾਸ਼ੀ ਗਰਾਮ ਪੰਚਾਇਤ ਨੂੰ ਅਦਾ ਕਰਨ ਲਈ CDPO ਪਾਸ ਭੇਜੀ ਜਾਏਗੀ। |

| ਕ੍ਰਮ ਸੰਖਿਆ | ਵਿਭਾਗ | ਸਕੀਮਾਂ | ਗ੍ਰਾਮ ਪੰਚਾਇਤ ਦੀ ਭੂਮਿਕਾ/ਜ਼ਿੰਮੇਵਾਰੀਆਂ | ਪੰਚਾਇਤ ਸੰਮਤੀਆਂ ਦੀ ਭੂਮਿਕਾ/ਜ਼ਿੰਮੇਵਾਰੀਆਂ | ਜ਼ਿਲਾ ਪਰੀਸ਼ਦ |
|---|---|---|---|---|---|
| | | 5. ਅਨੁਸੂਚਿਤ ਜਾਤੀਆਂ ਨੂੰ ਪਲਾਟ ਖਰੀਦਣ ਜਾਂ ਮਕਾਨ ਉਸਾਰੀ ਲਈ ਗਰਾਂਟਾਂ | | | |
| 3. | ਜਨ ਸਿਹਤ | 1. ਪਾਣੀ ਦੇ ਪੰਪ ਚਲਾਉਣ ਵਾਲੇ ਕਰਮਚਾਰੀਆਂ ਦੀ ਹਾਜ਼ਰੀ ਦੀ ਨਿਗਰਾਨੀ ਕਰਨਾ<br>2. ਉਪਭੋਗਤਾਵਾਂ ਤੋਂ ਖਰਚੇ ਵਸੂਲਣਾ<br>1. ਸਵਰਣ ਜਯੰਤੀ ਗਰਾਮ ਸਵੈ-ਰੋਜ਼ਗਾਰ ਯੋਜਨਾ<br>2. ਸੰਪੂਰਣ ਗਰਾਮੀਣ ਰੋਜ਼ਗਾਰ ਯੋਜਨਾ<br>3. ਇੰਦਰਾ ਆਵਾਸ ਯੋਜਨਾ<br>4. ਪ੍ਰਧਾਨ ਮੰਤਰੀ ਰੋਜ਼ਗਾਰ ਯੋਜਨਾ<br>5. ਰਾਜੀਵ ਗਾਂਧੀ ਦਿਹਾਤੀ ਜਨ-ਸਿਹਤ ਯੋਜਨਾ<br>6. ਏਕੀਕ੍ਰਿਤ ਦਿਹਾਤੀ ਵਿਕਾਸ ਪ੍ਰੋਗਰਾਮ (IRDP) | ਉਪਭੋਗਤਾਵਾਂ ਤੋਂ ਖਰਚੇ ਵਸੂਲਣ ਵਿੱਚ ਵਿਭਾਗੀ ਕਰਮਚਾਰੀਆਂ ਦੀ ਸਹਾਇਤਾ ਕਰਨਾ<br>1. ਲੋੜਵੰਦਾਂ ਦੀ ਪਹਿਚਾਣ ਕਰਨਾ<br>2. 10 ਲੱਖ ਤੱਕ ਦੀਆਂ ਯੋਜਨਾਵਾਂ ਲਾਗੂ ਕਰਨੀਆਂ<br>3. ਅਗੇਤ ਦੇ ਅਧਾਰ ਤੇ ਗਤੀਵਿਧੀਆਂ ਅਤੇ ਯੋਜਨਾਵਾਂ ਦੀ ਚੋਣ ਕਰਨਾ। | | |
| 4. | ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ | | | 1. ਗਰਾਮ ਸੇਵਕ/ਗਰਾਮ ਸੇਵਕਾ ਪੰਚਾਇਤ ਸੰਮਤੀ ਦੇ ਪ੍ਰਧਾਨ ਅਧੀਨ ਕੰਮ ਕਰਨਗੇ।<br>2. ਮਕਾਨ ਉਸਾਰੀ ਸਕੀਮ ਲਾਗੂ ਕਰਨਾ। ਪੰਚਾਇਤ ਸੰਮਤੀ ਲੋੜਵੰਦਾਂ ਦੀ ਪਹਿਚਾਣ ਕਰਨ ਵਿੱਚ ਗਰਾਮ ਸਭਾ ਦੀ ਸਹਾਇਤਾ ਕਰੇਗੀ। | 1. ਪਰਿਵਾਰਾਂ ਦੀ ਪਹਿਚਾਣ<br>2. ਜ਼ਿਲ੍ਹੇ ਵਿੱਚ ਮਕਾਨ ਉਸਾਰੀ ਪ੍ਰੋਗਰਾਮ ਲਾਗੂ ਕਰਨਾ।<br>3. ਘੱਟ ਲਾਗਤ ਵਾਲੇ ਮਕਾਨਾਂ ਨੂੰ ਲੋਕਪ੍ਰਿਯ ਬਣਾਉਣਾ।<br>4. ਇੰਦਰਾ ਆਵਾਸ ਯੋਜਨਾ ਜ਼ਿਲਾ ਪਰੀਸ਼ਦ ਦੁਆਰਾ ਲਾਗੂ ਕੀਤੀ ਜਾਂਦੀ ਹੈ।<br>5. ਗਰਾਮ ਸਭਾ ਦੁਆਰਾ ਸਵੈ-ਰੋਜ਼ਗਾਰ ਲਈ ਚੁਣੇ ਹੋਏ ਵਿਅਕਤੀਆਂ ਅਤੇ ਹੋਰ ਲੋੜਵੰਦਾਂ ਨੂੰ ਅੰਤਮ ਮੰਜ਼ੂਰੀ ਦੇਣਾ।<br>6.ਜ਼ਿਲ੍ਹਾ ਪਰੀਸ਼ਦ ਦੇ ਪ੍ਰਧਾਨ ਦੀ ਪ੍ਰਧਾਨਗੀ ਤਹਿਤ ਬਣਾਈ ਗਈ ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀ (DRDA) ਦੀ ਗਵਰਨਿੰਗ ਬਾਡੀ ਦੁਆਰਾ ਤਿਆਰ ਕੀਤੀ ਗਈ ਐਨੂਅਲ ਐਕਸ਼ਨ ਪਲਾਨ (Annual Action Plan) ਨੂੰ ਮੰਜ਼ੂਰ ਕਰਨਾ। |

| ਕ੍ਰਮ ਸੰਖਿਆ | ਵਿਭਾਗ | ਸਕੀਮਾਂ | ਗ੍ਰਾਮ ਪੰਚਾਇਤ ਦੀ ਭੂਮਿਕਾ/ਜ਼ਿੰਮੇਵਾਰੀਆਂ | ਪੰਚਾਇਤ ਸੰਮਤੀਆਂ ਦੀ ਭੂਮਿਕਾ/ਜ਼ਿੰਮੇਵਾਰੀਆਂ | ਜ਼ਿਲਾ ਪਰੀਸ਼ਦ |
|---|---|---|---|---|---|
| 5. | ਸਿਹਤ ਅਤੇ ਪਰਿਵਾਰ ਭਲਾਈ | ਮੁਢਲੀ ਸਿਹਤ ਸੰਭਾਲ | 1. ਜਾਗ੍ਰਤੀ ਮੁਹਿੰਮਾਂ ਵਿੱਚ ਹਿੱਸਾ ਲੈਣਾ<br>2. MCH ਸੇਵਾਵਾਂ ਦੇ ਲੋੜਵੰਦਾਂ ਦੀ ਪਛਿਹਾਣ ਕਰਨਾ<br>3. ਦਵਾਈਆਂ ਦੀ ਉਪਲਬਧਤਾ ਦਾ ਨਿਰੀਖਣ ਕਰਨਾ | 1. ਸਿਹਤ ਸੇਵਾਵਾਂ ਦੀ ਨਿਗਰਾਨੀ ਅਤੇ ਮੁਲਾਂਕਣ ਕਰਨਾ<br>2. ਜ਼ਿਲ੍ਹਾ ਪਰੀਸ਼ਦ ਦੀਆਂ ਹਦਾਇਤਾਂ ਨੂੰ ਲਾਗੂ ਕਰਨਾ<br>3. ਸਮੁਦਾ ਦਾ ਸਮਰਥਨ ਪ੍ਰਾਪਤ ਕਰਨਾ, SMO/ CMO ਨਾਲ ਮੀਟਿੰਗਾਂ ਕਰਨੀਆਂ, PAC ਦੀਆਂ ਸਿਫਾਰਿਸ਼ਾਂ ਦੀ ਸਮੀਖਿਆ ਕਰਨਾ<br>4. ਦਵਾਈਆਂ ਦੀ ਉਪਲਬਧਤਾ ਦੀ ਨਿਗਰਾਨੀ ਕਰਨਾ | 1. ਪੰਚਾਇਤ ਸੰਮਤੀ ਦੇ ਕਾਰਜਾਂ ਅਤੇ ਗਤੀਵਿਧੀਆਂ ਦੀ ਨਿਗਰਾਨੀ ਅਤੇ ਮੁਲਾਂਕਣ ਕਰਨਾ।<br>2. ਡਾਕਟਰਾਂ ਅਤੇ ਉਨ੍ਹਾਂ ਦੇ ਸਹਾਇਕ ਅਮਲੇ ਦੀ ਹਾਜ਼ਰੀ ਦੀ ਨਿਗਰਾਨੀ ਕਰਨਾ<br>3. ਕੁਆਲਟੀ ਅਸ਼ੋਰੈਂਸ ਪ੍ਰੋਗਰਾਮ (Quaility Assurance Programme) ਦੀ ਨਿਗਰਾਨੀ ਕਰਨਾ |
| 6. | ਸਕੂਲੀ ਸਿੱਖਿਆ | ਸਿੱਖਿਆ ਸੰਬੰਧੀ ਸਹੂਲਤਾਂ ਦਾ ਵਿਸਥਾਰ ਅਤੇ ਵਿਕਾਸ | 1. ਅਧਿਆਪਕਾਂ ਦੀ ਹਾਜ਼ਰੀ ਦੀ ਨਿਗਰਾਨੀ ਕਰਨਾ<br>2. ਗਰਾਮ ਸਭਾ ਵਿੱਚ ਅਧਿਆਪਕਾਂ ਦੀ ਭਾਗੀਦਾਰੀ ਯਕੀਨੀ ਬਣਾਉਣਾ | ਬਲਾਕ ਵਿੱਚ ਮੁਢਲੀ ਸਿੱਖਿਆ ਦੀ ਨਿਗਰਾਨੀ ਦੀ ਜਿੰਮੇਵਾਰੀ ਬਲਾਕ ਸਿੱਖਿਆ ਅਫਸਰ ਅਤੇ ਬਲਾਕ ਵਿਭਾਗ ਅਫਸਰ ਦੀ ਹੋਵੇਗੀ | 1. ਕਰਮਚਾਰੀਆਂ ਦੀ ਹਾਜ਼ਰੀ ਦੀ ਨਿਗਰਾਨੀ ਕਰਨਾ |

**Source :** Module on Empowerment of PRI's by the Punjab Government Department of Rural Development and Panchayati Raj Punjab, 2004.

## References

All the references (Same as mentioned in the Chapter 1: Part 1) and

Mathur, Om Prakash (ed.). 1999. India: *The Challenge or Urban Governance,* National Institute of Public Finance and Policy, New Delhi in collaboration with Centre for Urban & Country Studies, University of Toronoto, New Delhi: NIPEP.

Bagchi, Soumen and Soumyadeep Chattopahyay (2004) 'Decentralized Urban Governance in India: Implications for Financing Urban Infrastructure' EPW, Dec. 4, 2004

National Institute of Urban Affairs (2005) Impact of the Constitution (74th Amendment) Act on the Working of Urban Local Bodies, Volume, 1, Consolidated Report (Revised), New Delhi: NIUA

The Times Research Foundation. 1997 *Municipalities in India: The Devolution Paradox*. Sponsored by the Regional Urban Development Office of the United States Agency for International Development (USAID). Calcutta. TRF.

*Report of the Task Force on Urban Governance and Financing (2001): Working Group on Urban Development (including urban transport), water supply and sanitation (including low cost sanitation and solid waste management) and Urban Environment for the 10th Five Year Plan (2002-07).* New Delhi: Ministry of Urban Development and Poverty Alleviation, Government of India.

Model Muncipal Law (MML). 2003 New Delhi: Ministry of Urban Development and Poverty Alleviation (Volume 1 and II), Government of India.

Issac, Thomas, T.M. 2000. Campaign for Democratic Decentralization in Kerala: An Assessment from the perspective of Empowered Deliberative Democracy, Centre for Development Studies and Kerala State Planning Board.

# ਅਧਿਆਇ-3

## ਭਾਗ ਪਹਿਲਾ

## ਵਿਕੇਂਦਰੀਕ੍ਰਿਤ ਯੋਜਨਾਬੰਦੀ, ਲੋਕਾਂ ਦੀ ਭਾਗੀਦਾਰੀ ਅਤੇ ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ

ਇਸ ਅਧਿਆਇ ਦਾ ਮੁੱਖ ਉਦੇਸ਼ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੇ ਮਹੱਤਵ ਅਤੇ ਪ੍ਰਕਿਰਿਆ ਦਾ ਵਰਣਨ ਕਰਨਾ, ਲੋਕਾਂ ਦੀ ਭਾਗੀਦਾਰੀ ਦੇ ਮਹੱਤਵ ਨੂੰ ਦਰਸਾਉਣਾ ਅਤੇ ਪ੍ਰਬੰਧ ਦੀਆਂ ਅਤਿ ਮਹੱਤਵਪੂਰਣ ਪ੍ਰਣਾਲੀਆਂ ਤੇ ਧਿਆਨ ਕੇਂਦਰਤ ਕਰਨਾ ਹੈ। ਕਿਉਂਕਿ ਪੰਜਾਬ ਦੇ ਸਥਾਨਕ ਸਵੈ-ਸ਼ਾਸਨ ਵਿੱਚ ਇਨ੍ਹਾਂ ਪੱਖਾਂ ਤੋਂ ਭਾਰੀ ਕਮੀਆਂ ਹਨ, ਇਸ ਲਈ ਵਿਕੇਂਦਰੀਕ੍ਰਿਤ ਯੋਜਨਾਬੰਦੀ, ਲੋਕਾਂ ਦੀ ਭਾਗੀਦਾਰੀ ਅਤੇ ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ ਦੇ ਪ੍ਰਯੋਗ ਨੂੰ ਉਤਸ਼ਾਹਤ ਕਰਨ ਦੀਆਂ ਬਦਲਵੀਆਂ ਰਣਨੀਤੀਆਂ ਦਾ ਸੁਝਾਅ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ ਕੇਰਲ ਵਰਗੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਚੁਣੇ ਹੋਏ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਪ੍ਰਚੱਲਤ ਹਨ ਜਿਨ੍ਹਾਂ ਦਾ ਦੌਰਾ ਏਸ ਪ੍ਰਾਜੈਕਟ ਦੇ ਤਹਿਤ ਕੀਤਾ ਗਿਆ। ਉਮੀਦ ਕੀਤੀ ਜਾਂਦੀ ਹੈ ਇਸ ਨਾਲ ਪੰਜਾਬ ਦੀਆਂ ਸਵੈ-ਸ਼ਾਸਨ ਸੰਸਥਾਵਾਂ ਦੀ ਸਮੱਰਥਾ ਨੂੰ ਸੁਧਾਰਣ ਅਤੇ ਮਜਬੂਤ ਕਰਨ ਵਿੱਚ ਮਦਦ ਮਿਲੇਗੀ ਤਾਂ ਕਿ ਇਹ ਰਾਜ ਤੇਜੀ ਨਾਲ ਹੋ ਰਹੇ ਸ਼ਹਿਰੀਕਰਣ ਨਾਲ ਪੈਦਾ ਹੋਈਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਅਤੇ ਅੰਤ ਵਿੱਚ ਸੰਵਿਧਾਨਕ ਸੋਧ ਐਕਟ ਦੇ ਉਦੇਸ਼ਾਂ ਦੀ ਪ੍ਰਾਪਤੀ ਦੇ ਯੋਗ ਹੋ ਜਾਵੇ।

ਇਸ ਅਧਿਆਇ ਦੇ ਕੇਂਦਰੀ ਵਿਸ਼ੇ ਇਸ ਪ੍ਰਕਾਰ ਹੋਣਗੇ :

(1) ਵਿਕੇਂਦਰੀਕ੍ਰਿਤ ਸ਼ਹਿਰੀ ਯੋਜਨਾਬੰਦੀ ਅਤੇ ਲੋਕਾਂ ਦੀ ਭਾਗੀਦਾਰੀ

(2) ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ

- (i) ਵਿਸਤ੍ਰਿਤ ਭਾਗੀਦਾਰੀਆਂ/ਸਥਾਨਕ ਵਿਕਾਸ ਬਾਰੇ ਸਮਝੌਤੇ, ਸੰਯੁਕਤ ਮਿਉਂਸਿਪਲ ਪ੍ਰਬੰਧ ਅਤੇਬੋਰਡ/ ਇਕਰਾਰਨਾਮੇ ਅਤੇ ਅਸਥਾਈ ਸੰਘ
- (ii) ਮਿਉਂਸਿਪਲ ਸੇਵਾਵਾਂ ਦੀ ਜਿੰਮੇਵਾਰੀ ਨਿੱਜੀ ਖੇਤਰ ਨੂੰ ਸੌਂਪਣਾ
- (iii) ਕੂੜੇ-ਕਰਕਟ ਦੇ ਵਿਗਿਆਨਕ ਪ੍ਰਬੰਧ ਰਾਹੀਂ ਪਰਿਆਵਰਣ ਦਾ ਸੁਧਾਰ
- (iv) ਸਿਟੀਜ਼ਨ ਸਿਵਿਕ ਸੈਂਟਰ, ਸਿੰਗਲ ਵਿੰਡੋ ਸਿਸਟਮ ਅਤੇ ਨਾਗਰਿਕਾਂ ਦਾ ਅਧਿਕਾਰ ਪੱਤਰ
- (v) ਕੰਪਿਊਟਰ ਦੀ ਮਦਦ ਨਾਲ ਸਲਾਨਾ ਰਿਪੋਰਟਾਂ ਅਤੇ ਵਿਜ਼ਨ ਦਸਤਾਵੇਜ ਤਿਆਰ ਕਰਨਾ
- (vi) ਸੰਪਤੀ ਪ੍ਰਬੰਧ
- (vii) ਸ਼ਿਕਾਇਤਾਂ ਦਾ ਨਿਰੀਖਣ, ਨਿਵਾਰਣ ਅਤੇ ਲੋਕਪਾਲ
- (viii) ਕਾਰਜ ਪੂਰਤੀ ਦਾ ਮੁਲਾਂਕਣ

**ਸੰਦਰਭ :**

ਸ਼ਹਿਰੀ ਸ਼ਾਸਨ ਵਿੱਚ ਯੋਜਨਾਬੰਦੀ ਅਤੇ ਲੋਕਾਂ ਦੀ ਭਾਗੀਦਾਰੀ ਦੇ ਸੰਕਲਪ ਬਾਰੇ ਇੱਕ ਲੰਬੇ ਸਮੇਂ ਤੋਂ ਵੱਖ-ਵੱਖ ਪਰਿਪੇਖਾਂ ਤੋਂ ਚਰਚਾ ਹੁੰਦੀ ਰਹੀ ਹੈ। ਸ਼ਹਿਰੀ ਅਬਾਦੀ ਵਿੱਚ ਹੋ ਰਹੇ ਅਸਾਧਾਰਣ ਵਾਧੇ ਕਰਕੇ ਅਜਿਹੇ ਸੰਕਲਪ ਭਾਰਤ ਵਿੱਚ ਬਹੁਤ ਮਹੱਤਵਪੂਰਣ ਹੋ ਚੁੱਕੇ ਹਨ। ਇਸ ਦੇਸ਼ ਦੇ ਸ਼ਹਿਰੀ ਸ਼ਾਸਨ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਲੋਕਾਂ ਦੀ ਭਾਗੀਦਾਰੀ ਦੀ ਗਤੀ ਬਹੁਤ ਮੱਧਮ ਰਹੀ ਹੈ। ਸ਼ਹਿਰੀ ਪ੍ਰਬੰਧ ਕਮਜੋਰ ਅਤੇ ਖੰਡਤ ਹੈ। ਸੰਵਿਧਾਨ ਦੀ 74ਵੀਂ ਸੋਧ ਅਤੇ ਰਾਜਾਂ ਦੁਆਰਾ ਇਸ ਦੇ ਅਨੁਰੂਪ ਕਾਨੂੰਨ ਬਣਾਏ ਜਾਣ ਬਾਦ ਸ਼ਹਿਰੀ ਯੋਜਨਾਬੰਦੀ ਅਤੇ

ਸ਼ਾਸਨ ਦੇ ਇਨ੍ਹਾਂ ਅਹਿਮ ਪੱਖਾਂ ਪ੍ਰਤੀ ਰਵੱਈਆ ਬੇਸ਼ਕ ਹੌਲੀ ਹੌਲੀ ਬਦਲ ਰਿਹਾ ਹੈ। ਕਈ ਰਾਜਾਂ ਨੇ ਵਾਰਡ ਸਭਾਵਾਂ, ਵਾਰਡ ਕਮੇਟੀਆਂ ਅਤੇ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਣਾਉਣ ਦਾ ਉਪਰਾਲਾ ਕੀਤਾ ਹੈ ਜਿਸ ਨਾਲ ਸ਼ਹਿਰੀ ਯੋਜਨਾਬੰਦੀ ਅਤੇ ਸ਼ਾਸਨ ਵਿੱਚ ਪਰੀਵਰਤਨ ਆਇਆ ਹੈ। ਪ੍ਰਗਤੀਸ਼ੀਲ ਭਾਰਤੀ ਰਾਜਾਂ ਨੇ ਸਥਾਨਕ ਸਮੁਦਾਵਾਂ ਨੂੰ ਸ਼ਹਿਰੀ ਯੋਜਨਾਬੰਦੀ ਅਤੇ ਸ਼ਾਸਨ ਵਿੱਚ ਅਹਿਮ ਭੂਮਿਕਾ ਨਿਭਾਉਣ ਲਈ ਇੱਕ ਮੰਚ ਮੁਹੱਈਆ ਕਰਵਾਇਆ ਹੈ। ਯੂਰਪੀ ਦੇਸ਼ ਸਥਾਨਕ ਮਾਮਲਿਆਂ ਦੇ ਪ੍ਰਬੰਧ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਸਥਾਨਕ ਲੋਕਾਂ ਨੂੰ ਵਧੇਰੇ ਭਾਗੀਦਾਰੀ ਲਈ ਉਤਸ਼ਾਹਤ ਕਰਨ ਦੀਆਂ ਨੀਤੀਆਂ ਅਪਣਾ ਰਹੇ ਹਨ।

ਭਾਰਤ ਦੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਵਿੱਚ ਪ੍ਰਚੱਲਤ ਸ਼ਹਿਰੀ ਪ੍ਰਬੰਧ ਦੀ ਪ੍ਰਣਾਲੀ ਵਿੱਚ ਹਾਲੇ ਬਹੁਤ ਕੁੱਝ ਕਰਨਾ ਬਾਕੀ ਹੈ। ਇਸ ਸੰਬੰਧ ਵਿੱਚ ਪੰਜਾਬ ਵੀ ਕੋਈ ਅਪਵਾਦ ਨਹੀਂ, ਬਲਕਿ ਸ਼ਹਿਰੀ ਪ੍ਰਬੰਧ ਦੀ ਪ੍ਰਣਾਲੀ ਦੇ ਸੁਧਾਰ ਕਰਨ ਵਿੱਚ ਇਹ ਬਹੁਤ ਢਿੱਲਾ ਰਿਹਾ ਹੈ। ਕੁੱਝ ਪ੍ਰਗਤੀਸ਼ੀਲ ਭਾਰਤੀ ਰਾਜਾਂ ਨੇ ਸ਼ਹਿਰੀ ਸ਼ਾਸਨ ਦੇ ਸੁਧਾਰ ਲਈ ਕਈ ਕਦਮ ਚੁੱਕੇ ਹਨ। ਇਸੇ ਤਰ੍ਹਾਂ ਯੂਰਪੀ ਦੇਸ਼ਾਂ ਵਿੱਚ, ਜਿਨ੍ਹਾਂ ਦਾ ਦੌਰਾ ਇਸ ਅਧਿਐਨ ਹਿੱਤ ਕੀਤਾ ਗਿਆ ਸੀ, ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਸ਼ਹਿਰੀ ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ ਦੀ ਸ਼ਾਨਦਾਰ ਮਿਸਾਲ ਹਨ। ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਉਪਰੋਕਤ ਯੂਰਪੀ ਦੇਸ਼ਾਂ ਵਿੱਚ ਪ੍ਰਚੱਲਤ ਵਿਕੇਂਦਰੀਕ੍ਰਿਤ ਸ਼ਹਿਰੀ ਯੋਜਨਾਬੰਦੀ, ਸ਼ਾਸਨ ਵਿੱਚ ਲੋਕਾਂ ਦੀ ਭਾਗੀਦਾਰੀ ਅਤੇ ਸ਼ਹਿਰੀ ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ ਦੇ ਕੁੱਝ ਮਹੱਤਵਪੂਰਣ ਪੱਖਾਂ ਤੇ ਪ੍ਰਕਾਸ਼ ਪਾਉਣਾ ਹੀ ਇਸ ਅਧਿਆਇ ਦੀ ਕੋਸ਼ਿਸ਼ ਹੈ।

### 1. ਵਿਕੇਂਦਰੀਕ੍ਰਿਤ ਸ਼ਹਿਰੀ ਯੋਜਨਾਬੰਦੀ ਅਤੇ ਲੋਕਾਂ ਦੀ ਭਾਗੀਦਾਰੀ :

ਵਿਕੇਂਦਰੀਕ੍ਰਿਤ ਸ਼ਹਿਰੀ ਯੋਜਨਾਬੰਦੀ ਅਤੇ ਲੋਕਾਂ ਦੀ ਭਾਗੀਦਾਰੀ ਦੀਆਂ ਪ੍ਰਕਿਰਿਆਵਾਂ ਪੰਜਾਬ ਵਿੱਚ ਵਿਕਸਤ ਨਹੀਂ ਹੋਈਆਂ। ਸ਼ਹਿਰੀ ਖੇਤਰਾਂ ਦੀ ਯੋਜਨਾਬੰਦੀ ਅਤੇ ਵਿਕਾਸ ਵਿੱਚ ਟਾਊਨ ਐਂਡ ਕੰਟਰੀ ਪਲੈਨਿੰਗ ਵਿਭਾਗ ਅਤੇ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ ਲੱਗੇ ਹੋਏ ਹਨ। ਇਸ ਮਹੱਤਵਪੂਰਣ ਕਾਰਜ ਵਿੱਚ ਨਗਰ ਪਾਲਕਾਵਾਂ ਦੀ ਭੂਮਿਕਾ ਜਿਆਦਾ ਨਹੀਂ ਰਹੀ ਹੈ। ਸ਼ਹਿਰੀ ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਲੋਕਾਂ ਦੀ ਭਾਗੀਦਾਰੀ ਨੂੰ ਲਾਂਭੇ ਰੱਖਿਆ ਗਿਆ ਹੈ। ਸ਼ਹਿਰੀ ਵਿਕਾਸ ਦੀ ਏਕੀਕ੍ਰਿਤ ਯੋਜਨਾਬੰਦੀ ਵਿੱਚ ਸਥਾਨਕ ਸੰਸਥਾਵਾਂ ਦੀ ਹੋ ਰਹੀ ਅਣਗਹਿਲੀ ਨੂੰ ਦੇਖਦੇ ਹੋਏ ਸੰਵਿਧਾਨਕ ਸੋਧ ਵਿੱਚ ਹੋਰ ਕਈ ਗੱਲਾਂ ਸਮੇਤ ਕਾਰਜਾਂ ਦੇ ਵਿਕੇਂਦਰੀਕਰਣ ਨੂੰ ਵੀ ਇੱਕ ਲਾਜ਼ਮੀ ਵਿਸ਼ੇ ਦੇ ਤੌਰ ਤੇ ਸ਼ਾਮਿਲ ਕੀਤਾ ਗਿਆ ਤਾਂ ਕਿ ਸ਼ਹਿਰੀ ਸੰਸਥਾਵਾਂ ਅਜੋਕੀ ਸ਼ਹਿਰੀ ਸਥਿਤੀ ਅਤੇ ਵਸੀਲਿਆਂ ਦੀ ਸਾਂਝੀ ਤੌਰ ਤੇ ਹੋ ਸਕਣ ਵਾਲੀ ਵਰਤੋਂ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਅਪਣੀਆਂ ਜਿੰਮੇਵਾਰੀਆਂ ਪ੍ਰਭਾਵਸ਼ਾਲੀ ਢੰਗ ਨਾਲ ਨਿਭਾ ਸਕਣ। ਪਰੰਤੂ ਸੰਵਿਧਾਨਕ ਸੋਧ ਦੇ ਇਹ ਉਦੇਸ਼ ਹਾਲੇ ਵੀ ਕੇਵਲ ਸੁਪਨੇ ਹਨ ਕਿਉਂਕਿ ਪੰਜਾਬ ਦਾ ਸ਼ਹਿਰੀ ਸ਼ਾਸਨ ਇੱਕ ਚੁਰਾਹੇ ਤੇ ਖੜ੍ਹਾ ਹੈ। ਯੋਜਨਾਬੰਦੀ ਅਤੇ ਸ਼ਾਸਨ ਵਿੱਚ ਵਿਕੇਂਦਰੀਕਰਣ ਅਤੇ ਲੋਕਾਂ ਦੀ ਭਾਗੀਦਾਰੀ ਨੂੰ ਕੇਵਲ ਕਾਨੂੰਨੀ ਅਤੇ ਕਾਰਵਾਈ ਸੰਬੰਧੀ ਸ਼ਰਤਾਂ ਪੂਰੀਆਂ ਕਰਨ ਲਈ ਸ਼ਾਮਿਲ ਕੀਤਾ ਗਿਆ ਹੈ। ਵਾਸਤਵ ਵਿੱਚ ਵਿਕੇਂਦਰੀਕ੍ਰਿਤ ਸ਼ਹਿਰੀ ਯੋਜਨਾਬੰਦੀ ਅਤੇ ਭਾਗੀਦਾਰੀ ਆਧਾਰਤ ਸ਼ਹਿਰੀ ਸ਼ਾਸਨ ਦੀਆਂ ਪ੍ਰਕਿਰਿਆਵਾਂ ਨੂੰ ਮਜਬੂਤ ਬਣਾਉਣ ਲਈ ਕੋਈ ਗੰਭੀਰ ਜਤਨ ਨਹੀਂ ਕੀਤੇ ਗਏ।

ਸ਼ਹਿਰ ਪਹਿਲਾਂ ਹੀ ਆਰਥਕ, ਸਮਾਜਕ, ਰਾਜਨੀਤਕ ਅਤੇ ਪਰਿਆਵਰਣ ਸੰਬੰਧੀ ਪਰੀਵਰਤਨਾਂ ਦੇ ਕੇਂਦਰ ਬਣ ਚੁੱਕੇ ਹਨ। ਭਵਿੱਖ ਦੀ ਵੱਡੀ ਚੁਣੌਤੀ ਸ਼ਹਿਰਾਂ ਨੂੰ ਹੋਰ ਸੁਰੱਖਿਅਤ, ਸਿਹਤਮੰਦ, ਮਾਨਵ ਹਿਤੈਸ਼ੀ ਅਤੇ ਨਿਰੰਤਰ ਵਿਕਸਤ ਕੀਤੇ ਜਾਣ ਯੋਗ ਬਣਾਉਣਾ ਹੈ। ਸ਼ਹਿਰਾਂ ਨੂੰ ਲੋਕਤੰਤਰੀਕਰਣ, ਰਾਜਨੀਤਕ ਭਾਗੀਦਾਰੀ, ਲਿੰਗ ਦੀ ਬਰਾਬਰੀ ਅਤੇ ਵਸਨੀਕਾਂ ਦੀ ਮੁਕੰਮਲ ਆਪਸੀ ਭਾਗੀਦਾਰੀ ਦੀ ਪ੍ਰਾਪਤੀ ਵਾਸਤੇ ਵਿਧੀਆਂ ਦਾ ਵਿਕਾਸ ਕਰਨਾ ਪਵੇਗਾ (Gill, 2003)। ਸ਼ਹਿਰ ਉਤਪਾਦਨ, ਵਿਉਪਾਰ, ਵਿੱਤ, ਸੱਭਿਆਚਾਰ ਅਤੇ ਸੂਚਨਾ ਦੇ ਕੇਂਦਰ ਹੋਣ ਤੋਂ ਇਲਾਵਾ ਨਵੀਆਂ ਕਾਢਾਂ ਅਤੇ ਵਿਚਾਰਾਂ ਦੇ ਵੀ ਜਨਮਦਾਤਾ ਹੋਣਗੇ। ਇਸ ਦਾ ਅਰਥ ਇਹ ਹੈ ਕਿ ਸ਼ਹਿਰਾਂ ਦੀ ਯੋਜਨਾਬੰਦੀ ਸਹੀ ਢੰਗ ਨਾਲ ਹੋਣੀ ਚਾਹੀਦੀ ਹੈ ਅਤੇ ਇਸ ਤੋਂ ਵੀ ਜ਼ਰੂਰੀ ਇਹ ਹੈ ਕਿ ਉਨ੍ਹਾਂ ਦਾ ਸ਼ਾਸਨ ਉਚਿਤ ਢੰਗ ਨਾਲ ਚੱਲਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦਾ ਅਪਣੇ ਪ੍ਰਕਿਰਤਕ ਚੌਗਿਰਦੇ ਨਾਲ ਤਾਲ-ਮੇਲ ਹੋਵੇ। ਇਸ ਤਰ੍ਹਾਂ ਉਹ ਅਪਣੇ ਵਸਨੀਕਾਂ, ਖਾਸ ਕਰਕੇ ਸਮਾਜ ਦੇ ਗਰੀਬ ਵਰਗਾਂ ਨੂੰ ਰਹਿਣ ਅਤੇ ਕੰਮ ਕਰਨ ਲਈ ਸਿਹਤਮੰਦ ਅਤੇ

ਸੁਖਾਵਾਂ ਮਹੌਲ ਮੁਹੱਈਆਂ ਕਰਵਾ ਸਕਣਗੇ (Ramchandran, 2003)। 74ਵੀਂ ਸੰਵਿਧਾਨਕ ਸੋਧ ਵਿੱਚ ਨਗਰ ਪਾਲਕਾਵਾਂ ਨੂੰ ਸ਼ਹਿਰੀ ਯੋਜਨਾਬੰਦੀ ਦੀ ਜਿੰਮੇਵਾਰੀ ਦੇਣਾ ਜਾਇਜ ਠਹਿਰਾਇਆ ਗਿਆ ਹੈ। ਇਸ ਸੋਧ ਵਿੱਚ ਜ਼ਿਲ੍ਹਾ ਵਿਕਾਸ ਯੋਜਨਾਵਾਂ ਬਣਾਉਣ ਲਈ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਅਤੇ ਗਰੀਬ ਲੋਕਾਂ ਸਮੇਤ ਸਥਾਨਕ ਲੋਕਾਂ ਦੀ ਭਾਗੀਦਾਰੀ ਨਾਲ ਵਾਰਡ ਵਿਕਾਸ ਯੋਜਨਾਵਾਂ ਬਨਾਉਣ ਵਾਸਤੇ ਵਾਰਡ ਕਮੇਟੀਆਂ ਦਾ ਗਠਨ ਕਰਨ ਦੀ ਅਵੱਸ਼ਕਤਾ ਤੇ ਜੋਰ ਦਿੱਤਾ ਗਿਆ ਹੈ। ਪਾਲਿਸੀ ਦੇ ਪੱਧਰ ਤੇ ਕੀਤੇ ਗਏ ਇਨ੍ਹਾਂ ਉਪਰਾਲਿਆਂ ਦਾ ਮੁੱਖ ਉਦੇਸ਼ ਸ਼ਹਿਰਾਂ ਦੇ ਵਿਸਥਾਰ ਅਤੇ ਉਨ੍ਹਾਂ ਦੇ ਖੰਡਾਂ ਦਾ ਧਿਆਨ ਰੱਖਦੇ ਹੋਏ ਉਨ੍ਹਾਂ ਦੀ ਵਿਸਤ੍ਰਿਤ ਯੋਜਨਾਬੰਦੀ ਹੈ, ਪਰ ਅਜੇ ਤੱਕ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ।

ਸ਼ਹਿਰਾਂ ਅਤੇ ਕਸਬਿਆਂ ਦੀ ਯੋਜਨਾਬੰਦੀ ਦਾ ਕਾਰਜ ਨਗਰ ਪਾਲਕਾਵਾਂ ਦੁਆਰਾ ਨਹੀਂ ਕੀਤਾ ਜਾ ਰਿਹਾ, ਜਿਵੇਂ ਕਿ ਸੰਵਿਧਾਨਕ ਸੋਧ ਵਿੱਚ ਆਦੇਸ਼ ਦਿੱਤਾ ਗਿਆ ਹੈ, ਬਲਕਿ ਇਸ ਨੂੰ ਟਾਊਨ ਐਂਡ ਕੰਟਰੀ ਪਲਾਨਿੰਗ ਵਿਭਾਗ ਅਤੇ ਅਰਬਨ ਡਿਵੈਲਪਮੈਂਟ ਏਜੰਸੀਆਂ ਥੋੜ੍ਹਾ ਥੋੜ੍ਹਾ ਕਰਕੇ ਕਰ ਰਹੀਆਂ ਹਨ। ਸੰਵਿਧਾਨਕ ਸੋਧ ਪਾਸ ਹੋਣ ਦੇ 12 ਸਾਲ ਬਾਦ ਵੀ ਇਹ ਕਾਰਜ ਨਗਰ ਪਾਲਕਾਵਾਂ ਨੂੰ ਨਹੀਂ ਸੌਂਪਿਆ ਗਿਆ ਜਿਹੜੀਆਂ ਕਿ ਸਥਾਨਕ ਲੋਕਾਂ ਦੇ ਸਭ ਤੋਂ ਨੇੜੇ ਸਮਝੀਆਂ ਜਾਣ ਵਾਲੀਆਂ ਸੰਸਥਾਵਾਂ ਹਨ। ਸ਼ਹਿਰੀ ਯੋਜਨਾਬੰਦੀ ਏਕੀਕ੍ਰਿਤ ਪ੍ਰਕਿਰਤੀ ਦਾ ਕਾਰਜ ਹੈ ਅਤੇ ਇਸ ਵਿੱਚ ਰਚਨਾਤਮਕ ਤਾਲ-ਮੇਲ ਅਤੇ ਸਥਾਨਕ ਲੋਕਾਂ ਦੀ ਭਾਗੀਦਾਰੀ ਤੋਂ ਬਿਨਾਂ ਬਹੁਤ ਸਾਰੀਆਂ ਏਜੰਸੀਆਂ ਅਤੇ ਵਿਭਾਗਾਂ ਨੂੰ ਸ਼ਾਮਿਲ ਕਰਨ ਨਾਲ ਕਾਰਜ ਕੁਸ਼ਲਤਾ ਘੱਟ ਅਤੇ ਘੜਮੱਸ ਜਿਆਦਾ ਪੈਦਾ ਹੋ ਰਿਹਾ ਹੈ। ਸ਼ਹਿਰੀ ਯੋਜਨਾਬੰਦੀ ਦੀਆਂ ਵਿਧੀਆਂ ਅਤੇ ਪ੍ਰਣਾਲੀਆਂ ਵਿੱਚ ਕੋਈ ਲਚਕ ਨਹੀਂ ਅਤੇ ਨਾ ਹੀ ਉਨ੍ਹਾਂ ਵਿੱਚ ਕੋਈ ਸਹੀ ਪਰਿਪੇਖ ਜਾਂ ਦੂਰ ਦ੍ਰਿਸ਼ਟੀ ਹੀ ਹੈ। ਪੰਜਾਬ ਸਰਕਾਰ ਨੇ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ, ਮਹਾਂਨਗਰੀ ਯੋਜਨਾਬੰਦੀ ਕਮੇਟੀਆਂ ਅਤੇ ਵਾਰਡ ਕਮੇਟੀਆਂ ਬਣਾਉਣ ਵਿੱਚ ਬੜੀ ਉਦਾਸੀਨਤਾ ਦਿਖਾਈ ਹੈ। ਨਤੀਜੇ ਵਜੋਂ ਨੀਤੀਆਂ, ਪਰਿਪੇਖ ਯੋਜਨਾਵਾਂ ਅਤੇ ਵਿਕਾਸ ਯੋਜਨਾਵਾਂ ਸਥਾਨਕ ਲੋਕਾਂ ਦੀ ਵਾਸਤਵਿਕ ਭਾਗੀਦਾਰੀ ਨਾਲ ਨਹੀਂ ਤਿਆਰ ਕੀਤੀਆਂ ਜਾਂਦੀਆਂ ਹਾਲਾਂਕਿ ਨਿਰੰਤਰ ਚਲਦੇ ਰਹਿ ਸਕਣ ਵਾਲੇ ਵਿਕਾਸ ਲਈ ਅਜਿਹਾ ਬਹੁਤ ਜ਼ਰੂਰੀ ਹੈ।

ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚੋਂ ਕੇਰਲ ਵਿਕੇਂਦਰੀਕ੍ਰਿਤ ਸ਼ਹਿਰੀ ਯੋਜਨਾਬੰਦੀ ਅਤੇ ਲੋਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਵਿੱਚ ਇੱਕ ਆਦਰਸ਼ ਰਾਜ ਦੇ ਤੌਰ ਤੇ ਉਭਰਿਆ ਹੈ। ਇਸ ਨੇ ਵਾਰਡ ਸਭਾਵਾਂ, ਵਾਰਡ ਕਮੇਟੀਆਂ ਅਤੇ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਣਾਈਆਂ ਹਨ ਜੋ ਕੰਮ ਵੀ ਅਸਰਦਾਰ ਢੰਗ ਨਾਲ ਕਰ ਰਹੀਆਂ ਹਨ। ਇੱਕ ਨਗਰ ਪਾਲਕਾ ਵਿੱਚ ਬਣਾਈ ਗਈ ਵਾਰਡ ਕਮੇਟੀ ਦੀ ਮਿਆਦ ਨਗਰ ਪਾਲਕਾ ਦੇ ਨਾਲ ਹੀ ਪੂਰੀ ਹੋ ਜਾਂਦੀ ਹੈ। ਇਸਦੇ ਸੰਗਠਨ, ਬਣਤਰ, ਕਾਰਜਾਂ ਅਤੇ ਜ਼ਿੰਮੇਵਾਰੀਆਂ ਆਦਿ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ :

**ਵਾਰਡ ਕਮੇਟੀਆਂ ਦਾ ਗਠਨ :**

ਧਾਰਾ-43 ਅਨੁਸਾਰ ਇੱਕ ਲੱਖ ਦੀ ਅਬਾਦੀ ਵਾਲੇ ਹਰੇਕ ਨਗਰ ਵਿੱਚ ਨਗਰ ਪਾਲਕਾਵਾਂ ਦਾ ਗਠਨ ਹੋਣ ਦੇ ਤਿੰਨ ਮਹੀਨੇ ਅੰਦਰ, ਹਰੇਕ ਵਾਰਡ ਲਈ ਇੱਕ ਵਾਰਡ ਕਮੇਟੀ ਬਣਾਈ ਜਾਏਗੀ।

**ਵਾਰਡ ਕਮੇਟੀਆਂ ਦੀ ਬਣਤਰ :**

ਵਾਰਡ ਕਮੇਟੀਆਂ ਵਿੱਚ ਹੇਠ ਲਿਖੇ ਮੈਂਬਰ ਹੋਣਗੇ :

1. ਉਸ ਵਾਰਡ ਦਾ ਕੌਂਸਲਰ ਵਾਰਡ ਕਮੇਟੀ ਦਾ ਪ੍ਰਧਾਨ ਹੋਵੇਗਾ।
2. 15 ਵਿਅਕਤੀਆਂ ਨੂੰ ਵਾਰਡ ਦੇ ਵਸਨੀਕਾਂ ਦੀਆਂ ਬਣੀਆਂ ਹੋਈਆਂ ਐਸੋਸੀਏਸ਼ਨਾਂ ਵਿੱਚੋਂ ਨਿਰਧਾਰਤ ਵਿਧੀ ਅਨੁਸਾਰ ਚੁਣਿਆ ਜਾਵੇਗਾ; ਇਹ ਐਸੋਸੀਏਸ਼ਨਾਂ ਨਗਰ ਪਾਲਕਾ ਵਿੱਚ ਰਜਿਸਟਰਡ ਹੋਣੀਆਂ ਚਾਹੀਦੀਆਂ ਹਨ।
3. 20 ਵਿਅਕਤੀਆਂ ਨੂੰ ਵਾਰਡ ਦੇ ਮੁਹੱਲਿਆਂ ਅਨੁਸਾਰ ਬਣੇ ਹੋਏ ਗਰੁੱਪਾਂ ਵਿੱਚੋਂ ਨਿਰਧਾਰਤ ਵਿਧੀ ਅਨੁਸਾਰ ਚੁਣਿਆ ਜਾਵੇਗਾ; ਇਹ ਗਰੁਪ ਨਗਰ ਪਾਲਕਾ ਵਿੱਚ ਰਜਿਸਟਰਡ ਹੋਣੇ ਚਾਹੀਦੇ ਹਨ।
4. ਨਗਰ ਪਾਲਕਾ ਵਿੱਚ ਪ੍ਰਤੀਨਿਧਤਾ ਵਾਲੀ ਹਰੇਕ ਪਾਰਟੀ ਵਿੱਚੋਂ ਇੱਕ ਵਿਅਕਤੀ ਚੁਣਿਆ ਜਾਵੇਗਾ।

5. ਉਸ ਵਾਰਡ ਵਿੱਚ ਚੱਲਣ ਵਾਲੀਆਂ ਮਾਨਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਦੇ ਮੁਖੀ ਵੀ ਵਾਰਡ ਕਮੇਟੀ ਦੇ ਮੈਂਬਰ ਹੋਣਗੇ।
6. 20 ਵਿਅਕਤੀ ਵਾਰਡ ਦੇ ਕੌਂਸਲਰ ਅਤੇ ਨਗਰ ਪਾਲਕਾ ਦੇ ਪ੍ਰਧਾਨ ਦੁਆਰਾ ਸੰਯੁਕਤ ਤੌਰ ਤੇ ਚੁਣੇ ਜਾਣਗੇ ਜਿਨਾਂ ਵਿੱਚੋਂ :

    (i) 10 ਵਿਅਕਤੀ ਵਾਰਡ ਦੀਆਂ ਸੱਭਿਆਚਾਰਕ ਸੰਸਥਾਵਾਂ, ਸਵੈ-ਇੱਛਤ ਸੰਸਥਾਵਾਂ, ਸਿੱਖਿਆ ਸੰਸਥਾਵਾਂ ਅਤੇ ਉਦਯੋਗਿਕ ਅਤੇ ਵਪਾਰਕ ਫਰਮਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਹੋਣਗੇ।

    (ii) 5 ਵਿਅਕਤੀ ਵਾਰਡ ਵਿੱਚ ਖੇਤੀ, ਉਦਯੋਗ, ਸਿਹਤ, ਸਿੱਖਿਆ ਅਤੇ ਇੰਜੀਨੀਅਰਿੰਗ ਆਦਿ ਖੇਤਰਾਂ ਵਿੱਚ ਕੰਮ ਕਰਨ ਵਾਲੇ ਪੇਸ਼ਾਵਰ ਵਿਅਕਤੀਆਂ ਦੀ ਪ੍ਰਤੀਨਿਧਤਾ ਕਰਨਗੇ।

    (iii) 5 ਵਿਅਕਤੀ ਰਜਿਸਟਰਡ ਟ੍ਰੇਡ ਯੂਨੀਅਨਾਂ ਵਿੱਚੋਂ ਹੋਣਗੇ। ਇਸ ਵਿੱਚ ਇਹ ਵੀ ਸ਼ਰਤ ਹੈ ਕਿ ਉਪਰੋਕਤ ਮੱਦ (i) ਅਤੇ (ii) ਤਹਿਤ ਚੁਣੇ ਹੋਏ ਵਿਅਕਤੀਆਂ ਲਈ ਸੰਬੰਧਤ ਵਾਰਡ ਦਾ ਨਿਵਾਸੀ ਹੋਣਾ ਜਰੂਰੀ ਨਹੀਂ।

**ਵਾਰਡ ਸਭਾਵਾਂ ਦਾ ਗਠਨ :**

1. ਅਜਿਹੀ ਹਰੇਕ ਨਗਰ ਪਾਲਕਾ ਵਿੱਚ ਜਿਥੇ ਦੀ ਅਬਾਦੀ 1 ਲੱਖ ਤੋਂ ਵੱਧ ਨਹੀਂ ਹੈ, ਹਰੇਕ ਵਾਰਡ ਲਈ ਇੱਕ ਵਾਰਡ ਸਭਾ ਹੋਵੇਗੀ ਅਤੇ ਉਸ ਵਾਰਡ ਦੇ ਉਹ ਸਾਰੇ ਵਿਅਕਤੀ ਜਿਹੜੇ ਉਸ ਵਾਰਡ ਦੀ ਵੋਟਰ ਸੂਚੀ ਵਿੱਚ ਸ਼ਾਮਿਲ ਹਨ, ਉਸ ਵਾਰਡ ਸਭਾ ਦੇ ਮੈਂਬਰ ਹੋਣਗੇ।

2. ਉਸ ਵਾਰਡ ਦੀ ਪ੍ਰਤੀਨਿਧਤਾ ਕਰਨ ਵਾਲਾ ਕੌਂਸਲਰ ਉਸ ਵਾਰਡ ਸਭਾ ਦਾ ਕਨਵੀਨਰ ਹੋਵੇਗਾ। ਪਰ ਜੇਕਰ ਸਰੀਰਕ ਸਮੱਸਿਆ ਜਾਂ ਕਿਸੇ ਹੋਰ ਕਾਰਣ ਕਰਕੇ ਕਨਵੀਨਰ ਅਪਣਾ ਕਾਰਜ ਕਰਨ ਦੇ ਸਮਰਥ ਨਾ ਹੋਵੇ ਤਾਂ ਨਗਰ ਪਾਲਕਾ ਦਾ ਪ੍ਰਧਾਨ ਕਿਸੇ ਨਾਲ ਲਗਦੇ ਵਾਰਡ ਦੀ ਪ੍ਰਤੀਨਿਧਤਾ ਕਰਨ ਵਾਲੇ ਕੌਂਸਲਰ ਨੂੰ ਕਨਵੀਨਰ ਨਿਯੁਕਤ ਕਰ ਸਕਦਾ ਹੈ।

3. ਵਾਰਡ ਸਭਾ ਨਿਰਧਾਰਤ ਸਥਾਨ ਤੇ ਤਿੰਨ ਮਹੀਨਿਆਂ ਵਿੱਚ ਘੱਟੋ-ਘੱਟ ਇੱਕ ਵਾਰ ਜਰੂਰ ਇਕੱਤਰ ਹੋਵੇਗੀ, ਅਤੇ ਵਾਰਡ ਸਭਾ ਦੀ ਹਰੇਕ ਇਕੱਤਰਤਾ ਦੀ ਪ੍ਰਧਾਨਗੀ ਨਗਰ ਪਾਲਕਾ ਦੇ ਪ੍ਰਧਾਨ, ਜਾਂ ਉਸ ਦੀ ਗੈਰ-ਹਾਜ਼ਰੀ ਵਿੱਚ ਉਪ-ਪ੍ਰਧਾਨ ਜਾਂ ਪ੍ਰਧਾਨ ਦੁਆਰਾ ਅਧਿਕ੍ਰਿਤ ਕੀਤੇ ਹੋਏ ਕਿਸੇ ਵੀ ਸਥਾਈ ਕਮੇਟੀ ਦੇ ਪ੍ਰਧਾਨ, ਅਤੇ ਇਨਾਂ ਸਾਰਿਆਂ ਦੀ ਗੈਰ-ਹਾਜ਼ਰੀ ਵਿੱਚ ਕਨਵੀਨਰ ਦੁਆਰਾ ਕੀਤੀ ਜਾਵੇਗੀ।

4. ਵਾਰਡ ਸਭਾ ਦੀ ਕਿਸੇ ਵੀ ਸਕੀਮ, ਪਾਲਿਸੀ ਜਾਂ ਫੈਸਲੇ ਨੂੰ ਲਾਗੂ ਕਰਨ ਦੇ ਆਮ ਉਦੇਸ਼ ਨਾਲ ਅਤੇ ਵਾਰਡ ਸਭਾ ਦੇ ਅਧਿਕਾਰਾਂ ਅਤੇ ਜਿੰਮੇਵਾਰੀਆਂ ਤੇ ਹਿੱਤ ਵਿੱਚ ਕੰਮ ਕਰਨ ਦੇ ਵਿਸ਼ੇਸ਼ ਉਦੇਸ਼ ਨਾਲ ਵਾਰਡ ਸਭਾ ਸਬ-ਕਮੇਟੀਆਂ ਦਾ ਗਠਨ ਕਰ ਸਕਦੀ ਹੈ ਜਿਨ੍ਹਾਂ ਵਿੱਚ 10 ਤੋਂ ਘੱਟ ਮੈਂਬਰ ਨਹੀਂ ਹੋਣਗੇ।

5. ਵਾਰਡ ਸਭਾ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਕਿਸੇ ਵੀ ਵਿਸ਼ੇ ਸੰਬੰਧੀ ਬਹੁ-ਗਿਣਤੀ ਦੇ ਆਧਾਰ ਤੇ ਵਾਰਡ ਸਭਾ ਦੀਆਂ ਇਕੱਤਰਤਾਵਾਂ ਵਿੱਚ ਮਤਾ ਪਾਸ ਕੀਤਾ ਜਾ ਸਕਦਾ ਹੈ। ਕਿੰਤੂ ਜਿੱਥੇ ਤੱਕ ਹੋ ਸਕੇ ਸਰਬ ਸੰਮਤੀ ਨਾਲ ਫੈਸਲਾ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਵਾਰਡ ਕਮੇਟੀਆਂ ਅਤੇ ਵਾਰਡ ਸਭਾਵਾਂ ਦੇ ਕਾਰਜ :**

ਵਾਰਡ ਕਮੇਟੀਆਂ ਅਤੇ ਵਾਰਡ ਸਭਾਵਾਂ ਬਹੁਤ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨਾਂ ਦੁਆਰਾ ਕੀਤੇ ਜਾ ਰਹੇ ਕਾਰਜ ਇਸ ਪ੍ਰਕਾਰ ਹਨ : ਵਿਕਾਸ ਸਕੀਮਾਂ ਬਣਾਉਣਾ, ਉਨ੍ਹਾਂ ਸਕੀਮਾਂ ਦੇ ਸੰਬੰਧ ਵਿੱਚ ਜਿਹੜੀਆਂ ਲੋੜਵੰਦਾਂ ਲਈ ਹੁੰਦੀਆਂ ਹਨ, ਨਿਰਧਾਰਤ ਸਿਧਾਂਤ ਦੇ ਅਧਾਰ ਤੇ ਵਾਰਡ ਖੇਤਰ ਵਿੱਚੋਂ ਯੋਗ ਉਮੀਦਵਾਰ ਲੱਭ ਕੇ, ਅਗੇਤ ਅਨੁਸਾਰ ਯੋਗ ਵਿਅਕਤੀਆਂ ਦੀ ਆਖਰੀ ਸੂਚੀ ਤਿਆਰ ਕਰਨਾ ਅਤੇ ਇਸ ਨੂੰ ਨਗਰ ਪਾਲਕਾ ਅੱਗੇ

ਪੇਸ਼ ਕਰਨਾ, ਸਮਾਜ ਭਲਾਈ ਦੇ ਪ੍ਰੋਗਰਾਮਾਂ ਲਈ ਨਕਦ ਜਾਂ ਕਿਸੇ ਉਪਜ ਦੇ ਰੂਪ ਵਿੱਚ ਸਵੈ-ਇੱਛਤ ਸਹਾਇਤਾ ਅਤੇ ਸੇਵਾਵਾਂ ਦੇਣਾ ਅਤੇ ਇਸ ਕੰਮ ਲਈ ਹੋਰਾਂ ਨੂੰ ਪ੍ਰੇਰਤ ਕਰਨਾ, ਸਥਾਨਕ ਬੁਨਿਆਦੀ ਢਾਂਚੇ ਅਤੇ ਨਗਰ ਪਾਲਕਾ ਦੀਆਂ ਸੇਵਾਵਾਂ ਸੰਬੰਧੀ ਸਕੀਮਾਂ ਤਿਆਰ ਕਰਨਾ, ਸਾਖਰਤਾ ਪ੍ਰੋਗਰਾਮ ਬਣਾਉਣਾ, ਵਾਰਡ ਵਿੱਚ ਵਿਕਾਸ ਦੇ ਕੰਮ ਕਰਨ ਵਾਲੀਆਂ ਲੋੜਵੰਦ ਕਮੇਟੀਆਂ ਦੀ ਨਿਗਰਾਨੀ ਅਤੇ ਸਹਾਇਤਾ ਕਰਨਾ, ਅਤੇ ਮਿਉਂਸਪਲ ਐਕਟ ਵਿੱਚ ਦਿੱਤੇ ਗਏ ਹੋਰ ਸਾਰੇ ਮੁੱਖ-ਮੁੱਖ ਕਾਰਜ ਕਰਨਾ।

ਵਾਰਡ ਕਮੇਟੀਆਂ ਅਤੇ ਵਾਰਡ ਸਭਾਵਾਂ ਦੇ ਮੁੱਖ-ਮੁੱਖ ਕਾਰਜ ਇਸ ਪ੍ਰਕਾਰ ਹਨ : ਵਿਕਾਸ ਅਤੇ ਭਲਾਈ ਦੇ ਕੰਮਾਂ ਬਾਰੇ ਸੂਚਨਾ ਦਾ ਪ੍ਰਸਾਰ ਕਰਨਾ, ਸਿਹਤ ਅਤੇ ਸਾਖਰਤਾ ਬਾਰੇ ਅਤੇ ਅਜਿਹੇ ਹੋਰ ਸਮਾਂ-ਬੱਧ ਵਿਕਾਸ ਦੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋਣਾ ਅਤੇ ਉਨ੍ਹਾਂ ਦਾ ਵਿਸਥਾਰ ਕਰਨਾ, ਮਹੱਤਵਪੂਰਣ ਸਮਾਜਕ ਅਤੇ ਆਰਥਕ ਅੰਕੜੇ ਇਕੱਠੇ ਕਰਨਾ, ਵਿਕਾਸ ਦੇ ਕੰਮਾਂ ਦੀ ਪ੍ਰਗਤੀ ਬਾਰੇ ਸੂਚਨਾ ਇਕੱਠੀ ਕਰਕੇ ਅੱਗੇ ਦੇਣਾ, ਕਰਾਂ ਦੀ ਅਦਾਇਗੀ, ਕਰਜਿਆਂ ਦੀ ਵਾਪਸੀ, ਪਰਿਆਵਰਣ ਦੀ ਸਫਾਈ ਅਤੇ ਸਮਾਜਕ ਸੁਰਮੇਲ ਬਣਾਈ ਰੱਖਣ ਲਈ ਨੈਤਿਕ ਢੰਗ ਅਪਣਾਉਣਾ; ਨਗਰ ਪਾਲਕਾ ਦੇ ਵਿੱਤੀ ਸਾਧਨਾਂ ਵਿੱਚ ਵਾਧਾ ਕਰਨ ਲਈ ਸਥਾਨਕ ਪੱਧਰ ਤੇ ਵਸੀਲਿਆਂ ਨੂੰ ਸੰਚਾਲਤ ਕਰਨਾ, ਸਵੈ-ਇੱਛਤ ਸਮੂਹਾਂ ਦੇ ਤੌਰ ਤੇ ਵਿਕਾਸ ਦੇ ਕੰਮਾਂ ਦੀ ਨਿਗਰਾਨੀ ਕਰਨਾ, ਮਹਾਂਮਾਰੀਆਂ ਅਤੇ ਕੁਦਰਤੀ ਸੰਕਟ ਆਉਣ ਦੀ ਹਾਲਤ ਵਿੱਚ ਇਨ੍ਹਾਂ ਦੀ ਖਬਰ ਤੁਰੰਤ ਅੱਗੇ ਦੇਣ ਦੀ ਵਿਵਸਥਾ ਕਰਨਾ, ਪ੍ਰਕਿਰਤੀ ਦੀ ਸੁਰੱਖਿਆ ਬਾਰੇ ਗਤੀਵਿਧੀਆਂ ਨੂੰ ਉਤਸ਼ਾਹਤ ਕਰਨਾ ਅਤੇ ਉਨਾਂ ਵਿੱਚ ਤਾਲ-ਮੇਲ ਪੈਦਾ ਕਰਨਾ, ਪਰਿਆਵਰਣ ਦੀਆਂ ਸਮੱਸਿਆਵਾਂ ਬਾਰੇ ਲੋਕਾਂ ਨੂੰ ਗਿਆਨ ਦੇਣਾ। ਇਸ ਤਰ੍ਹਾਂ ਵਿਕਾਸ ਦੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਵੀ ਉਨ੍ਹਾਂ ਪਾਸ ਮਹੱਤਵਪੂਰਣ ਅਧਿਕਾਰ ਹਨ। ਇਨਾਂ ਬਾਰੇ ਇਹ ਸੰਬੰਧਤ ਅਧਿਕਾਰੀਆਂ ਤੋਂ ਕੋਈ ਵੀ ਸੂਚਨਾ ਲੈ ਸਕਦੇ ਹਨ।

ਵਾਰਡ ਕਮੇਟੀਆਂ ਮਹਾਰਾਸ਼ਟਰ, ਮੱਧ ਪ੍ਰਦੇਸ਼, ਕਰਨਾਟਕ ਅਤੇ ਕੇਰਲ ਵਿੱਚ ਵੀ ਬਣਾਈਆਂ ਗਈਆਂ ਹਨ। ਉਹ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਸ਼ਾਸਨ ਨੂੰ ਮਜਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਵਾਰਡ ਕਮੇਟੀਆਂ ਦੀ ਭੂਮਿਕਾ ਵਿੱਚ ਵਾਧਾ ਹੋਣ ਨਾਲ ਸ਼ਹਿਰੀ ਖੇਤਰਾਂ ਦੀ ਯੋਜਨਾਬੰਦੀ ਅਤੇ ਵਿਕਾਸ ਵਿੱਚ ਲੋਕਾਂ ਦੀ ਪਸੰਦ ਅਤੇ ਅਵਾਜ਼ ਨੂੰ ਮਹੱਤਵ ਮਿਲਿਆ ਹੈ। ਵਾਰਡ ਸਭਾਵਾਂ ਲੋਕਾਂ ਦੀ ਭਾਗੀਦਾਰੀ ਦੇ ਸਿਧਾਂਤਾਂ ਤੇ ਆਧਾਰਤ ਹਨ। ਵਾਰਡ ਕਮੇਟੀਆਂ ਦੀ ਵਡੇਰੀ ਭੂਮਿਕਾ ਰਾਹੀਂ ਯੋਜਨਾਵਾਂ ਬਣਾਉਣ ਨਾਲ ਪਰਿਆਵਰਣ, ਗੰਦੀਆਂ ਬਸਤੀਆਂ, ਗਰੀਬੀ ਅਤੇ ਰੋਜ਼ਗਾਰ ਵਰਗੇ ਵਿਕਾਸ ਨਾਲ ਜੁੜੇ ਹੋਏ ਮੁੱਦਿਆ ਤੋਂ ਇਲਾਵਾ ਲਿੰਗ ਸੰਬੰਧੀ ਵਿਸ਼ਿਆਂ ਵੱਲ ਵੀ ਵਧੇਰੇ ਧਿਆਨ ਜਾਂਦਾ ਹੈ। ਸਥਾਨਕ ਨੀਤੀ ਨਿਰਧਾਰਣ ਅਤੇ ਯੋਜਨਾਬੰਦੀ ਵਿੱਚ ਲੋਕਾਂ ਦੀ ਵਧ ਰਹੀ ਭੂਮਿਕਾ ਕਰਕੇ ਬੁਨਿਆਦੀ ਢਾਂਚੇ ਦੇ ਵਿਸਥਾਰ ਕਰਨ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਵੀ ਸੁਧਾਰ ਹੋ ਰਿਹਾ ਹੈ। ਨਾਗਰਿਕਾਂ ਦੀਆਂ ਜਥੇਬੰਦੀਆਂ ਵੀ ਸ਼ਹਿਰੀ ਯੋਜਨਾਬੰਦੀ ਅਤੇ ਸ਼ਾਸਨ ਵਿੱਚ ਭਾਗੀਦਾਰ ਬਣ ਜਾਂਦੀਆਂ ਹਨ। ਪੂਨੇ ਦੇ ਨਗਰ ਨਿਗਮ ਅਤੇ 'ਇੰਡੀਅਨ ਐਕਸਪਰੈੱਸ' ਦੁਆਰਾ ਸ਼ੁਰੂ ਕੀਤਾ ਗਿਆ 'ਐਕਸਪਰੈੱਸ ਗਰੁੱਪ ਆਫ਼ ਸਿਟੀਜ਼ਨਜ਼' ਨਾਗਰਿਕ ਸਹੂਲਤਾਂ ਦੇ ਵਿਸਥਾਰ ਲਈ ਭਾਗੀਦਾਰੀ ਆਧਾਰਤ ਸੰਵਾਦ ਦਾ ਬੜਾ ਨਵੀਨ ਵਿਚਾਰ ਹੈ। ਇਸ ਨੂੰ ਵਾਰਡ ਦੇ ਪੱਧਰ ਤੇ ਬਣਾਇਆ ਗਿਆ ਹੈ ਅਤੇ ਇਸ ਦੇ ਮੈਂਬਰ ਰੈਜੀਡੈਂਟਸ ਵੈਲਫੇਅਰ ਐਸੋਸੀਏਸ਼ਨਾਂ, ਗੰਦੀਆਂ ਬਸਤੀਆਂ ਅਤੇ NGOs ਵਿੱਚੋਂ ਹਨ। ਇਹ ਲੋਕਾਂ ਅਤੇ ਨਗਰ ਦੇ ਪ੍ਰਤੀਨਿਧੀਆਂ ਵਿਚਕਾਰ ਆਪਸੀ ਸੰਵਾਦ ਨੂੰ ਉਤਸ਼ਾਹਤ ਕਰਦਾ ਹੈ।

### ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦਾ ਗਠਨ :

ਇਸ ਤੋਂ ਇਲਾਵਾ 74ਵੀਂ ਸੰਵਿਧਾਨਕ ਸੋਧ ਤਹਿਤ ਯੋਜਨਾਬੰਦੀ ਦੀ ਵਿਕੇਂਦਰੀਕ੍ਰਿਤ ਪ੍ਰਣਾਲੀ ਵਿੱਚ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੀ ਵੀ ਮਹੱਤਵਪੂਰਣ ਭੂਮਿਕਾ ਹੈ। ਇਹ ਕਮੇਟੀਆਂ ਕੇਰਲ, ਕਰਨਾਟਕ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਬਣਾਈਆਂ ਗਈਆਂ ਹਨ। ਉਹ ਜ਼ਿਲਿਆਂ ਦੀਆਂ ਸਲਾਨਾ ਯੋਜਨਾਵਾਂ ਅਤੇ ਨਗਰਪਾਲਕਾਵਾਂ ਤੇ ਪੰਚਾਇਤਾਂ ਦੀਆਂ ਪਰਿਪੇਖ ਯੋਜਨਾਵਾਂ ਨੂੰ ਇਕ-ਜੁੱਟ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਜ਼ਿਲ੍ਹਾ ਪੱਧਰ ਤੇ ਯੋਜਨਾਵਾਂ ਦੇ ਲਾਗੂ ਕੀਤੇ ਜਾਣ ਅਤੇ ਉਨ੍ਹਾਂ ਦੀ ਪ੍ਰਗਤੀ ਦੀ ਨਿਗਰਾਨੀ

ਕਰਦੀਆਂ ਹਨ। ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੀ ਭੂਮਿਕਾ ਵਿੱਚ ਹੋ ਰਹੇ ਵਿਸਥਾਰ ਨਾਲ ਰਾਜ ਸਰਕਾਰ ਦੇ ਵਿਭਾਗਾਂ ਅਤੇ ਯੋਜਨਾਬੰਦੀ ਬੋਰਡਾਂ ਦੀ ਸਮਾਨਾਂਤਰ ਭਾਗੀਦਾਰੀ ਵਿੱਚ ਕਮੀ ਆਈ ਹੈ। ਵਿਕੇਂਦਰੀਕ੍ਰਿਤ ਯੋਜਨਾਬੰਦੀ ਦੇ ਚੰਗੇ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ। ਇਹ ਹਨ : ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇ ਵਿਸਥਾਰ ਅਤੇ ਇਨਾਂ ਦੀ ਗੁਣਵੱਤਾ ਵਿੱਚ ਵਾਧਾ ਅਤੇ ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਲੋਕਾਂ ਦੀ ਜਿਆਦਾ ਭਾਗੀਦਾਰੀ ਅਤੇ ਉਨ੍ਹਾਂ ਦੀ ਜਿਆਦਾ ਸੰਤੁਸ਼ਟੀ।

### ਸਥਾਨਕ ਪੱਧਰ ਤੇ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਭਾਗੀਦਾਰੀ ਤੇ ਆਧਾਰਤ ਲੋਕਤੰਤਰ – ਕੇਰਲ ਦੀ ਮਿਸਾਲ :

ਕੇਰਲ ਨੇ ਸਥਾਨਕ ਪੱਧਰ ਤੇ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀ ਪ੍ਰਕਿਰਿਆ ਸ਼ੁਰੂ ਕਰਕੇ ਭਾਗੀਦਾਰੀ ਤੇ ਆਧਾਰਤ ਲੋਕਤੰਤਰ ਦੀ ਸਥਾਪਨਾ ਕਰ ਦਿੱਤੀ ਹੈ। 'ਲੋਕਾਂ ਦੀ ਯੋਜਨਾਬੰਦੀ' ਮੁੰਹਿਮ, ਵਾਰਡ ਕਮੇਟੀਆਂ ਦੇ ਗਠਨ, ਕਦੰਬਸ਼੍ਰੀ ਸਕੀਮ ਤਹਿਤ ਸਮੁਦਾ ਤੇ ਆਧਾਰਤ ਸੰਗਠਨਾਂ ਦੇ ਨਿਰਮਾਣ, ਅਤੇ ਗਰੀਬੀ ਘੱਟ ਕਰਨ ਦੇ ਪ੍ਰੋਗਰਾਮ ਵਰਗੇ ਉਪਰਾਲਿਆਂ ਨੇ ਸਥਾਨਕ ਪੱਧਰ ਤੇ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਭਾਗੀਦਾਰੀ ਆਧਾਰਤ ਲੋਕਤੰਤਰ ਨੂੰ ਮਜਬੂਤ ਬਣਾਉਣ ਅਤੇ ਉਤਸ਼ਾਹਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

**(i) 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ :** 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਨੂੰ 'ਵਿਕਾਸ ਦੀ ਗਾਂਧੀਵਾਦੀ ਵਿਧੀ' ਕਿਹਾ ਗਿਆ ਹੈ (Madhu Dandavate, The Hindu, January 26, 2000) ਇਸ ਦਾ ਵਰਣਨ 'ਵਿਕੇ ਂਦਰੀਕਰਣ ਹਿੱਤ, ਦਲਗਤ ਸਫਬੰਦੀ ਤੋਂ ਉੱਪਰ ਉੱਠ ਕੇ ਲੋਕਾਂ ਨੂੰ ਲਾਮਬੰਦ ਕਰਨ ਦੀ ਦੂਰਦ੍ਰਿਸ਼ਟੀ' ਦੇ ਤੌਰ ਤੇ ਵੀ ਕੀਤਾ ਗਿਆ ਹੈ' (Isaac and Sreedharan, 2002, EPW)। ਰਾਜ ਦੇ ਦੂਜੇ ਵਿੱਤ ਕਮਿਸ਼ਨ ਅਨੁਸਾਰ 'ਸਥਾਨਕ ਪੱਧਰ ਦੀ ਵਿਕੇਂਦਰੀਕ੍ਰਿਤ ਯੋਜਨਾਬੰਦੀ ਜਨਤਾ ਦੇ ਉਪਰਾਲੇ ਨੂੰ ਵਿਕੇਂਦਰੀਕਰਣ ਵੱਲ ਲਗਾਉਣ ਦੇ ਵਸੀਲੇ ਦੇ ਤੌਰ ਤੇ ਵਰਤੀ ਗਈ ਹੈ। ਪ੍ਰਣਾਲੀ ਵਿੱਚ ਹੱਲਚੱਲ ਪੈਦਾ ਕਰਨ ਅਤੇ ਪ੍ਰਕਿਰਿਆ ਨੂੰ ਸ਼ੁਰੂ ਕਰਵਾਉਣ ਲਈ ਮੁਹਿੰਮ ਵਿੱਢਣ ਦੀ ਵਿਧੀ ਅਪਣਾਈ ਗਈ ਹੈ।' ਇਹ ਮੁਹਿੰਮ ਵਿਕੇਂਦਰੀਕ੍ਰਿਤ ਵਿਕਾਸ ਦਾ ਕਾਰਜਕ੍ਰਮ ਉਲੀਕਣ ਵਿੱਚ ਸਫਲ ਰਹੀ ਹੈ। ਸਥਾਨਕ ਪੱਧਰ ਤੇ ਇਹ ਭਾਗੀਦਾਰੀ ਆਧਾਰਤ ਯੋਜਨਾਬੰਦੀ ਲਈ ਠੋਸ ਵਿਧੀ ਮੁਹੱਈਆ ਕਰਵਾਉਣ ਵਿੱਚ ਵੀ ਕਾਮਯਾਬ ਰਹੀ ਹੈ। ਇਸਦੇ ਵੱਖ-ਵੱਖ ਪੜਾਅ ਸੰਖੇਪ ਵਿੱਚ ਹੇਠਾਂ ਦਿੱਤੇ ਜਾ ਰਹੇ ਹਨ :

* ਜਰੂਰਤਾਂ ਨੂੰ ਪਹਿਚਾਨਣਾ
* ਸਥਿਤੀ ਦਾ ਵਿਸ਼ਲੇਸ਼ਣ ਕਰਨਾ
* ਰਣਨੀਤੀ ਤੈਅ ਕਰਨਾ
* ਯੋਜਨਾ ਦਾ ਖਰੜਾ ਤਿਆਰ ਕਰਨਾ
* ਯੋਜਨਾ ਨੂੰ ਅੰਤਮ ਰੂਪ ਦੇਣਾ
* ਯੋਜਨਾ ਨੂੰ ਸੋਧਣਾ
* ਯੋਜਨਾ ਨੂੰ ਮੰਜ਼ੂਰੀ ਦੇਣਾ

ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀ ਪ੍ਰਕਿਰਿਆ ਦਾ ਸਭ ਤੋਂ ਵੱਧ ਧਿਆਨਯੋਗ ਲੱਛਣ ਇਹ ਹੈ ਕਿ ਇਸ ਵਿੱਚ ਯੋਜਨਾ ਤਹਿਤ ਮਿਲੀ ਹੋਈ ਗਰਾਂਟ-ਇਨ-ਏਡ ਦਾ ਉਪਯੋਗ ਕਰਦੇ ਹੋਏ ਸਥਾਨਕ ਅਗੇਤਾਂ ਅਨੁਸਾਰ ਪ੍ਰਾਜੈਕਟਾਂ ਦੀ ਯੋਜਨਾ ਬਣਾਉਣ ਅਤੇ ਤਿਆਰ ਕਰਨ ਵਿੱਚ ਖੁੱਲ੍ਹ ਹੁੰਦੀ ਹੈ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਦਿੱਤੀ ਜਾਣ ਵਾਲੀ ਗਰਾਂਟ ਬੰਦਿਸ਼ਾਂ ਤੋਂ ਲਗਭਗ ਮੁਕਤ ਹੁੰਦੀ ਹੈ। ਇਸ ਪ੍ਰਕਿਰਿਆ ਦਾ ਇੱਕ ਹੋਰ ਮਹੱਤਵਪੂਰਣ ਲੱਛਣ ਇਹ ਹੈ ਕਿ ਇਸ ਤਹਿਤ ਸਮਰਥਾ ਨਿਰਮਾਣ ਦੇ ਪ੍ਰਭਾਵਸ਼ਾਲੀ ਜਤਨ ਕੀਤੇ ਗਏ ਹਨ। ਇਸ ਦੇ ਪਹਿਲੇ ਸਾਲ ਵਿੱਚ ਸਿਖਲਾਈ ਦੀ ਕੈਸਕੇਡਿੰਗ (cascading) ਪ੍ਰਣਾਲੀ ਸ਼ੁਰੂ ਕੀਤੀ ਗਈ ਸੀ (ਜਿਸ ਵਿੱਚ ਵੱਖ-ਵੱਖ ਪੜਾਵਾਂ ਵਾਲੀ ਸਿਲਸਿਲੇਵਾਰ ਪ੍ਰਕਿਰਿਆ ਦਾ ਹਰ ਪੜਾਅ ਅਪਣੇ ਤੋਂ ਅਗਲੇ ਵਾਲੇ ਪੜਾਅ ਦੀ ਸ਼ੁਰੂਆਤ ਕਰਦਾ ਹੈ, ਅਤੇ ਸਾਰੇ ਪੜਾਅ ਮਿਲ ਕੇ ਸਮੂਹਕ ਪ੍ਰਭਾਵ ਪੈਦਾ ਕਰਦੇ ਹਨ)। ਇਸ ਪ੍ਰਣਾਲੀ ਦੇ ਨਤੀਜੇ ਵਜੋਂ ਕਿਸੇ ਵੀ ਖੇਤਰ ਦੀਆਂ

ਨਵੀਨਤਮ ਉਪਲਬਧੀਆਂ ਤੱਕ ਪਹੁੰਚ ਜਲਦੀ ਹੋਣ ਲੱਗੀ। ਰਾਜ ਪੱਧਰ ਤੇ ਸਰਕਾਰੀ ਅਤੇ ਗੈਰਸਰਕਾਰੀ ਸੰਗਠਨਾਂ ਵਿੱਚੋਂ ਇੱਕ ਵੱਡੀ ਸੰਖਿਆ ਵਿੱਚ ਵੱਖ-ਵੱਖ ਵਿਸ਼ਿਆਂ ਦੀ ਨੁਮਾਇੰਦਗੀ ਕਰਨ ਵਾਲੇ ਉੱਚੀ ਸੂਝ-ਬੂਝ ਵਾਲੇ ਵਿਅਕਤੀਆਂ (Key Resource Persons) ਦੀ ਪਹਿਚਾਣ ਕੀਤੀ ਗਈ। ਜ਼ਿਲ੍ਹੇ ਅਤੇ ਸਥਾਨਕ ਪੱਧਰਾਂ ਤੇ ਵੀ ਅਜਿਹੇ ਵਿਅਕਤੀਆਂ ਦੀ ਚੋਣ ਕੀਤੀ ਗਈ। ਜ਼ਿਲ੍ਹਾ ਅਤੇ ਸਥਾਨਕ ਪੱਧਰ ਦੇ ਅਤੇ ਬਹੁਤ ਸਾਰੇ ਰਾਜ ਪੱਧਰ ਦੇ ਅਜਿਹੇ ਸੋਝੀਵਾਨ ਵਿਅਕਤੀਆਂ ਦੀ ਚੋਣ ਸਵੈ-ਸ਼ਾਸਨ ਸੰਸਥਾਵਾਂ ਨੇ ਆਪ ਕੀਤੀ। ਇਨ੍ਹਾਂ ਵਿੱਚ ਸਰਕਾਰੀ ਕਰਮਚਾਰੀ, ਵੱਖ-ਵੱਖ ਪੇਸ਼ਿਆਂ ਦੇ ਮਾਹਰ ਅਤੇ ਕਾਰਜ ਕਰਤਾ ਸ਼ਾਮਿਲ ਸਨ। ਵੱਡੇ ਪੱਧਰ ਤੇ ਹੋਣ ਵਾਲੀ ਸਿਖਲਾਈ ਦੇ ਨਤੀਜੇ ਵਜੋਂ ਸ਼ਹਿਰੀ ਸਥਾਨਕ ਦੇ ਪੱਧਰ ਤੇ ਲਗਭਗ 100 ਵਿਅਕਤੀਆਂ ਨੂੰ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੇ ਉਦੇਸ਼ ਅਤੇ ਵਿਧੀਆਂ ਤੋਂ ਜਾਣੂੰ ਕਰਵਾਇਆ ਜਾਂਦਾ ਸੀ। ਮੁਹਿੰਮ ਦੀ ਅਗਵਾਈ ਕਰਨ, ਯੋਜਨਾਵਾਂ ਤਿਆਰ ਕਰਨ ਅਤੇ ਲਾਗੂ ਕਰਨ ਦੇ ਅਹਿਮ ਪੜਾਅ ਦੀ ਨਿਗਰਾਨੀ ਕਰਨ ਵਿੱਚ ਇਨ੍ਹਾਂ ਸੂਝਵਾਨ ਵਿਅਕਤੀਆਂ ਨੇ ਸਰਗਰਮ ਹਿੱਸਾ ਲਿਆ ਹੈ।

ਮੁਹਿੰਮ ਦਾ ਮੁੱਖ ਉਦੇਸ਼ ਵੱਖ-ਵੱਖ ਖੇਤਰਾਂ ਬਾਰੇ ਬਣੀਆਂ ਟਾਸਕ ਫੋਰਸਾਂ ਦੀ ਸਮਰਥਾ ਨੂੰ ਮਜਬੂਤ ਕਰਨਾ ਹੈ। ਮੈਡੀਕਲ ਕਾਲਜਾਂ, ਯੂਨੀਵਰਸਿਟੀਆਂ ਅਤੇ ਜਲ ਸੰਸਾਧਨਾਂ ਦੇ ਵਿਕਾਸ ਅਤੇ ਪ੍ਰਬੰਧ ਦੇ ਕੇਂਦਰ (Centre for Water Resources Development and Management) ਵਰਗੀਆਂ ਸੰਸਥਾਵਾਂ ਦਾ ਉਪਯੋਗ ਟਾਸਕ ਫੋਰਸ ਦੇ ਮੈਂਬਰਾਂ ਨੂੰ ਅਪਣੇ ਅਪਣੇ ਵਿਸ਼ੇ ਬਾਰੇ ਉੱਚ ਗੁਣਵੱਤਾ ਵਾਲੀ ਤਕਨੀਕੀ ਸਿਖਲਾਈ ਦੇਣ ਲਈ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੇ ਸਫਲ ਪ੍ਰਣਾਲੀਆਂ ਦਾ ਵਿਕਾਸ ਕਰ ਲਿਆ ਹੈ ਉਨ੍ਹਾਂ ਨੂੰ ਬਾਕੀ ਸਥਾਨਕ ਸੰਸਥਾਵਾਂ ਦੀ ਸਿਖਲਾਈ ਦੀ ਜਿੰਮੇਵਾਰੀ ਦਿੱਤੀ ਜਾਂਦੀ ਹੈ।

'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਨਾਲ ਵਾਰਡ ਸਭਾਵਾਂ ਨੂੰ ਸਫਲਤਾਪੂਰਵਕ ਕੇਰਲ ਦੀਆਂ ਵਿਸ਼ੇਸ਼ ਪਰਿਸਥਿਤੀਆਂ ਅਨੁਸਾਰ ਢਾਲ ਕੇ ਨਿਰਣਾ ਲੈਣ ਦੀ ਪ੍ਰਕਿਰਿਆ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਦੇ ਪ੍ਰਭਾਵਸ਼ਾਲੀ ਵਸੀਲੇ ਬਣਾ ਲਿਆ ਗਿਆ ਹੈ। ਬਹੁਤ ਸਾਰੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਸ਼ਾਸਨ ਵਿੱਚ ਸਿੱਧੀ ਭਾਗੀਦਾਰੀ ਦੇ ਆਦਰਸ਼ ਨੂੰ ਮੁਹੱਲਾ ਆਧਾਰਤ ਸਮੂਹਾਂ ਦੀ ਇੱਕ ਵੱਡੀ ਸੰਖਿਆ ਰਾਹੀਂ ਪ੍ਰਾਪਤ ਕੀਤਾ ਜਾ ਰਿਹਾ ਹੈ। ਮੁਹਿੰਮ ਵਿੱਚ ਸਮੁਦਾ ਦੇ ਅਤੇ ਭਲਾਈ ਦੇ ਕੰਮਾਂ ਨੂੰ ਉਤਸ਼ਾਹਤ ਕਰਨ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ।

**(ii) ਭਾਗੀਦਾਰੀ ਆਧਾਰਤ ਯੋਜਨਾਬੰਦੀ ਨੂੰ ਉਤਸ਼ਾਹਤ ਕਰਨ ਵਿੱਚ ਵਾਰਡ ਸਭਾਵਾਂ ਦੀ ਨਿੱਗਰ ਭੂਮਿਕਾ:** ਵਾਰਡ ਸਭਾਵਾਂ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀਆਂ ਮੌਲਿਕ ਇਕਾਈਆਂ ਹੋਣ ਕਰਕੇ ਭਾਗੀਦਾਰੀ ਆਧਾਰਤ ਵਿਕਾਸ ਲਈ ਜਰੂਰੀ ਹਨ। ਨਗਰ ਪਾਲਕਾ ਦੇ ਹਰੇਕ ਵਾਰਡ ਵਿੱਚ ਵੋਟਰਾਂ ਦੀਆਂ ਇਕੱਤਰਤਾਵਾਂ ਲੋਕਾਂ ਦੀ ਯੋਜਨਾਬੰਦੀ ਲਈ ਆਦਰਸ਼ ਅਰੰਭ ਬਣੀਆਂ। ਇਨ੍ਹਾਂ ਇੱਕਤਰਤਾਵਾਂ ਵਿੱਚ ਹੋਣ ਵਾਲੀ ਚਰਚਾ ਰਾਹੀਂ ਲੋਕ ਵਿਕਾਸ ਸੰਬੰਧੀ ਸਥਾਨਕ ਸਮੱਸਿਆਵਾਂ ਦੀ ਪਹਿਚਾਣ ਕਰਦੇ ਹਨ, ਇਨ੍ਹਾਂ ਲਈ ਜਿੰਮੇਵਾਰ ਕਾਰਣਾਂ ਦਾ ਵਿਸ਼ਲੇਸ਼ਣ ਕਰਦੇ ਹਨ ਅਤੇ ਸੰਭਵ ਹੱਲ ਲਈ ਸੁਝਾਅ ਦਿੰਦੇ ਹਨ।

**(iii) ਸਥਾਈ ਕਮੇਟੀਆਂ :** ਵੱਖ-ਵੱਖ ਮਹੱਤਵਪੂਰਣ ਵਿਸ਼ਿਆਂ ਤੇ ਵਿਚਾਰ ਕਰਨ ਲਈ ਬਣਾਈਆਂ ਗਈਆਂ ਸਥਾਈ ਕਮੇਟੀਆਂ ਵੀ ਸਥਾਨਕ ਪੱਧਰ ਤੇ ਕੀਤੀ ਜਾਣ ਵਾਲੀ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਭਾਗੀਦਾਰੀ ਆਧਾਰਤ ਸ਼ਾਸਨ ਦਾ ਮਹੱਤਵਪੂਰਣ ਅੰਗ ਹਨ। ਕੇਰਲ ਦੀਆਂ ਨਗਰ ਪਾਲਕਾਵਾਂ ਵਿੱਚ ਹੇਠ ਲਿਖੇ ਅਨੁਸਾਰ ਕਈ ਪ੍ਰਕਾਰ ਦੀਆਂ ਸਥਾਈ ਕਮੇਟੀਆਂ ਹਨ :

(A)ਇੱਕ ਕਬਸੇ ਦੀ ਪੰਚਾਇਤ ਵਿੱਚ

1) ਵਿੱਤ ਸੰਬੰਧੀ ਸਥਾਈ ਕਮੇਟੀ
2) ਵਿਕਾਸ ਸੰਬੰਧੀ ਸਥਾਈ ਕਮੇਟੀ
3) ਭਲਾਈ ਸੰਬੰਧੀ ਸਥਾਈ ਕਮੇਟੀ

(B) ਇੱਕ ਨਗਰ ਕੌਂਸਲ ਵਿੱਚ

1) ਵਿੱਤ ਸੰਬੰਧੀ ਸਥਾਈ ਕਮੇਟੀ
2) ਵਿਕਾਸ ਸੰਬੰਧੀ ਸਥਾਈ ਕਮੇਟੀ
3) ਭਲਾਈ ਸੰਬੰਧੀ ਸਥਾਈ ਕਮੇਟੀ
4) ਸਿਹਤ ਸਿੱਖਿਆ ਸੰਬੰਧੀ ਸਥਾਈ ਕਮੇਟੀ
5) ਲੋਕ ਨਿਰਮਾਣ ਸੰਬੰਧੀ ਸਥਾਈ ਕਮੇਟੀ

(C) ਇੱਕ ਨਗਰ ਨਿਗਮ ਵਿੱਚ

1) ਵਿੱਤ ਸੰਬੰਧੀ ਸਥਾਈ ਕਮੇਟੀ
2) ਵਿਕਾਸ ਸੰਬੰਧੀ ਸਥਾਈ ਕਮੇਟੀ
3) ਭਲਾਈ ਸੰਬੰਧੀ ਸਥਾਈ ਕਮੇਟੀ
4) ਸਿਹਤ ਸਿੱਖਿਆ ਸੰਬੰਧੀ ਸਥਾਈ ਕਮੇਟੀ
5) ਲੋਕ ਨਿਰਮਾਣ ਲਈ ਸਥਾਈ ਕਮੇਟੀ
6) ਸ਼ਹਿਰੀ ਯੋਜਨਾਬੰਦੀ ਲਈ ਸਥਾਈ ਕਮੇਟੀ
7) ਕਰਾਂ ਨਾਲ ਸੰਬੰਧਤ ਅਪੀਲਾਂ ਸੰਬੰਧੀ ਸਥਾਈ ਕਮੇਟੀ

**(iv) ਗਰੀਬੀ ਘਟਾਉਣ ਵਿੱਚ ਲੋਕਾਂ ਦੀ ਭਾਗੀਦਾਰੀ :** ਕਦੰਬਸ਼੍ਰੀ ਸਕੀਮ ਤਹਿਤ ਗਰੀਬੀ ਘਟਾਉਣ ਦੇ ਪ੍ਰੋਗਰਾਮ ਸਮੁਦਾ ਤੇ ਆਧਾਰਤ ਸੰਗਠਨਾਂ ਰਾਹੀਂ ਲਾਗੂ ਕੀਤੇ ਜਾਂਦੇ ਹਨ। ਸਭ ਤੋਂ ਹੇਠਲੇ ਪੱਧਰ ਤੇ ਬਣਾਏ ਜਾਣ ਵਾਲੇ ਸਮੂਹ (NHG) ਵਿੱਚ 20-40 ਗਰੀਬ ਇਸਤ੍ਰੀਆਂ ਅਤੇ 5 ਸਵੈ-ਇੱਛਤ ਕਾਰਜ ਕਰਤਾ ਹੁੰਦੇ ਹਨ ਜਿਹੜੇ ਵੱਖ-ਵੱਖ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਵਿਚਾਰਨ ਲਈ ਹਰ ਹਫ਼ਤੇ ਇਕੱਠੇ ਹੁੰਦੇ ਹਨ। ਇਸ ਸਮੂਹ ਦੇ ਸਾਰੇ ਮੈਂਬਰ ਅਪਣੀਆਂ ਬੱਚਤਾਂ ਲੈ ਕੇ ਆਉਂਦੇ ਹਨ ਅਤੇ ਲੋੜਵੰਦਾਂ ਨੂੰ ਕਰਜ਼ੇ ਦਿੱਤੇ ਜਾਂਦੇ ਹਨ। ਮੁਹੱਲਾ ਪੱਧਰ ਤੇ ਸੂਖਮ ਯੋਜਨਾਵਾਂ (Micro Plans) ਵੀ ਬਣਾਈਆਂ ਜਾਂਦੀਆਂ ਹਨ। 10-15 NHGs ਮਿਲ ਕੇ ਵਾਰਡ ਪੱਧਰ ਤੇ ਇੱਕ ਸੰਘ (ADS) ਬਣਾਉਂਦੇ ਹਨ ਜੋ ਦੂਜੇ ਪੱਧਰ ਦਾ ਸੰਗਠਨ ਹੁੰਦਾ ਹੈ। ADS ਦੀ ਅਪਣੀ ਜਨਰਲ ਬਾਡੀ ਅਤੇ ਗਵਰਨਿੰਗ ਬਾਡੀ ਤੋਂ ਇਲਾਵਾ ਨਿਰੀਖਕ ਅਤੇ ਸਲਾਹਕਾਰ ਕਮੇਟੀਆਂ ਵੀ ਹੁੰਦੀਆਂ ਹਨ। ADS ਮਿਲ ਕੇ ਨਗਰ ਪਾਲਕਾ ਪੱਧਰ ਤੇ ਇੱਕ ਸੰਘ (CDS) ਬਣਾਉਂਦੇ ਹਨ ਜੋ ਚੈਰੀਟੇਬਲ ਸੋਸਾਇਟੀਜ਼ ਐਕਟ ਤਹਿਤ ਇੱਕ ਰਜਿਸਟਰਡ ਸੰਗਠਨ ਹੁੰਦਾ ਹੈ। ਮੁਹੱਲਾ ਪੱਧਰ ਤੇ ਸੂਖਮ ਯੋਜਨਾਵਾਂ ਤਿਆਰ ਕੀਤੀਆਂ ਜਾਂਦੀਆਂ ਹਨ। ਸੂਖਮ ਯੋਜਨਾਵਾਂ ਦਾ ਨਿਰੀਖਣ ਕਰਕੇ ਅਗੇਤ ਅਨੁਸਾਰ ADS ਦੇ ਪੱਧਰ ਤੇ ਨਿੱਕੀ ਯੋਜਨਾ (Mini Plan) ਤਿਆਰ ਕੀਤੀ ਜਾਂਦੀ ਹੈ। ਉਚਿਤ ਅਗੇਤ ਨਿਸ਼ਚਿਤ ਕਰਨ ਉਪਰੰਤ ਨਿੱਕੀਆਂ ਯੋਜਨਾਵਾਂ ਨੂੰ ਇੱਕ ਜੁੱਟ ਕਰਕੇ CDS ਪੱਧਰ ਤੇ CDS ਯੋਜਨਾ ਬਣਾਈ ਜਾਂਦੀ ਹੈ ਜੋ ਸਥਾਨਕ ਸਵੈ-ਸ਼ਾਸਨ ਦੀ ਗਰੀਬੀ ਵਿਰੋਧੀ ਸਬ-ਪਲਾਨ ਹੁੰਦੀ ਹੈ।

**ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਸਮੁਦਾ ਦੀ ਭਾਗੀਦਾਰੀ :**

ਠੋਸ ਕੂੜੇ ਕਰਕਟ ਦਾ ਪ੍ਰਬੰਧ ਪੰਜਾਬ ਦੇ ਸ਼ਹਿਰੀ ਇਲਾਕਿਆਂ ਦਾ ਸਫਾਈ ਪ੍ਰਬੰਧ ਸੁਧਾਰਣ ਲਈ ਪਹਿਲੀ ਸ਼ਰਤ ਹੈ ਕਿਉਂਕਿ ਇਸ ਵੇਲੇ ਇਹ ਇਲਾਕੇ ਕੂੜੇ ਕਰਕਟ ਦੇ ਖਿਲਾਰੇ, ਮੁਹੱਲਿਆਂ ਵਿੱਚ ਸਫਾਈ ਦੇ ਮਾੜੇ ਪ੍ਰਬੰਧ ਅਤੇ ਇਸ ਦੇ ਸੰਚਾਲਨ ਤੇ ਸਾਂਭ ਸੰਭਾਲ ਵਿੱਚ ਲੋਕਾਂ ਦੀ ਭਾਗੀਦਾਰੀ ਨਾ ਹੋਣ ਦੀ ਸਮੱਸਿਆ ਦਾ ਸਾਮ੍ਹਣਾ ਕਰ ਰਹੇ ਹਨ। ਕਈ ਨਗਰਾਂ ਵਿੱਚ ਨਾਗਰਿਕ ਸੇਵਾਵਾਂ ਦੇਣ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਸੀਲਿਆਂ ਦੇ ਉਪਯੋਗ ਵਾਸਤੇ ਸਥਾਨਕ ਲੋਕਾਂ ਦਾ ਸਹਿਯੋਗ ਲਿਆ ਗਿਆ। ਇਸ ਤਰ੍ਹਾਂ ਦੇ ਕਈ ਸੰਗਠਨ ਹਨ ਬੜੌਦਾ ਵਿੱਚ ਸਿਟੀਜ਼ਨਜ਼ ਕੌਂਸਲ, ਚੇਨਈ ਵਿੱਚ EXNORA, ਲਖਨਊ ਵਿੱਚ ਮੁਸਕਾਨ ਜਯੋਤੀ ਸਮਿਤੀ, ਚੰਡੀਗੜ੍ਹ ਵਿੱਚ ਮੁਹੱਲਾ ਸੁਧਾਰ ਕਮੇਟੀਆਂ ਅਤੇ ਕੂੜੇ ਦੇ ਢੇਲ ਰਹਿਤ ਸਕੀਮ ਅਤੇ ਅਹਿਮਦਾਬਾਦ ਵਿੱਚ SEWA । ਪੰਜਾਬ ਵਿੱਚ ਲੁਧਿਆਣਾ ਵਿਖੇ ਸਥਾਨਕ ਲੋਕਾਂ ਨੂੰ ਸਫਾਈ ਪ੍ਰਬੰਧ ਵਿੱਚ ਸ਼ਾਮਿਲ ਕਰਕੇ ਮੁਹੱਲਾ ਸਫਾਈ ਕਮੇਟੀਆਂ ਬਣਾਈਆਂ ਗਈਆਂ ਹਨ। ਇਸੇ ਤਰ੍ਹਾਂ

ਦੇ ਉਪਰਾਲੇ ਪੰਜਾਬ ਦੇ ਬਾਕੀ ਨਗਰਾਂ ਵਿੱਚ ਕੀਤੇ ਜਾ ਸਕਦੇ ਹਨ।

## ਯੂਰਪ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਲੋਕਾਂ ਦੀ ਭਾਗੀਦਾਰੀ :

ਯੂਰਪ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਲੋਕਾਂ ਦੀ ਭਾਗੀਦਾਰੀ ਸਥਾਨਕ ਪੱਧਰ ਦੀਆਂ ਸ਼ਹਿਰੀ ਨੀਤੀਆਂ ਦਾ ਮਹੱਤਵਪੂਰਣ ਅੰਗ ਹਨ। ਇੰਗਲੈਂਡ ਵਿੱਚ ਲੈਸਟਰ ਵਿਖੇ ਮੁਹੱਲਾ ਪੱਧਰ ਤੇ ਲੋਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਲਈ ਏਰੀਆ ਕਮੇਟੀਆਂ ਬਣਾਈਆਂ ਗਈਆਂ ਹਨ। ਐਂਡਰੂ ਟੌਮਸ ਦੁਆਰਾ ਦਿੱਤਾ ਗਿਆ ਇਨ੍ਹਾਂ ਕਮੇਟੀਆਂ ਦਾ ਸੰਖੇਪ ਵਰਣਨ ਨਿਮਨ ਪ੍ਰਕਾਰ ਹੈ :

**ਏਰੀਆ ਕਮੇਟੀਆਂ (ਲੈਸਟਰ ਸਿਟੀ ਕੌਂਸਲ) :** ਸਰਕਾਰ ਨੇ ਇਹ ਮੰਨ ਲਿਆ ਹੈ ਕਿ ਕੁੱਝ ਸਥਾਨਕ ਮਾਮਲਿਆ ਦਾ ਨਿਪਟਾਰਾ ਨਗਰ ਪੱਧਰ ਦੀ ਬਜਾਇ ਮੁਹੱਲਾ ਪੱਧਰ ਤੇ ਸਭ ਤੋਂ ਵਧੀਆ ਢੰਗ ਨਾਲ ਕੀਤਾ ਜਾ ਸਕਦਾ ਹੈ। ਇਸ ਲਈ ਸਥਾਨਕ ਸਰਕਾਰ ਦੇ ਆਧੁਨਿਕੀਕਰਣ ਦੇ ਕਾਰਜਕ੍ਰਮ ਤਹਿਤ ਇਲਾਕਾ ਆਧਾਰਤ ਹੱਲਾਂ ਦਾ ਸੁਆਗਤ ਕੀਤਾ ਜਾਂਦਾ ਹੈ।

ਲੈਸਟਰ ਸਿਟੀ ਕੌਂਸਲ ਨੇ ਲੋਕਾਂ ਅਤੇ ਉਨ੍ਹਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਕੌਂਸਲਰਾਂ ਨੂੰ ਇੱਕ ਦੂਜੇ ਦੇ ਹੋਰ ਨੇੜੇ ਲਿਆਉਣ ਲਈ ਏਰੀਆ ਕਮੇਟੀਆਂ ਬਣਾਈਆਂ ਹਨ। ਇਨ੍ਹਾਂ ਕਮੇਟੀਆਂ ਦੀ ਮੀਟਿੰਗ ਵਿੱਚ ਕੋਈ ਵੀ ਭਾਗ ਲੈ ਸਕਦਾ ਹੈ। ਇਨ੍ਹਾਂ ਕਮੇਟੀਆਂ ਦੇ ਅੱਠ ਕਾਰਜ ਇਸ ਪ੍ਰਕਾਰ ਹਨ :

* ਇਲਾਕੇ ਨਾਲ ਸੰਬੰਧਤ ਫੈਸਲੇ ਕਰਨੇ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨਾ
* ਸਮੁਦਾ ਨੂੰ ਕੰਮ ਲਗਾਉਣਾ
* ਏਰੀਆ ਕਮੇਟੀ ਦੀਆਂ ਯੋਜਨਾਵਾਂ ਬਣਾਉਣਾ
* ਮੁਹੱਲੇ ਦੀ ਕਾਇਆ-ਪਲਟ ਦੇ ਕਾਰਜ ਨੂੰ ਅੱਗੇ ਤੋਰਨਾ
* ਕੌਂਸਲ ਦੇ ਫੈਸਲਿਆਂ ਦੀ ਸਥਾਨਕ ਪਰਿਪੇਖ ਤੋਂ ਸਮੀਖਿਆ ਕਰਨ ਵਿੱਚ ਸਹਾਇਤਾ ਕਰਨਾ
* ਕੌਂਸਲ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਵਾਲੇ ਹੋਰ ਸੰਗਠਨਾਂ ਦੀ ਉੱਤਮ ਸੇਵਾ ਅਤੇ ਕਾਰਜ ਪੂਰਤੀ ਦੇ ਪ੍ਰਬੰਧ (Performance management) ਵਿੱਚ ਸਹਾਇਤਾ ਕਰਨਾ
* ਸਥਾਨਕ ਭਾਗੀਦਾਰੀਆਂ ਨੂੰ ਵਿਕਸਿਤ ਕਰਨਾ
* ਸਮੁਦਾ ਦੇ ਆਪਸੀ ਮੇਲ ਜੋਲ ਨੂੰ ਵਧਾਉਣਾ

ਸਥਾਨਕ ਮਾਮਲਿਆਂ ਦੇ ਪ੍ਰਬੰਧ ਵਿੱਚ ਨਾਗਰਿਕਾਂ ਅਤੇ ਸਮੁਦਾ ਦੀ ਭਾਗੀਦਾਰੀ ਦੀ ਖਬਰ ਯੂਰਪ ਦੇ ਬਹੁਤ ਸਾਰੇ ਸ਼ਹਿਰਾਂ ਤੋਂ ਮਿਲੀ ਹੈ। ਨੀਦਰਲੈਂਡ ਵਿੱਚ ਟਿਲਬਰਗ ਅਤੇ ਡੈਲਫਟ, ਫਿਨਲੈਂਡ ਵਿੱਚ ਹਿਮੀਨਲਿਨਾ ਅਤੇ ਬਰਤਾਨੀਆ ਵਿੱਚ ਬ੍ਰੇਨਟਰੀ ਇਸ ਦੀਆਂ ਕੁੱਝ ਉਦਾਹਰਣਾਂ ਹਨ। ਇਨ੍ਹਾਂ ਸ਼ਹਿਰਾਂ ਨੇ ਨਾਗਰਿਕਾਂ ਅਤੇ ਸਮੁਦਾ ਦੀ ਭਾਗੀਦਾਰੀ ਦੀ ਸਪਸ਼ਟ ਨੀਤੀ ਬਣਾਈ ਹੈ ਜਿਸ ਨੂੰ ਸਥਾਨਕ ਸ਼ਹਿਰੀ ਨੀਤੀ ਦਾ ਇੱਕ ਮਹੱਤਵਪੂਰਣ ਅੰਗ ਸਮਝਿਆ ਜਾਂਦਾ ਹੈ। ਇਨ੍ਹਾਂ ਸ਼ਹਿਰਾਂ ਦੀ ਦੂਰ ਦ੍ਰਿਸ਼ਟੀ ਵਿੱਚ ਸ਼ਾਸਨ ਦੀ ਗੁਣਵੱਤਾ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਸੁਧਾਰ ਲਿਆਉਣ ਲਈ ਸਮੁਦਾ ਦੀ ਭਾਗੀਦਾਰੀ ਦੀ ਸੰਭਾਵਨਾ ਸਪਸ਼ਟ ਤੌਰ ਤੇ ਪਾਈ ਜਾਂਦੀ ਹੈ। ਸਥਾਨਕ ਲੋਕ ਸ਼ਹਿਰੀ ਸਮੱਸਿਆਵਾਂ ਦਾ ਸਥਾਨਕ ਹੱਲ ਪੇਸ਼ ਕਰਦੇ ਹਨ। ਲੋਕਾਂ ਦੀ ਵਧੇਰੇ ਭਾਗੀਦਾਰੀ ਨੂੰ ਕੁਸ਼ਲ ਨਗਰ ਪ੍ਰਬੰਧ ਅਤੇ ਸਥਾਨਕ ਸ਼ਾਸਨ ਦੀ ਉਤਪਾਦਕਤਾ ਦਾ ਇੱਕ ਵੱਡਾ ਸਾਧਨ ਮੰਨਿਆ ਜਾਂਦਾ ਹੈ। ਲੋਕਾਂ ਦੀ ਭਾਗੀਦਾਰੀ ਵਿੱਚ ਵਾਧਾ ਕਰਨ ਦੀ ਰਣਨੀਤੀ ਦੇ ਤੌਰ ਤੇ ਬਹੁਤ ਸਾਰੇ ਮੁਹੱਲਾ ਪੱਧਰ ਦੇ ਸਮੂਹ ਬਣਾਏ ਗਏ ਹਨ ਜਿਨ੍ਹਾਂ ਨੂੰ ਸਮੁਦਾ ਵਿਕਾਸ ਦੀਆਂ ਗਤੀਵਿਧੀਆਂ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਸ਼ਹਿਰ ਉਪਭੋਗਤਾ ਦੇ ਰੁਖ ਨੂੰ ਮਹੱਤਵ ਦਿੰਦੇ ਹਨ ਅਤੇ ਇਸ ਲਈ ਉਪਭੋਗਤਾਵਾਂ ਦੇ ਅਨੁਭਵ ਅਤੇ ਸਥਾਨਕ ਸ਼ਾਸਨ ਦੀ ਕਾਰਜ-ਪੂਰਤੀ ਬਾਰੇ ਅੰਕੜੇ ਇਕੱਠੇ ਕਰਨ ਲਈ ਨਿਯਮਿਤ ਸਰਵੇਖਣ ਕਰਵਾਏ ਜਾਂਦੇ ਹਨ। ਯੂਰਪ ਦੇ ਜਿਆਦਾਤਰ ਸ਼ਹਿਰਾਂ ਨੇ ਅਨੁਭਵ ਕਰ ਲਿਆ ਹੈ ਕਿ ਸਥਾਨਕ ਲੋਕਾਂ ਦੇ ਸਰਗਰਮ ਸਹਿਯੋਗ ਬਗੈਰ ਸਥਾਨਕ ਸਮੱਸਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਇਆ ਨਹੀਂ ਜਾ ਸਕਦਾ।

ਲਗਭਗ 50,000 ਦੀ ਅਬਾਦੀ ਵਾਲੇ ਫਿਨਲੈਂਡ ਦੇ ਹਿਮੀਨਲਿਨਾ ਸ਼ਹਿਰ ਨੇ ਕਈ ਨਾਗਰਿਕ ਅਤੇ ਸਮੁਦਾ ਮੁਖੀ ਪ੍ਰੋਗਰਾਮ ਅਰੰਭ ਕੀਤੇ ਹਨ ਤਾਂ ਕਿ ਜਨਤਾ ਦੀ ਭਾਗੀਦਾਰੀ ਵਿੱਚ ਵਾਧਾ ਕੀਤਾ ਜਾ ਸਕੇ। ਨਾਗਰਿਕਾਂ ਦੇ ਅਧਿਕਾਰ ਪੱਤਰ ਦੀ ਪ੍ਰਣਾਲੀ ਸਭ ਤੋਂ ਪਹਿਲਾਂ ਹਿਮੀਨਲਿਨਾ ਵਿੱਚ ਲਾਗੂ ਕੀਤੀ ਗਈ ਸੀ। ਸ਼ਿਕਾਇਤ ਨਿਵਾਰਣ ਦੀ ਇੱਕ ਗੈਰ-ਰਸਮੀ ਪ੍ਰਣਾਲੀ ਸਥਾਪਤ ਕਰਨ ਲਈ ਸਥਾਨਕ ਸ਼ਾਸਨ ਨੇ ਇੱਕ ਸ਼ਿਕਾਇਤਾਂ ਸੰਬੰਧੀ ਬੋਰਡ ਬਣਾਇਆ ਹੈ। ਇਸ ਪ੍ਰਣਾਲੀ ਦਾ ਮੁੱਖ ਲੱਛਣ ਇਹ ਹੈ ਕਿ ਨਾਗਰਿਕਾਂ ਦੇ ਅਧਿਕਾਰ ਪੱਤਰ ਕੇਵਲ ਨਗਰ ਪੱਧਰ ਤੇ ਹੀ ਨਹੀਂ ਬਲਕਿ ਵੱਖ-ਵੱਖ ਵਿਭਾਗਾਂ ਅਤੇ ਸੇਵਾਵਾਂ ਦੇ ਪੱਧਰ ਤੇ ਵੀ ਤਿਆਰ ਕੀਤੇ ਜਾਂਦੇ ਹਨ। ਇਸ ਪ੍ਰਣਾਲੀ ਨੂੰ ਸਹਾਰਾ ਦੇਣ ਲਈ ਇਸ ਤੇ ਕਾਰਵਾਈ ਕਰਨ, ਕੌਮੀ ਪੱਧਰ ਤੇ ਸ਼ਹਿਰਾਂ ਦੇ ਸਰਵੇਖਣ ਅਤੇ ਸ਼ੋਧ ਪ੍ਰੋਗਰਾਮਾਂ ਦੀ ਵੀ ਵਿਵਸਥਾ ਹੈ। ਇਸ ਤੋਂ ਇਲਾਵਾ ਫੁਰਸਤ ਦੇ ਪਲਾਂ ਦਾ ਅਨੰਦ ਮਾਨਣ ਅਤੇ ਖੇਡਾਂ ਵਗੈਰਾ ਲਈ ਇੱਕ ਨਗਰ ਸਭਾ (Civil Forum) ਵੀ ਬਣਾਈ ਗਈ ਹੈ। ਸਹਿਯੋਗ ਦੇ ਉਪਰਾਲੇ ਨੂੰ ਉਤਸ਼ਾਹਤ ਕਰਨ ਲਈ ਹਿਮੀਨਲਿਨਾ ਨੇ ਸਹਿਕਾਰੀ ਯੋਜਨਾਬੰਦੀ ਅਤੇ ਪੁਨਰ-ਵਿਕਾਸ ਦਾ ਇੱਕ ਹੋਰ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸਦਾ ਉਦੇਸ਼ ਪ੍ਰਬੰਧ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਸ਼ਾਸਨ ਨੂੰ ਲਾਮਬੰਦ ਕਰਨਾ ਹੈ।

## 2. ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ :

ਪੰਜਾਬ ਦੇ ਸ਼ਹਿਰੀ ਸ਼ਾਸਨ ਦੀ ਗੁਣਵੱਤਾ ਮਾੜੀ ਹੈ ਕਿਉਂਕਿ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਪ੍ਰਬੰਧ ਪ੍ਰਣਾਲੀ ਐਵੇਂ ਸਮਾਂ ਨਸ਼ਟ ਕਰਨ ਵਾਲੀ ਅਤੇ ਪੁਰਾਣੀ ਹੈ। ਹੱਥ ਨਾਲ ਤੱਥ ਦਰਜ ਕਰਨਾ, ਨਗਰ ਪਾਲਕਾ ਦੀਆਂ ਸੰਪਤੀਆਂ ਦਾ ਮਾੜਾ ਪ੍ਰਬੰਧ, ਸ਼ਿਕਾਇਤਾਂ ਸੁਣਨ ਅਤੇ ਉਨ੍ਹਾਂ ਦੇ ਨਿਵਾਰਣ ਦੀ ਸਰਲ ਪ੍ਰਣਾਲੀ ਦਾ ਨਾ ਹੋਣਾ, ਬਿਲ ਬਣਾਉਣ ਅਤੇ ਵਸੂਲ ਕਰਨ ਵਿੱਚ ਕਮੀਆਂ, ਨਿਯਮਤੀਕਰਣ ਦੀ ਇੱਕ ਮਜਬੂਤ ਪ੍ਰਣਾਲੀ ਦੀ ਅਣਹੋਂਦ ਅਤੇ ਨਗਰ ਪਾਲਕਾਵਾਂ, ਨਾਗਰਿਕਾਂ, ਗੈਰ ਸਰਕਾਰੀ ਸੰਗਠਨਾਂ (NGOs) ਅਤੇ ਨਿੱਜੀ ਖੇਤਰ ਵਿਚਕਾਰ ਭਾਗੀਦਾਰੀ ਨਾ ਹੋਣ ਜਿਹੇ ਕਾਰਣਾਂ ਕਰਕੇ ਸ਼ਹਿਰੀ ਪ੍ਰਬੰਧ ਦੀ ਗੁਣਵੱਤਾ ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਠੋਸ ਅਤੇ ਤਰਲ ਗੰਦਗੀ ਦੇ ਪ੍ਰਬੰਧ ਵਿੱਚ ਕਈ ਗੰਭੀਰ ਕਮੀਆਂ ਹੋਣ ਕਰਕੇ ਸ਼ਹਿਰੀ ਖੇਤਰਾਂ ਦੇ ਪਰਿਆਵਰਣ ਤੇ ਮਾੜਾ ਅਸਰ ਪੈ ਰਿਹਾ ਹੈ। ਜਲ ਪੂਰਤੀ, ਗੰਦੇ ਪਾਣੀ ਦੀ ਨਿਕਾਸੀ, ਬਿਜਲੀ ਅਤੇ ਹੋਰ ਸੇਵਾਵਾਂ ਵਿੱਚ ਵਰਤੀ ਜਾਣ ਵਾਲੀ ਤਕਨਾਲੋਜੀ ਕਰਕੇ ਕਈ ਹਾਨੀਕਾਰਕ ਗੈਸਾਂ ਨਿੱਕਲ ਰਹੀਆਂ ਹਨ। ਸ਼ਹਿਰੀ ਸ਼ਾਸਨ ਦੇ ਵੱਖ-ਵੱਖ ਮਹੱਤਵਪੂਰਣ ਵਿਭਾਗਾਂ, ਯੋਜਨਾਬੰਦੀ ਅਤੇ ਵਿਕਾਸ ਵਿੱਚ ਨਿਰੰਤਰ ਸਿਖਲਾਈ ਦੇ ਪ੍ਰੋਗਰਾਮਾਂ ਦੁਆਰਾ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਸਮਰਥਾ ਵਿੱਚ ਵਾਧਾ ਕਰਕੇ ਉਨ੍ਹਾਂ ਦੀ ਕਾਰਜ ਕੁਸ਼ਲਤਾ ਵਿੱਚ ਸੁਧਾਰ ਕਰਨ ਦਾ ਕੋਈ ਗੰਭੀਰ ਯਤਨ ਨਹੀਂ ਕੀਤਾ ਗਿਆ। ਦੂਜੇ ਪਾਸੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਚੋਣਵੇਂ ਦੇਸ਼ਾਂ ਵਿੱਚ ਸ਼ਹਿਰੀ ਪ੍ਰਬੰਧ ਪ੍ਰਣਾਲੀ ਦੇ ਸੁਧਾਰ ਲਈ ਕਈ ਕਦਮ ਉਠਾਏ ਗਏ ਹਨ ਜਿਨ੍ਹਾਂ ਵਿੱਚੋਂ ਕੁੱਝ-ਕੁ ਦੀ ਚਰਚਾ ਹੇਠਾਂ ਕੀਤੀ ਜਾ ਰਹੀ ਹੈ:

### (1) ਵਿਸਤ੍ਰਿਤ ਭਾਗੀਦਾਰੀਆਂ/ਸਥਾਨਕ ਖੇਤਰ ਬਾਰੇ ਸਮਝੌਤੇ (Local Area Agreements)/ ਸੰਯੁਕਤ ਮਿਉਂਸਿਪਲ ਪ੍ਰਬੰਧ ਬੋਰਡ/ਇਕਰਾਰਨਾਮੇ (Covenants) ਅਤੇ ਅਸਥਾਈ ਸੰਘ (Consortiums)

ਪੰਜਾਬ ਦੇ ਸ਼ਹਿਰੀ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੇ ਨਗਰ ਪ੍ਰਬੰਧ ਵਿੱਚ ਸੁਧਾਰ ਲਿਆਉਣ ਲਈ ਵਿਸਤ੍ਰਿਤ ਭਾਗੀਦਾਰੀਆਂ ਵਿਕਸਤ ਨਹੀਂ ਕੀਤੀਆਂ ਅਤੇ ਨਾ ਹੀ ਲੋਕਲ ਏਰੀਆ ਐਗਰੀਮੈਂਟ, ਕੋਵੀਨੈਂਟ ਜਾਂ ਮਿਉਂਸਿਪਲ ਕਨਸੋਰਟਿਅਮ ਜਿਹੀਆਂ ਵਿਧੀਆਂ ਹੀ ਅਪਣਾਈਆਂ ਹਨ। ਨਗਰਾਂ ਦਾ ਆਪਸ ਵਿੱਚ ਸਹਿਯੋਗ ਨਾ ਬਰਾਬਰ ਹੈ। ਛੋਟੀਆਂ ਅਤੇ ਦਰਮਿਆਨੀਆਂ ਨਗਰ ਪਾਲਕਾਵਾਂ ਮਾੜੀ ਵਿੱਤੀ ਹਾਲਤ ਅਤੇ ਮਾੜੇ ਤਕਨੀਕੀ ਵਸੀਲੇ ਹੋਣ ਕਰਕੇ ਅਪਣੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਨੂੰ ਸੁਧਾਰਣ ਵਿੱਚ ਅਸਫਲ ਰਹੀਆਂ ਹਨ। ਯੂਰਪੀ ਦੇਸ਼ਾਂ ਵਿੱਚ ਵਿਕਸਤ ਕੀਤੀਆਂ ਗਈਆਂ ਭਾਗੀਦਾਰੀਆਂ ਅਤੇ ਹੋਰ ਵਿਵਸਥਾਵਾਂ ਨੂੰ ਲਾਗੂ ਕਰਕੇ ਪੰਜਾਬ ਦੇ ਨਗਰ ਪ੍ਰਬੰਧ ਨੂੰ ਸੁਧਾਰਿਆ ਜਾ ਸਕਦਾ ਹੈ।

ਇੰਗਲੈਂਡ ਵਿੱਚ ਲੈਸਟਰ ਸਿਟੀ ਕੌਂਸਲ ਨੇ ਵਿਸਤ੍ਰਿਤ ਭਾਗੀਦਾਰੀਆਂ ਅਤੇ ਲੋਕਲ ਏਰੀਆ ਐਗਰੀਮੈਂਟਾਂ (ਸਥਾਨਕ ਖੇਤਰ ਬਾਰੇ ਸਮਝੌਤਿਆਂ) ਦੀ ਪ੍ਰਣਾਲੀ ਵਿਕਸਤ ਕੀਤੀ ਹੈ। ਲੈਸਟਰ ਭਾਗੀਦਾਰੀ (ਜੋ ਕਿ ਸਥਾਨਕ ਰਣਨੀਤੀ ਤੇ

ਆਧਾਰਤ ਹੈ), ਇੱਕ ਵਿਸਤ੍ਰਿਤ ਅਤੇ ਪ੍ਰਤੀਨਿਧ ਸੰਗਠਨ ਹੈ। ਇਸ ਵਿੱਚ ਜਨਤਾ, ਸਮੁਦਾ, ਵਪਾਰਕ ਅਦਾਰਿਆਂ ਅਤੇ ਸਵੈ-ਇੱਛਤ ਖੇਤਰਾਂ ਦੇ ਪ੍ਰਤੀਨਿਧ ਹੁੰਦੇ ਹਨ ਜੋ ਲੈਸਟਰ ਦੇ ਲੋਕਾਂ ਦੇ ਵਡੇਰੇ ਹਿੱਤਾਂ ਲਈ ਇਕੱਠੇ ਹੋਏ ਹਨ। ਲੈਸਟਰ ਸਿਟੀ ਕੌਂਸਲ ਇਸ ਭਾਗੀਦਾਰੀ ਵਿੱਚ ਮੁੱਖ ਮੈਂਬਰ ਹੈ। ਲੋਕਲ ਏਰੀਆ ਐਗਰੀਮੈਂਟ ਕੇਂਦਰ ਸਰਕਾਰ, ਸਥਾਨਕ ਸ਼ਾਸਨ ਅਤੇ ਉਨ੍ਹਾਂ ਦੇ ਸਾਂਝੀਦਾਰਾਂ ਵਿੱਚ ਇੱਕ ਨਵੀਂ ਪ੍ਰਕਾਰ ਦਾ ਸਮਝੌਤਾ ਹੁੰਦਾ ਹੈ ਜਿਸਦਾ ਉਦੇਸ਼ ਸਥਾਨਕ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਸੁਧਾਰ ਕਰਨਾ ਅਤੇ ਉਨ੍ਹਾਂ ਦੀ ਕਾਰਜ ਕੁਸ਼ਲਤਾ ਨੂੰ ਵਧਾਉਣਾ, ਕੇਂਦਰ ਸਰਕਾਰ ਦੀਆਂ ਅਗੇਤਾਂ ਦਾ ਸਥਾਨਕ ਅਗੇਤਾਂ ਨਾਲ ਗੱਠ-ਜੋੜ ਕਰਨਾ ਅਤੇ ਲੋਕਲ ਏਰੀਆ ਐਗਰੀਮੈਂਟ ਦੇ ਟੀਚਿਆਂ ਦੇ ਸਮਰਥਨ ਲਈ ਲੁੜੀਂਦੀ ਸੁਤੰਤਰਤਾ ਅਤੇ ਲਚਕ ਮੁਹੱਈਆ ਕਰਵਾਉਣਾ ਹੈ।

ਇਟਲੀ ਵਿੱਚ ਵੀ ਭਾਗੀਦਾਰੀ ਕਈ ਰੂਪਾਂ ਵਿੱਚ ਸਥਾਪਤ ਕੀਤੀ ਗਈ ਹੈ ਜਿਵੇਂ ਕਿ ਕਾਰਜਾਂ ਅਤੇ ਸੇਵਾਵਾਂ ਦੇ ਪ੍ਰਬੰਧ ਲਈ ਨਗਰਪਾਲਕਾਵਾਂ ਅਤੇ ਪ੍ਰਾਂਤਾਂ ਵਿੱਚ ਇਕਰਾਰਨਾਮੇ, ਜਾਂ ਸਥਾਨਕ ਕਾਰਜਾਂ ਦੀ ਪੂਰਤੀ ਦੇ ਉਦੇਸ਼ ਨਾਲ ਨਗਰ ਪਾਲਕਾਵਾਂ, ਪ੍ਰਾਂਤਾਂ, ਖੇਤਰਾਂ, ਸਰਕਾਰੀ ਸ਼ਾਸਨਾਂ ਜਾਂ ਹੋਰ ਸਰਕਾਰੀ ਵਿਭਾਗਾਂ ਵਿਚਕਾਰ ਪ੍ਰੋਗਰਾਮਾਂ ਸੰਬੰਧੀ ਸਮਝੌਤੇ। ਛੋਟੇ ਕਸਬਿਆਂ ਦੀਆਂ ਸੰਸਥਾਗਤ ਕਮੀਆਂ ਦੀ ਸਮੱਸਿਆਂ ਦੇ ਹੱਲ ਲਈ, ਖੇਤਰਾਂ ਨੇ ਨਗਰ ਪਾਲਕਾਵਾਂ ਨਾਲ ਸੰਯੁਕਤ ਸੇਵਾ ਪ੍ਰਬੰਧ ਦੇ ਮਿਆਰਾਂ ਬਾਰੇ ਸਹਿਮਤੀ ਪਰਗਟ ਕੀਤੀ ਹੈ। ਕਨਸੋਰਟਿਅਮ, ਜੋ ਕਿ ਇੱਕ ਕਾਨੂੰਨੀ ਤੌਰ ਤੇ ਜਿੰਮੇਵਾਰ ਅਤੇ ਸੁਤੰਤਰ ਬਜਟ ਵਾਲਾ ਸੰਗਠਨ ਹੁੰਦਾ ਹੈ, ਸਥਾਨਕ ਸ਼ਾਸਨਾਂ ਵਿੱਚ ਸਹਿਯੋਗ ਦਾ ਇੱਕ ਮਹੱਤਵਪੂਰਣ ਸਾਧਨ ਬਣ ਚੁੱਕਿਆ ਹੈ। ਇਸ ਵਿਵਸਥਾ ਤਹਿਤ ਸੇਵਾਵਾਂ ਅਤੇ ਪਦਾਂ ਦਾ ਸੰਯੁਕਤ ਪ੍ਰਬੰਧ ਕੀਤਾ ਜਾਂਦਾ ਹੈ। ਕਨਸੋਰਟਿਅਮ ਸਥਾਪਤ ਕਰਨ ਲਈ, ਸੰਬੰਧਤ ਸੰਸਥਾਵਾਂ ਨੂੰ ਇੱਕ ਇਕਰਾਰਨਾਮੇ ਤੇ ਹਸਤਾਖਰ ਕਰਨੇ ਪੈਂਦੇ ਹਨ। ਇਸ ਉਪਰੰਤ ਸਥਾਨਕ ਪ੍ਰਤੀਨਿਧੀ ਕੌਂਸਲਾਂ ਇਸ ਨੂੰ ਅਪਣਾ ਲੈਂਦੀਆਂ ਹਨ। ਇਟਲੀ ਵਿੱਚ ਕਈ ਨਗਰ ਪਾਲਕਾਵਾਂ ਦੀਆਂ ਸੰਸਥਾਗਤ ਕਮੀਆਂ ਦੀ ਸਮੱਸਿਆ ਨਾਲ ਨਿਪਟਣ ਵਿੱਚ ਅਜਿਹੀਆਂ ਭਾਗੀਦਾਰੀਆਂ ਮਹੱਤਵਪੂਰਣ ਭੂਮਿਕਾ ਅਦਾ ਕਰਦੀਆਂ ਹਨ। ਨੀਦਰਲੈਂਡ ਵਿੱਚ ਸਥਾਨਕ ਸ਼ਾਸਨ ਨਗਰ ਪ੍ਰਬੰਧ ਦੇ ਕਈ ਕਾਰਜਾਂ ਨੂੰ ਪੂਰਾ ਕਰਨ ਲਈ ਦੇਸ਼ ਵਿਚਲੇ ਜਾਂ ਹੋਰਾਂ ਦੇਸ਼ਾਂ ਦੇ ਸਥਾਨਕ ਸ਼ਾਸਨਾਂ ਦਾ ਸਹਿਯੋਗ ਲੈ ਸਕਦੇ ਹਨ।

ਸੰਯੁਕਤ ਮਿਉਂਸਿਪਲ ਬੋਰਡ ਫਿਨਲੈਂਡ ਦੀਆਂ ਨਗਰ ਪਾਲਕਾਵਾਂ ਦਾ ਇੱਕ ਨਿਵੇਕਲਾ ਲੱਛਣ ਹਨ। ਵੱਖ-ਵੱਖ ਨਗਰ ਪਾਲਕਾਵਾਂ ਸੰਯੁਕਤ ਮਿਉਂਸਿਪਲ ਬੋਰਡ ਬਣਾਉਣ ਲਈ ਆਪਸ ਵਿੱਚ ਇੱਕ ਅਨੁਬੰਧ ਕਰ ਲੈਂਦੀਆਂ ਹਨ ਤਾਂ ਕਿ ਉਹ ਬੁਨਿਆਦੀ ਢਾਂਚਾ ਜਾਂ ਜਰੂਰੀ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਸਹਿਯੋਗ ਕਰ ਸਕਣ। ਮਿਉਂਸਿਪਲ ਬੋਰਡਾਂ ਦੀ ਸਥਾਪਤੀ ਕੁੱਝ ਵਿਸ਼ੇਸ਼ ਕਾਰਜ ਲਗਾਤਾਰ ਕਰਦੇ ਰਹਿਣ ਲਈ ਕੀਤੀ ਜਾਂਦੀ ਹੈ। ਇਹ ਮੈਂਬਰ-ਮਿਉਂਸਿਪਲਟੀਆਂ ਨਾਲੋਂ ਵੱਖਰੀਆਂ ਅਤੇ ਸੁਤੰਤਰ ਕਾਨੂੰਨੀ ਇਕਾਈਆਂ ਹੁੰਦੀਆਂ ਹਨ ਜਿਨ੍ਹਾਂ ਦਾ ਅਪਣਾ ਹੀ ਵਿੱਤੀ ਅਤੇ ਪ੍ਰਸ਼ਾਸਨਿਕ ਢਾਂਚਾ ਹੁੰਦਾ ਹੈ। ਇਸ ਤਰ੍ਹਾਂ ਇਹ ਸਭ ਤੋਂ ਜਿਆਦਾ ਸਾਧਨ ਸੰਪੰਨ ਸੰਗਠਨ ਹੁੰਦੇ ਹਨ। ਸੰਯੁਕਤ ਮਿਉਂਪਿਸਲ ਬੋਰਡਾਂ ਦਾ ਪ੍ਰਸ਼ਾਸਨ ਲੋਕਲ ਗੌਰਮਿੰਟ ਐਕਟ ਤਹਿਤ ਆਉਂਦਾ ਹੈ। ਇਹ ਕਰ ਨਹੀਂ ਲਗਾ ਸਕਦੇ ਅਤੇ ਇਨ੍ਹਾਂ ਦੀ ਆਮਦਨੀ ਮੁੱਖ ਤੌਰ ਤੇ ਸਰਕਾਰੀ ਗਰਾਂਟਾਂ ਅਤੇ ਮੈਂਬਰ-ਮਿਉਂਸਿਪਲਟੀਆਂ ਦੁਆਰਾ ਇੱਕ ਨਿਸ਼ਚਿਤ ਅਨੁਪਾਤ ਵਿੱਚ ਕੀਤੇ ਗਏ ਯੋਗਦਾਨਾਂ ਤੋਂ ਹੁੰਦੀ ਹੈ। ਪੰਜਾਬ ਇਨ੍ਹਾਂ ਤੋਂ ਸਬਕ ਲੈ ਕੇ ਨਗਰ ਪ੍ਰਬੰਧ ਦੇ ਸੁਧਾਰ ਲਈ ਹੋਰ ਵੱਡੀਆਂ ਭਾਗੀਦਾਰੀਆਂ ਸਥਾਪਤ ਕਰ ਸਕਦਾ ਹੈ।

### (ii) ਨਗਰ ਪਾਲਕਾਵਾਂ ਦੁਆਰਾ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਜਿੰਮੇਵਾਰੀ ਨਿੱਜੀ ਖੇਤਰ ਨੂੰ ਸੌਂਪਣਾ ਅਤੇ ਸਰਕਾਰੀ ਖੇਤਰ, ਨਿੱਜੀ ਖੇਤਰ ਅਤੇ ਲੋਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਨਾ :

ਪੰਜਾਬ ਦੀਆਂ ਸਵੈ-ਸ਼ਾਸਨ ਸੰਸਥਾਵਾਂ ਬਹੁਤ ਸਾਰੀਆਂ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਦੀ ਜਿੰਮੇਵਾਰੀ ਦੇ ਭਾਰ ਹੇਠਾਂ ਦੱਬੀਆਂ ਪਈਆਂ ਹਨ। ਕੂੜੇ ਕਰਕਟ ਦੇ ਪ੍ਰਬੰਧ ਰਾਹੀਂ ਪਰਿਆਵਰਣ ਨੂੰ ਸੁਧਾਰਣਾ ਇਨ੍ਹਾਂ ਦਾ ਇੱਕ ਮੁੱਖ ਕਾਰਜ ਹੈ ਜਿਸ ਵਿੱਚ ਇਨ੍ਹਾਂ ਦੇ ਜ਼ਿਆਦਾਤਰ ਕਰਮਚਾਰੀ ਲੱਗੇ ਹੁੰਦੇ ਹਨ। ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਉਪਰੋਕਤ ਦੇਸ਼ਾਂ ਵਿੱਚ ਨਗਰ ਪਾਲਕਾਵਾਂ ਨੇ ਕੂੜੇ ਕਰਕਟ ਦੇ ਪ੍ਰਬੰਧ ਸਮੇਤ ਅਪਣੇ ਬਹੁਤ ਸਾਰੇ ਕਾਰਜ ਨਿੱਜੀ ਖੇਤਰ ਨੂੰ ਸੌਂਪ ਦਿੱਤੇ ਹਨ। ਨਿੱਜੀ ਖੇਤਰ ਨਾਲ ਸੇਵਾਵਾਂ ਅਤੇ ਪ੍ਰਬੰਧ ਸੰਬੰਧੀ ਅਨੁਬੰਧ

ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਇੱਕ ਆਮ ਗੱਲ ਬਣ ਚੁੱਕੇ ਹਨ। ਯੂਰਪ ਵਿੱਚ ਸੇਵਾਵਾਂ ਸੰਬੰਧੀ ਅਨੁਬੰਧਾਂ ਤੋਂ ਇਲਾਵਾ ਵਿੱਤ, ਪ੍ਰਬੰਧ, ਯੋਜਨਾ ਬਣਾਉਣ ਅਤੇ ਲਾਗੂ ਕਰਨ ਵਿੱਚ ਨਿੱਜੀ ਖੇਤਰ ਦੀ ਭਾਗੀਦਾਰੀ ਜਿਆਦਾ ਪ੍ਰਚੱਲਤ ਹੈ। ਅਰਥਚਾਰੇ ਅਤੇ ਵਿਸ਼ਵ ਦੇ ਬਦਲ ਰਹੇ ਸੰਦਰਭ ਵਿੱਚ ਨਿੱਜੀ ਖੇਤਰ ਨੂੰ ਕਾਰਜ ਕੁਸ਼ਲਤਾ ਵਧਾਉਣ, ਬੁਨਿਆਦੀ ਢਾਂਚੇ ਦੀਆਂ ਯੋਜਨਾਵਾਂ ਵਿੱਚ ਨਿੱਜੀ ਪੂੰਜੀ ਲਗਾਉਣ, ਲਾਗਤ ਦੀ ਵਧੇਰੇ ਵਸੂਲੀ, ਪ੍ਰਤੀਯੋਗਤਾ ਦੀ ਭਾਵਨਾ, ਨਿਯਤਮੀਕਰਣ ਦੇ ਵਧੇਰੇ ਚੰਗੇ ਢਾਂਚੇ ਅਤੇ ਉਪਭੋਗਤਾਵਾਂ ਦੀ ਵਧੇਰੇ ਸੰਤੁਸ਼ਟੀ ਲਈ ਨਿੱਜੀ ਖੇਤਰ ਦੀ ਭੂਮਿਕਾ ਨੂੰ ਮਹੱਤਵਪੂਰਣ ਸਮਝਿਆ ਜਾਂਦਾ ਹੈ। ਕਈ ਰਾਜ ਸਰਕਾਰਾਂ ਨੇ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਨਿੱਜੀ ਖੇਤਰ ਦੀ ਭਾਗੀਦਾਰੀ ਨੂੰ ਅਸਰਦਾਰ ਬਣਾਉਣ ਦੀਆਂ ਵਿਧੀਆਂ ਸਪਸ਼ਟ ਤੌਰ ਤੇ ਬਿਆਨ ਕਰਨ ਲਈ ਸਮਝੌਤੇ ਦੀਆਂ ਸ਼ਰਤਾਂ (MOU) ਤੇ ਹਸਤਾਖਰ ਕੀਤੇ ਹਨ। ਭਾਰਤ ਸਰਕਾਰ ਨੇ ਜਲ ਪੂਰਤੀ ਅਤੇ ਸਫਾਈ ਪ੍ਰਬੰਧ ਵਿੱਚ ਨਿੱਜੀ ਖੇਤਰ ਦੀ ਭੂਮਿਕਾ ਵਧਾਉਣ ਬਾਰੇ ਨਿਰਦੇਸ਼ ਦਿੱਤੇ ਹਨ। ਨਿੱਜੀ ਅਤੇ ਸਰਕਾਰੀ ਖੇਤਰ ਦੀ ਭਾਗੀਦਾਰੀ ਨਾਲ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਅਤੇ ਨਾਗਰਿਕ ਸੇਵਾਵਾਂ ਨੂੰ ਵਧਾਉਣ ਲਈ ਵਿੱਤੀ ਅਤੇ ਕਰ ਸੰਬੰਧੀ ਛੋਟਾਂ ਵੀ ਦਿੱਤੀਆਂ ਜਾ ਰਹੀਆਂ ਹਨ। JNNURM ਦੇ ਹਾਲ ਹੀ ਵਿੱਚ ਸ਼ੁਰੂ ਕੀਤੇ ਗਏ ਪ੍ਰੋਗ੍ਰਾਮ ਵਿੱਚ ਵੀ ਮਹਾਂਨਗਰਾਂ ਤੋਂ ਇਲਾਵਾ ਛੋਟੇ ਅਤੇ ਦਰਮਿਆਨੇ ਕਸਬਿਆਂ ਦੀ ਕਾਇਆ-ਪਲਟ ਦੇ ਕਾਰਜਾਂ ਵਿੱਚ ਨਿੱਜੀ ਖੇਤਰ ਦੀ ਹੋਰ ਵੱਡੀ ਭੂਮਿਕਾ ਦੀ ਵਿਵਸਥਾ ਕੀਤੀ ਗਈ ਹੈ। ਭਾਰਤੀ ਰਾਜ, ਵਿਸ਼ੇਸ਼ ਕਰਕੇ ਕਰਨਾਟਕ, ਮਹਾਰਾਸ਼ਟਰ, ਗੁਜਰਾਤ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼, ਸ਼ਹਿਰਾਂ ਦੇ ਬੁਨਿਆਦੀ ਢਾਂਚੇ ਅਤੇ ਨਾਗਰਿਕ ਸਹੂਲਤਾਂ ਦੇ ਸੰਚਾਲਨ ਤੇ ਸਾਂਭ ਸੰਭਾਲ ਵਿੱਚ ਲਗਾਤਾਰ ਨਿੱਜੀ ਖੇਤਰ ਨੂੰ ਸ਼ਾਮਿਲ ਕਰ ਰਹੇ ਹਨ। ਜਲ ਪੂਰਤੀ ਅਤੇ ਸਫਾਈ ਸੇਵਾਵਾਂ ਸੰਬੰਧੀ ਅਨੁਬੰਧਾਂ ਦੇ ਸੰਖੇਪ ਵੇਰਵੇ ਹੇਠਾਂ ਦਿੱਤੇ ਜਾ ਰਹੇ ਹਨ :

**ੳ. ਸੂਰਤ ਨਗਰ ਨਿਗਮ :** ਜਲ ਸ਼ੁੱਧੀਕਰਣ, ਗੰਦੇ ਜਲ ਦੀ ਨਿਕਾਸੀ ਦੇ ਪੰਪਿੰਗ ਸਟੇਸ਼ਨਾਂ ਦੀ ਮਿੱਟੀ ਕੱਢਣ ਅਤੇ ਸਫਾਈ ਕਰਨ ਦੇ ਕਾਰਜ ਦਾ ਸੰਚਾਲਨ ਅਤੇ ਸਾਂਭ ਸੰਭਾਲ।

**ਅ. ਰਾਜਕੋਟ ਨਗਰ ਨਿਗਮ :** ਗੰਦੇ ਜਲ ਦੀ ਸਫਾਈ ਦੇ ਪ੍ਰਬੰਧ ਦਾ ਸੰਚਾਲਨ ਅਤੇ ਸਾਂਭ ਸੰਭਾਲ।

**ੲ. ਨਗਰ ਅਤੇ ਉਦਯੋਗਿਕ ਵਿਕਾਸ ਕਾਰਪੋਰੇਸ਼ਨ** (CIDCO) **:** ਪਾਣੀ ਦੇ ਖਰਚਿਆਂ ਦੇ ਬਿਲ ਬਣਾਉਣੇ, ਵੰਡਣੇ ਅਤੇ ਵਸੂਲ ਕਰਨੇ, ਜਲ ਪੂਰਤੀ ਪ੍ਰਣਾਲੀ ਦੀ ਨਿਯਮਤ ਮੁਰੰਮਤ ਅਤੇ ਸਾਂਭ ਸੰਭਾਲ।

**ਸ. ਨਾਗਪੁਰ ਨਗਰ ਨਿਗਮ :** ਜਲ ਸ਼ੁੱਧੀਕਰਣ ਕੇਂਦਰਾਂ ਦਾ ਸੰਚਾਲਨ ਤੇ ਸਾਂਭ ਸੰਭਾਲ, 520 TPD ਕੂੜਾ ਕਰਕਟ ਨੂੰ ਸੁਰੱਖਿਅਤ ਬਣਾਉਣ ਦੇ ਸੰਯੰਤਰ ਲਗਾਉਣ ਤੇ BOO ਅਧਾਰ ਤੇ 30 ਸਾਲ ਦੀ ਰਿਆਇਤ।

**ਹ. ਬੰਗਲੌਰ :** ਦੋ ਖੇਤਰਾਂ ਵਿੱਚ ਜਲਪੂਰਤੀ ਦੇ ਪ੍ਰਬੰਧ ਦਾ ਅਨੁਬੰਧ, ਸੜਕਾਂ ਅਤੇ ਗਲੀਆਂ ਦੀ ਸਾਂਭ ਸੰਭਾਲ।

**ਕ. ਅਹਿਮਦਾਬਾਦ :** ਨਕਸ਼ੇ ਬਣਾਉਣ, ਮੰਜ਼ੂਰੀ ਦੇਣ, ਟੈਂਡਰ ਦੇਣ, ਉਸਾਰੀ ਦੀ ਨਿਗਰਾਨੀ ਕਰਨ, ਗੁਣਵੱਤਾ ਦਾ ਨਿਰੀਖਣ ਕਰਨ, ਜਲ ਸਾਧਨਾਂ ਨੂੰ ਵਿਕਸਤ ਕਰਨ, ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦਾ ਪ੍ਰਬੰਧ ਕਰਨ ਵਿੱਚ ਨਿੱਜੀ ਖੇਤਰ ਦਾ ਸਹਿਯੋਗ।

**ਖ. ਇੰਦੌਰ :** ਪੀਤਮਪੁਰ ਵਿੱਚ ਲਿੰਕ ਰੋਡ ਉਸਾਰੀ (BOT), ਹੋਰ ਸੜਕਾਂ ਦੀ ਉਸਾਰੀ, ਸਮਾਜਮੁਖੀ ਵਣ ਪ੍ਰਬੰਧ

**ਗ. ਬੜੌਦਾ ਅਤੇ ਪੁਣੇ :** ਠੋਸ ਕੂੜਾ ਕਰਕਟ (BOT)

**ਘ. ਨਾਸ਼ਿਕ :** ਚੁੰਗੀ ਦੀ ਨੀਲਾਮੀ ਅਤੇ ਗੰਦੇ ਜਲ ਦੀ ਨਿਕਾਸੀ ਦੀ ਪ੍ਰਣਾਲੀ ਦਾ ਵਿਸਥਾਰ (ਬਾਂਡਾਂ ਰਾਹੀਂ)

**ਙ. ਲੁਧਿਆਣਾ :** ਜਲ ਪੂਰਤੀ (ਬਾਡਾਂ ਰਾਹੀਂ)

**ਚ. ਤਿਰੁਪੁਰ :** ਜਲ ਪੂਰਤੀ (ਨਿੱਜੀ ਨਿਵੇਸ਼/ਬਾਂਡ)

**ਛ. ਅਲੰਦੂਰ :** ਗੰਦੇ ਜਲ ਦੀ ਨਿਕਾਸੀ

ਉਪਰੋਕਤ ਉਪਰਾਲਿਆਂ ਤੋਂ ਸਪਸ਼ਟ ਹੈ ਕਿ ਪੂਰੇ ਦੇਸ਼ ਵਿੱਚ ਸਰਕਾਰੀ ਅਤੇ ਨਿੱਜੀ ਖੇਤਰਾਂ ਦੀ ਭਾਗੀਦਾਰੀ ਵਧ ਰਹੀ ਹੈ, ਪਰੰਤੂ ਪੰਜਾਬ ਵਿੱਚ ਕੇਵਲ ਲੁਧਿਆਣਾ ਅਤੇ ਥੋੜ੍ਹੇ ਜਿਹੇ ਹੋਰ ਸ਼ਹਿਰਾਂ ਨੇ ਸ਼ਹਿਰੀ ਬੁਨਿਆਦੀ ਢਾਂਚਾ ਤੇ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ, ਉਨ੍ਹਾਂ ਦੇ ਸੰਚਾਲਨ ਤੇ ਸਾਂਭ ਸੰਭਾਲ ਵਿੱਚ ਨਿੱਜੀ ਖੇਤਰ ਦਾ ਸਹਿਯੋਗ ਲਿਆ ਹੈ। ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਅਤੇ ਸੜਕਾਂ ਉਹ ਮੁੱਖ-ਮੁੱਖ ਉਪ-ਵਿਭਾਗ ਹਨ ਜਿੱਥੇ ਨਿੱਜੀ ਖੇਤਰ ਦਾ ਸਹਿਯੋਗ ਹੋ ਰਿਹਾ ਹੈ। ਨਗਰ ਪਾਲਕਾਵਾਂ ਨੇ ਮਿਉਂਸਿਪਲ ਬਾਂਡਾਂ ਰਾਹੀਂ ਧਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿੱਚ ਭਾਵੇਂ ਜਿਆਦਾਤਰ ਨਗਰ ਪਾਲਕਾਵਾਂ ਨੂੰ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਵਿੱਚ ਨਿਵੇਸ਼ ਲਈ ਵਿੱਤ ਦੀ ਬਹੁਤ ਲੋੜ ਹੈ, ਪਰ ਲੁਧਿਆਣਾ ਤੋਂ ਛੁੱਟ ਕਿਸੇ ਹੋਰ ਨਗਰ ਪਾਲਕਾ ਨੇ ਬਾਂਡਾਂ ਰਾਹੀਂ ਧਨ ਇਕੱਠਾ ਨਹੀਂ ਕੀਤਾ। ਸੁਰੱਖਿਆ ਪ੍ਰਣਾਲੀਆਂ ਵਿਕਸਤ ਕਰਨ, ਕੀਮਤਾਂ ਨਿਸ਼ਚਿਤ ਕਰਨ, ਲਾਗਤ ਵਸੂਲੀ ਦੀ ਪ੍ਰਣਾਲੀ ਬਣਾਉਣ, ਕਾਰਜ ਪੂਰਤੀ ਦੀ ਨਿਗਰਾਨੀ ਕਰਨ ਅਤੇ ਉਪਭੋਗਤਾਵਾਂ ਦੀ ਮੰਗ ਅਨੁਸਾਰ ਅਨੁਬੰਧ ਪੂਰਾ ਕਰਨ ਵਾਸਤੇ ਸਹੀ ਮਹੌਲ ਅਤੇ ਨਿਯਮਤੀਕਰਣ ਦੀ ਪ੍ਰਣਾਲੀ ਦੀ ਘਾਟ ਹੀ ਵੱਡੇ ਅੜਿੱਕੇ ਹਨ। ਸ਼ਹਿਰੀ ਬੁਨਿਆਦੀ ਢਾਂਚੇ ਅਤੇ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੇ ਸੰਚਾਲਨ ਤੇ ਸਾਂਭ ਸੰਭਾਲ ਵਿੱਚ ਸਰਕਾਰੀ ਅਤੇ ਨਿੱਜੀ ਖੇਤਰ ਦੇ ਸਫਲ ਸਹਿਯੋਗ ਦੀਆਂ ਕੁੱਝ ਮਿਸਾਲਾਂ ਹੇਠਾਂ ਦਿੱਤੀਆਂ ਜਾ ਰਾਹੀਆਂ ਹਨ।

**ਖਾਨਾ-3**

**ਬਿਨਾਂ ਬਿਲ ਦੇ ਪਾਣੀ ਦੀ ਖਪਤ ਘਟਾਉਣ ਲਈ ਸਰਕਾਰੀ ਅਤੇ ਨਿੱਜੀ ਖੇਤਰਾਂ ਦਾ ਸਹਿਯੋਗ**

ਨਾਗਪੁਰ ਨਗਰ ਨਿਗਮ ਨੇ ਪਾਣੀ ਦੀ ਖਪਤ ਦਾ ਲੇਖਾ ਪਰੀਖਣ ਪ੍ਰੋਗਰਾਮ ਲਾਗੂ ਕੀਤਾ ਹੈ। ਇਸ ਵਿੱਚ ਪਾਣੀ ਦੀ ਜਿਸ ਖਪਤ ਦਾ ਬਿਲ ਵਿੱਚ ਜ਼ਿਕਰ ਨਹੀਂ ਹੁੰਦਾ, ਉਸਨੂੰ ਘਟਾਉਣ ਅਤੇ ਉਸਦੇ ਸਰੋਤ ਦਾ ਪਤਾ ਕਰਨਾ ਸ਼ਾਮਿਲ ਹੈ। USAEP ਅਤੇ USAID ਰਾਹੀਂ ਮਿਲੀ ਤਕਨੀਕੀ ਸਹਾਇਤਾ ਨਾਲ ਨਿਗਮ ਨਾਗਪੁਰ ਦੇ ਇੱਕ ਜਲ ਸ਼ੁੱਧੀਕਰਣ ਕੇਂਦਰ ਤੇ ਨਮੂਨੇ ਦੇ ਚਾਰ ਫਲੋ ਮੀਟਰ ਲਗਾਉਣ ਦਾ ਪ੍ਰਾਜੈਕਟ ਲਾਗੂ ਕਰ ਰਿਹਾ ਹੈ। ਇਨ੍ਹਾਂ ਵਿੱਚੋਂ ਦੋ ਮੀਟਰ ਸਰੋਤ ਤੇ ਅਤੇ ਦੋ ਉਪਭੋਗਤਾ ਦੇ ਨਲਕੇ ਤੇ ਲਗਾਏ ਗਏ ਹਨ।

**Source :** Nutan Azrapkar, India Infrastucture Report 2006, Oxford University Press, New Delhi, pp. 153.

**ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਸਰਕਾਰੀ ਅਤੇ ਨਿੱਜੀ ਖੇਤਰਾਂ ਦੀ ਭਾਗੀਦਾਰੀ : ਗੁਜਰਾਤ**

ਵਿਜਲਪੁਰ ਨਗਰ ਪਾਲਕਾ ਵਿੱਚ ਠੋਸ ਕੂੜੇ ਕਰਕਟ ਦੇ ਪ੍ਰਬੰਧ ਲਈ AUDA ਨੇ ਨਿੱਜੀ ਖੇਤਰ, ਗੈਰ ਸਰਕਾਰੀ ਸੰਗਠਨਾਂ (NGOs) ਅਤੇ ਮੁਹੱਲਾ ਸੰਗਠਨਾਂ ਨਾਲ ਇੱਕ ਨਿਵੇਕਲੀ ਭਾਗੀਦਾਰੀ ਸਥਾਪਤ ਕੀਤੀ ਹੈ। ਹਾਊਸਿੰਗ ਸੋਸਾਇਟੀਆਂ ਦੀ ਸੂਚੀ ਬਣਾਈ ਗਈ ਅਤੇ ਜਿਹੜੇ ਰਸਤਿਆਂ ਦੀ ਸਫਾਈ ਅਤੇ ਸਾਂਭ ਸੰਭਾਲ ਕਰਨੀ ਸੀ, ਉਨ੍ਹਾਂ ਦੀ ਪਹਿਚਾਣ ਕੀਤੀ ਗਈ। ਹਰ ਸੋਸਾਇਟੀ ਦੇ ਬਾਹਰ ਕੂੜਾ ਕਰਕਟ ਇਕੱਠਾ ਕਰਨ ਦੇ ਢੋਲ ਮੁਹੱਈਆ ਕਰਵਾਏ ਗਏ। ਹਰ ਸੋਸਾਇਟੀ ਦੇ ਸਫਾਈ ਸੇਵਕਾਂ ਅਤੇ ਕੂੜਾ ਇਕੱਠੇ ਕਰਨ ਵਾਲਿਆਂ ਨੂੰ ਸਾਰਾ ਠੋਸ ਕੂੜਾ ਕਰਕਟ ਸੋਸਾਇਟੀ ਦੇ ਬਾਹਰ ਰੱਖੇ ਗਏ ਢੋਲਾਂ ਵਿੱਚ ਪਾਉਣ ਦੀ ਹਦਾਇਤ ਦਿੱਤੀ ਗਈ। ਗੈਰ ਸਰਕਾਰੀ ਸੰਗਠਨਾਂ ਦੇ ਕਾਰਜ ਕਰਤਾਵਾਂ ਨੇ ਸਮੁਦਾਵਾਂ ਨੂੰ ਕੂੜਾ ਕਰਕਟ ਇਕੱਠਾ ਕਰਨ ਦਾ ਖਰਚਾ ਦੇਣ ਲਈ ਪ੍ਰੇਰਿਤ ਕੀਤਾ। ਨਗਰ ਪਾਲਕਾ ਦੇ ਕਰਮਚਾਰੀਆਂ ਨੂੰ ਵੀ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਤ ਕੀਤਾ ਗਿਆ। ਇਸ ਤੋਂ ਇਲਾਵਾ ਪ੍ਰਹਲਾਦ ਨਗਰ ਸਰਕਾਰੀ ਅਤੇ ਨਿੱਜੀ ਖੇਤਰ ਦੀ ਸਾਂਝੀਦਾਰੀ ਦੀ ਇੱਕ ਚੰਗੀ ਉਦਾਹਰਣ ਹੈ ਕਿਉਂਕਿ ਇਸਨੇ ਸੜਕਾਂ, ਪਾਣੀ ਦੇ ਸਰੋਤਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦਾ ਮਿਆਰ ਉੱਚਾ ਕਰਨ ਲਈ ਸ਼ੁਰੂ ਵਿੱਚ ਦਿੱਤੇ ਗਏ ਪਲਾਟਾਂ ਦੀ ਦੁਬਾਰਾ ਨਿਸ਼ਾਨਦੇਹੀ ਕੀਤੀ ਹੈ।

**ਇੰਦੌਰ, ਭੂਪਾਲ ਅਤੇ ਅਹਿਮਦਾਬਾਦ ਵਿੱਚ ਸਲੱਮ ਨੈੱਟਵਰਕਿੰਗ ਪ੍ਰਾਜੈਕਟ ਦੇ ਤਹਿਤ ਗੰਦੀਆਂ ਬਸਤੀਆਂ ਦਾ ਭਾਗੀਦਾਰੀ ਆਧਾਰਤ ਵਿਕਾਸ :** ਇੰਦੌਰ, ਭੂਪਾਲ ਅਤੇ ਅਹਿਮਦਾਬਾਦ ਨਗਰ ਨਿਗਮਾਂ ਨੇ ਗੰਦੀਆਂ ਬਸਤੀਆਂ ਦੇ ਨਿਵਾਸੀਆਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਸਲੱਮ ਨੈੱਟਵਰਕਿੰਗ ਪ੍ਰਾਜੈਕਟ (ਗੰਦੀਆਂ ਬਸਤੀਆਂ ਦੇ ਪਰਸਪਰ ਸੰਪਰਕ ਸਥਾਪਤ ਕਰਨ ਦੀ ਯੋਜਨਾ) ਦੀ ਸ਼ੁਰੂਆਤ ਕੀਤੀ। ਇਸ ਯੋਜਨਾ ਦੇ ਸ਼ਾਨਦਾਰ ਨਤੀਜੇ ਸਾਮ੍ਹਣੇ ਆਏ ਹਨ ਅਤੇ ਇਸ ਨੇ ਨਿੱਜੀ ਖੇਤਰ ਸਮੇਤ ਇਸ ਵਿੱਚ ਦਿਲਚਸਪੀ ਲੈਣ ਵਾਲੇ ਸਾਰੇ ਵਿਅਕਤੀਆਂ ਨੂੰ ਸ਼ਹਿਰੀ ਖੇਤਰ ਵਿੱਚ ਜੀਵਨ ਦੀ ਗੁਣਵਤਾ ਸੁਧਾਰਨ ਲਈ ਪ੍ਰੇਰਿਤ ਕੀਤਾ ਹੈ। ਇਨ੍ਹਾਂ ਨਿਗਮਾਂ ਵਿੱਚ ਸਲੱਮ ਨੈਟਵਰਕਿੰਗ ਪ੍ਰਾਜੈਕਟ ਲਾਗੂ ਕੀਤੇ ਜਾਣ ਬਾਦ ਇੱਥੋਂ ਦੀਆਂ ਗੰਦੀਆਂ ਬਸਤੀਆਂ ਦੇ ਪਰਿਆਵਰਣ ਦੀ ਹਾਲਤ ਵਿੱਚ ਬਹੁਤ ਸੁਧਾਰ ਹੋਇਆ ਹੈ।

ਸਰਕਾਰੀ ਅਤੇ ਨਿੱਜੀ ਖੇਤਰ ਦੀ ਭਾਗੀਦਾਰੀ ਰਾਹੀਂ ਸ਼ਹਿਰੀ ਸੁਧਾਰ ਅਰੰਭ ਕਰਨ ਵਿੱਚ ਮਹਾਰਾਸ਼ਟਰ ਸਰਕਾਰ ਮੋਢੀ ਰਹੀ ਹੈ। ਕਈ ਨਾਗਰਿਕ ਸੇਵਾਵਾਂ ਨਿੱਜੀ ਖੇਤਰ ਨੂੰ ਸੌਂਪ ਕੇ ਇਸ ਨੇ ਇਨ੍ਹਾਂ ਸੇਵਾਵਾਂ ਦੀ ਕਾਰਜ ਕੁਸ਼ਲਤਾ ਵਿੱਚ ਸੁਧਾਰ ਕੀਤਾ ਹੈ। ਪੁਣੇ ਦਾ ਵਰਮੀ ਕੰਪੋਸਟ ਪਲਾਂਟ ਠੇਕੇ ਤੇ ਦਿੱਤਾ ਗਿਆ ਹੈ। ਇਸ ਦੇ ਮੁਢਲੇ ਢਾਂਚੇ ਤੇ ਹੋਣ ਵਾਲੇ ਖਰਚ ਦਾ 80% ਨਿਗਮ ਦੁਆਰਾ ਅਤੇ ਬਾਕੀ ਦਾ ਠੇਕੇਦਾਰ ਦੁਆਰਾ ਉਠਾਇਆ ਗਿਆ ਹੈ। ਪਲਾਂਟ ਦਾ ਸੰਚਾਲਨ, ਸਾਂਭ-ਸੰਭਾਲ ਅਤੇ ਇਸ ਤੇ ਮਜਦੂਰ ਲਗਾਉਣ ਦੀ ਜਿੰਮੇਵਾਰੀ ਵੀ ਠੇਕੇਦਾਰ ਦੀ ਹੁੰਦੀ ਹੈ। ਨਿਗਮ ਨੇ ਉਸਨੂੰ 15-30 ਸਾਲ ਦੇ ਨਿਸ਼ਚਿਤ ਸਮੇਂ ਲਈ ਮਾਮੂਲੀ ਕਿਰਾਏ ਤੇ ਭੂਮੀ ਦਿੱਤੀ ਹੈ।

ਪਲਾਂਟ ਤੇ ਆਉਣ ਵਾਲੇ ਕੂੜੇ ਦੀ ਗੁਣਵੱਤਾ ਦੀ ਜਿੰਮੇਵਾਰੀ ਨਿਗਮ ਦੀ ਹੈ। ਇਸ ਦੇ ਬਦਲੇ ਠੇਕੇਦਾਰ ਖਾਦ ਦੀ ਵਿੱਕਰੀ ਤੋਂ ਹੋਣ ਵਾਲੀ ਆਮਦਨੀ ਦਾ ਲਗਭਗ 30% ਨਿਗਮ ਨੂੰ ਦਿੰਦਾ ਹੈ। ਦੋ ਟਨ ਕੂੜੇ ਕਰਕਟ ਤੋਂ ਤਕਰੀਬਨ ਇੱਕ ਟਨ ਖਾਦ ਬਣਦੀ ਹੈ ਜੋ ਕਿਸਾਨਾਂ ਨੂੰ ਤਿੰਨ ਰੁਪਏ ਪ੍ਰਤੀ ਕਿਲੋਗ੍ਰਾਮ ਦੀ ਦਰ ਤੇ ਵੇਚੀ ਜਾਂਦੀ ਹੈ। ਕੂੜੇ ਨੂੰ ਖਾਦ ਵਿੱਚ ਬਦਲਣ ਦਾ ਸਮਾਂ ਲਗਭਗ 45-60 ਦਿਨ ਦਾ ਹੈ। ਖਾਨਾ-4 ਵਿੱਚ ਨਵੀ ਮੁੰਬਈ ਦੁਆਰਾ ਸ਼ਹਿਰੀ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਕੀਤੇ ਗਏ ਸਰਕਾਰੀ ਅਤੇ ਨਿੱਜੀ ਖੇਤਰ ਦੀ ਭਾਗੀਦਾਰੀ ਦੇ ਉਪਰਾਲਿਆਂ ਦਾ ਵਰਣਨ ਹੈ।

**ਖਾਨਾ-4**

**ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਸਰਕਾਰੀ ਅਤੇ ਨਿੱਜੀ ਖੇਤਰਾਂ ਦੀ ਭਾਗੀਦਾਰੀ : ਨਵੀਂ ਮੁੰਬਈ ਵਿੱਚ ਸੇਵਾਵਾਂ ਦੇ ਕਾਰਜ-ਪੂਰਤੀ ਆਧਾਰਤ ਅਨੁਬੰਧ**

ਨਵੀਂ ਮੁੰਬਈ ਸ਼ਹਿਰ (ਨਗਰ ਅਤੇ ਉਦਯੋਗਿਕ ਵਿਕਾਸ ਨਿਗਮ-City and Industrial Development Corporation-CIDCO) 162 ਵਰਗ ਕਿਲੋਮੀਟਰ ਦੇ ਖੇਤਰ ਤੇ ਫੈਲਿਆ ਹੋਇਆ ਹੈ। ਸ਼ਹਿਰ ਦਾ ਪ੍ਰਬੰਧ ਨਵੀ ਮੁੰਬਈ ਨਗਰ ਨਿਗਮ (Navi Mumbai Municipal Corporation-NMMC) ਦੁਆਰਾ ਕੀਤਾ ਜਾਂਦਾ ਹੈ ਜਿਸ ਦਾ ਗਠਨ 1991 ਵਿੱਚ ਕੀਤਾ ਗਿਆ ਸੀ। 1998 ਵਿੱਚ ਬੁਨਿਆਦੀ ਢਾਂਚੇ ਦੀਆਂ ਸਾਰੀਆਂ ਮੁੱਖ-ਮੁੱਖ ਸੇਵਾਵਾਂ CIDCO ਦੁਆਰਾ NMMC ਨੂੰ ਸੌਂਪ ਦਿੱਤੀਆਂ ਗਈਆਂ ਸਨ। ਤਿੰਨ ਅਹਿਮ ਸ਼ਹਿਰੀ ਸੇਵਾਵਾਂ - ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਅਤੇ ਠੋਸ ਕੂੜੇ ਕਰਕਟ ਦਾ ਪ੍ਰਬੰਧ - ਇਸ ਵੇਲੇ ਨਿੱਜੀ ਖੇਤਰ ਦੁਆਰਾ ਲੇਬਰ ਕੌਨਟਰੈਕਟ (ਠੇਕੇ ਦਾਰੀ) ਅਧਾਰ ਤੇ ਚਲਾਈਆਂ ਜਾ ਰਹੀਆਂ ਹਨ। ਇਹ ਸੇਵਾਵਾਂ ਪ੍ਰਤੀਸ਼ਤ ਦਰ ਅਨੁਬੰਧਾਂ ਤੇ ਆਧਾਰਤ ਹਨ ਜਿਨ੍ਹਾਂ ਦਾ ਹਰ ਸਾਲ ਨਵੀਨੀਕਰਣ ਕੀਤਾ ਜਾਂਦਾ ਹੈ।

**Source :** FIRE Project Note No. 33, 2004 referred in India Infrastructure Report 2005, Oxford University, Delhi, P. 147.

ਕਰਨਾਟਕ ਨੇ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਵਿੱਚ ਨਿਵੇਸ਼ ਕਰਨ ਲਈ ਸੁਧਾਰਾਂ ਦਾ ਅਰੰਭ ਪੂੰਜੀ ਬਜ਼ਾਰ ਤੋਂ ਫੰਡ ਲੈਣ ਨਾਲ ਕੀਤਾ। ਖਾਨਾ-5 ਵਿੱਚ ਤਾਮਿਲਨਾਡੂ ਅਤੇ ਕਰਨਾਟਕ ਦੇ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਲਈ ਬਜ਼ਾਰ ਤੇ ਆਧਾਰਤ ਨਿਵੇਸ਼ ਦਿਖਾਇਆ ਗਿਆ ਹੈ।

**ਖਾਨਾ-5**

## ਛੋਟੀਆਂ ਅਤੇ ਦਰਮਿਆਨੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਲਈ ਬਜਾਰ ਤੋਂ ਵਿੱਤ ਦਾ ਪ੍ਰਬੰਧ : ਤਾਮਿਲਨਾਡੂ ਅਤੇ ਕਰਨਾਟਕ ਦੀ ਉਦਾਹਰਣ

ਛੋਟੀਆਂ ਅਤੇ ਦਰਮਿਆਨੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਪੂੰਜੀ ਬਜ਼ਾਰ ਵਿੱਚੋਂ ਸਿੱਧੇ ਤੌਰ ਤੇ ਪੈਸਾ ਲੈਣ ਦੀ ਸਮਰਥਾ ਨਹੀਂ ਹੁੰਦੀ, ਨਾ ਹੀ ਉਨ੍ਹਾਂ ਲਈ ਇਹ ਲਾਗਤ ਪੱਖੋਂ ਲਾਭਦਾਇੱਕ ਹੈ। ਨਗਰ ਪਾਲਕਾ ਦੀ ਬਾਂਡ ਮਾਰਕੀਟ ਦੇ ਵਿਸਥਾਰ ਵਿੱਚ ਦੂਜਾ ਅੜਿੱਕਾ ਇਹ ਹੈ ਕਿ ਲੰਬੀ ਅਵਧੀ ਦੇ ਕਾਰਜ ਵਿੱਚ ਨਿਵੇਸ਼ਕਾਂ ਦੀ ਰੁਚੀ ਵੀ ਘੱਟ ਹੈ। ਤਾਮਿਲਨਾਡੂ ਸਰਕਾਰ ਨੇ FIRE (D) ਦੀ ਮਦਦ ਨਾਲ 3O. 41 ਕਰੋੜ ਰੁਪਏ ਦੇ ਬਾਂਡਾਂ ਦੀ ਵਿਵਸਥਾ ਕੀਤੀ ਜਿਨ੍ਹਾਂ ਨੂੰ USAID ਦੀ Development Credit Authority (DCA) ਦੀ ਗਰੰਟੀ ਨਾਲ ਜਾਰੀ ਕੀਤਾ ਗਿਆ। ਇਸ ਤੋਂ ਪ੍ਰਾਪਤ ਹੋਈ ਧਨ ਰਾਸ਼ੀ ਚੇਨਈ ਮੈਟਰੋ ਖੇਤਰ ਵਿੱਚ 14 ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦੀਆਂ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੀਆਂ ਯੋਜਨਾਵਾਂ ਵਿੱਚ ਲਗਾਈ ਜਾਵੇਗੀ। ਬਾਂਡ ਦੇ ਵਿਆਜ ਦੀ ਦਰ 9.20% ਸਲਾਨਾ ਹੈ। ਇਸ ਦੀ ਮੈਚਿਊਰਿਟੀ 15 ਸਾਲਾਂ ਬਾਦ ਅਤੇ ਵਸੂਲੀ 15 ਸਮਾਨ ਸਲਾਨਾ ਕਿਸਤਾਂ ਵਿੱਚ ਹੈ; 10 ਸਾਲਾਂ ਬਾਦ ਇਹ ਵਾਪਸ ਕਢਵਾਇਆ ਜਾਂ ਫੇਰ ਲਗਾਇਆ ਜਾ ਸਕਦਾ ਹੈ। ਪ੍ਰਤੀਭੂਤੀਆਂ ਨਾ ਹੋਣ ਕਰਕੇ, ਕਰੈਡਿਟ ਵਧਾਉਣ ਦੀ ਇੱਕ ਬਹੁ-ਪੱਧਰੀ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ। ਬਾਂਡ ਨੂੰ ਦਿਸੰਬਰ 2002 ਵਿੱਚ ਪੰਜ ਨਿਵੇਸ਼ਕਾਂ ਪਾਸ ਨਿੱਜੀ ਤੌਰ ਤੇ ਰੱਖਿਆ ਗਿਆ। 14 ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਜਲ-ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੀਆਂ ਯੋਜਨਾਵਾਂ ਪੂਰੀਆਂ ਹੋ ਚੁੱਕੀਆਂ ਹਨ, ਅਤੇ ਪਹਿਲਾਂ ਕੀਤੀ ਵਿਵਸਥਾ ਮੁਤਾਬਕ ਭੁਗਤਾਨ ਚੱਲ ਰਿਹਾ ਹੈ।

659 ਕਰੋੜ ਰੁਪਏ ਦੀ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੀ ਯੋਜਨਾ ਨਾਲ ਬੰਗਲੌਰ ਦੇ ਆਸ ਪਾਸ ਦੀਆਂ ਅੱਠ ਛੋਟੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਪਹਿਲੀ ਵਾਰ ਪੀਣ ਦੇ ਪਾਣੀ ਅਤੇ ਗੰਦੇ ਜਲ ਦੀ ਨਿਕਾਸੀ ਦੀ ਸੁਵਿਧਾ ਹੋਵੇਗੀ। ਕਰਨਾਟਕ ਸਰਕਾਰ ਨੇ ਜੂਨ 2005 ਵਿੱਚ ਪੂੰਜੀ ਬਜ਼ਾਰ ਵਿੱਚੋਂ 100 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਤਾਂ ਕਿ ਯੋਜਨਾ ਦੇ ਜਲ ਨਾਲ ਸੰਬੰਧਿਤ ਹਿੱਸੇ ਦੇ ਵਿੱਤ ਦੀ ਵਿਵਸਥਾ ਅੰਸ਼ਿਕ ਤੌਰ ਤੇ ਕੀਤੀ ਜਾ ਸਕੇ। USAID-DCA ਵਿਚਲੇ ਇੱਕ ਸਮਝੌਤੇ (ਮੂਲ ਦੀ 50% ਗਰੰਟੀ) ਨਾਲ, ਜਿਸ ਅੰਦਰ ਕਰੈਡਿਟ ਵਰਿੱਧੀ ਦੀ ਵਿਵਸਥਾ ਹੈ, ਸੰਸਥਾਗਤ ਵਿੱਤ ਦੇ ਪਰੰਪਰਾਗਤ ਸਰੋਤਾਂ ਦੀ ਤੁਲਨਾ ਵਿੱਚ ਅੱਠ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਉਧਾਰ ਲੈਣ ਦਾ ਖਰਚ ਘਟ ਜਾਵੇਗਾ। ਕਰ ਮੁਕਤ ਬਾਂਡ ਦੀ ਅਵਧੀ 15 ਸਾਲ ਦੀ ਹੈ, ਚੌਥੇ ਤੋਂ ਪੰਦਰ੍ਹਵੇਂ ਸਾਲ ਤੱਕ ਮੂਲ ਤੇ ਤਿੰਨ ਸਾਲ ਦੀ ਮੁਹਲਤ ਹੈ, ਅਤੇ ਇਸ ਦੇ ਵਿਆਜ ਦੀ ਸਲਾਨਾ ਦਰ 5.95%। ਇਹ ਬਾਂਡ ਨਿੱਜੀ ਤੌਰ ਤੇ 13 ਨਿਵੇਸ਼ਕਾਂ ਪਾਸ ਰੱਖਿਆ ਗਿਆ ਸੀ। ਤਾਮਿਲਨਾਡੂ ਅਤੇ ਕਾਰਨਾਟਕ ਵਿੱਚ ਇਸ ਤਰ੍ਹਾਂ ਇਕੱਠੇ ਕੀਤੇ ਹੋਏ ਧਨ ਦੀ ਉਦਾਹਰਣ ਤੋਂ ਪਤਾ ਚਲਦਾ ਹੈ ਕਿ ਭਾਰਤ ਦੀਆਂ ਛੋਟੀਆਂ ਅਤੇ ਦਰਮਿਆਨੀਆਂ ਸ਼ਹਿਰੀ ਸੰਸਥਾਵਾਂ ਲਈ ਵਿੱਤ ਦੀ ਵਿਵਸਥਾ ਕਰਨ ਵਾਸਤੇ ਇਹ ਪ੍ਰਣਾਲੀ ਇੱਕ ਚੰਗਾ ਵਿਕਲਪ ਪੇਸ਼ ਕਰਦੀ ਹੈ।

Source : Lee Baker and H. Bhattacharjee, India Infrastructure Report 2006, Oxford University Press, New Delhi, pp. 97-98.

ਯੂਰਪ ਵਿੱਚ ਨਿੱਜੀ ਖੇਤਰ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੇ ਸੰਚਾਲਨ ਤੇ ਸਾਂਭ-ਸੰਭਾਲ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਰਿਹਾ ਹੈ। ਇੰਗਲੈਂਡ ਵਿੱਚ ਲੈਸਟਰ ਸਿਟੀ ਕੌਂਸਲ ਨੇ ਸ਼ਹਿਰ ਦੇ ਕੂੜੇ ਕਰਕਟ ਦਾ ਪ੍ਰਬੰਧ ਇੱਕ ਨਿੱਜੀ ਖੇਤਰ ਦੀ ਕੰਪਨੀ ਦੇ ਹਵਾਲੇ ਕਰ ਦਿੱਤਾ ਹੈ ਜਿਹੜੀ ਘਰਾਂ ਵਿੱਚੋਂ ਕੱਚ, ਪਲਾਸਟਿਕ ਅਤੇ ਕਾਗਜ ਇਕੱਠਾ ਕਰਨ ਅਤੇ ਉੱਥੇ ਹੀ ਜਾਂ ਰੀਸਾਈਕਲਿੰਗ ਕੇਂਦਰਾਂ ਤੇ (ਜਿੱਥੇ ਇਨ੍ਹਾਂ ਨੂੰ ਮੁੜ ਵਰਤੋਂ ਯੋਗ ਬਣਾਇਆ ਜਾਂਦਾ ਹੈ) ਉਨ੍ਹਾਂ ਨੂੰ ਵੱਖ-ਵੱਖ ਕਰਨ ਲਈ ਜਿੰਮੇਵਾਰ ਹੈ। ਨਿੱਜੀ ਖੇਤਰ ਦੇ ਠੇਕੇਦਾਰ ਨਾ ਕੇਵਲ ਸ਼ਹਿਰ ਦੀ ਜੈਵਿਕ ਗੰਦਗੀ ਨੂੰ ਖਾਦ ਵਿੱਚ ਤਬਦੀਲ ਕਰਨ ਲਈ ਐਨਰੋਬਿਕ ਡਾਇਜੈਸਟਰ ਮੁਹੱਈਆ ਕਰਵਾਉਂਦੇ ਹਨ (ਜਿਨ੍ਹਾਂ ਵਿੱਚ ਇਸ ਗੰਦਗੀ ਨੂੰ ਆਕਸੀਜਨ ਰਹਿਤ ਵਾਤਾਵਰਣ ਵਿੱਚ ਗਲਣ ਦਿੱਤਾ ਜਾਂਦਾ ਹੈ), ਬਲਕਿ ਨਾ ਗਲਣ-ਸੜਣ ਯੋਗ ਗੰਦਗੀ ਨੂੰ ਸ਼ਹਿਰ ਦੀਆਂ ਨੀਵੀਆਂ ਥਾਵਾਂ ਤੇ ਲੈ ਜਾ ਕੇ ਸੁੱਟਣ ਲਈ

ਵੀ ਜਿੰਮੇਵਾਰ ਹੁੰਦੇ ਹਨ। ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਅਤੇ ਸਫਾਈ ਪ੍ਰਬੰਧ ਜਿਹੀਆਂ ਨਾਗਰਿਕ ਸਹੂਲਤਾਂ ਨਿੱਜੀ ਖੇਤਰ ਨੂੰ ਸੌਂਪ ਦਿੱਤੀਆਂ ਗਈਆਂ ਹਨ। ਐਂਗਲੀਅਨ ਵਾਟਰਜ਼ ਨਾਂ ਦੀ ਇੱਕ ਵੱਡੀ ਜਲ ਪੂਰਤੀ ਕੰਪਨੀ ਪਾਣੀ ਕੱਢਣ, ਪਹੁੰਚਾਉਣ, ਸ਼ੁੱਧੀਕਰਣ, ਉਪ-ਭੋਗਤਾਵਾਂ ਵਿੱਚ ਵੰਡਣ ਤੇ ਇਸ ਦੇ ਬਿਲ ਬਣਾਉਣ ਲਈ ਜਿੰਮੇਵਾਰ ਹੈ। ਗੰਦੇ ਜਲ ਨੂੰ ਸੁਰੱਖਿਅਤ ਬਣਾਉਣ ਦਾ ਕੰਮ ਵੀ ਇੱਕ ਨਿੱਜੀ ਖੇਤਰ ਦੀ ਕੰਪਨੀ ਕਰਦੀ ਹੈ। ਇਟਲੀ ਵਿੱਚ ਉਰਬੀਨੋ ਵਿਖੇ ਨਗਰ ਪਾਲਕਾ ਨੇ ਕੂੜੇ ਕਰਕਟ ਦਾ ਪ੍ਰਬੰਧ, ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਅਤੇ ਹੋਰ ਕਈ ਮਹੱਤਵਪੂਰਣ ਕਾਰਜ ਨਿੱਜੀ ਖੇਤਰ ਨੂੰ ਸੌਂਪ ਦਿੱਤੇ ਹਨ। ਇਸ ਤੋਂ ਇਲਾਵਾ ਨਗਰ ਪਾਲਕਾਵਾਂ ਦਾ ਉਨ੍ਹਾਂ ਕੰਪਨੀਆਂ ਵਿੱਚ ਵੀ ਹਿੱਸਾ ਹੁੰਦਾ ਹੈ ਜਿਹੜੀਆਂ ਨਾਗਰਿਕ ਮਾਮਲਿਆਂ ਦੀ ਦੇਖ ਭਾਲ ਕਰਦੀਆਂ ਹਨ।

ਫਿਨਲੈਂਡ ਵਿੱਚ ਨਗਰ ਪਾਲਕਾਵਾਂ ਨਿੱਜੀ ਖੇਤਰ ਦੇ ਨਾਲ ਮਿਲ ਕੇ ਕੰਮ ਕਰਦੀਆਂ ਹਨ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਦੀਆਂ ਕਈ ਯੋਜਨਾਵਾਂ ਅਤੇ ਗਤੀਵਿਧੀਆਂ ਨਿੱਜੀ ਖੇਤਰ ਰਾਹੀਂ ਅਰੰਭ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਦੀ ਸਾਂਭ ਸੰਭਾਲ ਦੀ ਜਿੰਮੇਵਾਰੀ ਵੀ ਨਿੱਜੀ ਖੇਤਰ ਦੀ ਹੀ ਹੁੰਦੀ ਹੈ। ਇਨ੍ਹਾਂ ਵਿੱਚ ਮੁੱਖ-ਮੁੱਖ ਕਾਰਜ ਹੇਠ ਲਿਖੇ ਅਨੁਸਾਰ ਹਨ :

(i) ਬੁਨਿਆਦੀ ਢਾਂਚੇ ਦਾ ਵਿਕਾਸ ਜਿਵੇਂ ਕਿ ਮਕਾਨ ਉਸਾਰੀ, ਬਿਜਲੀ, ਉਦਯੋਗਿਕ ਵਿਕਾਸ, ਪਰਿਆਵਰਣ ਦੀ ਸਫਾਈ।
(ii) ਨਾਗਰਿਕ ਸਹੂਲਤਾਂ ਜਿਵੇਂ ਕਿ ਕੂੜੇ ਕਰਕਟ ਦਾ ਪ੍ਰਬੰਧ, ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਆਦਿ।
(iii) ਨਗਰ ਪਾਲਕਾ ਦੇ ਪ੍ਰਤੀਨਿਧੀਆਂ ਅਤੇ ਕਰਮਚਾਰੀਆਂ ਦੀ ਸਮਰਥਾ ਦਾ ਨਿਰਮਾਣ।
(iv) ਨਗਰ ਪਾਲਕਾ ਦਾ ਲੇਖਾ ਪਰੀਖਣ।

ਨਗਰ ਪਾਲਕਾਵਾਂ ਅਪਣੇ ਬੁਨਿਆਦੀ ਢਾਂਚੇ ਦਾ ਵਿਕਾਸ ਨਿੱਜੀ ਖੇਤਰ ਦੀ ਭਾਗੀਦਾਰੀ ਨਾਲ ਕਰਦੀਆਂ ਹਨ। ਬਿਜਲੀ, ਪੀਣ ਯੋਗ ਜਲ, ਸੜਕਾਂ ਦੀ ਸਾਂਭ ਸੰਭਾਲ, ਕੂੜੇ ਕਰਕਟ ਦਾ ਪ੍ਰਬੰਧ, ਮਕਾਨ ਉਸਾਰੀ ਬਗੈਰਾ ਨਿੱਜੀ ਖੇਤਰ ਦੁਆਰਾ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਸਪੇਨ, ਬੈਲਜੀਅਮ ਅਤੇ ਨੀਦਰਲੈਂਡ ਵਿੱਚ ਵੀ ਨਿੱਜੀ ਖੇਤਰ ਨਗਰ ਪ੍ਰਬੰਧ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਮਿਡਨ ਡੈਲਫਲੈਂਡ ਦੀ ਨਗਰ ਪਾਲਕਾ ਵਿੱਚ ਨਿੱਜੀ ਖੇਤਰ ਸੜਕਾਂ ਦੀ ਉਸਾਰੀ ਅਤੇ ਸਾਂਭ ਸੰਭਾਲ, ਗੰਦੇ ਜਲ ਦੀ ਨਿਕਾਸੀ ਦੀ ਪ੍ਰਣਾਲੀ ਦੇ ਨਿਰਮਾਣ ਅਤੇ ਮਕਾਨਾਂ ਦੀ ਉਸਾਰੀ ਵਿੱਚ ਸਹਿਯੋਗ ਦੇ ਰਿਹਾ ਹੈ। ਸਫਾਈ ਪ੍ਰਬੰਧ ਜਿਸ ਵਿੱਚ ਵੱਖ-ਵੱਖ ਕਿਸਮ ਦੀ ਗੰਦਗੀ ਨੂੰ ਵੱਖ-ਵੱਖ ਕਰਨਾ ਵੀ ਸ਼ਾਮਿਲ ਹੈ, ਕੂੜੇ ਕਰਕਟ ਦੀ ਢੋ-ਢੁਆਈ, ਇਸ ਨੂੰ ਮੁੜ ਵਰਤੋਂ ਯੋਗ ਬਣਾਉਣ ਦੀ ਪ੍ਰਕਿਰਿਆ ਅਤੇ ਇਸ ਨੂੰ ਟਿਕਾਣੇ ਲਗਾਉਣ ਦਾ ਕੰਮ ਨਿੱਜੀ ਅਤੇ ਸਰਕਾਰੀ ਖੇਤਰਾਂ ਦੇ ਸਹਿਯੋਗ ਨਾਲ ਹੁੰਦਾ ਹੈ।

### (iii) ਕੂੜੇ ਕਰਕਟ ਦੇ ਵਿਗਿਆਨਕ ਪ੍ਰਬੰਧ ਰਾਹੀਂ ਪਰਿਆਵਰਣ ਦਾ ਸੁਧਾਰ :

ਪੰਜਾਬ ਦੇ ਸ਼ਹਿਰੀ ਖੇਤਰਾਂ ਵਿੱਚ ਕੂੜੇ ਕਰਕਟ ਦਾ ਪ੍ਰਬੰਧ ਬਹੁਤ ਮਾੜਾ ਹੈ ਜਿਸ ਕਰਕੇ ਪਰਿਆਵਰਣ ਦੀ ਹਾਲਤ ਖਰਾਬ ਹੋ ਰਹੀ ਹੈ। The Municipal Solid Waste (Management and Handling) Rule 2000 ਪਰਿਆਵਰਣ ਅਤੇ ਵਣ ਮੰਤਰਾਲੇ ਦੀ ਹਦਾਇਤ ਅਨੁਸਾਰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਨਗਰ ਦੇ ਕੂੜੇ ਕਰਕਟ ਨੂੰ ਇਕੱਠਾ ਕਰਨ, ਇਸ ਦੀ ਢੋ ਢੁਆਈ ਕਰਨ, ਇਸ ਨੂੰ ਟਿਕਾਣੇ ਲਗਾਉਣ ਜਾਂ ਸੁਰੱਖਿਅਤ ਬਣਾਉਣ ਵਿੱਚ ਭਾਰੀ ਕਮੀਆਂ ਹਨ। ਇਸੇ ਤਰ੍ਹਾਂ ਗੰਦੇ ਜਲ ਨੂੰ ਸੁਰੱਖਿਅਤ ਬਣਾਉਣ ਦੀਆਂ ਸਹੂਲਤਾਂ ਵੀ ਕਾਫੀ ਨਹੀਂ ਹਨ ਜਿਸ ਕਰਕੇ ਦਰਿਆਵਾਂ ਅਤੇ ਹੋਰ ਸਰੋਤਾਂ ਦਾ ਪਾਣੀ ਦੂਸ਼ਿਤ ਹੋ ਰਿਹਾ ਹੈ। ਤਰਲ ਅਤੇ ਠੋਸ ਗੰਦਗੀ ਦਾ ਪ੍ਰਬੰਧ ਪੰਜਾਬ ਦੀਆਂ ਨਗਰ ਪਾਲਕਾਵਾਂ ਦੀ ਇੱਕ ਵੱਡੀ ਜਿੰਮੇਵਾਰੀ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਦੀ ਮਾੜੀ ਵਿੱਤੀ ਤੇ ਤਕਨੀਕੀ ਸਮਰਥਾ ਅਤੇ ਲੋਕਾਂ ਦੀ ਭਾਗੀਦਾਰੀ ਦੀ ਘਾਟ ਵਰਗੇ ਕਈ ਕਾਰਣਾਂ ਕਰਕੇ ਇਹ ਪ੍ਰਬੰਧ ਮਾੜਾ ਹੈ। ਗੰਦਗੀ ਨੂੰ ਸੁਰੱਖਿਅਤ ਬਣਾਉਣ ਦੇ ਸੰਯੰਤਰਾਂ ਦਾ ਮਿਆਰ ਉੱਚਾ ਚੁੱਕਣ ਵਾਲਾ ਹੈ। ਯੂਰਪੀ ਦੇਸ਼ਾਂ ਵਾਂਗ ਕੂੜੇ ਕਰਕਟ ਦੇ ਵੱਖ-ਵੱਖ ਪ੍ਰਕਾਰਾਂ ਨੂੰ ਵੱਖ-ਵੱਖ ਕਰਕੇ ਇਕੱਠਾ ਕਰਨਾ, ਇਸ ਨੂੰ ਸਫਾਈ ਨਾਲ ਚੁੱਕਣਾ ਤੇ ਢੋਣਾ ਅਤੇ ਵਿਗਿਆਨਕ ਪ੍ਰਣਾਲੀ ਨਾਲ ਸੁਰੱਖਿਅਤ ਬਣਾਉਣਾ ਪੰਜਾਬ ਦੇ ਪਰਿਆਵਰਣ ਨੂੰ ਸੁਧਾਰਣ ਲਈ ਅੱਜ ਦੀ ਲੋੜ ਹੈ। ਠੋਸ ਕੂੜੇ ਕਰਕਟ ਦੇ ਪ੍ਰਬੰਧ ਲਈ ਉਪਲਬਧ ਤਕਨਾਲੋਜੀ ਹੇਠ ਲਿਖੇ ਅਨੁਸਾਰ ਹੈ:

ੳ) ਕੂੜੇ ਕਰਕਟ ਦੀ ਖਾਦ ਤਿਆਰ ਕਰਨਾ ਜਿਸ ਵਿੱਚ ਵਰਮੀ ਕੰਪੋਸਟਿੰਗ ਵੀ ਸ਼ਾਮਲ ਹੈ।

ਅ) ਕੂੜੇ ਕਰਕਟ ਤੋਂ ਊਰਜਾ ਪੈਦਾ ਕਰਨਾ ਜਿਵੇਂ ਕਿ :

(i) ਇਸ ਨੂੰ ਆਕਸੀਜਨ ਰਹਿਤ ਵਾਤਾਵਰਣ ਵਿੱਚ ਗਲਾਣਾ ਅਤੇ ਇਸ ਦੇ ਜੈਵਿਕ ਹਿੱਸੇ ਤੋਂ ਮੀਥੇਨ ਗੈਸ ਤਿਆਰ ਕਰਨਾ।
(ii) ਕੂੜੇ ਕਰਕਟ ਤੋਂ ਨਿੱਕੀਆਂ ਨਿੱਕੀਆਂ ਗੋਲੀਆਂ ਦੇ ਰੂਪ ਵਿੱਚ ਬਾਲਣ ਤਿਆਰ ਕਰਨਾ।
(iii) ਜਲਾਣਾ, ਗੈਸ ਵਿੱਚ ਤਬਦੀਲ ਕਰਨਾ, ਪਲਾਜ਼ਮਾ ਪਾਇਰੋਲਿਸਿਸ ਵਿਟਰੀਫਿਕੇਸ਼ਨ, ਪਲਾਜ਼ਮਾ ਆਰਕ ਪਰੋਸੈਸ।
(iv) ਨੀਵੇਂ ਥਾਵਾਂ ਤੇ ਕੂੜਾ ਸੁੱਟ ਕੇ ਉਨ੍ਹਾਂ ਨੂੰ ਭਰਨਾ ਅਤੇ ਉਸ ਵਿੱਚੋਂ ਨਿਕਲਣ ਵਾਲੀ ਗੈਸ ਨੂੰ ਇਕੱਠਾ ਕਰਨਾ।

ਇਨ੍ਹਾਂ ਤਕਨੀਕਾਂ ਦੀ ਚੋਣ ਕੂੜੇ ਕਰਕਟ ਦੀ ਪ੍ਰਕਾਰ ਅਤੇ ਫੰਡ ਦੀ ਉਪਲਬਧਤਾ ਆਦਿ ਤੇ ਨਿਰਭਰ ਕਰਦੀ ਹੈ। ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਦੁਆਰਾ ਸ਼ੁਰੂ ਕੀਤੀਆਂ ਗਈਆਂ ਕੁੱਝ ਨਵੀਨ ਵਿਧੀਆਂ ਦਾ ਵਰਣਨ ਹੇਠਾਂ ਕੀਤਾ ਜਾ ਰਿਹਾ ਹੈ :

**ਬਾਇਓਗੈਸ ਪਲਾਂਟ :** ਇਨ੍ਹਾਂ ਸੰਯੰਤਰਾਂ ਵਿੱਚ ਪੈਦਾ ਕੀਤੀ ਗਈ ਗੈਸ ਖਾਣਾ ਬਣਾਉਣ ਅਤੇ ਬੱਤੀਆਂ ਜਲਾਉਣ ਦੇ ਕੰਮ ਆਉਂਦੀ ਹੈ। ਮਹਾਰਾਸ਼ਟਰ ਵਿੱਚ ਅਜਿਹੇ ਪੰਜ ਸੰਯੰਤਰ ਲੱਗੇ ਹੋਏ ਹਨ ਅਤੇ ਪੰਜ ਹੋਰ ਲਗਾਉਣ ਦਾ ਪ੍ਰਸਤਾਵ ਹੈ।

**ਕੂੜੇ ਕਰਕਟ ਤੋਂ ਬਾਲਣ ਤਿਆਰ ਕਰਨ (ਪੈਲਟਾਈਜ਼ੇਸ਼ਨ) ਦਾ ਪਲਾਂਟ :** ਇਸ ਤਰ੍ਹਾਂ ਦਾ ਇੱਕ ਨਮੂਨੇ ਦਾ ਸੰਯੰਤਰ ਮੁੰਬਈ ਨਗਰ ਨਿਗਮ ਦੇ ਦਿਓਨਾਰ ਡੰਪ ਯਾਰਡ ਅਤੇ ਚੰਡੀਗੜ੍ਹ ਮਿਉਂਸਿਪਲ ਕਾਰਪੋਰੇਸ਼ਨ ਵਿੱਚ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਸੈਨੇਟਰੀ ਲੈਂਡਫਿੱਲ ਸਾਈਟਸ ਜਾਂ ਨੀਵੀਆਂ ਥਾਵਾਂ ਵਿੱਚ ਕੂੜਾ ਕਰਕਟ ਭਰਨਾ :** ਹੁਣ ਤੱਕ ਵੱਡੇ ਨਗਰਾਂ ਵਿੱਚ ਵੀ ਇਸ ਦੀ ਵਿਵਸਥਾ ਨਹੀਂ ਸੀ, ਪਰ ਹੁਣੇ ਹੁਣੇ ਸੂਰਤ (ਗੁਜਰਾਤ), ਪੁਣੇ (ਮਹਾਰਾਸ਼ਟਰ), ਪੁੱਤੂਰ ਅਤੇ ਕਰਵਾੜ (ਕਰਨਾਟਕ) ਵਿੱਚ ਇਸ ਲਈ ਥਾਂ ਬਣਾਈ ਗਈ ਹੈ। ਉੱਤਰ-ਪੱਛਮੀ ਖੇਤਰ ਵਿੱਚ ਚੰਡੀਗੜ੍ਹ ਮਿਉਂਸਿਪਲ ਕਾਰਪੋਰੇਸ਼ਨ ਅਪਣੇ ਕੂੜੇ ਕਰਕਟ ਦਾ ਪ੍ਰਬੰਧ ਵਿਗਿਆਨਕ ਢੰਗ ਨਾਲ ਕਰ ਰਹੀ ਹੈ।

ਠੋਸ ਕੂੜੇ ਕਰਕਟ ਦੇ ਪ੍ਰਬੰਧ ਸੰਬੰਧੀ ਪਰਿਆਵਰਣ ਮੰਤਰਾਲੇ ਦੇ ਨਿਯਮ ਨੂੰ ਲਾਗੂ ਕਰਨ ਲਈ ਕਰਨਾਟਕ ਨੇ ਕਈ ਉਪਰਾਲੇ ਕੀਤੇ ਹਨ ਅਤੇ ਇਸ ਨੇ ਨਗਰਾਂ ਦੇ ਠੋਸ ਕੂੜੇ ਕਰਕਟ ਦੇ ਪ੍ਰਬੰਧ ਲਈ ਰਾਜ ਪੱਧਰ ਦੀ ਨੀਤੀ ਵੀ ਬਣਾਈ ਹੈ। ਸਥਾਨਕ ਸੰਸਥਾਵਾਂ ਦੀ ਸਮਰਥਾ ਨੂੰ ਸੁਧਾਰਣ ਲਈ ਪਰਿਆਵਰਣ ਇੰਜੀਨੀਅਰਾਂ ਦੇ ਕਈ ਪਦ ਪੈਦਾ ਕੀਤੇ ਗਏ ਹਨ। ਰਾਜ ਸਰਕਾਰ ਨੇ 50 ਤੋਂ ਵੱਧ ਸ਼ਹਿਰਾਂ ਲਈ ਠੋਸ ਕੂੜੇ ਕਰਕਟ ਦੇ ਪ੍ਰਬੰਧ ਅਤੇ ਇਸ ਸੰਬੰਧੀ ਕਾਰਵਾਈ ਲਈ ਯੋਜਨਾਵਾਂ ਬਣਾਈਆਂ ਹਨ ਅਤੇ ਇਸ ਨੇ ਇਸ ਉਦੇਸ਼ ਲਈ ਵਰਤੇ ਜਾਣ ਵਾਲੇ ਔਜ਼ਾਰਾਂ ਅਤੇ ਸਾਜ਼ੋ-ਸਮਾਨ ਨੂੰ ਤਿਆਰ ਕਰਨ ਸੰਬੰਧੀ ਹਦਾਇਤਾਂ ਦੇਣ ਵਾਸਤੇ ਅਤੇ ਕੂੜੇ ਕਰਕਟ ਨੂੰ ਸੁਰੱਖਿਅਤ ਬਣਾਉਣ ਅਤੇ ਨੀਵੀਆਂ ਥਾਂਵਾਂ ਤੇ ਭਰਨ ਬਾਰੇ ਦੋ ਤਕਨੀਕੀ ਮੈਨੂਅਲ ਵੀ ਤਿਆਰ ਕੀਤੇ ਹਨ। ਕੋਚੀਨ (ਕੇਰਲ) ਵਿਖੇ ਕੂੜੇ ਕਰਕਟ ਦੇ ਪੈਦਾ ਹੋਣ ਦੇ ਸਥਾਨ ਤੇ ਹੀ ਇਸ ਦੀਆਂ ਪ੍ਰਕਾਰਾਂ ਨੂੰ ਵੱਖ-ਵੱਖ ਕਰਨ ਲਈ ਕਦੰਬਸ਼੍ਰੀ ਸਕੀਮ ਤਹਿਤ ਗਰੀਬ ਇਸਤ੍ਰੀਆਂ ਦੇ ਸਮੂਹ ਬਣਾਏ ਗਏ ਹਨ।

ਮਹਾਰਾਸ਼ਟਰ ਨੇ ਵੀ ਪਰਿਆਵਰਣ ਦੀ ਹਾਲਤ ਸੁਧਾਰਣ ਅਤੇ ਠੋਸ ਕੂੜੇ ਕਰਕਟ ਸੰਬੰਧੀ ਨਿਯਮ ਨੂੰ ਲਾਗੂ ਕਰਨ ਲਈ ਸੁਧਾਰ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸ਼ਹਿਰੀ ਖੇਤਰਾਂ ਵਿੱਚ ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਸੁਧਾਰ ਲਿਆਉਣ ਲਈ ਸਿਖਲਾਈ ਪ੍ਰੋਗਰਾਮਾਂ ਅਤੇ ਅਧਿਐਨ ਹਿੱਤ ਕੀਤੇ ਜਾਣ ਵਾਲੇ ਦੌਰਿਆਂ ਰਾਹੀਂ ਨਗਰ ਪਾਲਕਾ ਦੇ ਪ੍ਰਤੀਨਿਧਾਂ ਨੂੰ ਸਮੱਸਿਆ ਪ੍ਰਤੀ ਜਾਗਰੂਕ ਕਰਕੇ ਉਨ੍ਹਾਂ ਦੀ ਸਮਰਥਾ ਵਿੱਚ ਵਾਧਾ ਕਰਨ ਦੀ ਕੋਸ਼ਿਸ਼ ਕੀਤੀ ਜਾ

ਰਹੀ ਹੈ। ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਸੁਧਾਰ ਨੂੰ ਸੌਖੇ ਢੰਗ ਨਾਲ ਲਾਗੂ ਕਰਨ ਲਈ ਮੁੰਬਈ ਵਿਖੇ All India Institute of Local Self Government ਵਿੱਚ ਇੱਕ ਸੈੱਲ ਤਿਆਰ ਕੀਤਾ ਗਿਆ ਹੈ। ਮੁੰਬਈ ਅਤੇ ਪੁਣੇ ਦੇ ਨਗਰ ਨਿਗਮ ਠੋਸ ਕੂੜੇ ਕਰਕਟ ਦੇ ਪ੍ਰਬੰਧ ਸੰਬੰਧੀ ਨਿਯਮ ਨੂੰ ਲਾਗੂ ਕਰਨ ਅਤੇ ਨਗਰ ਦੇ ਠੋਸ ਕੂੜੇ ਕਰਕਟ ਦੇ ਇਕੱਠਾ ਕਰਨ, ਅਤੇ ਇਸਨੂੰ ਢੋਣ ਅਤੇ ਸੁਰੱਖਿਅਤ ਬਣਾਉਣ ਲਈ ਵਾਸਤਵਿਕ ਕੋਸ਼ਿਸ਼ਾਂ ਕਰ ਰਹੇ ਹਨ। ਇਸ ਤੋਂ ਇਲਾਵਾ ਇਸ ਕੰਮ ਵਿੱਚ ਸਥਾਨਕ ਸਮੁਦਾਵਾਂ ਨੂੰ ਸ਼ਾਮਿਲ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਖਾਨਾ-6 ਵਿੱਚ ਗ੍ਰੇਟਰ ਮੁੰਬਈ ਦੇ ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਸਮੁਦਾ ਦੀ ਭਾਗੀਦਾਰੀ ਦੇ ਵੇਰਵੇ ਦਿੱਤੇ ਗਏ ਹਨ :

**ਖਾਨਾ-6**

**ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਸਮੁਦਾ ਦੀ ਭਾਗੀਦਾਰੀ : ਗ੍ਰੇਟਰ ਮੁੰਬਈ**

ਗ੍ਰੇਟਰ ਮੁੰਬਈ ਦੇ ਨਗਰ ਨਿਗਮ ਨੇ ਇੱਕ ਸਕੀਮ ਅਪਣਾਈ ਹੈ ਜਿਸ ਵਿੱਚ ਨਾਗਰਿਕ ਅਤੇ ਨਿਗਮ ਦੇ ਕਰਮਚਾਰੀ ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਸੁਧਾਰ ਕਰਨ ਲਈ ਮੋਢੇ ਨਾਲ ਮੋਢਾ ਮਿਲਾ ਕੇ ਕੰਮ ਕਰਦੇ ਹਨ। ਐਡਵਾਂਸਡ ਲੋਕੈਲਟੀ ਮੈਨੇਜਮੈਂਟ (ALM) ਸਕੀਮ ਵਿੱਚ ਭਾਗ ਲੈ ਰਹੇ 700 ਮੁਹੱਲਿਆਂ ਦੀਆਂ ਵੱਖ-ਵੱਖ ਹੋਰ ਨਾਗਰਿਕ ਸਮੱਸਿਆਵਾਂ ਅਤੇ ਵਿਕਾਸ ਦੇ ਕੰਮਾਂ ਨਾਲ ਨਿਪਟਣ ਦਾ ਵੀ ਇਹੀ ਢੰਗ ਹੈ। ਇਸ ਸੰਕਲਪ ਨੂੰ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਦੇ ਇੱਕ ਪ੍ਰਭਾਵਸ਼ਾਲੀ ਨਮੂਨੇ ਦੇ ਤੌਰ ਤੇ ਮਾਨਤਾ ਦਿੱਤੀ ਗਈ ਹੈ।

1997 ਵਿੱਚ ਤਿੰਨ ਮਹੀਨਿਆਂ ਲਈ ਜ਼ੀਰੋ ਗਾਰਬੇਜ (ਕੂੜਾ ਕਰਕਟ ਰਹਿਤ) ਮੁਹਿੰਮ ਸ਼ੁਰੂ ਕੀਤੀ ਗਈ ਜਿਸ ਨਾਲ ਉਪਰੋਕਤ ALM ਦੀ ਪ੍ਰਕਿਰਿਆ ਦਾ ਅਰੰਭ ਹੋਇਆ। ਗ੍ਰੇਟਰ ਮੁੰਬਈ ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ, ਐਡਵਾਂਸਡ ਲੋਕੈਲਟੀ ਮੈਨੇਜਮੈਂਟ ਸਭਾਵਾਂ, ਗੈਰ ਸਰਕਾਰੀ ਸੰਗਠਨਾਂ, ਸਮੁਦਾ ਆਧਾਰਤ ਸੰਗਠਨਾਂ ਅਤੇ ਦਾਨੀ ਸੰਸਥਾਵਾਂ ਨੇ ਇਸ ਮੁਹਿੰਮ ਵਿੱਚ ਸਰਗਰਮ ਹਿੱਸਾ ਲਿਆ। ALM ਸਕੀਮ ਦੀ ਪੂਰਵ-ਸ਼ਰਤ ਅਨੁਸਾਰ ਸਭਾਵਾਂ ਅਤੇ ਸਮੁਦਾਵਾਂ ਨੂੰ ਰਜਿਸਟਰ ਹੋਣ ਲਈ ਕਿਹਾ ਗਿਆ। ਨਾਗਰਿਕਾਂ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦੀਆਂ ਇੱਕਤਰਤਾਵਾਂ ਹੋਈਆਂ ਅਤੇ ਉਨ੍ਹਾਂ ਵਿਚਕਾਰ ਕਿਸੇ ਨੁਕਤੇ ਨੂੰ ਲੈ ਕੇ ਸਮੂਹਕ ਚਰਚਾਵਾਂ ਹੋਈਆਂ। ਇਨ੍ਹਾਂ ਸਮੂਹਕ ਚਰਚਾਵਾਂ ਰਾਹੀਂ ਸਥਾਨਕ ਪੱਧਰ ਦੀਆਂ ਸਮੱਸਿਆਵਾਂ ਦੀ ਪਹਿਚਾਣ ਕੀਤੀ ਗਈ। ਸਥਾਨਕ ਗੈਰ ਸਰਕਾਰੀ ਸੰਗਠਨਾਂ ਅਤੇ ਸਮੁਦਾ ਆਧਾਰਤ ਸੰਗਠਨਾਂ ਦੀ ਸਹਾਇਤਾ ਨਾਲ ਮੁਹੱਲਿਆਂ ਅਤੇ ਸਕੂਲਾਂ ਵਿੱਚ ਜਾਗ੍ਰਤੀ ਪੈਦਾ ਕਰਨ ਦੇ ਪ੍ਰੋਗਰਾਮ ਕੀਤੇ ਗਏ। ਕੂੜਾ ਪੈਦਾ ਹੋਣ ਦੀ ਥਾਂ ਤੇ ਹੀ ਇਸ ਦੇ ਸੁੱਕੇ ਅਤੇ ਗਿੱਲੇ ਰੂਪਾਂ ਨੂੰ ਅਲਗ ਅਲਗ ਕਰਨ ਦਾ ਅਮਲ ਸਥਾਨਕ ਪੱਧਰ ਤੇ ਸ਼ੁਰੂ ਕੀਤਾ ਗਿਆ।

ਇਸ ਸਕੀਮ ਨੇ ਸ਼ਹਿਰ ਦੀ ਸਫਾਈ ਦੀ ਹਾਲਤ ਵਿੱਚ ਬਹੁਤ ਸੁਧਾਰ ਕੀਤਾ। ਲੋਕਾਂ ਦੀ ਸੜਕਾਂ ਉੱਤੇ ਕੂੜਾ ਸੁੱਟਣ ਦੀ ਆਦਤ ਘਟ ਗਈ ਹੈ। ਘਰਾਂ ਵਿੱਚ ਹੀ ਵੱਖ-ਵੱਖ ਪ੍ਰਕਾਰ ਦੇ ਕੂੜੇ ਨੂੰ ਵੱਖ-ਵੱਖ ਕਰਨ ਵਿੱਚ ਵਾਧਾ ਹੋਇਆ ਹੈ, ਮੁੱਖ ਸੜਕਾਂ ਤੋਂ ਕੂੜੇ ਦੇ ਢੇਲਾਂ ਨੂੰ ਹਟਾ ਲਿਆ ਜਾਂਦਾ ਹੈ ਜਿਸ ਨਾਲ ਗਲੀਆਂ ਜਿਆਦਾ ਸਾਫ ਦਿਖਾਈ ਦਿੰਦੀਆਂ ਹਨ। ਇਸ ਸੰਕਲਪ ਨੂੰ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਦੇ ਪ੍ਰਭਾਵਸ਼ਾਲੀ ਨਮੂਨੇ ਦੇ ਤੌਰ ਤੇ ਮਾਨਤਾ ਦਿੱਤੀ ਗਈ। ਥੋੜ੍ਹੀਆਂ ਜਿਹੀਆਂ ALM ਸਭਾਵਾਂ ਜੋ ਤਿੰਨ ਸਾਲ ਤੋਂ ਕੰਮ ਕਰ ਰਹੀਆਂ ਹਨ, ਹੁਣ ਅਪਣੇ ਦਾਇਰੇ ਨੂੰ ਵਧਾ ਕੇ ਇਸ ਵਿੱਚ ਬਿਰਛ ਲਗਾਉਣ, ਪਟੜੀਆਂ ਤੇ ਜਬਰੀ ਕਬਜੇ ਰੋਕਣ ਅਤੇ ਗਲੀਆਂ ਨੂੰ ਸੁਹਣਾ ਬਣਾਉਣ ਜਿਹੇ ਕੰਮ ਵੀ ਸ਼ਾਮਿਲ ਕਰ ਰਹੀਆਂ ਹਨ।

Source : Good Governance in India, Vol. I, No. 3 March-April 2004, p. 27.

ਗੁਜਰਾਤ ਵਿੱਚ ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਸੁਧਾਰ ਕਰਨ ਦੇ ਸੁਝਾਅ ਦੇਣ ਲਈ ਰਾਜ ਪੱਧਰ ਤੇ ਵਿਸ਼ੇਸ਼ੱਗਾਂ ਦੀ ਇੱਕ ਕਮੇਟੀ ਬਣਾਈ ਗਈ। ਰਾਜ ਭਰ ਵਿੱਚ ਗੋਸ਼ਟੀਆਂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਨਗਰ ਪਾਲਕਾਵਾਂ ਦੇ ਪ੍ਰਤੀਨਿਧੀਆਂ ਨੂੰ ਬੁਲਾ ਕੇ ਕੂੜੇ ਕਰਕਟ ਦਾ ਨਿਯਮਾਂ ਮੁਤਾਬਕ ਪ੍ਰਬੰਧ ਕਰਨ ਦੀ ਸਲਾਹ ਦਿੱਤੀ ਗਈ। ਗੁਜਰਾਤ ਮਿਉਂਸਿਪਲ ਫਾਇਨਾਂਸ ਬੋਰਡ ਅਤੇ ਸਿਟੀ ਮੈਨੇਜਰਜ ਐਸੋਸੀਏਸ਼ਨ ਆਫ ਗੁਜਰਾਤ ਵੀ ਸੁਧਾਰ

ਲਈ ਲੁੜੀਂਦੀਆਂ ਕਾਰਵਾਈਆਂ ਨੂੰ ਉਤਸ਼ਾਹਤ ਕਰ ਰਹੇ ਹਨ। ਖਾਨਾ–7 ਵਿੱਚ ਦੱਸਿਆ ਗਿਆ ਹੈ ਕਿ ਗੁਜਰਾਤ ਦੀ ਵਲਸਾੜ ਨਗਰ ਪਾਲਕਾ ਨੇ ਜੀਵਾਣੂਆਂ ਦੁਆਰਾ ਗਲ ਸਕਣ ਵਾਲੇ ਕੂੜੇ ਕਰਕਟ ਦੇ ਪ੍ਰਬੰਧ ਲਈ ਇੱਕ ਖਾਦ ਨਿਰਮਾਣ ਸੰਯੰਤਰ ਦੀ ਯੋਜਨਾ ਬਣਾਈ ਹੈ।

**ਖਾਨਾ–7**

**ਖਾਦ ਨਿਰਮਾਣ ਸੰਯੰਤਰ : ਵਲਸਾੜ ਨਗਰ ਪਾਲਕਾ ਗੁਜਰਾਤ**

ਗੁਜਰਾਤ ਦੀ ਵਲਸਾੜ ਨਗਰ ਪਾਲਕਾ ਕੂੜੇ ਕਰਕਟ ਨੂੰ ਟਿਕਾਣੇ ਲਗਾਉਣ ਲਈ ਇਸ ਨੂੰ ਨੀਵੀਆਂ ਥਾਵਾਂ ਤੇ ਭਰ ਦਿੰਦੀ ਸੀ। ਕਾਮਿਆਂ ਦੀ ਘਾਟ ਅਤੇ ਵਿਗਿਆਨਕ ਵਿਧੀ ਦਾ ਪ੍ਰਯੋਗ ਨਾ ਕੀਤੇ ਜਾਣ ਕਰਕੇ ਕੂੜਾ ਸੁੱਟਣ ਦੀ ਥਾਂ ਤੇ ਗੰਦਗੀ ਫੈਲ ਗਈ। ਵਲਸਾੜ ਨਗਰ ਪਾਲਕਾ ਨੇ ਕੂੜਾ ਸੁੱਟਣ ਦੇ ਇਸ ਢੰਗ ਦੀ ਤੁਲਨਾ ਵਿੱਚ ਖਾਦ ਨਿਰਮਾਣ ਸੰਯੰਤਰਾਂ (Compost Plants) ਦੇ ਫਾਇਦੇ ਅਨੁਭਵ ਕਰਦੇ ਹੋਏ ਅਜਿਹੇ ਇੱਕ ਸੰਯੰਤਰ ਦੀ ਸਥਾਪਨਾ ਕੀਤੀ। ਆਕਸੀਜਨ ਰਹਿਤ ਪ੍ਰਕਿਰਿਆ ਤੇ ਆਧਾਰਤ ਇਹ ਸੰਯੰਤਰ ਗੰਦੇ ਜਲ ਨੂੰ ਸੁਰੱਖਿਅਤ ਬਣਾਉਣ ਦੇ ਸੰਯੰਤਰ (Sewage Treatment Plant) ਅਤੇ ਪੁਰਾਣੀ ਕੂੜਾ ਸੁੱਟਣ ਦੀ ਥਾਂ ਦੇ ਨੇੜੇ ਲਗਾਇਆ ਗਿਆ ਹੈ। ਨਗਰ ਪਾਲਕਾ ਨੇ ਇਸ ਲਈ ਭੂਮੀ ਮੁਹੱਈਆ ਕਰਵਾਈ ਹੈ ਅਤੇ ਇਕੱਠਾ ਕੀਤੇ ਹੋਏ ਕੂੜੇ ਕਰਕਟ ਨੂੰ ਇਸ ਤੱਕ ਪਹੁੰਚਾਉਣ ਲਈ ਵੀ ਮੰਨ ਗਈ ਹੈ।

Source : Good Governance in India, Vol. I, No. 3 March-April 2004, p. 26.

ਮੱਧ ਪ੍ਰਦੇਸ਼ ਨੇ ਵੀ ਠੋਸ ਕੂੜੇ ਕਰਕਟ ਨਾਲ ਸੰਬੰਧਤ ਨਿਯਮ ਲਾਗੂ ਕਰਕੇ ਸ਼ਹਿਰੀ ਖੇਤਰਾਂ ਵਿੱਚ ਪਰਿਆਵਰਣ ਦੀ ਹਾਲਤ ਨੂੰ ਸੁਧਾਰਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਇਸ ਨੇ ਕਈ ਸ਼ਹਿਰਾਂ ਲਈ ਨੀਵੇਂ ਥਾਂ ਤੇ ਕੂੜਾ ਸੁੱਟਣ ਲਈ ਜਗ੍ਹਾ ਦਾ ਪ੍ਰਬੰਧ ਕੀਤਾ ਹੈ। ਖਾਨਾ–8 ਵਿੱਚ ਭੂਪਾਲ ਵਿਖੇ ਜੈਵਿਕ ਖਾਦ ਨਿਰਮਾਣ ਸੰਯੰਤਰ (Bio-Compost Plant) ਅਤੇ ਕੂੜਾ ਸੁੱਟਣ ਲਈ ਨੀਵੀਆਂ ਥਾਵਾਂ ਦੇ ਪ੍ਰਬੰਧ ਵਿੱਚ ਹੋਈ ਪ੍ਰਗਤੀ ਬਾਰੇ ਦੱਸਿਆ ਗਿਆ ਹੈ :

**ਖਾਨਾ–8**

**ਜੈਵਿਕ ਖਾਦ ਸੰਯੰਤਰ ਅਤੇ ਕੂੜਾ ਸੁੱਟਣ ਦੀਆਂ ਨੀਵੀਆਂ ਥਾਵਾਂ ਦਾ ਵਿਕਾਸ : ਭੂਪਾਲ**

ਭੂਪਾਲ ਨਗਰ ਨਿਗਮ ਨੇ ਮੱਧ ਪ੍ਰਦੇਸ਼ ਐਗਰੋਇੰਡਸਟਰੀਜ਼ ਡਿਵੈਲਪਮੈਂਟ ਕਾਰਪੋਰੇਸ਼ਨ ਲਿ. ਤੋਂ ਜੈਵਿਕ ਖਾਦ ਨਿਰਮਾਣ ਸੰਯੰਤਰ ਸਥਾਪਤ ਕਰਨ ਦੀ ਮੰਗ ਕੀਤੀ। ਇਸ ਦੀ ਵਿੱਤੀ ਵਿਵਸਥਾ ਮੁਤਾਬਕ ਭੂਪਾਲ ਨਗਰ ਨਿਗਮ ਸਬਜ਼ੀਆਂ ਅਤੇ ਫਲਾਂ ਦੀਆਂ ਮੰਡੀਆਂ ਅਤੇ ਹਾਟ ਬਜ਼ਾਰਾਂ ਵਗੈਰਾ ਤੋਂ ਜੈਵਿਕ ਕੂੜਾ ਕਰਕਟ ਇਕੱਠਾ ਕਰਕੇ ਸੰਯੰਤਰ ਤੱਕ ਪਹੁੰਚਾਏਗਾ ਅਤੇ ਇਸਦੇ ਬਦਲੇ ਹਰ ਤਿੰਨ ਮਹੀਨੇ ਬਾਦ ਖਾਦ ਦੀ ਵਿਕਰੀ ਤੋਂ ਹੋਈ ਆਮਦਨੀ ਦਾ 4% ਪ੍ਰਾਪਤ ਕਰੇਗਾ। ਭੂਪਾਲ ਨਗਰ ਨਿਗਮ ਨੇ ਕੂੜਾ ਸੁੱਟਣ ਲਈ ਪੁੱਟੇ ਹੋਏ ਟੋਇਆਂ ਦੀਆਂ ਜਗ੍ਹਾਵਾਂ ਦੇ ਆਸ–ਪਾਸ ਬਾਗ ਲਗਾਏ ਹਨ ਤਾਂ ਕਿ ਸ਼ਹਿਰ ਦੇ ਕੂੜੇ ਕਰਕਟ ਦੇ ਢੇਰ ਨਜ਼ਰ ਨਾ ਆਉਣ। ਇਸ ਨਾਲ ਆਲੇ ਦੁਆਲੇ ਦੇ ਰਿਹਾਇਸ਼ੀ ਖੇਤਰਾਂ ਦੀ ਪਰੇਸ਼ਾਨੀ ਵੀ ਘਟ ਗਈ ਅਤੇ ਇਸ ਜਗ੍ਹਾ ਦੇ ਸੁਹੱਪਣ ਵਿੱਚ ਵੀ ਵਾਧਾ ਹੋਇਆ।

Source : Good Governance in India, Vol. I, No. 3 March-April 2004, p. 27.

ਯੂਰਪ ਵਿੱਚ ਠੋਸ ਅਤੇ ਤਰਲ ਗੰਦਗੀ ਦੇ ਸੁਧਰੇ ਹੋਏ ਪ੍ਰਬੰਧ ਰਾਹੀਂ ਪਰਿਆਵਰਣ ਦੇ ਮਿਆਰ ਨੂੰ ਉੱਚਾ ਚੁੱਕਣਾ ਸਥਾਨਕ ਸ਼ਾਸਨਾਂ ਦੀ ਸ਼ਹਿਰੀ ਨੀਤੀ ਦਾ ਇੱਕ ਮਹੱਤਵਪੂਰਣ ਅੰਗ ਹੈ। Yuri (2005) ਅਨੁਸਾਰ ਇਟਲੀ ਵਿੱਚ ਪਿਛਲੇ ਦਹਾਕੇ ਦੌਰਾਨ ਠੋਸ ਕੂੜੇ ਕਰਕਟ ਦੇ ਪ੍ਰਬੰਧ ਵਿੱਚ ਭਾਰੀ ਤਬਦੀਲੀ ਆਈ ਹੈ। ਗਲੀਆਂ ਦੀ ਸਫਾਈ ਕਰਨ, ਕੂੜਾ ਇਕੱਠਾ ਕਰਨ, ਛਾਂਟਣ ਅਤੇ ਸੁੱਟਣ ਦੀ ਸਰਲ ਪ੍ਰਕਿਰਿਆ ਥਾਂ ਹੁਣ ਇਸ ਦੇ ਪ੍ਰਬੰਧ ਦੀ ਜਟਿਲ ਪ੍ਰਣਾਲੀ ਲਾਗੂ ਕੀਤੀ ਗਈ ਹੈ ਜਿਸ ਵਿੱਚ ਇਸਦੀ ਮੁੜ ਵਰਤੋਂ ਅਤੇ ਊਰਜਾ ਦਾ ਉਤਪਾਦਨ ਵੀ ਸ਼ਾਮਿਲ ਹਨ। ਇਹ ਪਰੀਵਰਤਨ ਮੁੱਖ ਤੌਰ ਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਦੁਆਰਾ ਕੂੜੇ ਕਰਕਟ ਦੇ ਪ੍ਰਬੰਧ, ਖਤਰਨਾਕ ਕੂੜੇ

ਕਰਕਟ ਅਤੇ ਪੈਕਿੰਗ ਦੇ ਸਮਾਨ ਦੀ ਮੁੜ ਵਰਤੋਂ ਬਾਰੇ ਆਦੇਸ਼ਾਂ ਦੀ ਪਾਲਣਾ ਕਰਕੇ ਹਨ। ਇਟਲੀ ਨੇ 1997 ਦੇ ਰੋਂਚੀ ਆਦੇਸ਼ ਦੁਆਰਾ ਯੂਰਪੀ ਯੂਨੀਅਨ ਦੇ ਆਦੇਸ਼ਾਂ ਨੂੰ ਇਟਲੀ ਦੀ ਕਾਨੂੰਨੀ ਪ੍ਰਣਾਲੀ ਵਿੱਚ ਸ਼ਾਮਿਲ ਕਰ ਲਿਆ। ਇਹ ਆਦੇਸ਼ ਕੂੜੇ ਕਰਕਟ ਦੀ ਮੁੜ ਵਰਤੋਂ ਦੇ ਸੰਕਲਪ ਤੇ ਕੇਂਦਰਤ ਹੈ ਅਤੇ ਇਸ ਦੇ ਹੇਠ ਲਿਖੇ ਅਨੁਸਾਰ ਚਾਰ ਭਾਗ ਹਨ :

ੳ) ਕੂੜੇ ਕਰਕਟ ਦੀ ਮਾਤਰਾ ਘਟਾਉਣ ਦੇ ਉਦੇਸ਼ ਨਾਲ ਸਾਫ ਸੁਥਰੀਆਂ ਤਕਨੀਕਾਂ ਦੇ ਵਿਕਾਸ ਦੁਆਰਾ ਪ੍ਰਦੂਸ਼ਣ ਦੀ ਰੋਕਥਾਮ।

ਅ) ਸਥਾਨਕ ਸ਼ਾਸਨ, ਵਪਾਰਕ ਅਦਾਰਿਆਂ ਅਤੇ ਨਾਗਰਿਕਾਂ ਦੀ ਸਾਂਝੀ ਜਿੰਮੇਵਾਰੀ ਦੇ ਸਿਧਾਂਤ ਤੇ ਅਮਲ ਕਰਨਾ।

ੲ) ਵਿਗਿਆਨਕ ਪ੍ਰਕਿਰਿਆ ਦੁਆਰਾ ਕੂੜੇ ਕਰਕਟ ਨੂੰ ਮੁੜ-ਵਰਤੋਂ ਯੋਗ ਬਣਾ ਕੇ ਇਸ ਦੀ ਕੀਮਤ ਵਿੱਚ ਵਾਧਾ ਕਰਨਾ।

ਸ) ਕੂੜੇ ਕਰਕਟ ਦੇ ਪ੍ਰਬੰਧ ਦੇ ਆਖਰੀ ਪੜਾਅ ਤੇ ਇਸ ਨੂੰ ਜਮ੍ਹਾਂ ਕਰਨ ਜਾਂ ਜਲਾਉਣ ਨੂੰ ਘੱਟ ਕਰਨਾ ; ਕੇਵਲ ਮੁੜ ਵਰਤੋਂ ਵਿੱਚ ਨਾ ਆ ਸਕਣ ਵਾਲੇ ਕੂੜੇ ਕਰਕਟ ਨੂੰ ਹੀ ਜਲਾਉਣਾ ਜਾਂ ਜਮ੍ਹਾ ਕਰਨਾ।

ਉਰਬੀਨੋ ਦੀ ਨਗਰਪਾਲਕਾ ਕੂੜੇ ਕਰਕਟ ਦੇ ਪ੍ਰਬੰਧ ਦੀ ਨਵੀਨ ਪ੍ਰਣਾਲੀ ਦੁਆਰਾ ਪਰਿਆਵਰਣ ਦੀ ਹਾਲਤ ਨੂੰ ਵਧੀਆ ਬਣਾਉਣ ਲਈ ਕੀਤੇ ਜਾਣ ਵਾਲੇ ਸੁਧਾਰਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਹੈ। ਕੂੜਾ ਕਰਕਟ ਇਕੱਠਾ ਕਰਨ ਵੇਲੇ ਹੀ ਛਾਂਟ ਲਿਆ ਜਾਂਦਾ ਹੈ ਅਤੇ ਇਸ ਨੂੰ ਜਮ੍ਹਾਂ ਕਰਨ ਜਾਂ ਢੋਣ ਦੀ ਪ੍ਰਣਾਲੀ ਵੀ ਸਾਫ ਸੁਥਰੀ ਹੈ। ਮੁੜ ਵਰਤੋਂ ਲਈ ਵਿਗਿਆਨਕ ਪ੍ਰਕਿਰਿਆ ਵਿੱਚੋਂ ਦੀ ਲੰਘਣ ਬਾਦ ਕੂੜੇ ਕਰਕਟ ਨੂੰ ਵਿਗਿਆਨਕ ਵਿਧੀ ਰਾਹੀਂ ਸ਼ਹਿਰ ਤੋਂ ਦਸ ਕਿਲੋਮੀਟਰ ਦੂਰ ਟਿਕਾਣੇ ਲਗਾ ਦਿੱਤਾ ਜਾਂਦਾ ਹੈ। ਸ਼ਹਿਰ ਦੇ ਕੂੜੇ ਕਰਕਟ ਨੂੰ ਇਕੱਠਾ ਕਰਨ, ਜਮ੍ਹਾਂ ਕਰਨ, ਚੁੱਕਣ, ਢੋਣ ਅਤੇ ਇਸ ਨੂੰ ਮੁੜ ਵਰਤੋਂ ਲਈ ਵਿਗਿਆਨਕ ਪ੍ਰਕਿਰਿਆ ਵਿੱਚੋਂ ਗੁਜ਼ਾਰਨ ਲਈ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਇੰਗਲੈਂਡ ਵਿੱਚ ਸਿਹਤ ਸੰਭਾਲ, ਪਰਿਆਵਰਣ ਦੀ ਸੁੱਰਖਿਆ ਅਤੇ ਕੂੜੇ ਕਰਕਟ ਦੇ ਪ੍ਰਬੰਧ ਲਈ ਬਣੇ ਹੋਏ ਕਾਨੂੰਨਾਂ ਜਿਵੇਂ ਕਿ Waste Minimization Act ਅਤੇ Integrated Pollution Control Rules ਨੂੰ ਲਾਗੂ ਕਰਨ ਲਈ ਗੰਭੀਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਲੈਸਟਰ ਸਿਟੀ ਕੌਂਸਲ ਨੇ ਜੈਵਿਕ ਕੂੜੇ ਕਰਕਟ ਨੂੰ ਮੁੜ ਵਰਤੋਂ ਲਈ ਵਿਗਿਆਨਕ ਪ੍ਰਕਿਰਿਆ ਵਿੱਚੋਂ ਦੀ ਲੰਘਾਉਣ ਬਾਦ ਇਸ ਦੀ ਖਾਦ ਬਣਾਉਣ ਲਈ ਆਕਸੀਜਨ ਰਹਿਤ ਪ੍ਰਕਿਰਿਆ ਵਾਲੇ ਯੰਤਰ ਸਥਾਪਤ ਕੀਤੇ ਹਨ। ਜੈਵਿਕ ਕਿਰਿਆਵਾਂ ਰਾਹੀਂ ਨਾ ਗਲਣ ਵਾਲੇ ਕੂੜੇ ਕਰਕਟ ਨੂੰ ਨੀਵੀਆਂ ਥਾਵਾਂ ਤੇ ਭਰ ਦਿੱਤਾ ਜਾਂਦਾ ਹੈ ਅਤੇ ਇਨ੍ਹਾਂ ਦਾ ਪ੍ਰਬੰਧ ਵੀ ਵਿਗਿਆਨਕ ਢੰਗ ਨਾਲ ਕੀਤਾ ਜਾਂਦਾ ਹੈ। ਲੇਕਿਨ ਨੀਵੀਆਂ ਥਾਵਾਂ ਤੇ ਭਰੇ ਜਾਣ ਵਾਲੇ ਕੂੜੇ ਦੇ ਦਬਾਅ ਨੂੰ ਘਟਾਉਣ ਲਈ ਕੌਂਸਲ ਨੇ ਇਸ ਦੀ ਮੁੜ ਵਰਤੋਂ ਦੀ ਪ੍ਰਕਿਰਿਆ ਲਈ ਇੱਕ ਨਵਾਂ ਸੰਯੰਤਰ ਲਗਾਇਆ ਹੈ। ਇਸ ਦਾ ਟੀਚਾ ਕੂੜੇ ਕਰਕਟ ਦੇ ਲਗਭਗ 40% ਹਿੱਸੇ ਨੂੰ ਇਸ ਪ੍ਰਕਿਰਿਆ ਵਿੱਚੋਂ ਕੱਢਣ ਦਾ ਹੈ। ਕੌਂਸਲ ਨੇ ਫਲਾਂ ਅਤੇ ਸਬਜ਼ੀਆਂ ਤੋਂ ਪੈਦਾ ਹੋਏ ਕੂੜੇ ਦੀ ਘਰਾਂ ਵਿੱਚ ਹੀ ਖਾਦ ਬਣਾਉਣ ਲਈ ਲੋਕਾਂ ਨੂੰ ਢੋਲ ਵੀ ਦਿੱਤੇ ਹਨ।

ਨੀਦਰਲੈਂਡ ਵਿੱਚ ਸਥਾਨਕ ਸ਼ਾਸਨਾਂ ਨੇ ਠੋਸ ਕੂੜੇ ਕਰਕਟ ਦੇ ਪ੍ਰਬੰਧ ਦੀਆਂ ਪ੍ਰਣਾਲੀਆਂ ਨੂੰ ਸੁਧਾਰ ਕੇ ਪਰਿਆਵਰਣ ਦੇ ਮਿਆਰ ਨੂੰ ਉੱਚਾ ਕੀਤਾ ਹੈ। ਮਿਡਨ ਡੈਲਫਲੈਂਡ ਨਗਰ ਪਾਲਕਾ ਪਾਸ ਵਾਤਾਵਰਣ ਲਈ ਚੰਗਾ ਬੁਨਿਆਦੀ ਢਾਂਚਾ ਅਤੇ ਕੂੜੇ ਕਰਕਟ ਦੇ ਪ੍ਰਬੰਧ ਦੀਆਂ ਚੰਗੀਆਂ ਸੇਵਾਵਾਂ ਹਨ। ਠੋਸ ਕੂੜੇ ਕਰਕਟ ਦਾ ਪ੍ਰਬੰਧ ਵਿਗਿਆਨਕ ਹੈ ਅਤੇ ਕੂੜੇ ਨੂੰ ਛਾਂਟ ਕੇ ਇਕੱਠਾ ਕਰਨ, ਮੁੜ ਵਰਤੋਂ ਲਈ ਇਸਨੂੰ ਵਿਗਿਆਨਕ ਪ੍ਰਕਿਰਿਆ ਵਿੱਚੋਂ ਦੀ ਲੰਘਾਉਣ, ਇਸ ਨੂੰ ਢੋਣ ਅਤੇ ਟਿਕਾਣੇ ਲਗਾਉਣ ਲਈ ਹਰ ਇਲਾਕੇ ਵਿੱਚ ਵਧੀਆ ਤਕਨੀਕਾਂ ਦਾ ਉਪਯੋਗ ਦੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਫਿਨਲੈਂਡ, ਬੈਲਜੀਅਮ ਅਤੇ ਸਪੇਨ ਵਿੱਚ ਸ਼ਹਿਰਾਂ ਦੀ ਠੋਸ ਅਤੇ ਤਰਲ ਗੰਦਗੀ ਦੇ ਨਵੀਨ ਪ੍ਰਬੰਧ ਕਰਕੇ ਪਰਿਆਵਰਣ ਸੰਬੰਧੀ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਉੱਤਮ ਹਨ।

### (iv) ਨਾਗਰਿਕ ਸਭਾ ਕੇਂਦਰ, ਸਿੰਗਲ ਵਿੰਡੋ ਪ੍ਰਣਾਲੀ ਅਤੇ ਨਾਗਰਿਕਾਂ ਦਾ ਅਧਿਕਾਰ ਪੱਤਰ: (Citizen Civic Centre, Single Window System and Citizens' Charters):

ਪੰਜਾਬ ਵਿੱਚ ਨਗਰ ਪਾਲਕਾਵਾਂ ਦੁਆਰਾ ਦਿੱਤੀਆਂ ਜਾ ਰਹੀਆਂ ਸੇਵਾਵਾਂ ਮਾੜੀਆਂ ਹਨ ਅਤੇ ਆਧੁਨਿਕ ਸ਼ੈਲੀ ਦੇ ਨਾਗਰਿਕ ਸਭਾ ਕੇਂਦਰ (Citizen Civic Centre) ਵੀ ਨਹੀਂ ਹਨ। ਸੇਵਾਵਾਂ ਮੁਹੱਈਆ ਕਰਵਾਉਣ ਲਈ ਸਿੰਗਲ ਵਿੰਡੋ ਪ੍ਰਣਾਲੀ ਵੀ ਨਹੀਂ ਹੈ ਜਿੱਥੇ ਇੱਕੋ ਥਾਂ ਸਾਰੀਆਂ ਕਾਰਵਾਈਆਂ ਹੋ ਸਕਦੀਆਂ ਹੋਣ। ਸਾਰੀਆਂ ਨਗਰ ਪਾਲਕਾਵਾਂ ਵਿੱਚ ਨਾਗਰਿਕਾਂ ਦੇ ਅਧਿਕਾਰ ਪੱਤਰ ਵੀ ਨਹੀਂ ਹਨ। ਪ੍ਰਗਤੀਸ਼ੀਲ ਭਾਰਤੀ ਰਾਜ ਅਤੇ ਯੂਰਪੀ ਯੂਨੀਅਨ ਦੇ ਦੇਸ਼ ਇਸ ਤੋਂ ਵਧੀਆ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ ਜਿਸ ਦਾ ਕਾਰਣ ਮੁੱਖ ਤੌਰ ਤੇ ਇਹ ਹੈ ਕਿ ਉੱਥੇ ਸਿੰਗਲ ਵਿੰਡੋ ਪ੍ਰਣਾਲੀ ਰਾਹੀਂ ਸੌਖੇ ਢੰਗ ਨਾਲ ਸੇਵਾਵਾਂ ਦੇਣ ਵਾਸਤੇ ਸਿਟੀਜ਼ਨ ਸਿਵਿਕ ਸੈਂਟਰ ਸਥਾਪਤ ਕੀਤੇ ਗਏ ਹਨ ਅਤੇ ਨਾਗਰਿਕਾਂ ਦੇ ਅਧਿਕਾਰ ਪੱਤਰ ਲਾਗੂ ਕੀਤੇ ਜਾਂਦੇ ਹਨ।

ਨਾਗਰਿਕਾਂ ਨੂੰ ਸੇਵਾਵਾਂ ਮੁਹੱਈਆ ਕਰਵਾਉਣ ਲਈ ਯੂਰਪੀ ਦੇਸ਼ਾਂ ਵਿੱਚ ਬਹੁਤ ਵਧੀਆ ਨਾਗਰਿਕ ਕੇਂਦਰ ਹਨ। ਨੀਦਰਲੈਂਡ ਵਿੱਚ ਸਥਾਨਕ ਸ਼ਾਸਨ ਲਗਭਗ ਸੱਤ ਦਿਨਾਂ ਦੀ ਸਮਾਂ ਸੀਮਾ ਵਿੱਚ ਲੋਕਾਂ ਦੇ ਪਾਸਪੋਰਟ ਬਣਾ ਦਿੰਦੇ ਹਨ। ਕਰਾਂ ਦੀ ਵਸੂਲੀ ਅਤੇ ਬਿਲਾਂ ਦੀ ਅਦਾਇਗੀ ਵੀ ਆਧੁਨਿਕ ਢੰਗ ਦੀ ਅਤੇ ਵਿਕੇਂਦਰੀਕ੍ਰਿਤ ਹੈ ਜਿਸ ਦੇ ਨਤੀਜੇ ਵਜੋਂ ਲੋਕਾਂ ਨੂੰ ਅਪਣੇ ਘਰ ਦੇ ਦਰਵਾਜੇ ਤੇ ਹੀ ਨਾਗਰਿਕ ਸੇਵਾਵਾਂ ਦਾ ਉਪਯੋਗ ਕਰਨਾ ਸੌਖਾ ਲਗਦਾ ਹੈ। ਇੰਗਲੈਂਡ ਵਿੱਚ ਲੈਸਟਰ ਸਿਟੀ ਕੌਂਸਲ ਲੋਕਾਂ ਨੂੰ ਬਹੁਤ ਸਾਰੀਆਂ ਨਾਗਰਿਕ ਸੇਵਾਵਾਂ ਇੱਕੋ ਥਾਂ ਉਪਲਬਧ ਕਰਵਾਉਂਦੀ ਹੈ। ਲੋਕ ਕੌਂਸਲ ਦੀ ਰਿਪੋਰਟ, ਪਿਛਲੇ ਕਾਗਜ ਪੱਤਰ ਜਾਂ ਫੈਸਲੇ ਦੇਖ ਸਕਦੇ ਹਨ। ਬਜੁਰਗਾਂ ਲਈ ਵਿਸ਼ੇਸ ਵਿਵਸਥਾ ਕੀਤੀ ਗਈ ਹੈ। STAR (Supprt Tenants and Residents) ਨਾਂ ਦਾ ਇੱਕ ਪ੍ਰੋਗਰਾਮ ਜੋ ਕਿ ਸਮੁਦਾ ਅਧਾਰਤ ਕੇਂਦਰ ਹੈ, ਬਜ਼ੁਰਗਾਂ, ਪਰਿਵਾਰਾਂ ਅਤੇ ਇਕੱਲੇ ਲੋਕਾਂ ਨੂੰ ਮਕਾਨਾਂ ਨਾਲ ਸੰਬੰਧਤ ਸੇਵਾਵਾਂ ਦਿੰਦਾ ਹੈ। ਲੋਕਾਂ ਨੂੰ ਸੇਵਾਵਾਂ ਉਪਲਬਧ ਕਰਵਾਉਣ, ਪਰਿਆਵਰਣ ਵਿੱਚ ਸੁਧਾਰ ਕਰਨ ਅਤੇ ਮਕਾਨਾਂ ਵਗੈਰਾ ਦੀਆਂ ਸਮੱਸਿਆਵਾਂ ਨਿਪਟਾਉਣ ਲਈ ਸਿਟੀ ਕੌਂਸਲ ਨੂੰ ਕਈ ਇਨਾਮ ਮਿਲੇ ਹਨ। ਬੈਲਜੀਅਮ, ਸਪੇਨ, ਇਟਲੀ ਅਤੇ ਇੰਗਲੈਂਡ ਦੇ ਸਥਾਨਕ ਸ਼ਾਸਨਾਂ ਨੇ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਕੁਸ਼ਲਤਾ ਸੁਧਾਰਣ ਲਈ ਗੰਭੀਰ ਕੋਸ਼ਿਸ਼ਾਂ ਕੀਤੀਆਂ ਹਨ। ਫਿਨਲੈਂਡ ਦੀ ਹਿਮੀਨਲਿਨਾ ਮਿਉਂਸਿਪਲਟੀ ਨਾਗਰਿਕਾਂ ਦੇ ਅਧਿਕਾਰ ਪੱਤਰ ਦੀ ਪ੍ਰਣਾਲੀ ਨੂੰ ਲਾਗੂ ਕਰਨ ਵਾਲੀ ਪਹਿਲੀ ਸਥਾਨਕ ਸੰਸਥਾ ਹੈ। ਇਹ ਅਧਿਕਾਰ ਪੱਤਰ ਵੱਖ-ਵੱਖ ਹਲਕਿਆਂ ਦੇ ਬੋਰਡਾਂ ਵਿੱਚ ਅਤੇ ਇਕੱਲੀ ਇਕੱਲੀ ਸੇਵਾ ਮੁਹੱਈਆ ਕਰਵਾਉਣ ਵਾਲੇ ਸੰਗਠਨਾਂ ਵਿੱਚ ਬਣਾਇਆ ਗਿਆ ਹੈ।

ਗੁਜਰਾਤ, ਕੇਰਲ, ਮਹਾਰਾਸ਼ਟਰ, ਕਰਨਾਟਕ ਅਤੇ ਮੱਧ ਪ੍ਰਦੇਸ਼ ਵਰਗੇ ਪ੍ਰਗਤੀਸ਼ੀਲ ਭਾਰਤੀ ਰਾਜ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਦੀ ਕੁਸ਼ਲਤਾ ਨੂੰ ਸੁਧਾਰਣ ਦੇ ਜਤਨ ਕਰ ਰਹੇ ਹਨ। ਨਾਗਰਿਕ ਕੇਂਦਰਾਂ (ਸਿਟੀਜ਼ਨ ਸਿਵਿਕ ਸੈਂਟਰ) ਦੀ ਸਥਾਪਤੀ ਅਹਿਮਦਾਬਾਦ ਨਗਰ ਨਿਗਮ ਦੁਆਰਾ ਨਾਗਰਿਕਾਂ ਨੂੰ ਹੋਰ ਵਧੀਆ ਸੇਵਾਵਾਂ ਮੁਹੱਈਆ ਕਰਵਾਉਣ ਲਈ ਲਿਆ ਗਿਆ ਇੱਕ ਨਵੀਨ ਕਦਮ ਹੈ। ਨਿਗਮ ਦੇ ਪੰਜੇ ਖੇਤਰਾਂ ਵਿੱਚ ਪਾਏ ਜਾਣ ਵਾਲੇ ਅਜਿਹੇ ਬਾਰਾਂ ਕੇਂਦਰ ਹਨ ਜੋ ਇੱਕੋ ਥਾਂ ਹੇਠ ਲਿਖੀਆ ਬਾਰਾਂ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ:

* ਸੰਪਤੀ ਕਰ
* ਵਾਹਨ ਕਰ
* ਘਰ ਦੇ ਨਕਸ਼ੇ ਦੀ ਮੰਜ਼ੂਰੀ
* ਜਨਮ ਅਤੇ ਮੌਤ ਦੇ ਦਸਤਾਵੇਜ ਜਾਰੀ ਕਰਨਾ
* ਦੁਕਾਨਾਂ ਅਤੇ ਵਪਾਰਕ ਅਦਾਰੇ ਸਥਾਪਤ ਕਰਨ ਲਈ ਲਾਇਸੰਸ
* ਸ਼ਿਕਾਇਤਾਂ ਦਰਜ ਕਰਨਾ, ਵਾਰਡ ਪੱਧਰ ਦੇ ਸੰਪਰਕ
* ਆਨ-ਲਾਈਨ ਟੈਂਡਰ
* ਫੇਰੀ ਵਾਲਿਆਂ ਦੇ ਲਾਇਸੰਸ
* ਰੈਸਟੋਰੈਂਟਾਂ ਲਈ ਲਾਇਸੰਸ

* ਚੁੰਗੀ ਵਸੂਲੀ
* ਪਾਣੀ ਦਾ ਨਲਕਾ ਲਗਵਾਉਣ ਲਈ ਬਿੱਨੈ-ਪੱਤਰ

ਇਨ੍ਹਾਂ ਦੇਸ਼ਾਂ ਵਿੱਚ ਬਹੁਤ ਸਾਰੇ ਲੈਣ-ਦੇਣ ਹੁੰਦੇ ਹਨ। ਇੱਥੇ ਹੋਣ ਵਾਲੇ ਲੈਣ-ਦੇਣ ਅਤੇ ਇਸ ਤਰ੍ਹਾਂ ਅਦਲਾ-ਬਦਲੀ ਕੀਤੀਆਂ ਗਈਆਂ ਰਾਸ਼ੀਆਂ ਸਾਰਣੀ-31 ਵਿੱਚ ਦਿੱਤੀਆਂ ਗਈਆਂ ਹਨ:

**ਸਾਰਣੀ-31**

**ਅਹਿਮਦਾਬਾਦ ਨਗਰ ਨਿਗਮ ਦੇ ਨਾਗਰਿਕ ਕੇਂਦਰਾਂ ਵਿੱਚ 18 ਸਿੰਤਬਰ 2002 ਤੋਂ 31 ਜੁਲਾਈ 2004 ਤੱਕ ਹੋਏ ਲੈਣ-ਦੇਣ**

| ਸੇਵਾ | ਕਿੰਨੇ ਲੈਣ-ਦੇਣ ਹੋਏ | ਲੱਖ ਰੁਪਿਆਂ ਵਿੱਚ ਰਾਸ਼ੀ |
|---|---|---|
| ਸੰਪਤੀ ਕਰ | 993677 | 27542 |
| ਵਾਹਨ ਕਰ | 27404 | 192 |
| ਨਕਸ਼ਿਆਂ ਦੀ ਮੰਜੂਰੀ | 3493 | 1888 |
| TDO ਫੀਸਾਂ | 7745 | 1284 |
| ਦੁਕਾਨਾਂ ਅਤੇ ਵਪਾਰਕ ਅਦਾਰਿਆਂ ਦੇ ਲਾਇਸੰਸ | 39956 | 26.22 |
| ਜਨਮ ਅਤੇ ਮੌਤ ਦੇ ਪ੍ਰਮਾਣ-ਪੱਤਰ | 74780 | 520 |
| ਫੇਰੀ ਵਾਲਿਆਂ ਦੇ ਲਾਇਸੰਸ | 124 | 0.64 |
| ਰੈਸਟੋਰੈਂਟਾਂ ਦੇ ਲਾਇਸੰਸ | 44 | 0.76 |

ਕੇਰਲ ਦੀਆਂ ਨਗਰ ਪਾਲਕਾਵਾਂ ਨਾਗਰਿਕਾਂ ਦੇ ਅਧਿਕਾਰ ਪੱਤਰਾਂ ਤੇ ਅਮਲ ਕਰ ਰਹੀਆਂ ਹਨ। ਨਾਗਰਿਕ ਸੇਵਾਵਾਂ ਦੇਣ ਦੀ ਕੁਸ਼ਲਤਾ ਨੂੰ ਸੁਧਾਰਣ ਅਤੇ ਕਰ ਵਸੂਲਣ ਦੀ ਪ੍ਰਕਿਰਿਆ ਨੂੰ ਝੰਝਟ ਮੁਕਤ ਕਰਨ ਦੇ ਜਤਨ ਕੀਤੇ ਜਾ ਰਹੇ ਹਨ। ਮਹਾਰਾਸ਼ਟਰ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਨਾਗਰਿਕਾਂ ਦੇ ਅਧਿਕਾਰ ਪੱਤਰਾਂ ਦੀ ਸ਼ੁਰੂਆਤ ਕਰਨ ਦੇ ਨਾਲ ਨਾਲ ਸਿੰਗਲ ਵਿੰਡੋ ਪ੍ਰਣਾਲੀ ਵੀ ਸਥਾਪਤ ਕਰ ਰਹੀਆਂ ਹਨ। ਗ੍ਰੇਟਰ ਮੁੰਬਈ ਨਗਰ ਨਿਗਮ ਨੇ ਕੰਪਿਊਟਰ ਕੇਂਦਰ ਖੋਲ੍ਹੇ ਹਨ ਜਿੱਥੇ ਲੋਕਾਂ ਨੂੰ ਕਈ ਪ੍ਰਕਾਰ ਦੀਆਂ ਨਾਗਰਿਕ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਕੇਂਦਰਾਂ ਵਿੱਚ ਜ਼ਿਆਦਾਤਰ ਨਾਗਰਿਕ ਸੇਵਾਵਾਂ ਲਈ ਇੱਕੋ ਥਾਂ ਤੇ ਸੰਪਰਕ ਕਰਨ ਦੀ ਲੋੜ ਹੁੰਦੀ ਹੈ। ਇਨ੍ਹਾਂ ਕੇਂਦਰਾਂ ਵਿੱਚ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ ਅਤੇ ਬਿਲ ਅਤੇ ਕਰ ਵੀ ਅਦਾ ਕੀਤੇ ਜਾ ਸਕਦੇ ਹਨ। ਮੱਧ ਪ੍ਰਦੇਸ਼ ਵਿੱਚ ਇੰਦੌਰ ਨਗਰ ਨਿਗਮ ਜਿਆਦਾਤਰ ਨਾਗਰਿਕ ਸੇਵਾਵਾਂ ਸਿੰਗਲ ਵਿੰਡੋ ਪ੍ਰਣਾਲੀ ਰਾਹੀਂ ਉਪਲਬਧ ਕਰਵਾਉਣ ਦੇ ਗੰਭੀਰ ਜਤਨ ਕਰ ਰਿਹਾ ਹੈ। ਇਸ ਨੇ ਨਗਰ ਪ੍ਰਬੰਧ ਦਾ ਵਿਕੇਂਦਰੀਕਰਣ ਕਰ ਦਿੱਤਾ ਹੈ। ਨਗਰ ਪਾਲਕਾ ਦੀ ਆਮਦਨੀ ਦੇ ਅਧਾਰ ਦਾ ਵਿਸਥਾਰ ਕਰਨ ਲਈ ਨਾਗਰਿਕਾਂ ਦਾ ਸਹਿਯੋਗ ਲਿਆ ਗਿਆ ਹੈ। ਨਾਗਰਿਕ ਸੇਵਾਵਾਂ ਦੇਣ ਦੇ ਢੰਗ ਦੀ ਕੁਸ਼ਲਤਾ ਕਾਰਣ ਹੀ ਅਜਿਹਾ ਸੰਭਵ ਹੋਇਆ ਹੈ। ਕਰਨਾਟਕ ਵਿੱਚ ਬੰਗਲੌਰ ਨਗਰ ਨਿਗਮ ਨੇ ਨਾਗਰਿਕ ਸੇਵਾਵਾਂ ਦੇਣ ਵਿੱਚ ਪਾਰਦਰਸ਼ਤਾ ਅਤੇ ਕੁਸ਼ਲਤਾ ਲਿਆਉਣ ਲਈ ਗੰਭੀਰ ਜਤਨ ਕੀਤੇ ਹਨ। ਨਗਰ ਪਾਲਕਾਵਾਂ ਦੇ ਆਪਸੀ ਸੰਪਰਕ ਸਥਾਪਤ ਕਰਨ ਅਤੇ ਸੂਚਨਾ ਨੂੰ ਵੈੱਬਸਾਈਟਾਂ ਤੇ ਉਪਲਬਧ ਕਰਵਾਉਣ ਨਾਲ ਨਾਗਰਿਕਾਂ ਨੂੰ ਲੁੜੀਂਦੀ ਸੂਚਨਾ ਜਲਦੀ ਅਤੇ ਅਸਾਨੀ ਨਾਲ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲਦੀ ਹੈ।

### (v) ਕੰਪਿਊਟਰ ਦੀ ਮਦਦ ਨਾਲ ਸਲਾਨਾ ਰਿਪੋਰਟਾਂ ਅਤੇ ਭਵਿੱਖ ਪਰਿਕਲਪਨਾ ਤਿਆਰ ਕਰਨਾ:

ਪੰਜਾਬ ਵਿੱਚ ਕੰਪਿਊਟਰ ਦੀ ਮਦਦ ਨਾਲ ਸਲਾਨਾ ਰਿਪੋਰਟਾਂ ਅਤੇ ਭਵਿੱਖ-ਪਰਿਕਲਪਨਾ ਦਸਤਾਵੇਜ਼ (Vision Documents) ਤਿਆਰ ਕਰਨ ਦੀ ਕੋਈ ਪਰੰਪਰਾ ਨਹੀਂ। ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਸਥਾਨਕ ਸ਼ਾਸਨਾਂ ਨੇ ਇਹ ਰਿਪੋਰਟਾਂ ਅਤੇ ਦਸਤਾਵੇਜ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਜਿਸ ਨਾਲ ਉਨ੍ਹਾਂ ਨੂੰ ਸ਼ਹਿਰਾਂ ਅਤੇ ਕਸਬਿਆਂ ਲਈ ਨਿੱਗਰ ਨੀਤੀ ਦੇ ਨਿਰਮਾਣ ਵਿੱਚ ਸਹਾਇਤਾ ਮਿਲਦੀ ਹੈ। ਕੇਰਲ ਵਿੱਚ ਸਥਾਨਕ ਸ਼ਾਸਨ ਸਲਾਨਾ ਰਿਪੋਰਟਾਂ ਕੇਵਲ ਅੰਗ੍ਰੇਜ਼ੀ ਵਿੱਚ ਹੀ ਨਹੀਂ ਬਲਕਿ ਸਥਾਨਕ ਮਲਿਆਲਮ ਭਾਸ਼ਾ ਵਿੱਚ ਵੀ ਤਿਆਰ ਕਰਦੇ ਹਨ। 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਰਾਜ ਸਰਕਾਰ ਦੁਆਰਾ ਸਾਰੇ ਸੰਬੰਧਤ ਲੋਕਾਂ ਦਾ ਸਹਿਯੋਗ ਲੈਣ ਲਈ ਸ਼ੁਰੂ ਕੀਤੀ ਗਈ ਸੀ ਤਾਂ ਕਿ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਯੋਜਨਾ ਦਸਤਾਵੇ ਜ ਬਣਾਉਣ ਦੀ ਸਮਰਥਾ ਵਿੱਚ ਸੁਧਾਰ ਹੋ ਸਕੇ। ਇਸੇ ਤਰ੍ਹਾਂ ਗੁਜਰਾਤ, ਮਹਾਰਾਸ਼ਟਰ ਕਰਨਾਟਕ ਅਤੇ ਮੱਧ ਪ੍ਰਦੇ ਸ਼ ਵਿੱਚ ਨਗਰ ਪਾਲਕਾਵਾਂ ਨੇ ਅਪਣੀਆਂ ਸਲਾਨਾ ਰਿਪੋਰਟਾਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਯੂਰਪ ਵਿੱਚ ਨਗਰ ਪਾਲਕਾਵਾਂ ਭਵਿੱਖ ਪਰਿਕਲਪਨਾ ਦਸਤਾਵੇਜ (Vision Documents) ਬਣਾਉਣ ਵਿੱਚ ਲੱਗੀਆਂ ਹੋਈਆਂ ਹਨ। 'ਮਿਡਨ ਡੈਲਫਲੈਂਡ 2025' ਭਵਿੱਖ ਪਰਿਕਲਪਨਾ ਨਾਂ ਦੇ ਦਸਤਾਵੇਜ ਦੀ ਤਿਆਰੀ ਨਗਰ ਪਾਲਕਾ ਦਾ ਇੱਕ ਮਹੱਤਵਪੂਰਣ ਉਪਰਾਲਾ ਹੈ। ਇਸ ਦਸਤਾਵੇਜ ਵਿੱਚ ਲਗਭਗ ਸਾਰੇ ਮਹੱਤਵਪੂਰਣ ਖੇਤਰ ਸ਼ਾਮਿਲ ਕੀਤੇ ਗਏ ਹਨ ਜਿਵੇਂ ਕਿ ਸਮਾਜ, ਆਰਥਕਤਾ, ਸੱਭਿਆਚਾਰ, ਇਤਿਹਾਸ, ਪ੍ਰਕਿਰਤਕ ਪੱਖ, ਦੁੱਧ ਵਿਉਪਾਰ, ਭੂ-ਦਰਿੱਸ਼, ਪਾਣੀ, ਮਨੋਰੰਜਨ, ਪੁਰਾਤੱਤਵ ਵਿਗਿਆਨ, ਢੋ ਢੁਆਈ, ਨਿਵੇਸ਼, ਬੁਨਿਆਦੀ ਢਾਂਚਾ (ਮਕਾਨ ਉਸਾਰੀ, ਸੜਕਾਂ, ਗੰਦੇ ਜਲ ਦੀ ਨਿਕਾਸੀ) ਅਤੇ ਪਰਿਆਵਰਣ। ਭਵਿੱਖ ਪਰਿਕਲਪਨਾ ਦੇ ਇਸ ਦਸਤਾਵੇਜ ਦੇ ਵੱਖ-ਵੱਖ ਪੱਖਾਂ ਤੇ ਚਰਚਾ ਕਰਨ ਲਈ ਨਗਰ ਪਾਲਕਾ ਨੇ ਇੱਕ ਸੰਮੇਲਨ ਦਾ ਆਯੋਜਨ ਕੀਤਾ। ਨਗਰ ਪਾਲਕਾ ਇਸ ਦਸਤਾਵੇਜ ਵਿੱਚ ਨਿਸ਼ਚਿਤ ਕੀਤੇ ਗਏ ਉਦੇਸ਼ਾਂ ਦੀ ਪੂਰਤੀ ਲਈ ਹਰ ਸੰਭਵ ਜਤਨ ਕਰੇਗੀ। ਇਸ ਨੇ ਨੀਦਰਲੈਂਡ ਅਰਬਨ ਪਾਲਿਸੀ ਦੀਆਂ ਵੱਖ-ਵੱਖ ਨੀਤੀਗਤ ਸਿਫਾਰਸ਼ਾਂ ਦਾ ਵੀ ਧਿਆਨ ਰੱਖਿਆ ਹੈ ਜਿਨ੍ਹਾਂ ਦਾ ਉਦੇਸ਼ ਸ਼ਹਿਰਾਂ ਦੇ ਆਰਥਕ, ਸਮਾਜਕ ਅਤੇ ਭੌਤਿਕ ਪੱਖਾਂ ਦੇ ਵਿਕਾਸ ਲਈ ਵਿਸ਼ੇਸੱਗਤਾ ਨਾਲ ਵਿੱਤੀ ਅਤੇ ਮਨੁੱਖੀ ਵਸੀਲਿਆ ਦਾ ਸੁਮੇਲ ਕਰਨਾ ਹੈ। ਲੈਸਟਰ ਸਿਟੀ ਕੌਂਸਲ ਇੱਕ ਵਿਸਤ੍ਰਿਤ ਸਲਾਨਾ ਰਿਪੋਰਟ ਅਤੇ ਕਾਰਪੋਰੇਟ ਯੋਜਨਾ ਤਿਆਰ ਕਰਦੀ ਹੈ ਜਿਸ ਵਿੱਚ ਸਥਾਨਕ ਸਰੋਕਾਰ ਦੇ ਸਾਰੇ ਮੱਹਤਵਪੂਰਣ ਖੇਤਰਾਂ ਦਾ ਵਰਣਨ ਹੁੰਦਾ ਹੈ। ਕਾਰਪੋਰੇਟ ਯੋਜਨਾ ਵਿਭਾਗਾਂ ਦੇ ਬਜਟ ਸੰਬੰਧੀ ਫੈਸਲਿਆਂ ਬਾਰੇ ਅਹਿਮ ਦਸਤਾਵੇਜ ਹੁੰਦਾ ਹੈ। ਕੌਂਸਲ ਨੇ ਲੰਬੇ ਸਮੇਂ ਦੇ ਪਰਿਪੇਖ ਨੂੰ ਧਿਆਨ ਵਿੱਚ ਰੱਖਦੇ ਹੋਏ ਖਰਚ ਅਤੇ ਕਰਾਂ ਦੀ ਤਿੰਨ ਸਾਲਾ ਯੋਜਨਾ ਬਣਾਉਣ ਦੀ ਪਰੰਪਰਾ ਸ਼ੁਰੂ ਕੀਤੀ ਹੈ।

### (vi) ਸੰਪਤੀ ਪ੍ਰਬੰਧ

ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿੱਚ ਨਗਰ ਪਾਲਕਾ ਦੀਆਂ ਸੰਪਤੀਆਂ ਦਾ ਪ੍ਰਬੰਧ ਬਹੁਤ ਮਾੜਾ ਹੈ। ਨਗਰ ਪਾਲਕਾਵਾਂ ਇਨ੍ਹਾਂ ਦੀ ਸੂਚੀ ਤਿਆਰ ਨਹੀਂ ਕਰਦੀਆਂ ਜਿਸ ਨਾਲ ਇਨ੍ਹਾਂ ਦੀ ਵਿੱਤੀ ਸਮਰਥਾ ਵਿੱਚ ਵਾਧਾ ਹੋ ਸਕਦਾ ਹੈ। ਲੁਧਿਆਣਾ ਨਗਰ ਨਿਗਮ ਨੂੰ ਛੱਡ ਕੇ, ਹੋਰ ਕਿਸੇ ਵੀ ਨਿਗਮ ਨੇ ਅਪਣੀਆਂ ਸੰਪਤੀਆਂ ਦੀ ਸੂਚੀ ਤਿਆਰ ਨਹੀਂ ਕੀਤੀ। ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਸਥਾਨਕ ਸ਼ਾਸਨਾਂ ਨੇ ਅਜਿਹੀਆਂ ਸੂਚੀਆਂ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

### (vii) ਸ਼ਿਕਾਇਤਾਂ ਦੀ ਸਮੀਖਿਆ ਅਤੇ ਨਿਵਾਰਣ ਪ੍ਰਣਾਲੀ, ਲੋਕਪਾਲ ਅਤੇ ਅਪੀਲ ਸੁਣਨ ਵਾਲੇ ਟ੍ਰਿਬਿਊਨਲ:

ਪੰਜਾਬ ਦੇ ਸਥਾਨਕ ਸ਼ਾਸਨਾਂ ਪਾਸ ਸ਼ਿਕਾਇਤਾਂ ਦੀ ਸਮੀਖਿਆ ਅਤੇ ਨਿਵਾਰਣ ਦੀ ਕੋਈ ਨਰੋਈ ਪ੍ਰਣਾਲੀ ਨਹੀਂ। ਨਗਰ ਪਾਲਕਾ ਪੱਧਰ ਤੇ ਲੋਕਪਾਲ ਦਾ ਕੋਈ ਪਦ ਨਹੀਂ ਹੈ ਜੋ ਨਗਰ ਪਾਲਕਾ ਸੰਬੰਧੀ ਸ਼ਿਕਾਇਤਾਂ, ਇਤਰਾਜ਼, ਅਤੇ ਹੋਰ ਮਾਮਲਿਆਂ ਦੀ ਸੁਣਵਾਈ ਨੂੰ ਸੁਖਾਲਾ ਬਣਾਉਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਸਕੇ। ਮਹਾਰਾਸ਼ਟਰ ਵਿੱਚ ਮੁੰਬਈ ਨਗਰ ਨਿਗਮ ਦੁਆਰਾ ਸਥਾਪਤ ਕੀਤੇ ਕੰਪਿਊਟਰ ਕੇਂਦਰ ਵਿੱਚ ਸ਼ਿਕਾਇਤਾਂ ਦੀ ਸਮੀਖਿਆ ਅਤੇ

ਨਿਵਾਰਣ ਪ੍ਰਣਾਲੀ ਵੀ ਉਪਲਬਧ ਹੈ। ਗ੍ਰੇਟਰ ਮੁੰਬਈ ਨੇ ਕੇਂਦਰੀ ਸ਼ਿਕਾਇਤ ਨਿਵਾਰਣ ਪ੍ਰਣਾਲੀ ਦੀ ਸਥਾਪਨਾ ਕੀਤੀ ਹੈ ਜਿਸ ਵਿੱਚ ਸ਼ਿਕਾਇਤ ਦਰਜ ਕਰਵਾਉਣ ਲਈ ਸਿੰਗਲ ਵਿੰਡੋ ਮੁਹੱਈਆ ਹੈ। ਇਸ ਪ੍ਰਣਾਲੀ ਵਿੱਚ ਦਿਨ-ਰਾਤ ਬਿਨਾਂ ਖਰਚੇ ਤੋਂ ਕੀਤਾ ਜਾ ਸਕਣ ਵਾਲਾ ਟੈਲੀਫੋਨ ਨੰਬਰ ਵੀ ਦਿੱਤਾ ਗਿਆ ਹੈ। ਕੇਂਦਰ ਵਿੱਚ ਚਾਰ ਕੰਪਿਊਟਰ ਹਨ ਜਿਹੜੇ ਇੱਕ ਸਰਵਰ (Server) ਨਾਲ ਜੁੜੇ ਹੋਏ ਹਨ। ਇਸ ਸਰਵਰ ਵਿੱਚ ਵਿਭਾਗ ਦੁਆਰਾ ਵਿਕਸਤ ਕੀਤਾ ਗਿਆ ਸ਼ਿਕਾਇਤ ਪ੍ਰਬੰਧ ਦਾ ਸਾਫਟਵੇਅਰ ਲਗਾਇਆ ਗਿਆ ਹੈ। ਇਸ ਉਪਰਾਲੇ ਤਹਿਤ ਪੰਜ ਵੱਖ-ਵੱਖ ਕੰਟਰੋਲ ਰੂਮਾਂ ਨੂੰ ਇਕੱਠਾ ਕਰਕੇ ਇੱਕੋ ਕੰਟਰੋਲ ਰੂਮ ਬਣਾ ਦਿਤਾ ਗਿਆ ਜੋ ਕਿ ਮੁੱਖ ਦਫਤਰ ਵਿੱਚ ਸਥਿਤ ਹੈ। ਇਸ ਨਾਲ ਸ਼ਿਕਾਇਤਾਂ ਦੇ ਪ੍ਰਬੰਧ ਦੀ ਲਾਗਤ ਘਟੀ ਹੈ ਅਤੇ ਨਿਗਮ ਨੂੰ 75% ਤੋਂ ਵੀ ਜ਼ਿਆਦਾ ਸ਼ਿਕਾਇਤਾਂ ਦਾ ਨਿਵਾਰਣ ਸਮੇਂ ਸਿਰ ਕਰਨ ਵਿੱਚ ਸਹਾਇਤਾ ਮਿਲੀ ਹੈ। ਕਰਨਾਟਕ ਵਿੱਚ ਟੂਮਕੂਰ ਨਗਰ ਕੌਂਸਲ ਨੇ ਨਾਗਰਿਕਾਂ ਨੂੰ ਹੋਰ ਵਧੀਆ ਨਾਗਰਿਕ ਸੇਵਾਵਾਂ ਦੇਣ ਲਈ ਜਨਤਾ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਇੱਕ ਬੇਤਾਰ ਪ੍ਰਣਾਲੀ ਦੀ ਸਥਾਪਨਾ ਕੀਤੀ ਹੈ। ਇਸ ਨਾਲ ਸ਼ਿਕਾਇਤ ਦੇ ਨਿਵਾਰਣ ਵਿੱਚ ਲੱਗਣ ਵਾਲਾ ਸਮਾਂ ਕਾਫੀ ਘਟਿਆ ਹੈ ਅਤੇ ਨਗਰ ਪਾਲਕਾ ਦੇ ਕਰਮਚਾਰੀਆਂ ਦੀ ਕਾਰਜ ਕੁਸ਼ਲਤਾ ਵਿੱਚ ਵੀ ਸੁਧਾਰ ਆਇਆ ਹੈ। ਇਸ ਨਾਲ ਨਗਰ ਪਾਲਕਾ ਦੇ ਵਸੀਲਿਆਂ ਨੂੰ ਵਰਤੋਂ ਵਿੱਚ ਲਿਆਉਣ ਲਈ ਵੀ ਮਦਦ ਮਿਲੀ ਹੈ।

ਇੰਗਲੈਂਡ ਵਿੱਚ ਸਥਾਨਕ ਸ਼ਾਸਨਾਂ ਲਈ ਇੱਕ ਲੋਕਪਾਲ ਹੁੰਦਾ ਹੈ। ਭਾਰਤ ਵਿੱਚ ਕੇਰਲ ਦੇ ਸਥਾਨਕ ਸ਼ਾਸਨਾਂ ਲਈ ਲੋਕਪਾਲ ਦੀ ਵਿਵਸਥਾ ਹੈ ਜਿਸ ਨਾਲ ਇਹ ਸ਼ਾਸਨ ਜਵਾਬਦੇਹ ਹੋ ਗਏ ਹਨ। ਸਰਕਾਰ ਦੀਆਂ ਨੀਤੀਆਂ, ਪ੍ਰੋਗਰਾਮਾਂ ਅਤੇ ਸਕੀਮਾਂ ਸੰਬੰਧੀ ਨਾਗਰਿਕਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਅਪੀਲ ਸੁਣਨ ਵਾਲੇ ਟ੍ਰਿਬਿਊਨਲ ਵੀ ਸਥਾਪਤ ਕੀਤੇ ਗਏ ਹਨ।

### (viii) ਕਾਰਜ-ਪੂਰਤੀ ਦਾ ਮੁਲਾਂਕਣ (Performance Assessment)

ਪੰਜਾਬ ਵਿੱਚ ਸਥਾਨਕ ਸ਼ਾਸਨਾਂ ਦੀ ਕਾਰਜ ਪੂਰਤੀ ਦੇ ਮੁਲਾਂਕਣ ਦੀ ਕੋਈ ਪ੍ਰਣਾਲੀ ਨਹੀਂ ਹੈ ਜਿਸ ਨਾਲ ਸਥਾਨਕ ਸੰਸਥਾਵਾਂ ਦੇ ਭਿੰਨ-ਭਿੰਨ ਵਿਭਾਗਾਂ, ਇਕਾਈਆਂ ਅਤੇ ਉਨ੍ਹਾਂ ਦੇ ਕਰਮਚਾਰੀਆਂ ਦੀ ਕਾਰਜਪੂਰਤੀ ਵਿੱਚ ਸੁਧਾਰ ਹੋ ਸਕਦਾ ਹੋਵੇ। ਯੂਰਪੀ ਯੂਨੀਅਨ ਦੇ ਦੇਸ਼ਾਂ ਨੇ ਕੇਂਦਰ ਸਰਕਾਰਾਂ ਦੁਆਰਾ ਸਥਾਪਤ ਕੀਤੀਆਂ ਹੋਈਆਂ ਕਾਰਜ-ਪੂਰਤੀ ਦੇ ਪ੍ਰਬੰਧ ਦੀਆਂ ਬਹੁਤ ਸਾਰੀਆਂ ਪ੍ਰਣਾਲੀਆਂ ਦੀ ਸ਼ੁਰੂਆਤ ਕੀਤੀ ਹੈ। ਸ਼ਾਸਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਬਰਤਾਨੀਆਂ ਸਰਕਾਰ ਨੇ ਆਧੁਨਿਕੀਕਰਣ ਦਾ ਕਾਰਜਕ੍ਰਮ ਅਤੇ ਕਾਰਜ-ਪੂਰਤੀ ਦੇ ਪ੍ਰਬੰਧ ਦੀ ਪ੍ਰਣਾਲੀ ਦਾ ਆਰੰਭ ਕੀਤਾ ਹੈ। ਇਸ ਨੇ Best Value Review Guidelines (ਸਰਵੋਤਮ ਸੇਵਾ ਦੀ ਸਮੀਖਿਆ ਲਈ ਸੇਧ) ਜਾਰੀ ਕੀਤਾ ਜੋ 1 ਅ੍ਰਪੈਲ 2000 ਤੋਂ ਲਾਗੂ ਹੋਇਆ। ਇਸ ਪ੍ਰਣਾਲੀ ਅਨੁਸਾਰ ਸਥਾਨਕ ਸ਼ਾਸਨਾਂ ਨੂੰ ਅਜਿਹੀ ਵਿਵਸਥਾ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਕੰਮ ਕਰਨ, ਅਤੇ ਹੋ ਚੁੱਕੇ ਅਤੇ ਹੋ ਸਕਣ ਵਾਲੇ ਕੰਮਾਂ ਦੇ ਵਿਵਰਣ ਅਤੇ ਸਲਾਨਾ ਯੋਜਨਾਵਾਂ ਬਣਾਉਣ ਦੇ ਢੰਗ ਵਿੱਚ ਨਿਰੰਤਰ ਸੁਧਾਰ ਹੁੰਦਾ ਰਹੇ; ਉਨ੍ਹਾਂ ਨੂੰ ਲੇਖਾ ਪਰੀਖਣ ਅਤੇ ਨਿਰੀਖਣ ਦਾ ਵੀ ਸਖਤ ਪ੍ਰੋਗਰਾਮ ਸ਼ੁਰੂ ਕਰਨਾ ਚਾਹੀਦਾ ਹੈ। ਸਮੀਖਿਆ ਵਿੱਚ ਚਾਰ ਅਹਿਮ ਸਿਧਾਂਤਾਂ ਦੀ ਪਾਲਣਾ ਹੋਣੀ ਚਾਹੀਦੀ ਹੈ:

* ਇਸ ਗੱਲ ਨੂੰ ਚੁਣੌਤੀ ਦੇਣੀ ਚਾਹੀਦੀ ਹੈ ਕਿ ਸੇਵਾ ਕਿਉਂ ਅਤੇ ਕਿਵੇਂ ਦਿੱਤੀ ਜਾਂਦੀ ਹੈ।
* ਉਚਿਤ ਸੂਚਕਾਂ ਅਤੇ ਵਿਧੀਆਂ ਦੀ ਵਰਤੋਂ ਅਤੇ ਯੋਗ ਤੁਲਨਾ ਕਰਦੇ ਹੋਏ ਸੰਬੰਧਤ ਵਰਗ ਵਿੱਚੋਂ ਸਰਵੋਤਮ ਨਾਲ ਤੁਲਨਾ ਕਰਵਾਉਣੀ ਚਾਹੀਦੀ ਹੈ।
* ਸੰਬੰਧਤ ਸੇਵਾ, ਇਸ ਦੀ ਸਮੀਖਿਆ, ਕਾਰਜ-ਪੂਰਤੀ ਦੇ ਨਵੇਂ ਟੀਚਿਆਂ ਅਤੇ ਸੁਧਾਰ ਦੀਆਂ ਯੋਜਨਾਵਾਂ ਦੇ ਸੰਬੰਧ ਵਿੱਚ ਨਾਗਰਿਕ ਸੇਵਾ ਦੇ ਵਾਸਤਵਿਕ ਉਪਭੋਗਤਾਵਾਂ, ਸ਼ਾਸਨ ਦੇ ਭਾਗੀਦਾਰਾਂ ਅਤੇ ਵਿਆਪਕ ਪੱਧਰ ਤੇ ਵਿਉਪਾਰੀ ਵਰਗ ਦੀ ਸਲਾਹ ਲਉ।
* ਜਾਇਜ ਪ੍ਰਤੀਯੋਗਤਾ ਨੂੰ ਕਾਰਜ ਕੁਸ਼ਲ ਅਤੇ ਪ੍ਰਭਾਵਸ਼ਾਲੀ ਸੇਵਾਵਾਂ ਪ੍ਰਾਪਤ ਕਰਨ ਦਾ ਇੱਕ ਵਸੀਲਾ ਸਮਝੋ।

ਲੈਸਟਰ ਸਿਟੀ ਕੌਂਸਲ ਨੇ ਕਾਰਜ-ਪੂਰਤੀ (Performance) ਦੇ ਪ੍ਰਬੰਧ ਲਈ ਇੱਕ ਢਾਂਚੇ ਦਾ ਖਰੜਾ ਤਿਆਰ ਕੀਤਾ ਹੈ। ਸ਼ਾਸਨ ਦੀਆਂ ਅਪਣੀਆਂ ਰਣਨੀਤੀਆਂ ਦਾ ਵੀ ਧਿਆਨ ਰੱਖਣਾ ਪੈਣਾ ਹੈ ਕਿ ਇਹ ਸਮੁਦਾ ਦੁਆਰਾ ਤਿਆਰ ਕੀਤੀ ਗਈ ਯੋਜਨਾ ਦਾ ਸਮਰਥਨ ਕਰਨ। ਕਾਰਜ ਪੂਰਤੀ ਦੀ ਯੋਜਨਾ (Performance Plan) ਹਰ ਸਾਲ ਪ੍ਰਕਾਸ਼ਿਤ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਵਿੱਚ ਸ਼ਾਸਨ ਦੇ ਟੀਚਿਆਂ ਦਾ, ਇਨ੍ਹਾਂ ਨੂੰ ਮਾਪਣ ਅਤੇ ਇਨ੍ਹਾਂ ਦੀ ਪੂਰਤੀ ਦਾ ਵਰਣਨ ਹੋਣਾ ਚਾਹੀਦਾ ਹੈ। ਕਾਰਜ ਪੂਰਤੀ ਦੇ ਪ੍ਰਬੰਧ ਦਾ ਢਾਂਚਾ ਵਿੱਤੀ ਰਣਨੀਤੀ, ਸੰਪਤੀ ਪ੍ਰਬੰਧ ਅਤੇ ਮਨੁੱਖੀ ਵਸੀਲਿਆਂ ਸੰਬੰਧੀ ਰਣਨੀਤੀਆਂ ਸਮੇਤ ਸਥਾਨਕ ਰਾਜਨੀਤਕ ਪਹਿਲ, ਸਮੁਦਾ ਦੀ ਯੋਜਨਾ, ਰਾਸ਼ਟਰੀ ਅਗੇਤਾਂ ਅਤੇ ਕਾਨੂੰਨੀ ਜਰੂਰਤਾਂ ਦਾ ਵੀ ਧਿਆਨ ਰੱਖਦਾ ਹੈ। ਇਸ ਲਈ ਕਾਰਜ ਪੂਰਤੀ ਦੇ ਮੁਲਾਂਕਣ ਲਈ ਢੁਕਵੀਂ ਦਿਸ਼ਾ, ਕਾਰਪੋਰੇਟ ਪਲੈਨ, ਸਰਵਿਸ ਪਲਾਨ ਬਿਜ਼ਨਸ ਸੁਧਾਰ ਪਲੈਨ ਅਤੇ ਵਿਅਕਤੀਗਤ ਸੁਧਾਰ ਪਲੈਨਾਂ ਦਾ ਧਿਆਨ ਰੱਖਿਆ ਜਾਂਦਾ ਹੈ।

**ਸਿੱਟਾ:**

ਪੰਜਾਬ ਦੇ ਸ਼ਹਿਰੀ ਖੇਤਰਾਂ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਲੋਕਾਂ ਦੀ ਭਾਗੀਦਾਰੀ ਦੀ ਪ੍ਰਕਿਰਿਆ ਵਿਕਸਤ ਨਹੀਂ ਕੀਤੀ ਗਈ। ਸੰਵਿਧਾਨਕ ਸੋਧ ਦੇ ਅਨੁਰੂਪ ਕਾਨੂੰਨ ਬਣਾਏ ਜਾਣ ਦੇ ਬਾਰਾਂ ਸਾਲ ਬਾਦ ਵੀ ਵਾਰਡ ਕਮੇਟੀਆਂ ਅਤੇ ਜਿਲ੍ਹਾ ਯੋਜਨਾਬੰਦੀ ਕਮੇਟੀਆਂ ਦਾ ਗਠਨ ਨਹੀਂ ਕੀਤਾ ਗਿਆ। ਇਸ ਨਾਲ ਸਥਾਨਕ ਸਵੈ-ਸ਼ਾਸਨਾਂ ਦੀ ਗੁਣਵੱਤਾ ਤੇ ਮਾੜਾ ਅਸਰ ਪੈ ਰਿਹਾ ਹੈ। ਕੇਰਲ, ਕਰਨਾਟਕ, ਮਹਾਰਾਸ਼ਟਰ, ਗੁਜਰਾਤ ਅਤੇ ਮੱਧ ਪ੍ਰਦੇਸ਼ ਨੇ ਸ਼ਹਿਰੀ ਯੋਜਨਾਬੰਦੀ ਦੀ ਵਿਕੇਂਦਰੀਕ੍ਰਿਤ ਪ੍ਰਣਾਲੀ ਨੂੰ ਮਜਬੂਤ ਬਣਾਉਣ ਲਈ ਕਈ ਸੁਧਾਰ ਸ਼ੁਰੂ ਕੀਤੇ ਹਨ। ਵਾਰਡ ਕਮੇਟੀਆਂ ਬਣਾ ਕੇ ਲੋਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕੀਤਾ ਗਿਆ ਹੈ।

ਸ਼ਾਸਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਸ਼ਹਿਰੀ ਪ੍ਰਬੰਧ ਦੀ ਪ੍ਰਣਾਲੀ ਦਾ ਮਿਆਰ ਉੱਚਾ ਕਰ ਦਿੱਤਾ ਗਿਆ ਹੈ। ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਸਥਾਨਕ ਸ਼ਾਸਨਾਂ ਨੇ ਸਥਾਨਕ ਨਗਰ ਪ੍ਰਬੰਧ ਦੀਆਂ ਪ੍ਰਣਾਲੀਆਂ ਨੂੰ ਸੁਧਾਰਣ ਲਈ ਵਿਸਤ੍ਰਿਤ ਭਾਗੀਦਾਰੀਆਂ ਅਤੇ ਨਗਰ ਪਾਲਕਾਵਾਂ ਦੇ ਸੰਯੁਕਤ ਰੂਪ ਵਿੱਚ ਕੰਮ ਕਰਨ ਦੀ ਵਿਵਸਥਾ ਕੀਤੀ ਹੈ। ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦਾ ਮਿਆਰ ਉੱਚਾ ਚੁੱਕਣ ਲਈ ਵਿਕਲਪ ਲੱਭੇ ਗਏ ਹਨ। ਜਲ ਪੂਰਤੀ ਅਤੇ ਠੋਸ ਤੇ ਤਰਲ ਗੰਦਗੀ ਦੇ ਪ੍ਰਬੰਧ ਦੀ ਗੁਣਵੱਤਾ ਅਤੇ ਵਿਸਥਾਰ ਵਿੱਚ ਸੁਧਾਰ ਕਰਨ ਤੋਂ ਇਲਾਵਾ ਮਹੱਤਵਪੂਰਣ ਯੋਜਨਾਵਾਂ ਵਿੱਚ ਧਨ ਲਗਾਉਣ ਲਈ ਬਹੁਤ ਸਾਰੀਆਂ ਨਗਰ ਪਾਲਕਾਵਾਂ ਨੇ ਸਰਕਾਰੀ ਅਤੇ ਨਿੱਜੀ ਖੇਤਰ ਦੀ ਭਾਗੀਦਾਰੀ ਦਾ ਸਹਾਰਾ ਲਿਆ ਹੈ। ਇਨ੍ਹਾਂ ਨਗਰਾਂ ਵਿੱਚ ਸ਼ਹਿਰੀ ਸੇਵਾਵਾਂ ਦੇ ਉਪਲਬਧ ਕਰਵਾਉਣ ਦੇ ਢੰਗ ਵਿੱਚ ਸੁਧਾਰ ਹੋ ਰਿਹਾ ਹੈ। ਛੋਟੇ ਅਤੇ ਦਰਮਿਆਨੇ ਸ਼ਹਿਰ ਕੇਂਦਰ ਸਰਕਾਰ ਦੇ ਸਮਰਥਨ ਵਾਲੀਆਂ ਵਿੱਤ ਦੀਆਂ ਨਵੀਆਂ ਪ੍ਰਣਾਲੀਆਂ ਤੋਂ ਫਾਇਦਾ ਉਠਾ ਰਹੇ ਹਨ। ਯੂਰਪ ਵਿੱਚ ਨਾਗਰਿਕ ਸੇਵਾਵਾਂ ਨਿੱਜੀ ਖੇਤਰ ਦੇ ਸਪੁਰਦ ਕਰ ਦਿੱਤੀਆਂ ਗਈਆਂ ਹਨ। ਪਰਿਆਵਰਣ ਦੀ ਹਾਲਤ ਵਿੱਚ ਸਮੁੱਚੇ ਸੁਧਾਰ ਕਰਨ ਲਈ ਠੋਸ ਅਤੇ ਤਰਲ ਗੰਦਗੀ ਦੇ ਪ੍ਰਬੰਧ ਵਿੱਚ ਸੁਧਾਰ ਕਰਨ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਿੰਗਲ ਵਿੰਡੋ ਪ੍ਰਣਾਲੀ, ਨਾਗਰਿਕ ਕੇਂਦਰ (ਸਿਟੀਜ਼ਨ ਸਿਵਿਕ ਸੈਂਟਰ) ਨਾਗਰਿਕਾਂ ਦੇ ਅਧਿਕਾਰ ਪੱਤਰ, ਕੰਪਿਊਟਰ ਦੀ ਮਦਦ ਨਾਲ ਸਲਾਨਾ ਰਿਪੋਰਟਾਂ ਅਤੇ ਭਵਿੱਖ ਦੀ ਪਰਿਕਲਪਨਾ (Vision Document) ਤਿਆਰ ਕਰਨ, ਸੰਪਤੀ ਪ੍ਰਬੰਧ, ਸ਼ਿਕਾਇਤਾਂ ਦੀ ਸਵੈ-ਚਲਤ ਸਮੀਖਿਆ ਅਤੇ ਨਿਵਾਰਣ ਪ੍ਰਣਾਲੀ ਵਰਗੀਆਂ ਪ੍ਰਬੰਧ ਦੀਆਂ ਨਵੀਆਂ ਪ੍ਰਣਾਲੀਆਂ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਸਥਾਨਕ ਸ਼ਾਸਨਾਂ ਦੁਆਰਾ ਲਾਗੂ ਕੀਤੀਆਂ ਗਈਆਂ ਹਨ। ਇਨ੍ਹਾਂ ਭਾਰਤੀ ਰਾਜਾਂ ਅਤੇ ਯੂਰਪ ਦੇ ਦੇਸ਼ਾਂ ਦੁਆਰਾ ਵਿਕਸਤ ਕੀਤੀ ਗਈ ਸਥਾਨਕ ਸ਼ਾਸਨਾਂ ਦੀ ਸਮਰਥਾ ਵਿੱਚ ਵਾਧਾ ਕਰਨ ਦੀ ਪ੍ਰਣਾਲੀ ਪੰਜਾਬ ਦੀਆਂ ਸਥਾਨਕ ਸੰਸਥਾਵਾਂ ਦੁਆਰਾ ਵੀ ਲਾਗੂ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਣ, ਪਰਿਆਵਰਣ ਦੇ ਨਿਘਾਰ ਅਤੇ 74 ਵੀਂ ਸੋਧ ਨੂੰ ਲਾਗੂ ਕਰਨ ਦੀ ਚੁਣੌਤੀ ਦਾ ਸਾਮ੍ਹਣਾ ਕਰ ਸਕਣ।

## References

All the references (same as mentioned in the Chapter 2, 3: Part 1) and

Gill, Rajesh (2003) 'Planning Urban Settlements for People: A Social Agenda', *Urban India,* 1:39-49.

Ramachandran, Arcot (2003) 'Urban Governance' in National Workshop on *Municipal Reforms for Good Urban Governance*, New Delhi: National Institute of Urban Affairs (NIUA) and United Nations Development Programme (UNDP), July 16-17, 2003.

*CMAG Newsletter, Slum Policy Special,* a quarterly Journal of City Managers Association, Gujarat (CMAG), Volume Numbers 10 and 11; December 2001 and March 2002, Ahemedabad.

NIUA (2001), 'Kerala-A National Strategy Translates into a State Level System for Interaction with Local Women's Groups', in *Mobilizing Communities, Communities in Action Series 2,* National Institute of Urban Affairs, New Delhi.

NIUA (2001), 'Surat-Civic Response to a City's Crisis', in *Mobilizing Communities, Communities in Action Series 2,* National Institute of Urban Affairs, New Delhi.

NIUA (2001), 'Baroda-Community Participation for Transformation of a Slum' in *Mobilizing Communities, Communities in Action Series 2,* National Institute of Urban Affairs, New Delhi.

NIUA (2001), 'Ahemedabad-SEWA: A Women's Self Help Organization for Poverty Alleviation' in *Mobilizing Communities, Communities in Action Series 2,* National Institute of Urban Affairs, New Delhi.

*Model Municipal Law* (2003), Government of India, Ministry of Urban Development and Poverty Alleviation, New Delhi (Volume I and II).

Teotia, Manoj K (2005) 'Promoting and Strengthening Good Urban Governance in Northwest India for Sustainable Urban Settlements: Major Issues and Alternatives (A Case of Punjab, Haryana, Himachal Pradesh and Chandigarh)', UGC Seminar on *Sustainable Urban Settlements: Issues and Strategies* organized by the Department of Sociology, GNDU, Amritsar cosponsored by the Research Committee 16 on Urban & Industrial Studies of ISS and RC 21 on Sociology of Urban & Regional Development of International Sociological Association (ISA) from March 18-19,2005.

Rana, P.S.(2003), Pricing of Water For Sustainability, Shelter, Vol. 6, No. 3

Kerala Municipality Act, 1994

Prohl, Marga (ed.), 1997, International Strategies and Techniques for Future Local Government, Bertelsmann Foundation Publishers

India Infrastructure Report, 2006, Urban Infrastructure, SiNetowrk, New Delhi: Oxford University Press

India Best Practices Catalogue 2003: EN Route to Reforms in Urban India, presented by International City/Council Management Association

Shelter- Special Issue on Best Practice on Sustainable Human Settlement & Living Environment, Vol. 7, No.2, April 2004

# ਭਾਗ ਦੂਜਾ

## ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਵਿਕਾਸ ਵਿੱਚ ਲੋਕਾਂ ਦੀ ਭਾਗੀਦਾਰੀ

ਅਧਿਆਇ ਦਾ ਇਹ ਭਾਗ ਮੋਟੇ ਤੌਰ ਤੇ ਇਨ੍ਹਾਂ ਵਿਸ਼ਿਆਂ ਬਾਰੇ ਹੈ : (i) ਵਿਕੇਂਦਰੀਕ੍ਰਿਤ ਯੋਜਨਾਬੰਦੀ ਦੇ ਲਾਭ (ii) ਵਿਕੇਂਦਰੀਕ੍ਰਿਤ ਯੋਜਨਾਵਾਂ ਦਾ ਨਿਰਮਾਣ ਅਤੇ (iii) ਵਿਕੇਂਦਰੀਕ੍ਰਿਤ ਯੋਜਨਾਬੰਦੀ ਵਿੱਚ ਗਰਾਮ ਸਭਾ ਅਤੇ ਜ਼ਿਲਾ ਯੋਜਨਾਬੰਦੀ ਕਮੇਟੀ ਦੀ ਭੂਮਿਕਾ।

**ਜਾਣ-ਪਛਾਣ :**

ਮਹਾਤਮਾ ਗਾਂਧੀ ਨੇ ਕਿਹਾ ਸੀ : "ਸੱਚਾ ਲੋਕਤੰਤਰ ਕੇਂਦਰ ਵਿੱਚ ਬੈਠੇ ਲੋਕਾਂ ਰਾਹੀਂ ਨਹੀਂ ਚੱਲ ਸਕਦਾ। ਇਹ ਹੇਠਲੇ ਪੱਧਰ ਤੋਂ ਅਤੇ ਪਿੰਡ ਦੇ ਲੋਕਾਂ ਵਿੱਚੋਂ ਆਉਣਾ ਚਾਹੀਦਾ ਹੈ।" ਵਿਕੇਂਦਰੀਕਰਣ ਦਾ ਮਨੋਰਥ ਸਭ ਤੋਂ ਹੇਠਲੇ ਪੱਧਰ ਤੇ ਫੈਸਲੇ ਲੈਣ ਵਿੱਚ ਲੋਕਾਂ ਨੂੰ ਹੋਰ ਹਿੱਸਾ ਲੈਣ ਲਈ ਉਤਸ਼ਾਹਤ ਕਰਨਾ ਹੈ। ਕਿੰਤੂ ਅਜੇ ਤੱਕ ਅਜਿਹਾ ਹੋਇਆ ਨਹੀਂ ਹੈ। ਸੇਵਾਵਾਂ ਮੁਹੱਈਆ ਕਰਵਾਉਣ ਦੇ ਕੇਂਦਰ ਦੁਆਰਾ ਸੰਚਾਲਤ ਸਰਕਾਰੀ ਪ੍ਰੋਗਰਾਮਾਂ ਵਿੱਚ ਲੋਕਾਂ ਦੀ ਭਾਗੀਦਾਰੀ ਪ੍ਰੋਗਰਾਮ ਤੋਂ ਲਾਭ ਉਠਾਉਣ ਤੱਕ ਹੁੰਦੀ ਹੈ, ਇਸ ਪ੍ਰੋਗਰਾਮ ਨੂੰ ਤਿਆਰ ਕਰਨ ਜਾਂ ਲਾਗੂ ਕਰਨ ਵਿੱਚ ਉਨ੍ਹਾਂ ਦੀ ਕੋਈ ਪੁੱਛ ਨਹੀਂ ਹੁੰਦੀ। ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ ਸੀਮਤ ਹੁੰਦੀ ਹੈ; ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਕੇਵਲ ਉਨ੍ਹਾਂ ਦੀ ਸਲਾਹ ਲਈ ਜਾਂਦੀ ਹੈ ਪਰ ਉਨ੍ਹਾਂ ਨੂੰ ਵਿਕਾਸ ਦੇ ਪ੍ਰੋਗਰਾਮਾਂ ਵਿੱਚ ਸਰਗਰਮ ਭਾਗੀਦਾਰ ਨਹੀਂ ਸਮਝਿਆ ਜਾਂਦਾ। ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਸ਼ਾਸਨ ਸਹੀ ਅਰਥਾਂ ਵਿੱਚ ਤਾਂ ਹੀ ਸਾਕਾਰ ਹੋ ਸਕਦੇ ਹਨ ਜੇ ਲੋਕਾਂ ਦੇ ਪ੍ਰਤੀਨਿਧੀ, ਅਧਿਕਾਰੀ, ਗੈਰ ਸਰਕਾਰੀ ਸੰਗਠਨ ਅਤੇ ਸਥਾਨਕ ਬੁੱਧੀਜੀਵੀ ਯੋਜਨਾਬੰਦੀ ਅਤੇ ਸ਼ਾਸਨ ਵਿੱਚ ਸਰਗਰਮ ਹਿੱਸਾ ਲੈਣ। ਸ਼ਾਹ (1988) ਨੇ ਟਿੱਪਣੀ ਕੀਤੀ ਸੀ ਕਿ, "ਭਾਗੀਦਾਰੀ ਤੇ ਆਧਾਰਤ ਵਿਕਾਸ ਦੀ ਪ੍ਰਕਿਰਿਆ ਦਾ ਅਰਥ ਪਰਿਭਾਸ਼ਾ ਵਜੋਂ ਇਹ ਹੈ ਕਿ ਫੈਸਲੇ ਲੈਣ ਦੀ ਪ੍ਰਕਿਰਿਆ ਤੱਕ ਸਮੁਦਾ ਦੇ ਸਾਰੇ ਵਰਗਾਂ ਦੀ ਇੱਕੋ ਜਿਹੀ ਪਹੁੰਚ ਹੋਵੇ ਅਤੇ ਉਹ ਇਸ ਵਿੱਚ ਇੱਕੋ ਜਿਹਾ ਭਾਗ ਲੈਣ।

ਵਾਸਤਵਿਕ ਵਿਕੇਂਦਰੀਕਰਣ ਨਾਲ ਅਫ਼ਸਰਸ਼ਾਹੀ ਦੁਆਰਾ ਮਾਮਲਿਆਂ ਦਾ ਲਮਕਾਇਆ ਜਾਣਾ ਘਟਦਾ ਹੈ, ਦੇਰ ਘੱਟ ਹੁੰਦੀ ਹੈ, ਸ਼ਾਸਨ ਦੀ ਨਾਗਰਿਕਾਂ ਪ੍ਰਤੀ ਉਦਾਸੀਨਤਾ ਘਟਦੀ ਹੈ, ਸੇਵਾ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ; ਇਹ ਰਾਸ਼ਟਰੀ ਸਰਕਾਰ ਅਤੇ ਸਥਾਨਕ ਸਮੁਦਾਵਾਂ ਵਿਚਕਾਰ ਸੰਚਾਰ ਦਾ ਪ੍ਰਭਾਵਸ਼ਾਲੀ ਵਸੀਲਾ ਬਣ ਸਕਦਾ ਹੈ, ਯੋਜਨਾਬੰਦੀ ਅਤੇ ਫੈਸਲੇ ਲੈਣ ਵਿੱਚ ਲੋਕਾਂ ਨੂੰ ਹੋਰ ਹਿੱਸਾ ਲੈਣ ਲਈ ਉਤਸ਼ਾਹਤ ਕਰ ਸਕਦਾ ਹੈ। ਵਿਕੇਂਦਰੀਕ੍ਰਿਤ ਯੋਜਨਾਬੰਦੀ ਦੇ ਕੁੱਝ ਲਾਭ ਹੇਠ ਲਿਖੇ ਅਨੁਸਾਰ ਹਨ :

* ਲੋਕਾਂ ਦੀ ਭਾਗੀਦਾਰੀ ਵਿੱਚ ਵਾਧਾ
* ਪ੍ਰੋਗਰਾਮਾਂ ਦਾ ਹੋਰ ਚੰਗਾ ਪ੍ਰਬੰਧ
* ਵਿਸ਼ਿਸ਼ਟ ਖੇਤਰਾਂ ਵਿੱਚ ਸੇਵਾਵਾਂ/ਸਹੂਲਤਾਂ ਮੁਹੱਈਆ ਕਰਵਾਉਣ ਲਈ ਭਾਗੀਦਾਰੀ ਆਧਾਰਤ ਯੋਜਨਾਬੰਦੀ
* ਸਥਾਨਕ ਪੱਧਰ ਤੇ ਵਸੀਲਿਆਂ ਦਾ ਵਧੇਰੇ ਪ੍ਰਯੋਗ
* ਸਥਾਨਕ ਪੱਧਰ ਦੀ ਲੀਡਰਸ਼ਿਪ ਅਤੇ ਸਥਾਨਕ ਪੱਧਰ ਦੀ ਯੋਜਨਾ ਦੇ ਨਿਰਮਾਣ ਅਤੇ ਲਾਗੂ ਕਰਨ ਦੀ ਇੱਛਾ ਨੂੰ ਉਤਸ਼ਾਹਤ ਕਰਨ ਲਈ ਭਾਗੀਦਾਰੀ ਦੀ ਪ੍ਰਣਾਲੀ ਦਾ ਵਿਕਾਸ
* ਖੇਤਰੀ ਅਸਮਾਨਤਾਵਾਂ ਵਿੱਚ ਕਮੀ

ਕਿੰਤੂ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀ ਸਫਲਤਾ ਹੇਠ ਲਿਖੀਆਂ ਹਾਲਤਾਂ ਤੇ ਨਿਰਭਰ ਕਰਦੀ ਹੈ :

(i) ਵਿਕੇਂਦਰੀਕਰਣ ਨੂੰ ਸਮਰਥਨ ਦੇਣ ਅਤੇ ਜ਼ਿੰਮੇਵਾਰੀਆਂ ਹੇਠਲੇ ਪੱਧਰਾਂ ਨੂੰ ਸੌਂਪਣ ਲਈ ਰਾਜਨੀਤਿਕ ਨੇਤਾਵਾਂ ਅਤੇ ਅਫ਼ਸਰਸ਼ਾਹਾਂ ਦੀ ਇੱਛਾ ਕਿੰਨੀ-ਕੁ ਹੈ?

(ii) ਫੈਸਲੇ ਲੈਣ ਅਤੇ ਪ੍ਰਸ਼ਾਸਨਿਕ ਪ੍ਰਣਾਲੀ ਵਿੱਚ ਵਿਕੇਂਦਰੀਕਰਣ ਪ੍ਰਤੀ ਸੱਭਿਆਚਾਰ ਕਿੰਨਾ ਕੁ ਅਨੁਕੂਲ ਹੈ,

ਰਵੱਈਆ ਕਿਹੋ ਜਿਹਾ ਹੈ ਅਤੇ ਹਾਵੀ ਹੋਣ ਦੀ ਪ੍ਰਵਿਰਤੀ ਕਿੰਨੀ-ਕੁ ਹੈ?

(iii) ਨੀਤੀਆਂ ਅਤੇ ਪ੍ਰੋਗਰਾਮ ਕਿੰਨੀ-ਕੁ ਚੰਗੀ ਤਰ੍ਹਾਂ ਬਣਾਏ ਗਏ ਹਨ?

(iv) ਵਿੱਤੀ, ਮਨੁੱਖੀ ਅਤੇ ਭੌਤਿਕ ਵਸੀਲੇ ਕਿੰਨੇ-ਕੁ ਹਨ? (Narayana 2000)

**ਪੰਚਾਇਤੀ ਰਾਜ ਸੰਸਥਾਵਾਂ ਅਤੇ ਵਿਕੇਂਦਰੀਕ੍ਰਿਤ ਯੋਜਨਾਬੰਦੀ :**

ਵਿਕੇਂਦਰੀਕ੍ਰਿਤ ਯੋਜਨਾਬੰਦੀ ਲੋਕਤੰਤਰੀ ਵਿਕੇਂਦਰੀਕਰਣ ਦਾ ਅਹਿਮ ਹਿੱਸਾ ਹੈ। ਪੰਚਾਇਤੀ ਰਾਜ ਸੰਸਥਾ ਪ੍ਰਣਾਲੀ ਦੀਆਂ ਤਿੰਨੇ ਪੱਧਰਾਂ ਦੀਆਂ ਸੰਸਥਾਵਾਂ ਦਾ ਅਪਣੇ ਅਪਣੇ ਪੱਧਰ ਤੇ ਵਿਕੇਂਦਰੀਕਰਣ ਦੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਸ਼ਾਮਿਲ ਹੋਣਾ ਜਰੂਰੀ ਹੈ। ਪਿੰਡ ਪੰਚਾਇਤ ਦੀ ਮੁੱਖ ਭੂਮਿਕਾ ਪਿੰਡ ਪੱਧਰ ਤੇ ਯੋਜਨਾਵਾਂ ਬਣਾਉਣਾ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨਾ ਹੈ; ਇਨ੍ਹਾਂ ਕੰਮਾਂ ਦੀ ਨਿਗਰਾਨੀ ਕਰਨ ਦੀ ਜਿੰਮੇਵਾਰੀ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਨੂੰ ਦਿੱਤੀ ਜਾ ਸਕਦੀ ਹੈ। ਕਿੰਤੂ ਪੰਚਾਇਤੀ ਰਾਜ ਪ੍ਰਣਾਲੀ ਦੇ ਤਿੰਨੇ ਪੱਧਰਾਂ ਵਿੱਚੋਂ ਹਰੇਕ ਦੀ ਭੂਮਿਕਾ ਨੂੰ ਬਿਲਕੁਲ ਅਲਗ ਅਲਗ ਵੀ ਨਹੀਂ ਰੱਖਿਆ ਜਾ ਸਕਦਾ। ਕਈ ਮਾਮਲਿਆਂ ਵਿੱਚ ਜਿਹੜੇ ਸਾਰੇ ਜ਼ਿਲ੍ਹੇ ਨਾਲ ਸੰਬੰਧ ਰਖਦੇ ਹਨ, ਜ਼ਿਲ੍ਹਾ ਪਰੀਸ਼ਦ ਯੋਜਨਾ ਨਿਰਮਾਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ।

ਯੋਜਨਾ ਨਿਰਮਾਣ ਦੀ ਪ੍ਰਕਿਰਿਆ ਦੇ ਵੱਖ-ਵੱਖ ਪੱਧਰਾਂ ਤੇ ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ ਮੋਟੇ ਤੌਰ ਤੇ ਹੇਠ ਲਿਖੇ ਅਨੁਸਾਰ ਹੈ :

* ਲੋਕਾਂ ਦੀਆਂ ਜਰੂਰਤਾਂ ਦਾ ਪਤਾ ਲਗਾਉਣਾ।
* ਪਿੰਡ ਲਈ ਯੋਜਨਾ ਬਣਾਉਣਾ।
* ਵਿਕਾਸ ਦੇ ਪ੍ਰੋਗਰਾਮਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਦੀ ਪਹਿਚਾਣ ਕਰਨਾ।
* ਉਸਾਰੀ ਦੇ ਕੰਮਾਂ ਦਾ ਪਤਾ ਲਗਾਉਣਾ : ਸੜਕਾਂ ਦਾ ਨਿਰਮਾਣ ਅਤੇ ਮੁਰਮੰਤ, ਸਕੂਲਾਂ ਲਈ ਇਮਾਰਤਾਂ, ਨਾਲੀਆਂ, ਆਂਗੜਵਾੜੀ ਲਈ ਇਮਾਰਤਾਂ, ਸਿਹਤ ਸਬ-ਸੈਂਟਰ ਲਈ ਇਮਾਰਤਾਂ, ਕਮਿਊਨਿਟੀ ਸੈਂਟਰ, ਸੜਕ ਕਿਨਾਰੇ ਉਡੀਕ ਘਰ, ਜਲ ਪੂਰਤੀ ਆਦਿ।
* ਲੁੜੀਂਦੀ ਸਮੱਗਰੀ, ਫੰਡ ਅਤੇ ਕੰਮ ਕਰਨ ਵਾਲੇ ਵਿਅਕਤੀਆਂ ਦਾ ਪਤਾ ਕਰਨਾ।
* ਸਮੁਦਾ ਵਿਕਾਸ ਅਤੇ ਭਲਾਈ ਦੇ ਕੰਮਾਂ ਵਿੱਚ ਲੋਕਾਂ ਨੂੰ ਧਨ ਜਾਂ ਸਮੱਗਰੀ ਦੁਆਰਾ ਯੋਗਦਾਨ ਕਰਨ ਲਈ ਉਤਸ਼ਾਹਤ ਕਰਨਾ।
* ਸਲਾਨਾ ਰਿਪੋਰਟਾਂ ਬਣਾਉਣਾ।

**(ii) ਪੰਚਾਇਤ ਸੰਮਤੀ ਦੇ ਪੱਧਰ ਤੇ**

ਪਿੰਡ ਦੀ ਯੋਜਨਾ ਦੀ ਸਮੀਖਿਆ ਉਪਰੰਤ ਇਸਨੂੰ ਜ਼ਿਲ੍ਹਾ ਪਰੀਸ਼ਦ ਪਾਸ ਭੇਜਣਾ

**(iii) ਜ਼ਿਲ੍ਹਾ ਪਰੀਸ਼ਦ ਪੱਧਰ ਤੇ**

ਯੋਜਨਾਵਾਂ ਨੂੰ ਸਰਕਾਰ ਕੋਲ ਭੇਜਣ ਤੋਂ ਪਹਿਲਾਂ ਅੰਤਮ ਮੰਜੂਰੀ ਦੇਣਾ

ਇਸ ਤੋਂ ਇਲਾਵਾ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਅਪਣੀਆਂ ਵਿਕਾਸ ਯੋਜਨਾਵਾਂ ਸ਼ੁਰੂ ਕਰਵਾ ਸਕਦੇ ਹਨ।

ਸੂਖਮ ਯੋਜਨਾਵਾਂ (Micro Plans) ਵਿਕੇਂਦਰੀਕ੍ਰਿਤ ਯੋਜਨਾਬੰਦੀ ਦਾ ਮਹੱਤਵਪੂਰਣ ਸਾਧਨ ਹਨ। ਹਰ ਪਿੰਡ ਨੂੰ ਚਾਹੀਦਾ ਹੈ ਕਿ ਉਹ ਵਿਭਾਗ-ਵਾਰ ਅਤੇ ਸਮੁੱਚੇ ਪਿੰਡ ਲਈ ਸੂਖਮ ਯੋਜਨਾਵਾਂ ਬਣਾ ਕੇ ਇਨ੍ਹਾਂ ਨੂੰ ਲਾਗੂ ਕਰੇ। ਸੂਖਮ ਯੋਜਨਾ ਦਾ ਮੁੱਖ ਲਾਭ ਇਹ ਹੈ ਕਿ ਇਸ ਨਾਲ ਕਾਰਜ ਕੁਸ਼ਲਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਵਧਦੀ

ਹੈ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਲੋਕਾਂ ਦਾ ਵਿਸ਼ਵਾਸ ਵੀ ਵਧਦਾ ਹੈ।

**ਭਾਗੀਦਾਰੀ ਤੇ ਆਧਾਰਤ ਸੂਖਮ ਯੋਜਨਾਬੰਦੀ :**

ਭਾਗੀਦਾਰੀ-ਆਧਾਰਤ ਸੂਖਮ ਯੋਜਨਾਬੰਦੀ ਦਾ ਅਰਥ ਹੈ :

(i) ਲੋੜਾਂ ਦਾ ਪਤਾ ਲਗਾਉਣ ਵਿੱਚ ਲੋੜਵੰਦ ਵਿਅਕਤੀਆਂ ਅਤੇ ਸਥਾਨਕ ਲੋਕਾਂ ਦੀ ਭਾਗੀਦਾਰੀ

(ii) ਹੇਠ ਲਿਖੇ ਵਸੀਲੇ ਪੈਦਾ ਕਰਨੇ :

ੳ. ਭੌਤਿਕ ਸਮੱਗਰੀ

ਅ. ਸਹਿਕਾਰਤਾ

ੲ. ਹੋਰ ਵਸੀਲੇ ਪੈਦਾ ਕਰਨੇ, ਭਾਵੇਂ ਉਹ ਕੇਵਲ ਸਹਾਰਾ ਲਗਾਉਣ ਲਈ ਹੀ ਹੋਣ

ਸ. ਉਪਲਬਧ ਵਸੀਲਿਆਂ ਨੂੰ ਧਿਆਨ ਵਿੱਚ ਰਖਦੇ ਹੋਏ ਪਿੰਡ ਦੀ ਸੂਖਮ ਯੋਜਨਾ ਅਤੇ ਪੰਜ ਸਾਲਾ ਸੰਭਾਵੀ ਯੋਜਨਾ ਬਣਾਉਣੀ।

ਪਿੰਡ ਦੀ ਸੂਖਮ ਯੋਜਨਾ ਬਣਾਉਣ ਲਈ ਚੁੱਕੇ ਜਾਣ ਵਾਲੇ ਕੁੱਝ ਕਦਮ ਹੇਠਾਂ ਦਿੱਤੇ ਜਾ ਰਹੇ ਹਨ; ਇਨ੍ਹਾਂ ਵਿੱਚ ਨਾਗਰਿਕ ਸਹੂਲਤਾਂ ਸਮੇਤ ਪਿੰਡ ਵਾਸੀਆਂ ਦੀਆਂ ਕੁੱਝ ਆਮ ਜਰੂਰਤਾਂ ਵੀ ਸ਼ਾਮਿਲ ਹਨ:

(i) ਨਾਗਰਿਕ ਸਹੂਲਤਾਂ ਜਿਵੇਂ ਕਿ ਸੜਕਾਂ, ਗੰਦੇ ਜਲ ਦੀ ਨਿਕਾਸੀ ਦਾ ਪ੍ਰਬੰਧ, ਪੀਣ ਲਈ ਸੁਰੱਖਿਅਤ ਜਲ ਅਤੇ ਸਫਾਈ ਪ੍ਰਬੰਧ

(ii) ਮਹਿਲਾ ਮੰਡਲ ਅਤੇ ਸਵੈ-ਸਹਾਇਤਾ ਗਰੁੱਪ ਬਣਾਉਣੇ

(iii) ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਨੂੰ ਆਰਥਕ ਲਾਭ ਦੇਣੇ

(iv) ਸਵੈ ਰੋਜ਼ਗਾਰ, ਉਜਰਤ, ਰੋਜ਼ਗਾਰ ਅਤੇ ਜਨ ਵੰਡ ਪ੍ਰਣਾਲੀ

(v) ਸਾਂਝੀਆਂ, ਸੱਭਿਆਚਾਰਕ ਅਤੇ ਸੰਗਠਨਾਤਮਕ ਲੋੜਾਂ ਦੀ ਪੂਰਤੀ

(vi) ਬਾਲਿਗਾਂ ਲਈ ਅਤੇ ਗੈਰ-ਰਸਮੀ ਸਿੱਖਿਆ ਲਈ ਕੇਂਦਰ, ਆਂਗਨਵਾੜੀਆਂ ਅਤੇ ਸਿਹਤ ਸਬ-ਸੈਂਟਰ ਖੋਲ੍ਹਣੇ

(vii) ਗਰੀਬਾਂ ਦੇ ਹਿੱਤ ਵਿੱਚ ਵਿਕਾਸ ਦੇ ਉਪਰਾਲੇ ਕਰਨੇ

**ਸੂਖਮ ਯੋਜਨਾਬੰਦੀ ਦੇ ਪੜਾਅ :**

ਸੂਖਮ ਯੋਜਨਾਬੰਦੀ ਦੇ ਕੁੱਝ-ਕੁ ਪੜਾਅ ਹੇਠ ਲਿਖੇ ਅਨੁਸਾਰ ਹਨ :

(i) ਅੱਛਾ ਇਹ ਹੈ ਕਿ ਸਥਾਨਕ ਨਾਗਰਿਕਾਂ, ਇਸਤ੍ਰੀਆਂ, ਅਧਿਆਪਕਾਂ ਅਤੇ ਸੇਵਾ ਨਿਵਿਰਤ ਪਰੰਤੂ ਸਰਗਰਮ ਵਿਅਕਤੀਆਂ, ਖਾਸ ਕਰਕੇ ਸੁਰੱਖਿਆ ਸੇਵਾਵਾਂ ਦੇ ਵਿਅਕਤੀਆਂ ਨੂੰ ਨਾਲ ਲੈ ਕੇ ਬਣਾਏ ਹੋਏ ਸਵੈ-ਇੱਛਤ ਸੰਗਠਨਾਂ ਨੂੰ ਸਭ ਤੋਂ ਹੇਠਲੇ ਪੱਧਰ ਦੀਆਂ ਵਿਕਾਸ ਯੋਜਨਾਵਾਂ ਬਣਾਉਣ ਵਿੱਚ ਸ਼ਾਮਿਲ ਕੀਤਾ ਜਾਵੇ; ਇਸ ਕੰਮ ਵਿੱਚ ਨੌਜਵਾਨਾਂ ਨੂੰ ਵੀ ਸ਼ਾਮਿਲ ਕਰਨਾ ਅਤੇ ਅਨੁਸੂਚਿਤ ਜਾਤੀਆਂ ਨੂੰ ਵਧੇਰੇ ਭਾਗੀਦਾਰੀ ਲਈ ਉਤਸ਼ਾਹਤ ਕਰਨਾ ਲੁੜੀਂਦਾ ਹੈ।

(ii) ਇਸ ਤੋਂ ਇਲਾਵਾ ਮੁਢਲੇ ਤੱਥ ਇਕੱਠੇ ਕਰਨ ਅਤੇ ਸਥਾਨਕ ਵਿਕਾਸ ਵਿੱਚ ਦਿਲਚਸਪੀ ਲੈਣ ਵਾਲੇ ਲੋਕਾਂ ਦੇ ਕੰਮ ਚਲਾਊ ਸਮੂਹ ਬਣਾਉਣ ਨਾਲ ਵੀ ਨਿਰਵਿਵਾਦ ਅਤੇ ਵਿਵਹਾਰਕ ਯੋਜਨਾਵਾਂ ਬਣਾਉਣ ਵਿੱਚ ਮਦਦ ਮਿਲਦੀ ਹੈ।

(iii) ਕੰਮ ਦੀ ਯੋਜਨਾ ਬਣਾ ਲੈਣਾ ਵੀ ਉਚਿਤ ਹੈ; ਇਹ ਕੇਵਲ ਵਿਕੇਂਦਰੀਕ੍ਰਿਤ ਯੋਜਨਾ ਪ੍ਰਬੰਧ ਦਾ ਖਾਕਾ ਹੁੰਦੀ ਹੈ ਜਿਸ ਵਿੱਚ ਸਥਾਨਕ ਯੋਜਨਾ ਦੇ ਲਾਗੂ ਕਰਨ ਬਾਰੇ 'ਕੀ, ਕੌਣ, ਕਦੋਂ ਅਤੇ ਕਿਵੇਂ" ਨਿਰਧਾਰਤ ਕੀਤੇ ਹੁੰਦੇ ਹਨ।

(vi) ਮਨੁੱਖੀ ਅਤੇ ਭੌਤਿਕ ਵਸੀਲਿਆਂ ਦੀ ਲਾਗਤ ਦਾ ਹਿਸਾਬ ਜਰੂਰ ਲਗਾਉਣਾ ਚਾਹੀਦਾ ਹੈ ਜਿਸ ਨਾਲ ਯੋਜਨਾ ਦਾ ਬਜਟ ਬਣ ਜਾਂਦਾ ਹੈ। ਵਸੀਲਿਆਂ ਵਿੱਚ ਸਰਕਾਰੀ ਗਰਾਂਟਾਂ, ਸਥਾਨਕ ਸਮੁਦਾ ਦਾ ਯੋਗਦਾਨ ਅਤੇ ਬੈਂਕਾਂ ਤੇ ਹੋਰ ਸੰਸਥਾਵਾਂ ਤੋਂ ਮਿਲੇ ਹੋਏ ਕਰਜ਼ ਹੁੰਦੇ ਹਨ।

## ਕੇਰਲ ਵਿੱਚ ਵਿਕੇਂਦਰੀਕ੍ਰਿਤ ਅਤੇ ਭਾਗੀਦਾਰੀ ਆਧਾਰਤ ਯੋਜਨਾਬੰਦੀ

ਨੌਵੀਂ ਯੋਜਨਾ ਦੇ ਬਾਦ ਸ਼ੁਰੂ ਕੀਤੀ ਗਈ 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਕੇਰਲ ਸਰਕਾਰ ਦੁਆਰਾ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀ ਦਿਸ਼ਾ ਵਿੱਚ ਲਿਆ ਗਿਆ ਇੱਕ ਵੱਡਾ ਕਦਮ ਹੈ। ਇਸ ਮੁਹਿੰਮ ਦਾ ਉਦੇਸ਼ ਲੋਕਾਂ ਨੂੰ ਅਪਣੇ ਖੇਤਰ ਦੀਆਂ ਵਿਕਾਸ ਯੋਜਨਾਵਾਂ ਅਪਣੀ ਪਸੰਦ ਅਨੁਸਾਰ ਬਣਾਉਣ ਦੀ ਸੁਤੰਤਰਤਾ ਦੇ ਕੇ ਸ਼ਕਤੀ ਸੰਪੰਨ ਕਰਨਾ ਸੀ।

ਕੇਰਲ ਦੀ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੇ ਪੰਜ ਪੜਾਅ ਹੇਠ ਲਿਖੇ ਅਨੁਸਾਰ ਹਨ :

**ਪਹਿਲਾ ਪੜਾਅ : ਗਰਾਮ ਸਭਾ ਅਤੇ ਵਾਰਡਾਂ ਦੀਆਂ ਇਕੱਤਰਤਾਵਾਂ ਕਰਨੀਆਂ :** ਇਨ੍ਹਾਂ ਇਕੱਤਰਤਾਵਾਂ ਦਾ ਉਦੇਸ਼ ਸੰਬੰਧਤ ਇਲਾਕੇ ਦੀਆਂ ਸਮੱਸਿਆਵਾਂ ਦੀ ਸੂਚੀ ਤਿਆਰ ਕਰਨਾ ਅਤੇ ਉਨ੍ਹਾਂ ਦੇ ਹੱਲ ਲਈ ਸੁਝਾਅ ਮੰਗਣਾ ਸੀ। ਇਸ ਵਿੱਚ ਖੇਤੀਬਾੜੀ, ਸਿੰਚਾਈ, ਸਿੱਖਿਆ, ਪਸ਼ੂ ਪਾਲਣ, ਉਦਯੋਗ, ਸਿਹਤ, ਮੱਛੀ ਪਾਲਣ, ਸਫਾਈ, ਪੀਣ ਦਾ ਜਲ ਆਦਿ ਸਨ। ਇਨ੍ਹਾਂ ਪ੍ਰੋਗਰਾਮਾਂ ਵਿੱਚ ਇਸਤ੍ਰੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

**ਦੂਜਾ ਪੜਾਅ :** ਦੂਜੇ ਪੜਾਅ ਵਿੱਚ **ਪੰਚਾਇਤ ਵਿਕਾਸ ਸੈਮੀਨਾਰ** ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਗਰਾਮ ਸਭਾ ਦੁਆਰਾ ਦਿੱਤੇ ਗਏ ਸੁਝਾਵਾਂ ਨੂੰ ਵਿਚਾਰਣ ਉਪਰੰਤ ਵਿਸ਼ੇਸ਼ੱਗਾਂ ਦੁਆਰਾ ਤਿਆਰ ਕੀਤੀ ਗਈ 'ਵਿਕਾਸ ਰਿਪੋਰਟ' ਤੇ ਚਰਚਾ ਕੀਤੀ ਗਈ।


**ਤੀਜਾ ਪੜਾਅ :** ਯੋਜਨਾ ਦੇ ਵੱਖ-ਵੱਖ ਸੰਕਲਪਾਂ ਨੂੰ ਪ੍ਰਸਤਾਵਾਂ ਦਾ ਰੂਪ ਦੇਣ ਲਈ ਪਹਿਲੇ ਪੜਾਅ ਵਿੱਚ ਅੰਕਿਤ ਬਾਰਾਂ ਖੇਤਰਾਂ ਲਈ ਟਾਸਕ ਫੋਰਸ ਦਾ ਗਠਨ।

**ਚੌਥਾ ਪੜਾਅ :** ਪੰਚਾਇਤ ਯੋਜਨਾਵਾਂ ਨੂੰ ਅੰਤਮ ਰੂਪ ਦੇਣਾ।

**ਪੰਜਵਾਂ ਪੜਾਅ :** ਪੰਚਾਇਤ ਯੋਜਨਾ ਨੂੰ ਜ਼ਿਲ੍ਹਾ ਯੋਜਨਾ ਨਾਲ ਏਕੀਕ੍ਰਿਤ ਕਰਨਾ। ਬਾਦ ਵਿੱਚ ਜ਼ਿਲ੍ਹਾ ਯੋਜਨਾ ਨੂੰ ਪੰਚਾਇਤ ਯੋਜਨਾ ਸਮੇਤ ਸਟੇਟ ਪਲੈਨਿੰਗ ਬੋਰਡ (ਰਾਜ ਦੇ ਯੋਜਨਾਬੰਦੀ ਬੋਰਡ) ਪਾਸ ਰਾਜ ਪੱਧਰ ਦੀ ਯੋਜਨਾ ਵਿੱਚ ਸ਼ਾਮਿਲ ਕੀਤੇ ਜਾਣ ਲਈ ਭੇਜ ਦਿੱਤਾ ਜਾਂਦਾ ਹੈ।

**ਖਾਕਾ-1**

**ਵਿਕੇਂਦਰੀਕ੍ਰਿਤ ਯੋਜਨਾਬੰਦੀ ਦਾ ਨਮੂਨਾ**



ਜਿਵੇਂ ਕਿ ਖਾਕੇ ਵਿੱਚ ਦਿਖਾਇਆ ਗਿਆ ਹੈ ਸੂਚਨਾ ਦਾ ਵਹਾਉ ਹੇਠਾਂ ਤੋਂ ਸ਼ੁਰੂ ਹੋ ਕੇ ਰਾਜ ਦੇ ਯੋਜਨਾ ਬੋਰਡ ਤੱਕ ਜਾਂਦਾ ਹੈ ਅਤੇ ਫੇਰ ਹਿਦਾਇਤਾਂ ਉੱਪਰ ਤੋਂ ਹੇਠਾਂ ਵੱਲ, ਭਾਵ ਰਾਜ ਦੇ ਯੋਜਨਾਬੰਦੀ ਬੋਰਡ ਤੋਂ ਪਿੰਡ ਪੰਚਾਇਤ ਪੱਧਰ ਤੱਕ ਆਉਂਦੀਆਂ ਹਨ।

### ਕਰਨਾਟਕ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ

ਕਰਨਾਟਕ ਦੀ ਪ੍ਰਣਾਲੀ ਵਿੱਚ ਬਿਲਕੁਲ ਹੇਠਾਂ ਤੋਂ ਯੋਜਨਾਬੰਦੀ ਕਰਨ ਦੀ ਵਿਵਸਥਾ ਹੈ। ਗਰਾਮ ਸਭਾ ਖੁੱਲ੍ਹੀ ਇਕੱਤਰਤਾ ਵਿੱਚ ਪਿੰਡ ਦੀਆਂ ਵਿਕਾਸ ਸਕੀਮਾਂ ਬਣਾ ਕੇ ਇਨ੍ਹਾਂ ਨੂੰ ਸਮਰਥਨ ਦਿੰਦੀ ਹੈ। ਗਰਾਮ ਸਭਾ ਵਿੱਚ ਪਿੰਡ ਦੀਆਂ ਮੰਗਾਂ ਦੀ ਸੂਚੀ ਬਣਾ ਲਈ ਜਾਂਦੀ ਹੈ; ਇਨ੍ਹਾਂ ਵਿੱਚ ਮੁੱਖ ਮੁੱਖ ਮੰਗਾਂ ਸਕੂਲ ਲਈ ਇਮਾਰਤ, ਪੀਣ ਦੇ ਜਲ ਦੀ ਪੂਰਤੀ, ਮੁਢਲਾ ਸਿਹਤ ਕੇਂਦਰ, ਪਸ਼ੂਆਂ ਲਈ ਹਸਪਤਾਲ ਅਤੇ ਸਭ ਤੋਂ ਨੇੜੇ ਦੀ ਮੰਡੀ ਤੱਕ ਲਿੰਕ ਰੋਡ ਵਗੈਰਾ ਹੁੰਦੀਆਂ ਹਨ। ਮੰਗਾਂ ਦੀ ਇਸ ਸੂਚੀ ਤੇ ਫਿਰ ਗਰਾਮ ਪੰਚਾਇਤ ਦੁਆਰਾ ਵਿਚਾਰ ਕੀਤਾ ਜਾਂਦਾ ਹੈ ਅਤੇ ਜਿੱਥੋਂ ਤੱਕ ਹੋ ਸਕੇ ਇਕੱਲੇ ਇਕੱਲੇ ਪਿੰਡ ਦੀਆਂ ਜ਼ਰੂਰਤਾਂ ਅਨੁਸਾਰ ਗਰਾਮ ਪੰਚਾਇਤ ਲਈ ਸਬ-ਪਲਾਨ ਬਣਾਈ ਜਾਂਦੀ ਹੈ। ਗਰਾਮ ਪੰਚਾਇਤਾਂ ਦੁਆਰਾ ਬਣਾਈਆਂ ਗਈਆਂ ਯੋਜਨਾਵਾਂ ਤਾਲੁਕ ਪੰਚਾਇਤ ਪਾਸ ਭੇਜ ਦਿੱਤੀਆਂ ਜਾਂਦੀਆਂ ਹਨ ਜੋ ਅਪਣੀ ਯੋਜਨਾ ਵਿੱਚ ਗਰਾਮ ਪੰਚਾਇਤਾਂ ਦੀਆਂ ਯੋਜਨਾਵਾਂ ਨੂੰ ਸ਼ਾਮਿਲ ਕਰਕੇ ਉਸੇ ਤਰ੍ਹਾਂ ਦੀ ਕਾਰਵਾਈ ਲਈ ਜ਼ਿਲ੍ਹਾ ਪੰਚਾਇਤ ਪਾਸ ਭੇਜਦੀ ਹੈ। ਫੇਰ ਇਨ੍ਹਾਂ ਸਾਰੀਆਂ ਯੋਜਨਾਵਾਂ ਨੂੰ ਜ਼ਿਲ੍ਹਾ ਯੋਜਨਾ ਵਿੱਚ ਏਕੀਕ੍ਰਿਤ ਕਰ ਲਿਆ ਜਾਂਦਾ ਹੈ। ਇਹ ਸਾਰੀ ਪ੍ਰਕਿਰਿਆ ਦੀ ਵਿਉਂਤ ਇਸ ਪ੍ਰਕਾਰ ਬਣਾਈ ਜਾਂਦੀ ਹੈ ਕਿ ਪਿੰਡ ਦੇ ਪੱਧਰ ਦੀਆਂ ਇੱਛਾਵਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਕਰਨਾਟਕ ਨੇ ਇੱਕ ਯੋਜਨਾਬੰਦੀ ਕੈਲੰਡਰ ਵੀ ਨਿਯਤ ਕੀਤਾ ਹੋਇਆ ਹੈ ਜਿਸ ਵਿੱਚ ਹਰ ਪੰਚਾਇਤ ਨੂੰ ਅਪਣੀ ਯੋਜਨਾ ਤਿਆਰ ਕਰਕੇ ਦੇਣ ਦੀਆਂ ਮਿਤੀਆਂ ਦਿੱਤੀਆਂ ਹੁੰਦੀਆਂ ਹਨ।

### ਵਿਕੇਂਦਰੀਕ੍ਰਿਤ ਯੋਜਨਾਬੰਦੀ ਦਾ ਸਰਵੋਤਮ ਨਮੂਨਾ :

ਪਿੰਡ ਦੀ ਯੋਜਨਾਬੰਦੀ ਕਮੇਟੀ, ਬਲਾਕ ਦੀ ਯੋਜਨਾਬੰਦੀ ਕਮੇਟੀ, ਜ਼ਿਲ੍ਹਾ ਯੋਜਨਾਬੰਦੀ ਕਮੇਟੀ ਅਤੇ ਰਾਜ ਦੇ ਪਲੈਨਿੰਗ ਬੋਰਡ ਨਾਲ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀ ਕੜੀ ਬਣਦੀ ਹੈ। ਹਰ ਸੰਸਥਾ ਦੀਆਂ ਗਤੀਵਿਧੀਆਂ ਦਾ ਨਕਸ਼ਾ ਅਵੱਸ਼ਕ ਤੌਰ ਤੇ ਹੇਠ ਲਿਖੇ ਅਨੁਸਾਰ ਬਣਾਉਣਾ ਚਾਹੀਦਾ ਹੈ :

**ਸਾਰਣੀ-32**

**ਵਿਕੇਂਦਰੀਕ੍ਰਿਤ ਯੋਜਨਾਬੰਦੀ ਵਿੱਚ ਵੱਖ-ਵੱਖ ਸੰਸਥਾਵਾਂ ਦੀਆਂ ਗਤੀਵਿਧੀਆਂ ਦਾ ਨਕਸ਼ਾ**

| ਸੰਸਥਾ | ਗਤੀਵਿਧੀਆਂ | ਕੈਲੰਡਰ |
|---|---|---|
| ਵਾਰਡ ਕਮੇਟੀ | ਅਪਣੇ ਵਾਰਡ ਦੀਆਂ ਲੋੜਾਂ ਦਾ ਪਤਾ ਕਰਨਾ, ਕੰਮ ਦੀ ਯੋਜਨਾ ਬਣਾਉਣਾ ਅਤੇ ਮੰਜੂਰੀ ਲੈ ਕੇ ਇਸਨੂੰ ਵਿਚਾਰਣ ਲਈ ਗਰਾਮ ਸਭਾ ਪਾਸ ਭੇਜਣਾ | ਅਕਤੂਬਰ ਦਾ ਦੂਜਾ ਹਫਤਾ |
| ਪਿੰਡ ਦੀ ਵਿਕਾਸ/ ਕਾਰਜਕਾਰੀ ਕਮੇਟੀ | ਪਿੰਡ ਦੀ ਵਿਕਾਸ ਯੋਜਨਾ ਤਿਆਰ ਕਰਨਾ ਅਤੇ ਇਸ ਨੂੰ ਗਰਾਮ ਸਭਾ ਵਿੱਚ ਮੰਜੂਰ ਕਰਾਉਣਾ | ਨਵੰਬਰ ਦਾ ਦੂਜਾ ਹਫਤਾ |
| ਬਲਾਕ ਯੋਜਨਾਬੰਦੀ/ ਕਾਰਜਕਾਰੀ ਕਮੇਟੀ | ਕਾਰਜਕਾਰੀ ਕਮੇਟੀ ਦੁਆਰਾ ਪਿੰਡ ਦੀ ਯੋਜਨਾ ਨੂੰ ਮੰਜੂਰ ਕਰਕੇ ਜ਼ਿਲ੍ਹਾ ਹਫਤਾ ਯੋਜਨਾਬੰਦੀ ਕਮੇਟੀ ਪਾਸ ਭੇਜਣਾ | ਦਿਸੰਬਰ ਦਾ ਪਹਿਲਾ |
| ਜ਼ਿਲ੍ਹਾ ਯੋਜਨਾਬੰਦੀ ਕਮੇਟੀ | ਪਿੰਡ ਦੀ ਵਿਕਾਸ ਯੋਜਨਾ ਤੇ ਚਰਚਾ ਕਰਨਾ ਅਤੇ ਜੇ ਜ਼ਰੂਰੀ ਹੋਵੇ ਇਸਨੂੰ ਪਰੀਵਰਤਨ ਲਈ ਪੰਚਾਇਤ ਪਾਸ ਵਾਪਸ ਭੇਜਣਾ; ਅੰਤ ਵਿੱਚ ਇਸ ਨੂੰ ਮੰਜੂਰ ਕਰਕੇ ਰਾਜ ਦੇ ਯੋਜਨਾਬੰਦੀ ਬੋਰਡ ਪਾਸ ਭੇਜਣਾ | ਜਨਵਰੀ ਦਾ ਪਹਿਲਾ ਹਫਤਾ |

## ਖਾਕਾ-II

## ਵਿਕੇਂਦਰੀਕ੍ਰਿਤ ਯੋਜਨਾਬੰਦੀ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਗਤੀਵਿਧੀਆਂ ਦਾ ਨਕਸ਼ਾ ਬਣਾਉਣਾ

| | |
|---|---|
| * ਗ੍ਰਾਮ ਸਭਾ ਵਿੱਚ ਵੱਖ-ਵੱਖ ਪ੍ਰੋਗਰਾਮਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਦਾ ਪਤਾ ਲਗਾਉਣਾ<br>* ਲੋਕਾਂ ਨੂੰ ਸਮੁਦਾ ਵਿਕਾਸ ਅਤੇ ਭਲਾਈ ਦੇ ਕੰਮਾਂ ਵਾਸਤੇ ਧਨ ਅਤੇ ਸਮੱਗਰੀ ਦਾ ਯੋਗਦਾਨ ਦੇਣ ਲਈ ਪ੍ਰੇਰਿਤ ਕਰਨਾ<br>* ਉਸਾਰੀ ਦੇ ਕੰਮਾਂ ਦਾ ਪਤਾ ਲਗਾਉਣਾ : ਸੜਕ, ਸਕੂਲ ਦੀ ਇਮਾਰਤ, ਨਾਲੀਆਂ, ਆਂਗਨਵਾੜੀ ਇਮਾਰਤਾਂ, ਕਮਿਊਨਿਟੀ ਸੈਂਟਰ, ਬਸਾਂ ਲਈ ਉਡੀਕ ਵਾਸਤੇ ਛੱਪਰ<br>* ਕੰਮਾਂ ਦੀ ਸੂਚੀ ਤਿਆਰ ਕਰਨਾ ਅਤੇ ਲੁੜੀਂਦੇ ਕਾਮਿਆਂ, ਧਨ ਅਤੇ ਸਮੱਗਰੀ ਦਾ ਹਿਸਾਬ ਲਗਾਉਣਾ | ⟷ ਪਿੰਡ ਪੰਚਾਇਤ |
| * ਯੋਜਨਾ ਦੀ ਸਮੀਖਿਆ ਕਰਕੇ ਇਸਨੂੰ ਜ਼ਿਲ੍ਹਾ ਪੰਚਾਇਤ ਪਾਸ ਭੇਜਣਾ | ⟷ ਪੰਚਾਇਤ ਸੰਮਤੀ |
| * ਅੰਤਮ ਮੰਜ਼ੂਰੀ ਦੇਣਾ<br>* ਯੋਜਨਾ ਨੂੰ ਲੁੜੀਂਦੇ ਫੰਡਾਂ ਦੇ ਅਨੁਮਾਨ ਸਮੇਤ ਰਾਜ ਦੇ ਯੋਜਨਾਬੰਦੀ ਬੋਰਡ/ਵਿਭਾਗ ਪਾਸ ਰਾਜ ਦੀ ਯੋਜਨਾ ਵਿੱਚ ਸ਼ਾਮਿਲ ਕੀਤੇ ਜਾਣ ਲਈ ਭੇਜਣਾ | ⟷ ਜ਼ਿਲ੍ਹਾ ਪਰਿਸ਼ਦ |

ਗਰਾਮ ਸਭਾ ਅਤੇ ਜ਼ਿਲ੍ਹਾ ਯੋਜਨਾਬੰਦੀ ਕਮੇਟੀ ਦੋ ਅਜਿਹੀਆਂ ਮਹੱਤਵਪੂਰਣ ਸੰਸਥਾਵਾਂ ਹਨ ਜਿਨ੍ਹਾਂ ਨੂੰ ਵਿਕੇਂਦਰੀਕ੍ਰਿਤ ਯੋਜਨਾਬੰਦੀ ਵਿੱਚ ਅਹਿਮ ਭੂਮਿਕਾ ਨਿਭਾਉਣ ਲਈ 73ਵੀਂ ਸੋਧ ਦੁਆਰਾ ਬਣਾਇਆ ਗਿਆ।

**ਗਰਾਮ ਸਭਾ ਦੀ ਭੂਮਿਕਾ :**

ਅਸ਼ੋਕ ਮਹਿਤਾ ਕਮੇਟੀ (1978) ਨੇ ਗਰਾਮ ਸਭਾ ਦੀ ਭੂਮਿਕਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਸੀ : "ਸਭ ਤੋਂ ਹੇਠਲੇ ਪੱਧਰ ਤੇ ਲੋਕਤੰਤਰ ਦੀ ਪ੍ਰਕਿਰਿਆ ਨੂੰ ਕਿਰਿਆਸ਼ੀਲ ਬਣਾਉਣ ਵਿੱਚ, ਸਮੁਦਾ ਭਾਵਨਾ ਭਰਨ ਵਿੱਚ, ਰਾਜਨੀਤਿਕ ਜਾਗਰੂਕਤਾ ਵਧਾਉਣ ਵਿੱਚ, ਵਿਕਾਸ-ਮੁਖੀ ਰੁਖ ਨੂੰ ਦ੍ਰਿੜ ਕਰਨ ਵਿੱਚ, ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਿੱਖਿਅਤ ਕਰਨ ਅਤੇ ਉਨ੍ਹਾਂ ਨੂੰ ਹੌਲੀ-ਹੌਲੀ ਅਪਣੇ ਦ੍ਰਿਸ਼ਟੀ ਕੋਣ ਨੂੰ ਨਿਸ਼ਚੇਪੂਰਵਕ ਕਹਿਣ ਦੇ ਯੋਗ ਬਣਾਉਣ ਵਿੱਚ ਗਰਾਮ ਪੰਚਾਇਤਾਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।"

1999-2000 ਨੂੰ ਉਸ ਵੇਲੇ ਦੇ ਵਿੱਤ ਮੰਤਰੀ ਨੇ ਅਪਣੇ ਬਜਟ ਭਾਸ਼ਣ ਵਿੱਚ 'ਗਰਾਮ ਸਭਾ ਦਾ ਸਾਲ' ਘੋਸ਼ਿਤ ਕੀਤਾ ਸੀ। ਅਜਿਹਾ ਇਸ ਤੱਥ ਨੂੰ ਮਾਨਤਾ ਦੇਣ ਲਈ ਕੀਤਾ ਗਿਆ ਸੀ ਕਿ ਗਰਾਮ ਸਭਾ ਵਿੱਚ ਭਾਗੀਦਾਰੀ ਆਧਾਰਤ ਲੋਕਤੰਤਰ ਅਤੇ ਵਿਕੇਂਦਰੀਕਰਣ ਦੀ ਸਭ ਤੋਂ ਮਹੱਤਵਪੂਰਣ ਸੰਸਥਾ ਹੋਣ ਦੀ ਸੰਭਾਵਨਾ ਹੈ। ਗਰਾਮ ਸਭਾ ਇੱਕ ਅਹਿਮ ਸੰਸਥਾ ਹੈ ਅਤੇ 73ਵੀਂ ਸੰਵਿਧਾਨਕ ਸੋਧ ਵਿੱਚ ਇਸਨੂੰ ਮੌਲਿਕ ਭੂਮਿਕਾ ਸੌਂਪੀ ਗਈ ਹੈ। ਸੰਵਿਧਾਨ ਦੀ ਧਾਰਾ 243A ਵਿੱਚ ਕਿਹਾ ਗਿਆ ਹੈ : "ਗਰਾਮ ਸਭਾ ਪਿੰਡ ਦੇ ਪੱਧਰ ਤੇ ਅਜਿਹੀਆਂ ਸ਼ਕਤੀਆਂ ਦਾ ਪ੍ਰਯੋਗ ਕਰ ਸਕਦੀ ਹੈ ਅਤੇ ਅਜਿਹੇ ਕਾਰਜ ਪੂਰੇ ਕਰ ਸਕਦੀ ਹੈ ਜਿਨ੍ਹਾਂ ਦੀ ਵਿਵਸਥਾ ਰਾਜ ਦੀ ਵਿਧਾਨ ਸਭਾ ਨੇ ਕਾਨੂੰਨੀ ਤੌਰ ਤੇ ਕੀਤੀ ਹੋਵੇ।" ਧਾਰਾ 243-B ਵਿੱਚ ਕਿਹਾ ਗਿਆ ਹੈ: "ਗਰਾਮ ਸਭਾ ਦਾ ਅਰਥ ਹੈ ਉਨ੍ਹਾਂ ਵਿਅਕਤੀਆਂ ਦਾ ਸੰਗਠਨ ਜੋ ਪੰਚਾਇਤ ਦੇ ਖੇਤਰ ਵਿੱਚ ਆਉਣ ਵਾਲੇ ਪਿੰਡ ਦੀ ਵੋਟਰ ਸੂਚੀ ਵਿੱਚ ਦਰਜ ਹੋਣ"। ਗਰਾਮ ਸਭਾ ਦੇ ਮਹੱਤਵ ਤੇ ਜੋਰ ਦਿੰਦੇ ਹੋਏ ਐੱਸ.ਪੀ.ਜੈਨ ਨੇ ਟਿੱਪਣੀ ਕੀਤੀ ਸੀ :

"ਪਿੰਡ ਦੇ ਪੱਧਰ ਤੇ ਸਵੈ-ਸ਼ਾਸਨ ਦੀਆਂ ਮੁਢਲੀਆ ਇਕਾਈਆਂ ਹੋਣ ਕਰਕੇ ਪੰਚਾਇਤਾਂ ਤੋਂ ਉਮੀਦ ਰੱਖੀ ਜਾਂਦੀ ਹੈ ਕਿ ਉਹ ਲੋਕਾਂ ਅਤੇ ਸਰਕਾਰੀ ਪ੍ਰਣਾਲੀ ਵਿਚਕਾਰ ਪਾਰਦਰਸ਼ਤਾ ਦਾ ਅੰਸ਼ ਪੈਦਾ ਕਰਨਗੀਆਂ। ਇਸ ਕਰਕੇ ਪਿੰਡ ਪੰਚਾਇਤ ਦੁਆਰਾ ਕੀਤੀਆਂ ਜਾਣ ਵਾਲੀਆਂ ਸਾਰੀਆਂ ਗਤੀਵਿਧੀਆਂ ਨੂੰ ਗਰਾਮ ਸਭਾ ਦੀ ਮੰਜੂਰੀ ਲੈਣੀ ਪੈਂਦੀ ਹੈ; ਗਰਾਮ ਸਭਾ ਵਿੱਚ ਇਲਾਕੇ ਦੇ ਸਾਰੇ ਬਾਲਗ ਵਿਅਕਤੀ ਹੁੰਦੇ ਹਨ। ਗਰਾਮ ਸਭਾ ਤੋਂ ਉਮੀਦ ਰੱਖੀ ਜਾਂਦੀ ਹੈ ਕਿ ਇਹ ਸਕੀਮਾਂ ਅਤੇ ਯੋਜਨਾਵਾਂ ਨਾਲ ਸੰਬੰਧਤ ਵੱਖ-ਵੱਖ ਗਤੀਵਿਧੀਆਂ ਨੂੰ ਅਤੇ ਗਰੀਬੀ ਘਟਾਉਣ ਦੇ ਵੱਖ-ਵੱਖ ਪ੍ਰੋਗਰਾਮਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਦੀ ਚੋਣ ਨੂੰ ਮੰਜੂਰੀ ਦੇਵੇਗੀ।"

**ਗਰਾਮ ਸਭਾ ਦਾ ਗਠਨ :**

ਪੰਜਾਬ ਪੰਚਾਇਤੀ ਰਾਜ ਐਕਟ 1994 ਵਿੱਚ ਵਿਚਾਰ ਰੱਖਿਆ ਗਿਆ ਹੈ ਕਿ :

"ਰਾਜ ਸਰਕਾਰ ਨੋਟੀਫਿਕੇਸ਼ਨ ਦੁਆਰਾ ਕਿਸੇ ਵੀ ਪਿੰਡ ਜਾਂ ਨਾਲ ਲਗਦੇ ਪਿੰਡਾਂ ਦੇ ਸਮੂਹ ਨੂੰ, ਜਿਨ੍ਹਾਂ ਦੀ ਜਨ-ਸੰਖਿਆ ਦੋ ਸੌ ਤੋਂ ਘੱਟ ਨਾ ਹੋਵੇ, ਗਰਾਮ ਸਭਾ ਘੋਸ਼ਿਤ ਕਰ ਸਕਦੀ ਹੈ।"

ਐਕਟ ਵਿੱਚ ਇਹ ਵੀ ਵਿਵਸਥਾ ਕੀਤੀ ਗਈ ਹੈ :

"ਹਰ ਵਿਅਕਤੀ ਜੋ ਰਾਜ ਦੇ ਚੋਣ ਕਮਿਸ਼ਨ ਦੁਆਰਾ ਤਿਆਰ ਕੀਤੀ ਗਈ ਮੱਤਦਾਤਾ ਸੂਚੀ ਵਿੱਚ ਇੱਕ ਮੱਤਦਾਤਾ ਦੇ ਤੌਰ ਤੇ ਦਰਜ ਹੈ, ਗਰਾਮ ਸਭਾ ਦਾ ਮੈਂਬਰ ਹੋਵੇਗਾ।"

**ਗਰਾਮ ਸਭਾ ਦੀ ਇਕੱਤਰਤਾ ਅਤੇ ਗਣਪੂਰਤੀ :**

ਪੰਜਾਬ ਪੰਚਾਇਤੀ ਰਾਜ ਐਕਟ 1994 ਵਿੱਚ ਕਿਹਾ ਗਿਆ ਹੈ ਕਿ :

"ਹਰ ਗਰਾਮ ਸਭਾ ਹਰ ਸਾਲ ਦੋ ਆਮ ਇਕੱਤਰਤਾਵਾਂ ਕਰੇਗੀ, ਇੱਕ ਦਿਸੰਬਰ ਮਹੀਨੇ ਵਿੱਚ ਸਾਉਣੀ ਦੀ ਫਸਲ ਵੱਢਣ ਪਿਛੋਂ (ਜਿਸ ਨੂੰ ਹੁਣ ਤੋਂ ਬਾਦ ਸਾਉਣੀ ਮੀਟਿੰਗ ਕਿਹਾ ਜਾਏਗਾ) ਅਤੇ ਦੂਸਰੀ ਜੂਨ ਮਹੀਨੇ ਵਿੱਚ ਹਾੜ੍ਹੀ ਦੀ ਫਸਲ ਵੱਢਣ ਪਿਛੋਂ (ਜਿਸ ਨੂੰ ਹੁਣ ਤੇ ਬਾਦ ਹਾੜ੍ਹੀ ਮੀਟਿੰਗ ਕਿਹਾ ਜਾਏਗਾ); ਇਹ ਇਕੱਤਰਤਾਵਾਂ ਅਜਿਹੀਆਂ ਮਿਤੀਆਂ ਤੇ ਹੋਣਗੀਆਂ ਜਿਨ੍ਹਾਂ ਨੂੰ ਪੰਚਾਇਤ ਨਿਸ਼ਚਿਤ ਕਰੇਗੀ।"

ਐਕਟ ਮੁਤਾਬਕ ਗਰਾਮ ਸਭਾ ਦੀ ਕਿਸੇ ਵੀ ਇਕੱਤਰਤਾ ਲਈ, ਇਸ ਦੇ ਕੁੱਲ ਸਦੱਸਾਂ ਦਾ 1/5 ਗਣਪੂਰਤੀ ਹੋਵੇਗਾ ਅਤੇ ਇਕੱਤਰਤਾ ਅੱਗੇ ਪਾਈ ਜਾਣ ਦੀ ਹਾਲਤ ਵਿੱਚ ਗਣਪੂਰਤੀ 1/10 ਹੋਵੇਗੀ। ਪਰੰਤੂ ਇਹ ਵਿਵਸਥਾ ਗਰਾਮ ਸਭਾ ਦੀ ਕਿਸੇ ਹੋਰ ਇਕੱਤਰਤਾ ਤੇ ਲਾਗੂ ਨਹੀਂ ਹੋਵੇਗੀ ਜਿਹੜੀ ਪਿੱਛੇ ਪਾਏ ਜਾਣ ਕਰਕੇ ਕੀਤੀ ਗਈ ਹੋਵੇ।

ਗਰਾਮ ਪੰਚਾਇਤ ਦਾ ਸਕੱਤਰ ਅਤੇ ਗਰਾਮ ਸੇਵਕ ਗਰਾਮ ਸਭਾ ਦੀ ਹਰੇਕ ਇਕੱਤਰਤਾ ਵਿੱਚ ਸ਼ਾਮਿਲ ਹੋਣਗੇ। ਗਰਾਮ ਸਭਾ ਦੀਆਂ ਇਕੱਤਰਤਾਵਾਂ ਦੇ ਆਯੋਜਨ ਲਈ ਇਕੱਤਰਤਾ ਦੇ ਦਿਨ ਤੋਂ ਘੱਟੋ-ਘੱਟ ਤਿੰਨ ਸਾਫ ਦਿਨ

ਪਹਿਲਾਂ ਪੰਚਾਂ ਨੂੰ ਉਚਿਤ ਸੂਚਨਾ ਦੇਣੀ ਜਰੂਰੀ ਹੈ; ਇਸ ਸੂਚਨਾ ਵਿੱਚ ਇਕੱਤਰਤਾ ਦੀ ਮਿਤੀ, ਸਮਾਂ ਅਤੇ ਸਥਾਨ ਤੋਂ ਇਲਾਵਾ ਇਕੱਤਰਤਾ ਵਿੱਚ ਹੋਣ ਵਾਲੀ ਕਾਰਵਾਈ ਬਾਰੇ ਵੀ ਦੱਸਿਆ ਜਾਵੇਗਾ।

### ਗਰਾਮ ਸਭਾ ਦੇ ਕਾਰਜ :

ਪੰਜਾਬ ਪੰਚਾਇਤੀ ਰਾਜ ਐਕਟ 1994 ਅਨੁਸਾਰ, ਗਰਾਮ ਸਭਾ ਹੇਠ ਲਿਖੇ ਕਾਰਜ ਕਰੇਗੀ:

(1) ਸਲਾਨਾ ਬਜਟ ਮੰਜੂਰ ਕਰਨਾ, ਵਿਕਾਸ ਦੇ ਪ੍ਰੋਗਰਾਮਾਂ ਦੀ ਯੋਜਨਾ ਬਣਾਉਣਾ, ਸਲਾਨਾ ਹਿਸਾਬ ਕਿਤਾਬ ਦੇ ਚਿੱਠੇ ਅਤੇ ਪ੍ਰਗਤੀ ਰਿਪੋਰਟ ਦੀ ਸਮੀਖਿਆ ਕਰਨਾ।

(2) ਪਿੰਡ ਨਾਲ ਸੰਬੰਧਤ ਵਿਕਾਸ ਸਕੀਮਾਂ ਲਾਗੂ ਕਰਨ ਵਾਸਤੇ ਇਸ ਦੇ ਲਾਭ ਉਠਾ ਸਕਣ ਵਾਲੇ ਵਿਅਕਤੀਆਂ ਦੀ ਪਹਿਚਾਣ ਕਰਨਾ; ਇਸ ਨਾਲ ਇਹ ਵੀ ਸ਼ਰਤ ਹੈ ਕਿ ਜੇ ਗਰਾਮ ਸਭਾ ਇੱਕ ਮੁਨਾਸਬ ਸਮੇਂ ਅੰਦਰ ਅਜਿਹਾ ਨਾ ਕਰ ਸਕੀ ਤਾਂ ਇਹ ਕੰਮ ਗਰਾਮ ਪੰਚਾਇਤ ਕਰੇਗੀ।

(3) ਸਮੁਦਾ ਵਿਕਾਸ ਅਤੇ ਭਲਾਈ ਦੇ ਕੰਮਾਂ ਵਾਸਤੇ ਸਵੈ-ਇੱਛਤ ਕਾਮਿਆਂ ਅਤੇ ਨਕਦ ਜਾਂ ਸਮੱਗਰੀ ਦੇ ਰੂਪ ਵਿੱਚ ਯੋਗਦਾਨ ਦੀ ਵਿਵਸਥਾ ਕਰਨਾ।

(4) ਪਿੰਡ ਵਿੱਚ ਬਾਲਗ ਸਿੱਖਿਆ ਅਤੇ ਸਮਾਜ ਭਲਾਈ ਦੇ ਪ੍ਰੋਗਰਾਮ ਨੂੰ ਉਤਸ਼ਾਹਤ ਕਰਨਾ।

(5) ਪਿੰਡ ਵਿੱਚ ਸਮਾਜ ਦੇ ਸਾਰੇ ਵਰਗਾਂ ਵਿਚਕਾਰ ਏਕਤਾ ਅਤੇ ਮੇਲਜੋਲ ਵਧਾਉਣਾ।

(6) ਕਿਸੇ ਵੀ ਖਾਸ ਗਤੀਵਿਧੀ, ਸਕੀਮ, ਆਮਦਨੀ ਜਾਂ ਖਰਚ ਬਾਰੇ ਗਰਾਮ ਪੰਚਾਇਤ ਦੇ ਸਰਪੰਚ ਅਤੇ ਪੰਚਾਂ ਤੋਂ ਸਪਸ਼ਟੀਕਰਣ ਦੀ ਮੰਗ ਕਰਨਾ।

(7) ਹੋਰ ਨਿਰਧਾਰਤ ਕਾਰਜ ਕਰਨਾ।

### ਗਰਾਮ ਸਭਾ ਦੀ ਪ੍ਰਸੰਗਕਤਾ

ਭਾਵੇਂ ਵੱਖ-ਵੱਖ ਰਾਜਾਂ ਵਿੱਚ ਗਰਾਮ ਸਭਾਵਾਂ ਦੇ ਕੰਮ ਕਾਜ ਦੇ ਤਜਰਬੇ ਤੋਂ ਜਿਆਦਾ ਆਸ਼ਾਜਨਕ ਤਸਵੀਰ ਨਹੀਂ ਉਭਰਦੀ, ਪਰ ਫੇਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਵਿੱਚ ਭਾਗੀਦਾਰੀ ਆਧਾਰਤ ਲੋਕਤੰਤਰ ਲਈ ਇੱਕ ਮਜਬੂਤ ਮੰਚ ਦੇ ਤੌਰ ਤੇ ਕੰਮ ਕਰਨ ਦੀ ਸੰਭਾਵਨਾ ਹੈ; ਸ਼ਰਤ ਇਹ ਹੈ ਕਿ ਇਸ ਨੂੰ ਲੁੜੀਂਦੀਆਂ ਸ਼ਕਤੀਆਂ ਅਤੇ ਜਿੰਮੇਵਾਰੀਆਂ ਨਾਲ ਲੈਸ ਕੀਤਾ ਜਾਵੇ (Jain, 1977)। ਜੈ ਪ੍ਰਕਾਸ਼ ਨਾਰਾਇਣ ਜੋ ਵਿਕੇਂਦਰੀਕ੍ਰਿਤ ਲੋਕਤੰਤਰ ਦੇ ਜ਼ੋਰਦਾਰ ਸਮਰਥਕਾਂ ਵਿੱਚੋਂ ਸਨ, ਇਹ ਰਾਇ ਰੱਖਦੇ ਸਨ :

“ਗਰਾਮ ਸਭਾ ਦਾ ਭਾਵ ਹੈ ਪਿੰਡ ਦਾ ਲੋਕਤੰਤਰ, ਪਿੰਡ ਤੋਂ ਦਿੱਲੀ ਤੱਕ ਸਾਡੀ ਸਰਕਾਰ ਪ੍ਰਤੀਨਿਧਤਾ ਵਾਲੀ ਹੋਣੀ ਚਾਹੀਦੀ ਹੈ। ਘੱਟੋ-ਘੱਟ ਇੱਕ ਥਾਂ ਤੇ ਤਾਂ ਪ੍ਰਤੱਖ ਸਰਕਾਰ ਅਤੇ ਪ੍ਰਤੱਖ ਲੋਕਤੰਤਰ ਹੋਣ ਦਿਉ। ਪੰਚਾਇਤ ਅਤੇ ਗਰਾਮ ਸਭਾ ਦਾ ਸੰਬੰਧ ਕੈਬਨਿਟ ਅਤੇ ਵਿਧਾਨ ਸਭਾ ਵਾਲਾ ਹੋਣਾ ਚਾਹੀਦਾ ਹੈ”

Joseph and John (2001) ਨੇ ਟਿੱਪਣੀ ਕੀਤੀ ਹੈ ਕਿ “ਕਈ ਕਾਰਣਾਂ ਕਰਕੇ ਗਰਾਮ ਸਭਾ ਦਾ ਪ੍ਰਯੋਗ ਹਾਲੇ ਸਫਲਤਾਪੂਰਵਕ ਨਹੀਂ ਚੱਲਿਆ। ਪਹਿਲਾ ਕਾਰਣ ਇਹ ਹੈ ਕਿ ਪਿੰਡ ਪੰਚਾਇਤ ਨੂੰ ਕੋਈ ਜਿਆਦਾ ਜਿੰਮੇਵਾਰੀਆਂ ਨਹੀਂ ਸੌਂਪੀਆਂ ਗਈਆਂ ਜਿਸ ਨਾਲ ਲੋਕ ਗਰਾਮ ਸਭਾ ਵਿੱਚ ਹਾਜ਼ਰ ਹੋਣਾ ਉਚਿਤ ਸਮਝਣ। ਦੂਜਾ ਇਹ ਕਿ ਇਹ ਇੱਕ ਨਵੀਂ ਸੰਸਥਾ ਹੋਣ ਕਰਕੇ ਜਿਆਦਾਤਰ ਲੋਕਾਂ ਨੂੰ ਇਸ ਦੀ ਭੂਮਿਕਾ ਅਤੇ ਉਦੇਸ਼ ਬਾਰੇ ਪਤਾ ਨਹੀਂ ਹੈ। ਤੀਜਾ ਕਾਰਣ ਹੈ ਗਰਾਮ ਸਭਾ ਵਿੱਚ ਉਠਾਈਆਂ ਗਈਆਂ ਮੰਗਾਂ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਪੰਚਾਇਤਾਂ ਪਾਸ ਉਪਲਬਧ ਵਸੀਲਿਆਂ ਵਿਚਲਾ ਬਹੁਤ ਵੱਡਾ ਪਾੜਾ।”

**ਸਾਰਣੀ-33**

**ਵੱਖ-ਵੱਖ ਰਾਜਾਂ ਵਿੱਚ ਗਰਾਮ ਸਭਾ ਨੂੰ ਸੌਂਪੇ ਗਏ ਕਾਰਜਾਂ ਦੇ ਵੇਰਵੇ**

| ਕ੍ਰਮ ਸੰਖਿਆ | ਕਾਰਜ | ਰਾਜ |
|---|---|---|
| 1. | ਹਿਸਾਬ ਕਿਤਾਬ ਦੇ ਸਲਾਨਾ ਚਿੱਠੇ ਅਤੇ ਲੇਖਾ-ਪਰੀਖਣ ਦੀ ਰਿਪੋਰਟ ਦੀ ਸਮੀਖਿਆ ਕਰਨਾ | ਆਂਧਰਾ ਪ੍ਰਦੇਸ਼, ਬਿਹਾਰ, ਗੁਜਰਾਤ, ਹਰਿਆਣਾ, ਕਰਨਾਟਕ, ਮੱਧ ਪ੍ਰਦੇਸ਼, ਪੰਜਾਬ, ਰਾਜਸਥਾਨ, ਸਿੱਕਮ, ਅੰਡੇਮਾਨ ਅਤੇ ਨਿਕੋਬਾਰ |
| 2. | ਪਿਛਲੇ ਗੁਜਰੇ ਸਾਲ ਦੇ ਪ੍ਰਸ਼ਾਸਨ ਬਾਰੇ ਰਿਪੋਰਟ ਤੇ ਚਰਚਾ ਕਰਨਾ | ਆਂਧਰਾ ਪ੍ਰਦੇਸ਼, ਬਿਹਾਰ, ਗੁਜਰਾਤ, ਕਰਨਾਟਕ, ਮੱਧ ਪ੍ਰਦੇਸ਼, ਰਾਜਸਥਾਨ, ਅੰਡੇਮਾਨ ਅਤੇ ਨਿਕੋਬਾਰ |
| 3. | ਚਾਲੂ ਸਾਲ ਲਈ ਕੰਮ ਦੇ ਪ੍ਰੋਗਰਾਮ ਜਾਂ ਕਿਸੇ ਨਵੇਂ ਪ੍ਰੋਗਰਾਮ ਦੀ ਸਮੀਖਿਆ ਕਰਨਾ | ਆਂਧਰਾ ਪ੍ਰਦੇਸ਼, ਬਿਹਾਰ, ਗੁਜਰਾਤ, ਕਰਨਾਟਕ, ਮੱਧ ਪ੍ਰਦੇਸ਼, ਪੰਜਾਬ, ਰਾਜਸਥਾਨ, ਸਿੱਕਮ, ਅੰਡੇਮਾਨ, ਅਤੇ ਨਿਕੋਬਾਰ |
| 4. | ਨਵੇਂ ਕਰ ਲਗਾਉਣ ਬਾਰੇ ਜਾਂ ਮੌਜੂਦਾ ਕਰਾਂ ਵਿੱਚ ਵਾਧਾ ਕਰਨ ਬਾਰੇ ਵਿਚਾਰ ਕਰਨਾ | ਆਂਧਰਾ ਪ੍ਰਦੇਸ਼, ਬਿਹਾਰ, |
| 5. | ਸਕੀਮਾਂ, ਇਨ੍ਹਾਂ ਤੋਂ ਲਾਭ ਉਠਾ ਸਕਣ ਵਾਲੇ ਵਿਅਕਤੀਆਂ ਅਤੇ ਜਿੱਥੇ ਇਹ ਲਾਗੂ ਹੋ ਸਕਦੀਆਂ ਹਨ, ਉਨ੍ਹਾਂ ਸਥਾਨਾਂ ਦੀ ਚੋਣ ਕਰਨਾ | ਆਂਧਰਾ ਪ੍ਰਦੇਸ਼, ਅਸਾਮ, ਬਿਹਾਰ, ਕਰਨਾਟਕ, ਕੇਰਲ, ਪੰਜਾਬ, ਰਾਜਸਥਾਨ, ਸਿੱਕਮ, ਤਾਮਿਲਨਾਡੂ ਅਤੇ ਉੱਤਰ ਪ੍ਰਦੇਸ਼ |
| 6. | ਸਮੁਦਾ ਅਤੇ ਭਲਾਈ ਦੇ ਕੰਮਾਂ ਲਈ ਸਵੈ-ਇੱਛਤ ਕਾਮਿਆਂ ਅਤੇ ਧਨ ਜਾਂ ਸਮੱਗਰੀ ਦੇ ਰੂਪ ਵਿੱਚ ਯੋਗਦਾਨ ਦੀ ਵਿਵਸਥਾ ਕਰਨਾ | ਅਸਾਮ, ਬਿਹਾਰ, ਕਰਨਾਟਕ, ਪੰਜਾਬ, ਰਾਜਸਥਾਨ, ਸਿੱਕਮ, ਉੱਤਰ ਪ੍ਰਦੇਸ਼ |
| 7. | ਪਿੰਡਾਂ ਵਿੱਚ ਵਿਕਾਸ ਸਕੀਮਾਂ ਲਾਗੂ ਕਰਨ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਮਦਦ ਕਰਨਾ। | ਅਸਾਮ, ਬਿਹਾਰ, ਕਰਨਾਟਕ, ਕੇਰਲ, ਪੰਜਾਬ, ਰਾਜਸਥਾਨ, ਸਿੱਕਮ |
| 8. | ਸਮਾਜ ਦੇ ਸਾਰੇ ਵਰਗਾਂ ਵਿੱਚ ਏਕਤਾ ਅਤੇ ਮੇਲ-ਜੋਲ ਵਧਾਉਣਾ | ਬਿਹਾਰ, ਕਰਨਾਟਕ, ਕੇਰਲ, ਪੰਜਾਬ, ਰਾਜਸਥਾਨ, ਸਿੱਕਮ, ਤਾਮਿਲ ਨਾਡੂ, ਪੱਛਮੀ ਬੰਗਾਲ |
| 9. | ਕਿਸੇ ਵੀ ਖਾਸ ਗਤੀਵਿਧੀ, ਸਕੀਮ, ਆਮਦਨੀ ਜਾਂ ਖਰਚ ਬਾਰੇ ਮੁਖੀਆ ਅਤੇ ਗਰਾਮ ਪੰਚਾਇਤ ਦੇ ਮੈਂਬਰਾਂ ਕੋਲੋਂ ਸਪਸ਼ਟੀਕਰਣ ਦੀ ਮੰਗ ਕਰਨਾ | ਬਿਹਾਰ, ਪੰਜਾਬ, ਰਾਜਸਥਾਨ |
| 10. | ਪਿਛਲੀ ਵਾਰ ਦੀ ਲੇਖਾ ਪਰੀਖਣ ਟਿੱਪਣੀ ਅਤੇ ਇਸ ਬਾਰੇ ਦਿੱਤੇ ਗਏ ਜਵਾਬ ਦਾ ਨਿਰੀਖਣ ਕਰਨਾ | ਬਿਹਾਰ |
| 11. | ਗਰਾਮ ਪੰਚਾਇਤ ਦੁਆਰਾ ਤਿਆਰ ਕੀਤੇ ਗਏ ਬਜਟ ਅਤੇ ਸਭਾ ਦੇ ਅਧੀਨ ਆਉਣ ਵਾਲੇ ਖੇਤਰ ਵਾਸਤੇ ਅੱਗੇ ਨੂੰ ਹੋਣ ਵਾਲੇ ਪ੍ਰੋਗਰਾਮਾਂ ਅਤੇ ਯੋਜਨਾਵਾਂ ਤੇ ਵਿਚਾਰ ਕਰਨਾ | ਗੁਜਰਾਤ, ਹਰਿਆਣਾ, ਕਰਨਾਟਕ ਮੱਧ ਪ੍ਰਦੇਸ਼ |

| ਕ੍ਰਮ ਸੰਖਿਆ | ਕਾਰਜ | ਰਾਜ |
|---|---|---|
| 12. | ਪੰਚਾਇਤ ਦੀਆਂ ਮੌਜੂਦਾ ਸਕੀਮਾਂ ਅਤੇ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਤੇ ਵਿਚਾਰ ਅਤੇ ਸਮੀਖਿਆ ਕਰਨਾ | ਹਰਿਆਣਾ, ਕੇਰਲ |
| 13. | ਗਰਾਮ ਪੰਚਾਇਤ ਜਾਂ ਕਿਸੇ ਵੀ ਸਰਕਾਰੀ ਵਿਭਾਗ ਦੁਆਰਾ ਸ਼ੁਰੂ ਕੀਤੇ ਗਏ ਵਿਕਾਸ ਦੇ ਸਾਰੇ ਕੰਮਾਂ ਦਾ ਪੂਰਾ ਰਜਿਸਟਰ ਬਣਾ ਕੇ ਰੱਖਣਾ | ਹਰਿਆਣਾ, ਕੇਰਲ |
| 14. | ਗਰਾਮ ਪੰਚਾਇਤ ਦੁਆਰਾ ਪੂਰੇ ਕੀਤੇ ਹੋਏ ਕਾਰਜਾਂ ਅਤੇ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਦੀ ਸਮੀਖਿਆ ਕਰਨਾ | ਹਰਿਆਣਾ, ਕੇਰਲ |

**Source :** S.P. Jain, "Gram Sabha - Gateway to Grassroots Democracy", Journal of Rural Development, Vol. 16 (4), 1997

### ਗੁਜਰਾਤ ਵਿੱਚ ਗਰਾਮ ਸਭਾ: ਬੜੌਦਾ ਦੀ ਉਦਾਰਹਣ

ਗੁਜਰਾਤ ਵਿੱਚ ਹਰ ਸਾਲ ਚਾਰ ਗਰਾਮ ਸਭਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਹਰੇਕ ਸਭਾ ਵਿੱਚ ਸਰਕਾਰ ਦਾ ਇੱਕ ਪ੍ਰਤੀਨਿਧੀ ਮੌਜੂਦ ਹੁੰਦਾ ਹੈ।

ਬੜੌਦਾ ਵਿੱਚ ਗ੍ਰਾਮ ਸਭਾਵਾਂ ਸਾਲ ਦੇ ਹੇਠ ਲਿਖੇ ਚਾਰ ਦਿਨ ਆਯੋਜਤ ਕੀਤੀਆਂ ਜਾਂਦੀਆਂ ਹਨ:

* ਪਹਿਲੀ ਮਈ – ਗੁਜਰਾਤ ਦਿਵਸ
* 15 ਅਗਸਤ – ਸੁਤੰਤਰਤਾ ਦਿਵਸ
* 2 ਅਕਤੂਬਰ – ਗਾਂਧੀ ਜਯੰਤੀ
* 26 ਜਨਵਰੀ – ਗਣਤੰਤਰ ਦਿਵਸ

ਗੁਜਰਾਤ ਵਿੱਚ ਗਰਾਮ ਸਭਾ ਇੱਕ ਪ੍ਰਕਾਰ ਦਾ ਉਤਸਵ ਹੁੰਦਾ ਹੈ ਜਿਸ ਵਿੱਚ ਸਰਕਾਰ ਇਲਾਕਾਈ ਲੋਕ ਨਾਚ ਅਤੇ ਨਾਟਕਾਂ ਜਿਹੇ ਸੱਭਿਆਚਾਰਕ ਪ੍ਰੋਗਰਾਮ ਅਤੇ ਗਤੀਵਿਧੀਆਂ ਦਾ ਆਯੋਜਨ ਕਰਦੀ ਹੈ। ਸਰਕਾਰ ਕਾਨੂੰਨੀ ਸਹਾਇਤਾ ਕੈਂਪ, ਬੱਚਿਆਂ ਦੀ ਸਿਹਤ ਜਾਂਚ ਕਰਨ ਲਈ ਕੈਂਪ, ਪਸ਼ੂ ਚਿਕਿਤਸਾ ਅਤੇ ਖੇਤੀਬਾੜੀ ਕੈਂਪ, ਆਯੁਰਵੈਦਿਕ ਕੈਂਪ ਅਤੇ ਖੇਡਾਂ ਦਾ ਆਯੋਜਨ ਕਰਦੀ ਹੈ ਜਿਨ੍ਹਾਂ ਰਾਹੀਂ ਸਰਕਾਰ ਸਮੁਦਾ ਦੀ ਭਾਗੀਦਾਰੀ ਅਤੇ ਵਿਸ਼ਵ ਭਾਈਚਾਰੇ ਦਾ ਨਿਰਮਾਣ ਕਰਨ ਦਾ ਜਤਨ ਕਰਦੀ ਹੈ। ਇਸ ਤਰ੍ਹਾਂ ਗਰਾਮ ਸਭਾ ਇੱਕ ਪਾਸੇ ਲੋਕਾਂ ਅਤੇ ਦੂਜੇ ਪਾਸੇ ਪੰਚਾਇਤ ਅਤੇ ਸਰਕਾਰੀ ਅਧਿਕਾਰੀਆਂ ਵਿਚਕਾਰ ਆਪਸੀ ਪ੍ਰਤੀਕਰਮ ਲਈ ਬੈਠਕ ਮੁਹੱਈਆ ਕਰਵਾਉਂਦੀ ਹੈ।

### ਕੇਰਲ ਵਿੱਚ ਵਾਰਡ ਸਭਾ ਅਤੇ ਗਰਾਮ ਸਭਾ :

ਕੇਰਲ ਨੇ ਲੋਕਾਂ ਦੀ ਭਾਗੀਦਾਰੀ ਨੂੰ ਹੋਰ ਵਿਸਤ੍ਰਿਤ ਬਣਾਉਣ ਦਾ ਜਤਨ ਕਰਦੇ ਹੋਏ ਵਾਰਡ ਸਭਾ ਨਾਂ ਦੀ ਸੰਸਥਾ ਬਣਾਈ ਹੈ ਜਿਸ ਦੇ ਮੈਂਬਰ ਵਾਰਡ ਦੇ ਸਾਰੇ ਵੋਟਰ ਹੁੰਦੇ ਹਨ। ਇਸ ਨਾਲ ਯੋਜਨਾਬੰਦੀ ਦੀ ਪ੍ਰਕਿਰਿਆ ਗਰਾਮ ਸਭਾ ਦੇ ਪੱਧਰ ਤੋਂ ਹੇਠਾਂ ਚਲੀ ਜਾਂਦੀ ਹੈ। ਵਾਰਡ ਦੀ ਪ੍ਰਤੀਨਿਧਤਾ ਕਰਨ ਵਾਲੇ ਪੰਚਾਇਤ ਮੈਂਬਰ ਵਾਰਡ ਸਭਾ

ਪ੍ਰਤੀ ਉੱਤਰਦਾਈ ਹੁੰਦੇ ਹਨ ਅਤੇ ਉਨ੍ਹਾਂ ਤੋਂ ਵਾਰਡ ਪੱਧਰ ਦੀ ਯੋਜਨਾ ਬਣਾਉਣ ਦੀ ਉਮੀਦ ਕੀਤੀ ਜਾਂਦੀ ਹੈ। ਵਾਰਡ ਪੱਧਰ ਦੀਆਂ ਯੋਜਨਾਵਾਂ ਨੂੰ ਫੇਰ ਇਕ-ਜੁੱਟ ਕਰਕੇ ਗਰਾਮ ਸਭਾ ਵਿੱਚ ਇਨ੍ਹਾਂ ਤੇ ਚਰਚਾ ਕੀਤੀ ਜਾਂਦੀ ਹੈ।ਵਾਰਡ ਸਭਾ ਦੀ ਸ਼ੁਰੂਆਤ ਕਰਕੇ ਕੇਰਲ ਪੰਚਾਇਤੀ ਰਾਜ ਐਕਟ ਨੇ ਇਸ ਤਰ੍ਹਾਂ ਯੋਜਨਾਬੰਦੀ ਦੀ ਜ਼ਿੰਮੇਵਾਰੀ ਹਰ ਪੰਚਾਇਤ ਮੈਂਬਰ ਨੂੰ ਦੇ ਦਿੱਤੀ ਹੈ। ਦੂਜੇ ਸ਼ਬਦਾਂ ਵਿੱਚ ਕੇਰਲ ਵਿੱਚ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਨੂੰ ਸਹੀ ਅਰਥਾਂ ਵਿੱਚ ਹੋਰ ਅੱਗੇ ਤੱਕ ਵਿਕੇਂਦਰੀਕ੍ਰਿਤ ਕਰ ਦਿੱਤਾ ਗਿਆ ਹੈ। ਗਰਾਮ ਸਭਾਵਾਂ ਨੂੰ ਯੋਜਨਾਵਾਂ ਤੋਂ ਲਾਭ ਉਠਾ ਸਕਣ ਵਾਲੇ ਵਿਅਕਤੀਆਂ ਦੀ ਪਹਿਚਾਣ ਦੀ ਜ਼ਿੰਮੇਵਾਰੀ, ਵਿਕਾਸ ਦੀਆਂ ਜਰੂਰਤਾਂ ਦੀਆਂ ਅਗੇਤਾਂ ਨੂੰ ਨਿਸ਼ਚਿਤ ਕਰਨ ਲਈ ਪ੍ਰਭਾਵਸ਼ਾਲੀ ਸਲਾਹਕਾਰ ਸ਼ਕਤੀਆਂ ਅਤੇ ਸਮਾਜਕ ਲੇਖਾ ਪਰੀਖਣ ਲਈ ਵਿਸਤ੍ਰਿਤ ਸ਼ਕਤੀਆਂ ਦਿੱਤੀਆਂ ਗਈਆਂ ਹਨ। ਵਾਰਡ ਸਭਾ ਪ੍ਰਣਾਲੀ ਕਰਨਾਟਕ ਵਿੱਚ ਵੀ ਮੌਜੂਦ ਹੈ।

### ਜ਼ਿਲ੍ਹਾ ਯੋਜਨਾਬੰਦੀ ਕਮੇਟੀ:

ਜ਼ਿਲ੍ਹਾ ਯੋਜਨਾਬੰਦੀ ਕਮੇਟੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਵਿੱਚ ਇੱਕ ਹੋਰ ਅਹਿਮ ਸੰਸਥਾ ਹੈ। ਪਰ ਸੰਵਿਧਾਨਕ ਸੋਧ ਵਿੱਚ ਇਸ ਦੀ ਵਿਵਸਥਾ ਹੋਣ ਦੇ ਬਾਵਜੂਦ ਇਹ ਕਈ ਰਾਜਾਂ ਵਿੱਚ ਬਣਾਈ ਜਾਣੀ ਹਾਲੇ ਵੀ ਬਾਕੀ ਹੈ। ਗਰਾਮ ਪੰਚਾਇਤਾਂ ਦੁਆਰਾ ਬਣਾਈਆਂ ਗਈਆਂ ਵਿਕਾਸ ਯੋਜਨਾਵਾਂ ਨੂੰ ਇੱਕ-ਜੁੱਟ ਕਰਨ ਲਈ 73ਵੀਂ ਸੰਵਿਧਾਨਕ ਸੋਧ ਵਿੱਚ ਧਾਰਾ 243 ZD ਵਿੱਚ ਨਿਰਧਾਰਤ ਕੀਤੀ ਵਿਧੀ ਅਨੁਸਾਰ ਰਾਜ ਸਰਕਾਰਾਂ ਦੁਆਰਾ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਣਾਏ ਜਾਣ ਤੇ ਵਿਚਾਰ ਕੀਤਾ ਗਿਆ ਹੈ। ਪੰਜਾਬ ਪੰਚਾਇਤੀ ਰਾਜ ਐਕਟ 1994 ਵਿੱਚ ਜ਼ਿਲ੍ਹਾ ਯੋਜਨਾਬੰਦੀ ਕਮੇਟੀ ਦੁਆਰਾ ਇਨ੍ਹਾਂ ਵਿਸ਼ਿਆਂ ਸੰਬੰਧੀ ਵਿਕਾਸ ਯੋਜਨਾ ਦਾ ਖਰੜਾ ਤਿਆਰ ਕੀਤੇ ਜਾਣ ਦੀ ਵਿਵਸਥਾ ਹੈ: (1) ਪੰਚਾਇਤਾਂ ਅਤੇ ਨਗਰ ਪਾਲਕਾਵਾਂ ਦੇ ਸਾਂਝੇ ਹਿੱਤ ਦੇ ਮਾਮਲੇ ਜਿਨ੍ਹਾਂ ਵਿੱਚ ਪਿੰਡਾਂ/ਸ਼ਹਿਰਾਂ ਦੇ ਵਿਸਥਾਰ ਦੀ ਯੋਜਨਾ, ਪਾਣੀ ਜਿਹੇ ਹੋਰ ਭੌਤਿਕ ਤੇ ਪ੍ਰਕਿਰਤਕ ਸਾਧਨਾਂ ਦੀ ਸਾਂਝੀ ਵਰਤੋਂ, ਬੁਨਿਆਦੀ ਢਾਂਚੇ ਦਾ ਏਕੀਕ੍ਰਿਤ ਵਿਕਾਸ ਅਤੇ ਪਰਿਆਵਰਣ ਦੀ ਸੁਰੱਖਿਆ ਸ਼ਾਮਿਲ ਹਨ। (ii) ਵਿੱਤੀ ਅਤੇ ਹੋਰ ਉਪਲਬਧ ਸਾਧਨਾਂ ਦੀਆਂ ਕਿਸਮਾਂ ਅਤੇ ਸਮਰਥਾ।

ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਪੰਜਾਬ ਅਤੇ ਗੁਜਰਾਤ ਵਿੱਚ ਨਹੀਂ ਬਣਾਈਆਂ ਗਈਆਂ। ਜਿਨ੍ਹਾਂ ਰਾਜਾਂ ਵਿੱਚ ਇਹ ਬਣਾਈਆਂ ਵੀ ਗਈਆਂ ਹਨ, ਇਹ ਸੰਵਿਧਾਨ ਦੀ ਧਾਰਾ 243 ZD ਦੇ ਆਦੇਸ਼ ਅਨੁਸਾਰ ਨਹੀਂ ਕੰਮ ਕਰ ਰਹੀਆਂ।

**ਸਾਰਣੀ-34**

**ਜ਼ਿਲਾ ਯੋਜਨਾਬੰਦੀ ਕਮੇਟੀਆਂ ਦੀ ਅਵਸਥਾ**

| ਰਾਜ | ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੀ ਅਵਸਥਾ |
|---|---|
| ਗੁਜਰਾਤ | ਗਠਿਤ ਨਹੀਂ ਕੀਤੀਆਂ ਗਈਆਂ। |
| ਕਰਨਾਟਕ | ਸਾਰੇ ਜ਼ਿਲ੍ਹਿਆਂ ਵਿੱਚ ਗਠਿਤ ਕੀਤੀਆਂ ਜਾ ਚੁੱਕੀਆਂ ਹਨ, ਜ਼ਿਲ੍ਹਾ ਪਰੀਸ਼ਦ ਦਾ ਪ੍ਰਧਾਨ ਇਨ੍ਹਾਂ ਦਾ ਪ੍ਰਧਾਨ ਹੈ। |
| ਕੇਰਲ | ਸਾਰੇ ਜ਼ਿਲਿਆਂ ਵਿੱਚ ਬਣਾਈਆਂ ਜਾ ਚੁੱਕੀਆਂ ਹਨ। ਸੰਬੰਧਤ ਜ਼ਿਲ੍ਹੇ ਦੀ ਜ਼ਿੰਮੇਵਾਰੀ ਵਾਲਾ ਮੰਤਰੀ ਇਨ੍ਹਾਂ ਦਾ ਪ੍ਰਧਾਨ ਹੈ। |
| ਮੱਧ ਪ੍ਰਦੇਸ਼ | ਸਾਰੇ ਜ਼ਿਲਿਆਂ ਵਿੱਚ ਬਣਾਈਆਂ ਜਾਂ ਚੁੱਕੀਆਂ ਹਨ ਅਤੇ ਸੰਬੰਧਤ ਜ਼ਿਲ੍ਹੇ ਦੀ ਜ਼ਿੰਮੇਵਾਰੀ ਵਾਲਾ ਮੰਤਰੀ ਇਨ੍ਹਾਂ ਦਾ ਪ੍ਰਧਾਨ ਹੈ। |
| ਮਹਾਰਾਸ਼ਟਰ | ਸਾਰੇ ਜ਼ਿਲ੍ਹਿਆਂ ਵਿੱਚ ਬਣਾਈਆਂ ਜਾ ਚੁੱਕੀਆਂ ਹਨ ਅਤੇ ਸੰਬੰਧਤ ਜ਼ਿਲ੍ਹੇ ਦੀ ਜ਼ਿੰਮੇਵਾਰੀ ਵਾਲਾ ਮੰਤਰੀ ਇਨ੍ਹਾਂ ਦਾ ਪ੍ਰਧਾਨ ਹੈ। |

ਉਨ੍ਹਾਂ ਸਾਰੇ ਰਾਜਾਂ ਨੂੰ ਜਿਨ੍ਹਾਂ ਨੇ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਬਣਾਈਆਂ ਹਨ, ਚਾਹੀਦਾ ਹੈ ਕਿ 73 ਵੀਂ ਸੰਵਿਧਾਨਕ ਸੋਧ ਅਤੇ ਅਪਣੇ ਰਾਜ ਦੇ ਪੰਚਾਇਤੀ ਰਾਜ ਐਕਟ ਦੀ ਸ਼ਰਤ ਅਨੁਸਾਰ ਜਾਂ ਤਾਂ ਇਨ੍ਹਾਂ ਨੂੰ ਭੰਗ ਕਰਕੇ ਦੁਬਾਰਾ ਬਨਾਉਣ, ਜਾਂ ਫਿਰ ਅਪਣੇ ਮੌਜੂਦਾ ਜ਼ਿਲ੍ਹਾ ਯੋਜਨਾਬੰਦੀ ਬੋਰਡ ਨੂੰ ਇਸ ਸ਼ਰਤ ਅਨੁਸਾਰ ਸੀਮਤ ਕਰ ਲੈਣ। ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦਾ ਗਠਨ ਰਾਜਾਂ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ ਨੂੰ ਨਰੋਆ ਬਣਾਵੇਗਾ।

ਰਾਜਾਂ ਦੁਆਰਾ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਨੂੰ ਕਾਰਜਸ਼ੀਲ ਬਣਾਉਣ ਹਿੱਤ ਕੀਤੀ ਗਈ ਪ੍ਰਗਤੀ ਬਾਰੇ ਦਸਵੀਂ ਪੰਜ ਸਾਲਾ ਯੋਜਨਾ ਦੇ ਦਸਤਾਵੇਜ ਵਿੱਚ ਇਹ ਅਫਸੋਸ ਨਾਲ ਕਿਹਾ ਗਿਆ ਸੀ ਕਿ, "ਰਾਜ ਸਰਕਾਰਾਂ ਨੇ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਵੱਲ ਉਚਿਤ ਧਿਆਨ ਨਹੀਂ ਦਿੱਤਾ ਹੈ ਅਤੇ ਜ਼ਿਲ੍ਹਾ ਪੱਧਰੀ ਯੋਜਨਾਬੰਦੀ ਬਾਰੇ ਭਾਰਤ ਸਰਕਾਰ ਦੁਆਰਾ ਦਿੱਤੀ ਗਈ ਸੇਧ ਤੇ ਪੂਰੀ ਤਰ੍ਹਾਂ ਅਮਲ ਨਹੀਂ ਕੀਤਾ ਹੈ।" ਦਸਤਾਵੇਜ ਨੇ ਰਾਜਾਂ ਤੋਂ ਉਮੀਦ ਕੀਤੀ ਸੀ ਕਿ, "ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦੇ ਅਧਿਕਾਰੀਆਂ ਨੂੰ ਯੋਜਨਾਬੰਦੀ ਦੇ ਮੂਲ ਸਿਧਾਂਤਾਂ ਦੀ ਸਿਖਲਾਈ ਦੇਣੀ ਚਾਹੀਦੀ ਹੈ। ਲੋਕਾਂ ਦੁਆਰਾ ਮਹਿਸੂਸ ਕੀਤੀਆਂ ਜਾ ਰਹੀਆਂ ਲੋੜਾਂ ਦੇ ਅਧਾਰ ਤੇ ਪਿੰਡ ਦੇ ਵਿਕਾਸ ਦੀਆਂ ਯੋਜਨਾਵਾਂ ਤਿਆਰ ਕਰਨ ਲਈ ਗਰਾਮ ਸਭਾ ਅਤੇ ਗਰਾਮ ਪੰਚਾਇਤ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਸਭ ਤੋਂ ਹੇਠਲੇ ਪੱਧਰ ਤੇ ਯੋਜਨਾਬੰਦੀ ਕਰਨ ਦੀ ਪ੍ਰਕਿਰਿਆ ਨੂੰ ਦਸਵੀਂ ਯੋਜਨਾ ਦੀ ਅਵਧੀ ਵਿੱਚ ਅਸਲੀਅਤ ਬਣਾਉਣ ਲਈ ਇਨ੍ਹਾਂ ਯੋਜਨਾਵਾਂ ਨੂੰ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪੱਧਰ ਦੀਆਂ ਯੋਜਨਾਵਾਂ ਨਾਲ ਏਕੀਕ੍ਰਿਤ ਕਰਨਾ ਚਾਹੀਦਾ ਹੈ।" ਕੇਰਲ ਵਿੱਚ ਜ਼ਿਲ੍ਹਾ ਯੋਜਨਾਬੰਦੀ ਕਮੇਟੀ ਬਲਾਕ ਪੰਚਾਇਤਾਂ ਅਤੇ ਨਗਰ ਪਾਲਕਾਵਾਂ ਦੇ ਯੋਜਨਾਵਾਂ ਸੰਬੰਧੀ ਪ੍ਰਸਤਾਵਾਂ ਨੂੰ ਏਕੀਕ੍ਰਿਤ ਕਰਦੀ ਹੈ। ਇਹ ਕਮੇਟੀ ਜ਼ਿਲ੍ਹੇ ਦੇ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਾਸਤੇ ਏਕੀਕ੍ਰਿਤ ਵਿਕਾਸ ਯੋਜਨਾ ਬਣਾਉਂਦੀ ਹੈ। ਰਾਜ ਦਾ ਯੋਜਨਾਬੰਦੀ ਬੋਰਡ ਰਾਜ ਪੱਧਰ ਤੇ ਤਾਲ-ਮੇਲ ਬਿਠਾਉਣ ਵਾਲਾ ਸੰਗਠਨ ਹੈ। Oomen (2002) ਨੇ ਸਹੀ ਟਿੱਪਣੀ ਕੀਤੀ ਹੈ ਕਿ, "ਪਿੱਛੇ ਵੱਲ ਝਾਤ ਮਾਰਦੇ ਹੋਏ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਬਹੁ ਗਿਣਤੀ ਰਾਜਾਂ ਨੇ ਵਿਕੇਂਦਰੀਕ੍ਰਿਤ ਯੋਜਨਾਬੰਦੀ ਨੂੰ ਲਗਭਗ ਤਿਆਗ ਦਿੱਤਾ ਹੈ ਅਤੇ ਉਨ੍ਹਾਂ ਨੂੰ ਦੰਡਤ ਕਰਨ ਵਾਲਾ ਕੋਈ ਨਹੀਂ। ਭਾਵੇਂ ਸਾਰੇ ਰਾਜਾਂ ਨੇ ਰਾਜ ਪੱਧਰ ਦਾ ਵਿੱਤ ਕਮਿਸ਼ਨ ਬਣਾਇਆ ਹੈ, ਪਰ ਜ਼ਿਲ੍ਹਾ ਪੱਧਰ ਦੀਆਂ ਯੋਜਨਾਬੰਦੀ ਕਮੇਟੀਆਂ ਦਾ ਜ਼ਿਕਰ ਕੀਤੇ ਬਗੈਰ ਇਸ ਕਮਿਸ਼ਨ ਦਾ ਕਾਰਜ ਅਧੂਰਾ ਰਹਿ ਜਾਵੇਗਾ। ਅਸਲ ਵਿੱਚ ਜ਼ਿਲ੍ਹਾ ਪੱਧਰ ਦੀਆਂ ਯੋਜਨਾਬੰਦੀ ਕਮੇਟੀਆਂ ਕੇਵਲ ਕੇਰਲ ਵਿੱਚ ਹੀ ਜਿਉਂਦੀਆਂ ਜਾਗਦੀਆਂ ਹਨ।"

### ਵਿਕੇਂਦਰੀਕ੍ਰਿਤ ਯੋਜਨਾਬੰਦੀ ਲਈ ਹੋਰ ਜਰੂਰਤਾਂ:

ਗਰਾਮ ਸਭਾਵਾਂ ਅਤੇ ਜ਼ਿਲ੍ਹਾ ਯੋਜਨਾਬੰਦੀ ਕਮੇਟੀਆਂ ਦੇ ਉਚਿਤ ਢੰਗ ਨਾਲ ਅਪਣੇ ਕਾਰਜ ਕਰਨ ਤੋਂ ਇਲਾਵਾ, ਵਿਕੇਂਦਰੀਕ੍ਰਿਤ ਯੋਜਨਾਬੰਦੀ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਦੋ ਹੋਰ ਮਹੱਤਵਪੂਰਣ ਸ਼ਰਤਾਂ ਜਰੂਰੀ ਹਨ:

(i) ਪੰਚਾਇਤਾਂ ਪਾਸ ਬੰਦਿਸ਼ ਰਹਿਤ ਫੰਡਾਂ ਦੀ ਉਪਲਬਧਤਾ

(ii) ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਇਸਤ੍ਰੀਆਂ ਅਤੇ ਵੰਚਤ ਵਰਗਾਂ ਦੀ ਭਾਗੀਦਾਰੀ।

Mathew (2000) ਨੇ ਟਿੱਪਣੀ ਕੀਤੀ ਹੈ ਕਿ ਉੱਪਰ ਤੋਂ ਹੇਠਾਂ ਵੱਲ ਆਉਣ ਵਾਲੀ ਯੋਜਨਾਬੰਦੀ ਦੀ ਬਜਾਇ ਹੇਠੋਂ, ਭਾਵ ਸਭ ਤੋਂ ਹੇਠਲੇ ਪੱਧਰ ਤੇ ਹੋਣ ਵਾਲੀ ਯੋਜਨਾਬੰਦੀ ਨਵੀਂ ਪੰਚਾਇਤੀ ਰਾਜ ਪ੍ਰਣਾਲੀ ਅਧੀਨ ਵੀ ਕਮਜ਼ੋਰ ਹੀ ਹੈ। ਕੇਵਲ ਅਜਿਹੀਆਂ ਸਕੀਮਾਂ ਹੀ ਸ਼ੁਰੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਲੋਕਾਂ ਦੁਆਰਾ ਮਹਿਸੂਸ ਕੀਤੀਆਂ ਜਾ ਰਹੀਆਂ ਜਰੂਰਤਾਂ ਅਤੇ ਅਗੇਤਾਂ ਤੇ ਆਧਾਰਤ ਹੋਣ ਅਤੇ ਸਥਾਨਕ ਪੱਧਰ ਤੇ ਮਿਲ ਸਕਣ ਵਾਲੇ ਵਸੀਲਿਆਂ ਨਾਲ ਪੂਰੀਆਂ ਕੀਤੀਆਂ ਜਾ ਸਕਣ। ਇਨ੍ਹਾਂ ਲਈ ਫੰਡ ਭਾਵੇਂ ਕੇਂਦਰ ਜਾਂ ਰਾਜ ਵੱਲੋਂ ਹੀ ਆਉਣ, ਲੇਕਿਨ ਇਹ ਪੂਰੀ ਤਰ੍ਹਾਂ ਬੰਦਿਸ਼ ਰਹਿਤ ਹੋਣੇ ਚਾਹੀਦੇ ਹਨ ਤਾਂ ਕਿ ਸੰਬੰਧਤ ਪੱਧਰ ਤੇ ਜੋ ਕੁੱਝ ਵੀ ਉਚਿਤ ਅਤੇ ਕੀਤੇ ਜਾ ਸਕਣ ਯੋਗ ਹੈ ਉਸ ਨੂੰ ਉਤਸ਼ਾਹ ਨਾਲ ਕੀਤਾ ਜਾ ਸਕੇ। ਕੇਰਲ, ਕਰਨਾਟਕ ਅਤੇ ਮੱਧ ਪ੍ਰਦੇਸ਼ ਤੋਂ ਛੁੱਟ ਹੋਰ ਕੋਈ ਵੀ ਰਾਜ ਪੰਚਾਇਤਾਂ ਨੂੰ ਸਿੱਧੇ ਤੌਰ ਤੇ ਬੰਦਿਸ਼ ਰਹਿਤ ਫੰਡ ਨਹੀਂ ਦਿੰਦਾ। ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੇ ਸਮਰਥਾ ਨਿਰਮਾਣ ਪ੍ਰੋਗਰਾਮਾਂ ਦੌਰਾਨ ਇਨ੍ਹਾਂ ਸੰਸਥਾਵਾਂ ਦੇ ਕਈ ਪ੍ਰਤੀਨਿਧੀਆਂ ਦੀ ਰਾਇ ਸੀ ਪਿੰਡ

ਦੀਆਂ ਸੂਖਮ ਯੋਜਨਾਵਾਂ ਬਣਾਉਣ ਦਾ ਕੋਈ ਅਰਥ ਨਹੀਂ ਜਦ ਤੱਕ ਪੰਚਾਇਤਾਂ ਨੂੰ ਉਚਿਤ ਵਿੱਤੀ ਸਹਾਇਤਾ ਨਾ ਦਿੱਤੀ ਜਾਵੇ। ਕਈ ਸਰਪੰਚਾਂ ਦੀ ਇਹ ਵੀ ਸ਼ਿਕਾਇਤ ਸੀ ਕਿ ਸੂਖਮ ਯੋਜਨਾਵਾਂ ਦੇ ਨਿਰਮਾਣ ਵੇਲੇ ਲੋਕ ਪੰਚਾਇਤਾਂ ਨੂੰ ਕਈ ਸਵਾਲ ਕਰਦੇ ਹਨ ਅਤੇ ਉਨ੍ਹਾਂ ਦੀ ਯੋਗਤਾ ਅਤੇ ਗਤੀਵਿਧੀਆਂ ਤੇ ਵੀ ਸ਼ੱਕ ਕਰਦੇ ਹਨ। ਬੰਦਿਸ਼ਾਂ ਵਾਲੇ ਫੰਡਾਂ ਨਾਲ ਉਨ੍ਹਾਂ ਦੇ ਹੱਥ ਬੰਨ੍ਹੇ ਰਹਿੰਦੇ ਹਨ ਅਤੇ ਉਹ ਇਨ੍ਹਾਂ ਨੂੰ ਲੋਕਾਂ ਦੁਆਰਾ ਮਹਿਸੂਸ ਕੀਤੀਆਂ ਜਾ ਰਹੀਆਂ ਜਰੂਰਤਾਂ ਤੇ ਨਹੀਂ ਖਰਚ ਕਰ ਸਕਦੇ।

ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀ ਦੂਜੀ ਸ਼ਰਤ ਵਿੱਚ ਇਸਤ੍ਰੀਆਂ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਪਛੜੀਆਂ ਜਾਤੀਆਂ ਅਤੇ ਘੱਟ ਗਿਣਤੀਆਂ ਜਿਹੇ ਕਮਜ਼ੋਰ ਵਰਗਾਂ ਦੀ ਭਾਗੀਦਾਰੀ ਹੈ। ਕਈ ਅਧਿਐਨਾਂ ਤੋਂ ਪਤਾ ਚੱਲਿਆ ਹੈ ਕਿ ਵਸੀਲਿਆਂ ਦੀ ਸੂਚੀ ਬਣਾਉਣ, ਸਥਾਨਕ ਲੋੜਾਂ ਦੀ ਅਗੇਤ ਨਿਸ਼ਚਿਤ ਕਰਨ, ਯੋਜਨਾਵਾਂ ਦੇ ਦਸਤਾਵੇਜ ਤਿਆਰ ਕਰਨ, ਪ੍ਰੋਗਰਾਮਾਂ ਤੇ ਅਮਲ ਸ਼ੁਰੂ ਕਰਨ, ਪ੍ਰੋਗਰਾਮਾਂ ਦੀ ਨਿਗਰਾਨੀ ਕਰਨ, ਗਰਾਮ ਸਭਾ ਦੀਆਂ ਇਕੱਤਰਤਾਵਾਂ ਵਿੱਚ ਭਾਗ ਲੈਣ ਅਤੇ ਲੋਕਾਂ ਦੀਆਂ ਜਾਇਜ਼ ਲੋੜਾਂ ਬਾਰੇ ਉਨ੍ਹਾਂ ਦੀ ਗੱਲ ਸੁਣਨ ਵਿੱਚ ਇਸਤ੍ਰੀ ਪ੍ਰਤੀਨਿਧੀ ਕੋਈ ਭਾਗ ਨਹੀਂ ਲੈਂਦੀਆਂ। (Kaushik 1993 ਅਤੇ Aziz 1997)। Uma Joshi (1999) ਨੇ ਇਸਤ੍ਰੀਆਂ ਦੁਆਰਾ ਉਚਿਤ ਭਾਗ ਨਾ ਲਏ ਜਾਣ ਦੇ ਕਾਰਣਾਂ ਵਿੱਚ ਉਨ੍ਹਾਂ ਦਾ ਅਪਣੇ ਅਧਿਕਾਰਾਂ ਅਤੇ ਜ਼ਿੰਮੇ ਵਾਰੀਆਂ ਤੋਂ ਜਾਣੂੰ ਨਾ ਹੋਣਾ, ਰਾਜਨੀਤੀ ਨੂੰ ਇੱਕ ਪੇਸ਼ੇ ਦੀ ਤਰ੍ਹਾਂ ਨਾ ਸੋਚਣਾ, ਰਾਜਨੀਤੀ ਵਿੱਚ ਰੁਚੀ ਨਾ ਲੈਣਾ, ਜਣੇਪੇ ਕਰਕੇ ਨਾ ਆ ਸਕਣਾ, ਗੁੰਡਾਗਰਦੀ, ਭ੍ਰਿਸ਼ਟਾਚਾਰ ਅਤੇ ਸੰਪ੍ਰਦਾਇਕਤਾ ਕਰਕੇ ਰਾਜਨੀਤੀ ਤੋਂ ਦੂਰ ਰਹਿਣਾ ਅਤੇ ਪਰਿਵਾਰ ਦੇ ਸਦੱਸਾਂ ਵੱਲੋਂ ਸਹਿਯੋਗ ਦੀ ਘਾਟ ਆਦਿ ਗਿਣਵਾਏ ਹਨ।

ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਇਸਤ੍ਰੀਆਂ ਦੁਆਰਾ ਘੱਟ ਭਾਗ ਲਿਆ ਜਾਣਾ ਸਹੀ ਭਾਗੀਦਾਰੀ ਆਧਾਰਤ ਯੋਜਨਾਬੰਦੀ ਲਈ ਇੱਕ ਸਿਹਤਮੰਦ ਚਿੰਨ੍ਹ ਨਹੀਂ ਹੈ ਕਿਉਂਕਿ ਇਸ ਦਾ ਅਰਥ ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਪੰਜਾਹ ਪ੍ਰਤੀਸ਼ਤ ਜਨ ਸੰਖਿਆ ਦੀ ਅਵਾਜ਼ ਨੂੰ ਨਾ ਸੁਣਿਆ ਜਾਣਾ ਹੈ। ਅਜਿਹਾ ਵਾਤਾਵਰਣ ਪੈਦਾ ਕਰਨ ਦੀ ਲੋੜ ਹੈ ਜੋ ਪਿੰਡ ਦੀ ਸੂਖਮ ਯੋਜਨਾ ਦੇ ਨਿਰਮਾਣ ਅਤੇ ਵਿਕਾਸ ਵਿੱਚ ਇਸਤ੍ਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਭਾਗ ਲੈਣ ਦੇ ਸਮਰਥ ਬਣਾ ਸਕੇ। ਉਨ੍ਹਾਂ ਦੀ ਉਚਿਤ ਭਾਗੀਦਾਰੀ ਬਗੈਰ ਇਹ ਯੋਜਨਾ ਨੇਪਰੇ ਨਹੀਂ ਚੜ੍ਹ ਸਕਦੀ।

ਇਸ ਤਰ੍ਹਾਂ 73ਵੀਂ ਸੰਵਿਧਾਨਕ ਸੋਧ ਵਿੱਚ ਵਿਚਾਰੇ ਗਏ ਲੋਕਤੰਤਰੀ ਵਿਕੇਂਦਰੀਕਰਣ ਦੇ ਫਲਸਫੇ ਦੀ ਸਫਲਤਾ ਲਈ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਲੋਕਾਂ ਦੀ ਭਾਗੀਦਾਰੀ ਲਾਜ਼ਮੀ ਹੈ। ਦਿਹਾਤੀ ਸਮਾਜ ਦੇ ਸਾਰੇ ਵਰਗਾਂ, ਵਿਸ਼ੇਸ਼ ਕਰਕੇ ਇਸਤ੍ਰੀਆਂ ਅਤੇ ਨੌਜਵਾਨਾਂ ਦੀ ਹੋਰ ਵੱਡੀ ਗਿਣਤੀ ਨੂੰ ਇਸ ਵਿੱਚ ਭਾਗ ਲੈਣਾ ਚਾਹੀਦਾ ਹੈ। ਵਿਕੇਂਦਰੀਕ੍ਰਿਤ ਯੋਜਨਾਬੰਦੀ ਵਿੱਚ ਸਰਗਰਮ ਹਿੱਸਾ ਲੈਣ ਲਈ ਦੋ ਅਹਿਮ ਸੰਸਥਾਵਾਂ, ਭਾਵ ਗਰਾਮ ਸਭਾ ਅਤੇ ਜ਼ਿਲ੍ਹਾ ਯੋਜਨਾਬੰਦੀ ਕਮੇਟੀ, ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

### ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ – LEADER ਵਿਧੀ:

ਯੂਰਪੀ ਯੂਨੀਅਨ ਦੁਆਰਾ ਦਿੱਤੀ ਗਈ ਪਰਿਭਾਸ਼ਾ ਅਨੁਸਾਰ ਅੱਛੇ ਸ਼ਾਸਨ ਦਾ ਇੱਕ ਅਹਿਮ ਅੰਗ "ਵਿਕੇਂਦਰੀਕਰਣ ਅਤੇ ਸਥਾਨਕ ਸ਼ਾਸਨ ਦਾ ਸੁਧਾਰ/ਇਸ ਦੀ ਸਮਰਥਾ ਦੀ ਵਰਿੱਧੀ ਹੈ ਤਾਂ ਕਿ ਸ਼ਕਤੀ ਦੇ ਸਥਾਨਕ ਢਾਂਚਿਆਂ ਅਤੇ ਵਸੀਲਿਆਂ ਨੂੰ ਕੇਂਦਰ ਬਿੰਦੂ ਬਣਾ ਕੇ ਸਥਾਨਕ ਪੱਧਰ ਤੇ ਭਾਗੀਦਾਰੀ ਨੂੰ ਉਤਸ਼ਾਹਤ ਕਰਕੇ ਸੰਸਥਾਗਤ ਬਣਾਇਆ ਜਾਵੇ।

LEADER (ਦਿਹਾਤੀ ਆਰਥਕ ਵਿਕਾਸ ਦੇ ਉਪਰਾਲਿਆਂ ਦਾ ਤਾਲਮੇਲ) ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਦਿਹਾਤੀ ਵਿਕਾਸ ਦੀ ਇੱਕ ਨਵੀਂ ਵਿਧੀ ਹੈ ਜੋ ਸਥਾਨਕ ਪੱਧਰ ਤੇ ਉਪਰਾਲੇ ਕਰਨ ਵਾਲੇ ਸਮੂਹਾਂ ਦੇ ਗੂੜ੍ਹੇ ਸਹਿਯੋਗ ਰਾਹੀਂ ਹੇਠਾਂ ਤੋਂ ਉੱਪਰ ਵੱਲ ਕੀਤੀ ਜਾਣ ਵਾਲੀ ਯੋਜਨਾਬੰਦੀ ਤੇ ਆਧਾਰਤ ਹੈ।

ਦਿਹਾਤੀ ਵਿਕਾਸ ਦੀ ਨੀਤੀ ਦਾ ਉਦੇਸ਼ ਅਤੇ ਜ਼ਿਆਦਾ ਜ਼ੋਰ ਸਮਾਜਕ ਅਤੇ ਆਰਥਕ ਸਥਿਤੀ ਨੂੰ ਸੁਧਾਰਣ ਦੇ ਨਾਲ ਨਾਲ ਦਿਹਾਤੀ ਖੇਤਰਾਂ ਦੀਆਂ ਅਸਮਾਨਤਾਵਾਂ ਨੂੰ ਘੱਟ ਕਰਨ ਤੇ ਹੈ। ਉਪ–ਖੇਤਰੀ ਇਕਾਈਆਂ ਦੇ ਮੱਦੇ ਨਜ਼ਰ

ਸਥਾਨਕ ਵਿਕਾਸ ਦੀਆਂ ਰਣਨੀਤੀਆਂ ਨੂੰ ਜਾਂ ਤਾਂ ਰਾਸ਼ਟਰੀ, ਖੇਤਰੀ ਅਤੇ ਸਥਾਨਕ ਸੰਸਥਾਵਾਂ ਵਿਚਕਾਰ ਗੂੜ੍ਹੇ ਸਹਿਯੋਗ ਰਾਹੀਂ ਵਿਕਸਤ ਕੀਤਾ ਜਾਂਦਾ ਹੈ, ਜਾਂ ਫਿਰ ਉਨ੍ਹਾਂ ਨੂੰ ਹੇਠਾਂ ਤੋਂ ਉੱਪਰ ਵੱਲ ਕੀਤੀ ਜਾਣ ਵਾਲੀ ਯੋਜਨਾਬੰਦੀ ਦੀ ਵਿਧੀ (LEADER) ਰਾਹੀਂ ਬਣਾ ਕੇ ਲਾਗੂ ਕੀਤਾ ਜਾਂਦਾ ਹੈ। LEADER ਸਮੁਦਾ ਦੁਆਰਾ ਕੀਤਾ ਜਾਣ ਵਾਲਾ ਉਪਰਾਲਾ ਹੈ ਜਿਸ ਨੂੰ ਸਭ ਤੋਂ ਘੱਟ ਵਿਕਸਤ ਖੇਤਰਾਂ ਦੇ ਦਿਹਾਤੀ ਇਲਾਕਿਆਂ ਵਿੱਚ ਸਥਾਨਕ ਪੱਧਰ ਤੇ ਲਾਗੂ ਕੀਤਾ ਗਿਆ ਹੈ। LEADER ਵਿਧੀ ਦਾ ਅਰਥ ਹੈ ਸਥਾਨਕ ਨਾਗਰਿਕਾਂ ਦੀ ਅਵਾਜ਼ ਨੂੰ ਸੁਣਨਾ ਅਤੇ ਸਰਕਾਰ ਦੇ ਉੱਪਰਲੇ ਪੱਧਰਾਂ ਦੇ ਸਮਰਥਨ ਨਾਲ ਅਪਣੇ ਭਵਿੱਖ ਦੇ ਨਿਰਮਾਣ ਵਿੱਚ ਉਨ੍ਹਾਂ ਦੀ ਭਾਗੀਦਾਰੀ ਨੂੰ ਵਧਾਉਣਾ। ਇਸੇ ਕਰਕੇ ਹੀ ਇਸ ਵਿਧੀ ਨੂੰ 2007 ਤੋਂ 2013 ਦੇ ਦਿਹਾਤੀ ਵਿਕਾਸ ਪ੍ਰੋਗਰਾਮ ਵਿੱਚ ਸ਼ਾਮਿਲ ਕੀਤਾ ਜਾਏਗਾ।

LEADER ਦੀ ਹੁਣ ਤੀਜੀ ਪੀੜ੍ਹੀ ਚੱਲ ਰਹੀ ਹੈ। LEADER (1991-94) ਨਾਲ ਦਿਹਾਤੀ ਵਿਕਾਸ ਦੀ ਨੀਤੀ ਪ੍ਰਤੀ ਇੱਕ ਨਵੀਂ ਵਿਧੀ ਦਾ ਆਰੰਭ ਹੋਇਆ ਜੋ ਇਲਾਕੇ ਉੱਤੇ ਕੇਂਦਰਤ ਹੋਣ ਤੋਂ ਇਲਾਵਾ ਏਕੀਕਰਣ ਅਤੇ ਭਾਗੀਦਾਰੀ ਉੱਤੇ ਆਧਾਰਤ ਹੈ। LEADER-II (1994-1999) ਤਹਿਤ LEADER-I ਦੀ ਵਿਧੀ ਦਾ ਹੋਰ ਵਿਸਤ੍ਰਿਤ ਉਪਯੋਗ ਕੀਤਾ ਗਿਆ ਅਤੇ ਇਸ ਯੋਜਨਾ ਦੇ ਨਵੀਨ ਪੱਖਾਂ ਨੂੰ ਉਭਾਰਿਆ ਗਿਆ। LEADER + (2000-2006) ਯੋਜਨਾ ਏਕੀਕ੍ਰਿਤ ਅਤੇ ਨਿਰੰਤਰ ਚੱਲਣ ਵਾਲੇ ਵਿਕਾਸ ਨੂੰ ਸੁਖਾਲਾ ਕਰਨ ਦੀਆਂ ਨਵੀਆਂ ਵਿਧੀਆਂ ਦੇ ਨਿਰਮਾਣ ਕਰਨ ਅਤੇ ਪਰਖਣ ਦੀ ਪ੍ਰਯੋਗਸ਼ਾਲਾ ਵਜੋਂ ਚੱਲ ਰਹੀ ਹੈ। ਇਸ ਨਾਲ ਯੂਰਪੀ ਯੂਨੀਅਨ ਦੀ ਦਿਹਾਤੀ ਵਿਕਾਸ ਨੀਤੀ ਨਾ ਸਿਰਫ ਪ੍ਰਭਾਵਿਤ ਹੀ ਹੋਵੇਗੀ, ਬਲਕਿ ਮਜਬੂਤ ਹੋ ਕੇ ਨੇਪਰੇ ਵੀ ਚੜ੍ਹੇਗੀ।

LEADER ਦਾ ਇੱਕ ਨਿਵੇਕਲਾ ਲੱਛਣ ਸਥਾਨਕ ਦਿਹਾਤੀ ਇਲਾਕਿਆਂ ਲਈ ਏਕੀਕ੍ਰਿਤ ਵਿਕਾਸ ਦੇ ਪ੍ਰੋਗਰਾਮ ਨੂੰ ਲਾਗੂ ਕਰਨਾ ਹੈ ਜਿਸਨੂੰ ਵਿਸਤ੍ਰਿਤ ਸਥਾਨਕ ਭਾਗੀਦਾਰੀਆਂ ਤੇ ਆਧਾਰਤ Local Action Groups ਕਹੇ ਜਾਣ ਵਾਲੇ ਸੰਗਠਨ ਉਲੀਕਦੇ ਅਤੇ ਲਾਗੂ ਕਰਦੇ ਹਨ।

**LEADER ਦੇ ਲੱਛਣ:**

ਇਸ ਯੋਜਨਾ ਦੇ ਤਿੰਨ ਮੁੱਖ ਲੱਛਣ ਇਹ ਹਨ:

(i) 5000 ਤੋਂ 10000 ਹਜ਼ਾਰ ਦੀ ਅਬਾਦੀ ਵਾਲੇ ਦਿਹਾਤੀ ਇਲਾਕਿਆਂ ਵਿੱਚ 'ਲੋਕਲ ਐਕਸ਼ਨ ਪਲਾਨ' (ਸਥਾਨਕ ਪੱਧਰ ਦੇ ਉਪਰਾਲੇ ਦੀ ਯੋਜਨਾ) ਬਣਾਉਣਾ ਅਤੇ ਲਾਗੂ ਕਰਨਾ।

(ii) ਸਥਾਨਕ ਪੱਧਰ ਦੀ ਇਹ ਯੋਜਨਾ ਸਥਾਨਕ ਪੱਧਰ ਦੇ ਨੇਤਾਵਾਂ ਦੁਆਰਾ ਬਣਾਈ ਅਤੇ ਲਾਗੂ ਕੀਤੀ ਜਾਂਦੀ ਹੈ ਕਿਉਂਕਿ ਅੰਤ ਵਿੱਚ ਉਨ੍ਹਾਂ ਨੇ ਹੀ ਇਸ ਤੋਂ ਲਾਭ ਉਠਾਉਣਾ ਹੈ।

(iii) ਇੱਕ ਵ੍ਰਿਸਤ੍ਰਿਤ ਦ੍ਰਿਸ਼ਟੀ ਅਤੇ ਰਣਨੀਤੀ ਉੱਤੇ ਆਧਾਰਤ ਵਿਕਾਸ ਦੇ ਕਾਰਜਾਂ ਨੂੰ ਵੱਖ-ਵੱਖ ਵਿਭਾਗਾਂ ਅਨੁਸਾਰ ਪ੍ਰਣਾਲੀ ਬੱਧ ਢੰਗ ਨਾਲ ਜੋੜਨਾ।

ਇਸ ਅਰਥ ਵਿੱਚ LEADER ਯੂਰਪੀ ਯੂਨੀਅਨ ਦੀ ਦਿਹਾਤੀ ਵਿਕਾਸ ਨੀਤੀ ਦਾ ਸਾਰ ਅੰਸ਼ ਹੈ ਕਿਉਂਕਿ

(i) ਇਸ ਵਿੱਚ ਯੂਰਪੀ ਕਮਿਸ਼ਨ ਅਤੇ ਯੂਰਪੀ ਯੂਨੀਅਨ ਦੇ ਮੈਂਬਰ ਦੇਸ਼ਾਂ ਦੁਆਰਾ ਯੂਰਪੀ ਯੂਨੀਅਨ ਦੇ ਪੱਧਰ ਤੇ ਨੀਤੀ ਦਾ ਵਿਸਤ੍ਰਿਤ ਢਾਂਚਾ, ਜੁੱਧਨੀਤਕ ਉਦੇਸ਼, ਸਾਂਝੇ ਨਿਯਮ ਅਤੇ ਸਾਂਝੀ ਵਿੱਤ ਵਿਵਸਥਾ ਹੈ।

(ii) ਇਸ ਵਿੱਚ ਹੇਠਾਂ ਤੋਂ ਉਪਰ ਵੱਲ ਹੋਣ ਵਾਲੀ ਯੋਜਨਾਬੰਦੀ ਦੀ ਵਿਵਸਥਾ ਹੈ ਜਿਸ ਤਹਿਤ ਦਿਹਾਤੀ ਵਿਕਾਸ ਦੇ ਉਪਰਾਲਿਆਂ ਦੀ ਯੋਜਨਾ ਐਨ ਅਪਣੀਆਂ ਲੋੜਾਂ ਮੁਤਾਬਕ ਦਿਹਾਤੀ ਜਨਤਾ ਦੁਆਰਾ ਬਣਾਈ ਜਾਂਦੀ ਹੈ ਜਿਸ ਨੇ ਇਨ੍ਹਾਂ ਤੋਂ ਲਾਭ ਉਠਾਉਣਾ ਹੈ।

(iii) ਇਸ ਵਿੱਚ ਲੋਕਲ ਐਕਸ਼ਨ ਗਰੁੱਪਾਂ ਦੀ ਖੇਤਰੀ ਅਤੇ ਰਾਸ਼ਟਰੀ ਪੱਧਰ ਤੇ ਚੋਣ ਅਤੇ ਮੰਜੂਰੀ ਦੀ ਵਿਵਸਥਾ ਹੈ।

ਲੋਕਲ ਐਕਸ਼ਨ ਗਰੁੱਪਾਂ ਵਿੱਚ ਨਿੱਜੀ ਅਤੇ ਸਰਕਾਰੀ ਖੇਤਰ ਦੇ ਭਾਗੀਦਾਰ ਹੁੰਦੇ ਹਨ ਜੋ ਕਿਸੇ ਦਿਹਾਤੀ ਇਲਾਕੇ ਦੇ ਜਾਂ ਇਸ ਦੇ ਕਿਸੇ ਵਿਸ਼ੇਸ਼ ਪੱਖ ਦੇ ਵਿਕਾਸ ਲਈ ਰਣਨੀਤੀ ਅਤੇ ਨਵੀਨ ਕਾਰਵਾਈ ਦੀ ਯੋਜਨਾ ਬਣਾਉਂਦੇ ਹਨ।

ਯੂਰਪੀ ਯੂਨੀਅਨ ਦੇ ਸਦੱਸ ਦੇਸ਼ਾਂ ਦੁਆਰਾ ਜੁਲਾਈ 2003 ਦੇ ਅੰਤ ਤੱਕ LEADER–I ਦੇ ਤਹਿਤ 808 ਲੋਕ ਐਕਸ਼ਨ ਗਰੁੱਪ ਚੁਣੇ ਗਏ ਸਨ।

LEADER-II (1994–99) ਦਾ ਜ਼ੋਰ ਹੇਠ ਲਿਖੇ ਕਾਰਜਾਂ ਤੇ ਸੀ:

(i) ਸੂਚਨਾ ਦੇ ਵਹਾਅ ਅਤੇ ਸਥਾਨਕ ਲੋਕਾਂ ਨੂੰ ਅਪਣੇ ਇਲਾਕੇ ਦੀਆਂ ਲੋੜਾਂ ਦਾ ਵਿਸ਼ਲੇਸ਼ਣ ਕਰਕੇ ਰਣਨੀਤੀਆਂ ਤਿਆਰ ਕਰਨ ਦੀ ਸਿਖਲਾਈ ਵਿੱਚ ਸੁਧਾਰ ਕਰਨ ਲਈ ਯੋਗਤਾ ਗ੍ਰਹਿਣ ਕਰਨੀ।

(ii) ਦਿਹਾਤੀ ਵਿਕਾਸ ਦੇ ਨਵੇਂ ਪ੍ਰੋਗਰਾਮ ਜਿਨ੍ਹਾਂ ਨੂੰ ਵਿਕਾਸ ਦੀਆਂ ਨਵੀਨ ਰਣਨੀਤੀਆਂ ਬਣਾਉਣ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

(iii) ਦੇਸ਼ਾਂ ਦਾ ਆਪਸੀ ਸਹਿਯੋਗ ਜਿਸ ਤਹਿਤ ਘੱਟੋ ਘੱਟ ਦੋ ਮੈਂਬਰ ਦੇਸ਼ਾਂ ਵਿੱਚ ਕੰਮ ਕਰਨ ਵਾਲੇ ਕਈ ਲੋਕਲ ਐਕਸ਼ਨ ਗਰੁੱਪਾਂ ਦੁਆਰਾ ਯੋਜਨਾਵਾਂ ਬਣਾਈਆਂ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ।

(iv) ਨੈੱਟਵਰਕਿੰਗ ਅਰਥਾਤ ਪਰਸਪਰ ਸੰਪਰਕ ਪ੍ਰਸਾਰ ਜਿਸ ਤਹਿਤ ਦਿਹਾਤੀ ਇਲਾਕਿਆਂ ਦੇ ਆਪਸੀ ਸਹਿਯੋਗ ਅਤੇ ਉਨ੍ਹਾਂ ਦੁਆਰਾ ਆਪਸ ਵਿੱਚ ਪ੍ਰਾਪਤੀਆਂ, ਅਨੁਭਵ ਅਤੇ ਗਿਆਨ ਸਾਂਝਾ ਕਰਨ ਲਈ ਧਨ ਦਿੱਤਾ ਜਾਂਦਾ ਹੈ।

LEADER-II ਦੌਰਾਨ ਇਸ ਦੀਆਂ ਹੇਠ ਲਿਖੀਆਂ ਅੱਠ ਵਿਸ਼ੇਸ਼ਤਾਵਾਂ ਨੂੰ ਕੇਂਦਰਤ ਕੀਤਾ ਗਿਆ:

ੳ. ਵਿਕਾਸ ਦੀ ਇਲਾਕਾ ਆਧਾਰਤ ਵਿਧੀ

ਅ. ਵਿਕਾਸ ਹੇਠਾਂ ਤੋਂ ਉਪਰ ਵੱਲ ਕੀਤੇ ਜਾਣ ਦੀ ਵਿਧੀ

ੲ. ਭਾਗੀਦਾਰੀ ਆਧਾਰਤ ਵਿਧੀ

ਸ. ਨਵੀਨ ਕਾਢਾਂ

ਹ. ਕਈ ਵਿਭਾਗਾਂ ਤੇ ਅਧਾਰਤ

LEADER-II ਦੌਰਾਨ ਵਿਕਾਸ ਦੀ ਇਸ ਵਿਧੀ ਦੀਆਂ ਹੇਠ ਲਿਖਿਆਂ ਅੱਠ ਵਿਸ਼ੇਸ਼ਤਾਵਾਂ ਨੂੰ ਪਛਾਣਿਆ ਗਿਆ:

ੳ. ਇਹ ਇਲਾਕਾ ਆਧਾਰਤ ਸੀ।

ਅ. ਇਸ ਵਿੱਚ ਵਿਕਾਸ ਹੇਠੋਂ ਉੱਪਰ ਵੱਲ ਨੂੰ ਕੀਤਾ ਜਾਂਦਾ ਸੀ।

ੲ. ਇਸ ਵਿੱਚ ਕਈ–ਕਈ ਭਾਗੀਦਾਰਾਂ ਨੂੰ ਸ਼ਾਮਿਲ ਕੀਤਾ ਜਾਂਦਾ ਸੀ।

ਸ. ਇਸ ਵਿੱਚ ਨਵੀਨ ਕਾਢਾਂ ਤੇ ਜ਼ੋਰ ਦਿੱਤਾ ਜਾਂਦਾ ਸੀ।

ਹ. ਵਿਕਾਸ ਦੇ ਕੰਮਾਂ ਨੂੰ ਵਿਭਾਗਾਂ ਅਨੁਸਾਰ ਕੀਤਾ ਜਾਂਦਾ ਸੀ।

ਕ. ਇਲਾਕਿਆਂ ਦੇ ਪਰਸਪਰ ਸੰਪਰਕ ਦੇ ਪ੍ਰਸਾਰ ਨੂੰ ਉਤਸ਼ਾਹਤ ਕੀਤਾ ਜਾਂਦਾ ਸੀ।

ਖ. ਵੱਖ ਵੱਖ ਦੇਸ਼ਾਂ ਦੇ ਆਪਸੀ ਸਹਿਯੋਗ ਦੀ ਵਿਵਸਥਾ ਸੀ।

ਗ. ਪ੍ਰਬੰਧ ਅਤੇ ਵਿੱਤੀ ਸਹਾਇਤਾ ਦੇਣ ਦੀ ਪ੍ਰਣਾਲੀ ਵਿਕੇਂਦਰੀਕ੍ਰਿਤ ਸੀ।

LEADER ਵਿੱਚ ਪ੍ਰਬੰਧ ਅਤੇ ਵਿੱਤੀ ਵਿਵਸਥਾ ਦੇ ਵਿਕੇਂਦਰੀਕਰਣ ਤੇ ਵਿਸ਼ੇਸ਼ ਜੋਰ ਹੈ।ਅਪਣੇ ਪ੍ਰਬੰਧ ਅਤੇ ਵਿੱਤੀ ਹਾਲਤ ਦੇ ਸੁਧਾਰ ਲਈ ਲੋਕਲ ਐਕਸ਼ਨ ਗਰੁੱਪ ਹੇਠ ਲਿਖੇ ਕੰਮਾਂ ਨੂੰ ਪਹਿਲ ਦਿੰਦੇ ਹਨ:

ੳ. ਪ੍ਰਕਿਰਤਕ ਅਤੇ ਸੱਭਿਆਚਾਰਕ ਵਸੀਲਿਆਂ ਦਾ ਸਰਵੋਤਮ ਢੰਗ ਨਾਲ ਉਪਯੋਗ ਕਰਨਾ।

ਅ. ਦਿਹਾਤੀ ਇਲਾਕਿਆਂ ਵਿੱਚ ਜੀਵਨ ਦੀ ਗੁਣਵੱਤਾ ਨੂੰ ਸੁਧਾਰਣਾ

ਏ. ਸਥਾਨਕ ਉਤਪਾਦਾਂ ਦੀ ਕੀਮਤ ਵਿੱਚ ਵਾਧਾ ਕਰਨਾ ਅਤੇ ਇਸ ਲਈ ਉਤਪਾਦਨ ਦੀਆਂ ਛੋਟੀਆਂ ਇਕਾਈਆਂ ਦੀ ਸਮੂਹਕ ਤੌਰ ਤੇ ਮੰਡੀਆ ਤੱਕ ਪਹੁੰਚਣ ਵਿੱਚ ਵਿਸ਼ੇਸ਼ ਤੌਰ ਤੇ ਸਹਾਇਤਾ ਕਰਨਾ।

ਸ. ਦਿਹਾਤੀ ਇਲਾਕਿਆਂ ਵਿੱਚ ਉਤਪਾਦਾਂ ਅਤੇ ਸੇਵਾਵਾਂ ਨੂੰ ਵੇਧੇਰੇ ਪ੍ਰਤੀਯੋਗਤਾਮੂਲਕ ਬਣਾਉਣ ਲਈ ਨਵੇਂ ਗਿਆਨ ਅਤੇ ਨਵੀਆਂ ਤਕਨੀਕਾਂ ਦਾ ਉਪਯੋਗ ਕਰਨਾ।

## ਸਿੱਟਾ:

ਦੇਸ਼ ਵਿੱਚ ਕੇਰਲ ਵਿਕੇਂਦਰੀਕ੍ਰਿਤ ਯੋਜਨਾਬੰਦੀ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਵਾਲਾ ਪਹਿਲਾ ਰਾਜ ਹੈ। ਹੇਠਾਂ ਤੋਂ ਉਪਰ ਵੱਲ ਵਿਕਾਸ ਕਰਨ ਦੀ ਵਿਧੀ, ਯੋਜਨਾ ਦਾ ਵਾਰਡ ਸਭਾ ਤੋਂ ਗਰਾਮ ਸਭਾ, ਗਰਾਮ ਸਭਾ ਤੋਂ ਬਲਾਕ ਵਿਕਾਸ ਕਮੇਟੀ, ਬਲਾਕ ਵਿਕਾਸ ਕਮੇਟੀ ਤੋਂ ਜ਼ਿਲ੍ਹਾ ਯੋਜਨਾਬੰਦੀ ਕਮੇਟੀ, ਅਤੇ ਜ਼ਿਲਾ ਯੋਜਨਾਬੰਦੀ ਕਮੇਟੀ ਤੋਂ ਰਾਜ ਦੇ ਯੋਜਨਾਬੰਦੀ ਬੋਰਡ ਤੱਕ ਪਹੁੰਚਣ ਨਾਲ ਵਿਕੇਂਦਰੀਕ੍ਰਿਤ ਯੋਜਨਾਬੰਦੀ ਵਿੱਚ ਭਾਗੀਦਾਰੀ ਲਗਾਤਾਰ ਬਣੀ ਰਹਿੰਦੀ ਹੈ। ਯੋਜਨਾ ਨਿਰਮਾਣ ਦੀ ਇਹ ਸਿਲਸਿਲੇਵਾਰ ਵਿਧੀ ਹੈ ਜਿਸ ਵਿੱਚ ਪਿੰਡ ਤੋਂ ਲੈ ਕੇ ਉਪਰਲੇ ਪੱਧਰਾਂ ਦੇ ਵਿਕਾਸ ਲਈ ਯੋਜਨਾਬੰਦੀ ਦੀ ਪ੍ਰਕਿਰਿਆ ਵਿੱਚ ਸਾਰੀਆਂ ਸੰਸਥਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਸਭ ਤੋਂ ਹੇਠਲੇ ਪੱਧਰ ਤੇ ਸਥਾਈ ਕਮੇਟੀਆਂ ਅਤੇ ਟਾਸਕ ਫੋਰਸ ਬਣਾਉਣ ਨਾਲ ਯੋਜਨਾ ਨਿਰਮਾਣ ਅਤੇ ਵਿਕਾਸ ਦੀ ਪ੍ਰਕਿਰਿਆ ਵਿੱਚ ਲੋਕਾਂ ਦੀ ਪ੍ਰਤੀਨਿਧਤਾ ਹੋ ਜਾਂਦੀ ਹੈ। ਭਾਰਤ ਦੇ ਹੋਰ ਕਿਸੇ ਵੀ ਰਾਜ ਵਿੱਚ ਵਿਕੇਂਦਰੀਕਰਣ ਦੀ ਅਜਿਹੀ ਪ੍ਰਣਾਲੀ ਪ੍ਰਚੱਲਤ ਨਹੀਂ ਹੈ।

ਯੂਰਪ ਵਿੱਚ ਦਿਹਾਤੀ ਵਿਕਾਸ ਦੀ LEADER ਵਿਧੀ ਲੋਕਲ ਐਕਸ਼ਨ ਗਰੁੱਪਾਂ ਦੇ ਗੂੜ੍ਹੇ ਸਹਿਯੋਗ ਰਾਹੀਂ ਹੇਠਾਂ ਤੋਂ ਉੱਪਰ ਵੱਲ ਕੀਤੇ ਜਾਣ ਵਾਲੇ ਵਿਕਾਸ ਤੇ ਆਧਾਰਤ ਹੈ। LEADER ਦਾ ਅਰਥ ਹੈ ਸਥਾਨਕ ਲੋਕਾਂ ਦੀ ਅਵਾਜ਼ ਨੂੰ ਸੁਣਨਾ ਅਤੇ ਸਰਕਾਰ ਦੇ ਉੱਪਰਲੇ ਪੱਧਰਾਂ ਦੀ ਮਦਦ ਨਾਲ ਅਪਣੇ ਭਵਿੱਖ ਦੇ ਨਿਰਮਾਣ ਲਈ ਉਨ੍ਹਾਂ ਦੀ ਭਾਗੀਦਾਰੀ ਵਿੱਚ ਵਾਧਾ ਕਰਨਾ। ਸਪੇਨ ਵਿੱਚ ਲੋਕਲ ਐਕਸ਼ਨ ਗਰੁੱਪਾਂ ਦੀ ਸਹਾਇਤਾ ਨਾਲ LEADER ਤਹਿਤ ਦਿਹਾਤੀ ਇਲਾਕਿਆਂ ਵਿੱਚ ਨਿੱਜੀ ਖੇਤਰ ਦੇ ਨਿਵੇਸ਼ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ। ਇਹ ਨਿਵੇਸ਼ ਸਮੁਦਾ ਦੇ ਸਰਗਰਮ ਸਹਿਯੋਗ ਨਾਲ ਖੇਤੀਬਾੜੀ, ਸੈਰ ਸਪਾਟਾ, ਦਿਹਾਤੀ ਇਲਾਕੇ ਦੀਆਂ ਸਰਗਰਮੀਆਂ ਦੇ ਕੇਂਦਰਾਂ (Rural Hubs) ਅਤੇ ਸਫਾਈ ਪ੍ਰਬੰਧ ਜਿਹੇ ਖੇਤਰਾਂ ਵਿੱਚ ਕੀਤਾ ਜਾਂਦਾ ਹੈ। ਫਿਨਲੈਂਡ ਅਤੇ ਬਰਤਾਨੀਆ ਵਿੱਚ ਵਿਭਾਗਵਾਰ ਬਣੇ ਹੋਏ ਵਿਕਾਸ ਪ੍ਰੋਗਰਾਮਾਂ ਦੀ ਦੇਖ-ਭਾਲ ਕਰਨ ਲਈ ਸਥਾਈ ਕਮੇਟੀਆਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਕਮੇਟੀਆਂ ਰਾਹੀਂ ਸਰਕਾਰੀ ਅਤੇ ਨਿੱਜੀ ਖੇਤਰਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ। ਇਟਲੀ ਵਿੱਚ ਸਥਾਨਕ ਸੰਸਥਾਗਤ ਯੋਜਨਾ ਤਹਿਤ ਸਥਾਨਕ ਕਮੇਟੀਆਂ ਨੂੰ ਸ਼ਕਤੀਆਂ ਸੌਂਪੀਆਂ ਗਈਆਂ ਹਨ। ਇਸ ਯੋਜਨਾ ਰਾਹੀਂ ਸਥਾਨਕ ਸ਼ਾਸਨਾਂ ਅਤੇ ਸੰਸਥਾਵਾਂ ਦੇ ਨਾਲ ਨਾਲ ਜਨ ਸਭਾਵਾਂ, ਕਿਰਤੀ ਜਥੇਬੰਦੀਆਂ ਅਤੇ ਸਵੈਇੱਛਤ ਸਮੂਹਾਂ ਵਰਗੇ ਸਮਾਜਕ ਸੰਗਠਨ ਬਣਾ ਕੇ ਉਨ੍ਹਾਂ ਨੂੰ ਯੋਜਨਾ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਨੀਦਰਲੈਂਡ ਵਿੱਚ ਮੁਹੱਲਿਆਂ ਦੀ ਯੋਜਨਾਬੰਦੀ ਅਤੇ ਉੱਥੋਂ ਦੀਆਂ ਜਨ ਸਹੂਲਤਾਂ ਦੇ ਪ੍ਰਬੰਧ ਵਿੱਚ ਮੁਹੱਲਾ ਵਾਸੀਆਂ ਦਾ ਸਰਗਰਮ ਸਹਿਯੋਗ ਲਿਆ ਜਾਂਦਾ ਹੈ। ਨਾਗਰਿਕ ਮਾਮਲਿਆਂ ਵਿੱਚ ਇਸਤ੍ਰੀਆਂ ਵੀ ਸਰਗਰਮ ਹਿੱਸਾ ਲੈਂਦੀਆਂ ਹਨ। ਸਥਾਨਕ ਸ਼ਾਸਨ ਪ੍ਰਭਾਵਸ਼ਾਲੀ, ਖੁਦਮੁਖਤਾਰ, ਕਾਰਜ-ਕੁਸ਼ਲ, ਪਾਰਦਰਸ਼ੀ ਅਤੇ ਉੱਤਰਦਾਈ ਹਨ।ਇਹੀ ਇੱਕ ਚੰਗੇ ਸ਼ਾਸਨ ਦੇ ਗੁਣ ਹਨ।

ਵਿਕੇਂਦਰੀਕਰਣ ਇੱਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ। ਉਪਰੋਕਤ ਵਿਸ਼ਲੇਸ਼ਣ ਦੇ ਅਧਾਰ ਤੇ ਪੰਜਾਬ ਅਪਣੇ ਵਿਕੇਂਦਰੀਕਰਣ ਦੀ ਪ੍ਰਕਿਰਿਆ ਨੂੰ ਦ੍ਰਿੜ ਬਣਾਉਣ ਲਈ ਹੇਠ ਲਿਖੇ ਕਦਮ ਚੁੱਕ ਸਕਦਾ ਹੈ।

* ਗਰਾਮ ਸਭਾਵਾਂ ਨੂੰ ਮਜ਼ਬੂਤ ਬਣਾਉਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਅਫਸਰਸ਼ਾਹ ਅਤੇ ਰਾਜਨੀਤਕ ਨੇਤਾ ਵੀ ਇਨ੍ਹਾਂ ਸਭਾਵਾਂ ਵਿੱਚ ਭਾਗ ਲੈਣ।

* ਲੋਕਤੰਤਰੀ ਸੰਪਰਕ ਹੇਠਾਂ ਤੋਂ ਉਪਰ ਵੱਲ ਨੂੰ ਕੀਤੇ ਜਾਣ ਵਾਲੀ ਯੋਜਨਾਬੰਦੀ ਦੀ ਕੁੰਜੀ ਹੈ। ਪਿੰਡ, ਬਲਾਕ, ਅਤੇ ਜ਼ਿਲ੍ਹਾ ਪੱਧਰ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਨੇੜੇ ਦਾ ਸੰਪਰਕ ਹੋਣਾ ਜਰੂਰੀ ਹੈ। ਕੇਰਲ ਦੀ

ਤਰ੍ਹਾਂ ਸੰਬੰਧਤ ਪੰਚਾਇਤਾਂ ਅਤੇ ਜ਼ਿਲ੍ਹਾ ਪੰਚਾਇਤਾਂ ਦੇ ਪ੍ਰਤੀਨਿਧੀਆਂ ਨੂੰ ਯੋਜਨਾਬੰਦੀ ਦੀ ਇਸ ਪ੍ਰਕਿਰਿਆ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ।

* ਹਰੇਕ ਪੰਚਾਇਤ ਦੀ ਸਲਾਨਾ ਯੋਜਨਾ ਨੂੰ ਤਿਆਰ ਕਰਕੇ ਲੋਕਾਂ ਵਿੱਚ ਵੰਡਣਾ ਚਾਹੀਦਾ ਹੈ।
* ਪੰਜ ਸਾਲਾ ਯੋਜਨਾਵਾਂ ਬਣਾਉਣ ਲਈ ਪਿੰਡ ਪੰਚਾਇਤ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰੀਸ਼ਦਾਂ ਵਾਸਤੇ ਇੱਕ ਗਤੀਵਿਧੀ ਯੋਜਨਾ ਵੀ ਹੋਣੀ ਚਾਹੀਦੀ ਹੈ।
* ਕੇਰਲ ਅਤੇ ਕਰਨਾਟਕ ਦੀ ਤੁਲਨਾ ਵਿੱਚ ਪੰਜਾਬ ਦੀਆਂ ਪੰਚਾਇਤਾਂ ਛੋਟੀਆਂ ਹਨ ਜਿਸ ਕਰਕੇ ਇਨ੍ਹਾਂ ਵਿੱਚ ਵਾਰਡ ਨਹੀਂ ਹੁੰਦੇ। ਲੇਕਿਨ ਵਿਕੇਂਦਰੀਕ੍ਰਿਤ ਯੋਜਨਾਬੰਦੀ ਅਤੇ ਵਿਕਾਸ ਵਿੱਚ ਲੋਕਾਂ ਦੀ ਸਿੱਧੀ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਲਈ ਪੰਚਾਇਤਾਂ ਨੂੰ ਮੁਹੱਲਾ ਕਮੇਟੀਆਂ ਬਣਾਉਣ ਦੀ ਸ਼ਕਤੀ ਦਿੱਤੀ ਜਾਣੀ ਚਾਹੀਦੀ ਹੈ।

## References


1. Mahatma Gandhi, **Hind Swaraj,**
2. Jain SP, "The Gram Sabha: Gateway to Grass roots Democracy", **Journal of Rural Development,** Vol. 16 (4), 1997,
3. Joesph, SK and John, MS "the Gram Sabha Experience of Tamil Nadu: The Difficult Road Ahead", **Journal of Rural Development,** Vol. 20 (2) 2001.

# ਅਧਿਆਇ-4

# ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦਾ ਵਿਕਾਸ ਅਤੇ ਉਨ੍ਹਾਂ ਵਿੱਚ ਪੂੰਜੀ ਨਿਵੇਸ਼ : ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਭੂਮਿਕਾ

## ਭਾਗ ਪਹਿਲਾ

## ਸ਼ਹਿਰੀ ਸਥਾਨਕ ਸੰਸਥਾਵਾਂ

ਇਸ ਅਧਿਆਇ ਦਾ ਮੁੱਖ ਮੰਤਵ ਪੰਜਾਬ ਦੇ ਬੁਨਿਆਦੀ ਢਾਂਚੇ ਵਿੱਚ ਪੂੰਜੀ ਨਿਵੇਸ਼, ਨਾਗਰਿਕ ਸੇਵਾਵਾਂ ਦੀ ਵਿਵਸਥਾ ਅਤੇ ਸ਼ਹਿਰੀ ਵਿਕਾਸ ਨਾਲ ਜੁੜੇ ਹੋਏ ਮੁੱਦਿਆਂ ਦਾ ਵਰਣਨ ਹੈ। ਇਸ ਸੰਦਰਭ ਵਿੱਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਭੂਮਿਕਾ ਦਾ ਨਿਰੀਖਣ ਕੀਤਾ ਗਿਆ ਹੈ। ਅਧਿਆਇ ਵਿੱਚ ਸੁਝਾਈ ਗਈ ਰਣਨੀਤੀ ਦਾ ਉਦੇਸ਼ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਨਾਗਰਿਕ ਸੇਵਾਵਾਂ ਵਿੱਚ ਨਿਵੇਸ਼, ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਕੇ ਸ਼ਹਿਰੀ ਖੇਤਰਾਂ ਦੇ ਯੋਜਨਾਬੱਧ ਵਿਕਾਸ ਨੂੰ ਉਤਸ਼ਾਹਤ ਕਰਨਾ, ਸ਼ਹਿਰੀ ਬੁਨਿਆਦੀ ਢਾਂਚੇ ਦਾ ਵਿਉਪਾਰੀਕਰਣ, ਅਤੇ ਅੰਤ ਵਿੱਚ ਸੰਵਿਧਾਨਕ ਸੋਧ ਐਕਟ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਅਪਣੇ ਹੀ ਵਸੀਲਿਆਂ ਦਾ ਅਤੇ ਬਜਟ ਤੋਂ ਇਲਾਵਾ ਪੂੰਜੀ ਬਜਾਰ ਵਿੱਚੋਂ ਬਾਹਰਲੇ ਵਿੱਤੀ ਵਸੀਲਿਆਂ ਦਾ ਉਪਯੋਗ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਬਹੁਤ ਸਾਰੀਆਂ ਸਕੀਮਾਂ ਅਤੇ ਪ੍ਰੋਗਰਾਮ ਸ਼ੁਰੂ ਕੀਤੇ ਜਾਣ ਕਰਕੇ ਉਨ੍ਹਾਂ ਦੀਆਂ ਕਮੀਆਂ ਵੱਲ ਧਿਆਨ ਦਿਵਾਉਣ ਅਤੇ ਢੁਕਵੀਆਂ ਨੀਤੀਗਤ ਤਜਵੀਜ਼ਾਂ ਪੇਸ਼ ਕਰਨ ਦੇ ਵੀ ਜਤਨ ਕੀਤੇ ਗਏ ਹਨ। ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਤੋਂ ਸਬਕ ਲੈ ਕੇ ਇਨ੍ਹਾਂ ਸਰਵੋਤਮ ਪ੍ਰਣਾਲੀਆਂ ਨੂੰ ਹੋਰਾਂ ਥਾਵਾਂ ਤੇ ਵੀ ਲਾਗੂ ਕੀਤਾ ਜਾ ਸਕਦਾ ਹੈ।

ਇਸ ਅਧਿਆਇ ਦਾ ਕੇਂਦਰ-ਬਿੰਦੂ ਬੁਨਿਆਦੀ ਢਾਂਚੇ ਵਿੱਚ ਪੂੰਜੀ ਨਿਵੇਸ਼ ਅਤੇ ਸ਼ਹਿਰੀ ਵਿਕਾਸ ਲਈ ਸਾਧਨਾਂ ਦਾ ਉਪਯੋਗ ਹੈ। ਇਸ ਇਕਾਈ ਦੇ ਮੁੱਖ-ਮੁੱਖ ਅੰਗ ਨਿਮਨ ਲਿਖਤ ਅਨੁਸਾਰ ਹਨ :

* ਸੰਦਰਭ
* ਪੰਜਾਬ ਵਿੱਚ ਸ਼ਹਿਰੀ ਬੁਨਿਆਦੀ ਢਾਂਚਾ, ਸੇਵਾਵਾਂ ਅਤੇ ਵਿਕਾਸ; ਵੱਖ-ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਦੀ ਪਹੁੰਚ, ਗੁਣਵੱਤਾ, ਉਨ੍ਹਾਂ ਵਿੱਚ ਪੂੰਜੀ ਨਿਵੇਸ਼ ਅਤੇ ਉਨ੍ਹਾਂ ਨੂੰ ਲਾਗੂ ਕਰਨ ਨਾਲ ਜੁੜੇ ਹੋਏ ਮੁੱਦੇ
* ਸ਼ਹਿਰੀ ਬੁਨਿਆਦੀ ਢਾਂਚਾ/ਸੇਵਾਵਾਂ ਅਤੇ ਸ਼ਹਿਰੀ ਵਿਕਾਸ ਦੇ ਭੌਤਿਕ ਟੀਚੇ ਅਤੇ ਉਨ੍ਹਾਂ ਵਿੱਚ ਪੂੰਜੀ ਨਿਵੇਸ਼ ਲਈ ਵਿੱਤੀ ਜਰੂਰਤਾਂ
* ਪੂੰਜੀ ਨਿਵੇਸ਼ ਦੀਆਂ ਜਰੂਰਤਾਂ ਦੀ ਪੂਰਤੀ ਲਈ ਨਗਰ ਪਾਲਕਾਵਾਂ ਦੇ ਸਾਧਨਾਂ ਦੀ ਘਾਟ
* ਸ਼ਹਿਰੀ ਬੁਨਿਆਦੀ ਢਾਂਚੇ/ਸੇਵਾਵਾਂ ਅਤੇ ਸ਼ਹਿਰੀ ਵਿਕਾਸ ਵਿੱਚ ਪੂੰਜੀ ਨਿਵੇਸ਼ ਲਈ ਵਧੀਕ ਸਾਧਨਾਂ ਦਾ ਉਪਯੋਗ
* ਸਥਾਨਕ ਕਰ ਪ੍ਰਣਾਲੀ ਅਤੇ ਅੰਦਰੂਨੀ ਆਮਦਨੀ ਦੇ ਜਤਨਾਂ ਵਿੱਚ ਸੁਧਾਰ
* ਪੂੰਜੀ ਬਜਾਰ
* ਸਿੱਟਾ

**ਸੰਦਰਭ :**

ਭਾਰਤ ਦਾ ਤੇਜੀ ਨਾਲ ਸ਼ਹਿਰੀਕਰਣ ਹੋ ਰਿਹਾ ਹੈ। ਚੀਨ ਤੋਂ ਬਾਦ ਇਹ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਸ਼ਹਿਰੀ ਢਾਂਚਾ ਹੈ। ਕੌਮੀ ਪੱਧਰ ਤੇ ਇਸ ਵਿਸ਼ੇ ਤੇ ਕਈ ਸੰਗਠਨ ਅਧਿਐਨ ਕਰ ਚੁੱਕੇ ਹਨ ਜਿਵੇਂ ਕਿ Task Force on Management of Urban Development (Planning Commission, 1983), Task Force on Financing of Urban Development (Planning Commission 1986), National Commission on Urbanization (1988), IndI Infrastructure Report (NCAER, 1996), Task Force on Urban Governance and Financing (2001), Committee on IndI Vision 2020 (Planning Commission 2002) and Eleventh and Twelfth Finance Commissions। ਇਨ੍ਹਾਂ ਸਭ ਦੀਆਂ ਰਿਪੋਰਟਾਂ ਨੇ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਜਲ-ਪੂਰਤੀ, ਗੰਦੇ ਜਲ ਦੀ ਨਿਕਾਸੀ, ਭੂ-ਤਲ ਦੀ ਜਲ ਨਿਕਾਸੀ, ਠੋਸ ਕੂੜੇ ਕਰਕਟ ਦੇ ਪ੍ਰਬੰਧ, ਸੜਕਾਂ, ਰਾਤ ਨੂੰ ਰੋਸ਼ਨੀ ਦੇ ਪ੍ਰਬੰਧ ਆਦਿ ਨਾਗਰਿਕ ਸੇਵਾਵਾਂ ਦੀਆਂ ਤਰੁਟੀਆਂ ਵੱਲ ਧਿਆਨ ਦਿਵਾਇਆ ਹੈ। ਇਸ ਦੇ ਨਾਲ-ਨਾਲ ਪੂੰਜੀ ਨਿਵੇਸ਼ ਦੀਆਂ ਜਰੂਰਤਾਂ ਦਾ ਵੀ ਪਤਾ ਲਗਾਇਆ ਗਿਆ ਹੈ ਜਿਹੜੀਆਂ ਬਹੁਤ ਜ਼ਿਆਦਾ ਅਤੇ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੀ ਸਮਰਥਾ ਤੋਂ ਬਾਹਰ ਹਨ। ਭਾਵੇਂ ਕੇਂਦਰ ਸਰਕਾਰ ਦੂਜੀ ਪੰਜ ਸਾਲਾ ਯੋਜਨਾ ਦੇ ਅਰੰਭ ਤੋਂ ਹੀ ਸ਼ਹਿਰੀ ਇਲਾਕਿਆਂ ਵਿੱਚ ਯੋਜਨਾਬੱਧ ਵਿਕਾਸ ਤੇ ਜੋਰ ਦੇ ਰਹੀ ਹੈ, ਫੇਰ ਵੀ ਸ਼ਹਿਰੀ ਵਿਕਾਸ ਦੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਦੇ ਉਦੇਸ਼ ਪੂਰੇ ਨਹੀਂ ਹੋ ਸਕੇ ਹਨ। ਜਿੱਥੇ ਤੱਕ ਸ਼ਹਿਰਾਂ ਦੀ ਆਮ ਸਥਿਤੀ ਦਾ ਸਵਾਲ ਹੈ, ਇਹ ਗੱਲ ਪੰਜਾਬ ਤੇ ਵੀ ਢੁਕਦੀ ਹੈ ਅਤੇ ਵਧ ਰਹੇ ਸ਼ਹਿਰੀਕਰਣ ਨਾਲ ਸ਼ਹਿਰੀ ਇਲਾਕਿਆਂ ਤੇ ਵੀ ਦਬਾਅ ਵਧਦਾ ਜਾ ਰਿਹਾ ਹੈ। ਪੰਜਾਬ ਦੇ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਨਾਗਰਿਕ ਸੇਵਾਵਾਂ ਵਿੱਚ ਗੰਭੀਰ ਤਰੁਟੀਆਂ ਹਨ। ਸ਼ਹਿਰੀ ਵਿਕਾਸ ਦੀਆਂ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ ਜਿਸ ਦੇ ਨਤੀਜੇ ਵਜੋਂ ਸ਼ਹਿਰੀ ਇਲਾਕਿਆਂ ਦੀ ਵਰਿੱਧੀ ਅਵਿਵਸਥਤ ਢੰਗ ਨਾਲ ਹੋਈ ਹੈ। ਗੰਦੀਆਂ ਬਸਤੀਆਂ ਦਾ ਬਿਨਾਂ ਕਿਸੇ ਯੋਜਨਾਬੰਦੀ ਦੇ ਵਿਕਾਸ ਅਤੇ ਉਨ੍ਹਾਂ ਵਿੱਚ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੀ ਘਾਟ ਤੋਂ ਇਲਾਵਾ ਜਨਤਕ ਸਥਾਨਾਂ ਤੇ ਨਜਾਇਜ ਕਬਜੇ ਕੇਵਲ ਵੱਡੇ ਸ਼ਹਿਰਾਂ ਵਿੱਚ ਹੀ ਨਹੀਂ, ਬਲਕਿ ਛੋਟੇ ਅਤੇ ਦਰਮਿਆਨੇ ਕਸਬਿਆਂ ਵਿੱਚ ਵੀ ਵੱਡੀ ਸਮੱਸਿਆ ਬਣ ਰਹੇ ਹਨ। ਪਹਿਲੇ ਭਾਗ ਵਿੱਚ ਪੰਜਾਬ ਦੇ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸ਼ਹਿਰੀ ਖੇ ਤਰਾਂ ਦੇ ਵਿਕਾਸ ਦੀਆਂ ਤਰੁਟੀਆਂ ਵੱਲ ਧਿਆਨ ਦਿਵਾਇਆ ਗਿਆ ਹੈ। ਦੂਜੇ ਭਾਗ ਦਾ ਮੁੱਖ ਵਿਸ਼ਾ ਨਗਰ ਪਾਲਕਾਵਾਂ ਦੀ ਵਿੱਤੀ ਸਥਿਤੀ ਦੇ ਰੁਝਾਣ ਅਤੇ ਇਸ ਨਾਲ ਜੁੜੇ ਹੋਏ ਮੁੱਦੇ ਹਨ। ਤੀਜੇ ਭਾਗ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਵਿਕਾਸ ਦੀਆਂ ਤਰੁਟੀਆਂ ਨੂੰ ਘੱਟ ਕਰਨ ਲਈ ਨਗਰ ਪਾਲਕਾਵਾਂ ਦੇ ਵਧੀਕ ਵਸੀਲਿਆਂ ਦਾ ਉਪਯੋਗ ਕਰਨ ਦੇ ਵਿਕਲਪ ਸੁਝਾਏ ਗਏ ਹਨ।

**ਪੰਜਾਬ ਵਿੱਚ ਸ਼ਹਿਰੀ ਬੁਨਿਆਦੀ ਢਾਂਚਾ, ਸੇਵਾਵਾਂ ਅਤੇ ਵਿਕਾਸ : ਸਕੀਮਾਂ ਅਤੇ ਪ੍ਰੋਗਰਾਮਾਂ ਦੀ ਪਹੁੰਚ, ਗੁਣਵੱਤਾ, ਉਨ੍ਹਾਂ ਵਿੱਚ ਪੂੰਜੀ ਨਿਵੇਸ਼ ਅਤੇ ਉਨ੍ਹਾਂ ਨੂੰ ਲਾਗੂ ਕਰਨਾ :**

ਪੰਜਾਬ ਵਿਕਾਸ ਰਿਪੋਰਟ ਅਤੇ ਪੰਜਾਬ ਦੇ ਪਹਿਲੇ (1995) ਅਤੇ ਦੂਜੇ (2002) ਵਿੱਤ ਕਮਿਸ਼ਨਾਂ ਦੀਆਂ ਰਿਪੋਰਟਾਂ ਤੋਂ ਇਲਾਵਾ ਪੰਜਾਬ ਦੇ ਸ਼ਹਿਰੀ ਬੁਨਿਆਦੀ ਢਾਂਚੇ ਤੇ ਛਾਪੀਆਂ ਗਈਆਂ ਹੋਰ ਰਿਪੋਰਟਾਂ ਅਤੇ ਲੇਖਾਂ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਨਾਗਰਿਕਾਂ ਸੇਵਾਵਾਂ ਦੀ ਪਹੁੰਚ, ਪੱਧਰ, ਗੁਣਵੱਤਾ ਅਤੇ ਉਨ੍ਹਾਂ ਲਈ ਉਪਲਬਧ ਫੰਡ ਜਿਹੇ ਪੱਖਾਂ ਤੇ ਚਰਚਾ ਕੀਤੀ ਗਈ ਹੈ। ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਜਲ ਪੂਰਤੀ ਇੱਕ ਵੱਡੀ ਸਮੱਸਿਆ ਹੈ। ਗੰਦੇ ਜਲ ਦੀ ਨਿਕਾਸੀ ਦਾ ਪ੍ਰਬੰਧ ਕਾਫੀ ਨਹੀਂ ਹੈ ਅਤੇ ਜਿੱਥੇ ਇਹ ਪ੍ਰਬੰਧ ਹੈ ਵੀ, ਉੱਥੇ ਗੰਦੇ ਜਲ ਨੂੰ ਟਿਕਾਣੇ ਲਗਾਉਣ ਅਤੇ ਇਸ ਨੂੰ ਸੁਰੱਖਿਅਤ ਬਣਾਉਣ ਦੀ ਕੋਈ ਵਿਵਸਥਾ ਨਹੀਂ ਹੈ। ਕਈ ਅਜਿਹੇ ਸਥਾਨ ਹਨ ਜਿੱਥੇ ਭੂ ਤਲ ਤੇ ਪਾਣੀ ਦੀ ਨਿਕਾਸੀ ਦਾ ਜਰਾ ਵੀ ਪ੍ਰਬੰਧ ਨਹੀਂ ਹੈ। ਠੋਸ ਕੂੜੇ ਕਰਕਟ ਨੂੰ ਇਕੱਠਾ ਕਰਨ, ਢੋਣ ਅਤੇ ਟਿਕਾਣੇ ਲਗਾਉਣ ਵਿੱਚ ਵੀ ਬਹੁਤ ਕਮੀਆਂ ਹਨ। ਸੜਕਾਂ ਅਤੇ ਗਲੀਆਂ ਦੀ ਹਾਲਤ ਵੀ ਸੰਤੋਖਜਨਕ ਨਹੀਂ ਹੈ ਅਤੇ ਉਨ੍ਹਾਂ ਵਿੱਚੋਂ 40% ਨੂੰ ਮੁਰੰਮਤ ਦੀ ਲੋੜ ਹੈ। ਨਗਰਾਂ ਦੇ ਕਈ ਹਿੱਸਿਆਂ ਵਿੱਚ ਪੱਕੀਆਂ ਸੜਕਾਂ ਅਤੇ ਰਾਤ ਨੂੰ ਰੋਸ਼ਨੀ ਦਾ ਉਚਿਤ ਪ੍ਰਬੰਧ ਵੀ ਨਹੀਂ ਹੈ। ਉਨ੍ਹਾਂ ਦੀ ਅਬਾਦੀ ਦਾ ਵੱਡਾ ਹਿੱਸਾ ਗੰਦੀਆਂ ਬਸਤੀਆਂ ਵਿੱਚ ਰਹਿੰਦਾ ਹੈ ਜਿਥੇ ਉਨ੍ਹਾਂ ਨੂੰ ਮੁਢਲੀਆਂ ਨਾਗਰਿਕ ਸਹੂਲਤਾਂ ਵੀ ਮੁਹੱਈਆ ਨਹੀਂ ਹਨ।

ਕਿਉਂਕਿ ਬੁਨਿਆਦੀ ਢਾਂਚੇ ਦੀਆਂ ਸੇਵਾਵਾਂ ਅਪਣੀ ਲਾਗਤ ਨਹੀਂ ਕੱਢ ਸਕਦੀਆਂ ਅਤੇ ਸਰਕਾਰ ਪਾਸ ਉਨ੍ਹਾਂ ਨੂੰ ਰਿਆਇਤੀ ਦਰਾਂ ਤੇ ਮੁਹੱਈਆ ਕਰਵਾਉਣ ਲਈ ਵਸੀਲੇ ਨਹੀਂ ਹਨ, ਇਸ ਲਈ ਉਨ੍ਹਾਂ ਵਾਸਤੇ ਉਪਲਬਧ ਫੰਡਾਂ ਦੀ ਘਾਟ ਰਹਿੰਦੀ ਹੈ। ਵਧ ਰਹੀਆਂ ਲੋੜਾਂ ਕਰਕੇ ਸੇਵਾਵਾਂ ਦੇ ਵਿਸਥਾਰ ਅਤੇ ਗੁਣਵੱਤਾ ਵਿੱਚ ਤਰੁਟੀ ਹੈ। ਇਨ੍ਹਾਂ ਸੇਵਾਵਾਂ ਨੂੰ ਮੁੱਹਈਆ ਕਰਵਾਉਣ ਲਈ ਵਿਉਪਾਰਕ ਵਿਧੀ ਅਪਣਾਉਣ ਦਾ ਸਮਾਂ ਆ ਗਿਆ ਹੈ (NCAER 1996)।

**ਸ਼ਹਿਰੀ ਬੁਨਿਆਦੀ ਢਾਂਚਾ/ਨਾਗਰਿਕ ਸੇਵਾਵਾਂ ਅਤੇ ਸ਼ਹਿਰੀ ਵਿਕਾਸ ਦੇ ਭੌਤਿਕ ਟੀਚੇ ਅਤੇ ਉਨ੍ਹਾਂ ਦੀਆਂ ਵਿੱਤੀ ਲੋੜਾਂ**

ਪੰਜਾਬ ਦੇ ਪਹਿਲੇ ਅਤੇ ਦੂਜੇ ਵਿੱਤ ਕਮਿਸ਼ਨਾਂ ਨੇ ਸੇਵਾਵਾਂ ਦੇ ਭੌਤਿਕ ਟੀਚਿਆਂ ਦਾ ਮੁਲਾਂਕਣ ਕਰਕੇ ਉਨ੍ਹਾਂ ਦੀਆਂ ਵਿੱਤੀ ਲੋੜਾਂ ਦਾ ਅਨੁਮਾਨ ਲਗਾਇਆ। ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਨੇ ਟਿੱਪਣੀ ਕੀਤੀ ਸੀ ਕਿ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੀ ਗੁਣਵੱਤਾ ਅਤੇ ਪਹੁੰਚ ਬਹੁਤ ਮਾੜੀ ਹੈ ਅਤੇ ਵੱਡੇ ਸ਼ਹਿਰਾਂ ਵਿੱਚ ਬਹੁਤ ਸਾਰੀਆਂ ਗੰਦੀਆਂ ਬਸਤੀਆਂ ਅਤੇ ਮੁੜ ਵਸੇਬੇ ਵਾਲੀਆਂ ਬਸਤੀਆਂ ਹੋਣ ਕਰਕੇ ਹਾਲਤ ਸਭ ਤੋਂ ਮਾੜੀ ਹੈ। ਇਸ ਲਈ ਸ਼ਹਿਰੀ ਬੁਨਿਆਦੀ ਢਾਂਚੇ ਲਈ ਫੰਡਾਂ ਦੀ ਲੋੜ ਦਾ ਮੁਲਾਂਕਣ ਕਰਨ ਵਾਸਤੇ ਉਪਰੋਕਤ ਟੀਚਿਆਂ ਦੀ ਪ੍ਰਾਪਤੀ ਲਈ ਗੰਦੀਆਂ ਬਸਤੀਆਂ ਦੇ ਸੁਧਾਰ ਅਤੇ ਅੱਗ ਬੁਝਾਉ ਸੇਵਾਵਾਂ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਕੰਮ ਵੀ ਸ਼ਾਮਿਲ ਕੀਤੇ ਗਏ। ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਨੇ ਸ਼ਹਿਰੀ ਬੁਨਿਆਦੀ ਢਾਂਚੇ ਦੀ ਪਹੁੰਚ ਅਤੇ ਗੁਣਵੱਤਾ ਨੂੰ ਸੁਧਾਰਣ ਤੇ ਹੋਣ ਵਾਲੇ ਖਰਚ ਬਾਰੇ ਹੇਠ ਲਿਖੇ ਵਿੱਤੀ ਅਨੁਮਾਨ ਲਗਾਏ (ਸਾਰਣੀ–35)

**ਸਾਰਣੀ–35**

**ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਦੁਆਰਾ ਨਾਗਰਿਕ ਸੇਵਾਵਾਂ ਦੀਆਂ ਵਿੱਤੀ ਲੋੜਾਂ ਦਾ ਅਨੁਮਾਨ (ਕਰੋੜ ਰੁਪਿਆਂ ਵਿੱਚ)**

| ਸੇਵਾਵਾਂ | ਲਾਗਤ ਦਾ ਅਨੁਮਾਨ (1996–97 ਤੋਂ 2000–01) |
|---|---|
| ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਨਵੀਆਂ ਸੰਪਤੀਆਂ ਦੀ ਵਰਿੱਧੀ ਅਤੇ ਸਾਂਭ ਸੰਭਾਲ ਕਰਨ ਲਈ | 1990. 00 |
| ਸੜਕਾਂ ਅਤੇ ਗਲੀਆਂ, ਭੂ–ਤਲ ਤੇ ਪਾਣੀ ਦੀ ਨਿਕਾਸੀ, ਕੂੜਾ ਹਟਾਉਣ, ਸਫਾਈ ਪ੍ਰਬੰਧ, ਕੂੜੇ ਕਰਕਟ ਨੂੰ ਟਿਕਾਣੇ ਲਗਾਉਣ ਅਤੇ ਰਾਤ ਨੂੰ ਰੋਸ਼ਨੀ ਦੇ ਪ੍ਰਬੰਧ ਕਰਨ ਦੇ ਮਿਆਰ ਨੂੰ ਉੱਚਾ ਚੁੱਕਣ, ਗੰਦੀਆਂ ਬਸਤੀਆਂ ਨੂੰ ਸੁਧਾਰਣ, ਅੱਗ ਬੁਝਾਉ ਸੇਵਾਵਾਂ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਨਵੀਆਂ ਸੰਪਤੀਆਂ ਦੀ ਸਾਂਭ ਸੰਭਾਲ ਕਰਨ ਲਈ | 1797.71 |
| **ਕੁੱਲ** | **3787.71** |

ਸਰੋਤ : ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਦੀ ਰਿਪੋਰਟ (1995)

ਖਰਚਿਆਂ ਦੀਆਂ ਦਰਾਂ, ਉਪਭੋਗਤਾ ਖਰਚਿਆਂ ਨੂੰ ਬਿਜਲੀ ਦੀਆਂ ਵਧੀਆਂ ਹੋਣੀਆਂ ਦਰਾਂ ਨਾਲ ਜੋੜ ਕੇ ਇਨ੍ਹਾਂ ਦੀ ਲਾਗਤ ਦੀ ਵਸੂਲੀ, ਅਤੇ ਸੇਵਾਵਾਂ ਤੇ ਲੱਗਣ ਵਾਲੀ ਪੂੰਜੀ ਦੀ ਲਾਗਤ ਬਾਰੇ ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਨਾ ਲਾਗੂ ਕੀਤੇ ਜਾਣਾ ਹੀ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਤੋਂ ਹੋਣ ਵਾਲੀ ਆਮਦਨੀ

ਵਿੱਚ ਪੈਣ ਵਾਲੇ ਘਾਟੇ ਦਾ ਮੁੱਖ ਕਾਰਨ ਹੈ। ਕਿਉਂਕਿ ਰਾਜਨੀਤਕ ਸ਼ੁਹਰਤ ਖੱਟਣ ਜਿਹੇ ਹੋਰ ਕਾਰਣਾਂ ਕਰਕੇ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ, ਗੱਡੀਆਂ ਖੜ੍ਹੀਆਂ ਕਰਨ ਦੀਆਂ ਥਾਵਾਂ ਅਤੇ ਠੋਸ ਕੂੜੇ ਕਰਕਟ ਦੇ ਪ੍ਰਬੰਧ ਤੇ ਉਪਭੋਗਤਾ ਖਰਚੇ ਲਗਾ ਕੇ ਲਾਗਤ ਦੀ ਪੂਰੀ ਵਸੂਲੀ ਦਾ ਸਿਧਾਂਤ ਲਾਗੂ ਨਹੀਂ ਕੀਤਾ ਗਿਆ, ਇਸ ਲਈ ਜਿਨ੍ਹਾਂ ਸੇਵਾਵਾਂ ਦੀ ਯੋਜਨਾ ਬਣਾਈ ਗਈ ਉਨ੍ਹਾਂ ਲਈ ਫੰਡ ਉਪਲਬਧ ਨਹੀਂ ਹੋ ਸਕੇ।

ਪੰਜਾਬ ਦੇ ਦੂਜੇ ਵਿੱਤ ਕਮਿਸ਼ਨ (2002) ਅਨੁਸਾਰ ਸ਼ਹਿਰੀ ਸਥਾਨਕ ਸੰਸਥਾਵਾਂ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੀਆਂ ਸਕੀਮਾਂ ਤੇ ਹੋਣ ਵਾਲੇ ਖਰਚ ਦਾ ਕੇਵਲ 47% ਹੀ ਵਸੂਲ ਰਹੀਆਂ ਹਨ। ਕੁੱਝ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਇਹ ਵਸੂਲੀ ਸੰਚਾਲਨ ਅਤੇ ਸਾਂਭ ਸੰਭਾਲ ਤੇ ਹੋਣ ਵਾਲੇ ਕੁੱਲ ਖਰਚ ਦਾ ਕੇਵਲ 25% ਹੀ ਹੈ। ਇਸਦਾ ਮੁੱਖ ਕਾਰਣ ਜਿਆਦਾਤਰ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ 1993 ਤੋਂ ਬਾਦ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੀਆਂ ਦਰਾਂ ਨੂੰ ਨਾ ਸੋਧਿਆ ਜਾਣਾ ਹੈ। ਇਸ ਪੱਖੋਂ ਕੇਵਲ ਲੁਧਿਆਣਾ (5 ਅਪ੍ਰੈਲ 1991 ਤੋਂ) ਜਲੰਧਰ (10 ਦਿਸੰਬਰ 1999 ਤੋਂ) ਅਤੇ ਪਟਿਆਲਾ (28 ਫਰਵਰੀ 2000) ਦੇ ਨਗਰ ਨਿਗਮ ਹੀ ਅਪਵਾਦ ਹਨ। ਉਪਭੋਗਤਾ ਖਰਚਿਆਂ ਵਿੱਚ ਇਕਸਾਰਤਾ ਵੀ ਨਹੀਂ ਹੈ ਅਤੇ ਬਹੁਤ ਸਾਰੀਆਂ ਨਗਰ ਪਾਲਕਾਵਾਂ ਵਿੱਚ ਇਨ੍ਹਾਂ ਤੇ ਭਾਰੀ ਛੋਟ ਹੈ। ਇਨ੍ਹਾਂ ਖਰਚਿਆਂ ਨੂੰ ਨਿਯਮਤ ਤੌਰ ਤੇ ਸੋਧੇ ਜਾਣ ਦੀ ਕੋਈ ਪ੍ਰਣਾਲੀ ਨਹੀਂ ਹੈ। ਜਲ ਪੂਰਤੀ ਪ੍ਰਣਾਲੀ ਦੇ ਸੰਚਾਲਨ ਅਤੇ ਸਾਂਭ ਸੰਭਾਲ ਦਾ ਮੌਜੂਦਾ ਖਰਚਾ ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਅਨੁਸਾਰ 2 ਰੁਪਏ 73 ਪੈਸੇ ਪ੍ਰਤੀ ਕਿਲੋਲਿਟਰ ਬੈਠਦਾ ਹੈ ਹਾਲਾਂਕਿ ਟੁੱਟ-ਫੁੱਟ ਅਤੇ ਵਿਆਜ ਲਗਾ ਕੇ ਇਹ ਖਰਚਾ 6 ਰੁਪਏ ਪ੍ਰਤੀ ਕਿਲੋਲਿਟਰ ਆਉਂਦਾ ਹੈ। ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਨੇ ਸਾਰਣੀ-36 ਵਿੱਚ ਦਿੱਤੇ ਅਨੁਸਾਰ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਸੰਚਾਲਨ ਅਤੇ ਸਾਂਭ ਸੰਭਾਲ ਦੇ ਖਰਚੇ ਦੀ 100% ਵਸੂਲੀ ਲਈ ਹੇਠ ਲਿਖੇ ਟੀਚਿਆਂ ਦੀ ਸਿਫਾਰਿਸ਼ ਕੀਤੀ ਹੈ

**ਸਾਰਣੀ-36**

**ਪੰਜਾਬ ਦੇ ਦੂਜੇ ਵਿੱਤ ਕਮਿਸ਼ਨ (2002-03 ਤੋਂ 2005-06) ਦੁਆਰਾ ਨਿਸ਼ਚਿਤ ਕੀਤੇ ਗਏ ਸੰਚਾਲਨ ਅਤੇ ਸਾਂਭ ਸੰਭਾਲ ਦੇ ਖਰਚਿਆਂ ਦੀ ਵਸੂਲੀ ਦੇ ਟੀਚੇ**

| ਸਾਲ | 2002-03 | 2003-04 | 2004-05 | 2005-06 |
|---|---|---|---|---|
| ਸੰਚਾਲਨ ਅਤੇ ਸਾਂਭ ਸੰਭਾਲ ਦੇ ਖਰਚੇ ਦੀ ਵਸੂਲੀ (ਪ੍ਰਤੀਸ਼ਤ ਵਿੱਚ) | 60 | 80 | 90 | 100 |

ਸਰੋਤ : ਪੰਜਾਬ ਦੇ ਦੂਜੇ ਵਿੱਤ ਕਮਿਸ਼ਨ (2002) ਦੀ ਰਿਪੋਰਟ

ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਅਨੁਸਾਰ, ਜਲ ਪੂਰਤੀ ਘਣਤਾ ਅਨੁਸਾਰ ਹੋਣੀ ਚਾਹੀਦੀ ਹੈ। ਨਹੀਂ ਤਾਂ ਪਾਣੀ ਦੀ ਬੱਚਤ ਰਾਹੀਂ ਅਤੇ ਇਸ ਦੀ ਫਿਜ਼ੂਲ ਵਰਤੋਂ ਰੋਕਣ ਨਾਲ ਸੰਚਾਲਨ ਅਤੇ ਸਾਂਭ ਸੰਭਾਲ ਦੇ ਖਰਚੇ ਪੂਰੇ ਕਰਨ ਲਈ ਦਰਾਂ ਵਿੱਚ ਕੀਤੀਆਂ ਗਈਆਂ ਸੋਧਾਂ ਤੋਂ ਹੋਣ ਵਾਲੇ ਲਾਭ ਦਾ ਵੱਡਾ ਹਿੱਸਾ ਅਜਾਈਂ ਹੀ ਜਾਵੇਗਾ। ਪੰਜਾਬ ਸਰਕਾਰ ਨੇ ਜੁਲਾਈ 2000 ਵਿੱਚ ਪਾਣੀ ਅਤੇ ਗੰਦੇ ਪਾਣੀ ਦੀ ਨਿਕਾਸੀ ਦੇ ਖਰਚਿਆਂ ਵਿੱਚ ਸੋਧ ਕੀਤੀ, ਕਿੰਤੂ ਫਰਵਰੀ 2004 ਵਿੱਚ, ਸੰਸਦ ਦੀਆਂ ਚੋਣਾਂ ਤੋਂ ਐਨ ਪਹਿਲਾਂ, ਇਨ੍ਹਾਂ ਨੂੰ ਲਾਗੂ ਕੀਤੇ ਜਾਣ ਤੇ ਰੋਕ ਲਗਾ ਦਿੱਤੀ ਗਈ। ਇਸ ਨਾਲ ਸੋਧੀਆਂ ਹੋਈਆਂ ਦਰਾਂ ਨੂੰ ਨਾ ਲਾਗੂ ਕੀਤੇ ਜਾਣ ਕਰਕੇ ਬਹੁਤ ਨੁਕਸਾਨ ਹੋਇਆ। ਸੋਧੀਆਂ ਹੋਈਆਂ ਦਰਾਂ ਦੇ ਲਾਗੂ ਕੀਤੇ ਜਾਣ ਤੇ ਲਗਾਈ ਗਈ ਰੋਕ ਨੂੰ ਕੇਵਲ 2005 ਵਿੱਚ ਹਟਾਇਆ ਗਿਆ।

ਆਰਥਕ ਵਰਿੱਧੀ ਦੀ ਹੋਰ ਉੱਚੀ ਦਰ ਅਤੇ ਉਦਯੋਗੀਕਰਣ, ਸ਼ਹਿਰੀ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਵਿਕਾਸ ਨੂੰ ਨਿਰੰਤਰ ਕੀਤੇ ਜਾਣ ਯੋਗ ਬਣਾਉਣ ਦੇ ਰਾਜ ਸਰਕਾਰ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਇੱਕ ਮਜਬੂਤ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੀ ਪ੍ਰਣਾਲੀ ਦੀ ਲੋੜ ਹੈ। ਨਿਰੰਤਰ ਕੀਤੇ ਜਾਣ ਯੋਗ ਸ਼ਹਿਰੀ ਵਿਕਾਸ ਲਈ ਚੋਖਾ ਸ਼ਹਿਰੀ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਮੁਹੱਈਆ ਕਰਵਾਉਣਾ ਅਤਿ ਜਰੂਰੀ ਹੈ।

ਸ਼ਹਿਰੀ ਇਲਾਕਿਆਂ ਵਿੱਚ ਵਧੇਰੇ ਉਤਪਾਦਕ ਅਤੇ ਪਰਿਆਵਰਣ ਹਿਤੈਸ਼ੀ ਆਰਥਕ ਵਰਿੱਧੀ ਲਈ ਅਗਲੇ ਪੰਜ ਸਾਲਾਂ ਵਿੱਚ ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਦਾ ਉਦੇਸ਼ ਹੋਣਾ ਚਾਹੀਦਾ ਹੈ। ਲਾਗਤ ਵਿੱਚ ਹੋ ਰਹੇ ਵਾਧੇ ਨੂੰ ਧਿਆਨ ਵਿੱਚ ਰਖਦੇ ਹੋਏ ਦੂਜੇ ਪੰਜਾਬ ਵਿੱਤ ਕਮਿਸ਼ਨ ਅਨੁਸਾਰ 2002-03 ਤੋਂ 2005-06 ਦੀ ਅਵਧੀ ਲਈ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦਾ ਅਨੁਮਾਨਤ ਖਰਚ 3662.52 ਕਰੋੜ ਸੀ। ਦੂਜੇ ਪਾਸੇ ਭਾਰਤ ਦੇ ਯੋਜਨਾ ਕਮਿਸ਼ਨ ਲਈ CRRID ਦੁਆਰਾ ਤਿਆਰ ਕੀਤੀ ਗਈ State Development Report ਅਨੁਸਾਰ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ, ਠੋਸ ਅਤੇ ਤਰਲ ਗੰਦਗੀ ਦੇ ਪ੍ਰਬੰਧ ਅਤੇ ਸੁਰੱਖਿਅਤ ਬਣਾਉਣ ਦੀ ਪ੍ਰਕਿਰਿਆ ਅਤੇ ਹੋਰ ਮਹੱਤਵਪੂਰਣ ਸੇਵਾਵਾਂ ਦਾ ਅਨੁਮਾਨਤ ਖਰਚ ਹੇਠਾਂ ਸਾਰਣੀ-37 ਵਿੱਚ ਦਰਸਾਇਆ ਗਿਆ ਹੈ :

**ਸਾਰਣੀ -37**

**2002-03 ਤੋਂ 2006-07 ਦੌਰਾਨ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ, ਠੋਸ ਗੰਦਗੀ ਦੇ ਪ੍ਰਬੰਧ ਅਤੇ ਹੋਰ ਬੁਨਿਆਦੀ ਢਾਂਚੇ ਨਾਲ ਸੰਬੰਧਤ ਸੇਵਾਵਾਂ ਦੀਆਂ ਵਿੱਤੀ ਲੋੜਾਂ (ਕਰੋੜ ਰੁਪਿਆਂ ਵਿੱਚ) ਅਤੇ ਇਨ੍ਹਾਂ ਦੇ ਭੌਤਿਕ ਟੀਚੇ**

| ਵੇਰਵੇ | | ਵਿੱਤੀ ਲੋੜਾਂ | | | | | |
|---|---|---|---|---|---|---|---|
| | 2006-07 ਤੱਕ ਪ੍ਰਾਪਤੀ (% ਵਿੱਚ) ਦਾ ਟੀਚਾ | 2002-03 | 2003-04 | 2004-05 | 2005-06 | 2006-07 | 2002-03 ਤੋਂ 2006-07 ਤੱਕ ਕੁੱਲ |
| ਜਲ ਪੂਰਤੀ | 100 | 106.0 | 111.0 | 121.0 | 122.0 | 122.0 | 582.0 |
| ਗੰਦੇ ਜਲ ਦੀ ਨਿਕਾਸੀ | 100 | 210.0 | 270.0 | 310.0 | 380.0 | 440.0 | 1610.0 |
| ਨਾਲੀਆਂ | 25 | 63.0 | 81.0 | 93.0 | 114.0 | 132.0 | 483.0 |
| ਗੰਦੇ ਗਲ ਨੂੰ ਸੁਰੱਖਿਅਤ ਬਣਾਉਣ ਦੀ ਪ੍ਰਕਿਰਿਆ ਦਾ ਸੰਯੰਤਰ | 100 | 168.0 | 168.0 | 168.0 | 168.0 | 171.0 | 843.0 |
| ਠੋਸ ਕੂੜੇ ਕਰਕਟ ਦਾ ਪ੍ਰਬੰਧ: ੳ. ਇਕੱਠਾ ਕਰਨ ਅਤੇ ਢੋਣ ਦੀ ਸਹੂਲਤ ਵਿੱਚ ਵਾਧਾ ਅਤੇ ਇਸ ਦਾ ਹੋਰ ਖੇਤਰਾਂ ਵਿੱਚ ਵਿਸਥਾਰ | 100 | 20.0 | 20.0 | 20.0 | 20.0 | 25.0 | 105.0 |
| ਅ. ਇਸ ਨੂੰ ਸੁਰੱਖਿਅਤ ਬਣਾਉਣ ਦੀ ਪ੍ਰਕਿਰਿਆ ਅਤੇ ਇਸਨੂੰ ਟਿਕਾਣੇ ਲਗਾਉਣਾ ਦਾ ਕੰਮ | 100 | 25.0 | 25.0 | 25.0 | 25.0 | 25.0 | 125.0 |
| ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਦਾ ਸੰਚਾਲਨ ਅਤੇ ਸਾਂਭ-ਸੰਭਾਲ | | 167.5 | 171.0 | 174.0 | 177.5 | 187.0 | 877.0 |
| ਸੜਕਾਂ ਅਤੇ ਗਲੀਆਂ | 100 | 140.0 | 140.0 | 140.0 | 140.0 | 140.0 | 700.0 |
| ਰਾਤ ਵੇਲੇ ਰੋਸ਼ਨੀ ਦਾ ਪ੍ਰਬੰਧ | 100 | 60.0 | 60.0 | 60.0 | 60.0 | 60.0 | 300.0 |
| ਅੱਗ ਬੁਝਾਊ ਸੇਵਾਵਾਂ | 100 | 35.0 | 35.0 | 35.0 | 35.0 | 35.0 | 175.0 |
| ਪਾਰਕ, ਬਾਗ, ਸ਼ਹਿਰੀ ਵਣ ਪ੍ਰਬੰਧ, ਗੱਡੀਆਂ ਖੜਾਉਣ ਦੇ ਸਥਾਨ ਅਤੇ ਬਸ ਅੱਡੇ ਆਦਿ | | 40.0 | 40.0 | 40.0 | 40.0 | 40.0 | 200.0 |
| **ਕੁੱਲ** | **-** | **1034.5** | **1121.0** | **1186.0** | **1281.5** | **1377.0** | **6000.0** |

**Source** : Punjab Development Report 2002 (prepared by CRRID, Chandigarh), New Delhi : Planning Commission of IndI.

ਸਟੇਟ ਡਿਵੈਲਪਮੈਂਟ ਰਿਪੋਰਟ ਦੇ ਅਨੁਮਾਨ ਅਨੁਸਾਰ ਲੁੜੀਂਦਾ ਧਨ ਨਿਵੇਸ਼ ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਦੇ

ਅਨੁਮਾਨ ਨਾਲੋਂ ਕਿਤੇ ਜਿਆਦਾ ਹੈ। ਇਹ ਨਿਵੇਸ਼ ਪੰਜਾਬ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸਮਰਥਾ ਤੋਂ ਪਰੇ ਹੈ।

## ਸ਼ਹਿਰੀ ਵਿਕਾਸ ਦੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨਾ : ਸ਼ਹਿਰੀ ਸਥਾਨਕ ਸੰਸਥਾਵਾਂ ਦੀ ਮਾੜੀ ਭੂਮਿਕਾ

ਯੋਜਨਾਬੱਧ ਸ਼ਹਿਰੀ ਵਿਕਾਸ ਨੂੰ ਉਤਸ਼ਾਹਤ ਕਰਨ, ਸ਼ਹਿਰੀ ਪਰਿਆਵਰਣ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦਾ ਮਿਆਰ ਉੱਚਾ ਚੁੱਕਣ, ਗੰਦੀਆਂ ਬਸਤੀਆਂ ਦੇ ਵਿਕਾਸ ਅਤੇ ਗਰੀਬੀ ਘਟਾਉਣ ਵਗੈਰਾ ਲਈ ਭਾਰਤ ਸਰਕਾਰ ਬਹੁਤ ਸਾਰੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰ ਰਹੀ ਹੈ। ਦੂਜੀ ਪੰਜ ਸਾਲਾ ਯੋਜਨਾ ਨੇ ਆਰਥਕ ਵਿਕਾਸ ਅਤੇ ਉਦਯੋਗੀ ਕਰਣ ਦੇ ਪ੍ਰਸੰਗ ਵਿੱਚ ਸ਼ਹਿਰੀ ਵਿਕਾਸ ਅਤੇ ਮਕਾਨ ਉਸਾਰੀ ਸ਼ੁਰੂ ਕਰਨ ਦੀ ਲੋੜ ਤੇ ਜੋਰ ਦਿੱਤਾ ਸੀ। ਕਿਉਂਕਿ ਨਗਰ ਪਾਲਕਾਵਾਂ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਬਹੁਤ ਸਾਰੀਆਂ ਜਿੰਮੇਵਾਰੀਆਂ ਪੂਰੀਆਂ ਨਹੀਂ ਕਰ ਸਕਦੀਆਂ ਸਨ, ਇਸ ਲਈ ਚੋਖੀਆਂ ਸ਼ਕਤੀਆਂ ਅਤੇ ਚੋਖੀ ਪ੍ਰਸ਼ਾਸਨਿਕ ਤੇ ਤਕਨੀਕੀ ਸਮਰਥਾ ਵਾਲਾ ਨਗਰ ਪ੍ਰਬੰਧ ਵਿਕਸਤ ਕਰਨ ਦੀ ਜਰੂਰਤ ਮਹਿਸੂਸ ਕੀਤੀ ਗਈ। ਤੀਜੀ ਪੰਜ ਸਾਲਾ ਯੋਜਨਾ (1961-66) ਵਿੱਚ ਮਹਾਂਨਗਰਾਂ ਅਤੇ ਦੂਜੇ ਸ਼ਹਿਰਾਂ ਲਈ ਭੂਮੀ ਹਾਸਲ ਕਰਕੇ ਉਸਦਾ ਵਿਕਾਸ ਕਰਨ, ਮਾਸਟਰ ਪਲੈਨਾਂ ਅਤੇ ਖੇਤਰੀ ਵਿਕਾਸ ਦੀਆਂ ਯੋਜਨਾਵਾਂ ਬਣਾਉਣ ਤੇ ਜੋਰ ਦਿੱਤਾ ਗਿਆ। ਪਰਿਆਵਰਣ ਦੀ ਹਾਲਤ ਸੁਧਾਰਣ ਲਈ ਗੰਦੀਆਂ ਬਸਤੀਆਂ ਨੂੰ ਹਟਾਉਣ ਅਤੇ ਉਨ੍ਹਾਂ ਦਾ ਸੁਧਾਰ ਕਰਨ ਦੀ ਸਕੀਮ ਦਾ ਅਰੰਭ ਕੀਤਾ ਗਿਆ। ਬਹੁਤ ਸਾਰੇ ਸ਼ਹਿਰਾਂ ਲਈ ਖੇਤਰੀ ਪੱਧਰ ਤੇ ਸ਼ਹਿਰੀ ਵਿਕਾਸ ਦੀਆਂ ਯੋਜਨਾਵਾਂ ਬਣਾਈਆਂ ਗਈਆਂ। ਚੌਥੀ ਪੰਜ ਸਾਲਾ ਯੋਜਨਾ ਨੂੰ ਲਾਗੂ ਕਰਨ ਵੇਲੇ ਸ਼ਹਿਰਾਂ ਦੀ ਸੰਤੁਲਤ ਵਰਿੱਧੀ ਨੂੰ ਪਹਿਲ ਦਿੱਤੀ ਗਈ। ਭੂਮੀ ਵਿਕਾਸ, ਜਲ ਪੂਰਤੀ ਅਤੇ ਸੜਕਾਂ ਦੇ ਨਾਲ ਨਾਲ ਸਮਾਜਕ ਅਤੇ ਸਿੱਖਿਆ ਸੰਸਥਾਵਾਂ ਦੇ ਪ੍ਰੋਗਰਾਮਾਂ ਨੂੰ ਏਕੀਕ੍ਰਿਤ ਕਰਨ ਤੇ ਜੋਰ ਦਿੱਤਾ ਗਿਆ। 1972-73 ਵਿੱਚ ਗੰਦੀਆਂ ਬਸਤੀਆਂ ਦੇ ਪਰਿਆਵਰਣ ਨੂੰ ਸੁਧਾਰਣ ਦੀ ਸਕੀਮ ਕੇਂਦਰ ਵੱਲੋਂ ਸ਼ੁਰੂ ਕੀਤੀ ਗਈ। ਪੰਜਵੀਂ ਯੋਜਨਾ ਵਿੱਚ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦੇ ਵਿਕਾਸ ਤੇ ਜੋਰ ਦਿੱਤਾ ਗਿਆ ਅਤੇ ਨਗਰ ਪਾਲਕਾਵਾਂ ਦੇ ਵਿੱਤੀ ਅਧਾਰ ਨੂੰ ਮਜਬੂਤ ਬਣਾਉਣ ਦੇ ਸੰਦਰਭ ਵਿੱਚ ਹੇਠਲੇ ਪੱਧਰਾਂ ਨੂੰ ਫੰਡ ਸੌਂਪਣ ਅਤੇ ਨਵੇਂ ਕਰ ਲਗਾਉਣ ਦੀ ਜਰੂਰਤ ਮਹਿਸੂਸ ਕੀਤੀ ਗਈ। ਛੇਵੀਂ ਯੋਜਨਾ ਵਿੱਚ ਇੱਕ ਲੱਖ ਤੋਂ ਘੱਟ ਵਸੋਂ ਵਾਲੇ ਨਗਰਾਂ ਲਈ ਛੋਟੇ ਅਤੇ ਦਰਮਿਆਨੇ ਨਗਰਾਂ ਦੇ ਏਕੀਕ੍ਰਿਤ ਵਿਕਾਸ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਸੜਕਾਂ, ਪਟੜੀਆਂ, ਮੰਡੀਆਂ, ਸ਼ਾਪਿੰਗ ਕੰਪਲੈਕਸਾਂ, ਬੱਸਾਂ ਲਈ ਉਡੀਕ ਵਾਸਤੇ ਛੱਪਰਾਂ ਅਤੇ ਗੱਡੀਆਂ ਖੜਾਉਣ ਦੀਆਂ ਥਾਵਾਂ ਦੇ ਵਿਕਾਸ ਨੂੰ ਪਹਿਲ ਦਿੱਤੀ ਗਈ। ਸੱਤਵੀ ਯੋਜਨਾ ਵਿੱਚ ਵਿਸਤ੍ਰਿਤ ਸ਼ਹਿਰੀ ਵਿਕਾਸ ਦੀ ਯੋਜਨਾ ਬਣਾਉਣ ਦੀ ਜਰੂਰਤ ਮਹਿਸੂਸ ਕੀਤੀ ਗਈ ਜਿਸ ਵਿੱਚ ਛੋਟੇ ਅਤੇ ਦਰਮਿਆਨੇ ਨਗਰਾਂ ਦੇ ਯੋਜਨਾਬੱਧ ਅਤੇ ਏਕੀਕ੍ਰਿਤ ਵਿਕਾਸ, ਸ਼ਹਿਰੀ ਸੰਸਥਾਵਾਂ ਨੂੰ ਮੁੜ ਦ੍ਰਿੜ ਬਣਾਉਣ, ਨਗਰ ਪ੍ਰਸ਼ਾਸਨ ਨੂੰ ਸੁਧਾਰਣ, ਗੰਦੀਆਂ ਬਸਤੀਆਂ ਦਾ ਸੁਧਾਰ ਕਰਨ, ਮੁਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਸਰਕਾਰੀ ਫੰਡ ਸਥਾਨਕ ਸੰਸਥਾਵਾਂ ਨੂੰ ਸੌਂਪਣ ਦੀ ਪ੍ਰਣਾਲੀ ਦਾ ਨਿਰਮਾਣ ਕਰਨ ਤੇ ਜੋਰ ਦਿੱਤਾ ਗਿਆ।

ਘੱਟ ਖਰਚੇ ਵਾਲੇ ਸਫਾਈ ਪ੍ਰਬੰਧ ਦੀ ਸਕੀਮ ਦਾ ਅਰੰਭ 1980 ਵਿੱਚ ਕੀਤਾ ਗਿਆ। ਮੁਢਲੀਆਂ ਸ਼ਹਿਰੀ ਸੇਵਾਵਾਂ ਦੀ ਸਕੀਮ 1985 ਵਿੱਚ ਸ਼ੁਰੂ ਕੀਤੀ ਗਈ ਜਿਸਨੂੰ ਅੱਠਵੀਂ ਪੰਜ ਸਾਲਾ ਯੋਜਨਾ ਅਧੀਨ 'ਗਰੀਬਾਂ ਲਈ ਮੁਢਲੀਆਂ ਸ਼ਹਿਰੀ ਸੇਵਾਵਾਂ' ਦਾ ਨਾਂ ਦਿੱਤਾ ਗਿਆ। ਛੋਟੇ ਅਤੇ ਦਰਮਿਆਨੇ ਨਗਰਾਂ ਦੇ ਏਕੀਕ੍ਰਿਤ ਵਿਕਾਸ ਦੀ ਸਕੀਮ (IDSMT) ਤਹਿਤ ਤਿੰਨ ਲੱਖ ਤੱਕ ਦੀ ਅਬਾਦੀ ਵਾਲੇ ਸ਼ਹਿਰਾਂ ਨੂੰ ਵੀ ਲਿਆਂਦਾ ਗਿਆ। ਸ਼ਹਿਰੀ ਰੋਜਗਾਰ ਯੋਜਨਾ 1989 ਵਿੱਚ ਸ਼ੁਰੂ ਕੀਤੀ ਗਈ। ਮਕਾਨੀ ਉਸਾਰੀ ਦੀ ਰਾਸ਼ਟਰੀ ਨੀਤੀ ਦਾ ਨਿਰਮਾਣ ਵੀ ਇਸੇ ਯੋਜਨਾ ਦੌਰਾਨ ਹੋਇਆ। ਅੱਠਵੀਂ ਪੰਜ ਸਾਲਾ ਯੋਜਨਾ (1992-97) ਨੇ ਸ਼ਹਿਰੀ ਵਿਕਾਸ ਦੀ ਵੱਡੇ ਪੱਧਰ ਦੀ ਰਣਨੀਤੀ ਵਿਕਸਤ ਕਰਨ ਤੇ ਜ਼ੋਰ ਦਿੱਤਾ। ਸਵਰਣ ਜਯੰਤੀ ਸ਼ਹਿਰੀ ਰੋਜ਼ਗਾਰ ਯੋਜਨਾ ਲਾਗੂ ਕਰਨਾ ਅਤੇ ਜਵਾਹਰ ਲਾਲ ਨਹਿਰੂ ਸ਼ਹਿਰੀ ਕਾਇਆ-ਪਲਟ ਮਿਸ਼ਨ ਸ਼ੁਰੂ ਕਰਨਾ ਨੌਵੀਂ (1997-2002) ਅਤੇ ਦਸਵੀਂ ਪੰਜ ਸਾਲਾ ਯੋਜਨਾਵਾਂ

ਦੇ ਦੋ ਮੁੱਖ ਪ੍ਰੋਗਰਾਮ ਹਨ। ਕੇਂਦਰ ਸਰਕਾਰ ਯੋਜਨਾ-ਬੱਧ ਸ਼ਹਿਰੀ ਵਿਕਾਸ ਨੂੰ ਉਤਸ਼ਾਹਤ ਕਰਨ, ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਸਮਰਥਾ ਵਿੱਚ ਸੁਧਾਰ ਕਰਨ, ਰਿਹਾਇਸ਼ੀ ਮਕਾਨਾਂ ਦੀ ਹਾਲਤ ਸੁਧਾਰਣ ਅਤੇ ਮੁਢਲੀਆਂ ਸ਼ਹਿਰੀ ਸੇਵਾਵਾਂ ਤੱਕ ਲੋਕਾਂ ਦੀ ਪਹੁੰਚ ਵਧਾਉਣ ਦੀ ਕੋਸ਼ਿਸ਼ ਵਿੱਚ ਨਵੀਨ ਸਕੀਮਾਂ ਦਾ ਅਰੰਭ ਅਤੇ ਲੁੜੀਂਦੇ ਕਾਨੂੰਨਾਂ ਦਾ ਨਿਰਮਾਣ ਕਰ ਰਹੀ ਹੈ। ਕਿੰਤੂ ਸ਼ਹਿਰੀ ਵਿਕਾਸ ਦੀ ਗਤੀ ਬਹੁਤ ਹੀ ਮੱਠੀ ਹੈ। ਸ਼ਹਿਰੀ ਵਿਕਾਸ ਦੇ ਕੌਮੀ ਪ੍ਰਸੰਗ ਵਿੱਚ ਪੰਜਾਬ ਵੀ ਕੋਈ ਅਪਵਾਦ ਨਹੀਂ। ਸ਼ਹਿਰੀ ਵਿਕਾਸ ਅਤੇ ਗਰੀਬੀ ਘਟਾਉਣ ਦੇ ਪ੍ਰੋਗਰਾਮਾਂ ਦੀ ਹਾਲਤ ਬਹੁਤ ਮਾੜੀ ਹੈ ਜਿਸ ਨਾਲ ਸ਼ਹਿਰੀ ਵਿਕਾਸ ਨਿਰੰਤਰ ਨਹੀਂ ਹੋ ਸਕਿਆ। ਗੰਦੀਆਂ ਬਸਤੀਆਂ ਦੇ ਪਰਿਆਵਰਣ ਨੂੰ ਸੁਧਾਰਣ ਦਾ ਪ੍ਰੋਗਰਾਮ (Environmental Improvement of Urban Slums) ਰਾਜਾਂ ਨੂੰ ਸੌਂਪ ਦਿੱਤਾ ਗਿਆ। ਗਰੀਬਾਂ ਲਈ ਮੁਢਲੀਆਂ ਸ਼ਹਿਰੀ ਸੇਵਾਵਾਂ (Urban Basic Services for the Poor - UBSP), ਨਹਿਰੂ ਰੋਜਗਾਰ ਯੋਜਨਾ (NRY), ਸ਼ਹਿਰੀ ਗਰੀਬੀ ਦੇ ਉਨਮੂਲਨ ਲਈ ਪ੍ਰਧਾਨ ਮੰਤਰੀ ਦਾ ਏਕੀਕ੍ਰਿਤ ਪ੍ਰੋਗਰਾਮ (Prime Minister's Integrated Urban Poverty Eradication Programme-PMIUPEP) ਅਤੇ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦੇ ਏਕੀਕ੍ਰਿਤ ਵਿਕਾਸ ਪ੍ਰੋਗਰਾਮ (Integrated Development of Small and Medium Towns-IDSMT) ਲਈ ਰਾਜ ਸਰਕਾਰਾਂ ਨੂੰ ਵੀ ਬਰਾਬਰ ਦੇ ਫੰਡ ਦੇਣੇ ਪੈਣੇ ਸੀ ਜੋ ਕਾਫੀ ਹੱਦ ਤੱਕ ਨਹੀਂ ਦਿੱਤੇ ਗਏ। ਪ੍ਰੋਗਰਾਮਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਦੀ ਸਹੀ ਤੌਰ ਤੇ ਪਛਾਣ ਨਾ ਕੀਤੇ ਜਾਣਾ, ਸਵੈ ਰੋਜਗਾਰ ਦੇ ਕੰਮ ਸ਼ੁਰੂ ਕਰਨ ਲਈ ਸੰਸਥਾਗਤ ਕਰਜ ਲੈਣ ਦੀ ਗੁੰਝਲਦਾਰ ਪ੍ਰਕਿਰਿਆ ਅਤੇ ਚੋਖੇ ਸਾਧਨ ਨਾ ਹੋਣ ਕਰਕੇ ਸ਼ਹਿਰੀ ਵਿਕਾਸ ਅਤੇ ਗਰੀਬੀ ਘਟਾਉਣ ਦੇ ਜਿਆਦਾਤਰ ਪ੍ਰੋਗਰਾਮ ਸਹੀ ਤੌਰ ਤੇ ਲਾਗੂ ਨਹੀਂ ਹੋਏ। ਸੰਸਥਾਗਤ ਘਾਟਾਂ ਅਤੇ ਲੋੜੀਂਦੇ ਕਾਨੂੰਨ ਨਾ ਹੋਣ ਕਰਕੇ ਵੀ ਯੋਜਨਾਬੱਧ ਸ਼ਹਿਰੀ ਵਿਕਾਸ ਤੇ ਮਾੜਾ ਪ੍ਰਭਾਵ ਪਿਆ ਹੈ। ਹੁਣੇ ਹੁਣੇ ਸ਼ੁਰੂ ਕੀਤੇ ਗਏ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਕਾਇਆ ਪਲਟ ਮਿਸ਼ਨ (Jawaharlal Nehru National Urban Renewal Mission) ਅਧੀਨ ਵਿਚਾਰੀਆਂ ਗਈਆਂ ਸਕੀਮਾਂ ਦੇ ਲਾਗੂ ਕਰਨ ਲਈ ਦ੍ਰਿੜ ਰਾਜਨੀਤਕ ਇੱਛਾ ਸ਼ਕਤੀ ਅਤੇ ਨਰੋਏ ਵਿੱਤੀ ਅਧਾਰ ਵਾਲੇ ਕੁਸ਼ਲ ਨਗਰ ਪ੍ਰਸ਼ਾਸਨ ਦੀ ਲੋੜ ਹੈ। ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਅਪਣੇ ਹਿੱਸੇ ਦੇ ਫੰਡ ਦੇ ਕੇ ਅਤੇ ਵੱਡੇ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਅਨੁਕੂਲ ਮਹੌਲ ਪੈਦਾ ਕਰਕੇ ਅਪਣੀ ਮਹੱਤਵਪੂਰਣ ਭੂਮਿਕਾ ਨਿਭਾਵੇ। ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਣ।

## II

## ਧਨ ਨਿਵੇਸ਼ ਦੀਆਂ ਲੋੜਾਂ ਦੀ ਪੂਰਤੀ ਲਈ ਨਗਰ ਪਾਲਕਾਵਾਂ ਦੇ ਵਸੀਲੇ ਕਾਫੀ ਨਹੀਂ ਹਨ:

ਨਗਰ ਪਾਲਕਾਵਾਂ ਦੇ ਵਸੀਲਿਆਂ ਵਿੱਚ ਜਿਆਦਾਤਰ ਅੰਦਰੂਨੀ ਵਸੀਲੇ (ਕਰਾਂ ਅਤੇ ਕਰਾਂ ਤੋਂ ਇਲਾਵਾ ਹੋਣ ਵਾਲੀ ਆਮਦਨੀ) ਅਤੇ ਬਾਹਰਲੇ ਵਸੀਲੇ (ਕਰਜ਼, ਗ੍ਰਾਂਟ-ਇਨ-ਏਡ, ਰਾਜ ਦੇ ਕਰਾਂ ਵਿੱਚ ਹਿੱਸਾ ਅਤੇ ਕੇਂਦਰ ਸਰਕਾਰ ਦੁਆਰਾ ਸੌਂਪੇ ਗਏ ਫੰਡ) ਹੁੰਦੇ ਹਨ। 243X, 243Y ਅਤੇ 280 (3)(C) ਆਦਿ ਧਾਰਾਵਾਂ ਵਿੱਚ ਕੀਤੀ ਗਈ ਸੰਵਿਧਾਨਕ ਵਿਵਸਥਾ ਦਾ ਸੰਬੰਧ ਸਰਕਾਰ ਦੇ ਉੱਪਰਲੇ ਪੱਧਰਾਂ ਵੱਲੋਂ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਫੰਡ ਸੌਂਪੇ ਜਾਣ ਨਾਲ ਹੈ। ਧਾਰਾ 243W ਦਾ ਵਿਸ਼ਾ ਸ਼ਹਿਰੀ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਸੌਂਪੇ ਜਾਣ ਵਾਲੇ 18 ਕਾਰਜ (12 ਵੀਂ ਸੂਚੀ) ਹਨ। ਇਸ ਲਈ ਇਨ੍ਹਾਂ ਧਾਰਾਵਾਂ ਵਿਚਕਾਰ ਨੇੜਲੇ ਸੰਬੰਧ ਦੀ ਲੋੜ ਹੈ ਜਿਸ ਨਾਲ ਨਗਰ ਪਾਲਕਾਵਾਂ ਦੇ ਮੌਜੂਦਾ ਸਾਧਨਾਂ ਅਤੇ ਉਨ੍ਹਾਂ ਦੀਆਂ ਵਾਸਤਵਿਕ ਵਿੱਤੀ ਲੋੜਾਂ ਵਿਚਲੇ ਪਾੜੇ ਨੂੰ ਦੂਰ ਕੀਤਾ ਜਾ ਸਕੇ।

ਕਰਾਂ ਅਤੇ ਫੀਸਾਂ ਸੰਬੰਧੀ ਨਗਰ ਪਾਲਕਾਵਾਂ ਦੀਆਂ ਸ਼ਕਤੀਆਂ ਦੀ ਵਿਵਸਥਾ PMA 1911 ਦੀ ਧਾਰਾ 61 ਅਤੇ DMCA 1976 ਦੀ ਧਾਰਾ 90 ਅਧੀਨ ਕੀਤੀ ਗਈ ਹੈ। ਇਨ੍ਹਾਂ ਧਾਰਾਵਾਂ ਅਧੀਨ ਬਹੁਤ ਸਾਰੇ ਕਰਾਂ ਅਤੇ ਖਰਚਿਆਂ ਦੀ ਵਿਵਸਥਾ ਹੈ, ਕਿੰਤੂ ਚੁੰਗੀ, ਸੰਪਤੀ ਕਰ, ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਖਰਚੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਆਮਦਨੀ ਦੇ ਮੁੱਖ ਸੋਮੇ ਹਨ। ਇਨ੍ਹਾਂ ਦੀ ਵਸੂਲੀ ਅਤੇ ਪ੍ਰਬੰਧ ਵਿੱਚ ਕਮੀਆਂ ਹੋਣ ਕਰਕੇ ਇਨ੍ਹਾਂ ਕਰਾਂ ਵਿੱਚ ਇਨ੍ਹਾਂ ਦੀ ਪੂਰੀ ਸਮਰਥਾ ਅਨੁਸਾਰ ਵਰਿੱਧੀ ਨਹੀਂ ਹੋ ਰਹੀ।

ਪੰਜਾਬ ਸਰਕਾਰ ਦੀ ਘੋਸ਼ਣਾ ਅਨੁਸਾਰ 1 ਸਿਤੰਬਰ 2006 ਤੋਂ ਚੁੰਗੀ ਨੂੰ ਖਤਮ ਕਰ ਦਿੱਤਾ ਜਾਏਗਾ ਕਿੰਤੂ ਇਸ ਦੇ ਬਦਲੇ ਕੋਈ ਹੋਰ ਚੰਗਾ ਵਸੀਲਾ ਮੁਹੱਈਆ ਨਹੀਂ ਕਰਵਾਇਆ ਗਿਆ। ਰਾਜ ਸਰਕਾਰ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਪੈਣ ਵਾਲੇ ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਇੰਨੀ ਹੀ ਰਾਸ਼ੀ VAT ਲਾਗੂ ਕਰਨ ਨਾਲ ਵਿੱਕਰੀ ਕਰ ਤੋਂ ਹੋਣ ਵਾਲੀ ਵਧੀਕ ਆਮਦਨੀ ਵਿੱਚੋਂ ਦੇਣ ਦੀ ਯੋਜਨਾ ਬਣਾ ਰਹੀ ਹੈ। ਲੇਕਿਨ ਨਗਰ ਪਾਲਕਾਵਾਂ ਨੂੰ ਡਰ ਹੈ ਕਿ ਚੁੰਗੀ ਦਾ ਬਦਲ ਲਗਭਗ ਅਸੰਭਵ ਹੈ ਕਿਉਂਕਿ ਇਹ ਉਨ੍ਹਾਂ ਦੀ ਆਮਦਨੀ ਦਾ ਮੁੱਖ ਸੋਮਾ ਹੈ ਜਿਸ ਨਾਲ ਉਨ੍ਹਾਂ ਦੀਆਂ ਦਿਨ-ਪ੍ਰਤੀ-ਦਿਨ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਜਿਨ੍ਹਾਂ ਰਾਜਾਂ ਨੇ ਚੁੰਗੀ ਖਤਮ ਕੀਤੀ ਹੈ ਉਨ੍ਹਾਂ ਦਾ ਅਨੁਭਵ ਕੋਈ ਚੰਗਾ ਨਹੀਂ ਰਿਹਾ ਕਿਉਂਕਿ ਉਨ੍ਹਾਂ ਦੇ ਇਸ ਫੈਸਲੇ ਨਾਲ ਉਨ੍ਹਾਂ ਦੀ ਵਿੱਤੀ ਹਾਲਤ ਤੇ ਬਹੁਤ ਮਾੜਾ ਅਸਰ ਪਿਆ ਹੈ। ਡਰ ਇਹ ਹੈ ਕਿ ਚੁੰਗੀ ਖਤਮ ਕਰਨ ਦੇ ਬਦਲੇ ਸਰਕਾਰ, ਹੋ ਸਕਦਾ ਹੈ, ਉਨ੍ਹਾਂ ਨੂੰ ਉਚਿਤ ਮੁਆਵਜ਼ਾ ਨਾ ਦੇਵੇ।

ਚੁੰਗੀ ਤੋਂ ਬਾਅਦ ਸੰਪਤੀ ਕਰ ਨਗਰ ਪਾਲਕਾਵਾਂ ਦੀ ਆਮਦਨੀ ਦਾ ਦੂਜਾ ਮੁੱਖ ਸਰੋਤ ਹੈ। ਲੇਕਿਨ ਇਸ ਵਿੱਚ ਬਹੁਤ ਸਾਰੀਆਂ ਘਾਟਾਂ ਹਨ। ਭਾਰਤ ਦੇ ਸੰਵਿਧਾਨ ਦੀ ਸੱਤਵੀਂ ਸੂਚੀ ਦੀ ਸਟੇਟ ਲਿਸਟ ਦੇ 49 ਵੇਂ ਇੰਦਰਾਜ ਨੂੰ ਇਸਦੇ ਪੰਜਵੇਂ ਇੰਦਰਾਜ ਨਾਲ ਮਿਲਾ ਕੇ ਪੜ੍ਹਨ ਤੋਂ ਪਤਾ ਚਲਦਾ ਹੈ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਭੂਮੀ ਅਤੇ ਇਮਾਰਤਾਂ ਤੇ ਕਰ ਲਗਾਉਣ ਦੇ ਸਮਰਥ ਹਨ। ਕਿੰਤੂ ਘੱਟ ਮੁਲਾਂਕਣ ਅਤੇ ਘੱਟ ਦਰਾਂ, 1 ਅਪ੍ਰੈਲ 1997 ਤੋਂ ਰਿਹਾਇਸ਼ੀ ਸੰਪਤੀਆਂ ਤੇ ਮਾਲਕ ਦੀ ਰਿਹਾਇਸ਼ੀ ਹੋਣ ਕਰਕੇ ਕਰ ਤੋਂ ਛੋਟ ਦੇ ਇਲਾਵਾ ਮੁਲਾਂਕਣ ਅਤੇ ਵਸੂਲਣ ਦੀ ਪ੍ਰਕਿਰਿਆ ਵਿੱਚ ਕਈ ਘਾਟਾਂ ਹੋਣ ਕਰਕੇ ਇਹ ਆਮਦਨੀ ਬਹੁਤ ਘੱਟ ਹੈ। ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਨੇ ਟਿੱਪਣੀ ਕੀਤੀ ਸੀ ਕਿ ਕਿਰਾਏ ਸੰਬੰਧੀ ਮੌਜੂਦਾ ਕਾਨੂੰਨਾਂ ਕਰਕੇ ਸੰਪਤੀ ਕਰ ਤੇ ਬੰਦਿਸ਼ਾਂ ਹਨ। ਇਸ ਨੇ ਕਰ ਦੇ ਅਧਾਰ, ਇਸ ਦੀ ਦਰ ਅਤੇ ਮੁਲਾਂਕਣ, ਇਸ ਦੀ ਵਸੂਲੀ ਤੇ ਦਿੱਤੀਆਂ ਜਾ ਰਹੀਆਂ ਛੋਟਾਂ ਵਿੱਚ ਕਮੀਆਂ ਤੋਂ ਇਲਾਵਾ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੇ ਕਾਨੂੰਨਾਂ ਵਿੱਚ ਇਕਸਾਰਤਾ ਦੀ ਘਾਟ ਦੀ ਵੀ ਚਰਚਾ ਕੀਤੀ। ਭਾਵੇਂ ਪੰਜਾਬ ਨੇ ਕਰ ਸੰਬੰਧੀ ਅਪਣੇ ਕਾਨੂੰਨ (Rent Control Legislation) ਨੂੰ ਉਦਾਰ ਬਣਾ ਲਿਆ ਹੈ ਤਾਂ ਕਿ ਇਹ ਕੇਂਦਰ ਸਰਕਾਰ ਦੇ Model Rent Control Law 1992 ਦੇ ਅਨਰੂਪ ਹੋ ਜਾਵੇ, ਪਰ ਮਿਆਰੀ ਕਿਰਾਏ (Standard Rent) ਨੂੰ ਨਿਸ਼ਚਿਤ ਕਰਨ ਵਾਸਤੇ ਬਣਾਏ ਗਏ ਸੂਤਰ ਵਿੱਚ ਹੋਏ ਪਰੀਵਰਤਨਾਂ ਦੇ ਫਲਸਰੂਪ, ਕਰ ਵਿੱਚ ਹੋਣ ਵਾਲੇ ਜਿਸ ਵਾਧੇ ਦੀ ਉਮੀਦ ਕੀਤੀ ਗਈ ਸੀ, ਉਹ ਬਹੁਤ ਸੀਮਤ ਹੀ ਰਿਹਾ ਹੈ। ਇਸ ਦਾ ਕਾਰਣ ਇਹ ਹੈ ਕਿ ਸ਼ਹਿਰ ਵਿਚਲੀਆਂ ਜਿਆਦਾਤਰ ਕੀਮਤੀ ਸੰਪਤੀਆਂ ਤੇ ਕਰ ਦੀ ਦਰ ਬਹੁਤ ਘੱਟ ਚਲਦੀ ਆ ਰਹੀ ਹੈ।

ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਲਈ ਵਸੂਲ ਕੀਤੇ ਜਾਣ ਵਾਲੇ ਖਰਚੇ ਨਗਰ ਪਾਲਕਾ ਦੀ ਅਪਣੀ ਆਮਦਨੀ ਦਾ ਅਗਲਾ ਸੋਮਾ ਹਨ। ਪਰ ਕਈ ਰਾਜਨੀਤਕ ਅਤੇ ਪ੍ਰਸ਼ਾਸਨਿਕ ਕਾਰਣਾਂ ਕਰਕੇ ਇਹ ਆਮਦਨੀ ਨਾਂ-ਮਾਤਰ ਹੈ। ਇਹ ਪ੍ਰਸ਼ਾਸਨਿਕ ਕਾਰਣ ਹਨ: ਗਲਤ ਦਰ ਨਿਸ਼ਚਿਤ ਕਰਨਾ ਤੇ ਲਾਗਤ ਦੀ ਉਚਿਤ ਵਸੂਲੀ ਨਾ ਹੋ ਸਕਣਾ, ਪ੍ਰਣਾਲੀਗਤ ਕਮੀਆਂ ਕਰਕੇ ਹੋਣ ਵਾਲੇ ਘਾਟੇ, ਚੋਰੀ, ਊਰਜਾ ਦਾ ਜ਼ਿਆਦਾ ਉਪਯੋਗ, ਬਿਲ ਬਣਾਉਣ ਅਤੇ ਵਸੂਲ ਕਰਨ ਦਾ ਮਾੜਾ ਪ੍ਰਬੰਧ, ਇਨ੍ਹਾਂ ਸਹੂਲਤਾਂ ਤੇ ਹੋਣ ਵਾਲੇ ਖਰਚ ਦਾ ਜ਼ਿਆਦਾ ਹੋਣਾ, ਜਲ ਪੂਰਤੀ ਘਣਤਾ ਦੇ ਅਧਾਰ ਤੇ ਨਾ ਹੋਣਾ ਅਤੇ ਸਮੇਂ ਸਮੇਂ ਤੇ ਉਪਲਬਧ ਖਰਚਿਆਂ ਵਿੱਚ ਸੋਧ ਨਾ ਕੀਤੇ ਜਾਣਾ। ਰਾਜ ਦੇ ਪਹਿਲੇ ਵਿੱਤ ਕਮਿਸ਼ਨ ਨੇ ਟਿੱਪਣੀ ਕੀਤੀ ਸੀ ਕਿ ਸ਼ਹਿਰੀ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਉਪਭੋਗਤਾ ਤੋਂ ਵਸੂਲੇ ਜਾਣ ਵਾਲੇ ਖਰਚੇ ਦੇ ਸਿਧਾਂਤ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕਰ ਰਹੀਆਂ। ਨਤੀਜੇ ਵਜੋਂ ਇਨ੍ਹਾਂ ਵਿਚੋਂ ਜ਼ਿਆਦਾਤਰ ਸੇਵਾਵਾਂ ਜਿਹੜੀਆਂ ਉਪਭੋਗਤਾਵਾਂ ਤੋਂ ਵਸੂਲੇ ਜਾਣ ਵਾਲੇ ਖਰਚਿਆਂ ਦੁਆਰਾ ਚਲਾਈਆਂ ਜਾ ਸਕਦੀਆਂ ਹਨ, ਉਹ ਜਾਂ ਤਾਂ ਮੁਫਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਾਂ ਫਿਰ ਉਨ੍ਹਾਂ ਤੇ ਛੋਟ ਦਿੱਤੀ ਜਾਂਦੀ ਹੈ। ਇਸ ਨੇ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਵਿੱਚ ਕਈ ਕਮੀਆਂ ਵੱਲ ਵੀ ਧਿਆਨ ਦਿਵਾਇਆ ਹੈ, ਜਿਵੇਂ ਕਿ ਪਾਣੀ ਦੇ ਖਰਚਿਆਂ ਦੇ ਬਿਲ ਬਣਾਉਣ ਅਤੇ ਵਸੂਲ ਕਰਨ ਦੀ ਪ੍ਰਣਾਲੀ ਸੰਤੋਖਜਨਕ ਨਾ ਹੋਣ ਕਰਕੇ ਬਹੁਤ ਸਾਰੇ ਲੋਕਾਂ ਦਾ ਖਰਚੇ ਦੇਣ ਤੋਂ ਟਲਣਾ, ਸਾਂਭ ਸੰਭਾਲ ਦੇ ਖਰਚਿਆਂ ਦਾ

ਉਪਭੋਗਤਾਵਾਂ ਤੋਂ ਵਸੂਲੀ ਜਾਣ ਵਾਲੀ ਰਾਸ਼ੀ ਤੋਂ ਬਹੁਤ ਜ਼ਿਆਦਾ ਵੱਧ ਹੋਣਾ, ਮਜ਼ਦੂਰੀ, ਉਜਰਤਾਂ, ਸਪੇਰ ਪਾਰਟਾਂ ਅਤੇ ਬਿਜਲੀ ਦੀਆਂ ਦਰਾਂ ਵਿੱਚ ਹੋਏ ਵਾਧੇ ਦੇ ਮੱਦੇ ਨਜ਼ਰ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਵਿੱਚ ਸੋਧ ਕਰਨ ਦੀ ਪ੍ਰਣਾਲੀ ਦਾ ਨਾ ਹੋਣਾ, ਜਨਤਾ ਦੁਆਰਾ ਅਤੇ ਸਰਵਜਨਕ ਨਲਕਿਆਂ ਦੁਆਰਾ ਪਾਣੀ ਦੀ ਬਹੁਤ ਜਿਆਦਾ ਬਰਬਾਦੀ, ਇਨ੍ਹਾਂ ਸਹੂਲਤਾਂ ਦੀ ਗੈਰ-ਕਾਨੂੰਨੀ ਵਰਤੋਂ ਅਤੇ ਗੈਰ-ਕਾਨੂੰਨੀ ਅਬਾਦੀਆਂ ਨੂੰ ਜਲ ਪੂਰਤੀ।

ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਅਮਲੇ ਤੇ ਹੋਣ ਵਾਲੇ ਵਧ ਰਹੇ ਖਰਚੇ ਵਾਸਤੇ ਵਧ ਰਹੀਆਂ ਲੋੜਾਂ ਦੇ ਅਨੁਸਾਰ ਨਗਰ ਪਾਲਕਾਵਾਂ ਦੀ ਹੋਰ ਸਰੋਤਾਂ ਤੋਂ ਹੋਣ ਵਾਲੀ ਆਮਦਨੀ ਕਾਫੀ ਨਹੀਂ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਧੰਦਿਆਂ ਤੇ ਕਰ ਨਹੀਂ ਲਗਾਉਂਦੀਆਂ ਜਿਵੇਂ ਕਿ PMCA 1976 ਅਤੇ PMA1911 ਵਿੱਚ ਵਿਵਸਥਾ ਕੀਤੀ ਗਈ ਹੈ। ਨਾ ਹੀ ਉਹ ਵਿਕਾਸ ਕਰ ਲਗਾਉਂਦੀਆਂ ਹਨ ਜਿਸ ਦੀ ਵਿਵਸਥਾ PMCA 1976 ਵਿੱਚ ਕੀਤੀ ਗਈ ਹੈ। ਕੂੜਾ-ਕਰਕਟ ਇਕੱਠਾ ਕਰਨ ਦੀ ਸੇਵਾ ਬਦਲੇ ਵੀ ਕਰ ਨਹੀਂ ਲਗਾਇਆ ਜਾਂਦਾ। ਵੱਖ ਵੱਖ ਸਰੋਤਾਂ ਤੋਂ ਹੋਣ ਵਾਲੀ ਸ਼ਹਿਰੀ ਸਥਾਨਕ ਸੰਸਥਾਵਾਂ ਵੀ ਆਮਦਨੀ (ਸਾਰਣੀ-15) ਵਿੱਚ ਵਾਧਾ ਨਹੀਂ ਹੋ ਰਿਹਾ ਅਤੇ ਇਹ ਸਾਲ-ਦਰ-ਸਾਲ ਵਧਦੀ ਘਟਦੀ ਰਹਿੰਦੀ ਹੈ, ਹਾਲਾਂਕਿ ਬਹੁਤ ਸਾਰੇ ਕਰ-ਆਧਾਰਤ ਅਤੇ ਗੈਰ ਕਰ-ਆਧਾਰਤ ਆਮਦਨੀ ਦੇ ਵਸੀਲਿਆਂ ਵਿੱਚ ਬਹੁਤ ਸੰਭਾਵਨਾ ਹੈ। ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਇਨ੍ਹਾਂ ਸੰਸਥਾਵਾਂ ਨੂੰ ਸੌਂਪੇ ਜਾਣ ਵਾਲੇ ਫੰਡ ਵੀ ਸਹੀ ਢੰਗ ਨਾਲ ਸੌਂਪੇ ਨਹੀਂ ਜਾ ਰਹੇ। ਕੇਂਦਰ ਸਰਕਾਰ ਦੀ ਸਰਪਰਸਤੀ ਹੇਠ ਚੱਲਣ ਵਾਲੀਆਂ ਸਕੀਮਾਂ ਲਈ ਕੇਂਦਰ ਸਰਕਾਰ ਦੁਆਰਾ ਦਿੱਤੇ ਜਾਣ ਵਾਲੇ ਫੰਡ ਵੀ ਕਾਫੀ ਨਹੀਂ ਹਨ।

ਪੰਜਾਬ ਦੇ ਪਹਿਲੇ ਅਤੇ ਦੂਜੇ ਵਿੱਤ ਕਮਿਸ਼ਨ ਅਤੇ ਭਾਰਤ ਦੇ 12ਵੇਂ ਵਿੱਤ ਕਮਿਸ਼ਨ ਨੇ ਟਿੱਪਣੀ ਕੀਤੀ ਹੈ ਕਿ ਸਾਡੀਆਂ ਨਗਰ ਪਾਲਕਾਵਾਂ ਅਮਲੇ ਤੇ ਬੇਜਾ ਖਰਚ ਕਰਦੀਆਂ ਹਨ। ਸਰਕਾਰ ਦੁਆਰਾ ਨਿਸ਼ਚਿਤ ਕੀਤੀ ਗਈ ਕਰਮਚਾਰੀਆਂ ਦੀ ਸੰਖਿਆ ਅਤੇ ਉਨ੍ਹਾਂ ਦੇ ਵੱਖ-ਵੱਖ ਦਰਜੇ ਇਸ ਰੁਝਾਨ ਲਈ ਜ਼ਿੰਮੇਵਾਰ ਹਨ। ਸਫਾਈ ਪ੍ਰਬੰਧ, ਸੜਕਾਂ ਅਤੇ ਜਲ-ਪੂਰਤੀ ਵਗੈਰਾ ਤੇ ਤਦ-ਅਰਥੀ ਜਾਂ ਅਸਥਾਈ ਕਾਮਿਆਂ ਅਤੇ ਯੋਜਨਾ ਤੋਂ ਬਾਹਰਲੇ ਖਰਚੇ ਵੀ ਤਨਖਾਹਾਂ ਅਤੇ ਉਜਰਤਾਂ ਦਾ ਖਰਚ ਵਧਾਉਂਦੇ ਹਨ। ਰਾਜ ਦੇ ਦੂਜੇ ਵਿੱਤ ਕਮਿਸ਼ਨ ਦੇ ਵਿਸ਼ਲੇਸ਼ਣ ਅਨੁਸਾਰ 2000-01 ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਅਮਲੇ ਤੇ ਹੋਣ ਵਾਲਾ ਖਰਚ ਉਨ੍ਹਾਂ ਦੀ ਅਪਣੀ ਕੁੱਲ ਆਮਦਨੀ ਦਾ 42.03 ਪ੍ਰਤੀਸ਼ਤ ਅਤੇ ਕੁੱਲ ਖਰਚੇ ਦਾ 32.57 ਪ੍ਰਤੀਸ਼ਤ ਸੀ। ਇਹ ਸਥਾਨਕ ਸ਼ਾਸਨ ਵਿਭਾਗ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਸੀਮਾਵਾਂ ਤੋਂ ਅਧਿਕ ਸੀ ਕਿਉਂਕਿ ਨਿਯਮਾਂ ਅਨੁਸਾਰ ਤਨਖਾਹਾਂ ਤੇ ਹੋਣ ਵਾਲਾ ਖਰਚ ਕੁੱਲ ਖਰਚ ਦੇ 35 ਪ੍ਰਤੀਸ਼ਤ ਤੋਂ ਅਧਿਕ ਨਹੀਂ ਹੋਣਾ ਚਾਹੀਦਾ।

ਕਰਾਂ ਦੀ ਘੱਟ ਦਰ ਤੋਂ ਇਲਾਵਾ ਕਰਾਂ ਅਤੇ ਉਪਭੋਗਤਾ ਖਰਚਿਆਂ ਨੂੰ ਸਮੇਂ ਸਮੇਂ ਤੇ ਨਾ ਸੋਧੇ ਜਾਣ ਕਰਕੇ ਪੰਜਾਬ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦਾ ਵਿੱਤੀ ਅਧਾਰ ਸੰਤੋਖਜਨਕ ਨਹੀਂ ਹੈ। ਉਨ੍ਹਾਂ ਦੀ ਮਾੜੀ ਵਿੱਤੀ ਹਾਲਤ ਦੇ ਹੋਰ ਕਾਰਣ ਹਨ ਪ੍ਰਸ਼ਾਸਨ, ਪ੍ਰਬੰਧ, ਬਿਲ ਬਣਾਉਣ ਅਤੇ ਵੰਡਣ ਤੋਂ ਇਲਾਵਾ ਹਿਸਾਬ ਕਿਤਾਬ ਰੱਖਣ ਵਿੱਚ ਕਮੀਆਂ। ਨਗਰ ਪਾਲਕਾਵਾਂ ਦੇ ਕਰਾਂ ਦੀ ਦਰ ਨਿਸ਼ਚਿਤ ਕਰਨ ਦਾ ਅਧਿਕਾਰ ਰਾਜ ਸਰਕਾਰ ਪਾਸ ਹੈ ਅਤੇ ਨਗਰ ਪਾਲਕਾਵਾਂ ਨੂੰ ਲਾਗਤ ਦੇ ਅਧਾਰ ਤੇ ਉਪਭੋਗਤਾਵਾਂ ਖਰਚੇ ਨਿਸ਼ਚਿਤ ਕਰਨ ਦੀ ਸੁਤੰਤਰਤਾ ਨਹੀਂ ਹੈ। ਰਾਜ ਸਰਕਾਰ ਦੀ ਆਗਿਆ ਤੋਂ ਬਿਨਾਂ ਉਨ੍ਹਾਂ ਨੂੰ ਪੂੰਜੀ ਬਜ਼ਾਰ ਵਿੱਚੋਂ ਕਰਜੇ ਜਾਂ ਫੰਡ ਲੈਣ ਦੀ ਵੀ ਖੁੱਲ੍ਹ ਨਹੀਂ ਹੈ। ਕਰਜੇ ਦੀ ਰਾਸ਼ੀ ਹੀ ਨਹੀਂ ਬਲਕਿ ਇਸ ਉੱਤੇ ਵਿਆਜ ਦੀ ਦਰ, ਇਸ ਦੀਆਂ ਸ਼ਰਤਾਂ, ਕਰਜਾ ਲੈਣ ਦੀ ਤਾਰੀਖ, ਵਾਪਸੀ ਦਾ ਸਮਾਂ ਅਤੇ ਵਿਧੀ ਵੀ ਸਰਕਾਰ ਦੀ ਮੰਜੂਰੀ ਤੇ ਨਿਰਭਰ ਹਨ। ਨਗਰ ਪਾਲਕਾਵਾਂ ਜ਼ਿਆਦਾਤਰ ਰਾਜ ਅਤੇ ਕੇਂਦਰ ਸਰਕਾਰ ਦੁਆਰਾ ਦਿੱਤੇ ਜਾਣ ਵਾਲੇ ਫੰਡਾਂ ਅਤੇ ਅਨੁਦਾਨਾਂ ਤੇ ਨਿਰਭਰ ਹਨ ਜੋ ਕਾਫੀ ਨਹੀਂ ਹੁੰਦੇ ਅਤੇ ਇਨ੍ਹਾਂ ਸਰਕਾਰਾਂ ਦੀ ਆਮਦਨੀ ਵਿੱਚ ਹੋਣ ਵਾਲੇ ਘਾਟਿਆਂ ਕਰਕੇ ਵਧਦੇ ਨਹੀਂ ਹਨ। ਬੁਨਿਆਦੀ ਢਾਂਚੇ ਦੀਆਂ ਸੇਵਾਵਾਂ ਤੇ ਵਧ ਰਹੇ ਖਰਚੇ ਕਰਕੇ ਨਗਰ ਪਾਲਕਾਵਾਂ ਦੁਆਰਾ ਅਪਣੀ ਆਮਦਨੀ ਦਾ ਉਪਯੋਗ ਉਨ੍ਹਾਂ ਲਈ ਕਾਫੀ ਨਹੀਂ ਹੁੰਦਾ।

## III

## ਸ਼ਹਿਰੀ ਬੁਨਿਆਦੀ ਢਾਂਚੇ/ਸੇਵਾਵਾਂ ਅਤੇ ਸ਼ਹਿਰੀ ਵਿਕਾਸ ਵਿੱਚ ਧਨ ਨਿਵੇਸ਼ ਲਈ ਵਧੀਕ ਸਾਧਨਾਂ ਦਾ ਉਪਯੋਗ :

ਨਗਰ ਪਾਲਕਾਵਾਂ ਨੂੰ ਅਪਣੇ ਵਧੀਕ ਸਾਧਨਾਂ ਦੀ ਵਰਤੋਂ ਕਰਨ ਦੀ ਲੋੜ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਦੀ ਵਿੱਤੀ ਹਾਲਤ ਨੂੰ ਮਜਬੂਤ ਬਣਾਉਣ ਲਈ ਸੰਪਤੀ ਕਰ, ਚੁੰਗੀ ਅਤੇ ਗੈਰ ਕਰ-ਆਧਾਰਤ ਸਰੋਤਾਂ, ਜਿਵੇਂ ਕਿ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਲਈ ਵਸੂਲ ਕੀਤੇ ਜਾਣ ਵਾਲੇ ਖਰਚਿਆਂ ਨੂੰ ਤਰੁੰਤ ਸੋਧਣ ਦੀ ਲੋੜ ਹੈ। ਪੰਜਾਬ ਦੇ ਪਹਿਲੇ ਅਤੇ ਦੂਜੇ ਵਿੱਤ ਕਮਿਸ਼ਨਾਂ ਨੇ ਨਗਰ ਪਾਲਕਾਵਾਂ ਦੀ ਆਮਦਨੀ ਦੇ ਅਪਣੇ ਸਰੋਤਾਂ ਦੇ ਪ੍ਰਸ਼ਾਸਨ, ਵਸੂਲੀ ਅਤੇ ਪ੍ਰਬੰਧ ਵਿੱਚ ਸੁਧਾਰ ਕਰਨ ਅਤੇ ਪੂੰਜੀ ਬਜ਼ਾਰ ਵਿੱਚੋਂ ਫੰਡ ਲੈਣ ਦੀ ਸਿਫਾਰਿਸ਼ ਕੀਤੀ ਹੈ। ਭਾਰਤ ਦੇ 11ਵੇਂ ਅਤੇ 12ਵੇਂ ਵਿੱਤ ਕਮਿਸ਼ਨਾਂ ਨੇ ਵੀ ਸਿਫਾਰਿਸ਼ ਕੀਤੀ ਹੈ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਨਾਗਰਿਕ ਸੇਵਾਵਾਂ ਦੇ ਸੰਚਾਲਨ ਅਤੇ ਸਾਂਭ ਸੰਭਾਲ ਦੇ ਖਰਚੇ ਉਪਭੋਗਤਾਵਾਂ ਤੋਂ ਵਸੂਲ ਕਰਨ ਅਤੇ ਸੰਪਤੀ ਕਰ ਵਿੱਚ ਵੀ ਕੋਈ ਛੋਟ ਨਾ ਦੇਣ। ਇਸ ਤੋਂ ਇਲਾਵਾ ਅਮਲੇ ਤੇ ਹੋਣ ਵਾਲੀ ਫਿਜੂਲ ਖਰਚੀ ਨੂੰ ਘਟਾ ਕੇ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ। ਵਧੀਕ ਸਾਧਨਾਂ ਦੇ ਉਪਯੋਗ ਲਈ ਸ਼ਹਿਰੀ ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ ਨੂੰ ਸ਼ੁਰੂ ਕਰਨ ਦੀ ਲੋੜ ਹੈ। ਪ੍ਰਗਤੀਸ਼ੀਲ ਭਾਰਤੀ ਰਾਜਾਂ, ਵਿਸ਼ੇਸ਼ ਕਰਕੇ, ਗੁਜਰਾਤ, ਮਹਾਰਾਸ਼ਟਰ ਕਰਨਾਟਕ ਅਤੇ ਕੇਰਲ ਵਿੱਚ ਨਗਰ ਪਾਲਕਾਵਾਂ ਨੇ ਅਪਣੇ ਵਸੀਲਿਆਂ ਦਾ ਉਪਯੋਗ ਕੀਤਾ ਹੈ। ਯੂਰਪ ਦੇ ਕੁੱਝ ਚੋਣਵੇਂ ਦੇਸ਼ਾਂ ਵਿੱਚ ਸਥਾਨਕ ਸੰਸਥਾਵਾਂ ਦਾ ਵਿੱਤੀ ਅਧਾਰ ਬਹੁਤ ਮਜ਼ਬੂਤ ਹੈ।

ਨਗਰ ਪਾਲਕਾਵਾਂ ਦੀ ਵਿੱਤੀ ਸਮਰਥਾ ਨੂੰ ਵਧਾਉਣ ਲਈ ਉਨ੍ਹਾਂ ਦੀ ਅਪਣੀ ਆਮਦਨੀ ਦੇ ਮੁੱਖ ਸਾਧਨਾਂ ਅਤੇ ਬਜਟ ਤੋਂ ਇਲਾਵਾ ਆਮਦਨੀ ਦੇ ਹੋਰ ਸਾਧਨਾਂ ਵਿੱਚ ਸੁਧਾਰਾਂ ਦੀ ਚਰਚਾ ਹੇਠਾਂ ਕੀਤੀ ਜਾ ਰਹੀ ਹੈ:

### ਸੰਪਤੀ ਕਰ ਵਿੱਚ ਸੁਧਾਰ:

ਦੁਨੀਆਂ ਭਰ ਵਿੱਚ ਸੰਪਤੀ ਕਰ ਸਥਾਨਕ ਸਵੈ-ਸ਼ਾਸਨਾਂ ਦਾ ਪ੍ਰਮੁੱਖ ਕਰ ਹੈ ਅਤੇ ਪੰਜਾਬ ਵਿੱਚ ਇਸ ਦੇ ਵਧਣ ਦੀ ਬਹੁਤ ਸੰਭਾਵਨਾ ਹੈ। ਕਰ ਦੇ ਇਸ ਮਹੱਤਵਪੂਰਣ ਸਰੋਤ ਤੋਂ ਆਮਦਨੀ ਵਧਾਉਣ ਲਈ ਸੰਪਤੀ ਕਰ ਦੇ ਪ੍ਰਸ਼ਾਸਨ ਨੂੰ ਚੁਸਤ ਕਰਨ ਦੀ ਲੋੜ ਹੈ। ਕਰ ਦੇ ਅਧਾਰ, ਦਰ, ਮੁਲਾਂਕਣ, ਵਸੂਲੀ ਵਿੱਚ ਸੁਧਾਰ, ਇਸ ਵਿੱਚ ਦਿੱਤੀਆਂ ਜਾਣ ਵਾਲੀਆਂ ਛੋਟਾਂ ਵਿੱਚ ਕਮੀ ਅਤੇ ਪਿਛਲੇ ਰਹਿੰਦੇ ਬਕਾਇਆਂ ਬਾਰੇ ਝਗੜਿਆਂ ਨੂੰ ਨਿਪਟਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਦੇ ਮੰਤਰਾਲੇ ਦੁਆਰਾ ਸੰਪਤੀ ਕਰ ਵਿੱਚ ਸੁਧਾਰ ਕਰਨ ਲਈ ਤਿਆਰ ਕੀਤੇ ਗਏ ਨਿਰਦੇਸ਼ਾਂ ਅਨੁਸਾਰ ਸੰਪਤੀ ਕਰ ਦੀ ਇੱਕ ਚੰਗੀ ਪ੍ਰਣਾਲੀ ਵਿੱਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ :

* ਕਰ ਦੀ ਦਰ ਘੱਟ ਹੋਣੀ ਚਾਹੀਦੀ ਹੈ ਤਾਂ ਕਿ ਲੋਕ ਇਸਨੂੰ ਪਰਵਾਨ ਕਰਨ।
* ਕਰ ਦਾ ਮੁਲਾਂਕਣ ਅਤੇ ਵਸੂਲੀ ਸਰਲ ਅਤੇ ਪਾਰਦਰਸ਼ੀ ਹੋਣੀ ਚਾਹੀਦੀ ਹੈ।
* ਕਰ ਦਾਤਾਵਾਂ ਦੇ ਵੱਖ-ਵੱਖ ਵਰਗਾਂ ਪ੍ਰਤੀ ਨਿਰਪੱਖਤਾ ਹੋਣੀ ਚਾਹੀਦੀ ਹੈ।
* ਮੁਲਾਂਕਣ ਕਰਤਾਵਾਂ ਦੀ ਅਪਣੀ ਮਰਜ਼ੀ ਘੱਟੋ-ਘੱਟ ਚੱਲਣੀ ਚਾਹੀਦੀ ਹੈ।
* ਮਾਲਕਾਂ ਜਾਂ ਵਸਨੀਕਾਂ ਦੁਆਰਾ ਸਵੈ-ਮੁਲਾਂਕਣ ਦੀ ਸਹੂਲਤ ਹੋਣੀ ਚਾਹੀਦੀ ਹੈ।

ਕਿਉਂਕਿ ਵਾਰਸ਼ਿਕ ਕਿਰਾਇਆ ਰਾਸ਼ੀ ਦੀ ਮੌਜੂਦਾ ਪ੍ਰਣਾਲੀ ਵਿੱਚ ਅੰਤਰਨਿਹਤ ਦੋਸ਼ ਹਨ, ਹੁਣ ਖੇਤਰ ਆਧਾਰਤ ਸੰਪਤੀ ਕਰ ਬਾਰੇ ਸਹਿਮਤੀ ਹੋ ਗਈ ਹੈ।

ਭਾਰਤ ਦੇ ਮਾਨਯੋਗ ਸੁਪਰੀਮ ਕੋਰਟ ਦੀ ਰਾਇ ਹੈ ਕਿ 'ਸੰਪਤੀ ਕਰ ਸ਼ਹਿਰੀ ਸੰਸਥਾਵਾਂ ਦੀ ਆਮਦਨੀ ਦਾ ਮੁੱਖ ਸਾਧਨ ਹੈ। ਬੜੀ ਮੰਦਭਾਗੀ ਗੱਲ ਹੈ ਕਿ ਸੰਪਤੀ ਕਰਾਂ ਦੀ ਦਰ ਬਹੁਤ ਨੀਵੀਂ ਹੈ ਕਿਉਂਕਿ ਇਹ ਕਿਰਾਏ ਤੇ

ਆਧਾਰਤ ਹਨ ਅਤੇ ਪੰਜ ਸਾਲਾਂ ਤੋਂ ਪਹਿਲਾਂ ਸੋਧੇ ਨਹੀਂ ਜਾਂਦੇ। ਇਸ ਗੱਲ ਦਾ ਵੀ ਦੁੱਖ ਹੈ ਕਿ ਸੰਪਤੀ ਦੇ ਮਾਲਕਾਂ ਨੂੰ ਵੱਡੇ ਪੱਧਰ ਤੇ ਛੋਟਾਂ ਦਿੱਤੀਆਂ ਜਾਂਦੀਆਂ ਹਨ। ਸੰਪਤੀ ਕਰ ਦੇ ਮੁਲਾਂਕਣ ਦੀ ਵਿਧੀ ਨੂੰ ਤਰਕ ਸੰਗਤ, ਪਾਰਦਰਸ਼ੀ ਅਤੇ ਸਰਲ ਬਣਾਉਣ ਅਤੇ ਇਸ ਵਿੱਚ ਘੱਟੋ-ਘੱਟ ਛੋਟਾਂ ਦੇਣ ਲਈ ਖੇਤਰ-ਅਧਾਰਤ ਕਰ ਪ੍ਰਣਾਲੀ ਅਪਣਾਉਣ ਦੀ ਲੋੜ ਹੈ।' 11ਵੇਂ ਅਤੇ 12ਵੇਂ ਵਿੱਤ ਕਮਿਸ਼ਨਾਂ ਨੇ ਵੀ ਸੰਪਤੀ ਕਰ ਤੋਂ ਆਮਦਨੀ ਵਧਾਉਣ ਅਤੇ ਛੋਟਾਂ ਨੂੰ ਘਟਾਉਣ ਦਾ ਸੁਝਾਅ ਦਿੱਤਾ ਹੈ।

ਗੁਜਰਾਤ, ਤਾਮਿਲ ਨਾਡੂ, ਆਂਧਰਾ ਪ੍ਰਦੇਸ਼, ਦਿੱਲੀ, ਇੰਦੌਰ, ਚੰਡੀਗੜ੍ਹ ਅਤੇ ਪਟਨੇ ਵਿੱਚ ਸੰਪਤੀ ਕਰ ਦੇ ਸੁਧਾਰ ਸ਼ੁਰੂ ਕੀਤੇ ਜਾ ਚੁੱਕੇ ਹਨ। ਪੰਜਾਬ ਵਿੱਚ ਕਰ ਸੁਧਾਰ ਕਰਨ ਲਈ ਇਨ੍ਹਾਂ ਤੇ ਝਾਤ ਮਾਰਨੀ ਲਾਭਦਾਇਕ ਹੈ। ਭਾਰਤ ਦੇ ਮਾਨਯੋਗ ਸੁਪਰੀਮ ਕੋਰਟ ਨੇ ਆਂਧਰਾ ਪ੍ਰਦੇਸ਼ ਦੀ ਸੰਪਤੀ ਕਰ ਪ੍ਰਣਾਲੀ ਤੇ ਹੁਣੇ ਹੁਣੇ ਦਿੱਤੇ ਅਪਣੇ ਇੱਕ ਫੈਸਲੇ ਵਿੱਚ ਸੰਪਤੀ ਕਰ ਦੀ ਖੇਤਰ-ਆਧਾਰਤ ਪ੍ਰਣਾਲੀ ਦਾ ਸਮਰਥਨ ਕੀਤਾ ਹੈ; ਕਿੰਤੂ ਇਸ ਲਈ ਸ਼ਰਤ ਇਹ ਹੈ ਕਿ ਕਿਰਾਏ ਦੀ ਦਰ ਦੇ ਮੁਲਾਂਕਣ ਦੀ ਵਿਧੀ ਅਤੇ ਪ੍ਰਕਿਰਿਆ ਨਗਰ ਪਾਲਕਾ ਦੇ ਕਾਨੂੰਨਾਂ ਵਿੱਚ ਨਿਰਧਾਰਤ ਹੋਣੀ ਚਾਹੀਦੀ ਹੈ। ਕਰ ਦੇ ਮੁਲਾਂਕਣ ਅਤੇ ਪ੍ਰਸ਼ਾਸਨ ਲਈ ਨਵੀਨ ਪ੍ਰਣਾਲੀਆਂ ਅਪਣਾਉਣ ਦੀ ਲੋੜ ਹੈ। ਇਹ ਪ੍ਰਣਾਲੀਆਂ ਹਨ: ਕਰ ਦੇ ਮੰਤਵ ਲਈ ਖੇਤਰ ਦੇ ਸਰਵੇਖਣ, ਅਤੇ ਕਰ ਦੇ ਮੁਲਾਂਕਣ ਅਤੇ ਵਸੂਲੀ ਕਰਨ ਲਈ ਭੂਗੋਲਕ ਸੂਚਨਾ ਪ੍ਰਣਾਲੀ (Geographical information system) ਦਾ ਉਪਯੋਗ, ਬਿਲ ਬਣਾਉਣ ਅਤੇ ਇਕੱਠਾ ਕਰਨ ਦੇ ਕਾਰਜ ਦੀ ਕੁਸ਼ਲਤਾ ਲਈ ਸੰਪਤੀ ਕਰ ਦੇ ਦਸਤਾਵੇਜਾਂ ਦਾ ਕੰਪਿਊਟਰੀਕਰਣ, ਸੰਪਤੀ ਕਰ ਦੀ ਵਸੂਲੀ ਦੇ ਅਨੁਪਾਤ ਵਿੱਚ ਵਾਧਾ ਕਰਨ ਲਈ ਕਰ ਦਾਤਾਵਾਂ ਨੂੰ ਦੰਡਤ ਜਾਂ ਉਤਸ਼ਾਹਤ ਕਰਨ ਦੀ ਸਕੀਮ ਅਤੇ ਰਾਜ ਦੀ ਸੰਪਤੀ ਕਰ ਪ੍ਰਣਾਲੀ ਨੂੰ ਚੁਸਤ ਬਣਾਉਣ ਲਈ ਕਰ ਵਸੂਲੀ ਦੀ ਸਖਤ ਨਿਗਰਾਨੀ।

1999 ਵਿੱਚ ਅਹਿਮਦਾਬਾਦ ਨਗਰ ਨਿਗਮ ਨੇ ਸੰਪਤੀ ਕਰ ਮੁਲਾਂਕਣ ਦੀ ਇੱਕ ਨਵੀਂ ਖੇਤਰ ਆਧਾਰਤ ਪ੍ਰਣਾਲੀ ਦਾ ਅਰੰਭ ਕੀਤਾ। ਇਸ ਪ੍ਰਣਾਲੀ ਦੇ ਨਿਰਮਾਣ ਲਈ ਹੇਠ ਲਿਖੇ ਕੰਮ ਕੀਤੇ ਗਏ:

* ਨਗਰ ਨਿਗਮ ਦੇ ਖੇਤਰ ਵਿੱਚ ਆਉਣ ਵਾਲੀਆਂ ਸਾਰੀਆਂ ਸੰਪਤੀਆਂ ਦੇ ਸਰਵੇਖਣ ਲਈ ਠੇਕੇਦਾਰਾਂ ਦੀ ਨਿਯੁਕਤੀ ਕੀਤੀ ਗਈ।
* ਕਰ ਪ੍ਰਣਾਲੀ ਨੂੰ ਵਿਕਸਤ ਕਰਨ ਲਈ ਵੱਖ-ਵੱਖ ਸੁਝਾਵਾਂ ਤੇ ਵਿਚਾਰ ਕੀਤਾ ਗਿਆ।
* ਵੱਖ-ਵੱਖ ਸਮੂਹਾਂ, ਜਿਵੇਂ ਕਿ ਨਿਗਮ ਦੇ ਚੁਣੇ ਹੋਏ ਮੈਂਬਰਾਂ, ਵਿਧਾਨ ਸਭਾ ਦੇ ਮੈਂਬਰਾਂ, ਸੰਸਦ ਦੇ ਮੈਂਬਰਾਂ ਅਤੇ ਹੋਰ ਸੰਬੰਧਤ ਲੋਕਾਂ ਨਾਲ ਇਸ ਪ੍ਰਣਾਲੀ ਤੇ ਵਿਸਤ੍ਰਿਤ ਚਰਚਾ ਹੋਈ।
* ਕਰ ਵਸੂਲੀ ਦੇ ਨਿਯਮਾਂ ਬਾਰੇ ਸਿਖਲਾਈ ਦੇਣ ਤੋਂ ਪਹਿਲਾਂ ਕਈ ਕੰਮ ਕੀਤੇ ਗਏ ਜਿਵੇਂ ਕਿ:

  ੳ. ਸੰਪਤੀ ਸਰਵੇਖਣ

  ਅ. ਤੱਥਾਂ ਅਤੇ ਅੰਕੜਿਆਂ ਦਾ ਕੰਪਿਊਟਰੀਕਰਣ

  ੲ. ਵਿਸ਼ੇਸ਼ ਨੋਟਿਸ ਅਤੇ ਬਿਲ ਜਾਰੀ ਕਰਨਾ

  ਸ. ਸੰਪਤੀ ਮਾਲਕਾਂ ਦੇ ਇਤਰਾਜਾਂ ਨੂੰ ਦਰਜ ਕਰਨਾ

  ਹ. ਅਪੀਲ ਦੀ ਅਥਾਰਟੀ ਦੁਆਰਾ ਇਨ੍ਹਾਂ ਇਤਰਾਜਾਂ ਦੀ ਸੁਣਵਾਈ

ਇਹ ਕੰਮ ਨਿਗਮ ਦੇ ਕਰਮਚਾਰੀਆਂ ਅਤੇ ਅਨੁਬੰਧਤ ਕਰਮਚਾਰੀਆਂ ਦੁਆਰਾ ਕੀਤੇ ਗਏ। ਸਰਵੇਖਣ ਦੇ ਅਧਾਰ ਤੇ ਨਿਯਮਾਂ ਦਾ ਖਰੜਾ ਤਿਆਰ ਕਰਕੇ ਸਰਕਾਰ ਨੂੰ ਮੰਜੂਰੀ ਲਈ ਭੇਜਿਆ ਗਿਆ। ਮੰਜੂਰੀ ਉਪਰੰਤ ਇਨ੍ਹਾਂ ਨੂੰ ਲਾਗੂ ਕੀਤਾ ਗਿਆ।

ਅਹਿਮਦਾਬਾਦ ਨਗਰ ਨਿਗਮ ਦੁਆਰਾ ਅਪਣਾਈ ਗਈ ਖੇਤਰ ਆਧਾਰਤ ਪ੍ਰਣਾਲੀ ਦੇ ਮੁੱਖ-ਮੁੱਖ ਲੱਛਣ ਹੇਠ ਲਿਖੇ ਅਨੁਸਾਰ ਹਨ:

* ਰਿਹਾਇਸ਼ੀ ਖੇਤਰ (Carpet Area) ਲਈ ਘੱਟ ਤੋਂ ਘੱਟ ਦਰ 10 ਰੁਪਏ ਅਤੇ ਵੱਧ ਤੋਂ ਵੱਧ 40 ਰੁਪਏ ਪ੍ਰਤੀ ਵਰਗ ਮੀਟਰ ਹੈ। ਗੈਰ ਰਿਹਾਇਸ਼ੀ ਖੇਤਰ (Non ResidentIl Carpet Area) ਲਈ ਦਰ ਘੱਟ ਤੋਂ ਘੱਟ 20 ਰੁਪਏ ਅਤੇ ਵੱਧ ਤੋਂ ਵੱਧ 80 ਰੁਪਏ ਪ੍ਰਤੀ ਵਰਗ ਮੀਟਰ ਹੈ।
* ਕਰ ਦੀ ਦਰ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਨਿਰਧਾਰਤ ਕੀਤੀ ਜਾਂਦੀ ਹੈ:

**ਰਿਹਾਇਸ਼ੀ ਇਮਾਰਤਾਂ ਲਈ**

* ਇਮਾਰਤ ਵਾਲੇ ਖੇਤਰ ਦੀ ਬਜਾਰੀ ਕੀਮਤ (Location Factor-F1)
* ਇਮਾਰਤ ਕਿੰਨੀ ਪੁਰਾਣੀ ਹੈ। (Age Factor-F2)
* ਇਮਾਰਤ ਕਿਸ ਮੰਤਵ ਲਈ ਹੈ। (Use factor-F3)
* ਇਮਾਰਤ ਵਿੱਚ ਮਾਲਕ ਰਹਿ ਰਿਹਾ ਹੈ ਜਾਂ ਕਿਰਾਏਦਾਰ (Occupancy Factor-F4)

**ਗੈਰ ਰਿਹਾਇਸ਼ੀ ਇਮਾਰਤਾਂ ਲਈ**

* ਇਮਾਰਤ ਵਾਲੇ ਖੇਤਰ ਦੀ ਬਜ਼ਾਰੀ ਕੀਮਤ (Location Factor- F1 )
* ਇਮਾਰਤ ਕਿੰਨੀ ਪੁਰਾਣੀ ਹੈ (Age Factor- F2)
* ਇਮਾਰਤ ਕਿਸ ਮੰਤਵ ਲਈ ਵਰਤੀ ਜਾ ਰਹੀ ਹੈ (Use Factor-F3)
* ਇਮਾਰਤ ਦਾ ਉਪਯੋਗ ਮਾਲਕ ਕਰ ਰਿਹਾ ਹੈ ਜਾਂ ਕਿਰਾਏਦਾਰ (Occupancy Factor-F4)

ਸੰਪਤੀ ਕਰ ਦਾ ਹਿਸਾਬ ਲਗਾਉਣ ਲਈ ਇਹ ਸੂਤਰ ਵਰਤਿਆ ਜਾਂਦਾ ਹੈ:

ਸੰਪਤੀ ਕਰ = ਸਲਾਨਾ ਦਰ ×ਖੇਤਰਫਲ×(F1×F2×F3×F4)

ਖੇਤਰ ਆਧਾਰਤ ਇਸ ਪ੍ਰਣਾਲੀ ਨੂੰ ਲਾਗੂ ਕਰਨ ਨਾਲ ਹੇਠ ਲਿਖੇ ਫਾਇਦੇ ਹੋਏ ਹਨ:

* ਕਰ ਵਸੂਲੀ ਵਿੱਚ ਵਾਧਾ ਹੋਇਆ ਹੈ।
* ਪ੍ਰਣਾਲੀ ਲਚਕਦਾਰ ਹੋਣ ਕਰਕੇ ਕਰ ਦੀ ਦਰ ਨੂੰ ਹਰ ਸਾਲ ਵਧਾਇਆ ਜਾ ਸਕਦਾ ਹੈ।
* ਸ਼ਿਕਾਇਤਾਂ ਅਤੇ ਇਤਰਾਜਾਂ ਨੂੰ ਨਿਯਮਤ ਤੌਰ ਤੇ ਨਿਪਟਾਇਆ ਜਾਂਦਾ ਹੈ।
* ਸੰਪਤੀ ਕਰ ਨੂੰ Rent Control Act (ਕਿਰਾਏ ਸੰਬੰਧੀ ਕਾਨੂੰਨ) ਤੋਂ ਨਿਖੇੜ ਲਿਆ ਗਿਆ ਹੈ; ਇਸ ਦਾ ਹਿਸਾਬ ਲਗਾਉਣਾ ਅਤੇ ਇਸ ਨੂੰ ਵਸੂਲ ਕਰਨਾ ਅਸਾਨ ਹੈ।
* ਇਸ ਕਰ ਦੇਣ ਤੋਂ ਟਲਣ ਵਾਲਿਆਂ ਦੀ ਸੰਖਿਆ ਬਹੁਤ ਘੱਟ ਹੈ।

1997 ਵਿੱਚ ਇੰਦੌਰ ਨਗਰ ਨਿਗਮ ਨੇ ਸੰਪਤੀ ਕਰ ਦੇ ਸਵੈ-ਮੁਲਾਂਕਣ ਦੀ ਇੱਕ ਸਰਲ ਪ੍ਰਣਾਲੀ ਅਪਣਾਈ ਜੋ ਕਰ ਲਗਾਏ ਜਾਣ ਯੋਗ ਸੰਪਤੀ ਦੀ ਸਥਿਤੀ, ਅਕਾਰ, ਉਮਰ ਅਤੇ ਵਰਤੋਂ ਤੇ ਆਧਾਰਤ ਸੀ। ਸੰਪਤੀ ਦੇ ਮਾਲਕਾਂ ਨੂੰ ਅਪਣੇ ਕਰ ਦਾ ਹਿਸਾਬ ਆਪ ਲਗਾਉਣ ਲਈ ਇੱਕ ਸੂਤਰ ਬਣਾਇਆ ਗਿਆ। 2001-02 ਵਿੱਚ ਸੰਪਤੀਆਂ ਦਾ ਭੌਤਿਕ ਸਰਵੇਖਣ ਕੀਤਾ ਗਿਆ ਤਾਂ ਕਿ ਜੋ ਸੰਪਤੀਆਂ ਰਜਿਸਟਰ ਨਹੀਂ ਹਨ ਜਾਂ ਰਿਕਾਰਡ ਵਿੱਚ ਨਹੀਂ ਹਨ, ਉਨ੍ਹਾਂ ਦਾ ਪਤਾ ਲਗਾਇਆ ਜਾ ਸਕੇ। ਇਸ ਨਾਲ ਸੰਪਤੀਆਂ ਦੀ ਸੰਖਿਆ 1,35,000 ਤੋਂ ਵਧ ਕੇ 2,36,000 ਹੋ ਗਈ। ਸੰਪਤੀ ਕਰ ਦੀ ਇਸ ਸਰਲ ਪ੍ਰਣਾਲੀ ਅਤੇ ਕੰਪਿਊਟਰ ਦੁਆਰਾ ਬਿਲ ਬਣਾਉਣ ਅਤੇ ਵਸੂਲਣ ਤੋਂ ਇਲਾਵਾ ਮੁਲਾਂਕਣ ਦੀਆਂ ਦਰਾਂ ਵਿੱਚ ਸੋਧ ਜਿਹੇ ਪ੍ਰਸ਼ਾਸਨਿਕ ਕਦਮ ਚੁੱਕਣ ਨਾਲ ਨਗਰ ਨਿਗਮ ਦੀ ਆਮਦਨੀ ਵਿੱਚ ਵਾਧਾ ਹੋਇਆ ਹੈ।

ਗੁਜਰਾਤ ਸਰਕਾਰ ਨੇ ਸਲਾਨਾ ਕਿਰਾਏ ਦੀ ਬਜਾਏ ਇਮਾਰਤਾਂ ਅਤੇ ਭੂਮੀ ਦੇ ਵਰਤਣਯੋਗ ਖੇਤਰ (Carpet Area) ਦੇ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਸੰਪਤੀ ਕਰ ਦੇ ਮੁਲਾਂਕਣ ਦੀ ਵਿਧੀ ਅਪਣਾਉਣ ਲਈ Bombay ProvincIl Municipal Corporation Act ਵਿੱਚ ਸੋਧਾਂ ਕੀਤੀਆਂ ਹਨ। ਕਰਨਾਟਕ ਸਰਕਾਰ ਨੇ ਵੀ ਸਲਾਨਾ ਕਿਰਾਏ ਦੀ ਬਜਾਏ ਬਜਾਰੀ ਕੀਮਤ ਦੇ ਅਧਾਰ ਤੇ ਸੰਪਤੀ ਕਰ ਲਗਾਉਣ ਲਈ ਅਪਣੇ ਨਗਰ ਪਾਲਕਾਵਾਂ ਸੰਬੰਧੀ ਕਾਨੂੰਨ ਵਿੱਚ ਸੋਧ ਕੀਤੀ ਹੈ। ਨਵੀਂ ਪ੍ਰਣਾਲੀ ਤਹਿਤ ਭੂਮੀ ਦਾ ਮੁਲਾਂਕਣ ਸਰਕਾਰ ਦੁਆਰਾ Stamp Duty Act ਤਹਿਤ ਨਿਰਧਾਰਤ ਬਜਾਰੀ ਕੀਮਤ ਦੇ ਅਧਾਰ ਤੇ ਕੀਤਾ ਜਾਂਦਾ ਹੈ। ਉਸਾਰੀ ਵਾਲੀਆਂ ਸੰਪਤੀਆਂ ਦੀ ਕੀਮਤ ਦਾ ਮੁਲਾਂਕਣ ਕਰਨ ਵਾਸਤੇ ਉਸਾਰੀ ਦੀ ਲਾਗਤ ਦਾ ਵੀ ਖਿਆਲ ਰੱਖਿਆ ਜਾਂਦਾ ਹੈ।

ਕੇਰਲ ਨੇ ਭਾਵੇਂ ਸੰਪਤੀ ਕਰ ਦੇ ਮੁਲਾਂਕਣ ਲਈ ਖੇਤਰਫਲ ਵਾਲੀ ਵਿਧੀ ਨਹੀਂ ਅਪਣਾਈ, ਲੇਕਿਨ ਇਸ ਨੇ ਨਵੀਂ ਪ੍ਰਣਾਲੀ ਅਪਣਾਉਣ ਲਈ ਅਪਣੇ ਨਗਰ ਪਾਲਕਾ ਸੰਬੰਧੀ ਕਾਨੂੰਨ ਨੂੰ ਸੋਧ ਲਿਆ ਹੈ। ਕਰਨਾਟਕ ਵਿੱਚ ਬੰਗਲੌਰ ਮਹਾਂਨਗਰ ਪਾਲਿਕਾ ਨੇ ਖੇਤਰਫਲ ਦੇ ਅਧਾਰ ਤੇ ਸਵੈ-ਮੁਲਾਂਕਣ ਪ੍ਰਣਾਲੀ ਦਾ ਅਰੰਭ ਕੀਤਾ ਹੈ। ਸ਼ਹਿਰ ਦੇ ਵੱਖ-ਵੱਖ ਭਾਗਾਂ ਲਈ ਸੰਪਤੀਆਂ ਦੇ ਕਿਰਾਏ ਦੀ ਦਰ ਇੱਕ ਛੋਟੀ ਜਿਹੀ ਕਿਤਾਬ ਵਿੱਚ ਦਿੱਤੀ ਗਈ ਹੈ। ਮਹਾਂਨਗਰ ਪਾਲਿਕਾ ਨੇ ਕੰਪਿਊਟਰ ਆਧਾਰਤ ਸੰਪਤੀ ਕਰ ਪ੍ਰਣਾਲੀ ਸ਼ੁਰੂ ਕਰਕੇ 5.39 ਲੱਖ ਸੰਪਤੀਆਂ ਅਤੇ 12 ਲੱਖ ਭੁਗਤਾਨਾਂ ਦੇ ਰਿਕਾਰਡਾਂ ਨੂੰ ਕੰਪਿਊਟਰ ਵਿੱਚ ਪਾ ਲਿਆ ਹੈ। ਇਸ ਪ੍ਰਣਾਲੀ ਨੂੰ ਹਿਸਾਬ ਕਿਤਾਬ ਰੱਖਣ ਦੀ ਫੰਡ ਆਧਾਰਤ ਪ੍ਰਣਾਲੀ ਨਾਲ ਪੂਰੀ ਤਰ੍ਹਾਂ ਏਕੀਕ੍ਰਿਤ ਕਰ ਦਿੱਤਾ ਗਿਆ ਹੈ। ਇਸ ਨਵੀਂ ਪ੍ਰਣਾਲੀ ਵਿੱਚ ਹਰ ਰੋਜ ਦੇ ਭੁਗਤਾਨਾਂ ਦਾ ਪਤਾ ਲਗਾਉਣ ਉਪਰੰਤ ਉਨ੍ਹਾਂ ਦਾ ਕਾਰਣ ਦੱਸਿਆ ਜਾਂਦਾ ਹੈ। Data Entry ਦੇ ਕੰਮ ਨਿੱਜੀ ਖੇਤਰ ਦੇ ਵਿਅਕਤੀਆਂ ਤੋਂ ਕਰਵਾਏ ਜਾਂਦੇ ਹਨ। ਕੰਪਿਊਟਰ ਆਧਾਰਤ ਸੰਪਤੀ ਕਰ ਪ੍ਰਣਾਲੀ ਸੰਪਤੀ ਕਰ ਸੰਬੰਧੀ ਨੋਟਿਸ ਕੱਢਦੀ ਹੈ ਜੋ ਬਿਜਲੀ ਬਿਲ ਨਾ ਭਰਨ ਵਾਲਿਆਂ ਦੀ ਤਰ੍ਹਾਂ ਸੰਪਤੀ ਕਰ ਦੇਣ ਤੋਂ ਕੋਤਾਹੀ ਕਰਨ ਵਾਲਿਆਂ ਲਈ ਹੁੰਦੇ ਹਨ। ਇਨ੍ਹਾਂ ਵਿੱਚ ਬਕਾਏ, ਜੁਰਮਾਨੇ, ਮਹਿਸੂਲ ਅਤੇ ਕਟੌਤੀਆਂ (ਜੇ ਲਾਗੂ ਹੋਣ) ਦਾ ਸਹੀ ਸਹੀ ਹਿਸਾਬ ਲਗਾਇਆ ਹੁੰਦਾ ਹੈ। ਕੁੱਲ ਮਿਲਾ ਕੇ ਇਸ ਨਾਲ ਇੱਕ ਦ੍ਰਿੜ ਕਰ ਪ੍ਰਣਾਲੀ ਅਤੇ ਵਿਭਾਗ ਸਥਾਪਤ ਹੋਏ ਹਨ ਜਿਸ ਨਾਲ ਸੰਪਤੀ ਕਰ ਵਧਾਏ ਬਗੈਰ ਇਸ ਦੀ ਜ਼ਿਆਦਾ ਵਸੂਲੀ ਹੁੰਦੀ ਹੈ।

ਭਾਰਤ ਸਰਕਾਰ ਦੁਆਰਾ ਹੁਣੇ ਹੁਣੇ ਸ਼ੁਰੂ ਕੀਤੇ ਗਏ ਜਵਾਹਰਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਕਾਇਆ-ਪਲਟ ਮਿਸ਼ਨ (Jawaharalal Nehru National Urban Renewal Mission) ਨੇ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਰਾਜ ਸਰਕਾਰਾਂ ਲਈ ਦੋ ਤਰ੍ਹਾਂ ਦੇ ਸੁਧਾਰ ਲਾਜ਼ਮੀ ਦੱਸੇ ਹਨ। ਇਸ ਤੋਂ ਇਲਾਵਾ ਸਰਕਾਰ ਨੇ ਕਈ ਵਿਕਲਪਕ ਸੁਧਾਰਾਂ ਦਾ ਵੀ ਸੁਝਾਅ ਦਿੱਤਾ ਹੈ। ਸੰਪਤੀ ਕਰ ਨੂੰ ਭੂਗੋਲਕ ਸੂਚਨਾ ਪ੍ਰਣਾਲੀ (GIS) ਤੇ ਆਧਾਰਤ ਕਰਕੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਆਮਦਨੀ ਦਾ ਮੁੱਖ ਸਰੋਤ ਬਣਾਉਣਾ ਨਗਰ ਪਾਲਕਾ ਪੱਧਰ ਤੇ ਇੱਕ ਵੱਡਾ ਲਾਜ਼ਮੀ ਸੁਧਾਰ ਹੈ। ਰਾਜ ਪੱਧਰ ਤੇ Urban Land Ceiling and Regulation Act ਨੂੰ ਰੱਦ ਕਰਨਾ ਅਤੇ ਕਿਰਾਏ ਲਈ ਘਰ ਬਣਾਉਣ ਦੀਆਂ ਸਕੀਮਾਂ ਵਿੱਚ ਨਿੱਜੀ ਖੇਤਰ ਦੇ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਕਿਰਾਏ ਸੰਬੰਧੀ ਕਾਨੂੰਨਾਂ (Rent Contral Laws) ਵਿੱਚ ਸੁਧਾਰ ਕਰਨਾ ਹੋਰ ਮਹੱਤਵਪੂਰਣ ਲਾਜ਼ਮੀ ਸੁਧਾਰ ਹਨ। ਮਿਸ਼ਨ ਨੇ ਕਈ ਵਿਕਲਪਕ ਸੁਧਾਰਾਂ ਦੀ ਵੀ ਚਰਚਾ ਕੀਤੀ ਹੈ, ਜਿਵੇਂ ਕਿ ਇਮਾਰਤਾਂ ਦੀ ਉਸਾਰੀ ਨੂੰ ਮੰਜ਼ੂਰੀ ਦੇਣ ਦੀ ਪ੍ਰਕਿਰਿਆ ਨੂੰ ਚੁਸਤ ਬਣਾਉਣ ਲਈ ਉਪ-ਨਿਯਮਾਂ (Bylaws) ਵਿੱਚ ਸੋਧ, ਸਥਾਨਾਂ ਦਾ ਵਿਕਾਸ, ਖੇਤੀਬਾੜੀ ਵਾਲੀ ਭੂਮੀ ਨੂੰ ਗੈਰ-ਖੇਤੀਬਾੜੀ ਮੰਤਵਾਂ ਲਈ ਵਰਤਣ ਵਾਸਤੇ ਮੰਜ਼ੂਰੀ ਦੇਣ ਦੀ ਪ੍ਰਕਿਰਿਆ ਅਤੇ ਸੰਬੰਧਤ ਕਾਨੂੰਨਾਂ ਦਾ ਸਰਲੀਕਰਣ, ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਸੰਪਤੀ ਦੇ ਮਾਲਕੀ ਹੱਕ ਦੇ ਪ੍ਰਮਾਣ ਪੱਤਰ ਜਾਰੀ ਕਰਨ ਦੀ ਪ੍ਰਣਾਲੀ ਦਾ ਅਰੰਭ, ਰਾਜ ਅਤੇ ਨਗਰ ਪਾਲਕਾ ਪੱਧਰ ਤੇ ਭੂਮੀ ਦੀ ਰਜਿਸਟ੍ਰੇਸ਼ਨ ਨੂੰ ਕੰਪਿਊਟਰੀਕ੍ਰਿਤ ਕਰਨ ਦੀ ਸ਼ੁਰੂਆਤ। ਉਮੀਦ ਕੀਤੀ ਜਾਂਦੀ ਹੈ ਕਿ ਲਾਜ਼ਮੀ ਅਤੇ ਵਿਕਲਪਕ ਸੁਧਾਰ ਲਾਗੂ ਹੋਣ ਨਾਲ ਸੰਪਤੀ ਕਰ ਤੋਂ ਹੋਣ ਵਾਲੀ ਸ਼ਹਿਰੀ ਸੰਸਥਾਵਾਂ ਦੀ ਆਮਦਨੀ ਵਿੱਚ ਕਾਫੀ ਵਾਧਾ ਹੋਵੇਗਾ। ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਦੇ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਆਦਰਸ਼ ਨਗਰ ਪਾਲਕਾ ਕਾਨੂੰਨ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ ਨਗਰ ਪਾਲਕਾਵਾਂ ਅਪਣੀਆਂ ਸੰਪਤੀਆਂ ਦੀ ਸਲਾਨਾ ਸੂਚੀ ਬਣਾਉਣ ਅਤੇ ਸੰਪਤੀ ਕਰ ਜਾਂ ਸੰਪਤੀਆਂ ਦੇ ਮੁਲਾਂਕਣ ਲਈ ਖੇਤਰ ਜਾਂ ਬਜਾਰੀ ਕੀਮਤ ਤੇ ਆਧਾਰਤ ਪ੍ਰਣਾਲੀ ਅਪਣਾਉਣ। ਸੰਪਤੀ ਕਰ ਦੇ ਸਵੈ-ਮੁਲਾਂਕਣ ਦੀ ਵਿਵਸਥਾ ਅਤੇ ਸੰਪਤੀ

ਸੰਖਿਆ ਪ੍ਰਣਾਲੀ ਦੀ ਸ਼ੁਰੂਆਤ ਦਾ ਵੀ ਸੁਝਾਅ ਦਿੱਤਾ ਗਿਆ ਹੈ ਤਾਂ ਕਿ ਨਗਰ ਪਾਲਕਾ ਦੀ ਆਮਦਨ ਦੇ ਇਸ ਮੁੱਖ ਸੋਮੇ ਨੂੰ ਨਿਸ਼ਚਿਤ ਕਰਨ ਦੀ ਪ੍ਰਕਿਰਿਆ ਸਰਲ ਹੋ ਸਕੇ ਅਤੇ ਇਸ ਦੀ ਵਸੂਲੀ ਵਿੱਚ ਸੁਧਾਰ ਆ ਸਕੇ।

ਯੂਰਪ ਵਿੱਚ ਲੈਸਟਰ ਸਿਟੀ ਕੌਂਸਲ ਵਿਖੇ ਸੰਪਤੀ ਅਤੇ ਮਕਾਨ ਕਰ ਸਥਾਨਕ ਸੰਸਥਾ ਦੀ ਆਮਦਨ ਦਾ ਸਭ ਤੋਂ ਵੱਡਾ ਸਾਧਨ ਹਨ। ਮਕਾਨ ਕਰ ਮਕਾਨਾਂ ਦੀ ਕੀਮਤ ਦੇ ਅਧਾਰ ਤੇ ਦਿੱਤਾ ਜਾਂਦਾ ਹੈ ਅਤੇ ਸਮੇਂ ਸਮੇਂ ਤੇ ਇਸ ਵਿੱਚ ਸੋਧ ਕੀਤੀ ਜਾਂਦੀ ਹੈ। ਸਥਾਨਕ ਕਰ ਵਿਭਾਗ ਦੁਆਰਾ ਕੌਂਸਲ ਕਰ ਅਤੇ National Non Demestic Rates (Business Rates) ਵਜੋਂ ਕੌਂਸਲ ਨੂੰ ਅਦਾ ਕੀਤੀਆਂ ਜਾਣ ਯੋਗ ਰਾਸ਼ੀਆਂ ਦੇ ਬਿਲ ਜਾਰੀ ਕਰਕੇ ਉਨ੍ਹਾਂ ਦੀ ਵਸੂਲੀ ਕੀਤੀ ਜਾਂਦੀ ਹੈ। ਇਸ ਸੇਵਾ ਅਧੀਨ 1,18,000 ਰਿਹਾਇਸ਼ੀ ਅਤੇ 12,000 ਵਿਉਪਾਰਕ ਸੰਪਤੀਆਂ ਆਉਂਦੀਆਂ ਹਨ। ਸਥਾਨਕ ਕਰ ਵਿਭਾਗ ਹਰ ਪ੍ਰਕਾਰ ਦੀ ਸੰਪਤੀ ਦਾ ਉਪਯੋਗ ਕਰਨ ਵਾਲੇ ਅਤੇ ਖਾਲੀ ਪਈਆਂ ਸੰਪਤੀਆਂ ਦੇ ਮਾਲਕਾਂ ਤੱਕ ਪਹੁੰਚਦਾ ਹੈ। ਸ਼ਹਿਰ ਵਿਚਲੀ ਹਰ ਪ੍ਰਕਾਰ ਦੀ ਸੰਪਤੀ ਦਾ ਮੁਲਾਂਕਣ Valuation Office Agency (VOA) ਦੁਆਰਾ ਕੀਤਾ ਜਾਂਦਾ ਹੈ ਜੋ Inland Revenue ਵਿਭਾਗ ਦੀ ਕਾਰਜਕਾਰੀ ਸ਼ਾਖਾ ਹੈ। ਸੰਪਤੀ ਦੇ ਉਪਯੋਗ ਵਿੱਚ ਪਰੀਵਰਤਨ, ਨਵੀਆਂ ਸੰਪਤੀਆਂ ਜਾਂ ਢਾਹ ਦਿੱਤੀਆਂ ਗਈਆਂ ਸੰਪਤੀਆਂ ਬਾਰੇ VOA ਨੂੰ ਸੂਚਨਾ ਦੇਣਾ ਸਿਟੀ ਕੌਂਸਲ ਦਾ ਕਾਨੂੰਨੀ ਕਰਤੱਵ ਹੈ ਤਾਂ ਕਿ ਕੌਂਸਲ ਦੇ ਕਰ ਅਧਾਰ ਬਾਰੇ ਜਾਣਕਾਰੀ ਵੱਧ ਤੋਂ ਵੱਧ ਸਹੀ ਹੋ ਸਕੇ। ਸਮੁਦਾ ਦੇ ਉਨ੍ਹਾਂ ਮੈਂਬਰਾਂ ਲਈ ਜਿਨ੍ਹਾਂ ਪਾਸ ਕੌਂਸਲ ਕਰ ਦੀ ਪੂਰੀ ਜਾਂ ਅੰਸ਼ਕ ਅਦਾਇਗੀ ਦੇ ਵਸੀਲੇ ਨਹੀਂ ਹਨ, Housing Benefit Section ਕਰ ਤੇ ਦਿੱਤੀ ਜਾਣ ਯੋਗ ਛੋਟ ਨਿਸ਼ਚਿਤ ਕਰਦਾ ਹੈ।

ਬੈਲਜੀਅਮ ਵਿੱਚ 1989 ਦਾ Funding Act ਜਿਸਨੂੰ 1993 ਵਿੱਚ ਸੋਧਿਆ ਗਿਆ ਸੀ, ਸੰਪਤੀ ਕਰ ਨੂੰ ਸਥਾਨਕ ਸੰਸਥਾਵਾਂ ਦੀ ਅਪਣੀ ਆਮਦਨੀ ਦਾ ਮੁੱਖ ਸਰੋਤ ਕਰਾਰ ਦਿੰਦਾ ਹੈ। ਇਸ ਦਾ ਮੁਲਾਂਕਣ ਅਤੇ ਵਸੂਲੀ ਸੰਘੀ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਨਗਰ ਪਾਲਕਾਵਾਂ ਦੀ ਆਮਦਨੀ ਸੰਪਤੀ ਕਰ ਤੇ ਲਏ ਜਾਣ ਵਾਲੇ ਅਨੁਪੂਰਕ ਅਨੁਪਾਤੀ ਮਹਿਸੂਲ (Supplementary Proportional Levies) ਤੋਂ ਹੁੰਦੀ ਹੈ। ਇਸ ਮਹਿਸੂਲ ਦਾ ਮੁਲਾਂਕਣ ਨਿਗਰਾਨ ਅਧਿਕਾਰੀਆਂ ਦੁਆਰਾ ਨਿਸ਼ਚਿਤ ਕੀਤੀਆਂ ਗਈਆਂ ਸੀਮਾਵਾਂ ਵਿੱਚ ਸਥਾਨਕ ਅਧਿਕਾਰੀਆਂ ਦੁਆਰਾ ਕੀਤਾ ਜਾਂਦਾ ਹੈ। ਇਹ ਮਹਿਸੂਲ ਅਦਾ ਕਰਨ ਯੋਗ ਸੰਪਤੀ ਕਰ ਤੇ ਵਧੀਕ ਭੁਗਤਾਨ ਹੁੰਦੇ ਹਨ।

ਨੀਦਰਲੈਂਡ ਵਿੱਚ ਭੂਮੀ ਆਧਾਰਤ ਸੰਪਤੀਆਂ ਦੀ ਮਾਲਕੀ ਜਾਂ ਉਪਯੋਗ ਤੇ ਲਗਾਏ ਜਾਣ ਵਾਲੇ ਕਰ ਸੰਪਤੀਆਂ ਦੀ ਕੀਮਤ ਨਾਲ ਜੁੜੇ ਹੋਏ ਹਨ ਅਤੇ ਨਗਰ ਪਾਲਕਾਵਾਂ ਦੁਆਰਾ ਲਗਾਏ ਜਾਣ ਵਾਲੇ ਮੁੱਖ ਕਰ ਹਨ। ਨਗਰ ਪਾਲਕਾਵਾਂ ਦੀ ਅਪਣੀ ਕਰ ਪ੍ਰਣਾਲੀ ਹੈ ਜਿਸ ਵਿੱਚ ਸੰਪਤੀ ਕਰ ਵੀ ਸ਼ਾਮਿਲ ਹੈ। ਸੰਪਤੀ ਕਰ ਨਗਰ ਪਾਲਕਾ ਦੀ ਆਮਦਨੀ ਦਾ ਵੱਡਾ ਸਾਧਨ ਹੈ (ਜੋ 1996 ਵਿੱਚ ਇਸ ਦੀ ਕੁੱਲ ਆਮਦਨੀ ਦਾ 94.8% ਸੀ)। ਇਸ ਵਿੱਚੋਂ ਸੰਪਤੀ ਤੇ ਰਹਿਣ ਵਾਲੇ ਦੁਆਰਾ 27.8% ਅਤੇ ਇਸ ਦੇ ਮਾਲਕ ਜਾਂ ਵਿਉਪਾਰਕ ਵਰਤੋਂ ਕਰਨ ਵਾਲੇ ਦੁਆਰਾ 67.0% ਅਦਾ ਕੀਤਾ ਜਾਂਦਾ ਹੈ। ਭਾਵੇਂ ਨਗਰ ਪਾਲਕਾਵਾਂ ਨਵੇਂ ਕਰ ਨਾ ਲਗਾਉਣ, ਪਰ ਉਨ੍ਹਾਂ ਨੂੰ ਇਹ ਫੈਸਲਾ ਲੈਣ ਦਾ ਅਧਿਕਾਰ ਹੈ ਕਿ ਜਿਹੜੇ ਕਰ ਲਗਾਉਣ ਦੀ ਆਗਿਆ ਹੈ, ਉਨ੍ਹਾਂ ਵਿੱਚੋਂ ਕਿਹੜੇ ਕਰ ਲਗਾਏ ਜਾਣ ਅਤੇ ਸੰਪਤੀ ਕਰ ਸਮੇਤ ਇਨ੍ਹਾਂ ਕਰਾਂ ਦੀ ਦਰ ਕੀ ਹੋਣੀ ਚਾਹੀਦੀ ਹੈ। ਉੱਥੇ ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਇਮਾਰਤਾਂ ਤੇ ਸੰਪਤੀ ਕਰਾਂ ਦੀ ਦਰ ਵਿੱਚ 20% ਤੋਂ ਵੱਧ ਅੰਤਰ ਨਹੀਂ ਹੋ ਸਕਦਾ। ਵੱਡੇ ਸ਼ਹਿਰਾਂ ਨੂੰ ਸਰਕਾਰ ਦੀ ਵਿਸ਼ੇਸ਼ ਨੀਤੀ ਅਨੁਸਾਰ ਚੱਲਣਾ ਪੈਂਦਾ ਹੈ ਜਿਸ ਤਹਿਤ ਸਰਕਾਰ ਦੁਆਰਾ ਸੂਚਿਤ ਕੀਤੇ ਗਏ ਖੇਤਰਾਂ ਵਿੱਚ ਸੁਧਾਰ ਦਿਖਾਉਣੇ ਹੁੰਦੇ ਹਨ। ਇਹ ਨੀਤੀ ਸੰਪਤੀ ਕਰ ਸਮੇਤ ਸਾਰੇ ਕਰਾਂ ਵਿੱਚ ਸੁਧਾਰ ਕਰਨ ਤੇ ਜੋਰ ਦਿੰਦੀ ਹੈ।

ਸਪੇਨ ਵਿੱਚ ਸੰਪਤੀ ਕਰ ਨਗਰ ਪਾਲਕਾਵਾਂ ਦੁਆਰਾ ਇਮਾਰਤਾਂ ਅਤੇ ਭੂਮੀ ਤੇ ਲਗਾਇਆ ਜਾਣ ਵਾਲਾ ਲਾਜ਼ਮੀ ਕਰ ਹੈ। ਕਰ ਸੰਪਤੀ ਦੀ ਕੀਮਤ ਤੇ ਆਧਾਰਤ ਹੈ ਅਤੇ ਇਸ ਨੂੰ ਰਾਜਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਬਜ਼ਾਰੀ ਕੀਮਤ ਤੇ ਆਧਾਰਤ ਇਸ ਕਰ ਦੀ ਅਦਾਇਗੀ ਇਸ ਕੀਮਤ ਦੀ 3-4% ਦਰ ਤੇ ਸਲਾਨਾ ਹੁੰਦੀ ਹੈ। 1998 ਵਿੱਚ ਸੰਪਤੀ ਕਰ ਨਗਰ ਪਾਲਕਾਵਾਂ ਦੀ ਆਮਦਨੀ ਦਾ ਇਕੱਲਾ ਸਭ ਤੋਂ ਵੱਡਾ ਸਰੋਤ ਸੀ (ਜੋ ਇਨ੍ਹਾਂ ਦੀ ਕੁੱਲ ਆਮਦਨੀ ਦਾ 16% ਸੀ)।

ਪੰਜਾਬ ਦੀਆਂ ਕਈ ਨਗਰ ਪਾਲਕਾਵਾਂ ਵਿੱਚ ਵਰਿੱਧੀ ਮੁਖੀ ਰੁਝਾਣ ਦੇਖੇ ਜਾ ਸਕਦੇ ਹਨ। ਲੁਧਿਆਣਾ ਨਗਰ ਨਿਗਮ ਨੇ ਸੰਪਤੀ ਕਰ ਤੋਂ ਹੋਣ ਵਾਲੀ ਆਮਦਨੀ ਵਧਾਉਣ ਲਈ ਕਈ ਨਵੀਨ ਕਦਮ ਚੁੱਕੇ ਹਨ। ਨਤੀਜੇ ਵਜੋਂ ਸੰਪਤੀ ਕਰ ਤੋਂ ਹੋਣ ਵਾਲੀ ਇਸ ਦੀ ਆਮਦਨੀ 1997-98 ਵਿੱਚ 14.06 ਕਰੋੜ ਤੋਂ ਵਧ ਕੇ 2001-02 ਵਿੱਚ 32.41 ਕਰੋੜ ਹੋ ਗਈ। 2001-02 ਵਿੱਚ ਨਿਗਮ ਦੁਆਰਾ ਵਸੂਲਿਆ ਗਿਆ ਸੰਪਤੀ ਕਰ ਪੰਜਾਬ ਭਰ ਵਿੱਚੋਂ ਵਸੂਲੇ ਗਏ ਸੰਪਤੀ ਕਰ ਦਾ ਲਗਭਗ 49% ਸੀ। ਇਹ ਰਾਜ ਦੇ ਬਾਕੀ ਤਿੰਨ ਨਗਰ ਨਿਗਮਾਂ ਦੁਆਰਾ ਵਸੂਲੇ ਗਏ ਕੁੱਲ ਸੰਪਤੀ ਕਰ ਤੋਂ ਤਿੰਨ ਗੁਣਾ ਅਤੇ ਬਾਕੀ ਸਾਰੀਆਂ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੁਆਰਾ ਵਸੂਲੇ ਗਏ ਸੰਪਤੀ ਕਰ ਤੋਂ ਲਗਭਗ ਦੁੱਗਣਾ ਸੀ। ਲੁਧਿਆਣਾ ਨਗਰ ਨਿਗਮ ਦੁਆਰਾ ਅਪਣਾਈਆਂ ਗਈਆਂ ਨਵੀਨ ਪ੍ਰਣਾਲੀਆਂ ਵਰਿੱਧੀ-ਮੁਖੀ ਅਤੇ ਨਿਰੰਤਰ ਚੱਲਣ ਯੋਗ ਹਨ। ਸੰਪਤੀ ਕਰ ਤੋਂ ਹੋਣ ਵਾਲੀ ਆਮਦਨੀ ਵਿੱਚ ਵਾਧਾ ਕਰਨ ਲਈ ਇਨ੍ਹਾਂ ਪ੍ਰਣਾਲੀਆਂ ਦਾ ਪ੍ਰਯੋਗ ਪੰਜਾਬ ਦੀਆਂ ਹੋਰ ਨਗਰ ਪਾਲਕਾਵਾਂ ਦੁਆਰਾ ਵੀ ਕੀਤਾ ਜਾ ਸਕਦਾ ਹੈ। ਸੰਪਤੀ ਕਰ ਵਿੱਚ ਵਾਧਾ ਕਰਨ ਲਈ ਪੰਜਾਬ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਚੋਣਵੇਂ ਦੇਸ਼ਾਂ ਤੋਂ ਵੀ ਸਬਕ ਲੈ ਸਕਦਾ ਹੈ।

## ਉਪਭੋਗਤਾਵਾਂ ਤੋਂ ਵਸੂਲੇ ਜਾਣ ਵਾਲੇ ਖਰਚਿਆਂ ਨੂੰ ਤਰਕ ਸੰਗਤ ਬਣਾ ਕੇ ਲਾਗਤ ਦੀ ਵਸੂਲੀ ਕਰਨ ਲਈ ਕੀਮਤਾਂ ਨਿਸ਼ਚਿਤ ਕਰਨਾ

ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚੇ ਸੇਵਾਵਾਂ ਦੀ ਲਾਗਤ ਵਸੂਲ ਕਰਨ ਦਾ ਇੱਕ ਬਹੁਤ ਵੱਡਾ ਸਾਧਨ ਹਨ। ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਦਾ ਪ੍ਰਬੰਧ, ਠੋਸ ਕੂੜੇ ਕਰਕਟ ਨੂੰ ਇੱਕਠਾ ਕਰਨ ਅਤੇ ਪਾਰਕ ਆਦਿ ਸਹੂਲਤਾਂ ਮੁਹੱਈਆ ਕਰਵਾਉਣ ਤੇ ਉਪਭੋਗਤਾ ਖਰਚੇ ਵਸੂਲਣੇ ਜਾਇਜ਼ ਹਨ। ਅਰਥ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਲਾਗਤ ਵਸੂਲੀ ਦੀ ਦਲੀਲ ਦਾ ਅਧਾਰ ਇਹ ਹੈ ਕਿ ਉਪਭੋਗਤਾ ਤੋਂ ਲਏ ਜਾਣ ਵਾਲੇ ਖਰਚੇ ਮੁਹੱਈਆ ਕਰਵਾਈ ਜਾਣ ਵਾਲੀ ਸੇਵਾ ਦੀ ਪ੍ਰਤੀ ਇਕਾਈ ਲਾਗਤ ਤੇ ਆਧਾਰਤ ਹੋਣੇ ਚਾਹੀਦੇ ਹਨ। ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚਿਆਂ ਦੀ ਸਹੀ ਦਰ ਨਿਸ਼ਚਿਤ ਕਰਕੇ ਲਾਗਤ ਵਸੂਲੀ ਕਰਨਾ ਅੱਜ ਦੇ ਸਮੇਂ ਦੀ ਲੋੜ ਹੈ। ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਅਤੇ ਠੋਸ ਕੂੜੇ ਕਰਕਟ ਨੂੰ ਇਕੱਠਾ ਕਰਨ ਜਿਹੀਆਂ ਸੇਵਾਵਾਂ ਤੇ ਹੋਣ ਵਾਲੀ ਲਾਗਤ ਇਨ੍ਹਾਂ ਸੇਵਾਵਾਂ ਲਈ ਵਸੂਲ ਕੀਤੇ ਜਾਣ ਵਾਲੇ ਖਰਚਿਆਂ ਦੀ ਤੁਲਨਾ ਵਿੱਚ ਤੇਜੀ ਨਾਲ ਵਧ ਰਹੀ ਹੈ। ਪਿਛਲੇ ਸਮੇਂ ਵਿੱਚ ਰਾਜ ਸਰਕਾਰ ਦੁਆਰਾ ਲਏ ਗਏ ਫੈਸਲਿਆਂ ਨੇ ਮੁੱਢਲੀਆਂ ਨਾਗਰਿਕ ਸੇਵਾਵਾਂ ਦੇ ਸੰਚਾਲਨ ਅਤੇ ਸਾਂਭ-ਸੰਭਾਲ ਦੀ ਲਾਗਤ ਵਸੂਲੀ ਨੂੰ ਵੀ ਮੁਸ਼ਕਲ ਬਣਾ ਦਿੱਤਾ ਹੈ। ਸ਼ਹਿਰਾਂ ਦੇ ਗਰੀਬ ਨਾਗਰਿਕਾਂ ਲਈ Cross Subsidy ਦੀ ਪ੍ਰਣਾਲੀ ਅਪਣਾਈ ਜਾ ਸਕਦੀ ਹੈ। ਜਲ-ਪੂਰਤੀ ਅਤੇ ਸਫਾਈ ਪ੍ਰਬੰਧ ਦੇ ਖਰਚਿਆਂ ਨੂੰ ਏਕੀਕ੍ਰਿਤ ਕਰਨ ਦੀ ਕੋਸ਼ਿਸ਼ ਦੁਆਰਾ ਵੀ ਸ਼ਹਿਰੀ ਸਥਾਨਕ ਸੰਸਥਾਵਾਂ ਇਨ੍ਹਾਂ ਸੇਵਾਵਾਂ ਤੇ ਹੋਣ ਵਾਲੇ ਖਰਚ ਵਿੱਚ ਹੋਏ ਵਾਧੇ ਦੀ ਵਸੂਲੀ ਕਰ ਸਕਦੀਆਂ ਹਨ। ਪਾਣੀ ਦੇ ਨੁਕਸਾਨ ਅਤੇ ਬਿਨਾਂ ਬਿਲ ਦਿੱਤਿਆਂ ਇਸ ਦੀ ਵਰਤੋਂ ਨੂੰ ਘਟਾਉਣ ਦੀ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਨਾਲ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਵਾਧੂ ਖਰਚੇ ਘਟਣਗੇ ਅਤੇ ਮੰਗ ਦੀ ਵੀ ਪੂਰਤੀ ਹੋਵੇਗੀ। ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਲਈ ਲਏ ਜਾਣ ਵਾਲੇ ਖਰਚਿਆਂ ਦੀ ਉੱਕੀ-ਪੁੱਕੀ ਦਰ ਦੀ ਪ੍ਰਣਾਲੀ ਵਿੱਚ ਵੀ ਕਈ ਨੁਕਸ ਹਨ, ਕਿਉਂਕਿ ਇਹ ਉਪਭੋਗਤਾਵਾਂ ਦੇ ਵੱਖ-ਵੱਖ ਵਰਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਔਸਤ ਕੀਮਤ ਤੇ ਆਧਾਰਤ ਹੈ। ਸੇਵਾਵਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਤੋਂ ਇਨ੍ਹਾਂ ਤੇ ਆਏ ਖਰਚ ਦੀ ਵਸੂਲੀ ਕਰਨੀ ਚਾਹੀਦੀ ਹੈ। ਨਾਗਰਿਕ ਸੇਵਾਵਾਂ ਲਈ ਲਏ ਜਾਣ ਵਾਲੇ ਖਰਚਿਆਂ ਦੀ ਵਪਾਰਕ ਦਰ ਨਿਸ਼ਚਿਤ ਕਰਨ ਦਾ ਹੁਣ ਸਹੀ ਮੌਕਾ ਹੈ। ਗਰੀਬ ਬਸਤੀਆਂ ਲਈ ਸਮੂਹਕ ਕਰ ਪ੍ਰਣਾਲੀ ਸ਼ੁਰੂ ਕੀਤੀ ਜਾ ਸਕਦੀ ਹੈ। ਦਰ ਨਿਸ਼ਚਿਤ ਕਰਨ ਵੇਲੇ ਸਬਸਿਡੀਆਂ ਦਾ ਵੀ ਅਨੁਮਾਨ ਲਗਾਇਆ ਜਾਣਾ ਚਾਹੀਦਾ ਹੈ। ਸੰਸਥਾਗਤ ਅਤੇ ਤਕਨੀਕੀ ਕੁਸ਼ਲਤਾ ਦੀਆਂ ਘਾਟਾਂ ਨੂੰ ਵੀ ਪੂਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਖਰਚਾ ਅਦਾ ਕਰਨ ਦੇ ਇੱਛੁਕ ਵਿਅਕਤੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਨਾਲ ਦਰਾਂ ਨਿਸ਼ਚਿਤ ਕਰਨ ਦੀ ਵਿਉਪਾਰਕ ਤੌਰ ਤੇ ਹੰਢਣਸਾਰ ਪ੍ਰਣਾਲੀ ਅਪਣਾਉਣ ਵਿੱਚ ਸਹਾਇਤਾ ਮਿਲ ਸਕਦੀ ਹੈ। ਨੀਵੇਂ ਪੱਧਰ ਦਾ ਸੰਤੁਲਨ ਕਾਇਮ ਕਰਨ ਦੀ ਕੁੜਿੱਕੀ ਵਿੱਚੋਂ ਬਾਹਰ ਨਿੱਕਲ ਕੇ ਦਰਾਂ ਨਿਸ਼ਚਿਤ ਕਰਨ ਦੀ ਚੰਗੀ

ਨੀਤੀ ਅਪਣਾਉਣ ਦਾ ਹੁਣ ਵਧੀਆ ਮੌਕਾ ਹੈ। ਇਸ ਨਾਲ ਸਾਧਨਾਂ ਦੀ ਵੰਡ ਵਿੱਚ ਕਾਰਜ-ਕੁਸ਼ਲਤਾ ਅਤੇ ਨਿਰਪੱਖਤਾ ਆਵੇਗੀ ਅਤੇ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਹੋਰ ਪ੍ਰਭਾਵਸ਼ਾਲੀ ਅਤੇ ਵਿੱਤੀ ਤੌਰ ਤੇ ਹੰਢਣਸਾਰ ਹੋਣਗੀਆਂ।

ਰਾਜ ਦੇ ਪਹਿਲੇ ਵਿੱਤ ਕਮਿਸ਼ਨ ਅਨੁਸਾਰ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ, ਗੱਡੀਆਂ ਖੜ੍ਹੀਆਂ ਕਰਨ ਦੇ ਸਥਾਨਾਂ ਅਤੇ ਬਾਦ ਵਿੱਚ ਠੋਸ ਕੂੜੇ ਕਰਕਟ ਦੇ ਪ੍ਰਬੰਧ ਅਤੇ ਸਾਰੀਆਂ ਨਾਗਰਿਕ ਸੇਵਾਵਾਂ ਲਈ ਖਰਚੇ ਵਸੂਲੇ ਜਾਣੇ ਚਾਹੀਦੇ ਹਨ। ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚੇ ਵੱਖ-ਵੱਖ ਸੇਵਾਵਾਂ ਤੇ ਹੋਣ ਵਾਲੀ ਪੂਰੀ ਦੀ ਪੂਰੀ ਲਾਗਤ ਨੂੰ ਵਸੂਲਣ ਦੇ ਸਿਧਾਂਤ ਅਨੁਸਾਰ ਹੋਣੇ ਚਾਹੀਦੇ ਹਨ ਜਿਸ ਵਿੱਚ ਇਨ੍ਹਾਂ ਸੇਵਾਵਾਂ ਦੇ ਸੰਚਾਲਨ ਅਤੇ ਸਾਂਭ ਸੰਭਾਲ, ਬਿਲ ਬਣਾਉਣ ਅਤੇ ਵੰਡਣ ਦੇ ਖਰਚੇ ਅਤੇ ਇਨ੍ਹਾਂ ਵਿੱਚ ਹੋਏ ਨਿਵੇਸ਼ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਸਮੇਂ ਸਮੇਂ ਤੇ, ਘੱਟੋ-ਘੱਟ ਹਰ ਤਿੰਨ ਸਾਲ ਬਾਦ ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚਿਆਂ ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ। ਉਪਭੋਗ ਤੇ ਆਧਾਰਤ ਵਸੂਲੀ ਅਤੇ ਕਮਜੋਰ ਵਰਗਾਂ ਲਈ Cross Subsidies ਦੀ ਪ੍ਰਣਾਲੀ ਸ਼ੁਰੂ ਕਰਨੀ ਚਾਹੀਦੀ ਹੈ। ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਦੁਆਰਾ ਨਿਸ਼ਚਿਤ ਕੀਤੇ ਗਏ ਟੀਚੇ ਅਨੁਸਾਰ ਸਾਲ 2005-06 ਤੱਕ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਸੰਚਾਲਨ ਅਤੇ ਸਾਂਭ ਸੰਭਾਲ ਤੇ ਹੋਣ ਵਾਲੇ ਖਰਚ ਦੀ 100% ਵਸੂਲੀ ਕਰ ਲੈਣੀ ਚਾਹੀਦੀ ਹੈ। ਪਰ ਇਹ ਟੀਚਾ ਅਧੂਰਾ ਹੀ ਰਿਹਾ ਕਿਉਂਕਿ ਅਪ੍ਰੈਲ 2003 ਵਿੱਚ ਜਲ-ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਲਈ ਲਏ ਜਾਣ ਵਾਲੇ ਖਰਚਿਆਂ ਵਿੱਚ ਕੀਤੀ ਗਈ ਸੋਧ ਨੂੰ ਫਰਵਰੀ 2004 ਵਿੱਚ ਸੰਸਦੀ ਚੋਣਾਂ ਤੋਂ ਐਨ ਪਹਿਲਾਂ ਲਾਗੂ ਹੋਣ ਤੋਂ ਰੋਕ ਲਿਆ ਗਿਆ। ਸੋਧੀਆਂ ਹੋਈਆਂ ਦਰਾਂ ਨੂੰ ਲਾਗੂ ਕਰਨ ਤੇ ਲਗਾਈ ਗਈ ਰੋਕ ਨੂੰ ਕੇਵਲ ਪਿਛਲੇ ਸਾਲ ਹੀ ਹਟਾਇਆ ਗਿਆ। ਹੁਣ ਫੇਰ ਸਰਕਾਰ ਨੇ ਪੰਜ ਮਰਲੇ ਦੇ ਮਕਾਨਾਂ ਵਾਲੇ ਨਾਗਰਿਕਾਂ ਨੂੰ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਲਈ ਅਦਾ ਕੀਤੇ ਜਾਣ ਵਾਲੇ ਖਰਚਿਆਂ ਤੋਂ ਛੋਟ ਦੇ ਦਿੱਤੀ ਹੈ। ਨਾਗਰਿਕ ਸੇਵਾਵਾਂ ਨੂੰ ਸਮਾਜਕ ਵਸਤੂਆਂ ਸਮਝ ਕੇ ਮੁਫਤ ਜਾਂ ਮਾਮੂਲੀ ਕੀਮਤ ਤੇ ਨਹੀਂ ਦਿੱਤਾ ਜਾਣਾ ਚਾਹੀਦਾ। ਇਹ ਸਸਤੀ ਰਾਜਨੀਤਕ ਵਾਹ-ਵਾਹ ਖੱਟਣ ਲਈ ਹੁੰਦਾ ਹੈ ਜਿਵੇਂ ਕਿ ਮੌਜੂਦਾ ਸਰਕਾਰ ਅਗਲੀਆਂ ਚੋਣਾਂ ਤੋਂ ਐਨ ਪਹਿਲਾਂ ਮੱਤਦਾਤਾਵਾਂ ਨੂੰ ਖੁਸ਼ ਕਰਨ ਲਈ ਕਰਦੀ ਹੈ। ਇਸ ਨਾਲ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਵਿੱਤੀ ਅਧਾਰ ਤੇ ਮਾੜਾ ਅਸਰ ਪਵੇਗਾ ਅਤੇ ਇਹ ਨੀਵੇਂ ਪੱਧਰ ਦੇ ਸੰਤੁਲਨ ਦੀ ਕੁੜਿੱਕੀ ਵਿੱਚ ਫੇਰ ਫਸ ਜਾਣਗੀਆਂ ਜਿਸ ਨਾਲ ਸੇਵਾਵਾਂ ਦੀ ਕੀਮਤ ਘੱਟ ਨਿਸ਼ਚਿਤ ਕੀਤੀ ਜਾਂਦੀ ਹੈ, ਅਤੇ ਉਨ੍ਹਾਂ ਦੀ ਉਚਿਤ ਲਾਗਤ ਵਸੂਲ ਨਹੀਂ ਹੁੰਦੀ ਹੈ। ਇਸ ਤੋਂ ਇਲਾਵਾ ਇਸ ਨਾਲ ਸੇਵਾਵਾਂ ਦੀ ਪਹੁੰਚ ਅਤੇ ਗੁਣਵੱਤਾ ਵੀ ਘਟਦੀ ਹੈ।

Rana (2003) ਅਨੁਸਾਰ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੀਆਂ ਸੇਵਾਵਾਂ ਨੂੰ ਨਿਰੰਤਰ ਚਲਦੇ ਰਹਿਣ ਯੋਗ ਬਣਾਉਣ ਲਈ ਹੇਠ ਲਿਖੇ ਜਤਨਾਂ ਤੇ ਜੋਰ ਦੇਣਾ ਚਾਹੀਦਾ ਹੈ :

* ਬੁਨਿਆਦੀ ਢਾਂਚੇ ਦਾ ਵਿਉਪਾਰੀਕਰਣ ਜਿਸ ਵਿੱਚ ਉਪਭੋਗਤਾ ਤੋਂ ਉਸ ਨੂੰ ਮੁਹੱਈਆ ਕਰਾਈਆਂ ਜਾਣ ਵਾਲੀਆਂ ਸੇਵਾਵਾਂ ਲਈ ਖਰਚੇ ਵਸੂਲੇ ਜਾਂਦੇ ਹਨ।
* ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੀਆਂ ਸੇਵਾਵਾਂ ਲਈ ਖਰਚੇ ਸਿੱਧੇ ਤੌਰ ਤੇ ਜਾਂ ਸੰਪਤੀ ਕਰ ਦੇ ਕੁੱਝ ਪ੍ਰਤੀਸ਼ਤ ਦੇ ਤੌਰ ਤੇ ਵਸੂਲਣੇ।
* ਜਲ ਪੂਰਤੀ ਦੀ ਸੇਵਾ ਮੁਹੱਈਆ ਕਰਵਾਉਣ ਤੇ ਰਜਿਸਟ੍ਰੇਸ਼ਨ ਦਾ ਖਰਚਾ ਲੈਣਾ ਅਤੇ ਪੇਸ਼ਗੀ ਭੁਗਤਾਨ ਕਰਵਾਉਣੇ।
* ਪਾਣੀ ਦੀ ਦੁਰਵਰਤੋਂ ਰੋਕਣ ਲਈ ਮੀਟਰ ਲਗਾਉਣੇ ਅਤੇ ਇਸਦੇ ਖਰਚਿਆਂ ਦੀ ਵਸੂਲੀ ਵਿੱਚ ਸੁਧਾਰ ਕਰਨਾ।
* ਖਰਚਿਆਂ ਦੀ ਦਰ ਤੈਅ ਕਰਨ ਲਈ ਵਿਵਹਾਰਕ ਨੀਤੀ ਅਪਣਾਉਣਾ ਜਿਸ ਨਾਲ ਲਾਗਤ ਦੀ ਮੁਕੰਮਲ ਵਸੂਲੀ ਨੂੰ ਉਤਸ਼ਾਹ ਮਿਲੇ; ਮੁਦਰਾ ਸਫੀਤੀ ਅਨੁਸਾਰ ਦਰਾਂ ਨੂੰ ਸਮੇਂ ਸਮੇਂ ਤੇ ਸੋਧਣਾ ।

ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਤੇ ਮਾਰਚ 1993 ਵਿੱਚ ਹੋਏ ਰਾਸ਼ਟਰੀ ਸੰਮੇਲਨ ਵਿੱਚ ਵੀ ਸਿਫਾਰਿਸ਼ ਕੀਤੀ ਗਈ ਸੀ ਕਿ ਲਾਗਤ ਦੀ ਪੂਰੀ ਵਸੂਲੀ, ਬਿਲ ਬਣਾਉਣ ਅਤੇ ਉਗਰਾਹੁਣ ਵਿੱਚ ਸੁਧਾਰ, ਸੇਵਾਵਾਂ ਮੁਹੱਈਆ ਕਰਵਾਉਣ ਤੇ ਆਉਣ ਵਾਲੇ ਖਰਚ ਵਿੱਚ ਕਮੀ, ਸੇਵਾਵਾਂ ਦੇ ਸੰਚਾਲਨ ਅਤੇ ਸਾਂਭ-ਸੰਭਾਲ ਤੇ ਆਉਣ ਵਾਲੇ ਖਰਚ ਦੀ ਵਸੂਲੀ ਲਈ ਇਸ ਖਰਚ ਵਿੱਚ ਹੋਣ ਵਾਲੇ ਵਾਧੇ ਦੀ ਔਸਤ ਦੇ ਅਧਾਰ ਤੇ ਸੇਵਾਵਾਂ ਲਈ ਵਸੂਲੇ ਜਾਣ ਵਾਲੇ ਖਰਚਿਆਂ ਦੀ ਦਰ ਦਾ ਨਿਰਧਾਰਣ, ਟੁੱਟ-ਫੁੱਟ ਆਦਿ ਕਰਕੇ ਹੋਣ ਵਾਲੇ ਖਰਚੇ ਦੀ ਵਸੂਲੀ ਅਤੇ ਕਰਜਿਆਂ ਦੀ ਵਾਪਸੀ ਲਈ ਵਸੂਲੀ ਦਾ ਸਿਧਾਂਤ ਅਪਣਾਉਣਾ ਚਾਹੀਦਾ ਹੈ।

ਕਈ ਰਾਜਾਂ ਨੇ ਸੇਵਾਵਾਂ ਲਈ ਲਏ ਜਾਣ ਵਾਲੇ ਖਰਚਿਆਂ ਦੀ ਦਰ ਦੇ ਨਿਰਧਾਰਣ ਅਤੇ ਸੇਵਾਵਾਂ ਤੇ ਆਉਣ ਵਾਲੇ ਖਰਚ ਦੀ ਪੂਰੀ ਵਸੂਲੀ ਵਿੱਚ ਸੁਧਾਰ ਕਰਨ ਦੇ ਉਪਰਾਲੇ ਕੀਤੇ ਹਨ। ਪ੍ਰਗਤੀਸ਼ੀਲ ਭਾਰਤੀ ਰਾਜ ਇਸ ਦਿਸ਼ਾ ਵਿੱਚ ਕਈ ਕਦਮ ਚੁੱਕ ਰਹੇ ਹਨ। ਕਰਨਾਟਕ ਸਰਕਾਰ ਨੇ ਜਲ ਪੂਰਤੀ ਦੇ ਪ੍ਰਬੰਧ ਵਿੱਚ ਸੁਧਾਰ ਲਾਗੂ ਕਰ ਦਿੱਤੇ ਹਨ। ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦਾ ਸਹਾਰਾ ਲੈਂਦੇ ਹੋਏ ਇਸਨੇ ਸਾਰੇ ਦਸਤਾਵੇਜ ਤਿਆਰ ਕਰਨ, ਬਿਲ ਬਣਾਉਣ ਅਤੇ ਵਸੂਲਣ ਲਈ ਕੰਪਿਊਟਰਾਂ ਦੀ ਵਰਤੋਂ ਕੀਤੀ ਹੈ। ਹਿਸਾਬ ਕਿਤਾਬ ਰੱਖਣ ਦੀ ਦੂਹਰੇ ਇੰਦਰਾਜਾਂ ਵਾਲੀ ਪ੍ਰਣਾਲੀ ਨਾਲ ਵੀ ਨਾਗਰਿਕ ਸਹੂਲਤਾਂ ਤੇ ਹੋਣ ਵਾਲੇ ਖਰਚ ਅਤੇ ਨਗਰ ਪਾਲਕਾ ਦੀ ਆਮਦਨੀ ਦਾ ਸਹੀ ਅਨੁਮਾਨ ਲਗਾਉਣ ਵਿੱਚ ਸਹਾਇਤਾ ਮਿਲੇਗੀ। ਇਸ ਨਾਲ ਲਾਗਤ ਵਿੱਚ ਹੋ ਰਹੇ ਵਾਧੇ ਦੀ ਵਸੂਲੀ ਲਈ ਸੇਵਾਵਾਂ ਲਈ ਲਏ ਜਾਣ ਵਾਲੇ ਖਰਚਿਆਂ ਦੀ ਦਰ ਨਿਸ਼ਚਿਤ ਕਰਨ ਦੀ ਪ੍ਰਣਾਲੀ ਦਾ ਨਿਰਮਾਣ ਹੋਵੇਗਾ। ਬੰਗਲੌਰ ਦੇ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦਾ ਪ੍ਰਬੰਧ ਕਰਨ ਵਾਲੇ ਬੋਰਡ (Bangalore water supply and Sewerage Board) ਨੇ ਜਲ ਵੰਡ ਪ੍ਰਣਾਲੀ ਵਿੱਚ ਹੋ ਰਹੇ ਨੁਕਸਾਨ ਨੂੰ ਰੋਕਣ ਲਈ ਇੱਕ ਨਿੱਜੀ ਖੇਤਰ ਦੇ ਸੰਗਠਨ ਦੀ ਸਹਾਇਤਾ ਲਈ ਹੈ। ਬਿਲ ਬਣਾਉਣ ਅਤੇ ਵਸੂਲ ਕਰਨ ਦੀ ਸਵੈ-ਚਾਲਤ ਪ੍ਰਣਾਲੀ ਲਾਗੂ ਕੀਤੀ ਗਈ ਹੈ ਅਤੇ ਇਸ ਮੰਤਵ ਲਈ ਬੋਰਡ ਨੇ ਸ਼ਹਿਰ ਵਿੱਚ ਵੱਖ-ਵੱਖ ਸਥਾਨਾਂ ਤੇ ਸਵੈ-ਚਾਲਤ ਮਸ਼ੀਨਾਂ ਲਗਾ ਰੱਖੀਆਂ ਹਨ। ਬਾਰ ਕੋਡ ਵਾਲਾ ਬਿਲ ਸਕੈਨਰ ਸਾਮ੍ਹਣੇ ਰੱਖ ਦਿੱਤਾ ਜਾਂਦਾ ਹੈ ਅਤੇ ਕੰਪਿਊਟਰ ਦੇ ਪਰਦੇ ਤੇ ਉਪਭੋਗਤਾ ਦਾ ਖਾਤਾ ਆ ਜਾਂਦਾ ਹੈ। ਇਸ ਤੋਂ ਬਾਦ ਮਸ਼ੀਨ ਵਿੱਚ ਨੋਟ ਪਾ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦੀ ਵਸੂਲੀ ਬਾਦ ਅਪਣੇ ਆਪ ਰਸੀਦ ਜਾਰੀ ਕਰ ਦਿੱਤੀ ਜਾਂਦੀ ਹੈ। ਇਨ੍ਹਾਂ ਮਸ਼ੀਨਾਂ ਵਿੱਚ TCS ਦੁਆਰਾ ਨਿਰਮਿਤ ਸਾਫਟਵੇਅਰ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਜਲ ਅਤੇ ਸਫਾਈ ਪ੍ਰਬੰਧ ਦੇ ਖੇਤਰਾਂ ਵਿੱਚ ਸੁਧਾਰ ਕਰਨ ਲਈ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਕਰਨਾਟਕ ਅਰਬਨ ਵਾਟਰ ਸੈਕਟਰ ਇੰਪਰੂਵਮੈਂਟ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਗਈ। ਮਹਾਰਾਸ਼ਟਰ ਵਿੱਚ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਨੂੰ ਸੁਧਾਰਣ ਦੀ ਯੋਜਨਾ ਬਣਾਉਣ ਲਈ 2000 ਵਿੱਚ ਸੁਖਾਂਤਰ ਕਮੇਟੀ ਦਾ ਗਠਨ ਕੀਤਾ ਗਿਆ। ਕਮੇਟੀ ਦੀਆਂ ਅੰਤਰਿਮ ਸਿਫਾਰਸ਼ਾਂ ਦੇ ਅਧਾਰ ਤੇ ਮਹਾਰਾਸ਼ਟਰ ਸਰਕਾਰ ਨੇ ਇੱਕ ਮਤਾ ਪਾਸ ਕਰਕੇ ਪ੍ਰਣਾਲੀਆਂ ਦੀ ਕਾਰਜ ਪੂਰਤੀ ਵਿੱਚ ਸੁਧਾਰ ਕਰਨ ਦੀ ਪ੍ਰਕਿਰਿਆ ਦਾ ਅਰੰਭ ਕੀਤਾ। ਇਸ ਪ੍ਰੋਗਰਾਮ ਦਾ ਉਦੇਸ਼ ਪਾਣੀ ਦੇ ਲੇਖਾ-ਪਰੀਖਣ, ਇਸ ਦੇ ਰਸਾ ਦਾ ਪਤਾ ਲਗਾ ਕੇ ਇਸ ਵਿੱਚ ਕਮੀ ਕਰਨ ਅਤੇ ਊਰਜਾ ਦੇ ਲੇਖਾ ਪਰੀਖਣ ਦੁਆਰਾ ਊਰਜਾ ਦੀ ਸੰਭਾਲ ਜਿਹੇ ਕੰਮਾਂ ਦੁਆਰਾ ਕਾਰਜ ਕੁਸ਼ਲਤਾ ਵਿੱਚ ਸੁਧਾਰ ਲਿਆਉਣਾ ਹੈ।

ਉਪਭੋਗਤਾਵਾਂ ਤੋਂ ਵੱਖ ਵੱਖ ਸੇਵਾਵਾਂ ਲਈ ਲਏ ਜਾਣ ਵਾਲੇ ਖਰਚਿਆਂ ਦੀ ਦਰ ਨਿਸ਼ਚਿਤ ਕਰਨ ਵਿੱਚ ਸੁਧਾਰ ਅਤੇ ਇਨ੍ਹਾਂ ਸੇਵਾਵਾਂ ਤੇ ਆਈ ਲਾਗਤ ਦੀ ਵਸੂਲੀ ਦੇ ਉਦੇਸ਼ ਨਾਲ JNNURM ਨੇ ਹੇਠ ਲਿਖੇ ਲਾਜ਼ਮੀ ਅਤੇ ਵਿਕਲਪਕ ਸੁਧਾਰਾਂ ਦੀ ਸਿਫਾਰਿਸ਼ ਕੀਤੀ ਹੈ।

**ਸ਼ਹਿਰੀ ਸਥਾਨਕ ਸੰਸਥਾਵਾਂ ਦੇ ਪੱਧਰ ਤੇ ਲਾਜਮੀ ਸੁਧਾਰ :**

* ਸ਼ਹਿਰੀ ਸੰਸਥਾਵਾਂ ਦੁਆਰਾ ਉਪਭੋਗਤਾਵਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਲਈ ਜਾਇਜ ਖਰਚਿਆਂ ਦੀ ਵਸੂਲੀ ਤਾਂ ਕਿ ਇਨ੍ਹਾਂ ਸੇਵਾਵਾਂ ਦੇ ਸੰਚਾਲਨ ਅਤੇ ਸਾਂਭ-ਸੰਭਾਲ ਤੇ ਆਈ ਲਾਗਤ ਅਗਲੇ ਪੰਜ ਸਾਲਾਂ ਵਿੱਚ ਵਸੂਲੀ ਜਾ ਸਕੇ।

* ਸ਼ਹਿਰ ਦੇ ਗਰੀਬ ਨਾਗਰਿਕਾਂ ਨੂੰ ਮੁਢਲੀਆਂ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਥਾਨਕ ਸ਼ਹਿਰੀ ਸੰਸਥਾਵਾਂ ਦੇ ਬਜਟ ਵਿੱਚ ਵਿੱਤ ਦੀ ਵਿਵਸਥਾ।
* ਸ਼ਹਿਰ ਦੇ ਗਰੀਬ ਨਾਗਰਿਕਾਂ ਨੂੰ ਪਾਣੀ ਅਤੇ ਸਫਾਈ ਪ੍ਰਬੰਧ ਜਿਹੀਆਂ ਮੁਢਲੀਆਂ ਸੇਵਾਵਾਂ ਮੁਹੱਈਆ ਕਰਵਾਉਣ ਦੀ ਵਿਵਸਥਾ।

**ਰਾਜ ਪੱਧਰ ਤੇ ਲਾਜ਼ਮੀ ਸੁਧਾਰ :**

* ਸ਼ਹਿਰੀ ਸੇਵਾਵਾਂ ਲਈ ਸੁਤੰਤਰ ਨਿਯਮਤ ਕਰਤਾਵਾਂ ਦੀ ਨਿਯੁਕਤੀ।

**ਰਾਜਾਂ ਅਤੇ ਸਥਾਨਕ ਸ਼ਹਿਰੀ ਸੰਸਥਾਵਾਂ ਲਈ ਵਿਕਲਪਕ ਸੁਧਾਰ :**

* ਭਵਿੱਖ ਵਿੱਚ ਬਣਾਈਆਂ ਜਾਣ ਵਾਲੀਆਂ ਇਮਾਰਤਾਂ ਵਿੱਚ ਵਰਖਾ ਦਾ ਪਾਣੀ ਲਾਜ਼ਮੀ ਤੌਰ ਤੇ ਇਕੱਠਾ ਕਰਨ ਅਤੇ ਪਾਣੀ ਦੀ ਸੰਭਾਲ ਕਰਨ ਦੇ ਵਸੀਲਿਆਂ ਨੂੰ ਅਪਣਾਉਣ ਲਈ ਉਪ-ਨਿਯਮਾਂ ਵਿੱਚ ਸੁਧਾਰ।
* ਸੋਧੇ ਹੋਏ ਪਾਣੀ ਦੀ ਮੁੜ ਵਰਤੋਂ ਬਾਰੇ ਉਪ-ਨਿਯਮ।
* ਸਰਕਾਰੀ ਅਤੇ ਨਿੱਜੀ ਖੇਤਰਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਨਾ।

ਨਗਰ ਪਾਲਕਾਵਾਂ ਲਈ ਬਣਾਏ ਗਏ ਆਦਰਸ਼ ਕਾਨੂੰਨ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ ਨਗਰ ਪਾਲਕਾ ਨੂੰ ਸਬਸਿਡੀ ਅਤੇ ਪਰਿਆਵਰਣ ਦੀ ਸਥਿਤੀ ਬਾਰੇ ਰਿਪੋਰਟਾਂ ਤਿਆਰ ਕਰਨੀਆਂ ਚਾਹੀਦੀਆਂ ਹਨ। ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇ ਸੁਧਾਰ ਲਈ ਆਦਰਸ਼ ਕਾਨੂੰਨ ਨੇ ਸੁਝਾਅ ਦਿੱਤਾ ਹੈ ਕਿ ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚਿਆਂ ਵਿੱਚ ਸੇਵਾਵਾਂ ਦੇ ਸੰਚਾਲਨ ਅਤੇ ਸਾਂਭ ਸੰਭਾਲ ਤੇ ਆਈ ਲਾਗਤ ਦੀ ਝਲਕ ਹੋਣੀ ਚਾਹੀਦੀ ਹੈ। ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਨਿੱਜੀ ਖੇਤਰ, ਗੈਰ ਸਰਕਾਰੀ ਸੰਗਠਨਾਂ ਅਤੇ ਸਮੁਦਾ ਆਧਾਰਤ ਸੰਗਠਨਾਂ ਦਾ ਵੀ ਸਹਿਯੋਗ ਲੈਣਾ ਚਾਹੀਦਾ ਹੈ। ਨਾਗਰਿਕ ਸੇਵਾਵਾਂ ਨੂੰ ਨਿਯਮਤ ਕਰਨ ਲਈ ਰਾਜ ਪੱਧਰ ਦਾ ਕਮਿਸ਼ਨ ਬਣਾਉਣਾ ਚਾਹੀਦਾ ਹੈ।

ਯੂਰਪ ਵਿੱਚ ਨਾਗਰਿਕਾਂ ਤੋਂ ਲਏ ਜਾਣ ਵਾਲੇ ਖਰਚਿਆਂ ਦੀ ਦਰ ਦਾ ਨਿਰਧਾਰਣ ਅਤੇ ਲਾਗਤ ਦੀ ਵਸੂਲੀ ਸਥਾਨਕ ਸ਼ਾਸਨਾਂ ਦੀ ਨੀਤੀ ਦਾ ਮੁੱਖ ਅੰਗ ਹਨ। ਨਾਗਰਿਕ ਸੇਵਾਵਾਂ ਨੂੰ ਵਪਾਰਕ ਵਸਤੂਆਂ ਸਮਝਿਆ ਜਾਂਦਾ ਹੈ। ਫਿਨਲੈਂਡ ਵਿੱਚ ਨਗਰ ਪਾਲਕਾਵਾਂ ਨੂੰ ਅਪਣੇ ਵਿੱਤ ਦੇ ਪ੍ਰਬੰਧ ਵਿੱਚ ਸੰਪੂਰਣ ਸੁਤੰਤਰਤਾ ਪ੍ਰਾਪਤ ਹੈ। ਵੱਖ-ਵੱਖ ਵਸਤੂਆਂ ਅਤੇ ਪਾਣੀ, ਸਫਾਈ ਪ੍ਰਬੰਧ ਅਤੇ ਬਿਜਲੀ ਜਿਹੀਆਂ ਸੇਵਾਵਾਂ ਦੀ ਵਿੱਕਰੀ ਤੋਂ ਹੋਈ ਆਮਦਨੀ ਉਨ੍ਹਾਂ ਦੀ ਅਪਣੀ ਕੁੱਲ ਆਮਦਨੀ ਦਾ 27% ਹੈ। ਨਾਗਰਿਕ ਨਗਰ ਪਾਲਕਾਵਾਂ ਜਾਂ ਨਿੱਜੀ ਖੇਤਰ ਦੇ ਉੱਦਮੀਆਂ ਨੂੰ ਕੂੜਾ ਚੁੱਕਣ ਦੀ ਜੋ ਫੀਸ ਦਿੰਦੇ ਹਨ ਉਸ ਵਿੱਚ ਹੌਲੀ ਹੌਲੀ ਵਾਧਾ ਹੁੰਦਾ ਰਹਿੰਦਾ ਹੈ। ਸਪੇਨ ਵਿੱਚ ਲੋਕ ਪਾਣੀ ਅਤੇ ਹੋਰ ਨਾਗਰਿਕ ਸੇਵਾਵਾਂ ਦੇ ਉਪਭੋਗ ਤੇ ਹੋਏ ਵਾਸਤਵਿਕ ਖਰਚ ਦਾ ਭੁਗਤਾਨ ਕਰਦੇ ਹਨ। ਇੰਗਲੈਂਡ (ਲੈਸਟਰ ਸਿਟੀ ਕੌਂਸਲ ਅਤੇ ਰਟਲੈਂਡ ਕਾਊਂਟੀ ਕੌਂਸਲ) ਵਿੱਚ ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ, ਸਫਾਈ ਪ੍ਰਬੰਧ, ਘਰੇਲੂ ਕੂੜੇ ਕਰਕਟ ਨੂੰ ਚੁੱਕਣ, ਢੋਣ ਅਤੇ ਟਿਕਾਣੇ ਲਗਾਉਣ ਜਿਹੀਆਂ ਸੇਵਾਵਾਂ ਨਿੱਜੀ ਖੇਤਰ ਦੇ ਹਵਾਲੇ ਕਰ ਦਿੱਤੀਆਂ ਗਈਆਂ ਹਨ ਅਤੇ ਨਾਗਰਿਕ ਨਿਯਮਿਤਕਰਤਾ ਅਧਿਕਾਰੀਆਂ ਦੁਆਰਾ ਮੰਜੂਰ ਕੀਤੀਆਂ ਦਰਾਂ ਦੇ ਅਧਾਰ ਤੇ ਨਿੱਜੀ ਖੇਤਰ ਦੀਆਂ ਸੰਬੰਧਤ ਕੰਪਨੀਆਂ ਨੂੰ ਸਿੱਧਾ ਭੁਗਤਾਨ ਕਰਦੇ ਹਨ। ਇਟਲੀ ਵਿੱਚ ਉਰਬੀਨੋ ਦੀ ਨਗਰ ਪਾਲਕਾ ਅਪਣੀ ਵਿੱਤੀ ਸਮਰਥਾ ਨੂੰ ਨਿਰੰਤਰ ਬਣਾਈ ਰੱਖਣ ਲਈ ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚਿਆਂ ਵਿੱਚ ਲਗਾਤਾਰ ਵਾਧਾ ਕਰਨ ਦੇ ਸਿਧਾਂਤ ਦੀ ਪਾਲਣਾ ਕਰਦੀ ਹੈ। ਪਾਣੀ ਦੀ ਵਰਤੋਂ ਬਦਲੇ ਲਏ ਜਾਣ ਵਾਲੇ ਖਰਚਿਆਂ ਦੀ ਦਰ ਸਲੈਬ ਦਰਾਂ (Slab Rates) ਤੇ ਆਧਾਰਤ ਹੈ। ਪਾਣੀ ਦੀ ਵੱਖ ਵੱਖ ਮਾਤਰਾ ਵਿੱਚ ਵਰਤੋਂ ਕਰਨ ਵਾਲਿਆਂ ਤੋਂ ਵੱਖ-ਵੱਖ ਦਰਾਂ ਲਈਆਂ ਜਾਂਦੀਆਂ ਹਨ। ਦਰਾਂ ਨਿਸ਼ਚਿਤ ਕਰਨ ਵੇਲੇ ਹਰ ਪ੍ਰਕਾਰ ਦੇ ਉਭੋਗਤਾਵਾਂ ਦਾ ਖਿਆਲ ਰੱਖਿਆ ਜਾਂਦਾ ਹੈ ਅਤੇ ਹਰ ਉਪਭੋਗਤਾ ਤੋਂ ਉਸ ਦੁਆਰਾ ਵਰਤੇ ਗਏ ਪਾਣੀ ਦੀ ਘਣਤਾ ਅਨੁਸਾਰ ਖਰਚਾ ਲਿਆ ਜਾਂਦਾ ਹੈ। ਦਰਾਂ ਨਿਸ਼ਚਿਤ ਕਰਨ ਵੇਲੇ ਤੰਗੀ ਵਿੱਚ ਰਹਿ ਰਹੇ ਲੋਕਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਕਿੰਤੂ ਜਲ ਪੂਰਤੀ

ਦੇ ਸੰਚਾਲਨ ਅਤੇ ਸਾਂਭ ਸੰਭਾਲ ਤੇ ਆਈ ਲਾਗਤ ਦੀ ਵਸੂਲੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਸਿਧਾਂਤਕ ਤੌਰ ਤੇ ਸੇਵਾਵਾਂ ਤੇ ਹੋਏ ਖਰਚ ਦੀ ਵਸੂਲੀ ਦਾ ਜਤਨ ਕੀਤਾ ਜਾਂਦਾ ਹੈ। ਠੋਸ ਗੰਦਗੀ ਦੇ ਪ੍ਰਬੰਧ ਦੀ ਪ੍ਰਣਾਲੀ ਦੇ ਸੰਚਾਲਨ ਅਤੇ ਸਾਂਭ ਸੰਭਾਲ ਤੇ ਹੋਣ ਵਾਲਾ ਖਰਚ ਇਸ ਸੇਵਾ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਤੋਂ ਲਿਆ ਜਾਂਦਾ ਹੈ। ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚਿਆਂ ਨੂੰ ਨਿਯਮਤ ਤੌਰ ਤੇ ਸੋਧਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਨੂੰ ਮੁਦਰਾ ਸਫੀਤੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਲਈ ਲਏ ਜਾਣ ਵਾਲੇ ਖਰਚਿਆਂ ਦੀ ਵਸੂਲੀ ਤੇ ਇਨ੍ਹਾਂ ਦੀ ਨਿਯਮਤ ਤੌਰ ਤੇ ਕੀਤੀ ਜਾਣ ਵਾਲੀ ਸੋਧ ਵੀ ਦਰ ਨਿਰਧਾਰਣ ਅਤੇ ਲਾਗਤ ਵਸੂਲੀ ਦੀ ਪ੍ਰਣਾਲੀ ਦਾ ਅਵੱਸ਼ਕ ਅੰਗ ਹੈ। ਨਵੀਂ ਸੰਵਿਧਾਨਕ ਵਿਵਸਥਾ ਅਨੁਸਾਰ "ਨਗਰ ਪਾਲਕਾਵਾਂ ਅਪਣੇ ਵਿੱਤ ਦਾ ਆਪ ਪ੍ਰਬੰਧ ਕਰਦੀਆਂ ਹਨ, ਉਹ ਅਪਣੇ ਸੰਚਾਲਨ ਅਤੇ ਪ੍ਰਸ਼ਾਸਨ ਦਾ ਖਰਚ ਆਪ ਉਠਾਉਂਦੀਆਂ ਹਨ ਜਿਹੜਾ ਆਮ ਕਰਕੇ ਸਥਾਨਕ ਕਰਦਾਤਾਵਾਂ ਤੋਂ ਵਸੂਲਿਆ ਜਾਂਦਾ ਹੈ।" ਕਿੰਤੂ ਸੰਵਿਧਾਨ ਵਿੱਚ ਸਮੀਕਰਣ ਫੰਡ (Equalization Fund) ਦੀ ਵੀ ਵਿਵਸਥਾ ਹੈ ਜਿਸ ਦਾ ਮੰਤਵ ਉਨ੍ਹਾਂ ਖੇਤਰਾਂ ਨੂੰ ਲਾਭ ਪਹੁੰਚਾਉਣਾ ਹੈ ਜਿੱਥੇ ਪ੍ਰਤੀ ਵਿਅਕਤੀ ਵਿੱਤੀ ਸਮਰਥਾ ਘੱਟ ਹੈ। ਦਰਾਂ ਦਾ ਨਿਰਧਾਰਣ Authority for Optimum TerritorIl Areas ਦੇ ਅਧੀਨ ਇੱਕ ਸੰਗਠਨ ਦੁਆਰਾ ਕੀਤਾ ਜਾਂਦਾ ਹੈ। ਬੈਲਜੀਅਮ ਵਿੱਚ ਪੀਣ ਦੇ ਸੁਰੱਖਿਅਤ ਪਾਣੀ ਦੀ ਪੈਦਾਵਾਰ ਅਤੇ ਵੰਡ ਤੋਂ ਇਲਾਵਾ ਗੰਦੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਲਈ Water Boards ਨਾਂ ਦੇ ਸੰਗਠਨ ਸਥਾਪਤ ਕੀਤੇ ਗਏ ਹਨ। ਉੱਥੇ ਇਨ੍ਹਾਂ ਸੇਵਾਵਾਂ ਤੇ ਆਈ ਲਾਗਤ ਦੀ ਵਸੂਲੀ ਲਗਭਗ 100% ਹੈ। ਉੱਥੇ ਜਾਣ ਬੁੱਝ ਕੇ ਕੋਈ ਵੀ ਵਿਅਕਤੀ ਬਿਲ ਅਦਾ ਕਰਨ ਤੋਂ ਕੋਤਾਹੀ ਨਹੀਂ ਕਰਦਾ। ਕੂੜੇ ਕਰਕਟ ਨੂੰ ਚੁੱਕਣ, ਢੋਣ ਅਤੇ ਟਿਕਾਣੇ ਲਗਾਉਣ ਦੇ ਪ੍ਰਬੰਧ ਤੇ ਆਏ ਸਲਾਨਾ ਖਰਚੇ ਹਰ ਪਰਿਵਾਰ ਤੋਂ ਲਏ ਜਾਂਦੇ ਹਨ।

ਪੰਜਾਬ ਵਿੱਚ ਨਗਰ ਪ੍ਰਬੰਧ ਦੀਆਂ ਸੁਧਰੀਆਂ ਹੋਈਆਂ ਪ੍ਰਣਾਲੀਆਂ ਰਾਹੀਂ ਲੁਧਿਆਣਾ ਨਗਰ ਨਿਗਮ ਨੇ ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਤੋਂ ਹੋਣ ਵਾਲੀ ਅਪਣੀ ਆਮਦਨੀ ਵਿੱਚ ਵਾਧਾ ਕਰ ਲਿਆ ਸੀ। ਇਨ੍ਹਾਂ ਦੋਵੇਂ ਸੇਵਾਵਾਂ ਲਈ ਕੀਤੀ ਜਾਣ ਵਾਲੀ ਵਸੂਲੀ ਨਾਲ ਨਿਗਮ ਨੂੰ ਹੋਣ ਵਾਲੀ ਆਮਦਨੀ 1996-97 ਵਿੱਚ 5.4 ਕਰੋੜ ਰੁਪਏ (ਜੋ ਰਾਜ ਦੀ ਇਸ ਵਸੀਲੇ ਤੋਂ ਹੋਣ ਵਾਲੀ ਕੁੱਲ ਆਮਦਨੀ ਦਾ 17.97% ਸੀ) ਤੋਂ ਵਧ ਕੇ 2001-2002 ਵਿੱਚ 17.56 ਕਰੋੜ ਰੁਪਏ ਹੋ ਗਈ ਸੀ (ਜੋ ਕਿ ਰਾਜ ਦੀ ਇਸ ਵਸੀਲੇ ਤੋਂ ਹੋਣ ਵਾਲੀ ਕੁੱਲ ਆਮਦਨੀ ਦਾ 29.45% ਸੀ।) ਜਲ ਪੂਰਤੀ ਅਤੇ ਗੰਦੇ ਜਲ ਦੀ ਨਿਕਾਸੀ ਤੋਂ ਹੋਈ ਆਮਦਨੀ ਵਿੱਚ ਹੋਏ ਨਿਰੋਲ ਵਾਧੇ ਅਤੇ ਰਾਜ ਭਰ ਵਿੱਚ ਇਨ੍ਹਾਂ ਵਸੀਲਿਆਂ ਤੋਂ ਹੋਈ ਕੁੱਲ ਆਮਦਨੀ ਵਿੱਚ ਨਿਗਮ ਦੇ ਹਿੱਸੇ ਵਿੱਚ ਹੋਏ ਵਾਧੇ ਤੋਂ ਨਗਰ ਪ੍ਰਬੰਧ ਦੀਆਂ ਨਵੀਨ ਪ੍ਰਣਾਲੀਆਂ ਦਾ ਪਤਾ ਚਲਦਾ ਹੈ। ਲੇਕਿਨ ਹਾਲ ਹੀ ਵਿੱਚ ਪੰਜਾਬ ਸਰਕਾਰ ਦੁਆਰਾ ਪੰਜ ਮਰਲੇ ਦੇ ਮਕਾਨਾਂ ਨੂੰ ਇਨ੍ਹਾਂ ਖਰਚਿਆਂ ਤੋਂ ਛੋਟ ਦੇਣ ਦਾ ਫੈਸਲਾ ਲਏ ਜਾਣ ਕਰਕੇ ਲੁਧਿਆਣਾ ਨਗਰ ਨਿਗਮ ਦੇ ਵਿੱਤੀ ਸਾਧਨਾਂ ਤੇ ਮਾੜਾ ਅਸਰ ਪੈ ਸਕਦਾ ਹੈ।

**ਚੁੰਗੀ ਨੂੰ ਹਟਾਉਣ ਦੇ ਬਦਲੇ ਇੱਕ ਲਚਕਦਾਰ ਕਰ ਦੀ ਵਸੂਲੀ :** ਚੁੰਗੀ ਪੰਜਾਬ ਦਾ ਇੱਕ ਬਹੁਤ ਲਚਕਦਾਰ ਕਰ ਹੈ। ਲੁਧਿਆਣੇ ਅਤੇ ਕਈ ਹੋਰ ਸ਼ਹਿਰਾਂ ਦੀਆਂ ਨਗਰ ਪਾਲਕਾਵਾਂ ਨੇ ਕਈ ਨਵੀਨ ਉਪਰਾਲਿਆਂ ਅਤੇ ਕਰ ਦੇ ਪ੍ਰਭਾਵਸ਼ਾਲੀ ਪ੍ਰਸ਼ਾਸਨ ਰਾਹੀਂ ਏਸ ਕਰ ਵਿੱਚ ਮਹੱਤਵਪੂਰਣ ਵਾਧਾ ਕਰ ਲਿਆ ਹੈ। ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਵਿੱਤੀ ਮੁਆਵਜ਼ਾ ਦੇਣ ਲਈ ਚੁੰਗੀ ਦੇ ਬਦਲੇ ਕੋਈ ਹੋਰ ਲਚਕਦਾਰ ਕਰ ਸ਼ੁਰੂ ਕਰੇ। ਪਿਛਲੇ ਤਜਰਬੇ ਤੋਂ ਪਤਾ ਚਲਦਾ ਹੈ ਕਿ ਸਥਾਨਕ ਸੰਸਥਾਵਾਂ ਨੂੰ ਕੋਈ ਵੀ ਵਿੱਤੀ ਸ਼ਕਤੀ ਨਹੀਂ ਸੌਂਪੀ ਗਈ ਜਿਵੇਂ ਕਿ ਰਾਜ ਦੇ ਪਹਿਲੇ ਵਿੱਤ ਕਮਿਸ਼ਨ ਨੇ ਸਿਫਾਰਿਸ਼ ਕੀਤੀ ਸੀ। ਕਿਉਂਕਿ ਨਗਰ ਪਾਲਕਾਵਾਂ ਨੂੰ ਚੁੰਗੀ ਤੋਂ ਹੋਣ ਵਾਲੀ ਆਮਦਨੀ ਬਹੁਤ ਜ਼ਿਆਦਾ ਹੁੰਦੀ ਹੈ, ਹੋ ਸਕਦਾ ਹੈ ਰਾਜ ਸਰਕਾਰ ਲਈ ਉਨ੍ਹਾਂ ਨੂੰ ਇਸ ਦੇ ਬਦਲੇ ਚੋਖੀ ਰਾਸ਼ੀ ਸੌਂਪਣਾ ਸੰਭਵ ਨਾ ਹੋਵੇ। ਇਸ ਲਈ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਚੁੰਗੀ ਦੇ ਬਦਲੇ ਜਾਂ ਤਾਂ ਨਗਰ ਪਾਲਕਾਵਾਂ ਨੂੰ ਪ੍ਰਵੇਸ਼ ਕਰ ਜਿਹਾ ਕੋਈ ਹੋਰ ਢੁਕਵਾਂ ਕਰ ਲਗਾਉਣ ਦੇਣਾ ਚਾਹੀਦਾ ਹੈ ਜਾਂ ਫਿਰ ਉਨ੍ਹਾਂ ਨੂੰ ਵਿੱਕਰੀ ਕਰ/VAT ਵਿੱਚੋਂ ਇੱਕ ਨਿਸ਼ਚਿਤ ਹਿੱਸਾ ਸੌਂਪਿਆ ਜਾਣਾ ਚਾਹੀਦਾ ਹੈ।

### ਵਿੱਤ ਕਮਿਸ਼ਨਾਂ ਦੀ ਸਿਫ਼ਾਰਿਸ਼ ਅਨੁਸਾਰ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਵਿੱਤੀ ਸਾਧਨਾਂ ਦੀ ਸਪੁਰਦਗੀ:

ਪੰਜਾਬ ਦੇ ਪਹਿਲੇ ਅਤੇ ਦੂਜੇ ਵਿੱਤ ਕਮਿਸ਼ਨਾਂ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸਰਕਾਰੀ ਕਰ ਸੌਂਪੇ ਜਾਣ ਦੀ ਸਿਫਾਰਿਸ਼ ਕੀਤੀ ਹੈ, ਕਿੰਤੂ ਇਹ ਸਾਧਨ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਹੀਂ ਦਿੱਤੇ ਗਏ। ਪੰਜਾਬ ਦੇ ਪਹਿਲੇ ਵਿੱਤ ਕਮਿਸ਼ਨ ਦੀ ਸਿਫਾਰਿਸ਼ ਅਨੁਸਾਰ ਹੇਠ ਲਿਖੇ ਪੰਜ ਕਰਾਂ ਅਤੇ ਡਿਊਟੀਆਂ ਦਾ 20% ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪਿਆ ਜਾਣਾ ਸੀ ਅਤੇ ਇਸ ਰਾਸ਼ੀ ਨੂੰ ਉਨ੍ਹਾਂ ਦਰਮਿਆਨ ਨਿਸ਼ਚਿਤ ਸਿਧਾਂਤਾਂ ਅਨੁਸਾਰ ਵੰਡਿਆ ਜਾਣਾ ਸੀ :

1. ਸਟੈਂਪ ਡਿਊਟੀ
2. ਬਿਜਲੀ ਡਿਊਟੀ
3. ਪੰਜਾਬ ਮੋਟਰ ਵਹੀਕਲ ਕਰ
4. ਮਨੋਰੰਜਨ ਕਰ
5. ਮਨੋਰੰਜਨ (ਸਿਨੇਮਾ ਘਰਾਂ ਤੇ) ਕਰ

ਸਾਰਣੀ-38 ਵਿੱਚ ਦਿਖਾਇਆ ਗਿਆ ਹੈ ਕਿ ਪੰਜਾਬ ਸਰਕਾਰ ਨੇ ਰਾਜ ਦੇ ਪਹਿਲੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੰਨ ਲੈਣ ਦੇ ਬਾਵਜੂਦ ਇਨ੍ਹਾਂ ਪੰਜ ਕਰਾਂ ਦੀ ਪੂਰੀ ਰਾਸ਼ੀ ਸਥਾਨਕ ਸੰਸਥਾਵਾਂ ਨੂੰ ਨਹੀਂ ਸੌਂਪੀ।

**ਸਾਰਣੀ-38**

**ਰਾਜ ਸਰਕਾਰ ਦੇ ਪੰਜ ਕਰਾਂ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦਾ ਹਿੱਸਾ (ਕਰੋੜ ਰੁਪਇਆਂ ਵਿੱਚ)**

| ਸਾਲ | ਰਾਜ ਦੇ ਪੰਜ ਵੰਡੇ ਜਾਣ ਵਾਲੇ ਕਰਾਂ ਤੋਂ ਹੋਈ ਆਮਦਨੀ | ਵਸੂਲੀ ਤੇ ਹੋਇਆ ਖਰਚ | ਕਰਾਂ ਤੋਂ ਹੋਈ ਨਿਰੋਲ ਆਮਦਨੀ (ਕਾਲਮ 2 ਅਤੇ 3) | ਕਰਾਂ ਤੋਂ ਹੋਈ ਨਿਰੋਲ ਆਮਦਨੀ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦਾ 20% ਹਿੱਸਾ | ਸ਼ਹਿਰੀ ਸਥਾਨਕ ਸੰਸਥਾਵਾਂ ਲਈ ਬਜਟ ਵਿੱਚ ਕੀਤੀ ਗਈ ਵਿਵਸਥਾ | ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪੀ ਗਈ ਰਾਸ਼ੀ | ਸ਼ਹਿਰੀ ਸੰਸਥਾਵਾਂ ਨੂੰ ਪਿਆ ਘਾਟਾ (ਕਾਲਮ 6 ਅਤੇ 7 |
|---|---|---|---|---|---|---|---|
| (1) | (2) | (3) | (4) | (5) | (6) | (7) | (8) |
| 1996-97 | 450.54 | 5.15 | 445.39 | 22.27* | 11.89** | - | 11.89 |
| 1997-98 | 476.59 | 6.03 | 470.56 | 94.11 | 50.97 | 36.26 | 14.71 |
| 1998-99 | 542.21 | 12.81 | 529.40 | 105.88 | 45.57 | 10.82 | 34.75 |
| 1999-00 | 706.26 | 4.36 | 689.90 | 137.98 | 40.00 | 13.18 | 26.82 |
| 2000-01 | 912.63 | 11.42 | 901.21 | 180.24 | 32.22 | 17.78 | 14.44 |
| **ਕੁੱਲ** | **3083.23** | **46.77** | **3036..46** | **540.48** | **180..65** | **78.04** | **102.61** |

**Source** : Gupta J. P. & Manoj Kumar TeotI (2002) 'Urban Development' in Punjab Development Report 2002, prepared by CRRID, Chandigarh, New Delhi, Planning Commission of IndI.

**ਨੋਟ** : 1. ਸਟੈਂਪ ਡਿਊਟੀ 2. ਬਿਜਲੀ ਡਿਊਟੀ 3. ਮੋਟਰ ਵਾਹਨ ਕਰ 4. ਮਨੋਰੰਜਨ ਕਰ 5. ਮਨੋਰੰਜਨ (ਸਿਨੇਮਾ ਘਰਾਂ ਤੇ ਕਰ)

* 1996-97 ਦੀ ਚੌਥੀ ਤਿਮਾਹੀ ਲਈ 20% ਹਿੱਸਾ ਜੋ ਇਸ ਸਾਲ ਦੀ ਕੁੱਲ ਨਿਰੋਲ ਆਮਦਨੀ ਦੇ ਚੌਥੇ ਹਿੱਸੇ ਦੇ ਅਧਾਰ ਤੇ ਕੱਢਿਆ ਗਿਆ।

** ਸੋਧੇ ਹੋਏ ਬਜਟ ਵਿੱਚੋਂ ਮਿਲੀ ਹੋਈ ਰਾਸ਼ੀ

ਕਿਉਂਕਿ ਨਗਰ ਪਾਲਕਾਵਾਂ ਨੂੰ ਸੌਂਪੀ ਜਾਣ ਵਾਲੀ ਆਮਦਨੀ ਦਾ ਅਨੁਮਾਨ ਲਗਾਉਣਾ ਹਾਲੇ ਵੀ ਕਠਿਨ ਹੈ, ਇਸ ਕਰਕੇ ਉਨ੍ਹਾਂ ਨੂੰ ਅਪਣੇ ਵਿਕਾਸ ਦੀਆਂ ਗਤੀਵਿਧੀਆਂ ਦੀ ਯੋਜਨਾ ਬਣਾਉਣਾ ਅਤੇ ਉਸ ਦੀਆਂ ਅਗੇਤਾਂ ਨਿਸ਼ਚਿਤ

ਕਰਨਾ ਮੁਸ਼ਕਿਲ ਲਗਦਾ ਹੈ। ਉਚਿਤ ਰਾਸ਼ੀਆਂ ਨਾ ਸੌਂਪੇ ਜਾਣ ਕਰਕੇ ਸਥਾਨਕ ਸੰਸਥਾਵਾਂ ਦੀ ਵਿੱਤੀ ਸਿਹਤ ਤੇ ਮਾੜਾ ਅਸਰ ਪੈ ਰਿਹਾ ਹੈ।

ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਦੀ ਸਿਫਾਰਿਸ਼ ਅਨੁਸਾਰ 2002-03 ਤੋਂ 2005-06 ਦੌਰਾਨ ਰਾਜ ਦੀ ਕਰਾਂ ਤੋਂ ਹੋਣ ਵਾਲੀ ਕੁੱਲ ਆਮਦਨੀ ਦਾ 4% ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ ਜਿਹੜਾ ਉਨ੍ਹਾਂ ਦੀ ਅਬਾਦੀ ਦੇ ਪ੍ਰਤੀਸ਼ਤ ਦੇ ਅਧਾਰ ਤੇ ਵੰਡਿਆ ਜਾਣਾ ਚਾਹੀਦਾ ਹੈ। ਕਮਿਸ਼ਨ ਦੀ ਸਿਫਾਰਿਸ਼ ਅਨੁਸਾਰ ਸੌਂਪੀਆਂ ਜਾਣ ਵਾਲੀਆਂ ਰਾਸ਼ੀਆਂ ਦੇ ਵੇਰਵੇ ਸਾਰਣੀ-39 ਵਿੱਚ ਦਿੱਤੇ ਗਏ ਹਨ :

**ਸਾਰਣੀ-39**

**ਪੰਚਾਇਤੀ ਰਾਜ ਸੰਸਥਾਵਾਂ ਅਤੇ ਸਥਾਨਕ ਸ਼ਹਿਰੀ ਸੰਸਥਾਵਾਂ ਨੂੰ ਸੌਂਪੀਆ ਜਾਣ ਵਾਲੀਆਂ ਰਾਸ਼ੀਆਂ ਦੇ ਅਨੁਮਾਨ (ਕਰੋੜ ਰੁਪਿਆਂ ਵਿੱਚ)**

| ਸਾਲ | ਸਥਾਨਕ ਸੰਸਥਾਵਾਂ ਨੂੰ ਸੌਂਪੀ ਜਾਣ ਵਾਲੀ ਅਨੁਮਾਨਤ ਰਾਸ਼ੀ | ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੀ ਜਾਣ ਵਾਲੀ ਅਨੁਮਾਨਤ ਰਾਸ਼ੀ | ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੌਂਪੀ ਜਾਣ ਵਾਲੀ ਅਨੁਮਾਨਤ ਰਾਸ਼ੀ |
|---|---|---|---|
| 2002-03 | 222.65 | 150.29 | 72.36 |
| 2003-04 | 239.38 | 161.58 | 77.80 |
| 2004-05 | 257.76 | 173.99 | 83.77 |
| 2005-06 | 277.97 | 187.63 | 90.34 |

ਸਰੋਤ : ਪੰਜਾਬ ਦੇ ਦੂਜੇ ਵਿੱਤ ਕਮਿਸ਼ਨ (2002) ਦੀ ਰਿਪੋਰਟ

ਚੰਗਾ ਹੋਵੇਗਾ ਜੇ ਸਥਾਨਕ ਸ਼ਹਿਰੀ ਸੰਸਥਾਵਾਂ ਨੂੰ ਸੌਂਪੀ ਜਾਣ ਵਾਲੀ ਆਮਦਨੀ ਦਾ ਪੂਰਵ-ਅਨੁਮਾਨ ਲਗਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਇਸ ਦੀ ਪੂਰੀ ਰਾਸ਼ੀ ਮਿਲੇ ਤਾਂ ਕਿ ਉਨ੍ਹਾਂ ਦਾ ਵਿੱਤੀ ਅਧਾਰ ਮਜਬੂਤ ਹੋ ਸਕੇ। ਇਸ ਸੰਬੰਧ ਵਿੱਚ ਪੰਜਾਬ ਦੇ ਦੂਜੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਅਮਲ ਕਰਨਾ ਚਾਹੀਦਾ ਹੈ।

ਕੇਰਲ, ਗੁਜਰਾਤ, ਮਹਾਰਾਸ਼ਟਰ, ਕਰਨਾਟਕ ਅਤੇ ਮੱਧ ਪ੍ਰਦੇਸ਼ ਵਰਗੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਨੇ ਅਪਣੇ ਅਪਣੇ ਵਿੱਤ ਕਮਿਸ਼ਨਾਂ ਦੀਆਂ ਸਿਫਾਰਿਸ਼ਾਂ ਲਾਗੂ ਕਰ ਦਿੱਤੀਆਂ ਹਨ। ਕੇਰਲ ਵਿੱਚ ਯੋਜਨਾ ਅਧੀਨ ਅਤੇ ਯੋਜਨਾ ਤੋਂ ਬਾਹਰਲੀਆਂ ਬਹੁਤ ਸਾਰੀਆਂ ਰਾਸ਼ੀਆਂ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ। ਕੇਰਲ ਦੇ ਪਹਿਲੇ ਵਿੱਤ ਕਮਿਸ਼ਨ ਦੀ ਸਿਫਾਰਿਸ਼ ਅਨੁਸਾਰ ਰਾਜ ਦੀ ਆਮਦਨੀ ਦਾ 1% ਸਥਾਨਕ ਸੰਸਥਾਵਾਂ ਨੂੰ Non-Statutory Non-Plan Grants (ਯੋਜਨਾ ਤੋਂ ਬਾਹਰ ਦੀਆਂ ਗਰਾਂਟਾਂ) ਦੇ ਤੌਰ ਤੇ ਸੌਂਪਿਆਂ ਜਾਣਾ ਚਾਹੀਦਾ ਹੈ। ਨਗਰ ਪਾਲਕਾਵਾਂ ਰਾਜ ਦੇ ਦੂਜੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਅਪਣੇ ਸਾਧਨਾਂ ਦਾ ਉਪਯੋਗ ਕਰਨ ਲਈ ਵਾਸਤਵਿਕ ਜਤਨ ਕਰ ਰਹੀਆਂ ਹਨ। ਕੇਰਲ ਮਿਉਂਸਿਪਲਟੀਜ਼ ਐਕਟ ਵਿੱਚ ਤਿੰਨ ਵਾਰ ਸੋਧ ਕਰਕੇ ਇਸ ਵਿੱਚ ਵਿਕੇਂਦਰੀਕਰਣ ਬਾਰੇ ਬਣੀ ਹੋਈ ਕਮੇਟੀ ਦੇ ਸੁਝਾਅ ਅਤੇ ATRs (ਐਕਸ਼ਨ ਟੇਕਨ ਰਿਪੋਰਟਾਂ) ਵਿੱਚ ਵਿੱਤ ਕਮਿਸ਼ਨ ਦੁਆਰਾ ਦਿੱਤੀਆਂ ਗਈਆਂ ਸਿਫਾਰਿਸ਼ਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਮਾਰਚ 2002 ਵਿੱਚ ਸਥਾਨਕ ਸ਼ਾਸਨਾਂ ਦੀ ਕਾਰਜ ਪ੍ਰਣਾਲੀ ਨਾਲ ਸੰਬੰਧ ਰੱਖਣ ਵਾਲੇ ਲਗਭਗ 35 ਕਾਨੂੰਨਾਂ ਵਿੱਚ ਵੀ ਸੋਧ ਕੀਤੀ ਗਈ। ਨਗਰ ਪਾਲਕਾ ਸੰਬੰਧੀ ਬਣਾਏ ਗਏ ਕਾਨੂੰਨਾਂ ਵਿੱਚ ਕੀਤੀ ਗਈ ਵਿਵਸਥਾ ਅਨੁਸਾਰ ਸਥਾਨਕ ਸੰਸਥਾਵਾਂ ਸਾਰੇ ਮੁੱਖ-ਮੁੱਖ ਕਰ ਅਤੇ ਉਪਭੋਗਤਾਵਾਂ ਤੋਂ ਲਏ ਜਾਣ ਵਾਲੇ ਖਰਚੇ ਵਸੂਲ ਕਰ ਰਹੀਆਂ ਹਨ।

ਮਹਾਰਾਸ਼ਟਰ ਦੇ ਪਹਿਲੇ ਵਿੱਤ ਕਮਿਸ਼ਨ ਨੇ ਮਨੋਰੰਜਨ ਕਰ ਦਾ 100%, ਵਾਹਨ ਕਰ ਦਾ 25% ਅਤੇ ਕੰਮ-ਧੰਦਿਆਂ ਤੇ ਲਗਾਏ ਜਾਣ ਵਾਲੇ ਕਰ ਦਾ 10% ਵੱਖ-ਵੱਖ ਵਰਗਾਂ ਦੀਆਂ ਨਗਰ ਪਾਲਕਾਵਾਂ ਵਿੱਚ ਵੰਡੇ ਜਾਣ

ਦੀ ਸਿਫਾਰਿਸ਼ ਕੀਤੀ। ਮੱਧ ਪ੍ਰਦੇਸ਼ ਵਿੱਚ ਰਾਜ ਦੇ ਪਹਿਲੇ ਵਿੱਤ ਕਮਿਸ਼ਨ ਨੇ ਰਾਜ ਦੀ ਕਰ-ਆਧਾਰਤ ਅਤੇ ਗੈਰ ਕਰ-ਆਧਾਰਤ ਆਮਦਨੀ ਦਾ 8.67% ਸਥਾਨਕ ਸੰਸਥਾਵਾਂ ਨੂੰ ਸੌਂਪੇ ਜਾਣ ਦੀ ਸਿਫਾਰਿਸ਼ ਕੀਤੀ। ਕਰਨਾਟਕ ਵਿੱਚ ਰਾਜ ਦੇ ਪਹਿਲੇ ਵਿੱਤ ਕਮਿਸ਼ਨ ਨੇ ਕਰਜ਼ ਤੋਂ ਇਲਾਵਾ ਰਾਜ ਦੀ ਕੁੱਲ ਆਮਦਨੀ (Non-Loan Gross Own Revenue Receipts) ਦਾ 36% ਅਤੇ ਰਾਜ ਦੇ ਦੂਜੇ ਵਿੱਤ ਕਮਿਸ਼ਨ ਨੇ ਇਸ ਦਾ 40% ਸਥਾਨਕ ਸੰਸਥਾਵਾਂ ਨੂੰ ਸੌਂਪੇ ਜਾਣ ਦੀ ਸਿਫਾਰਿਸ਼ ਕੀਤੀ। ਏਸ ਅਵਧੀ ਦੌਰਾਨ ਸ਼ਹਿਰੀ ਸਥਾਨਕ ਸੰਸਥਾਵਾਂ ਦਾ ਹਿੱਸਾ 5.40% ਤੋਂ ਵਧ ਕੇ 8% ਹੋ ਗਿਆ। ਗੁਜਰਾਤ ਵਿੱਚ ਰਾਜ ਦੇ ਪਹਿਲੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਕਾਫੀ ਹੱਦ ਤੱਕ ਲਾਗੂ ਕਰ ਦਿੱਤਾ ਗਿਆ ਹੈ ਅਤੇ ਸਥਾਨਕ ਸਵੈ-ਸ਼ਾਸਨ ਪ੍ਰਣਾਲੀ, ਜਿਹੜੀ ਕਿ ਉੱਥੇ ਪਹਿਲਾਂ ਹੀ ਬਹੁਤ ਵਿਕਸਤ ਸੀ, ਹੋਰ ਦ੍ਰਿੜ ਹੋ ਗਈ ਹੈ। ਵਿੱਤ ਕਮਿਸ਼ਨ ਨੇ ਬਗੈਰ ਕੋਈ ਵੱਡਾ ਪਰੀਵਰਤਨ ਕਰੇ ਗਰਾਂਟ-ਇਨ-ਏਡ ਦੇ ਪਹਿਲਾਂ ਵਾਲੇ ਨਿਯਮਾਂ ਨੂੰ ਸੋਧ ਦਿੱਤਾ। ਇਨ੍ਹਾਂ ਰਾਜਾਂ ਨੇ ਅਪਣੇ ਅਪਣੇ ਵਿੱਤ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰ ਦਿੱਤਾ ਹੈ। ਹੁਣ ਰਾਜਾਂ ਦੇ ਤੀਜੇ ਵਿੱਤ ਕਮਿਸ਼ਨਾਂ ਦੀਆਂ ਰਿਪੋਰਟਾਂ ਦੀ ਉਡੀਕ ਹੈ। ਵਿੱਤੀ ਸਾਧਨ ਸੌਂਪੇ ਜਾਣ ਕਰਕੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦਾ ਵਿੱਤੀ ਅਧਾਰ ਮਜਬੂਤ ਹੋ ਰਿਹਾ ਹੈ। ਹੁਣ ਉਹ ਅਪਣੇ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇ ਵਿਕਾਸ ਦੀਆਂ ਹੋਰ ਵੱਡੀਆਂ ਯੋਜਨਾਵਾਂ ਸ਼ੁਰੂ ਕਰ ਰਹੀਆਂ ਹਨ।

**ਸਥਾਨਕ ਕਰ ਪ੍ਰਣਾਲੀ ਅਤੇ ਅੰਦਰੂਨੀ ਆਮਦਨੀ ਵਿੱਚ ਸੁਧਾਰ ਦੇ ਜਤਨ :**

ਪੰਜਾਬ ਵਿੱਚ ਕੰਮ ਧੰਦਿਆਂ ਤੇ ਕਰ, ਨਿੱਜੀ ਮਾਲਕੀ ਵਾਲੇ ਟਿਊਬ-ਵੈਲਾਂ ਤੇ ਲਾਇਸੰਸ ਫੀਸ, ਗੰਦੇ ਜਲ ਦੀ ਨਿਕਾਸੀ ਦੀ ਪ੍ਰਣਾਲੀ ਵਿੱਚ ਪੰਪ ਨਾਲ ਸੁੱਟੇ ਗਏ ਪਾਣੀ ਤੇ ਮਹਿਸੂਲ, ਇਸ਼ਤਿਹਾਰਾਂ ਅਤੇ ਇਸ਼ਤਿਹਾਰੀ ਬੋਰਡਾਂ ਤੇ ਲਗਾਏ ਜਾਣ ਵਾਲੇ ਕਰਾਂ ਦੀ ਪੂਰੀ ਸੰਭਾਵਨਾ ਦਾ ਫਾਇਦਾ ਉਠਾਉਣ ਦੇ ਨਾਲ ਨਾਲ ਕਰਾਂ ਦੀ ਦਰ ਵਿੱਚ ਸਮੇਂ ਸਮੇਂ ਤੇ ਸੋਧ ਅਤੇ ਸਥਾਨਕ ਕਰਾਂ ਤੇ ਸਰਕਾਰੀ ਨਿਯੰਤਰਣ ਦੀ ਢਿੱਲ ਸਥਾਨਕ ਕਰ ਪ੍ਰਣਾਲੀ ਨੂੰ ਸੁਧਾਰਣ ਅਤੇ ਸਥਾਨਕ ਸੰਸਥਾਵਾਂ ਦੀ ਅੰਦਰੂਨੀ ਆਮਦਨੀ ਵਿੱਚ ਵਾਧਾ ਕਰਨ ਲਈ ਜਰੂਰੀ ਹਨ।

ਪ੍ਰਗਤੀਸ਼ੀਲ ਭਾਰਤੀ ਰਾਜਾਂ ਨੇ ਨਗਰ ਪਾਲਕਾਵਾਂ ਨੂੰ ਸਥਾਨਕ ਕਰਾਂ ਵਿੱਚ ਵਾਧਾ ਕਰਨ ਅਤੇ ਅਪਣੀ ਅੰਦਰੂਨੀ ਆਮਦਨੀ ਵਧਾਉਣ ਦੀਆਂ ਸ਼ਕਤੀਆਂ ਦੇਣ ਦੀ ਵਾਸਤਵਿਕ ਕੋਸ਼ਿਸ਼ ਕੀਤੀ ਹੈ। ਕੇਰਲ ਨੇ ਵੀ ਸਥਾਨਕ ਸੰਸਥਾਵਾਂ ਦੇ ਵਿੱਤੀ ਅਧਾਰ ਨੂੰ ਮਜਬੂਤ ਬਣਾਇਆ ਹੈ। ਕੇਰਲ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਆਮਦਨ ਦੇ ਮੁੱਖ-ਮੁੱਖ ਸਰੋਤਾਂ ਨੂੰ ਹੇਠ ਦਿੱਤੇ ਗਏ ਪੰਜ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ :

**ੳ. ਕਰਾਂ ਤੋਂ ਆਮਦਨੀ :** ਇਸ ਆਮਦਨੀ ਨੂੰ ਅੱਗੇ ਅਪਣੇ ਕਰਾਂ, ਸੌਂਪੇ ਗਏ ਕਰਾਂ ਅਤੇ ਸਾਂਝੇ ਕਰਾਂ ਤੋਂ ਹੋਣ ਵਾਲੀ ਆਮਦਨੀ ਵਿੱਚ ਵੰਡਿਆ ਜਾ ਸਕਦਾ ਹੈ। ਸ਼ਹਿਰੀ ਸੰਸਥਾਵਾਂ ਦੇ ਅਪਣੇ ਕਰ ਹਨ : ਸੰਪਤੀ ਕਰ, ਕੰਮ ਧੰਦਿਆਂ ਤੇ ਕਰ, ਮਨੋਰੰਜਨ ਕਰ, ਇਸ਼ਤਿਹਾਰਾਂ ਤੇ ਕਰ, ਸੇਵਾਵਾਂ ਤੇ ਕਰ, ਖੇਡ ਤਮਾਸ਼ਿਆਂ ਤੇ ਵਧੀਕ ਮਹਿਸੂਲ ਸਮੇਤ ਕਰ, ਭੂਮੀ ਦੀ ਵਰਤੋਂ ਵਿੱਚ ਕੀਤੇ ਗਏ ਪਰੀਵਰਤਨ ਤੇ ਕਰ, ਜਾਨਵਰਾਂ ਤੇ ਕਰ, ਕਿਸ਼ਤੀਆਂ ਅਤੇ ਵਾਹਨਾਂ ਤੇ ਕਰ, ਲੱਕੜੀ ਤੇ ਕਰ ਅਤੇ ਹੋਰ ਕਈ ਮਹਿਸੂਲ। ਨਗਰ ਪਾਲਕਾਵਾਂ ਦੀ ਅਪਣੀ ਆਮਦਨੀ ਵਿੱਚ ਕੰਮ ਧੰਦਿਆਂ ਤੇ ਲਗਾਏ ਜਾਣ ਵਾਲੇ ਕਰ ਅਤੇ ਹੋਰ ਕਈ ਕਰਾਂ ਦਾ ਬਹੁਤ ਵੱਡਾ ਯੋਗਦਾਨ ਹੈ। ਪੰਜਾਬ ਦੀਆਂ ਨਗਰ ਪਾਲਕਾਵਾਂ ਨੇ ਹਾਲੇ ਕੰਮ ਧੰਦਿਆਂ ਤੇ ਕਰ ਲਗਾਉਣਾ ਸ਼ੁਰੂ ਨਹੀਂ ਕੀਤਾ ਭਾਵੇਂ ਪੰਜਾਬ ਮਿਉਂਸਿਪਲ ਐਕਟਾਂ ਵਿੱਚ ਇਸ ਦੀ ਵਿਵਸਥਾ ਹੈ। ਸੌਂਪੇ ਗਏ ਕਰਾਂ ਵਿੱਚ, ਜਿਨ੍ਹਾਂ ਦੀ ਵਸੂਲੀ ਰਾਜ ਸਰਕਾਰ ਦੁਆਰਾ ਕੀਤੀ ਜਾਂਦੀ ਹੈ, ਕਿੰਤੂ ਜਿਹੜੇ ਪੂਰੀ ਤਰ੍ਹਾਂ ਸਥਾਨਕ ਸੰਸਥਾਵਾਂ ਨੂੰ ਸੌਂਪ ਦਿੱਤੇ ਜਾਂਦੇ ਹਨ, ਮੁਢਲਾ ਕਰ (Basic Tax) ਸ਼ਾਮਿਲ ਹੈ ਜੋ ਇਸ ਵੇਲੇ ਕੇਵਲ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪਿਆ ਜਾਂਦਾ ਹੈ। ਰਾਜ ਦੇ ਪਹਿਲੇ ਵਿੱਤ ਕਮਿਸ਼ਨ ਨੇ ਮੁਢਲੇ ਕਰ ਦਾ ਇੱਕ ਹਿੱਸਾ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਦਿੱਤੇ ਜਾਣ ਦੀ ਸਿਫਾਰਿਸ਼ ਕੀਤੀ ਸੀ, ਕਿੰਤੂ ਇਸ ਸਿਫਾਰਿਸ਼ ਤੇ ਹਾਲੇ ਤੱਕ ਅਮਲ ਨਹੀਂ ਕੀਤਾ ਗਿਆ। ਸਟੈਂਪ ਡਿਊਟੀ ਤੇ ਲਿਆ ਜਾਣ ਵਾਲਾ ਵਧੀਕ ਮਹਿਸੂਲ (ਵੇਚੀ ਜਾਣ ਵਾਲੀ ਸੰਪਤੀ ਦੀ ਕੀਮਤ ਦਾ 5%) ਵੀ ਸੌਂਪੇ ਗਏ ਕਰਾਂ ਦੇ ਵਰਗ ਨਾਲ ਸੰਬੰਧ ਰਖਦਾ ਹੈ ਅਤੇ ਰਾਜ ਦੇ ਪਹਿਲੇ ਵਿੱਤ ਕਮਿਸ਼ਨ ਦੀ ਸਿਫਾਰਿਸ਼ ਬਾਦ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਇਸਦਾ ਸਿੱਧਾ ਭੁਗਤਾਨ ਹੁੰਦਾ ਹੈ। ਸਾਂਝੇ

ਕਰਾਂ ਵਿੱਚ ਮੋਟਰ ਵਾਹਨ ਕਰ (ਵਸੂਲੀ ਦਾ 20%) ਆਉਂਦਾ ਹੈ ਜਿਹੜਾ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਸੜਕਾਂ ਦੀ ਲੰਬਾਈ ਅਨੁਸਾਰ ਇੱਕ ਨਿਸ਼ਚਿਤ ਸੂਤਰ ਦੇ ਅਧਾਰ ਤੇ ਵੰਡਿਆ ਜਾਂਦਾ ਹੈ। ਰਾਜ ਦੇ ਪਹਿਲੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਉਪਰੰਤ ਮੁਢਲੇ ਕਰ, ਸਟੈਂਪ ਡਿਊਟੀ ਅਤੇ ਵਾਹਨ ਕਰ ਦੇ ਬਕਾਏ ਰਾਜ ਸਰਕਾਰ ਦੁਆਰਾ ਸਥਾਨਕ ਸੰਸਥਾਵਾਂ ਨੂੰ ਸੌਂਪ ਦਿੱਤੇ ਗਏ ਹਨ।

**ਅ. ਗੈਰ ਕਰ-ਆਧਾਰਤ ਆਮਦਨੀ :** ਇਸ ਵਰਗ ਵਿੱਚ ਆਉਣ ਵਾਲੇ ਆਮਦਨੀ ਦੇ ਸਰੋਤ ਇਸ ਪ੍ਰਕਾਰ ਹਨ: ਲਾਇਸੰਸ ਫੀਸ (ਜੋ ਕੋਈ 20 ਤੋਂ ਵੱਧ ਸਰੋਤਾਂ ਤੋਂ ਆਉਂਦੀ ਹੈ), ਜਨਤਕ ਮੰਡੀਆਂ, ਗੱਡੀਆਂ ਖੜੀਆਂ ਕਰਨ ਦੇ ਸਥਾਨਾਂ ਅਤੇ ਸਰਕਾਰੀ ਬੁੱਚੜਖਾਨਿਆਂ ਵਿੱਚ ਪ੍ਰਵੇਸ਼ ਕਰਨ ਤੇ ਲਈ ਜਾਣ ਵਾਲੀ ਫੀਸ, ਸੰਪਤੀਆਂ ਦੇ ਕਿਰਾਏ ਤੋਂ ਹੋਣ ਵਾਲੀ ਆਮਦਨੀ (ਇਮਾਰਤਾਂ, ਭੂਮੀਆਂ, ਯਾਤਰੀਆਂ ਦੇ ਸਮਾਨ ਰੱਖਣ ਦੇ ਕਮਰਿਆਂ ਅਤੇ ਉਨ੍ਹਾਂ ਦੇ ਅਰਾਮ ਕਰਨ ਦੇ ਕਮਰਿਆਂ ਦੇ ਕਿਰਾਏ), ਭਵਨ ਉਸਾਰੀ ਜਾਂ ਫੈਕਟਰੀਆਂ, ਵਰਕਸ਼ਾਪਾਂ ਜਾਂ ਕੰਮ ਕਰਨ ਦੇ ਹੋਰ ਸਥਾਨ ਸਥਾਪਤ ਕਰਨ ਦੇ ਪਰਮਿਟ ਜਾਰੀ ਕਰਨ ਦੀ ਫੀਸ, ਹਸਪਤਾਲਾਂ ਜਾਂ ਸੰਬੰਧਤ ਅਦਾਰਿਆਂ, ਜਨਮ, ਮੌਤ, ਠੇਕੇਦਾਰੀਆਂ ਅਤੇ ਹੋਰ ਸੇਵਾਵਾਂ ਨੂੰ ਰਜਿਸਟਰ ਕਰਨ ਦੀ ਫੀਸ। ਇਸ ਵਰਗ ਦੀ ਆਮਦਨੀ ਦੇ ਘੱਟ ਮਹੱਤਵਪੂਰਣ ਸਰੋਤ ਹਨ : ਦਰਿਆ ਪਾਰ ਕਰਵਾਉਣ ਵਾਲੀਆਂ ਕਿਸ਼ਤੀਆਂ ਅਤੇ ਪੁਸਤਕਾਲਿਆਂ ਆਦਿ ਤੋਂ ਹੋਣ ਵਾਲੀ ਆਮਦਨੀ, ਜੁਰਮਾਨੇ ਤੇ ਹੋਰ ਦੰਡ, ਜਮ੍ਹਾਂ ਪੂੰਜੀ ਤੇ ਮਿਲਣ ਵਾਲਾ ਵਿਆਜ, ਧਰਮ ਅਰਥ ਭੇਟਾਵਾਂ, ਚੰਦੇ ਅਤੇ ਹੋਰ ਦਾਨ ਆਦਿ।

**ੲ. ਗਰਾਂਟ-ਇਨ-ਏਡ :** ਗਰਾਂਟਾਂ ਦੋ ਪ੍ਰਕਾਰ ਦੀਆਂ ਹਨ : ਆਮ ਉਦੇਸ਼ਾਂ ਲਈ ਗਰਾਂਟਾਂ ਅਤੇ ਵਿਸ਼ੇਸ਼ ਉਦੇਸ਼ਾਂ ਲਈ ਗਰਾਂਟਾਂ। ਆਮ ਉਦੇਸ਼ਾਂ ਲਈ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਨਗਰ ਨਿਗਮਾਂ ਲਈ 2 ਰੁਪਏ ਪ੍ਰਤੀ ਵਿਅਕਤੀ, ਵੱਡੀਆਂ ਨਗਰ ਪਾਲਕਾਵਾਂ ਲਈ 2.50 ਰੁਪਏ ਪ੍ਰਤੀ ਵਿਅਕਤੀ ਅਤੇ ਛੋਟੀਆਂ ਨਗਰ ਪਾਲਕਾਵਾਂ ਲਈ 3 ਰੁਪਏ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਦਿੱਤੀਆਂ ਜਾਂਦੀਆਂ ਹਨ। ਵਿਸ਼ੇਸ਼ ਉਦੇਸ਼ਾਂ ਲਈ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਜੱਚਾ-ਬੱਚਾ ਅਤੇ ਬਾਲ ਭਲਾਈ ਕੇਂਦਰਾਂ, ਨਰਸਰੀ ਸਕੂਲਾਂ, ਗਰੀਬਾਂ ਲਈ ਆਸ਼ਰਮ ਚਲਾਉਣ ਅਤੇ ਸ਼ਹਿਰ ਦੀ ਯੋਜਨਾਬੰਦੀ ਅਤੇ ਸਰਵੇਖਣ ਆਦਿ ਕਰਵਾਉਣ ਲਈ ਹੁੰਦੀਆਂ ਹਨ। 74ਵੀਂ ਸੰਵਿਧਾਨਕ ਸੋਧ ਤਹਿਤ ਸੌਂਪੀਆਂ ਗਈਆਂ ਵਧੀਕ ਜ਼ਿੰਮੇਵਾਰੀਆਂ ਨਿਭਾਉਣ ਲਈ 1995 ਤੋਂ ਬਾਦ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਯੋਜਨਾ ਤਹਿਤ ਅਤੇ ਯੋਜਨਾ ਤੋਂ ਬਾਹਰ ਵਾਲੀ ਗਰਾਂਟ-ਇਨ-ਏਡ ਵੀ ਦਿੱਤੀ ਜਾਂਦੀ ਹੈ। ਯੋਜਨਾ ਦੇ ਤਹਿਤ ਸੌਂਪੀ ਜਾਣ ਵਾਲੀ ਗਰਾਂਟ ਇਨ-ਏਡ ਵਿੱਤੀ ਵਿਕੇਂਦਰੀਕਰਣ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਹੈ ਕਿਉਂਕਿ ਇਸ ਨਾਲ ਇਨ੍ਹਾਂ ਸੰਸਥਾਵਾਂ ਦਾ ਵਿੱਤੀ ਅਧਾਰ ਬਹੁਤ ਮਜਬੂਤ ਹੋ ਗਿਆ ਹੈ। ਯੋਜਨਾ ਤਹਿਤ ਸੌਂਪੀਆਂ ਜਾਣ ਵਾਲੀਆਂ ਗਰਾਂਟਾਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦਰਮਿਆਨ ਰਾਜ ਸਰਕਾਰ ਦੁਆਰਾ ਬਣਾਏ ਗਏ ਸੂਤਰ ਅਨੁਸਾਰ ਵੰਡ ਦਿੱਤਾ ਜਾਂਦਾ ਹੈ। ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਸਪੁਰਦ ਕੀਤੀਆਂ ਗਈਆਂ ਸੰਸਥਾਵਾਂ ਅਤੇ ਪਦਾਂ ਦੇ ਸੰਚਾਲਨ ਲਈ ਯੋਜਨਾ ਤੋਂ ਬਾਹਰਲੀ ਗਰਾਂਟ-ਇਨ-ਏਡ ਦੀ ਵੀ ਵਿਵਸਥਾ ਹੈ। ਤਨਖਾਹਾਂ ਤੋਂ ਇਲਾਵਾ ਹਸਪਤਾਲਾਂ ਨੂੰ ਦਵਾਈਆਂ ਦੀ ਪੂਰਤੀ ਕਰਨ ਆਦਿ ਦੇ ਖਰਚ ਰਾਜ ਸਰਕਾਰ ਦਿੰਦੀ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਦੇ ਵਿੱਤੀ ਅਧਾਰ ਨੂੰ ਮਜਬੂਤ ਬਣਾਉਣ ਦੀ ਦਿਸ਼ਾ ਵਿੱਚ ਇਸਨੂੰ ਇੱਕ ਨਵੀਨ ਕਦਮ ਸਮਝਿਆ ਜਾਂਦਾ ਹੈ।

**ਸ. ਕਰਜ਼ :** ਨਗਰ ਪਾਲਕਾਵਾਂ ਕੇਰਲ ਸ਼ਹਿਰੀ ਵਿਕਾਸ ਵਿੱਤ ਕਾਰਪੋਰੇਸ਼ਨ (Kerala Urban Development Finance Corporation), HUDCO ਅਤੇ ਵਪਾਰਕ ਬੈਂਕਾਂ ਆਦਿ ਸੰਸਥਾਵਾਂ ਤੋਂ ਕਰਜ ਲੈ ਸਕਦੀਆਂ ਹਨ ਪਿਛਲੇ ਦਸ ਸਾਲਾਂ ਤੋਂ ਨਗਰ ਪਾਲਕਾਵਾਂ ਨੂੰ ਜਿਆਦਾਤਰ ਕਰਜ KUDFC ਦੁਆਰਾ ਦਿੱਤੇ ਜਾ ਰਹੇ ਹਨ।

ਇਸੇ ਤਰ੍ਹਾਂ ਗੁਜਰਾਤ, ਮਹਾਰਾਸ਼ਟਰ, ਕਰਨਾਟਕ ਅਤੇ ਮੱਧ ਪ੍ਰਦੇਸ਼ ਵੀ ਅਪਣੀਆਂ ਨਗਰ ਪਾਲਕਾਵਾਂ ਨੂੰ ਅਪਣੀ ਸਥਾਨਕ ਕਰ ਪ੍ਰਣਾਲੀ ਦਾ ਵਿਸਥਾਰ ਕਰਨ ਅਤੇ ਆਮਦਨੀ ਵਿੱਚ ਵਾਧਾ ਕਰਨ ਦੇ ਯੋਗ ਬਣਾ ਰਹੀਆਂ ਹਨ। ਇਸ ਉਦੇਸ਼ ਲਈ ਇਹ ਸੰਸਥਾਵਾਂ ਮੌਜੂਦਾ ਸਰੋਤਾਂ ਤੋਂ ਮਿਲਣ ਵਾਲੇ ਕਰਾਂ ਦੀ ਵਸੂਲੀ ਨੂੰ ਵਧਾਉਣ ਤੋਂ ਇਲਾਵਾ ਉਹ ਸਾਰੇ ਮੁੱਖ-ਮੁੱਖ ਕਰ ਵੀ ਲਗਾ ਰਹੀਆਂ ਹਨ ਜਿਨ੍ਹਾਂ ਦੀ ਵਿਵਸਥਾ ਨਗਰ ਪਾਲਕਾਵਾਂ ਸੰਬੰਧੀ ਕਾਨੂੰਨਾਂ ਵਿੱਚ ਕੀਤੀ ਗਈ ਹੈ।

ਯੂਰਪ ਵਿੱਚ ਸਥਾਨਕ ਸੰਸਥਾਵਾਂ ਨੂੰ ਅਪਣੀ ਆਮਦਨੀ ਵਧਾਉਣ ਲਈ ਕਰ ਲਗਾਉਣ ਦੀਆਂ ਵਿਸਤ੍ਰਿਤ ਸ਼ਕਤੀਆ ਅਤੇ ਅਧਿਕਾਰ ਪ੍ਰਾਪਤ ਹਨ। ਬੈਲਜੀਅਮ ਵਿੱਚ ਉਨ੍ਹਾਂ ਦੀ ਆਮਦਨੀ ਦਾ 45.5% ਕਰਾਂ ਤੋਂ ਆਉਂਦਾ ਹੈ। ਫਲੈਂਡਰਜ਼ ਵਿੱਚ ਨਗਰ ਪਾਲਕਾ ਦੁਆਰਾ 125 ਤੋਂ ਵੀ ਵੱਧ ਪ੍ਰਕਾਰ ਦੇ ਕਰ ਲਗਾਏ ਜਾਂਦੇ ਹਨ। ਬੈਲਜੀਅਮ ਦੇ ਸੰਵਿਧਾਨ ਨੇ ਉੱਥੋਂ ਦੀਆਂ ਨਗਰ ਪਾਲਕਾਵਾਂ ਨੂੰ ਸਥਾਨਕ ਕਰ ਲਗਾਉਣ ਦੀ ਬਹੁਤ ਖੁੱਲ੍ਹ ਦਿੱਤੀ ਹੋਈ ਹੈ। ਇਸ ਤੋਂ ਇਲਾਵਾ ਫਲੈਮਿਸ਼ ਭੋਂ ਸੰਪਤੀ ਕਰ ਅਤੇ ਸੰਘੀ ਆਮਦਨੀ ਕਰ ਉੱਪਰ ਵਧੀਕ ਕਰ ਲਗਾਉਣ ਦੀ ਵੀ ਵਿਵਸਥਾ ਹੈ। ਇਸ ਸੰਬੰਧ ਵਿੱਚ ਕਰ ਦੇ ਪੱਧਰ ਦਾ ਫੈਸਲਾ ਮਿਉਂਸਿਪਲ ਕੌਂਸਲ ਕਰਦੀ ਹੈ। ਨਗਰ ਪਾਲਕਾਵਾਂ ਪਾਸ ਉੱਥੇ ਊਰਜਾ ਦੀ ਪੂਰਤੀ ਲਈ ਕਈ ਅਦਾਰੇ ਅਤੇ ਬੈਂਕ ਜਿਹੀਆਂ ਕਈ ਸੇਵਾਵਾਂ ਹੋਣ ਕਰਕੇ ਉਨ੍ਹਾਂ ਨੂੰ ਵਿਆਜ ਅਤੇ ਲਾਭ ਅੰਸ਼ਾਂ ਤੋਂ ਵੀ ਬਹੁਤ (ਲਗਭਗ 12.4%) ਆਮਦਨੀ ਹੁੰਦੀ ਹੈ। ਨਗਰ ਪਾਲਕਾਵਾਂ ਉੱਥੇ ਅਪਣੀਆਂ ਸੰਪਤੀਆਂ ਦੀ ਵਿੱਕਰੀ ਰਾਹੀਂ ਅਤੇ ਕਰਜ਼ ਲੈ ਕੇ ਵੀ ਅਪਣੀ ਆਮਦਨੀ ਵਿੱਚ ਬਹੁਤ ਵਾਧਾ ਕਰ ਲੈਂਦੀਆਂ ਹਨ (ਨਗਰ ਪਾਲਕਾਵਾਂ ਨੂੰ ਜਿਆਦਾਤਰ ਕਰਜ਼ ਡੈਕਸੀਆ ਨਾਂ ਦੇ ਬੈਂਕ ਦੁਆਰਾ ਦਿੱਤੇ ਜਾਂਦੇ ਹਨ; ਇਹ ਬੈਲਜੀਅਮ ਦਾ ਦੂਜਾ ਸਭ ਤੋਂ ਵੱਡਾ ਬੈਂਕ ਹੈ ਅਤੇ ਇਸ ਵਿੱਚ ਨਗਰ ਪਾਲਕਾਵਾਂ ਅਤੇ ਪ੍ਰਾਂਤਾਂ ਦੀ ਵੀ ਭਾਗੀਦਾਰੀ ਹੈ)। ਨੀਦਰਲੈਂਡ ਵਿੱਚ ਵੀ ਨਗਰ ਪਾਲਕਾਵਾਂ ਸਥਾਨਕ ਕਰ ਲਗਾਉਣ ਦਾ ਫੈਸਲਾ ਆਪ ਕਰਦੀਆਂ ਹਨ। ਉਨ੍ਹਾਂ ਦੁਆਰਾ ਲਗਾਏ ਜਾਣ ਵਾਲੇ ਕਰ ਹਨ: ਤੋਂ ਸੰਪਤੀ ਕਰ ਜੋ ਜਗ੍ਹਾ ਤੇ ਰਿਹਾਇਸ਼ ਕਰਨ ਵਾਲਿਆਂ, ਮਾਲਕਾਂ ਜਾਂ ਵਿਉਪਾਰੀਆਂ ਤੋਂ ਲਿਆ ਜਾਂਦਾ ਹੈ, ਇਲਾਕੇ ਦੀ ਕੀਮਤ ਵਿੱਚ ਵਾਧਾ ਕਰਨ ਵਾਸਤੇ ਕੀਤੇ ਜਾਣ ਵਾਲੇ ਵਿਕਾਸ ਲਈ ਲਿਆ ਜਾਣ ਵਾਲ ਕਰ (Betterment Tax), ਕੁੱਤਿਆਂ ਤੇ ਕਰ, ਸੈਲਾਨੀਆਂ ਤੇ ਕਰ ਅਤੇ ਅਸਥਾਈ ਰਿਹਾਇਸ਼ ਤੇ ਕਰ। ਪ੍ਰਾਂਤੀ ਕੌਂਸਲਾਂ ਦੁਆਰਾ ਸਥਾਪਤ ਕੀਤਾ ਗਿਆ ਜਲ ਨਿਯੰਤਰਣ ਅਤੇ ਸ਼ੁੱਧੀਕਰਣ ਬੋਰਡ (Water Control and Treatment Board) ਪਾਣੀ ਦੇ ਪ੍ਰਦੂਸ਼ਣ ਤੇ ਮਹਿਸੂਲ ਲੈਂਦਾ ਹੈ। ਇਹ ਸੰਸਥਾਵਾਂ ਕਰਾਂ ਤੋਂ ਹੋਣ ਵਾਲੀ ਆਮਦਨੀ ਕਰਕੇ ਵਿੱਤੀ ਤੌਰ ਤੇ ਪੂਰੀ ਤਰ੍ਹਾਂ ਸੁਤੰਤਰ ਹਨ। ਨਗਰ ਪਾਲਕਾਵਾਂ ਮੀਡੀਆ ਐਕਟ ਤਹਿਤ ਰੇਡੀਓ ਅਤੇ ਟੈਲੀਵਿਜ਼ਨ ਦੇ ਲਾਇਸੰਸਾਂ ਤੇ ਵੀ ਵਧੀਕ ਮਹਿਸੂਲ ਲੈਂਦੀਆਂ ਹਨ। ਕਰਾਂ ਤੋਂ ਇਲਾਵਾ ਆਮਦਨੀ ਦੇ ਹੋਰ ਸਾਧਨ ਹਨ: ਕੂੜਾ ਕਰਕਟ ਇਕੱਠਾ ਕਰਨ ਲਈ ਲਏ ਜਾਣ ਵਾਲੇ ਖਰਚੇ, ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਲਈ ਲਏ ਜਾਣ ਵਾਲੇ ਖਰਚੇ, ਜਨਤਕ ਭੂਮੀ ਤੇ ਨਜਾਇਜ਼ ਕਬਜ਼ੇ ਤੇ ਲਗਾਇਆ ਜਾਣ ਵਾਲਾ ਕਰ, ਅੰਤਮ ਸੰਸਕਾਰ ਤੇ ਲੱਗਣ ਵਾਲਾ ਕਰ, ਉਸਾਰੀ ਲਈ ਵਸੂਲੀ ਜਾਣ ਵਾਲੀ ਫੀਸ, ਵਾਹਨ ਖੜਾ ਕਰਨ ਦੀ ਫੀਸ ਅਤੇ ਮੰਡੀਆਂ ਵਿੱਚ ਵਿਉਪਾਰ ਕਰਨ ਦੀ ਫੀਸ। ਕਿਰਾਏ, ਅਜਾਇਬ ਘਰਾਂ, ਖੇਡਾਂ ਦੀਆਂ ਸਹੂਲਤਾਂ, ਘਰਾਂ ਤੋਂ ਬਾਹਰ ਮਨੋਰੰਜਨ ਦੀਆਂ ਸਹੂਲਤਾਂ ਅਤੇ ਬੱਚਿਆਂ ਦੀ ਦੇਖ ਭਾਲ ਆਦਿ ਲਈ ਵਸੂਲੇ ਜਾਣ ਵਾਲੇ ਖਰਚੇ ਨਗਰ ਪਾਲਕਾਵਾਂ ਦੀ ਆਮਦਨ ਦੇ ਹੋਰ ਸਾਧਨ ਹਨ। ਨਗਰ ਪਾਲਕਾਵਾਂ ਅਪਣੇ ਉਪ-ਨਿਯਮਾਂ ਵਿੱਚ ਦਿੱਤੇ ਹੋਏ ਕਰਾਂ ਦੀ ਦਰ ਨਿਸ਼ਚਿਤ ਕਰਦੀਆਂ ਹਨ। ਕਿੰਤੂ ਉਹ ਨਵੇਂ ਕਰ ਨਹੀਂ ਲਗਾ ਸਕਦੀਆਂ ਕਿਉਂਕਿ ਇਸ ਦਾ ਅਧਿਕਾਰ ਮਿਉਂਸਿਪਲਟੀਜ਼ ਐਕਟ ਦੇ ਤਹਿਤ ਕੇਵਲ ਸੰਸਦ ਪਾਸ ਹੈ। ਇਸ ਤੋਂ ਇਲਾਵਾ ਨਗਰ ਪਾਲਕਾਵਾਂ ਨੂੰ ਆਮ ਗਰਾਂਟਾਂ (ਨਗਰ ਪਾਲਕਾਵਾਂ ਲਈ ਨਿਸ਼ਚਿਤ ਕੀਤੇ ਗਏ ਫੰਡਾਂ ਵਿੱਚੋਂ) ਅਤੇ ਵਿਸ਼ੇਸ਼ ਗਰਾਂਟਾਂ ਵੀ ਦਿੱਤੀਆਂ ਜਾਂਦੀਆਂ ਹਨ। ਕੇਂਦਰ ਸਰਕਾਰ ਦੁਆਰਾ ਨਗਰ ਪਾਲਕਾਵਾਂ ਨੂੰ ਸੌਂਪੀ ਗਈ ਰਾਸ਼ੀ ਉਨ੍ਹਾਂ ਲਈ ਅਪਣੀਆਂ ਕਾਨੂੰਨੀ ਜਿੰਮੇਵਾਰੀਆਂ ਪੂਰਾ ਕਰਨ ਵਾਸਤੇ ਕਾਫੀ ਹੁੰਦੀ ਹੈ। 1997 ਵਿੱਚ ਨਗਰ ਪਾਲਕਾਵਾਂ ਨੂੰ ਆਮ ਉਦੇਸ਼ਾਂ ਲਈ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਸੌਂਪਣ ਦੇ ਨਿਯਮ ਬਣਾਉਣ ਲਈ ਇੱਕ ਨਵਾਂ ਕਾਨੂੰਨ (Grants to Local Government Act) ਪਾਸ ਕੀਤਾ ਗਿਆ। ਇਸ ਵਿੱਚ ਨਗਰ ਪਾਲਕਾਵਾਂ ਦੁਆਰਾ ਕੀਤੇ ਜਾਣ ਵਾਲੇ ਖਰਚ ਅਤੇ ਉਨ੍ਹਾਂ ਦੀ ਵਿੱਤੀ ਅਵਸਥਾ ਵਿਚਲੇ ਅੰਤਰ ਦਾ ਖਿਆਲ ਰੱਖਿਆ ਗਿਆ ਹੈ। ਜੇ ਨਗਰ ਪਾਲਕਾਵਾਂ ਅਪਣੇ ਬਜਟ ਵਿੱਚ ਨਿਰਧਾਰਤ ਕੀਤੇ ਗਏ ਖਰਚ ਨਹੀਂ ਕਰ ਸਕਦੀਆਂ ਤਾਂ ਉਹ ਵਧੀਕ ਗਰਾਂਟ ਲਈ ਬੇਨਤੀ ਕਰ ਸਕਦੀਆਂ ਹਨ।

ਇੰਗਲੈਂਡ ਵਿੱਚ ਸਥਾਨਕ ਸ਼ਾਸਨ ਦੀ ਆਮਦਨੀ ਦੇ ਸਰੋਤ ਨਾਗਰਿਕਾਂ ਤੋਂ ਲਏ ਜਾਣ ਵਾਲੇ ਕੌਂਸਲ ਕਰ, ਵਪਾਰਕ ਅਦਾਰਿਆਂ ਤੋਂ ਲਏ ਜਾਣ ਵਾਲੇ ਕਰ ਅਤੇ ਸਰਕਾਰ ਤੋਂ ਮਿਲਣ ਵਾਲੀਆਂ ਗਰਾਂਟਾਂ ਹਨ। ਗਰਾਂਟਾਂ ਦੋ ਪ੍ਰਕਾਰ ਦੀਆਂ ਹਨ: ਆਮ ਅਤੇ ਵਿਸ਼ੇਸ਼। ਮੁੱਖ ਆਮ ਗਰਾਂਟ ਨੂੰ ਆਮਦਨੀ ਸਮਰਥਨ ਗਰਾਂਟ (Revenue Support Grant) ਕਿਹਾ ਜਾਂਦਾ ਹੈ। ਲੈਸਟਰ ਸਿਟੀ ਕੌਂਸਲ ਨੇ ਅਪ੍ਰੈਲ 2000 ਵਿੱਚ ਤਿੰਨ ਸਾਲਾ ਆਮਦਨੀ ਬਜਟ ਰਣਨੀਤੀ (Three

Years Revenue Budget Strategy) ਸ਼ੁਰੂ ਕੀਤੀ। ਸਪੇਨ ਵਿੱਚ ਅਪਣੇ ਕਰਾਂ ਤੋਂ ਹੋਣ ਵਾਲੀ ਆਮਦਨੀ ਨਗਰ ਪਾਲਕਾਵਾਂ ਦੀ ਕੁੱਲ ਆਮਦਨੀ ਦਾ 35% ਹੈ। ਇਹ ਕਰ ਹਨ: ਸੰਪਤੀ ਕਰ, ਵਿਉਪਾਰ ਤੇ ਕਰ ਅਤੇ ਵਾਹਨ ਕਰ। ਇਨ੍ਹਾਂ ਨੂੰ ਨਗਰ ਪਾਲਕਾ ਦੇ ਲਾਜਮੀ ਕਰ ਕਿਹਾ ਜਾਂਦਾ ਹੈ। ਵਿਕਲਪਕ ਕਰ ਹਨ: ਉਸਾਰੀ ਤੇ ਕਰ, ਉਦਯੋਗ ਆਦਿ ਲਗਾਉਣ ਤੇ ਕਰ, ਭੋਂ ਸੰਪਤੀ ਤੇ ਹੋਣ ਵਾਲੇ ਸੌਦਿਆਂ ਤੇ ਕਰ। ਗੈਰ ਕਰ-ਆਧਾਰਤ ਆਮਦਨੀ ਜੋ ਕਿ ਨਗਰ ਪਾਲਕਾਵਾਂ ਦੀ ਕੁੱਲ ਆਮਦਨੀ ਦਾ ਲਗਭਗ 23% ਹੈ, ਕੂੜੇ ਕਰਕਟ ਦੇ ਪ੍ਰਬੰਧ, ਜਲ ਪੂਰਤੀ, ਗੰਦੇ ਜਲ ਦੀ ਨਿਕਾਸੀ ਦੇ ਪ੍ਰਬੰਧ ਅਤੇ ਬਿਜਲੀ ਤੇ ਲਏ ਜਾਣ ਵਾਲੇ ਖਰਚਿਆਂ ਤੋਂ ਹੁੰਦੀ ਹੈ। ਸਰਕਾਰ ਤੋਂ ਮਿਲਣ ਵਾਲੀਆਂ ਰਾਸ਼ੀਆਂ, ਵਿਸ਼ੇਸ਼ ਉਦੇਸ਼ਾਂ ਲਈ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਅਤੇ ਯੂਰਪੀ ਯੂਨੀਅਨ ਤੋਂ ਮਿਲਣ ਵਾਲੀਆ ਗਰਾਂਟਾਂ ਨਗਰ ਪਾਲਕਾਵਾਂ ਦੀ ਕੁੱਲ ਆਮਦਨੀ ਦਾ 36% ਹਨ। ਇਟਲੀ ਵਿੱਚ ਸਥਾਨਕ ਸ਼ਾਸਨ ਅਪਣੀ ਆਮਦਨੀ ਅਤੇ ਕਰਾਂ ਦਾ ਫੈਸਲਾ ਆਪ ਕਰ ਸਕਦੇ ਹਨ। ਲੇਕਿਨ ਇਹ ਸਰਕਾਰੀ ਵਿੱਤੀ ਪ੍ਰਣਾਲੀ ਦੇ ਤਹਿਤ ਤਾਲ-ਮੇਲ ਨਾਲ ਹੀ ਕੀਤਾ ਜਾਂਦਾ ਹੈ। ਸਥਾਨਕ ਸ਼ਾਸਨ ਅਪਣੇ ਇਲਾਕੇ ਤੋਂ ਇਕੱਠੇ ਕੀਤੇ ਗਏ ਰਾਸ਼ਟਰੀ ਕਰਾਂ ਤੋਂ ਹੋਣ ਵਾਲੀ ਆਮਦਨੀ ਵਿੱਚੋਂ ਵੀ ਹਿੱਸਾ ਲੈ ਸਕਦੇ ਹਨ; ਕੇਂਦਰ ਸਰਕਾਰ ਇੱਕ ਸਮੀਕਰਣ ਫੰਡ (Equalization Fund) ਸਥਾਪਤ ਕਰਦੀ ਹੈ ਜਿਸ ਦਾ ਉਦੇਸ਼ ਘੱਟ ਵਿੱਤੀ ਸਮਰਥਾ ਵਾਲੇ ਇਲਾਕਿਆਂ ਨੂੰ ਅਨੁਪੂਰਕ ਆਮਦਨੀ ਦੇਣਾ ਹੁੰਦਾ ਹੈ। ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚਲੇ ਸਮਾਜਕ ਅਤੇ ਆਰਥਕ ਅਸੰਤੁਲਨਾਂ ਨੂੰ ਦੂਰ ਕਰਨ ਲਈ ਵੀ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੇ ਜਾਣ ਦੀ ਵਿਵਸਥਾ ਹੈ। ਸ਼ਕਤੀਆਂ ਸੌਂਪੇ ਜਾਣ ਉਪਰੰਤ ਨਗਰ ਪਾਲਕਾਵਾਂ ਦੀ ਵਿੱਤੀ ਖੁਦਮੁਖਤਾਰੀ ਵਿੱਚ ਵਾਧਾ ਹੋਇਆ ਹੈ। ਫਿਨਲੈਂਡ ਵਿੱਚ ਨਗਰ ਪਾਲਕਾਵਾਂ ਨੂੰ ਅਪਣੇ ਵਿੱਤੀ ਪ੍ਰਬੰਧ ਦੀ ਪੂਰੀ ਖੁਦਮੁਖਤਾਰੀ ਹੈ। ਵਿੱਤੀ ਵਰ੍ਹੇ 2005 ਵਿੱਚ ਨਗਰ ਪਾਲਕਾਵਾਂ ਦੀ ਆਮਦਨੀ ਦੇ ਮੁੱਖ ਸਾਧਨ ਸਨ: ਅਪਣੇ ਦੁਆਰਾ ਲਗਾਏ ਹੋਏ ਕਰ (47%), ਸਰਕਾਰ ਵੱਲੋਂ ਦਿੱਤੀਆਂ ਗਈਆਂ ਗਰਾਂਟਾਂ (17%), ਵਸਤੂਆਂ ਅਤੇ ਸੇਵਾਵਾਂ ਦੀ ਵਿੱਕਰੀ (27%), ਕਰਜ਼ (6%) ਅਤੇ ਹੋਰ ਸਾਧਨ (3%)। ਨਗਰ ਪਾਲਕਾਵਾਂ ਦੁਆਰਾ ਲਗਾਏ ਜਾਣ ਵਾਲੇ ਮੁੱਖ-ਮੁੱਖ ਕਰ ਇਸ ਪ੍ਰਕਾਰ ਹਨ: (i) ਨਗਰ ਪਾਲਕਾ ਦੁਆਰਾ ਲਗਾਇਆ ਜਾਣ ਵਾਲਾ ਆਮਦਨੀ ਕਰ ਜੋ 18 ਤੋਂ 25% ਤੱਕ ਹੋ ਸਕਦਾ ਹੈ (ii) ਭੋਂ ਸੰਪਤੀ ਤੇ ਕਰ (iii) ਨਗਰ ਪਾਲਕਾ ਦੇ ਖੇਤਰ ਵਿੱਚ ਅਪਣੇ ਦਫ਼ਤਰ ਜਾਂ ਕਾਰਖਾਨੇ ਲਗਾਉਣ ਵਾਲੀਆਂ ਕੰਪਨੀਆਂ ਤੋਂ ਲਿਆ ਜਾਣ ਵਾਲਾ ਕਰ। ਸੇਵਾਵਾਂ ਅਤੇ ਵਸਤੂਆਂ ਦੀ ਵਿੱਕਰੀ ਤੋਂ ਹੋਣ ਵਾਲੀ ਆਮਦਨੀ ਦੇ ਸਰੋਤਾਂ ਵਿੱਚ ਜਿਆਦਾਤਰ ਬਾਲਵਾੜੀਆਂ ਦੀ ਫੀਸ, ਕੂੜਾ ਕਰਕਟ ਚੁੱਕਣ ਦੇ ਖਰਚੇ, ਨਗਰ ਪਾਲਕਾ ਦੀ ਭੂਮੀ ਦੀ ਵਿੱਕਰੀ, ਜਲ ਪੂਰਤੀ ਲਈ ਲਏ ਜਾਣ ਵਾਲੇ ਖਰਚੇ ਅਤੇ ਬਿਜਲੀ ਦੇ ਖਰਚੇ ਆਦਿ ਸ਼ਾਮਿਲ ਹਨ। ਬੁਨਿਆਦੀ ਢਾਂਚੇ ਦੇ ਵਿਕਾਸ ਲਈ ਨਗਰ ਪਾਲਕਾਵਾਂ ਪੈਸਾ ਉਧਾਰ ਲੈਂਦੀਆਂ ਹਨ। ਜਮ੍ਹਾਂ ਪੂੰਜੀ ਤੇ ਮਿਲਣ ਵਾਲਾ ਵਿਆਜ ਅਤੇ ਕਈ ਤਰ੍ਹਾਂ ਦੀਆਂ ਵਿਉਪਾਰਕ ਗਤੀਵਿਧੀਆਂ ਉਨ੍ਹਾਂ ਦੀ ਆਮਦਨੀ ਦੇ ਹੋਰ ਸਾਧਨ ਹਨ। ਨਗਰ ਪਾਲਕਾਵਾਂ ਦੀ ਆਮਦਨੀ ਦੇ ਸੁਤੰਤਰ ਸਾਧਨ ਉਨ੍ਹਾਂ ਨੂੰ ਸਵੈ-ਸ਼ਾਸਨ ਸੰਸਥਾ ਦਾ ਦਰਜਾ ਦਿੰਦੇ ਹਨ ਜਿਸ ਨਾਲ ਕੇਂਦਰ ਸਰਕਾਰ ਤੇ ਉਨ੍ਹਾਂ ਦੀ ਨਿਰਭਰਤਾ ਘਟ ਜਾਂਦੀ ਹੈ।

**ਕੇਂਦਰ ਸਰਕਾਰ ਦੀਆਂ ਸੰਪਤੀਆਂ ਤੇ ਕਰ :**

EFC ਅਨੁਸਾਰ 'ਸਾਰੀਆਂ ਸਰਕਾਰੀ ਸੰਪਤੀਆਂ ਤੇ, ਭਾਵੇਂ ਉਹ ਕੇਂਦਰ ਸਰਕਾਰ ਦੀਆਂ ਹੋਣ ਜਾਂ ਰਾਜ ਸਰਕਾਰਾਂ ਦੀਆਂ, ਉਪਭੋਗਤਾ ਖਰਚੇ ਵਸੂਲੇ ਜਾਣਗੇ ਜਿਨ੍ਹਾਂ ਨੂੰ ਢੁਕਵੇਂ ਕਾਨੂੰਨਾਂ ਦੁਆਰਾ ਨਿਯਮਤ ਕੀਤਾ ਜਾਵੇਗਾ'। ਇਸ ਨਾਲ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਵਿੱਤੀ ਅਧਾਰ ਵਿੱਚ ਸੁਧਾਰ ਆਵੇਗਾ।

**ਪੂੰਜੀ ਬਜਾਰ ਵਿੱਚੋਂ ਪੈਸਾ ਲੈਣਾ :**

ਸ਼ਹਿਰੀ ਬੁਨਿਆਦੀ ਢਾਂਚੇ ਵਿੱਚ ਧਨ ਨਿਵੇਸ਼ ਲਈ ਹੁਣ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੂੰਜੀ ਬਜ਼ਾਰ ਦਾ ਸਹਾਰਾ ਲਿਆ ਜਾ ਰਿਹਾ ਹੈ। ਸ਼ਹਿਰੀ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਲਈ ਵਿਉਪਾਰਕ ਤੌਰ ਤੇ ਹੰਢਣਸਾਰ ਯੋਜਨਾਵਾਂ ਦੇ ਅਧਾਰ ਤੇ ਮਿਉਂਸਿਪਲ ਬਾਂਡਾਂ ਰਾਹੀਂ ਪੂੰਜੀ ਬਜਾਰ ਵਿਚੋਂ ਪੈਸਾ ਲੈਣ ਦਾ ਅਰੰਭ 90 ਵਿਆਂ ਦੇ ਮੱਧ ਵਿੱਚ ਹੋਇਆ। ਉਦਾਰੀਕਰਣ ਦੇ ਨਾਲ ਨਾਲ ਨਵੀਂ ਆਰਥਕ ਨੀਤੀ ਨੇ ਸ਼ਹਿਰੀ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਦਾ ਇੱਕ ਬਦਲਵਾਂ ਸਰੋਤ ਮੁਹੱਈਆ ਕਰਵਾਇਆ ਹੈ। ਹੁਣ ਅਹਿਮਦਾਬਾਦ (ਦੋ ਵਾਰ), ਨਾਗਪੁਰ, ਨਾਸਿਕ, ਇੰਦੌਰ,

ਲੁਧਿਆਣਾ, ਬੰਗਲੌਰ, ਮਦੁਰੈ ਅਤੇ ਹੈਦਰਾਬਾਦ ਵਰਗੀਆਂ ਬਹੁਤ ਸਾਰੀਆਂ ਨਗਰ ਪਾਲਕਾਵਾਂ ਮਿਉਂਸਿਪਲ ਬਾਂਡਾਂ ਦੁਆਰਾ ਧਨ ਇੱਕਠਾ ਕਰ ਰਹੀਆਂ ਹਨ ਜਿਵੇਂ ਕਿ ਹੇਠਾਂ ਸਾਰਣੀ-40 ਵਿੱਚ ਦਿਖਾਇਆ ਗਿਆ ਹੈ :

**ਸਾਰਣੀ-40**

**ਭਾਰਤ ਵਿੱਚ ਨਗਰ ਨਿਗਮਾਂ ਦੁਆਰਾ ਮਿਉਂਸਿਪਲ ਬਾਂਡ ਮਾਰਕੀਟ ਵਿੱਚ ਪ੍ਰਵੇਸ਼**

| ਨਗਰ ਪਾਲਕਾ ਦਾ ਨਾਂ | ਬਾਂਡ ਜਾਰੀ ਕਰਨ ਦਾ ਸਾਲ | ਜਾਰੀ ਕੀਤੇ ਬਾਂਡਾਂ ਦੀ ਰਾਸ਼ੀ (ਕਰੋੜ ਰੁਪਿਆਂ ਵਿੱਚ) | ਸਰਕਾਰੀ ਗਰੰਟੀ | ਕਰੈਡਿਟ ਰੇਟਿੰਗ |
|---|---|---|---|---|
| ਅਹਿਮਦਾਬਾਦ ਨਗਰ ਨਿਗਮ | 1998 | 100.0 | ਨਹੀਂ | AA (SO) |
| ਬੰਗਲੌਰ ਮਹਾਪਾਲਿਕਾ | 1997 | 100.0 | ਨਹੀਂ | A (SO) |
| ਲੁਧਿਆਣਾ ਨਗਰ ਨਿਗਮ | 1999 | 17.8 | ਨਹੀਂ | AA (SO) |
| ਨਾਸਿਕ ਨਗਰ ਨਿਗਮ | 1999 | 100.0 | ਨਹੀਂ | AA (SO) |
| ਨਾਗਪੁਰ ਨਗਰ ਨਿਗਮ | 2000 | 50.0 | ਨਹੀਂ | AA -(SO) |
| ਮਦੁਰੈ ਨਗਰ ਨਿਗਮ | 2001 | 30.0 | ਨਹੀਂ | A+ (SO) |
| ਇੰਦੌਰ ਨਗਰ ਨਿਗਮ | 2001 | 10.0 | ਨਹੀਂ | ਲਾਗੂ ਨਹੀਂ |
| ਅਹਿਮਦਾਬਾਦ ਨਗਰ ਨਿਗਮ | 2002 | 100.0 | ਨਹੀਂ | AA (SO) |
| ਹੈਦਰਾਬਾਦ ਨਗਰ ਨਿਗਮ | 2002 | 82.5 | ਨਹੀਂ | AA +(SO) ਅਤੇ LAA+ (SO) |

**Source** : Punjab Development Report 2002, prepared by CRRID, Chandigarh, New Delhi : Planning Cammission

ਕਰ ਮੁਕਤ ਮਿਉਂਸਿਪਲ ਬਾਂਡ ਜਾਰੀ ਕਰਨ ਦੀ ਨੀਤੀ ਨਾਲ ਪੂੰਜੀ ਬਜਾਰ ਵਿੱਚੋਂ ਧਨ ਇਕੱਠਾ ਕਰਨ ਦੇ ਰੁਝਾਣ ਨੂੰ ਹੱਲਾਸ਼ੇਰੀ ਮਿਲੀ ਹੈ। ਇਸ ਢੰਗ ਨਾਲ ਧਨ ਇਕੱਠਾ ਕਰਨ ਲਈ ਨਗਰ ਪਾਲਕਾਵਾਂ ਦੀ ਕਰ ਵਸੂਲੀ ਅਤੇ ਵਿੱਤੀ ਪ੍ਰਬੰਧ ਵਿੱਚ ਸੁਧਾਰਾਂ ਦੀ ਲੋੜ ਹੈ। ਦੂਹਰੇ ਇੰਦਰਾਜ ਵਾਲੀ ਹਿਸਾਬ-ਕਿਤਾਬ ਰੱਖਣ ਦੀ ਪ੍ਰਣਾਲੀ ਦਾ ਅਰੰਭ, ਸੰਪਤੀ ਕਰ ਅਤੇ ਉਪਭੋਗਤਾਵਾਂ ਤੋਂ ਵਸੂਲੇ ਜਾਣ ਵਾਲੇ ਖਰਚਿਆਂ ਵਿੱਚ ਸੁਧਾਰ, ਕਰ ਵਸੂਲੀ, ਬਿਲ ਬਨਾਉਣ ਅਤੇ ਵਸੂਲਣ, ਸੰਪਤੀ ਪ੍ਰਬੰਧ ਦਾ ਪ੍ਰਭਾਵਸ਼ਾਲੀ ਪ੍ਰਸ਼ਾਸਨ ਅਤੇ ਵਿਸਤ੍ਰਿਤ ਸਿਖਲਾਈ ਦੁਆਰਾ ਨਗਰ ਪਾਲਕਾਵਾਂ ਦੇ ਕਰਮਚਾਰੀਆਂ ਦੀ ਪੇਸ਼ਾਵਰ ਨਿਪੁੰਨਤਾ ਦੇ ਮਿਆਰ ਵਿੱਚ ਵਾਧਾ ਪੂੰਜੀ ਬਜਾਰ ਵਿੱਚੋਂ ਧਨ ਇਕੱਠਾ ਕਰਨ ਲਈ ਜਰੂਰੀ ਹਨ। ICICI, IDFC, IL & FS ਅਤੇ HUDCO ਰਾਸ਼ਟਰੀ ਪੱਧਰ ਦੀਆਂ ਮਹੱਤਵਪੂਰਣ ਵਿੱਤੀ ਸੰਸਥਾਵਾਂ ਹਨ। ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਐਕਟ 1998 ਦੇ ਅਧੀਨ ਬਣਾਇਆ ਗਿਆ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਬੋਰਡ (PIDB) ਵੀ ਸ਼ਹਿਰੀ ਸਥਾਨਕ ਸੰਸਥਾਵਾਂ ਲਈ ਧਨ ਇਕੱਠਾ ਕਰ ਜਾ ਸਕਦਾ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਸੰਬੰਧੀ ਵਧ ਰਹੀਆਂ ਲੋੜਾਂ ਦੀ ਪੂਰਤੀ ਲਈ ਰਾਜ ਸਰਕਾਰ ਨੇ ਹਾਲ ਹੀ ਵਿੱਚ ਰਾਜ ਪੱਧਰ ਦਾ ਮਿਉਂਸਿਪਲ ਡਿਵੈਲਪਮੈਂਟ ਫੰਡ (MDF) ਬਣਾਇਆ ਹੈ। ਅਰੰਭਕ ਰਾਸ਼ੀ ਰਾਜ ਸਰਕਾਰ ਦੁਆਰਾ ਦਿੱਤੀ ਗਈ ਹੈ ਅਤੇ SpecIl Purpose Vehicle ਰਾਹੀਂ ਬੁਨਿਆਦੀ ਢਾਂਚੇ ਦੀਆਂ ਵਿਉਪਾਰਕ ਤੌਰ ਤੇ ਹੰਢਣਸਾਰ ਯੋਜਨਾਵਾਂ ਲਈ ਲੁੜੀਂਦਾ ਧਨ ਪੂੰਜੀ ਬਜ਼ਾਰ ਵਿੱਚੋਂ ਇਕੱਠਾ ਕੀਤਾ ਜਾ ਸਕਦਾ ਹੈ। ਧਨ ਦਾ ਭੁਗਤਾਨ ESCROW ਪ੍ਰਣਾਲੀ ਰਾਹੀਂ ਯਕੀਨੀ ਬਣਾਇਆ ਜਾ ਸਕਦਾ ਹੈ। ਇਹ ਪ੍ਰਣਾਲੀ ਦੇਸ਼ ਵਿੱਚ ਪਹਿਲਾਂ ਤੋਂ ਹੀ ਪ੍ਰਚੱਲਤ ਹੈ।

**ਸਿੱਟਾ :**

ਤੇਜੀ ਨਾਲ ਅਤੇ ਬਗੈਰ ਕਿਸੇ ਯੋਜਨਾਬੱਧ ਢੰਗ ਦੇ ਹੋ ਰਹੇ ਸ਼ਹਿਰੀਕਰਣ ਨਾਲ ਪੰਜਾਬ ਦੇ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਨਾਗਰਿਕ ਸੇਵਾਵਾਂ ਦੀਆਂ ਕਮੀਆਂ ਗੰਭੀਰ ਹੁੰਦੀਆਂ ਜਾ ਰਹੀਆਂ ਹਨ। ਸ਼ਹਿਰੀ ਵਿਕਾਸ, ਗਰੀਬੀ ਘਟਾਉਣ ਅਤੇ ਗੰਦੀਆਂ ਬਸਤੀਆਂ ਦੇ ਸੁਧਾਰ ਦੀਆਂ ਬਹੁਤ ਸਾਰੀਆਂ ਸਕੀਮਾਂ ਲਾਗੂ ਕੀਤੇ ਜਾਣ ਦੇ ਬਾਵਜੂਦ ਵੀ ਯੋਜਨਾਬੱਧ ਸ਼ਹਿਰੀ ਵਿਕਾਸ ਸੰਭਵ ਨਹੀਂ ਹੋ ਸਕਿਆ ਹੈ। ਕੇਂਦਰ ਸਰਕਾਰ ਦੀ ਸਰਪ੍ਰਸਤੀ ਹੇਠ ਚੱਲਣ ਵਾਲੀਆਂ ਸਕੀਮਾਂ ਵਿੱਚ ਭਾਰੀ ਘਾਟਾਂ ਹਨ। ਬੁਨਿਆਦੀ ਢਾਂਚੇ/ਸੇਵਾਵਾਂ ਦੇ ਵਿਸਥਾਰ ਅਤੇ ਯੋਜਨਾਬੱਧ ਸ਼ਹਿਰੀ ਵਿਕਾਸ ਵਿੱਚ ਨਿਵੇਸ਼ ਦੀ ਲੋੜ ਬਹੁਤ ਜ਼ਿਆਦਾ ਹੈ ਅਤੇ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੀ ਵਿੱਤੀ ਸਮਰਥਾ ਤੋਂ ਬਾਹਰ ਹੈ। ਨਗਰ ਪਾਲਕਾਵਾਂ ਦੇ ਸਾਧਨਾਂ ਦਾ ਉਪਯੋਗ ਸਮੇਂ ਦੀ ਜ਼ਰੂਰਤ ਹੈ। ਪ੍ਰਗਤੀਸ਼ੀਲ ਭਾਰਤੀ ਰਾਜ ਅਤੇ ਯੂਰਪੀ ਯੂਨੀਅਨ ਦੇ ਚੋਣਵੇਂ ਦੇਸ਼ਾਂ ਵਿੱਚ ਸਥਾਨਕ ਸ਼ਾਸਨਾਂ ਦਾ ਵਿੱਤੀ ਅਧਾਰ ਮਜਬੂਤ ਹੈ। ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਜਾ ਚੁੱਕਿਆ ਹੈ ਅਤੇ ਹੇਠਲੇ ਪੱਧਰਾਂ ਨੂੰ ਚੋਖੀਆਂ ਸ਼ਕਤੀਆਂ ਸੌਂਪੀਆਂ ਜਾ ਚੁੱਕੀਆਂ ਹਨ। ਇਨ੍ਹਾਂ ਰਾਜਾਂ ਵਿੱਚ ਨਗਰ ਪਾਲਕਾਵਾਂ ਦੁਆਰਾ ਅਪਣੀ ਆਮਦਨੀ ਅਤੇ ਅਪਣੇ ਵਸੀਲਿਆਂ ਦੇ ਉਪਯੋਗ ਲਈ ਕੀਤੇ ਜਾ ਰਹੇ ਜਤਨ ਸਾਫ ਦਿਖਾਈ ਦਿੰਦੇ ਹਨ। ਸਥਾਨਕ ਸਾਧਨਾਂ ਵਿੱਚ ਹੋ ਰਹੀ ਵਰਿੱਧੀ ਕਰਕੇ ਸਥਾਨਕ ਸ਼ਾਸਨ ਦੀਆਂ ਸੰਸਥਾਵਾਂ ਦੀ ਬਜਟ ਅਧੀਨ ਸੌਂਪੀਆਂ ਜਾਣ ਵਾਲੀਆਂ ਰਾਸ਼ੀਆਂ ਅਤੇ ਕੇਂਦਰ ਜਾਂ ਰਾਜ ਸਰਕਾਰਾਂ ਦੀਆਂ ਗਰਾਂਟਾਂ ਤੇ ਨਿਰਭਰਤਾ ਘਟਦੀ ਜਾ ਰਹੀ ਹੈ। ਸਥਾਨਕ ਸੰਸਥਾਵਾਂ ਨੂੰ ਅਪਣੀਆਂ ਨਿਵੇਸ਼ ਦੀਆਂ ਵਧ ਰਹੀਆਂ ਜਰੂਰਤਾਂ ਪੂਰੀਆਂ ਕਰਨ ਦੇ ਯੋਗ ਬਣਾਉਣ ਲਈ ਯੂਰਪੀ ਯੂਨੀਅਨ ਦੇ ਦੇਸ਼ਾਂ ਨੇ ਉਨ੍ਹਾਂ ਨੂੰ ਚੋਖੀਆਂ ਰਾਸ਼ੀਆਂ ਸੌਂਪਣ ਦੇ ਨਵੀਨ ਜਤਨ ਕੀਤੇ ਹਨ। ਨਤੀਜੇ ਵਜੋਂ ਉੱਚ ਗੁਣਵੱਤਾ ਵਾਲੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦਾ ਵਿਕਾਸ ਹੋਇਆ ਹੈ। ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਦੇਸ਼ਾਂ ਤੋਂ ਸਬਕ ਲੈਂਦੇ ਹੋਏ ਪੰਜਾਬ ਵੀ ਸਵੈ-ਸ਼ਾਸਨ ਸੰਸਥਾਵਾਂ ਨੂੰ ਅਪਣੇ ਵਸੀਲਿਆਂ ਦਾ ਉਪਯੋਗ ਕਰਨ ਅਤੇ ਮਿਉਂਸਿਪਲ ਬਾਂਡ ਜਾਰੀ ਕਰਕੇ ਜਾਂ ਬੈਂਕਾਂ ਤੋਂ ਪੈਸਾ ਲੈ ਕੇ ਪੂੰਜੀ ਬਜਾਰ ਵਿਚੋਂ ਪੈਸਾ ਲੈਣ ਦੇ ਯੋਗ ਬਣਾਉਣ ਦੀ ਦਿਸ਼ਾ ਵਿੱਚ ਸੁਧਾਰ ਸ਼ੁਰੂ ਕਰ ਸਕਦਾ ਹੈ। ਸ਼ਹਿਰੀ ਖੇਤਰਾਂ ਦੇ ਲੰਬੇ ਅਰਸੇ ਤੱਕ ਨਿਰੰਤਰ ਚੱਲਣ ਵਾਲੇ ਵਿਕਾਸ ਲਈ ਰਾਜ ਸਰਕਾਰ ਨੂੰ ਲੋਕਾਂ ਦੀ ਵਾਹ-ਵਾਹ ਖੱਟਣ ਲਈ ਕੀਤੀਆਂ ਜਾ ਰਹੀਆਂ ਕਾਰਵਾਈਆਂ ਨੂੰ ਰੋਕਣਾ ਚਾਹੀਦਾ ਹੈ। ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਚੋਖੀ ਵਿੱਤੀ ਖੁਦਮੁਖਤਾਰੀ ਅਤੇ ਅਧਿਕਾਰ ਦੇਣ ਨਾਲ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇ ਦੁਸ਼ਚੱਕਰ ਨੂੰ ਤੋੜਿਆ ਜਾ ਸਕਦਾ ਹੈ। ਸੇਵਾਵਾਂ ਲਈ ਲਏ ਜਾਣ ਵਾਲੇ ਖਰਚਿਆਂ ਦੀ ਦਰ ਦੇ ਨਿਰਧਾਰਣ ਅਤੇ ਲਾਗਤ ਦੀ ਵਸੂਲੀ ਦੀ ਪ੍ਰਣਾਲੀ ਨੂੰ ਮਜਬੂਤ ਬਣਾ ਕੇ ਲਾਗਤ ਵਸੂਲੀ ਜਿਆਦਾ ਹੋ ਸਕਦੀ ਹੈ। ਪੰਜਾਬ ਦੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਚਾਹੀਦਾ ਹੈ। ਜਿਨ੍ਹਾਂ ਕਰਾਂ ਅਤੇ ਖਰਚਿਆਂ ਦੀ ਵਿਵਸਥਾ ਨਗਰ ਪਾਲਕਾਵਾਂ ਸੰਬੰਧੀ ਕਾਨੂੰਨਾਂ ਵਿੱਚ ਕੀਤੀ ਗਈ ਹੈ ਉਨ੍ਹਾਂ ਨੂੰ ਵਸੂਲ ਕਰਨਾ ਚਾਹੀਦਾ ਹੈ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਚੋਖੇ ਅਧਿਕਾਰ ਵੀ ਸੌਂਪੇ ਜਾਣੇ ਚਾਹੀਦੇ ਹਨ। ਸਥਾਨਕ ਸਾਧਨਾਂ ਦੇ ਉਪਯੋਗ ਲਈ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਕਰ ਵਸੂਲੀ ਦੇ ਅਧਾਰ ਨੂੰ ਵਿਸਤ੍ਰਿਤ ਕਰਨਾ ਚਾਹੀਦਾ ਹੈ। ਕੇਵਲ ਵਿੱਤੀ ਤੌਰ ਤੇ ਸ਼ਕਤੀ ਸੰਪੰਨ ਸ਼ਹਿਰੀ ਸਥਾਨਕ ਸੰਸਥਾਵਾਂ ਹੀ ਬਜਟ ਤੋਂ ਇਲਾਵਾ ਹੋਰ ਵਸੀਲਿਆਂ ਰਾਹੀਂ ਧਨ ਇਕੱਠਾ ਕਰ ਸਕਦੀਆਂ ਹਨ ਅਤੇ ਇਹ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਨਾਗਰਿਕ ਸਹੂਲਤਾਂ ਲਈ ਨਿਵੇਸ਼ ਦੀ ਵਧ ਰਹੀ ਲੋੜ ਨੂੰ ਪੂਰਾ ਕਰਨ ਲਈ ਜਰੂਰੀ ਹੈ।

# ਭਾਗ ਦੂਜਾ
# ਪੰਚਾਇਤੀ ਰਾਜ ਸੰਸਥਾਵਾਂ

**ਜਾਣ-ਪਛਾਣ :**

ਵਿਕੇਂਦਰੀਕ੍ਰਿਤ ਸਰਕਾਰਾਂ ਦਿਹਾਤੀ ਇਲਾਕਿਆਂ ਵਿੱਚ ਸਮਾਜਕ ਅਤੇ ਆਰਥਕ ਕਾਇਆ-ਕਲਪ ਦਾ ਸਾਧਨ ਹਨ। ਕਿਹਾ ਜਾਂਦਾ ਹੈ ਕਿ ਸਥਾਨਕ ਮਾਮਲਿਆਂ ਦਾ ਕੁਸ਼ਲ ਅਤੇ ਪ੍ਰਭਾਵਸ਼ਾਲੀ ਪ੍ਰਬੰਧ ਨਾ ਤਾਂ ਕੇਂਦਰ ਸਰਕਾਰ ਦੁਆਰਾ ਸੰਭਵ ਹੈ ਤੇ ਨਾ ਹੀ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਸਰਕਾਰ ਸ਼ਾਸਨ ਦੀਆਂ ਸਥਾਨਕ ਇਕਾਈਆਂ ਤੋਂ ਬਹੁਤ ਦੂਰ ਸਥਿਤ ਹੁੰਦੀ ਹੈ (Khan 1996)। ਬਹੁਤ ਦੇਰ ਪਹਿਲਾਂ 1952 ਵਿੱਚ ਸਮੁਦਾ ਵਿਕਾਸ ਦੀ ਯੋਜਨਾ ਅਰੰਭ ਕਰਨ ਉਪਰੰਤ ਦੇਸ਼ ਦੇ ਨੇਤਾਵਾਂ ਨੇ ਅਨੁਭਵ ਕੀਤਾ ਕਿ ਪਿੰਡ ਪੱਧਰ ਦੇ ਕਿਸੇ ਸੰਗਠਨ ਬਗੈਰ, ਜਿਹੜਾ ਸਮੁਦਾ ਦੀ ਪ੍ਰਤੀਨਿਧਤਾ ਕਰ ਸਕਦਾ ਹੋਵੇ ਅਤੇ ਸਮੁਦਾ ਵਿਕਾਸ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਲੈ ਕੇ ਲੋੜੀਂਦੀ ਅਗਵਾਈ ਕਰ ਸਕਦਾ ਹੋਵੇ, ਦਿਹਾਤੀ ਵਿਕਾਸ ਵਿੱਚ ਕੋਈ ਵੀ ਵਾਸਤਵਿਕ ਪ੍ਰਗਤੀ ਨਹੀਂ ਹੋ ਸਕਦੀ (GOI, 1958)। ਲੋਕਾਂ ਨੂੰ ਸ਼ਕਤੀ ਸੰਪੰਨ ਬਣਾਉਣ ਦੇ ਕਈ ਸਮਰਥਕਾਂ ਨੇ ਇਹ ਵੀ ਕਿਹਾ ਕਿ ਸਰਕਾਰ ਵਿਕਾਸ ਦੇ ਕੰਮ ਕਰਨ ਵਿੱਚ ਅਪਣੀ ਪ੍ਰਸੰਗਕਤਾ ਹੀ ਖੋ ਬੈਠੀ ਹੈ। ਇਸ ਕਰਕੇ ਭਾਰਤ ਦੇ ਦਿਹਾਤੀ ਸਮਾਜ ਦੀ ਮੁੜ ਉਸਾਰੀ ਲਈ ਲੋਕਾਂ ਦੀਆਂ ਜਰੂਰਤਾਂ ਪ੍ਰਤੀ ਸੰਵੇਦਨਸ਼ੀਲ ਅਤੇ ਉਨ੍ਹਾਂ ਦੀ ਦੇਖ ਭਾਲ ਕਰਨ ਵਾਲੀ ਇੱਕ ਸੰਸਥਾ (ਪੰਚਾਇਤੀ ਰਾਜ) ਨੇ ਹਮੇਸ਼ਾ ਰਹਿਣਾ ਹੀ ਹੈ। ਇਹ ਲੋਕਾਂ ਦੀ ਸੰਸਥਾ ਹੋਵੇਗੀ ਅਤੇ ਉਨ੍ਹਾਂ ਦੀ ਨਿਗਰਾਨੀ ਹੇਠ ਚੱਲੇਗੀ। ਇਹ ਸਕੀਮ ਨਹੀਂ ਬਲਕਿ ਲੋਕਾਂ ਦੁਆਰਾ ਵਰਿੱਧੀ ਅਤੇ ਨਿਆਂ ਪ੍ਰਾਪਤ ਕਰਨ ਦੀ ਇੱਕ ਲੋਕ ਲਹਿਰ ਹੈ। (Palanithurai, 2000)।

73ਵੀਂ ਸੰਵਿਧਾਨਕ ਸੋਧ ਪਾਸ ਹੋਣ ਤੋਂ ਬਾਦ, ਪੰਚਾਇਤੀ ਰਾਜ ਸੰਸਥਾਵਾਂ ਦਿਹਾਤੀ ਵਿਕਾਸ ਦੇ ਪ੍ਰਾਜੈਕਟਾਂ ਅਤੇ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰ ਰਹੀਆਂ ਹਨ। ਦਿਹਾਤੀ ਵਿਕਾਸ ਦੇ ਪ੍ਰੋਗਰਾਮਾਂ ਨੂੰ ਸਭ ਤੋਂ ਹੇਠਲੇ ਪੱਧਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਉਹ ਸੰਬੰਧਤ ਵਿਭਾਗਾਂ ਅਤੇ ਗੈਰ ਸਰਕਾਰੀ ਸੰਗਠਨਾਂ ਨੂੰ ਲੁੜੀਂਦਾ ਸਮਰਥਨ ਦੇ ਰਹੀਆਂ ਹਨ। ਇਹ ਇੱਕ ਦਿਲਚਸਪ ਗੱਲ ਹੈ ਕਿ ਪੱਛਮੀ ਬੰਗਾਲ ਅਤੇ ਕਰਨਾਟਕ ਵਰਗੇ ਜਿਨ੍ਹਾਂ ਰਾਜਾਂ ਨੇ ਸਥਾਨਕ ਸੁਧਾਰਾਂ ਦੇ ਮਾਮਲੇ ਵਿੱਚ ਬਿਹਤਰ ਕਾਰਗੁਜਾਰੀ ਦਿਖਾਈ ਹੈ, ਉਨ੍ਹਾਂ ਹੀ ਰਾਜਾਂ ਵਿੱਚ ਵਿਕੇਂਦਰੀਕ੍ਰਿਤ ਯੋਜਨਾਬੰਦੀ ਜ਼ਿਲ੍ਹਾ ਪੱਧਰ ਤੇ ਪ੍ਰਭਾਵਸ਼ਾਲੀ ਹੈ। (Rao, 2003)। ਅਰਥਪੂਰਣ ਦਿਹਾਤੀ ਵਿਕਾਸ ਦੀ ਪ੍ਰਕਿਰਿਆ ਨੂੰ ਉਤਸ਼ਾਹਤ ਕਰਨ ਵਿੱਚ ਪੰਚਾਇਤਾਂ ਦੀ ਲੋੜ ਅਤੇ ਉਨ੍ਹਾਂ ਦੇ ਮਹੱਤਵ ਦਾ ਸਮਰਥਨ ਕਰਦੇ ਹੋਏ ਪਿੰਡ ਪੱਧਰ ਦੀਆਂ ਇਨ੍ਹਾਂ ਸਥਾਨਕ ਸੰਸਥਾਵਾਂ ਬਾਰੇ ਇਹ ਦਲੀਲ ਦਿੱਤੀ ਗਈ ਹੈ ਕਿ :

(i) ਇਨ੍ਹਾਂ ਪਾਸ ਦਿਹਾਤੀ ਵਿਕਾਸ ਨਾਲ ਸੰਬੰਧਤ ਯੋਜਨਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਸੁਤੰਤਰਤਾ ਅਤੇ ਲਚਕ ਹੋਵੇਗੀ।

(ii) ਇਹ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਨ ਵਿੱਚ ਲੋਕਾਂ ਦੀ ਭਾਗੀਦਾਰੀ ਨੂੰ ਅਸਾਨ ਬਣਾਉਣਗੀਆਂ।

(iii) ਇਹ ਲੋਕਾਂ ਅਤੇ ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਸਥਾਨਕ ਯੋਜਨਾਵਾਂ ਲਈ ਮਿਹਨਤ ਤੋਂ ਇਲਾਵਾ ਭੌਤਿਕ ਅਤੇ ਵਿੱਤੀ ਸਾਧਨਾਂ ਦਾ ਯੋਗਦਾਨ ਕਰਨ ਦੇ ਉਪਰਾਲੇ ਅਤੇ ਉਤਸ਼ਾਹ ਲਈ ਪ੍ਰੇਰਤ ਕਰਨਗੀਆਂ।

(iv) ਇਹ ਅਜਿਹੇ ਵਿਕਾਸ ਪ੍ਰੋਗਰਾਮ ਸ਼ੁਰੂ ਕਰਨਗੀਆਂ ਜਿਨ੍ਹਾਂ ਵਿੱਚ ਸਥਾਨਕ ਪੱਧਰ ਤੇ ਉਪਲਬਧ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜੇ ਸਥਾਨਕ ਲੋੜਾਂ ਦੀ ਪੂਰਤੀ ਕਰਨ ਵਾਲੀਆਂ ਵਸਤੂਆਂ ਅਤੇ ਸੇਵਾਵਾਂ ਪੈਦਾ ਕਰਨਗੇ ਅਤੇ ਪਿੰਡ ਅਤੇ ਘਰੇਲੂ ਪੱਧਰ ਤੇ ਉਪਜਾਊ ਵਸੀਲੇ ਪੈਦਾ ਕਰਨਗੇ(Aziz, 1977)।

ਵਿਕਾਸ ਦੇ ਮਸ਼ਹੂਰ ਅਰਥ ਸ਼ਾਸਤਰੀ ਮਾਈਕਲ ਟਡਾਰੋ ਅਨੁਸਾਰ ਦਿਹਾਤੀ ਵਿਕਾਸ ਦੇ ਉਦੇਸ਼ ਹਨ: (i) ਰੁਜ਼ਗਾਰ, ਸਿੱਖਿਆ, ਸਿਹਤ, ਆਹਾਰ, ਰਿਹਾਇਸ਼ ਲਈ ਮਕਾਨ ਅਤੇ ਹੋਰ ਬਹੁਤ ਸਾਰੀਆਂ ਸਮਾਜਕ ਸੇਵਾਵਾਂ ਸਮੇਤ ਜੀਵਨ ਦੇ ਮਿਆਰ ਵਿੱਚ ਸੁਧਾਰ (ii) ਦਿਹਾਤੀ ਲੋਕਾਂ ਦੀ ਆਮਦਨੀ ਦੀ ਵੰਡ ਵਿੱਚ ਅਸਮਾਨਤਾ ਅਤੇ ਸ਼ਹਿਰੀ ਅਤੇ ਦਿਹਾਤੀ ਲੋਕਾਂ ਵਿਚਕਾਰ ਆਮਦਨੀ ਅਤੇ ਆਰਥਕ ਅਵਸਰਾਂ ਦੇ ਪੱਖੋਂ ਅਸੰਤੁਲਨ ਨੂੰ ਘਟਾਉਣਾ (iv) ਇਨ੍ਹਾਂ ਸੁਧਾਰਾਂ ਦੀ ਗਤੀ ਨੂੰ ਕਾਇਮ ਰੱਖਣ ਅਤੇ ਹੋਰ ਤੇਜ ਕਰਨ ਦੀ ਦਿਹਾਤੀ ਖੇਤਰ ਦੀ ਸਮਰਥਾ ਵਿੱਚ ਵਾਧਾ ਕਰਨਾ।

ਪੰਚਾਇਤੀ ਰਾਜ ਸੰਸਥਾਵਾਂ ਤੋਂ ਦਿਹਾਤੀ ਵਿਕਾਸ ਵਿੱਚ ਜਿਸ ਮਹੱਤਵਪੂਰਣ ਭੂਮਿਕਾ ਦੀ ਉਮੀਦ ਰੱਖੀ ਜਾਂਦੀ ਹੈ ਉਸਨੂੰ ਚਾਰ ਮੁੱਖ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ :

(i) ਗਰੀਬੀ ਘਟਾਉਣਾ, ਰੁਜ਼ਗਾਰ ਪੈਦਾ ਕਰਨਾ ਅਤੇ ਮੁਢਲੀਆਂ ਸੇਵਾਵਾਂ ਮੁਹੱਈਆ ਕਰਵਾਉਣਾ।

(ii) ਖੇਤੀਬਾੜੀ ਦੇ ਨਾਲ ਨਾਲ ਦਿਹਾਤੀ ਇਲਾਕੇ ਵਿੱਚ ਉਦਯੋਗ ਲਗਾਉਣਾ।

(iii) ਸਿੱਖਿਆ ਅਤੇ ਸਿਹਤ ਸੰਭਾਲ

(iv) ਸਮਾਜਕ ਨਿਆਂ ਤੋਂ ਇਲਾਵਾ ਅਨੁਸੂਚਿਤ ਜਾਤੀਆਂ ਅਤੇ ਕਮਜੋਰ ਵਰਗਾਂ ਦੀ ਭਲਾਈ।

**ਗਰੀਬੀ ਘਟਾਉਣਾ, ਰੁਜ਼ਗਾਰ ਪੈਦਾ ਕਰਨਾ ਅਤੇ ਮੁਢਲੀਆਂ ਸੇਵਾਵਾਂ ਮੁਹੱਈਆ ਕਰਵਾਉਣਾ :**

ਭਾਰਤ ਸਰਕਾਰ ਦੇ ਯੋਜਨਾ ਕਮਿਸ਼ਨ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਰਾਸ਼ਟਰੀ ਮਾਨਵ ਵਿਕਾਸ ਰਿਪੋਰਟ (The National Human Development Report 2001) ਦੇ ਅਨੁਮਾਨ ਅਨੁਸਾਰ ਪੰਜਾਬ ਦੇ ਦਿਹਾਤੀ ਇਲਾਕਿਆਂ ਦੀ ਅਬਾਦੀ ਦਾ 6.35% ਭਾਗ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਿਹਾ ਹੈ। ਗਰੀਬੀ ਦੀ ਰੇਖਾ ਤੋਂ ਹੇਠ ਰਹਿ ਰਹੇ ਪਰਿਵਾਰ ਜਿਆਦਾਤਰ ਅਨੁਸੂਚਿਤ ਜਾਤੀਆਂ, ਭੂਮੀਹੀਣ ਅਤੇ ਸੀਮਾਂਤਕ ਕਿਸਾਨਾਂ ਅਤੇ ਅਨਿਯਮਤ ਤੌਰ ਤੇ ਦਿਹਾੜੀ ਤੇ ਜਾਣ ਵਾਲੇ ਮਜਦੂਰਾਂ ਵਿੱਚੋਂ ਹਨ। ਗਰੀਬੀ ਤੋਂ ਇਲਾਵਾ ਬੇਰੁਜਗਾਰ ਨੌਜਵਾਨਾਂ ਨੂੰ ਰੁਜਗਾਰ ਮੁਹੱਈਆ ਕਰਵਾਉਣਾ ਸਰਕਾਰ ਸਾਮ੍ਹਣੇ ਇੱਕ ਮੁਸ਼ਕਿਲ ਚੁਣੌਤੀ ਹੈ। ਪੰਜਾਬ ਸਰਕਾਰ ਦੇ ਰੁਜ਼ਗਾਰ ਨਿਰਦੇਸ਼ਾਲੇ (Directorate of Employment) ਦੇ 2001 ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਬੇਰੁਜਗਾਰਾਂ ਦੀ ਸੰਖਿਆ 5.4 ਲੱਖ ਹੈ ਜਿਨ੍ਹਾਂ ਵਿੱਚ 4.1 ਲੱਖ ਪੜ੍ਹੇ ਲਿਖੇ ਅਤੇ 1.3 ਲੱਖ ਅਨਪੜ੍ਹ ਬੇਰੁਜ਼ਗਾਰ ਹਨ। ਪਿੰਡਾਂ ਦੀ ਲਗਭਗ 50% ਅਬਾਦੀ ਨੂੰ ਸਾਫ ਟੱਟੀਖਾਨੇ ਉਪਲਬਧ ਨਹੀਂ ਹਨ। ਭਾਵੇਂ ਪਿੰਡਾਂ ਵਿੱਚ ਰਹਿਣ ਵਾਲੇ ਬਹੁਤ ਸਾਰੇ ਪਰਿਵਾਰਾਂ ਨੂੰ ਪੀਣ ਦਾ ਪਾਣੀ ਉਪਲਬਧ ਹੈ ਪਰ ਉਨ੍ਹਾਂ ਵਿੱਚ ਇੱਕ ਬਹੁਤ ਵੱਡੀ ਗਿਣਤੀ ਨੂੰ ਪੀਣ ਦਾ ਸੁਰੱਖਿਅਤ ਪਾਣੀ ਨਹੀਂ ਮਿਲਦਾ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦੀ ਹੱਦੋਂ ਵੱਧ ਵਰਤੋਂ ਹੋਣ ਕਰਕੇ ਕਈ ਇਲਾਕਿਆਂ, ਖਾਸ ਕਰਕੇ ਮਾਨਸਾ, ਮੁਕਤਸਰ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਸੇਮ ਵਾਲੇ ਹਿੱਸਿਆਂ ਵਿੱਚ ਪਾਣੀ ਦੂਸ਼ਿਤ ਹੋ ਚੁੱਕਿਆ ਹੈ। ਦੂਸ਼ਿਤ ਪਾਣੀ ਦੀ ਵਰਤੋਂ ਕਰਕੇ ਪੀਲੀਏ ਅਤੇ ਕੈਂਸਰ ਨਾਲ ਲੋਕਾਂ ਦੇ ਮਰਨ ਦੀਆਂ ਖ਼ਬਰਾਂ ਮਿਲ ਰਹੀਆਂ ਹਨ।

ਦਿਹਾਤੀ ਇਲਾਕਿਆਂ ਵਿੱਚ ਜੀਵਨ ਦੇ ਮਿਆਰ ਵਿੱਚ ਸੁਧਾਰ ਕਰਨ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੇ ਸਮੇਂ ਸਮੇਂ ਤੇ ਵਿਕਾਸ ਦੇ ਕਈ ਸੁਤੰਤਰ ਅਤੇ ਏਕੀਕ੍ਰਿਤ ਪ੍ਰੋਗਰਾਮ (Integrated Development Programmes) ਸ਼ੁਰੂ ਕੀਤੇ ਹਨ ਜਿਨ੍ਹਾਂ ਦਾ ਉਦੇਸ਼ ਗਰੀਬੀ ਘਟਾਉਣਾ, ਰੁਜ਼ਗਾਰ ਦੇ ਅਵਸਰ ਪੈਦਾ ਕਰਨਾ ਅਤੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਹੈ। ਹਾਲ ਹੀ ਵਿੱਚ ਅਰੰਭ ਕੀਤੇ ਗਏ ਅਜਿਹੇ ਕੁੱਝ ਮਹੱਤਵਪੂਰਣ ਪ੍ਰੋਗਰਾਮ ਹਨ : National Food for Work Programme, ਸਵਰਣ ਜਯੰਤੀ ਸੰਪੂਰਣ ਗਰਾਮੀਣ ਰੋਜ਼ਗਾਰ ਯੋਜਨਾ, ਇੰਦਰਾ ਆਵਾਸ ਯੋਜਨਾ, ਪ੍ਰਧਾਨ ਮੰਤਰੀ ਗਰਾਮੋਦੈ ਯੋਜਨਾ, Rural Employment Generation Programme, ਪ੍ਰਧਾਨ ਮੰਤਰੀ ਰੁਜ਼ਗਾਰ ਯੋਜਨਾ, ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਅਤੇ National Rural Employment Guarantee Act. National Food for Work Programme ਦਿਹਾੜੀਦਾਰ ਕਾਮਿਆਂ ਲਈ ਹੋਰ ਰੁਜ਼ਗਾਰ ਪੈਦਾ ਕਰਨ ਦੀ ਪ੍ਰਕਿਰਿਆ ਨੂੰ ਤੇਜ ਬਣਾਉਣ ਵਾਸਤੇ ਸਾਲ 2000 ਵਿੱਚ 150 ਪਛੜੇ ਹੋਏ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤਾ ਗਿਆ। 1999 ਵਿੱਚ ਸ਼ੁਰੂ ਕੀਤੇ ਗਏ SGSY ਦਾ ਉਦੇਸ਼ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ

ਪਰਿਵਾਰਾਂ ਨੂੰ ਬੈਂਕਾਂ ਦੁਆਰਾ ਦਿੱਤੇ ਜਾਣ ਵਾਲੇ ਉਧਾਰ ਅਤੇ ਸਰਕਾਰੀ ਸਬਸਿਡੀ ਦੀ ਮਿਲੀ ਜੁਲੀ ਮਦਦ ਰਾਹੀਂ ਸਵੈ-ਸਹਾਇਤਾ ਸਮੂਹਾਂ (Self Help Groups) ਵਿੱਚ ਸੰਗਠਤ ਕਰਨਾ ਹੈ। 2000 ਵਿੱਚ ਸ਼ੁਰੂ ਕੀਤੀ ਗਈ ਸਵਰਣਜਯੰਤੀ ਸੰਪੂਰਣ ਗਰਾਮੀਣ ਰੋਜ਼ਗਾਰ ਯੋਜਨਾ ਦਾ ਉਦੇਸ਼ ਸਾਰੇ ਦਿਹਾਤੀ ਇਲਾਕਿਆਂ ਵਿੱਚ ਦਿਹਾੜੀਦਾਰ ਕਾਮਿਆਂ ਨੂੰ ਹੋਰ ਜ਼ਿਆਦਾ ਰੁਜ਼ਗਾਰ ਮੁਹੱਈਆ ਕਰਵਾ ਕੇ ਉਨ੍ਹਾਂ ਨੂੰ ਭੋਜਨ ਵੱਲੋਂ ਨਿਸ਼ਚਿੰਤ ਕਰਨਾ ਅਤੇ ਉਨ੍ਹਾਂ ਦੇ ਆਹਾਰ ਦੇ ਪੱਧਰ ਨੂੰ ਉੱਪਰ ਚੁੱਕਣਾ ਹੈ। 1999-2000 ਤੋਂ ਅਰੰਭ ਕੀਤੀ ਗਈ ਇੰਦਰਾ ਆਵਾਸ ਯੋਜਨਾ ਗਰੀਬ ਲੋਕਾਂ ਲਈ ਮਕਾਨ ਉਸਾਰੀ ਦੀ ਇੱਕ ਵਿੱਤੀ ਸਕੀਮ ਹੈ। 2000-01 ਵਿੱਚ ਸ਼ੁਰੂ ਕੀਤੀ ਗਈ **ਪ੍ਰਧਾਨ ਮੰਤਰੀ ਗਰਾਮੋਦੈ ਯੋਜਨਾ** ਦਾ ਉਦੇਸ਼ ਮੁਢਲੀ ਸਿਹਤ ਸੰਭਾਲ, ਮੁਢਲੀ ਸਿੱਖਿਆ, ਦਿਹਾਤੀ ਆਸ਼ਰਮ, ਪਿੰਡਾਂ ਵਿੱਚ ਪੀਣ ਦੇ ਪਾਣੀ, ਆਹਾਰ ਅਤੇ ਬਿਜਲੀ ਜਿਹੀਆਂ ਚੋਣਵੀਆਂ ਮੁਢਲੀਆਂ ਸਹੂਲਤਾਂ ਵਿੱਚ ਸੁਧਾਰ ਕਰਨਾ ਹੈ। 1995 ਤੋਂ ਚੱਲ ਰਹੀ ਦਿਹਾਤੀ ਇਲਾਕਿਆਂ ਵਿੱਚ ਰੁਜ਼ਗਾਰ ਪੈਦਾ ਕਰਨ ਦੀ ਯੋਜਨਾ (Rural Employment Generation Programme) ਦਾ ਉਦੇਸ਼ ਦਿਹਾਤੀ ਇਲਾਕਿਆਂ ਵਿੱਚ ਸਵੈ-ਰੁਜਗਾਰ ਦੇ ਅਵਸਰ ਪੈਦਾ ਕਰਨਾ ਹੈ। ਪ੍ਰਧਾਨ ਮੰਤਰੀ ਰੁਜ਼ਗਾਰ ਯੋਜਨਾ 1993 ਵਿੱਚ ਪਿੰਡਾਂ ਦੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਆਰਥਕ ਤੌਰ ਤੇ ਸਫਲਤਾਪੂਰਵਕ ਚੱਲ ਸਕਣ ਵਾਲੇ ਕਿੱਤੇ ਸ਼ੁਰੂ ਕਰਨ ਵਿੱਚ ਮਦਦ ਦੇ ਕੇ ਸਵੈ-ਰੁਜ਼ਗਾਰ ਦੇ ਅਵਸਰ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ। ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਦਾ ਉਦੇਸ਼ ਘੱਟੋ-ਘੱਟ 500 ਦੀ ਅਬਾਦੀ ਵਾਲੀਆਂ ਬਸਤੀਆਂ ਨੂੰ ਸੜਕਾਂ ਦੀ ਸਹੂਲਤ ਦੇਣ ਲਈ ਪਿੰਡਾਂ ਵਿੱਚ ਸੜਕਾਂ ਬਣਾਉਣਾ ਹੈ। ਇਨ੍ਹਾਂ ਗਰੀਬੀ ਘਟਾਉਣ ਅਤੇ ਰੁਜ਼ਗਾਰ ਪੈਦਾ ਕਰਨ ਦੇ ਪ੍ਰੋਗਰਾਮਾਂ ਤੋਂ ਇਲਾਵਾ ਦਿਹਾਤੀ ਵਿਕਾਸ ਦੇ ਮੰਤਰਾਲੇ ਨੇ ਦਿਹਾਤੀ ਅਬਾਦੀ ਨੂੰ ਸਾਫ ਸੁਥਰੇ ਪਖਾਨੇ ਅਤੇ ਪੀਣ ਦਾ ਸੁਰੱਖਿਅਤ ਪਾਣੀ ਮੁਹੱਈਆ ਕਰਵਾਉਣ ਲਈ ਸੰਪੂਰਣ ਸਫਾਈ ਮੁਹਿੰਮ (Total Sanitation Campaign) ਸ਼ੁਰੂ ਕੀਤੀ ਹੈ।

ਦਿਹਾਤੀ ਰੁਜ਼ਗਾਰ ਨੂੰ ਉਤਸ਼ਾਹਤ ਕਰਨ ਦਾ ਇੱਕ ਮਹੱਤਵਪੂਰਣ ਕਦਮ ਭਾਰਤ ਸਰਕਾਰ ਦੁਆਰਾ 2005 ਵਿੱਚ ਦਿਹਾਤੀ ਰੁਜਗਾਰ ਨੂੰ ਯਕੀਨੀ ਬਣਾਉਣ ਲਈ ਪਾਸ ਕੀਤੇ ਗਏ ਰਾਸ਼ਟਰੀ ਕਾਨੂੰਨ (National Rural Employment Guarantee Act) ਰਾਹੀਂ ਯਕੀਨੀ ਰੁਜ਼ਗਾਰ ਦੀ ਸਕੀਮ (Employment Guarantee Scheme) ਹੈ। ਇਹ ਕਾਨੂੰਨ ਦਿਹਾਤੀ ਨਾਗਰਿਕਾਂ ਨੂੰ ਰੁਜ਼ਗਾਰ ਦਾ ਕਾਨੂੰਨੀ ਹੱਕ ਦਿੰਦਾ ਹੈ। ਇਸ ਦਾ ਜਤਨ ਜੰਮੂ ਕਸ਼ਮੀਰ ਨੂੰ ਛੱਡ ਕੇ ਦੇਸ਼ ਦੇ ਹੋਰ ਸਾਰੇ ਦਿਹਾਤੀ ਇਲਾਕਿਆਂ ਵਿੱਚ ਗੁਜਾਰੇ ਦੀ ਸੁਰੱਖਿਆ ਵਿੱਚ ਵਰਿੱਧੀ ਕਰਨ ਦੀ ਵਿਵਸਥਾ ਕਰਨਾ ਹੈ। ਇਸ ਉਦੇਸ਼ ਲਈ ਇਸ ਨੇ ਹਰੇਕ ਵਿੱਤੀ ਵਰ੍ਹੇ ਵਿੱਚ ਅਜਿਹੇ ਹਰੇਕ ਪਰਿਵਾਰ ਲਈ, ਜਿਸਦੇ ਬਾਲਿਗ ਸਦੱਸ ਇਸ ਕਾਨੂੰਨ ਤਹਿਤ ਆਉਣ ਵਾਲੀਆਂ ਸਕੀਮਾਂ ਅਧੀਨ ਮਿਹਨਤ-ਮਜਦੂਰੀ ਵਾਲੇ ਕੰਮ ਕਰਨ ਦੇ ਇੱਛੁਕ ਹੋਣ, ਘੱਟੋ-ਘੱਟ 100 ਦਿਨਾਂ ਦੇ ਯਕੀਨੀ ਰੁਜਗਾਰ ਦਾ ਪ੍ਰਬੰਧ ਕੀਤਾ ਹੈ। ਦੇਸ਼ ਦੇ 200 ਸਭ ਤੋਂ ਵੱਧ ਪਛੜੇ ਹੋਏ ਜ਼ਿਲ੍ਹਿਆਂ ਤੋਂ ਸ਼ੁਰੂ ਹੋ ਕੇ, ਪੰਜ ਸਾਲਾਂ ਦੀ ਅਵਧੀ ਦੌਰਾਨ ਇਸ ਦਾ ਵਿਸਥਾਰ ਦੇਸ਼ ਭਰ ਵਿੱਚ ਕਰ ਦਿੱਤਾ ਜਾਵੇਗਾ। ਇਸ ਕਾਨੂੰਨ ਵਿੱਚ ਉਮੀਦ ਕੀਤੀ ਗਈ ਹੈ ਕਿ ਇਸ ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੰਚਾਇਤੀ ਰਾਜ ਸੰਸਥਾਵਾਂ ਕੇਂਦਰੀ ਭੂਮਿਕਾ ਨਿਭਾਉਣਗੀਆਂ।

**ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ :** ਪੰਚਾਇਤੀ ਰਾਜ ਸੰਸਥਾਵਾਂ, ਭਾਵ ਪਿੰਡ ਪੱਧਰ ਤੇ ਗਰਾਮ ਪੰਚਾਇਤਾਂ, ਬਲਾਕ ਪੱਧਰ ਤੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪਰੀਸ਼ਦਾਂ ਨੂੰ National Rural Employment Guarantee ਤਹਿਤ ਆਉਣ ਵਾਲੀਆਂ ਸਕੀਮਾਂ ਦੀ ਯੋਜਨਾ ਬਣਾ ਕੇ ਲਾਗੂ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਦਿੱਤੀ ਗਈ ਹੈ। ਉਨ੍ਹਾਂ ਦੀ ਇਹ ਭੂਮਿਕਾ ਹੇਠ ਲਿਖੇ ਅਨੁਸਾਰ ਹੈ :

**ੳ) ਗਰਾਮ ਪੰਚਾਇਤ :** ਗਰਾਮ ਪੰਚਾਇਤ ਗਰਾਮ ਸਭਾ ਦੀ ਮਦਦ ਨਾਲ ਅਪਣੇ ਅਧਿਕਾਰ ਖੇਤਰ ਵਿੱਚ ਲੁੜੀਂਦੀਆਂ ਯੋਜਨਾਵਾਂ ਦਾ ਪਤਾ ਲਗਾ ਕੇ ਵਿਕਾਸ ਯੋਜਨਾ ਬਣਾਵੇਗੀ; ਇਹ ਵਿੱਤੀ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਵੱਖ-ਵੱਖ ਪ੍ਰਾਜੈਕਟਾਂ ਦਾ ਚਿੱਠਾ ਤਿਆਰ ਕਰਕੇ ਉਨ੍ਹਾਂ ਵਿੱਚੋਂ ਅਗੇਤ ਦੇ ਅਧਾਰ ਤੇ ਪ੍ਰਾਜੈਕਟਾਂ ਚੁਣ ਕੇ ਪ੍ਰੋਗਰਾਮ ਅਫਸਰ ਅੱਗੇ ਸਮੀਖਿਆ ਅਤੇ ਮੰਜੂਰੀ ਲਈ ਪੇਸ਼ ਕਰੇਗੀ। ਪ੍ਰਾਜੈਕਟਾਂ ਨੂੰ ਨੇਪਰੇ ਚਾੜ੍ਹਨ, ਇਨ੍ਹਾਂ ਦੀ ਨਿਗਰਾਨੀ ਕਰਨ ਅਤੇ ਨਿਯਮਿਤ ਸਮਾਜਕ ਲੇਖਾ-ਪਰੀਖਣ ਕਰਨ ਤੋਂ ਇਲਾਵਾ ਪ੍ਰਾਜੈਕਟਾਂ ਅਤੇ ਰੁਜਗਾਰ ਸੰਬੰਧੀ ਰਿਕਾਰਡ

ਰੱਖਣ ਦੀ ਜਿੰਮੇਵਾਰੀ ਵੀ ਗਰਾਮ ਪੰਚਾਇਤਾਂ ਦੀ ਹੋਵੇਗੀ। ਰੁਜਗਾਰ ਦੇ ਇੱਛੁਕ ਵਿਅਕਤੀਆਂ ਨੂੰ ਰਜਿਸਟਰ ਕਰਨ, ਰਜਿਸਟਰ ਹੋਏ ਪਰਿਵਾਰਾਂ ਦੇ ਵੇਰਵੇ ਇਕੱਠੇ ਕਰਨ ਅਤੇ ਇਨ੍ਹਾਂ ਨੂੰ ਪ੍ਰੋਗਰਾਮ ਅਫਸਰ ਤੱਕ ਪਹੁੰਚਾਉਣ ਦੀ ਜਿੰਮੇ ਵਾਰੀ ਵੀ ਗਰਾਮ ਪੰਚਾਇਤਾਂ ਨੂੰ ਹੀ ਦਿੱਤੀ ਗਈ ਹੈ। ਗਰਾਮ ਪੰਚਾਇਤਾਂ ਦੀਆਂ ਹੋਰ ਜਿੰਮੇਵਾਰੀਆਂ ਹਨ: ਰੁਜ਼ਗਾਰ ਲਈ ਬਿਨੈ-ਪੱਤਰ ਲੈਣਾ, ਉਮੀਦਵਾਰਾਂ ਵਿੱਚ ਰੁਜ਼ਗਾਰ ਦੇ ਅਵਸਰਾਂ ਦੀ ਵੰਡ ਕਰਨਾ ਅਤੇ ਉਨ੍ਹਾਂ ਨੂੰ ਚਿੱਠੀਆਂ ਪਾ ਕੇ ਅਤੇ ਗਰਾਮ ਪੰਚਾਇਤ, ਪੰਚਾਇਤ ਸੰਮਤੀ ਅਤੇ ਜ਼ਿਲਾ ਪਰੀਸ਼ਦ ਦੇ ਦਫਤਰ ਵਿੱਚ ਆਮ ਇਸ਼ਤਿਹਾਰ ਦੇ ਕੇ ਸੂਚਿਤ ਕਰਨਾ। ਗਰਾਮ ਪੰਚਾਇਤਾਂ ਸਕੀਮਾਂ ਨਾਲ ਸੰਬੰਧਤ ਰਜਿਸਟਰ, ਵਾਊਚਰ ਅਤੇ ਹੋਰ ਦਸਤਾਵੇਜ਼ ਦੀ ਰੱਖਣਗੀਆਂ।

**ਅ) ਵਿਚਕਾਰਲੀਆਂ ਪੰਚਾਇਤਾਂ ਜਾਂ ਪੰਚਾਇਤ ਸੰਮਤੀਆਂ :** ਬਲਾਕ ਪੱਧਰ ਦੀਆਂ ਪ੍ਰਾਜੈਕਟਾਂ ਨੂੰ ਅੰਤਿਮ ਰੂਪ ਦੇ ਕੇ ਮੰਜੂਰ ਕਰਨਾ ਪੰਚਾਇਤ ਸੰਮਤੀਆਂ ਦੀ ਜਿੰਮੇਵਾਰੀ ਹੋਵੇਗਾ। ਪੰਚਾਇਤ ਸੰਮਤੀਆਂ ਇਨ੍ਹਾਂ ਨੂੰ ਅੱਗੇ ਜ਼ਿਲ੍ਹਾ ਪਰੀਸ਼ਦ ਪਾਸ ਭੇਜਣਗੀਆਂ ਅਤੇ ਅਪਣੇ ਬਲਾਕ ਵਿਚਲੀਆਂ ਪੰਚਾਇਤਾਂ ਦੁਆਰਾ ਚਲਾਈਆਂ ਜਾ ਰਹੀਆਂ ਪ੍ਰਾਜੈਕਟਾਂ ਦੀ ਨਿਗਰਾਨੀ ਕਰਨਗੀਆਂ।

**ੲ) ਜ਼ਿਲਾ ਪੰਚਾਇਤਾਂ ਜਾਂ ਜ਼ਿਲ੍ਹਾ ਪਰੀਸ਼ਦ :** ਜ਼ਿਲ੍ਹਾ ਪੰਚਾਇਤਾਂ ਜਾਂ ਜ਼ਿਲ੍ਹਾ ਪਰੀਸ਼ਦ ਇਸ ਸਕੀਮ ਤਹਿਤ ਆਉਣ ਵਾਲੀਆਂ ਬਲਾਕ ਪੱਧਰ ਦੀਆਂ ਪ੍ਰਾਜੈਕਟਾਂ ਨੂੰ ਮੰਜੂਰੀ ਦੇਣਗੀਆਂ; ਉਹ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਚੱਲਣ ਵਾਲੀਆਂ ਪ੍ਰਾਜੈਕਟਾਂ ਦੀ ਨਿਗਰਾਨੀ ਵੀ ਕਰਨਗੀਆਂ।

ਇਸ ਤਰ੍ਹਾਂ ਦਿਹਾਤੀ ਇਲਾਕਿਆਂ ਵਿੱਚ ਚੱਲਣ ਵਾਲੇ ਗਰੀਬੀ ਘਟਾਉਣ ਅਤੇ ਰੁਜਗਾਰ ਪੈਦਾ ਕਰਨ ਦੇ ਪ੍ਰੋਗਰਾਮਾਂ ਵਿੱਚ ਪੰਚਾਇਤਾਂ ਨੇ ਅਹਿਮ ਭੂਮਿਕਾ ਨਿਭਾਉਣੀ ਹੈ। ਇਸ ਭੂਮਿਕਾ ਦੇ ਕੁੱਝ ਪੱਖ ਹੇਠ ਲਿਖੇ ਅਨੁਸਾਰ ਸਨ :

(i) ਗਰਾਮ ਸਭਾ ਦੀ ਮਦਦ ਨਾਲ ਉਚਿਤ ਪ੍ਰੋਗਰਾਮਾਂ ਲਈ ਉਨ੍ਹਾਂ ਤੋਂ ਲਾਭ ਉਠਾਉਣ ਵਾਲੇ ਉਚਿਤ ਵਿਅਕਤੀਆਂ ਦੀ ਚੋਣ ਕਰਨਾ।

(ii) ਸਵੈ-ਰੁਜ਼ਗਾਰ ਸਮੇਤ ਪਿੰਡਾਂ ਦੇ ਨੌਜਵਾਨਾਂ ਵਿੱਚ ਹਰ ਪ੍ਰਕਾਰ ਦੇ ਰੁਜ਼ਗਾਰਾਂ ਨੂੰ ਉਤਸ਼ਾਹਤ ਕਰਨਾ।

(iii) ਵੱਖ-ਵੱਖ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਪਿੰਡ ਦੀਆਂ ਸਥਾਈ ਕਮੇਟੀਆਂ ਬਣਾ ਕੇ ਉਨ੍ਹਾਂ ਨੂੰ ਕਿਰਿਆਸ਼ੀਲ ਬਣਾਉਣਾ।

(iv) ਸਮੁਦਾ ਦੇ ਹਿੱਤ ਵਿੱਚ ਬਿਜਲੀ, ਜਲ ਪੂਰਤੀ, ਸਾਂਝੇ ਪਖਾਨਿਆਂ, ਸਕੂਲਾਂ ਵਿੱਚ ਪਖਾਨਿਆਂ ਆਦਿ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਦੀ ਸਾਂਭ ਸੰਭਾਲ ਲਈ ਸਮੁਦਾ ਦੇ ਸਾਧਨਾਂ ਦਾ ਉਪਯੋਗ ਕਰਨਾ।

ਵੱਖੋ-ਵੱਖ ਪ੍ਰੋਗਰਾਮ ਸ਼ੁਰੂ ਹੋਣ ਦੇ ਬਾਵਜੂਦ ਦਿਹਾਤੀ ਲੋਕਾਂ ਦੇ ਜੀਵਨ ਦੀ ਗੁਣਵੱਤਾ ਦਾ ਮਿਆਰ ਲੁੜੀਂਦੇ ਪੱਧਰ ਤੱਕ ਉੱਚਾ ਨਹੀਂ ਉੱਠਿਆ ਹੈ। ਵੱਖ-ਵੱਖ ਅਧਿਐਨਾਂ ਰਾਹੀਂ ਜਿਨ੍ਹਾਂ ਕਮੀਆਂ ਦਾ ਪਤਾ ਲਗਾਇਆ ਗਿਆ ਹੈ ਉਹ ਇਸ ਪ੍ਰਕਾਰ ਹਨ : (i) ਪੂਰਤੀ ਆਧਾਰਤ ਪਹੁੰਚ ਵਿਧੀ (ii) ਪ੍ਰੋਗਰਾਮਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਦੀ ਤਰੁਟੀਪੂਰਣ ਚੋਣ (iii) ਭ੍ਰਿਸ਼ਟਾਚਾਰ (iv) ਪ੍ਰਾਜੈਕਟਾਂ ਨੂੰ ਲਾਗੂ ਕਰਨ ਵਿੱਚ ਸਮੁਦਾ ਦੀ ਭਾਗੀਦਾਰੀ ਦੀ ਘਾਟ ਅਤੇ ਪੰਚਾਇਤੀ ਰਾਜ ਸੰਸਥਾਵਾਂ ਦਾ ਮਾੜਾ ਸਹਿਯੋਗ (v) ਇਨ੍ਹਾਂ ਪ੍ਰੋਗਰਾਮਾਂ ਬਾਰੇ ਆਮ ਜਾਗਰੂਕਤਾ ਦੀ ਘਾਟ। ਅਨੁਭਵ ਤੋਂ ਇਹ ਅਫਸੋਸਨਾਕ ਤੱਥ ਸਾਮ੍ਹਣੇ ਆਇਆ ਹੈ ਕਿ ਦਿਹਾਤੀ ਵਿਕਾਸ ਦੇ ਪ੍ਰੋਗਰਾਮਾਂ ਨਾਲ ਦਿਹਾਤੀ ਜਨਤਾ ਦੇ ਜੀਵਨ ਦੀ ਗੁਣਵੱਤਾ ਵਿੱਚ ਕੋਈ ਖਾਸ ਅੰਤਰ ਨਹੀਂ ਆਇਆ ਹੈ ਅਤੇ ਇਸਦੇ ਮੁੱਖ-ਕਾਰਣ ਹਨ ਪ੍ਰੋਗਰਾਮਾਂ ਦੀ ਤੋੜ-ਮਰੋੜ, ਉਚਿਤ ਉਦੇਸ਼ ਨਾ ਨਿਸ਼ਚਿਤ ਕਰਨਾ, ਰਾਜਨੀਤਕ ਦਖਲਅੰਦਾਜ਼ੀ ਅਤੇ ਭ੍ਰਿਸ਼ਟਾਚਾਰ ਕਰਕੇ ਹੋਣ ਵਾਲਾ ਰਿਸਾ, ਪਛੜੇ ਹੋਏ ਇਲਾਕਿਆਂ ਅਤੇ ਕਮਜੋਰ ਵਰਗਾਂ ਦੀਆਂ ਜਰੂਰਤਾਂ ਅਤੇ ਸਮਰਥਾ ਨਾਲ ਪ੍ਰੋਗਰਾਮਾਂ ਨੂੰ ਜੋੜਨ ਵਿੱਚ ਅਸਫਲਤਾ ਅਤੇ ਵਿਕਾਸ ਦੀ ਏਕੀਕ੍ਰਿਤ ਰਣਨੀਤੀ ਨਾਲ ਪ੍ਰੋਗਰਾਮਾਂ ਨੂੰ ਜੋੜਨ ਤੇ ਮੇਲਣ ਵਿੱਚ ਅਸਫਲਤਾ (Aziz, 1997)। ਸਰਕਾਰ ਦਾ ਇਰਾਦਾ ਇਨ੍ਹਾਂ ਪ੍ਰੋਗਰਾਮਾਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਰਾਹੀਂ ਲਾਗੂ ਕਰਨ ਦਾ ਹੈ, ਪਰੰਤੂ ਇਨ੍ਹਾਂ ਸੰਸਥਾਵਾਂ ਨੂੰ ਉਚਿਤ ਸ਼ਕਤੀਆਂ ਅਤੇ ਅਧਿਕਾਰ ਨਾ ਸੌਂਪੇ ਜਾਣ

ਕਰਕੇ ਇਨ੍ਹਾਂ ਪ੍ਰੋਗਰਾਮਾਂ ਨੂੰ ਕਈ ਰਾਜਾਂ ਵਿੱਚ ਸਮੁਦਾ ਦੀ ਭਾਗੀਦਾਰੀ ਨਹੀਂ ਹੋ ਸਕੀ ਅਤੇ ਇਹ ਜ਼ਿਆਦਾਤਰ ਇੱਕ-ਪਾਸੜ, ਪੂਰਤੀ-ਆਧਾਰਤ ਸਰਕਾਰੀ ਪ੍ਰੋਗਰਾਮ ਬਣ ਕੇ ਹੀ ਰਹਿ ਗਏ ਹਨ। ਗਰਾਮ ਪੰਚਾਇਤਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਦੀ ਚੋਣ ਕਰਨ ਦਾ ਹੀ ਇਖਤਿਆਰ ਹੈ; ਇਸ ਬਾਰੇ ਅੰਤਮ ਫੈਸਲਾ ਸੰਬੰਧਤ ਸਰਕਾਰੀ ਵਿਭਾਗਾਂ ਦਾ ਹੀ ਹੁੰਦਾ ਹੈ।

**ਖੇਤੀਬਾੜੀ ਅਤੇ ਦਿਹਾਤੀ ਉਦਯੋਗ :**

ਖੇਤੀਬਾੜੀ ਪੰਜਾਬ ਦੇ ਆਰਥਕ ਵਿਕਾਸ ਦੀ ਜਿੰਦ-ਜਾਨ ਹੈ। ਪੰਜਾਬ ਤੋਂ ਸਭ ਵੱਧ ਅਨਾਜ ਪੈਦਾ ਕਰਨ ਵਾਲੇ ਰਾਜਾਂ ਵਿੱਚੋਂ ਹੈ ਅਤੇ ਲੋਕ ਵੰਡ ਪ੍ਰਣਾਲੀ ਦੇ ਕੇਂਦਰੀ ਪੂਲ ਵਿੱਚ ਚੌਲ ਅਤੇ ਕਣਕ ਦਾ ਬਹੁਤ ਵੱਡਾ ਹਿੱਸਾ ਇਸ ਦਾ ਹੁੰਦਾ ਹੈ। ਕਿੰਤੂ ਕਿਸਾਨਾਂ ਨੂੰ ਹੋਣ ਵਾਲੇ ਲਾਭ ਵਿੱਚ ਕਮੀ ਆ ਗਈ ਹੈ ਜਿਸਦਾ ਕਾਰਣ ਹੈ ਕਿ ਖੇਤੀ ਵਿੱਚ ਵਰਤੀਆਂ ਜਾਣ ਵਾਲੀਆਂ ਵਸਤੂਆਂ ਦੀ ਲਾਗਤ ਅਤੇ ਉਪਜ ਦੀ ਵਿੱਕਰੀ ਤੋਂ ਹੋਣ ਵਾਲੀ ਆਮਦਨੀ ਵਿੱਚ ਅੰਤਰ ਘਟ ਰਿਹਾ ਹੈ। ਕਈ ਸਰਪੰਚਾਂ ਅਤੇ ਪੰਚਾਂ ਦਾ ਵਿਚਾਰ ਹੈ ਕਿ ਉਤਪਾਦਨ ਦੀ ਲਾਗਤ ਵਿੱਚ ਵਰਿੱਧੀ ਹੋਣ ਕਰਕੇ ਖੇਤੀਬਾੜੀ ਹੁਣ ਲਾਭਦਾਇਕ ਧੰਦਾ ਨਹੀਂ ਰਹੀ। ਇਸ ਤੋਂ ਇਲਾਵਾ ਉਨ੍ਹਾਂ ਦੀ ਇਹ ਵੀ ਰਾਇ ਹੈ ਕਿ ਅਨਾਜ ਦੀ ਪੈਦਾਵਾਰ ਵਿੱਚ ਹੋਣ ਵਾਲੇ ਵਾਧੇ ਦੇ ਨਾਲ ਨਾਲ ਇਸ ਦੀ ਗੁਣਵੱਤਾ ਵਿੱਚ ਵਾਧਾ ਨਹੀਂ ਹੋ ਰਿਹਾ ਜਿਸ ਕਰਕੇ ਇਹ ਅਨਾਜ ਨਿਰਯਾਤ ਵਪਾਰ ਦੀਆਂ ਮੰਡੀਆਂ ਵਿੱਚ ਪ੍ਰਤਿਯੋਗਤਾ ਦੀ ਸਮਰਥਾ ਨਹੀਂ ਰਖਦਾ। ਖੇਤੀਬਾੜੀ ਨਾਲ ਸੰਬੰਧਤ ਹੋਰ ਖੇਤਰਾਂ, ਖਾਸ ਕਰਕੇ ਦੁੱਧ ਵਿਉਪਾਰ ਕਾਰਣ, ਅਨਾਜ ਤੋਂ ਹੋਣ ਵਾਲੇ ਲਾਭ ਵਿੱਚ ਹੋਣ ਵਾਲੀ ਕਮੀ ਦੀ ਪੂਰਤੀ ਹੋਰ ਧੰਦਿਆਂ ਤੋਂ ਹੋਣ ਵਾਲੀ ਆਮਦਨੀ ਤੋਂ ਹੋ ਜਾਂਦੀ ਹੈ। ਇਸ ਕਰਕੇ ਇਹ ਜਰੂਰੀ ਹੈ ਕਿ ਕਿਸਾਨ ਹੁਣ ਵਿਕਲਪਕ ਰਣਨੀਤੀਆਂ ਬਾਰੇ ਸੋਚਣ ਅਤੇ ਹੌਲੀ ਹੌਲੀ ਜੈਵਿਕ ਖੇਤੀ ਅਤੇ ਜੈਵਿਕ ਖਾਦਾਂ ਦੀ ਵਰਤੋਂ ਵੱਲ ਵਧਣ। ਕਿੰਤੂ ਕਣਕ-ਚੌਲਾਂ ਦੇ ਚੱਕਰ ਤੋਂ ਹਟ ਕੇ ਵਿਭਿੰਨਤਾ ਵਾਲੀ ਖੇਤੀ ਤੋਂ ਲਾਭ ਘੱਟ ਹੋਣ ਕਰਕੇ ਖੇਤੀਬਾੜੀ ਲਈ ਗੰਭੀਰ ਸਮੱਸਿਆਵਾਂ ਪੈਦਾ ਹੋ ਗਈਆਂ ਹਨ (Himal Chand, 2002)। ਮੱਛੀ ਪਾਲਣ ਇੱਕ ਲਾਹੇਵੰਦ ਧੰਦਾ ਹੈ, ਕਿੰਤੂ ਇਸ ਦੀਆਂ ਉਲਝਣਾਂ ਕਰਕੇ ਦਿਹਾਤੀ ਇਲਾਕਿਆਂ ਵਿੱਚ ਲੋਕ ਇਸ ਨੂੰ ਸ਼ੁਰੂ ਕਰਨ ਵਿੱਚ ਕੋਈ ਰੁਚੀ ਨਹੀਂ ਲੈ ਰਹੇ। ਬਲਾਕ ਪੱਧਰ ਤੇ ਥੋੜ੍ਹੇ ਜਿਹੇ ਵੱਡੇ ਅਤੇ ਦਰਮਿਆਨੇ ਮੁਰਗੀ ਪਾਲਣ ਉਦਯੋਗਾਂ ਨੂੰ ਛੱਡ ਕੇ ਘਰੇਲੂ ਪੱਧਰ ਤੇ ਮੁਰਗੀ ਪਾਲਣ ਵਿੱਚ ਵੀ ਕੋਈ ਉਤਸ਼ਾਹ ਦਿਖਾਈ ਨਹੀਂ ਦੇ ਰਿਹਾ। ਕਿਸਾਨਾਂ ਨੂੰ ਅਪਣੀ ਖੇਤੀ ਵਿੱਚ ਵਿਭਿੰਨਤਾ ਲਿਆਉਣ ਲਈ ਅਤੇ ਅਪਣੀ ਭੂਮੀ ਦਾ ਇੱਕ ਭਾਗ ਦਾਲਾਂ, ਤੇਲ ਬੀਜਾਂ, ਨਕਦੀ ਫਸਲਾਂ ਅਤੇ ਨਿੰਬੂ, ਅੰਬ, ਅਮਰੂਦ ਆਦਿ ਦੇ ਬਾਗਾਂ ਵਾਸਤੇ ਛੱਡਣ ਲਈ ਸਿੱਖਿਅਤ ਅਤੇ ਉਤਸ਼ਾਹਤ ਕਰਨ ਵਿੱਚ ਪੰਚਾਇਤਾਂ ਨੇ ਅਹਿਮ ਭੂਮਿਕਾ ਨਿਭਾਉਣੀ ਹੈ। ਅਜਿਹੀ ਸਿੱਖਿਆ ਦੇ ਵਿਸਥਾਰ ਲਈ ਪੰਚਾਇਤ ਦੇ ਸਦੱਸਾਂ ਦੀ ਭੂਮਿਕਾ ਸਭ ਤੋਂ ਵਧੀਆ ਸਾਧਨ ਹੈ ਜਿਹੜੀ ਖੇਤੀਬਾੜੀ ਵਿੱਚ ਵਿਭਿੰਨਤਾ ਲਿਆ ਸਕਦੀ ਹੈ। ਪੰਜਾਬ ਦੀ ਖੇਤੀਬਾੜੀ ਤੇ ਟਿੱਪਣੀ ਕਰਦੇ ਹੋਏ ਇੱਕ ਵਿਸ਼ੇਸ਼ੱਗ ਦੀ ਰਾਇ ਸੀ ਕਿ “ਅਸਲ ਵਿੱਚ ਸਾਨੂੰ ਇੱਕ ਨਵੀਂ ਕਰਾਂਤੀ ਦੀ ਲੋੜ ਹੈ, ਇਹ ਕਰਾਂਤੀ ਕਿਸਾਨਾਂ ਨੂੰ ਸੁਤੰਤਰਤਾ ਦੇਣ ਵਾਲੀਆਂ ਜੜੀਆਂ-ਬੂਟੀਆਂ ਦੇ ਉਤਪਾਦਨ ਦੀ ਹੈ। ਕਿਸਾਨਾਂ ਨੂੰ ਨਿਰਯਾਤ ਵਿਉਪਾਰ ਵਿੱਚ ਲਗਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਖੇਤੀਬਾੜੀ ਆਧਾਰਤ ਅਪਣੇ ਉਦਯੋਗ ਸ਼ੁਰੂ ਕਰਨ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ (Dahiya, 2002)।”

ਮੱਛੀ ਪਾਲਣ, ਮੁਰਗੀ ਪਾਲਣ, ਬਾਗਵਾਨੀ ਅਤੇ ਫੁੱਲਾਂ ਦੀ ਖੇਤੀ ਵਿੱਚ ਵਿਸਥਾਰ ਦੀ ਲੋੜ ਹੈ ਅਤੇ ਖੇਤੀਬਾੜੀ ਸਿੱਖਿਆ ਦੇ ਵਿਸਥਾਰ ਵਿੱਚ ਇਨ੍ਹਾਂ ਅਣਗੌਲੇ ਖੇਤਰਾਂ ਤੇ ਜ਼ਿਆਦਾ ਜ਼ੋਰ ਦੇਣ ਦੀ ਲੋੜ ਹੈ। ਕਿਸਾਨਾਂ ਨੂੰ ਵਿਸ਼ਵੀਕਰਣ ਦੀ ਪ੍ਰਕਿਰਿਆ ਕਰਕੇ ਆਯਾਤਾਂ ਤੋਂ ਹੋਣ ਵਾਲੀ ਪ੍ਰਤਿਯੋਗਤਾ ਲਈ ਤਿਆਰ ਕਰਨ ਦੀ ਲੋੜ ਹੈ ਤਾਂ ਕਿ ਉਹ ਕੇਵਲ ਲਾਭ ਦੀ ਬਜਾਏ ਗੁਣਵੱਤਾ, ਕੀਮਤ ਅਤੇ ਮੰਡੀਆਂ ਤੱਕ ਉਪਜ ਨੂੰ ਪਹੁੰਚਾਉਣ ਵੱਲ ਜਿਆਦਾ ਧਿਆਨ ਦੇ ਸਕਣ। ਹਰੇਕ ਰਾਜ ਦੀ ਅਪਣੀ ਕ੍ਰਿਸ਼ੀ ਨੀਤੀ ਵਿੱਚ ਸੀਮਾਂਤੀ ਕਿਸਾਨਾਂ ਦੀ ਸੁਰੱਖਿਆ ਅਤੇ ਭੂਮੀਹੀਣ ਪਰਿਵਾਰਾਂ ਦੀ ਦੇਖਭਾਲ ਦੀ ਵੀ ਵਿਵਸਥਾ ਹੋਣੀ ਚਾਹੀਦੀ ਹੈ।

ਜਿੱਥੋਂ ਤੱਕ ਸਿੰਚਾਈ ਦਾ ਸਵਾਲ ਹੈ, ਟਿਊਬਵੈੱਲਾਂ ਦੀ ਹੱਦੋਂ ਵੱਧ ਵਰਤੋਂ ਕਰਕੇ ਜਮੀਨੀ ਪਾਣੀ ਵਿੱਚ ਕਮੀ ਆਈ ਹੈ। ਲੰਬੀ ਅਵਧੀ ਦੀ ਰਣਨੀਤੀ ਅਪਣਾਉਂਦੇ ਹੋਏ ਪਾਣੀ ਦੀ ਸੰਭਾਲ ਦੀ ਸੰਭਾਵਨਾ ਤੇ ਵਿਚਾਰ ਕਰਨਾ ਚਾਹੀਦਾ

ਹੈ। ਪਾਣੀ ਦੀ ਘੱਟ ਵਰਤੋਂ ਲਈ ਵਿਧੀਆਂ ਅਤੇ ਪਾਣੀ ਦੀ ਘੱਟ ਖਪਤ ਕਰਨ ਵਾਲੀਆਂ ਫਸਲਾਂ ਦੇ ਵਿਕਾਸ ਲਈ ਪੰਚਾਇਤਾਂ ਅਤੇ ਸਰਕਾਰ ਨੂੰ ਉਪਰਾਲੇ ਅਰੰਭਣੇ ਚਾਹੀਦੇ ਹਨ। ਭੂਮੀ ਨੂੰ ਟੁਕੜੇ ਟੁਕੜੇ ਹੋਣ ਅਤੇ ਇਸ ਦੀ ਹਾਨੀ ਨੂੰ ਰੋਕਣ ਵੱਲ ਧਿਆਨ ਦਿੰਦੇ ਹੋਏ ਭੂਮੀ ਸੁਧਾਰਾਂ ਵਿੱਚ ਭੂਮੀ ਦੀ ਆਰਥਕ ਤੌਰ ਤੇ ਨਿਭ ਸਕਣ ਵਾਲੀ ਵੰਡ ਤੇ ਜੋਰ ਦੇਣਾ ਚਾਹੀਦਾ ਹੈ।

ਪਿੰਡ ਉਦਯੋਗ, ਖਾਸ ਕਰਕੇ ਬਹੁਤ ਛੋਟੇ, ਛੋਟੇ ਅਤੇ ਕੁਟੀਰ ਉਦਯੋਗ ਦਿਹਾਤੀ ਪੰਜਾਬ ਦੇ ਦੂਜੇ ਪੱਧਰ ਦੇ ਵਿਕਾਸ ਦਾ ਸਭ ਤੋਂ ਕਮਜੋਰ ਖੇਤਰ ਹੈ। ਵਿੱਤ ਨਿਵੇਸ਼, ਉਤਪਾਦਾਂ ਨੂੰ ਮੰਡੀਆਂ ਤੱਕ ਲੈ ਜਾਣ, ਕੱਚੇ ਮਾਲ ਦੀ ਲਾਗਤ, ਮਜ਼ਦੂਰੀ, ਭਵਿੱਖ ਵਿੱਚ ਚੱਲ ਸਕਣ ਬਾਰੇ ਅਨਿਸ਼ਚਿਤਤਾ ਅਤੇ ਘਾਟੇ ਦੇ ਡਰ ਜਿਹੇ ਕਾਰਣਾਂ ਕਰਕੇ ਪਿੰਡ ਉਦਯੋਗਾਂ ਪ੍ਰਤੀ ਲੋਕਾਂ ਵਿੱਚ ਕੋਈ ਉਤਸ਼ਾਹ ਨਹੀਂ। ਪਿੰਡਾਂ ਦੇ ਨੌਜਵਾਨਾਂ ਦੇ ਸਵੈ-ਰੁਜ਼ਗਾਰ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਸ਼ੁਰੂ ਹੋਈ TRYSM ਸਕੀਮ ਵਿੱਚੇ ਕਿਸੇ ਨੇ ਰੁਚੀ ਨਹੀਂ ਦਿਖਾਈ ਜਿਸ ਕਰਕੇ ਦਿਹਾਤੀ ਇਲਾਕਿਆਂ ਵਿੱਚ ਪਿੰਡਾਂ ਦੇ ਕਈ ਪੜ੍ਹੇ ਲਿਖੇ ਨੌਜਵਾਨ ਜਾਂ ਤਾਂ ਬੇਰੁਜ਼ਗਾਰ ਹਨ ਜਾਂ ਫਿਰ ਪੂਰੀ ਤਰ੍ਹਾਂ ਰੁਜਗਾਰ ਪ੍ਰਾਪਤ ਨਹੀਂ ਹਨ। ਸਰਕਾਰ ਪਿੰਡਾਂ ਦੇ ਉਦਯੋਗੀਕਰਣ ਵਿੱਚ ਪ੍ਰਵਾਸੀ ਭਾਰਤੀਆਂ ਦੀ ਭਾਗੀਦਾਰੀ ਨੂੰ ਵੀ ਉਤਸ਼ਾਹਤ ਕਰ ਸਕਦੀ ਹੈ। ਇਸ ਤੋਂ ਛੁੱਟ ਇਸ ਖੇਤਰ ਵਿੱਚ ਵੱਡੇ ਵਪਾਰਕ ਅਦਾਰਿਆਂ ਦੇ ਨਿਵੇਸ਼ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਣ ਹੋ ਸਕਦੀ ਹੈ। ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨਾਂ ਤੇ ਕੀਤੇ ਗਏ ਇੱਕ ਅਧਿਐਨ ਮੁਤਾਬਕ "ਪਿੰਡਾਂ ਵਿੱਚ ਮਜ਼ਦੂਰੀ ਆਧਾਰਤ ਕੁਟੀਰ, ਪਿੰਡ ਅਤੇ ਛੋਟੇ ਉਦਯੋਗ ਖੋਲ੍ਹਣ ਦੀ ਲੋੜ ਹੈ"। ਖੇਤੀ ਉਪਜਾਂ ਤੇ ਆਧਾਰਤ ਸੂਖਮ ਪੱਧਰ ਦੇ ਉਦਯੋਗਾਂ ਵਿੱਚ ਵਧੇਰੇ ਉਤਪਾਦਨ ਅਤੇ ਰੁਜ਼ਗਾਰ ਪੈਦਾ ਕਰਨ ਦੀ ਬਹੁਤ ਸੰਭਾਵਨਾ ਹੈ। ਸੰਭਵ ਹੋਵੇ ਤਾਂ ਅਜਿਹੇ ਕੰਮ ਸਹਿਕਾਰੀ ਸਭਾਵਾਂ ਦੁਆਰਾ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ। ਕਿੰਤੂ ਸੰਬੰਧਤ ਖੇਤਰ ਦੇ ਵਸੀਲਿਆਂ ਅਤੇ ਸੰਭਾਵਨਾਵਾਂ ਦੀ ਉਚਿਤ ਯੋਜਨਾਬੰਦੀ ਅਤੇ ਸਥਾਨਕ ਲੋਕਾਂ ਦੇ ਪੂਰੇ ਸਹਿਯੋਗ ਨਾਲ ਅਜਿਹੀ ਕਿਸੇ ਵੀ ਪ੍ਰਾਜੈਕਟ ਦੀ ਸਮੀਖਿਆ ਬਹੁਤ ਜਰੂਰੀ ਹੈ (Himal Chand, 1993)। ਇਸ ਤੋਂ ਇਲਾਵਾ ਅਜਿਹੇ ਕਿਸੇ ਵੀ ਕਾਰਜ ਦਾ ਫੈਸਲਾ ਕਰਨ ਅਤੇ ਇਸ ਦੀ ਯੋਜਨਾ ਬਣਾਉਣ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੇ ਸਹਿਯੋਗ ਨਾਲ ਇਸ ਨੂੰ ਸਫਲਤਾਪੂਰਵਕ ਲਾਗੂ ਕਰਨ ਵਿੱਚ ਸਹਾਇਤਾ ਮਿਲ ਸਕਦੀ ਹੈ (Alagh, 1991)।

### ਸਿੱਖਿਆ ਅਤੇ ਸਿਹਤ :

ਸਿੱਖਿਆ ਪਿੰਡਾਂ ਦੇ ਸਮਾਜਕ ਵਿਕਾਸ ਦਾ ਬੀਜ ਵੀ ਹੈ ਅਤੇ ਇਸਦਾ ਫੁੱਲ ਵੀ। ਇਹ ਬੜੇ ਵਿਅੰਗ ਵਾਲੀ ਸਥਿਤੀ ਹੈ ਕਿ ਪੰਜਾਬ ਵਿੱਚ ਸਿੱਖਿਆ ਦਾ ਵਿਕਾਸ ਰਾਜ ਦੇ ਆਰਥਕ ਵਿਕਾਸ ਨਾਲ ਮੇਲ ਨਹੀਂ ਖਾਂਦਾ। 2001 ਦੇ ਅੰਕੜਿਆਂ ਮੁਤਾਬਕ ਸਾਖਰਤਾ ਪੱਖੋਂ ਦੇਸ਼ ਵਿੱਚ ਪੰਜਾਬ ਦਾ ਸੋਲ੍ਹਵਾਂ ਸਥਾਨ ਹੈ। 2001 ਦੀ ਜਨ-ਗਣਨਾ ਅਨੁਸਾਰ ਪੰਜਾਬ ਵਿੱਚ 95 ਲੱਖ ਅਨਪੜ੍ਹ ਲੋਕ ਹਨ। ਦਿਹਾਤੀ ਇਲਾਕਿਆਂ, ਅਨੁਸੂਚਿਤ ਜਾਤੀਆਂ ਅਤੇ ਲੜਕੀਆਂ ਵਿੱਚ ਅਨਪੜ੍ਹਤਾ ਦੀ ਦਰ ਜਿਆਦਾ ਹੈ। ਰਾਜ ਦੇ ਵਿਦਿਅਕ ਵਿਕਾਸ ਦੇ ਹੋਰ ਅਫਸੋਸਨਾਕ ਲੱਛਣ ਇਸ ਪ੍ਰਕਾਰ ਹਨ: 6 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਦੀ ਇੱਕ ਚੌਥਾਈ ਸੰਖਿਆ ਸਕੂਲਾਂ ਵਿੱਚ ਦਾਖਲ ਨਹੀਂ ਹੈ (ii) ਦਿਹਾਤੀ ਇਲਾਕਿਆਂ, ਖਾਸ ਕਰਕੇ ਦੂਰ-ਦੁਰਾਡੇ ਪਿੰਡਾਂ ਵਿੱਚ, ਅਧਿਆਪਕਾਂ ਦੇ ਗੈਰ ਹਾਜਰ ਰਹਿਣ ਦੀ ਸਮੱਸਿਆ ਜਿਆਦਾ ਹੈ (iii) ਸਕੂਲਾਂ ਵਿਚੋਂ ਹਟੇ ਹੋਏ ਵਿਦਿਆਰਥੀਆਂ ਲਈ ਗੈਰ ਰਸਮੀ ਅਦਾਰੇ ਨਹੀਂ ਹਨ (iv) ਪਿੰਡਾਂ ਵਿੱਚ ਬਾਲਿਗਾਂ ਦੀ ਸਿੱਖਿਆ ਲਈ ਵੀ ਕੇਂਦਰ ਨਹੀਂ ਹਨ। ਪਿੰਡਾਂ ਵਿੱਚ ਬਾਲਿਗਾਂ ਦੀ ਸਾਖਰਤਾ ਦੀ ਦਰ ਕੇਵਲ 56.08 ਹੈ। ਪੰਚਾਇਤਾਂ ਨੇ ਦਿਹਾਤੀ ਇਲਾਕਿਆਂ ਦੀ ਸਿੱਖਿਆ ਦੇ ਵਿਕਾਸ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਉਣੀ ਹੈ। ਸੰਵਿਧਾਨ ਦੀ 11ਵੀਂ ਸੂਚੀ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਸਿੱਖਿਆ ਸੰਬੰਧੀ ਹੇਠ ਲਿਖੀਆਂ ਜਿੰਮੇਵਾਰੀਆਂ ਦਿੱਤੀਆਂ ਗਈਆਂ ਹਨ :

(i) ਪ੍ਰਾਈਮਰੀ ਅਤੇ ਸੈਕੰਡਰੀ ਸਿੱਖਿਆ

(ii) ਤਕਨੀਕੀ ਸਿਖਲਾਈ ਅਤੇ ਕਿੱਤਾ ਆਧਾਰਤ ਸਿੱਖਿਆ

(iii) ਬਾਲਿਗਾਂ ਦੀ ਅਤੇ ਗੈਰ ਰਸਮੀ ਸਿੱਖਿਆ

(iv) ਪੁਸਤਕਾਲੇ

ਸਰਬ ਸਿੱਖਿਆ ਅਭਿਯਾਨ ਤਹਿਤ ਪੰਜਾਬ ਦੇ ਕਈ ਪਿੰਡਾਂ ਵਿੱਚ ਪਿੰਡ ਸਿੱਖਿਆ ਕਮੇਟੀਆਂ (Village Education Committees) ਬਣਾਈਆਂ ਗਈਆਂ ਹਨ। ਇਨ੍ਹਾਂ ਕਮੇਟੀਆਂ ਦੇ ਕੰਮ ਇਸ ਪ੍ਰਕਾਰ ਹਨ : (i) ਸਕੂਲੀ ਇਮਾਰਤਾਂ ਦੀ ਉਸਾਰੀ, ਸੰਚਾਲਨ ਅਤੇ ਸਾਂਭ-ਸੰਭਾਲ (ii) ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਅਤੇ ਉਨ੍ਹਾਂ ਦੇ ਸਕੂਲ ਛੱਡਣ ਦੇ ਰੁਝਾਣ ਨੂੰ ਘੱਟ ਕਰਨ ਲਈ ਮੁਹਿੰਮ ਸ਼ੁਰੂ ਕਰਨਾ (iii) ਸਕੂਲਾਂ ਵਿੱਚ ਟੱਟੀਆਂ ਅਤੇ ਚਾਰ ਦੀਵਾਰੀ ਦੀ ਉਸਾਰੀ ਕਰਨਾ (iv) ਸਕੂਲਾਂ ਦੀਆਂ ਟੱਟੀਆਂ ਦੇ ਸੰਚਾਲਨ ਅਤੇ ਸਾਂਭ-ਸੰਭਾਲ ਦੀ ਨਿਗਰਾਨੀ ਕਰਨਾ (vi) ਸਕੂਲਾਂ ਅਤੇ ਇਮਾਰਤਾਂ, ਅਧਿਆਪਕਾਂ, ਸਾਜ਼ੋਸਮਾਨ ਸੰਬੰਧੀ ਜਰੂਰਤਾਂ ਦਾ ਮੁਲਾਂਕਣ ਕਰਕੇ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਸੰਪਰਕ ਕਰਨਾ। ਪੰਚਾਇਤਾਂ ਦੇ ਕਈ ਪੜ੍ਹੇ ਲਿਖੇ ਮੁਖੀ ਸਕੂਲੀ ਸਿੱਖਿਆ ਤੋਂ ਪਹਿਲਾਂ ਦੀ ਸਿੱਖਿਆ ਅਤੇ ਬੱਚਿਆਂ ਨੂੰ ਉਚਿਤ ਆਹਾਰ ਮੁਹੱਈਆ ਕਰਵਾਉਣ ਵਾਲੇ ਆਂਗਨਵਾੜੀ ਕੇਂਦਰਾਂ ਦੇ ਸੰਚਾਲਨ ਦੀ ਵੀ ਨਿਗਰਾਨੀ ਕਰਦੇ ਹਨ। ਹੁਣੇ ਹੁਣੇ ਪੰਜਾਬ ਸਰਕਾਰ ਨੇ ਪੰਚਾਇਤਾਂ ਨੂੰ ਅਪਣੇ ਅਪਣੇ ਅਧਿਕਾਰ ਖੇਤਰ ਵਿੱਚ ਪਾਰਟ-ਟਾਈਮ ਅਧਿਆਪਕਾਂ ਦੀ ਚੋਣ ਅਤੇ ਭਰਤੀ ਵਿੱਚ ਪੂਰੀ ਖੁਤਮੁਖਤਾਰੀ ਦਿੱਤੀ ਹੈ। ਪੰਚਾਇਤਾਂ ਆਂਗਨਵਾੜੀ ਕਾਮਿਆਂ ਦੀ ਚੋਣ ਲਈ ਵੀ ਸਿਫਾਰਿਸ਼ ਕਰਦੀਆਂ ਹਨ। ਕਈ ਪੰਚਾਇਤਾਂ ਨੇ ਗੁਰਦੁਆਰਿਆਂ ਵਿੱਚ ਛੋਟੇ ਛੋਟੇ ਪੁਸਤਕਾਲੇ ਖੋਲ੍ਹੇ ਹਨ। ਗਿਆਨ ਆਧਾਰਤ ਸਮਾਜ ਵਿੱਚ ਦਿਹਾਤੀ ਲੋਕਾਂ ਵਿਚਕਾਰ ਗਿਆਨ ਦੇ ਪ੍ਰਸਾਰ ਲਈ ਪੁਸਤਕਾਲਿਆਂ ਦਾ ਬਹੁਤ ਵੱਡਾ ਮਹੱਤਵ ਹੈ। ਦੂਜੇ ਸ਼ਬਦਾਂ ਵਿੱਚ Village Resource Centre ਦੀ ਬਹੁਤ ਜ਼ਿਆਦਾ ਲੋੜ ਹੈ। ਪੁਸਤਕਾਲਾ ਇੱਕ ਆਦਰਸ਼ ਪੰਚਾਇਤ ਦਾ ਜਰੂਰੀ ਅੰਗ ਹੋਣਾ ਚਾਹੀਦਾ ਹੈ।

ਪਿੰਡਾਂ ਦੇ ਵਿਦਿਅਕ ਵਿਕਾਸ ਲਈ ਪਿੰਡ ਸਿੱਖਿਆ ਕਮੇਟੀਆਂ ਨੂੰ ਕਾਰਜਸ਼ੀਲ ਰੱਖਣਾ ਬਹੁਤ ਜਰੂਰੀ ਹੈ। ਇਨ੍ਹਾਂ ਕਮੇਟੀਆਂ ਵਿੱਚ ਇਸਤ੍ਰੀਆਂ ਅਤੇ ਅਨੁਸੂਚਿਤ ਜਾਤੀਆਂ ਨੂੰ ਉਚਿਤ ਪ੍ਰਤੀਨਿਧਤਾ ਦੇ ਕੇ ਜਾਤ-ਪਾਤ ਅਤੇ ਲਿੰਗ ਦੀ ਦ੍ਰਿਸ਼ਟੀ ਤੋਂ ਸੰਤੁਲਨ ਕਾਇਮ-ਰੱਖਣਾ ਚਾਹੀਦਾ ਹੈ। ਪਿੰਡਾਂ ਵਿੱਚ ਮਨੁੱਖੀ ਸਾਧਨਾਂ ਦੇ ਵਿਕਾਸ ਲਈ ਆਮ ਕਰਕੇ ਅਤੇ ਵਿੱਦਿਆ ਦੇ ਵਿਕਾਸ ਲਈ ਖਾਸ ਕਰਕੇ ਪੰਚਾਇਤਾਂ ਦਾ ਸਹਿਯੋਗ ਜਰੂਰੀ ਹੈ।

ਮੁਢਲੀਆਂ ਸਿਹਤ ਸੰਭਾਲ ਸੇਵਾਵਾਂ ਨੂੰ ਘਰ ਘਰ ਪਹੁੰਚਾਉਣ ਦੀ ਵਿਵਸਥਾ ਹੋਣ ਦੇ ਬਾਵਜੂਦ ਪਿੰਡਾਂ ਦੇ ਲੋਕਾਂ, ਖਾਸ ਕਰਕੇ ਬੱਚਿਆਂ ਅਤੇ ਇਸਤ੍ਰੀਆਂ ਦੀ ਸਿਹਤ ਦੀ ਸਥਿਤੀ ਵਿੱਚ ਕੋਈ ਖਾਸ ਸੁਧਾਰ ਨਹੀਂ ਹੋਇਆ ਹੈ। ਮੁਢਲੀ ਸਿਹਤ ਸੰਭਾਲ ਪ੍ਰਣਾਲੀ ਦੀ ਮਾੜੀ ਕਾਰਜ ਪੂਰਤੀ ਦਾ ਇੱਕ ਕਾਰਣ ਸਮੁਦਾ ਦੀ ਭਾਗੀਦਾਰੀ ਦਾ ਨਾ ਹੋਣਾ ਹੈ। ਨੇ ਸ਼ਨਲ ਪਾਪੂਲੇਸ਼ਨ ਪਾਲਿਸੀ 2002 ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਪੰਚਾਇਤ ਮੈਂਬਰਾਂ ਦੀਆਂ 33% ਸੀਟਾਂ ਇਸਤ੍ਰੀਆਂ ਲਈ ਰਾਖਵੀਆਂ ਹੋਣ ਕਰਕੇ, ਸਿਹਤ ਅਤੇ ਪਰਿਵਾਰ ਭਲਾਈ ਵਿੱਚ ਸੁਧਾਰ ਕਰਨ ਲਈ ਪੰਚਾਇਤਾਂ ਨੂੰ ਇਸਤ੍ਰੀਆਂ ਦੀ ਪ੍ਰਤੀਨਿਧਤਾ ਵਾਲੀਆਂ ਕਮੇਟੀਆਂ ਦਾ ਗਠਨ ਕਰਨਾ ਚਾਹੀਦਾ ਹੈ। 73ਵੀਂ ਸੰਵਿਧਾਨਕ ਸੋਧ ਅਨੁਸਾਰ ਪੰਚਾਇਤੀ ਰਾਜ ਸੰਸਥਾਵਾਂ ਨੂੰ ਸਿਹਤ ਅਤੇ ਪਰਿਵਾਰ ਭਲਾਈ ਸੰਬੰਧੀ ਦਿੱਤੀਆਂ ਗਈਆਂ ਜਿੰਮੇਵਾਰੀਆਂ ਇਸ ਪ੍ਰਕਾਰ ਹਨ :

(i) ਸਿਹਤ ਅਤੇ ਸਫਾਈ, ਜਿਸ ਵਿੱਚ ਹਸਪਤਾਲ, ਮੁਢਲੇ ਸਿਹਤ ਕੇਂਦਰ ਅਤੇ ਡਿਸਪੈਂਸਰੀਆਂ ਸ਼ਾਮਿਲ ਹਨ।

(ii) ਪਰਿਵਾਰ ਭਲਾਈ।

ਪੰਚਾਇਤੀ ਰਾਜ ਦੇ ਮੰਤਰਾਲੇ ਦੁਆਰਾ 2001 ਵਿੱਚ ਬਣਾਈ ਗਈ ਇੱਕ ਟਾਸਕ ਫੋਰਸ ਦੀ ਰਿਪੋਰਟ ਅਨੁਸਾਰ ਪੰਚਾਇਤਾਂ ਨੂੰ ਸਿਹਤ ਅਤੇ ਪਰਿਵਾਰ ਭਲਾਈ ਸੰਬੰਧੀ ਹੇਠ ਲਿਖੇ ਕਾਰਜ ਦਿੱਤੇ ਗਏ ਹਨ:

(i) ਸਿਹਤ ਕਮੇਟੀਆਂ ਰਾਹੀਂ ਸਿਹਤ ਸੰਬੰਧੀ ਯੋਜਨਾਵਾਂ ਬਣਾਉਣਾ।

(ii) ਰਾਜ ਦੁਆਰਾ ਤਪਦਿਕ, ਕੋੜ੍ਹ, ਆਦਿ ਫੈਲਣ ਵਾਲੇ ਰੋਗਾਂ ਸੰਬੰਧੀ ਬਣਾਏ ਗਏ ਪ੍ਰੋਗਰਾਮਾਂ ਨਾਲ ਤਾਲ-ਮੇ ਲ ਕਰਨਾ।

(iii) ਮੁਢਲੇ ਸਿਹਤ ਕੇਂਦਰਾਂ ਦੀ ਉਸਾਰੀ, ਸਾਂਭ-ਸੰਭਾਲ ਅਤੇ ਨਿਗਰਾਨੀ ਵਿੱਚ ਸਹਿਯੋਗ ਦੇਣਾ।

(iv) ਮੁਢਲੇ ਸਿਹਤ ਕੇਂਦਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਅਤੇ ਸਾਜ਼ੋਸਮਾਨ ਦੀ ਨਿਗਰਾਨੀ ਕਰਨਾ।

(v) ਮਹਾਂਮਾਰੀਆਂ ਬਾਰੇ ਸਮੇਂ ਸਮੇਂ ਤੇ ਸਰਵੇਖਣ ਕਰਵਾਉਣਾ।

(vi) ਸਕੂਲੀ ਬੱਚਿਆਂ ਦੀ ਸਿਹਤ ਸੰਬੰਧੀ ਪ੍ਰੋਗਰਾਮਾਂ ਨੂੰ ਉਤਸ਼ਾਹ ਦੇਣਾ।

(vii) ਸਿਹਤ ਪ੍ਰਤੀ ਜਾਗਰੂਕਤਾ ਲਈ ਕੈਂਪ ਲਗਾਉਣਾ ਅਤੇ ਰੈਲੀਆਂ ਕਰਨੀਆਂ।

(viii) ICDS ਦੀ ਯੋਜਨਾਬੰਦੀ ਅਤੇ ਨਿਗਰਾਨੀ ਕਰਨਾ।

(ix) ਪਿੰਡਾਂ ਦੇ ਸਫਾਈ ਪ੍ਰਬੰਧ ਦੀ ਯੋਜਨਾ ਬਣਾ ਕੇ ਇਸ ਨੂੰ ਲਾਗੂ ਕਰਨਾ।

(x) ਸੂਚਨਾ, ਸਿੱਖਿਆ ਅਤੇ ਸੰਚਾਰ ਨੂੰ ਉਤਸ਼ਾਹਤ ਕਰਨਾ।

ਪਿਛਲੇ ਕੁੱਝ ਸਾਲਾਂ ਤੋਂ ਸਿਹਤ ਅਤੇ ਪਰਿਵਾਰ ਨੂੰ ਹੋਰ ਵੀ ਵੱਧ ਮਹੱਤਵ ਦਿੱਤਾ ਜਾਣ ਲੱਗਿਆ ਹੈ। ਸਿਹਤ ਅਤੇ ਪਰਿਵਾਰ ਭਲਾਈ ਬਾਰੇ ਕਾਰਜਸ਼ੀਲ ਖੋਜ ਪ੍ਰੋਗਰਾਮਾਂ (Action Research Programmes) ਨੂੰ ਲਾਗੂ ਕਰਨ ਵਾਲੇ ਕਈ ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ ਨੇ ਇਨ੍ਹਾਂ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਕੰਮ ਵਿੱਚ ਪੰਚਾਇਤਾਂ ਦਾ ਸਹਿਯੋਗ ਲਿਆ ਹੈ। ਇਸ ਦੀ ਇੱਕ ਉਦਾਹਰਣ ਅਮਰੀਕੀ ਸੰਸਥਾ Bill and Milenda Gates Foundation ਦੀ ਵਿੱਤੀ ਸਹਾਇਤਾ ਨਾਲ CRRID ਦੁਆਰਾ ਸ਼ੁਰੂ ਕੀਤੀ ਗਈ ਪ੍ਰਾਜੈਕਟ CRRID-LIP (Local InitItive Programme) ਹੈ। ਇਸ ਪ੍ਰਾਜੈਕਟ ਤਹਿਤ ਬੱਚੇ ਦੇ ਜਨਮ ਅਤੇ ਸਿਹਤ ਸੰਬੰਧੀ ਕਾਰਜਕ੍ਰਮਾਂ ਦੀ ਯੋਜਨਾ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਪੰਚਾਇਤਾਂ ਦੇ ਸਰਗਰਮ ਸਹਿਯੋਗ ਲਈ ਪੰਚਾਇਤੀ ਪ੍ਰਜਨਨ ਅਤੇ ਬਾਲ ਸਿਹਤ ਕਮੇਟੀਆਂ (Panchayati Reproductive and Child Health Cammittees) ਬਣਾਈਆਂ ਗਈਆਂ। CRRID-LIP ਦੀ ਮੱਧ-ਅਵਧੀ ਸਮੀਖਿਆ ਰਿਪੋਰਟ ਵਿੱਚ Management Sciences for Health, Boston ਨਾਂ ਦੀ ਅਮਰੀਕੀ ਸੰਸਥਾ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਟਿੱਪਣੀ ਕੀਤੀ ਹੈ ਕਿ ਸਿੱਖ ਸਮੁਦਾਏ ਦੇ ਆਪਸੀ ਮੇਲ ਜੋਲ ਨੂੰ ਦ੍ਰਿਸ਼ਟੀ ਵਿੱਚ ਰਖਦੇ ਹੋਏ ਬਣਾਈਆਂ ਗਈਆਂ ਇਹ ਕਮੇਟੀਆਂ ਬਹੁਤ ਹੀ ਕਿਰਿਆਸ਼ੀਲ ਹਨ; ਸੂਚਨਾ ਪ੍ਰਸਾਰ ਲਈ ਮੇਲੇ ਲਗਾਉਣ, ਸਥਾਈ, ਸਹਾਇੱਕ ਅਤੇ ਚਲਦੇ ਫਿਰਦੇ ਚਿਕਿਤਸਾ ਕੇਂਦਰ ਸਥਾਪਤ ਕਰਨ ਅਤੇ CRRID ਦੀ ਸਹਾਇਤਾ ਨਾਲ ਉਨ੍ਹਾਂ ਵਿੱਚ ਦਵਾਈਆਂ ਮੁਹੱਈਆ ਕਰਵਾਉਣ ਅਤੇ ਸਰਕਾਰੀ ਡਾਕਟਰਾਂ ਦੀਆਂ ਸੇਵਾਵਾਂ ਲੈਣ ਲਈ ਇਨ੍ਹਾਂ ਕਮੇਟੀਆਂ ਨੇ ਸਥਾਨਕ ਵਸੀਲਿਆਂ ਦਾ ਪ੍ਰਭਾਵਸ਼ਾਲੀ ਉਪਯੋਗ ਕੀਤਾ ਹੈ। ਇਸ ਨਾਲ ਉੱਥੋਂ ਦੀ ਅਬਾਦੀ ਦੀ ਪ੍ਰਜਨਨ ਸੰਬੰਧੀ ਅਤੇ ਬਾਲ ਸਿਹਤ ਵਿੱਚ ਬਹੁਤ ਸੁਧਾਰ ਹੋਇਆ ਹੈ। ਸਿਹਤ ਸੰਬੰਧੀ ਪ੍ਰੋਗਰਾਮਾਂ ਨੂੰ ਲੋਕਾਂ ਦੇ ਅਪਣੇ ਪ੍ਰੋਗਰਾਮ ਬਣਾਉਣ ਵਾਸਤੇ ਪੰਚਾਇਤਾਂ ਦੇ ਸਰਗਰਮ ਸਹਿਯੋਗ ਵਾਲੀਆਂ ਅਜਿਹੀਆਂ ਹੋਰ ਪ੍ਰਾਜੈਕਟਾਂ ਸਮੇਂ ਦੀ ਲੋੜ ਹਨ।

**ਨੇਸ਼ਨਲ ਰੂਰਲ ਹੈਲਥ ਮਿਸ਼ਨ :** ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਇਸ ਮਿਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ ਤੇ ਜ਼ੋਰ ਦਿੱਤਾ ਗਿਆ ਹੈ। ਇਸ ਮਿਸ਼ਨ ਤਹਿਤ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪੀ ਗਈ ਭੂਮਿਕਾ ਇਸ ਪ੍ਰਕਾਰ ਹੈ :

* ਰਾਜ ਅਪਣੇ MOUs ਵਿੱਚ ਸਿਹਤ ਸੰਬੰਧੀ ਪ੍ਰੋਗਰਾਮਾਂ ਲਈ ਪੰਚਾਇਤੀ ਰਾਜ ਸੰਸਥਾਵਾਂ ਨੂੰ ਫੰਡ ਅਤੇ ਅਮਲਾ ਸੌਂਪਣ ਦੀ ਪ੍ਰਤੀਬੱਧਤਾ ਦਾ ਜ਼ਿਕਰ ਕਰਨਗੇ।
* ਜ਼ਿਲ੍ਹਾ ਹੈਲਥ ਮਿਸ਼ਨ ਦੀ ਅਗਵਾਈ ਜ਼ਿਲ੍ਹਾ ਪਰੀਸ਼ਦ ਦੁਆਰਾ ਕੀਤੀ ਜਾਵੇਗੀ; ਇਹ ਮਿਸ਼ਨ ਜ਼ਿਲ੍ਹੇ ਵਿਚਲੀਆਂ ਜਨ ਸਿਹਤ ਦੀਆਂ ਸਾਰੀਆਂ ਸੰਸਥਾਵਾਂ ਜਿਵੇਂ ਕਿ ਉਪ-ਕੇਂਦਰ, ਮੁਢਲੇ ਸਿਹਤ ਕੇਂਦਰ, ਬਾਲ ਸਿਹਤ ਕੇਂਦਰ ਆਦਿ ਦਾ ਮਾਰਗ ਦਰਸ਼ਨ ਅਤੇ ਪ੍ਰਬੰਧ ਕਰੇਗਾ।
* ASHAs ਦੀ ਚੋਣ ਪਿੰਡ ਪੰਚਾਇਤ ਕਰੇਗੀ ਅਤੇ ਉਹ ਪੰਚਾਇਤ ਲਈ ਉੱਤਰਦਾਈ ਹੋਣਗੇ।
* ਪੰਚਾਇਤ ਦੀ ਪਿੰਡ ਸਿਹਤ ਕਮੇਟੀ ਪਿੰਡ ਦੀ ਸਿਹਤ ਸੰਬੰਧੀ ਯੋਜਨਾ ਬਣਾਏਗੀ ਅਤੇ ਵੱਖ-ਵੱਖ ਖੇਤਰਾਂ ਵਿਚਕਾਰ ਸਹਿਯੋਗ ਵਧਾਵੇਗੀ।
* ਹਰੇਕ ਉਪ-ਕੇਂਦਰ ਪਾਸ 10,000/- ਰੁਪਏ ਪ੍ਰਤੀ ਮਹੀਨੇ ਦਾ ਬੰਦਿਸ਼ ਮੁਕਤ ਫੰਡ ਸਥਾਨਕ ਖਰਚ ਲਈ

ਉਪਲਬਧ ਹੋਵੇਗਾ। ਇਸ ਫੰਡ ਨੂੰ ANM ਅਤੇ ਸਰਪੰਚ ਦੇ ਸੰਯੁਕਤ ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ; ਇਸ ਫੰਡ ਦੀ ਵਰਤੋਂ ANM ਦੁਆਰਾ ਪਿੰਡ ਸਿਹਤ ਕਮੇਟੀ ਦੀ ਸਲਾਹ ਨਾਲ ਕੀਤੀ ਜਾਵੇਗੀ।

* ਪੰਚਾਇਤੀ ਰਾਜ ਸੰਸਥਾਵਾਂ ਦੇ ਮੈਂਬਰਾਂ ਲਈ ਸਿਖਲਾਈ ਦੀ ਵੀ ਵਿਵਸਥਾ ਕੀਤੀ ਗਈ ਹੈ।
* ਸਾਰੇ ਪੱਧਰਾਂ ਦੀਆਂ ਪੰਚਾਇਤਾਂ ਸਮੇਤ ਸਿਹਤ ਦੇ ਮਾਮਲਿਆਂ ਵਿੱਚ ਰੁਚੀ ਰੱਖਣ ਵਾਲੇ ਸਾਰੇ ਵਿਅਕਤੀਆਂ ਨੂੰ ਸਿਹਤ ਨਾਲ ਸੰਬੰਧਤ ਤੱਥ ਅਤੇ ਅੰਕੜੇ ਉਪਲਬਧ ਕਰਵਾਏ ਜਾਣਗੇ।

## ਸਮਾਜਕ ਨਿਆਂ ਅਤੇ ਅਨੁਸੂਚਿਤ ਜਾਤੀਆਂ ਸਮੇਤ ਕਮਜ਼ੋਰ ਵਰਗਾਂ ਦੀ ਭਲਾਈ :

ਅਨੁਸੂਚਿਤ ਜਾਤੀਆਂ ਜੋ ਕਿ ਭਾਰਤ ਦੀ ਅਬਾਦੀ ਦਾ 17% ਹਨ, ਦੇਸ਼ ਦਾ ਸਭ ਤੋਂ ਵੱਡਾ ਸਮਾਜਕ ਸਮੂਹ ਹਨ। ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਕੁੱਲ ਵਸੋਂ ਦਾ 29% ਹਨ ਜੋ ਕਿ ਸਾਰੇ ਰਾਜਾਂ ਨਾਲੋਂ ਜ਼ਿਆਦਾ ਹੈ। ਅਨੁਸੂਚਿਤ ਜਾਤੀਆਂ ਨੂੰ ਸਮਾਜ ਦੀ ਮੁੱਖ ਧਾਰਾ ਤੋਂ ਬਾਹਰ ਅਤੇ ਵਾਂਝੇ ਰੱਖਣ ਦਾ ਸੰਬੰਧ ਜਾਤੀ ਵਿਵਸਥਾ ਨਾਲ ਹੈ। ਅਨੁਸੂਚਿਤ ਜਾਤੀਆਂ ਨੂੰ ਸੰਪਤੀ ਦੇ ਅਧਿਕਾਰਾਂ, ਨਾਗਰਿਕ ਅਧਿਕਾਰਾਂ ਅਤੇ ਸਿੱਖਿਆ ਤੋਂ ਵਾਂਝਾ ਰੱਖਿਆ ਜਾਂਦਾ ਹੈ (Thorat, 2006)। ਪੰਜਾਬ ਵਿੱਚ ਭੂਮੀਹੀਣਾਂ ਦੀ ਸੰਖਿਆ ਦੂਜੀਆਂ ਜਾਤੀਆਂ ਦੀ ਤੁਲਨਾ ਵਿੱਚ ਅਨੁਸੂਚਿਤ ਜਾਤੀਆਂ ਵਿੱਚ ਸਭ ਤੋਂ ਵੱਧ ਹੈ। ਇਸ ਦਾ ਨਤੀਜਾ ਗਰੀਬੀ ਹੈ ਅਤੇ ਪੰਜਾਬ ਦੇ ਦਿਹਾਤੀ ਇਲਾਕਿਆਂ ਵਿੱਚ ਅਨੁਸੂਚਿਤ ਜਾਤੀਆਂ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਦੀ ਇੱਕ ਵੱਡੀ ਸੰਖਿਆ ਗਰੀਬੀ ਦੀ ਮਾਰ ਹੇਠ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਦੇ ਸੰਚਾਲਨ ਵਿੱਚ ਵੀ ਖੁੱਲ੍ਹ ਪ੍ਰਾਪਤ ਨਹੀਂ ਹੈ। ਇਸ ਲਈ ਦਿਹਾਤੀ ਇਲਾਕਿਆਂ ਦੀ ਗਰੀਬੀ ਅਤੇ ਸਮਾਜਕ-ਆਰਥਕ ਗੈਰ-ਬਰਾਬਰੀ ਨੂੰ ਖਤਮ ਕਰਨ ਲਈ ਪਿੰਡਾਂ ਵਿੱਚ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਸ਼ਕਤੀ ਸੰਪੰਨ ਕਰਨਾ ਅਤਿ ਜਰੂਰੀ ਹੈ।

ਪਰਿਵਾਰ ਤੋਂ ਮਿਲਣ ਵਾਲੀ ਮਦਦ ਦੀ ਵਿਵਸਥਾ ਵਿੱਚ ਨਿਘਾਰ ਆ ਜਾਣ ਨਾਲ ਅਤੇ ਕਈ ਹੋਰ ਸਮਾਜਕ ਅਤੇ ਆਰਥਕ ਪਰਿਸਥਿਤੀਆਂ ਕਾਰਣ ਸਮਾਜ ਦੇ ਕਈ ਸਮੂਹ ਵੀ ਬੇਬਸ ਹੋ ਗਏ ਹਨ ਜਿਸ ਕਰਕੇ ਉਨ੍ਹਾਂ ਨੂੰ ਵੀ ਰਾਜ ਵੱਲੋਂ ਮਦਦ ਅਤੇ ਸੁਰੱਖਿਆ ਦੀ ਲੋੜ ਹੈ (ਆਰਥਕ ਸਰਵੇਖਣ, 2004-05)। ਇਨ੍ਹਾਂ ਵਿੱਚ ਬਜੁਰਗ, ਯਤੀਮ, ਬੇਸਹਾਰਾ, ਗਰੀਬ ਅਤੇ ਗਲੀਆਂ ਵਿੱਚ ਪਲ ਰਹੇ ਬੱਚੇ ਹਨ। ਪਿੰਡਾਂ ਦੀ ਵਸੋਂ ਵਿਚਲੇ ਸਮਾਜਕ ਅਤੇ ਸਰੀਰਕ ਕਮਜੋਰੀ ਦੇ ਸ਼ਿਕਾਰ ਵਰਗ ਦੀ ਭਲਾਈ ਪੰਚਾਇਤੀ ਰਾਜ ਸੰਸਥਾਵਾਂ ਦੀ ਇੱਕ ਅਹਿਮ-ਜ਼ਿੰਮੇਵਾਰੀ ਹੈ। ਇਨ੍ਹਾਂ ਸਮੂਹਾਂ ਪ੍ਰਤੀ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਜ਼ਿੰਮੇਵਾਰੀਆਂ ਸੰਵਿਧਾਨ ਦੀ ਗਿਆਰ੍ਹਵੀਂ ਸੂਚੀ ਅਨੁਸਾਰ ਇਸ ਪ੍ਰਕਾਰ ਹਨ :

(i) ਸਮਾਜ ਭਲਾਈ, ਜਿਸ ਵਿੱਚ ਸਰੀਰਕ ਅਤੇ ਮਾਨਸਕ ਤੌਰ ਤੇ ਅਪੰਗ ਵਿਅਕਤੀਆਂ ਦੀ ਭਲਾਈ ਵੀ ਸ਼ਾਮਿਲ ਹੈ।

(ii) ਕਮਜ਼ੋਰ ਵਰਗਾਂ, ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ।

ਪੰਜਾਬ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ ਅਤੇ ਕਮਜੋਰ ਵਰਗਾਂ ਦੀ ਭਲਾਈ ਲਈ ਹੁਣੇ-ਹੁਣੇ ਸ਼ੁਰੂ ਕੀਤੀਆਂ ਗਈਆਂ ਵੱਖ-ਵੱਖ ਸਕੀਮਾਂ ਹੇਠ ਲਿਖੇ ਅਨੁਸਾਰ ਹਨ :

### I. ਕਮਜੋਰ ਵਰਗਾਂ ਲਈ :

* ਵਿਧਵਾਵਾਂ, ਨਿਰਧਨ ਪਰਿਵਾਰਾਂ ਅਤੇ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਕਿਸੇ ਕਿੱਤੇ ਵਿੱਚ ਉਨ੍ਹਾਂ ਦੀ ਮੁਹਾਰਤ ਦਾ ਮਿਆਰ ਉੱਚਾ ਕਰਨ ਲਈ ਸਹਾਇਤਾ ਕੀਤੀ ਜਾਂਦੀ ਹੈ।
* ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਅਤੇ ਕੋੜ੍ਹ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਸਹਾਇਤਾ; ਬਜੁਰਗਾਂ ਲਈ ਆਸ਼ਰਮ ਅਤੇ ਦਿਨ ਵੇਲੇ ਬੱਚਿਆਂ ਦੀ ਦੇਖ ਭਾਲ ਵਾਸਤੇ ਕੇਂਦਰਾਂ ਦੀ ਉਸਾਰੀ ਲਈ ਸਹਾਇਤਾ।
* ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਅਨੁਸੂਚਿਤ ਜਾਤੀ ਦੇ ਪਰਿਵਾਰ ਦੀ ਲੜਕੀ ਨੂੰ ਉਸਦੇ ਵਿਆਹ ਦੇ ਸਮੇਂ 5100/- ਰੁਪਏ ਕੰਨਿਆਦਾਨ।

* ਸੱਠ ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਬਜੁਰਗਾਂ ਨੂੰ 200/- ਰੁਪਏ ਮਹੀਨਾ ਬੁਢਾਪਾ ਪੈਨਸ਼ਨ।
* ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ 200/- ਰੁਪਏ ਮਹੀਨਾ ਦੀ ਸਹਾਇਤਾ।
* ਗੈਰ-ਕੁਦਰਤੀ ਮੌਤ ਜਾਂ ਦੁਰਘਟਨਾ ਨਾਲ ਮਰਨ ਵਾਲੇ ਵਿਅਕਤੀ ਦੇ ਪਰਿਵਾਰ ਨੂੰ 10000/- ਰੁਪਏ ਦੀ ਸਹਾਇਤਾ।

**II. ਅਨੁਸੂਚਿਤ ਜਾਤੀਆਂ ਲਈ :**

ਅਨੁਸੂਚਿਤ ਜਾਤੀਆਂ ਦੀ ਸਹਾਇਤਾ ਲਈ ਪੰਜਾਬ ਸਰਕਾਰ ਨੇ ਹੇਠ ਲਿਖੀਆਂ ਸਕੀਮਾਂ ਸ਼ੁਰੂ ਕੀਤੀਆਂ ਹਨ:

* ਕੰਨਿਆਦਾਨ ਭਾਵ ਲੜਕੀਆਂ ਨੂੰ ਵਿਆਹ ਸਮੇਂ ਦਿੱਤੀ ਜਾਣ ਵਾਲੀ ਰਾਸ਼ੀ ਦੀ ਸਕੀਮ।
* ਵਿਧਵਾਵਾਂ, ਗਰੀਬ ਇਸਤ੍ਰੀਆਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੇ ਵਿਆਹ ਲਈ ਦਿੱਤੀ ਜਾਣ ਵਾਲੀ ਮਾਇੱਕ ਸਹਾਇਤਾ ਦੀ ਸਕੀਮ।
* ਘਰ ਉਸਾਰੀ ਦੀ ਸਕੀਮ।
* ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਦੇ ਪਰਿਆਵਰਣ ਨੂੰ ਸੁਧਾਰਣ ਦੀ ਸਕੀਮ।
* ਜੁਲਮ ਦੇ ਸ਼ਿਕਾਰ ਵਿਅਕਤੀਆਂ ਨੂੰ ਮਾਇੱਕ ਸਹਾਇਤਾ ਦੇਣ ਦੀ ਸਕੀਮ।
* ਨਾਗਰਿਕ ਅਧਿਕਾਰ ਕਾਨੂੰਨ 1995 ਤਹਿਤ ਸੁਰੱਖਿਆ ਦੇਣ ਦੀ ਸਕੀਮ : (ੳ) ਅੰਤਰ-ਜਾਤੀ ਵਿਆਹ ਦੀ ਸਕੀਮ (ਅ) ਪਿੰਡ ਪੰਚਾਇਤਾਂ ਨੂੰ ਸਰਵੋਤਮ ਕੰਮ ਕੀਤੇ ਜਾਣ ਤੇ ਉਤਸ਼ਾਹ ਦੇਣ ਦੀ ਸਕੀਮ (ੲ) ਅਛੂਤਪੁਣੇ ਨੂੰ ਖਤਮ ਕਰਨ ਲਈ ਬਹਿਸਾਂ ਅਤੇ ਸੈਮੀਨਾਰਾਂ ਦਾ ਆਯੋਜਨ।
* ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ ਅਤੇ ਲੜਕੀਆਂ ਨੂੰ ਕੱਪੜੇ ਸਿਉਣ ਦੀ ਸਿਖਲਾਈ ਦੇਣ ਦੀ ਸਕੀਮ।
* ਮੈਡੀਕਲ, ਇੰਜਨੀਅਰਿੰਗ, ਐਗਰੀਕਲਚਰ ਅਤੇ ਵੈਟਰਨਰੀ ਸਮੇਤ ਪੋਸਟ ਗ੍ਰੈਜੂਏਟ ਕੋਰਸਾਂ ਵਿੱਚ ਪਹਿਲਾ ਦਰਜ਼ਾ ਹਾਸਲ ਕਰਨ ਵਾਲੇ ਅਨੁਸੂਚਿਤ ਜਾਤੀਆਂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉਤਸ਼ਾਹ ਦੇਣ ਦੀ ਸਕੀਮ।
* ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਮੈਟ੍ਰਿਕ ਤੋਂ ਬਾਦ ਦੀ ਪੜ੍ਹਾਈ ਲਈ ਵਜ਼ੀਫਾ ਦੇਣ ਦੀ ਸਕੀਮ।
* ਰਾਜ ਦੁਆਰਾ ਸ਼ੁਰੂ ਕੀਤੀ ਗਈ ਹਰੀਜਨ ਐਜੂਕੇਸ਼ਨਲ ਵੈਲਫੇਅਰ ਸਕੀਮ।
* ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਕਰਜ਼ ਦੇਣ ਦੀ ਸਕੀਮ।
* ਅਨੁਸੂਚਿਤ ਜਾਤੀਆਂ ਅਤੇ ਪਿਛੜੀਆਂ ਜਾਤੀਆਂ ਦੇ ਵਿਦਿਆਰਥੀਆਂ ਨੂੰ ਮੁਕਾਬਲੇ ਦੇ ਉੱਚੇ ਇਮਤਿਹਾਨਾਂ ਦੀ ਤਿਆਰੀ ਲਈ ਮਾਇੱਕ ਸਹਾਇਤਾ ਦੀ ਸਕੀਮ।
* ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ (ਲੜਕਿਆਂ ਅਤੇ ਲੜਕੀਆਂ) ਲਈ ਹੋਸਟਲ ਮੁਹੱਈਆ ਕਰਵਾਉਣ ਦੀ ਸਕੀਮ।
* ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਕੋਚਿੰਗ ਦੇਣ ਦੀ ਸਕੀਮ।

**ਦਿਹਾਤੀ ਵਿਕਾਸ ਲਈ MP ਅਤੇ MP-LADS (Local Area Development Scheme) :**

1993 ਵਿੱਚ ਪ੍ਰਧਾਨ ਮੰਤਰੀ ਨੇ ਸਥਾਨਕ ਵਿਕਾਸ ਲਈ Local Area Development Scheme ਦੀ ਘੋਸ਼ਣਾ ਕੀਤੀ ਸੀ ਜਿਸ ਦੇ ਤਹਿਤ ਸੰਸਦ ਦੇ ਮੈਂਬਰ ਜ਼ਿਲ੍ਹਾ ਕੁਲੈਕਟਰਾਂ ਨੂੰ ਅਪਣੇ ਚੋਣ ਹਲਕੇ ਵਿੱਚ ਇੱਕ ਕਰੋੜ ਰੁਪਏ ਤੱਕ ਦੀਆਂ ਪ੍ਰਾਜੈਕਟਾਂ ਸ਼ੁਰੂ ਕਰਨ ਦੀ ਹਦਾਇਤ ਦੇ ਸਕਦੇ ਸਨ। ਇਸ ਸਕੀਮ ਤਹਿਤ ਛੋਟੀਆਂ ਇਮਾਰਤਾਂ ਦੀ ਉਸਾਰੀ, ਪਿੰਡ ਦੀਆਂ ਸੜਕਾਂ, ਹਸਪਤਾਲ, ਖੇਡਾਂ ਜਾਂ ਸੱਭਿਆਚਾਰਕ ਸਰਗਰਮੀਆਂ ਆਦਿ 23 ਸਕੀਮਾਂ ਨੂੰ ਮਾਇੱਕ ਸਹਾਇਤਾ ਦਿੱਤੀ ਜਾ ਸਕਦੀ ਹੈ। ਦਿਲਚਸਪ ਗੱਲ ਇਹ ਹੈ ਕਿ MPLADS ਅਧੀਨ ਆਉਣ ਵਾਲੇ ਤੋ

ਈ ਦੇ ਤੇਈ ਕਾਰਜ ਸੰਵਿਧਾਨ ਦੀ ਗਿਆਰ੍ਹਵੀਂ ਸੂਚੀ ਅਧੀਨ ਸੌਂਪੇ ਗਏ ਕਾਰਜ ਹਨ। ਪੰਜਾਬ ਸਮੇਤ ਕਈ ਰਾਜਾਂ ਨੇ ਅਪਣੀ ਵਿਧਾਨ ਸਭਾ ਦੇ ਮੈਂਬਰਾਂ ਨੂੰ ਵੀ ਇਸ ਤਰ੍ਹਾਂ ਦੀ ਸਕੀਮ ਅਧੀਨ ਫੰਡ ਸੌਂਪੇ ਹਨ। ਪੰਜਾਬ ਦੇ ਕਈ ਪਿੰਡਾਂ ਵਿੱਚ ਸੰਸਦ ਅਤੇ ਵਿਧਾਨ ਸਭਾ ਦੇ ਮੈਂਬਰਾਂ ਨੇ ਇਨ੍ਹਾਂ ਫੰਡਾਂ ਦੀ ਵਰਤੋਂ ਘਰਾਂ ਵਿੱਚ ਟੱਟੀਆਂ, ਸਕੂਲੀ ਇਮਾਰਤਾਂ, ਸਕੂਲਾਂ ਵਿੱਚ ਟੱਟੀਆਂ ਅਤੇ ਪਿੰਡਾਂ ਵਿੱਚ ਸੜਕਾਂ ਬਣਾਉਣ ਲਈ ਕੀਤੀ ਹੈ। ਪਰੰਤੂ ਕੁੱਲ ਮਿਲਾ ਕੇ ਕਈ ਰਾਜਾਂ ਵਿੱਚ ਇਨ੍ਹਾਂ ਫੰਡਾਂ ਦੀ ਵਰਤੋਂ ਪੰਚਾਇਤਾਂ ਰਾਹੀਂ ਨਹੀਂ ਕੀਤੀ ਜਾਂਦੀ। ਦੇਖਣ ਵਿੱਚ ਆਇਆ ਹੈ ਕਿ ਸੰਸਦ ਦੇ ਕਈ ਮੈਂਬਰ ਇਸ ਸਕੀਮ ਦੀ ਵਰਤੋਂ ਸਰਪਰਸਤੀ ਦੇਣ ਜਾਂ ਰਾਜਨੀਤਕ ਇਨਾਮ ਪ੍ਰਾਪਤ ਕਰਨ ਲਈ ਕਰਦੇ ਹਨ ਨਾ ਕਿ ਸਥਾਨਕ ਇੱਛਾਵਾਂ ਤੇ ਆਧਾਰਤ ਅਗੇਤਾਂ ਮੁਤਾਬਕ ਯੋਜਨਾ ਬਣਾਉਣ ਲਈ।

**ਸਿੱਟਾ :**

ਪੰਚਾਇਤੀ ਰਾਜ ਸੰਸਥਾਵਾਂ ਅਤੇ ਦਿਹਾਤੀ ਵਿਕਾਸ ਇੱਕੋ ਗੱਲ ਹਨ। ਪੰਚਾਇਤਾਂ ਦੀ ਸਹਾਇਤਾ ਤੋਂ ਬਿਨਾਂ ਦਿਹਾਤੀ ਵਿਕਾਸ ਦੇ ਪ੍ਰੋਗਰਾਮਾਂ ਨੂੰ ਕੁਸ਼ਲਤਾਪੂਰਵਕ ਲਾਗੂ ਨਹੀਂ ਕੀਤਾ ਜਾ ਸਕਦਾ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੀ ਵੀ ਕੋਈ ਪ੍ਰਸੰਗਕਤਾ ਨਹੀਂ ਜੇ ਇਨ੍ਹਾਂ ਨੂੰ ਦਿਹਾਤੀ ਵਿਕਾਸ ਦੇ ਪ੍ਰੋਗਰਾਮਾਂ ਵਿੱਚ ਨਾ ਲਗਾਇਆ ਜਾਵੇ। ਜਿਨ੍ਹਾਂ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ, ਲਾਗੂ ਕਰਨ ਅਤੇ ਨਿਗਰਾਨੀ ਵਿੱਚ ਪੰਚਾਇਤਾਂ ਦੀ ਸਹਾਇਤਾ ਲਈ ਜਾਂਦੀ ਹੈ, ਉਹ ਪ੍ਰਭਾਵਸ਼ਾਲੀ ਢੰਗ ਨਾਲ ਸਿਰੇ ਚੜ੍ਹਦੇ ਹਨ। ਪੰਚਾਇਤਾਂ ਨੂੰ ਅਪਣੇ ਅਧਿਕਾਰ ਖੇਤਰ ਵਿੱਚ ਦਿਹਾਤੀ ਵਿਕਾਸ ਦੇ ਪ੍ਰੋਗਰਾਮ ਲਾਗੂ ਕਰਨ ਦੀ ਪੂਰੀ ਖੁਦਮੁਖਤਾਰੀ ਹੋਣੀ ਚਾਹੀਦੀ ਹੈ; ਇਸ ਵਿੱਚ ਸੰਬੰਧਤ ਸਰਕਾਰੀ ਵਿਭਾਗਾਂ ਦੀ ਸਹਾਇਤਾ, ਸੇਧ ਅਤੇ ਨਿਗਰਾਨੀ ਤਾਂ ਹੋਣੀ ਚਾਹੀਦੀ ਹੈ, ਪਰ ਕੋਈ ਵੱਡੀ ਦਖਲਅੰਦਾਜ਼ੀ ਨਹੀਂ। ਪੰਚਾਇਤਾਂ ਦੀ ਪ੍ਰਭਾਵਸ਼ਾਲੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਚੰਗੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਅਤੇ ਵੱਖ ਵੱਖ ਪ੍ਰੋਗਰਾਮਾਂ ਨੂੰ ਸ਼ੁਰੂ ਕਰਨ ਲਈ ਉਨ੍ਹਾਂ ਦੀ ਸਮਰਥਾ ਦਾ ਉਚਿਤ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ।

## References

All the references (same as mentioned in the Chapter 1, 2 & 3: Part 1) and

Planning Commission (1983), Report of the Task Force on Management of Urban Development, Planning Commission, Government of IndI, New Delhi.

Planning Commission (1986), Report of the Task Force on Financing of Urban Development, Planning Commission, Government of IndI, New Delhi.

Report of the National Commission on Urbanization (1988), Ministry of Urban Development, GOI

NCAER (1996), The IndI Infrastructure Report, NCAER, New Delhi.

TeotI, Manoj K (2004) Financing Urban Infrastructure in Punjab, in: Urban IndI, a bi-annual Journal of NIUA, Volume XXIV, No. 1, January-June 2004, New Delhi: NIUA.

Vaidya, Chetan and Hitesh Vaidya (2003), 'Management Innovations for Municipal Resource Mobilisation in IndI' in Governance,March 2003, Urban Management and Development Centre, RCVP Noronha Academy of Administration, Bhopal.

Guidelines for Property Tax Reforms (2002), Ministry of Urban Development, Government of IndI, New Delhi.

Jha, Gangadhar (2002), Case Laws on Property Tax and Implications for Reforming the Tax Base, paper

presented at the National Seminar on Reforming the Property Tax System in IndI, organized by NIUA at Bangalore (14-15 February 2002).

Urban Finance (2001), “Bond SpecIl’, Volume 4, Number 1 (March 2001), Quarterly Newsletter of the NIUA, New Delhi.

Jha, Gangadhar (2002), Development of Municipal Bond Market in IndI, paper presented at the Workshop on Development of Municipal Bond Market in IndI, organized by NIUA, New Delhi, 31 May 2002.

Bagchi, Saumen and Anirban Kundu. 2003: Development of Municipal Bond Market in IndI. In Economic & Political Weekly (Feb. 22-28, 2003), Vol. XXXVIII, No. 8

IndI’ Urban Sector Profile, Research Study Series, Number 61, NIUA, New Delhi.

# ਅਧਿਆਇ-5

# ਚੰਗੇਰੇ ਵਿੱਤੀ ਪ੍ਰਬੰਧ ਲਈ ਹਿਸਾਬ ਕਿਤਾਬ ਰੱਖਣ, ਬਜਟ ਬਣਾਉਣ ਅਤੇ ਲੇਖਾ ਪਰੀਖਣ ਵਿੱਚ ਸੁਧਾਰ

ਇਸ ਅਧਿਆਇ ਵਿੱਚ ਹਿਸਾਬ ਕਿਤਾਬ ਰੱਖਣ, ਬਜਟ ਬਣਾਉਣ ਅਤੇ ਲੇਖਾ-ਪਰੀਖਣ ਦੇ ਅਰਥ, ਪਰਿਭਾਸ਼ਾ, ਸੰਕਲਪ ਅਤੇ ਨਿਯਮਾਂ ਦੀ ਚਰਚਾ ਦੇ ਨਾਲ ਨਾਲ ਪੰਜਾਬ ਦੇ ਸਥਾਨਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਦੇ ਵਿੱਤੀ ਪ੍ਰਬੰਧ ਵਿੱਚ ਸੁਧਾਰ ਕਰਨ ਲਈ ਲੁੜੀਂਦੇ ਸੁਧਾਰਾਂ ਦਾ ਵੀ ਸੁਝਾਅ ਦਿੱਤਾ ਗਿਆ ਹੈ। ਇਸ ਦਾ ਉਦੇਸ਼ ਸਥਾਨਕ ਸੰਸਥਾਵਾਂ ਦੀ ਸਮਰਥਾ ਵਿੱਚ ਵਰਿੱਧੀ ਕਰਨਾ ਹੈ ਤਾਂ ਕਿ ਉਹ ਸਥਾਨਕ ਵਸੀਲਿਆਂ ਦੇ ਉਪਯੋਗ ਕਰਨ ਅਤੇ ਪੂੰਜੀ ਬਜਾਰ ਵਿਚੋਂ ਵਿੱਤ ਦੇ ਸਰੋਤਾਂ ਦਾ ਫਾਇਦਾ ਉਠਾਉਣ ਲਈ ਅਪਣੇ ਵਿੱਤੀ ਪ੍ਰਬੰਧ ਵਿੱਚ ਲੁੜੀਂਦੇ ਸੁਧਾਰ ਕਰਨ ਦੇ ਯੋਗ ਹੋ ਜਾਣ।

ਇਸ ਅਧਿਆਇ ਵਿੱਚ ਹਿਸਾਬ-ਕਿਤਾਬ ਰੱਖਣ ਦੀ ਨਵੀਂ ਪ੍ਰਣਾਲੀ ਨੂੰ ਲਾਗੂ ਕਰਨ ਲਈ ਦਿੱਤੀ ਜਾਣ ਵਾਲੀ ਸਿਖਲਾਈ ਵਾਸਤੇ ਲੁੜੀਂਦੀ ਜਾਣਕਾਰੀ ਤੋਂ ਇਲਾਵਾ ਨਕਦੀ ਆਧਾਰਤ ਹਿਸਾਬ-ਕਿਤਾਬ ਦੀ ਬਜਾਏ ਘਾਟਾ-ਵਾਧਾ (Accrual) ਆਧਾਰਤ ਹਿਸਾਬ-ਕਿਤਾਬ ਅਪਣਾਉਣ ਦੀਆਂ ਜਟਿਲਤਾਵਾਂ, ਲੈਣ ਦੇਣ ਦਾ ਹਿਸਾਬ ਰੱਖਣ ਅਤੇ ਨਾਗਰਿਕ ਸੇਵਾਵਾਂ ਦੀ ਕੀਮਤ ਦਾ ਨਿਰਣਾ ਕਰਨ ਦੀਆਂ ਵਿਧੀਆਂ ਵੀ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿਧੀਆਂ ਦੀ ਸਿਖਲਾਈ ਦੇਣ ਵਾਸਤੇ ਦਿੱਤੀ ਗਈ ਜਾਣਕਾਰੀ ਵਿੱਚ ਨਗਰ ਪ੍ਰਬੰਧ ਦੇ ਵੱਖ-ਵੱਖ ਖੇਤਰਾਂ ਜਿਵੇਂ ਕਿ ਕਰ, ਫੀਸਾਂ, ਤਨਖਾਹਾਂ, ਸਮੱਗਰੀ, ਠੇਕੇਦਾਰੀ, ਸਥਾਈ ਸੰਪਤੀਆਂ ਕਰਜਿਆਂ, ਗਰਾਂਟਾਂ ਜਲਪੂਰਤੀ ਅਤੇ ਸਫਾਈ ਪ੍ਰਬੰਧ ਬਾਰੇ ਹੋਣ ਵਾਲੇ ਲੈਣ ਦੇਣਾਂ ਦੀ ਸ਼ਿਨਾਖਤ ਕਰਨਾ, ਵੇਰਵੇ ਤਿਆਰ ਕਰਨਾ, ਪੜਤਾਲ ਕਰਨਾ ਅਤੇ ਰਿਕਾਰਡ ਰੱਖਣਾ ਸ਼ਾਮਿਲ ਹੈ। ਅਧਿਆਇ ਵਿੱਚ ਚੁਣੇ ਹੋਏ ਪ੍ਰਤੀਨਿਧਾਂ, ਕਮਿਸ਼ਨਰਾਂ ਅਤੇ ਨਗਰ ਪ੍ਰਸ਼ਾਸਨ ਦੇ ਹੋਰ ਅਧਿਕਾਰੀਆਂ ਦੀ ਸੰਵੇਦਨਸ਼ੀਲਤਾ ਅਤੇ ਸਥਿਤੀ ਗਿਆਨ ਨੂੰ ਵਿਕਸਤ ਕਰਨ ਲਈ ਲੁੜੀਂਦੀ ਜਾਣਕਾਰੀ ਵੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਅਧਿਕਾਰੀਆਂ ਨੂੰ ਪ੍ਰਬੰਧ ਦੀਆਂ ਜਿੰਮੇਵਾਰੀਆਂ ਨਿਭਾਉਣ ਅਤੇ ਹਿਸਾਬ-ਕਿਤਾਬ ਦੇ ਚਿੱਠਿਆਂ ਵਿਚੋਂ ਲੁੜੀਂਦੀ ਸੂਚਨਾ ਪ੍ਰਾਪਤ ਕਰਨ ਵਿੱਚ ਮਦਦ ਲਈ ਪ੍ਰਬੰਧ ਦੀ ਸੂਚਨਾ ਪ੍ਰਣਾਲੀ (Management Information System) ਦਾ ਵੀ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ।

### ਸ਼ਹਿਰੀ ਸਥਾਨਕ ਸੰਸਥਾਵਾਂ

ਪੰਜਾਬ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਹਿਸਾਬ ਕਿਤਾਬ ਰੱਖਣ ਅਤੇ ਬਜਟ ਬਣਾਉਣ ਦੀ ਪ੍ਰਣਾਲੀ ਵਿੱਚ ਭਾਰੀ ਕਮੀਆਂ ਹਨ। ਸ਼ਹਿਰੀ ਸੰਸਥਾਵਾਂ ਦੁਆਰਾ ਵਰਤੀ ਜਾ ਰਹੀ ਹਿਸਾਬ-ਕਿਤਾਬ ਦੀ ਨਕਦੀ ਆਧਾਰਤ ਇੱਕੋ ਇੰਦਰਾਜ ਵਾਲੀ ਪ੍ਰਣਾਲੀ ਵਿੱਚ ਕਈ ਅਜਿਹੀਆਂ ਕਮੀਆਂ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਹਿਸਾਬ ਕਿਤਾਬ ਦੇ ਚਿੱਠੇ ਤੋਂ ਸੰਸਥਾ ਦੀ ਵਿੱਤੀ ਕਾਰਜ ਪੂਰਤੀ ਅਤੇ ਵਿੱਤੀ ਸਥਿਤੀ ਦਾ ਵਿਸ਼ਲੇਸ਼ਣ ਕਰਨ ਲਈ ਚੋਖੀ ਸੂਚਨਾ ਨਹੀਂ ਮਿਲਦੀ। ਜਿਸ ਵਿਧੀ ਨਾਲ ਹਿਸਾਬ ਕਿਤਾਬ ਰੱਖਿਆ ਜਾਂਦਾ ਹੈ, ਉਸ ਤੋਂ ਲਾਭ ਅਤੇ ਹਾਨੀ ਦਾ ਜਾਇਜਾ ਲੈਣਾ ਜਾਂ ਆਮਦਨ ਖਰਚ ਦਾ ਚਿੱਠਾ (Balance Sheet) ਬਣਾਉਣਾ ਸੰਭਵ ਨਹੀਂ। ਇਸ ਨਾਲ ਸ਼ਹਿਰੀ ਸੰਸਥਾਵਾਂ ਦੀ ਵਿੱਤੀ ਕਾਰਜ ਪੂਰਤੀ ਤੇ ਮਾੜਾ ਅਸਰ ਪਿਆ ਹੈ। ਇਸ ਨਾਲ ਉਨ੍ਹਾਂ ਨੂੰ ਅਪਣੇ ਵਸੀਲਿਆਂ ਦੇ ਉਪਯੋਗ ਦੀ ਸੰਭਾਵਨਾ ਦਾ ਵੀ ਪਤਾ ਨਹੀਂ ਲਗਦਾ। ਨਗਰ ਪਾਲਕਾਵਾਂ ਦੇ ਆਮਦਨ ਖਰਚ ਦੇ ਚਿੱਠੇ ਅਤੇ ਉਨ੍ਹਾਂ ਦੀ ਹਾਲਤ ਦੀ ਸਪਸ਼ਟ ਤਸਵੀਰ ਨਾ ਮਿਲਣ ਕਰਕੇ ਵਿੱਤੀ ਸੰਸਥਾਵਾਂ ਉਨ੍ਹਾਂ ਨੂੰ ਬੁਨਿਆਦੀ ਢਾਂਚੇ ਦੀਆਂ ਵਧ ਰਹੀਆਂ ਲੋੜਾਂ ਵਿੱਚ ਨਿਵੇਸ਼ ਕਰਨ ਲਈ ਕਰਜ਼ ਦੇਣ ਤੋਂ ਕਤਰਾਉਂਦੀਆਂ ਹਨ। ਪੰਜਾਬ ਦੇ ਪਹਿਲੇ ਅਤੇ ਦੂਜੇ ਵਿੱਤ ਕਮਿਸ਼ਨਾਂ ਅਤੇ ਭਾਰਤ ਦੇ ਗਿਆਰ੍ਹਵੇਂ ਅਤੇ ਬਾਰ੍ਹਵੇਂ ਵਿੱਤ ਕਮਿਸ਼ਨਾਂ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਵਿੱਤੀ ਪ੍ਰਬੰਧ, ਪ੍ਰਬੰਧ ਦੀ ਸੂਚਨਾ ਪ੍ਰਣਾਲੀ ਅਤੇ ਅੰਕੜਿਆਂ/ਤੱਥਾਂ ਦੇ ਸੰਗ੍ਰਹਿ (Data Base) ਵਿੱਚ ਸੁਧਾਰ ਕਰਨ ਲਈ ਹਿਸਾਬ ਕਿਤਾਬ ਰੱਖਣ,

ਬਜਟ ਬਣਾਉਣ ਅਤੇ ਲੇਖਾ ਪਰੀਖਣ ਦੀਆਂ ਪ੍ਰਣਾਲੀਆਂ ਦੇ ਮਿਆਰ ਨੂੰ ਉੱਚਾ ਚੁੱਕਣ ਤੇ ਜ਼ੋਰ ਦਿੱਤਾ ਹੈ। ਲੁਧਿਆਣਾ ਨਗਰ ਨਿਗਮ ਨੇ ਭਾਵੇਂ ਅਪਣੀ ਹਿਸਾਬ ਕਿਤਾਬ ਰੱਖਣ ਦੀ ਪ੍ਰਣਾਲੀ ਵਿੱਚ ਸੁਧਾਰ ਦਾ ਕੰਮ ਕਈ ਸਾਲ ਪਹਿਲਾਂ ਸ਼ੁਰੂ ਕਰ ਦਿੱਤਾ ਸੀ, ਪਰ ਅਪਣੇ ਮਜਬੂਤ ਵਿੱਤੀ ਅਧਾਰ ਦੇ ਬਾਵਜੂਦ ਇਹ ਇਸ ਪ੍ਰਕਿਰਿਆ ਨੂੰ ਹਾਲੇ ਪੂਰਾ ਨਹੀਂ ਕਰ ਸਕਿਆ।

ਹਿਸਾਬ ਕਿਤਾਬ ਦੀ ਪ੍ਰਣਾਲੀ ਵਿੱਚ ਕਈ ਸੁਧਾਰ ਅਰੰਭ ਕਰਨ ਦਾ ਦਾਅਵਾ ਕਰਨ ਦੇ ਬਾਵਜੂਦ ਨਿਗਮ ਦੇ ਅਧਿਕਾਰੀਆਂ ਨਾਲ ਕੀਤੀ ਗਈ ਚਰਚਾ ਤੋਂ ਪਤਾ ਚਲਦਾ ਹੈ ਕਿ ਵਿਵਹਾਰਕ ਪੱਧਰ ਤੇ ਹਾਲੇ ਕੁੱਝ ਵੀ ਨਹੀਂ ਹੋਇਆ। ਹਿਸਾਬ ਕਿਤਾਬ ਰੱਖਣ, ਬਜਟ ਬਣਾਉਣ ਅਤੇ ਲੇਖਾ ਪਰੀਖਣ ਵਿੱਚ ਸੁਧਾਰ ਲਾਗੂ ਕਰਨ ਲਈ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਉਨ੍ਹਾਂ ਦੇ ਹਿਸਾਬ ਕਿਤਾਬ ਰੱਖਣ ਵਾਲੇ ਅਮਲੇ ਦੀ ਸਮਰਥਾ ਵਿੱਚ ਵਾਧਾ ਕਰਨ ਦੀ ਤੁਰੰਤ ਲੋੜ ਹੈ। ਇਹ ਕੇਵਲ ਦੂਹਰੇ ਇੰਦਰਾਜਾਂ ਰਾਹੀਂ ਘਾਟਾ-ਵਾਧਾ (Accrual) ਆਧਾਰਤ ਹਿਸਾਬ-ਕਿਤਾਬ ਦੀ ਪ੍ਰਣਾਲੀ ਅਪਣਾ ਕੇ ਹੀ ਸੰਭਵ ਹੋਵੇਗਾ। National Municipal Accounting Manual ਵਿੱਚ ਹਿਸਾਬ ਕਿਤਾਬ ਦੀਆਂ ਜਿਨ੍ਹਾਂ ਵਿਧੀਆਂ ਨੂੰ ਅਪਣਾਉਣ ਦੀ ਸਿਫਾਰਿਸ਼ ਕੀਤੀ ਗਈ ਹੈ, ਉਨ੍ਹਾਂ ਰਾਹੀਂ ਸਰਕਾਰ ਨਗਰ ਪਾਲਕਾਵਾਂ ਦੇ ਹਿਸਾਬ ਕਿਤਾਬ ਦੀ ਪ੍ਰਣਾਲੀ ਵਿੱਚ ਸੋਧ ਕਰਕੇ ਸੁਧਾਰ ਲਾਗੂ ਕਰ ਸਕੇਗੀ। ਇਨ੍ਹਾਂ ਵਿਧੀਆਂ ਦੇ ਕੁੱਝ ਪੱਖਾਂ ਦੀ ਚਰਚਾ ਅੱਗੇ ਕੀਤੀ ਗਈ ਹੈ।

2001 ਵਿੱਚ ਮਾਨਯੋਗ ਸੁਪਰੀਮ ਕੋਰਟ ਨੇ ਰਾਇ ਦਿੱਤੀ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਹਿਸਾਬ ਰੱਖਣ ਦੀ ਨਕਦੀ ਆਧਾਰਤ ਪ੍ਰਣਾਲੀ ਦੀ ਬਜਾਇ ਘਾਟਾ-ਵਾਧਾ (Accrual) ਆਧਾਰਤ ਪ੍ਰਣਾਲੀ ਨੂੰ ਅਪਣਾਉਣ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਮਾਨਯੋਗ ਅਦਾਲਤ ਨੇ ਇਹ ਵੀ ਕਿਹਾ ਕਿ ਭਾਰਤ ਸਰਕਾਰ ਨੂੰ ਨਿਯਮਾਂ ਵਿੱਚ ਲੁੜੀਂਦੀਆਂ ਸੋਧਾਂ ਕਰਨੀਆਂ ਚਾਹੀਦੀਆਂ ਹਨ। CAG ਟਾਸਕ ਫੋਰਸ ਨੇ ਸ਼ਹਿਰੀ ਸੰਸਥਾਵਾਂ ਦੇ ਹਿਸਾਬ ਕਿਤਾਬ ਰੱਖਣ ਅਤੇ ਬਜਟ ਬਣਾਉਣ ਦੇ ਖਾਕਿਆਂ (Formats) ਤੇ ਇੱਕ ਰਿਪੋਰਟ ਜਾਰੀ ਕੀਤੀ। ਇਸ ਰਿਪੋਰਟ ਵਿੱਚ ਬਜਟ ਬਣਾਉਣ ਅਤੇ ਹਿਸਾਬ ਕਿਤਾਬ ਰੱਖਣ ਦੇ ਖਾਕਿਆਂ ਤੋਂ ਇਲਾਵਾ ਹਿਸਾਬ ਕਿਤਾਬ ਦੇ ਮਹੱਤਵਪੂਰਣ ਸਿਧਾਂਤਾਂ ਅਤੇ ਨਾਗਰਿਕ ਸਹੂਲਤਾਂ/ਸੇਵਾਵਾਂ ਦੀ ਲਾਗਤ ਦਾ ਨਿਰਣਾ ਕਰਨ ਬਾਰੇ ਵੀ ਚਰਚਾ ਕੀਤੀ ਗਈ ਸੀ। ਟਾਸਕ ਫੋਰਸ ਨੇ ਹੇਠ ਲਿਖੀਆਂ ਸਿਫਾਰਿਸ਼ਾਂ ਕੀਤੀਆਂ:

ੳ) ਹਿਸਾਬ ਕਿਤਾਬ ਦੇ ਸਲਾਨਾ ਚਿੱਠੇ ਬਣਾਉਣ ਲਈ ਸ਼ਹਿਰੀ ਸੰਸਥਾਵਾਂ ਹਮੇਸ਼ਾ ਉਪਰੋਕਤ ਖਾਕਿਆਂ (Formats) ਦਾ ਹੀ ਉਪਯੋਗ ਕਰਨ।

ਅ) ਸਾਰੀਆਂ ਸੰਸਥਾਵਾਂ ਨੂੰ ਬਜਟ ਬਣਾਉਣ ਦੇ Codification ਵਾਲੇ ਖਾਕੇ ਹੀ ਅਪਣਾਉਣੇ ਚਾਹੀਦੇ ਹਨ।

ੲ) ਜਲ ਪੂਰਤੀ, ਪ੍ਰਾਈਮਰੀ ਸਕੂਲਾਂ ਅਤੇ ਹਸਪਤਾਲਾਂ ਵਰਗੀਆਂ ਮਹੱਤਵਪੂਰਣ ਸਹੂਲਤਾਂ ਅਤੇ ਸੇਵਾਵਾਂ ਦੀ ਲਾਗਤ ਦਾ ਨਿਰਣਾ ਕਰਨ ਵਾਸਤੇ ਸਾਰੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਉਪਰੋਕਤ ਖਾਕੇ ਬਣਾ ਕੇ ਅਨੁਪੂਰਕ ਜਾਣਕਾਰੀ ਦੇ ਤੌਰ ਤੇ ਪੇਸ਼ ਕਰਨੇ ਚਾਹੀਦੇ ਹਨ।

ਸ) ਜਿਨ੍ਹਾਂ ਮਹੱਤਵਪੂਰਣ ਸਿਧਾਂਤਾਂ ਅਨੁਸਾਰ ਸ਼ਹਿਰੀ ਸਥਾਨਕ ਸੰਸਥਾਵਾਂ ਹਿਸਾਬ ਕਿਤਾਬ ਰਖਦੀਆਂ ਹਨ, ਉਨ੍ਹਾਂ ਦਾ ਜ਼ਿਕਰ ਇੱਕ ਵੱਖਰੀ ਸੂਚੀ ਵਿੱਚ ਹੋਣਾ ਚਾਹੀਦਾ ਹੈ ਜੋ ਹਿਸਾਬ ਕਿਤਾਬ ਦੇ ਚਿੱਠੇ ਦਾ ਹਿੱਸਾ ਹੋਵੇਗੀ।

ਅਪ੍ਰੈਲ 2003 ਵਿੱਚ ਭਾਰਤ ਸਰਕਾਰ ਨੇ ਟਾਸਕ ਫੋਰਸ ਦੀ ਰਿਪੋਰਟ ਨੂੰ ਪਰਵਾਨ ਕਰਕੇ ਅੱਗੇ ਰਾਜ ਸਰਕਾਰਾਂ ਪਾਸ ਲਾਗੂ ਕਰਨ ਲਈ ਭੇਜ ਦਿੱਤਾ। ਸਿਤੰਬਰ 2003 ਵਿੱਚ ਸ਼ਹਿਰੀ ਵਿਕਾਸ ਦੇ ਮੰਤਰਾਲੇ ਨੇ ਇਸ ਸੰਬੰਧ ਵਿੱਚ ਹੋਣ ਵਾਲੀ ਪ੍ਰਗਤੀ ਦੀ ਸਮੀਖਿਆ ਕਰਦੇ ਹੋਵੇ ਮੰਨਿਆ ਕਿ USAID-FIRE (D) ਦੀ ਮਦਦ ਨਾਲ CAG ਇੱਕ ਆਦਰਸ਼ NMAM ਬਣਾ ਕੇ MOUD ਰਾਹੀਂ ਰਾਜ ਸਰਕਾਰਾਂ ਨੂੰ ਦੇਵੇ ਤਾਂ ਕਿ ਉਹ ਅਪਣੀਆ ਵਿਸ਼ੇਸ਼ ਲੋੜਾਂ ਅਨੁਸਾਰ ਰਾਜ ਦੀਆਂ ਨਗਰ ਪਾਲਕਾਵਾਂ ਦੇ ਹਿਸਾਬ ਕਿਤਾਬ ਰੱਖਣ ਦਾ ਮੈਨੂਅਲ ਬਣਾ ਸਕਣ।

ਇਸ ਅਧਿਆਇ ਵਿੱਚ ਦਿੱਤੀ ਗਈ ਸੂਚਨਾ ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਦੇ ਮੰਤਰਾਲੇ ਦੁਆਰਾ ਤਿਆਰ ਕੀਤੇ ਗਏ ਆਦਰਸ਼ ਮੈਨੂਅਲ NMAM ਤੋਂ ਲਈ ਗਈ ਹੈ। ਅਹਿਮਦਾਬਾਦ, ਬੰਗਲੌਰ, ਦੇਹਰਾਦੂਨ, ਗੁਵਾਹਾਟੀ, ਗਵਾਲੀਅਰ, ਲੁਧਿਆਣਾ ਅਤੇ ਤ੍ਰਿਚੀ ਦੇ ਨਗਰ ਨਿਗਮਾਂ ਦੇ ਅਧਿਐਨ ਤੇ ਆਧਾਰਤ ਹੋਣ ਕਰਕੇ ਇਹ ਉਨ੍ਹਾਂ ਦੀ ਪ੍ਰਤੀਨਿਧਤਾ ਕਰਦੀ ਹੈ। ਮੈਨੂਅਲ ਵਿੱਚ ਦਿੱਤੇ ਗਏ ਹਿਸਾਬ ਕਿਤਾਬ ਰੱਖਣ ਦੇ ਸਿਧਾਂਤ ਮੁੱਖ ਤੌਰ ਤੇ ਘਾਟਾ-ਵਾਧਾ (Accrual) ਆਧਾਰਤ ਪ੍ਰਣਾਲੀ ਤੇ ਕੇਂਦਰਤ ਹਨ। ਰਾਜ ਅਪਣੀਆਂ ਲੋੜਾਂ ਅਨੁਸਾਰ ਅਪਣੇ ਪੱਧਰ ਤੇ ਮੈਨੂਅਲ ਬਣਾ ਸਕਦੇ ਹਨ। ਕਿੰਤੂ ਆਦਰਸ਼ ਮੈਨੂਅਲ (NMAM) ਵਿੱਚ ਦਿੱਤੇ ਗਏ ਸਿਧਾਂਤਾਂ ਦੀ ਪਾਲਣਾ ਹੋਣੀ ਚਾਹੀਦੀ ਹੈ। ਚੰਗੇਰੇ ਨਿਯੰਤਰਣ ਲਈ ਮੈਨੂਅਲ ਵਿੱਚ ਬਜਟ ਬਣਾਉਣ ਅਤੇ ਹਿਸਾਬ ਕਿਤਾਬ ਰੱਖਣ ਦੀਆਂ ਪ੍ਰਣਾਲੀਆਂ ਨੂੰ ਏਕੀਕ੍ਰਿਤ ਕਰਨ ਦੀ ਵੀ ਵਿਵਸਥਾ ਹੈ। ਹਿਸਾਬ ਕਿਤਾਬ ਰੱਖਣ ਦੀਆਂ ਵਿਧੀਆਂ/ਨੀਤੀਆਂ ਅਤੇ ਹਿਸਾਬ ਕਿਤਾਬ ਦੇ ਚਿੱਠੇ ਬਣਾਉਣ ਵਿੱਚ ਇਕਸਾਰਤਾ, Codification ਦੀ ਮਿਆਰੀ ਬਣਤਰ, ਬਜਟ, ਪ੍ਰਬੰਧ ਦੀ ਸੂਚਨਾ ਪ੍ਰਣਾਲੀ ਅਤੇ ਹਿਸਾਬ ਕਿਤਾਬ ਦਾ ਏਕੀਕਰਣ ਇਸ ਮੈਨੂਅਲ ਦੇ ਕੁਝ ਮੁੱਖ ਲੱਛਣ ਹਨ। ਘਾਟਾ ਵਾਧਾ (Accrual) ਆਧਾਰਤ ਪ੍ਰਣਾਲੀ ਅਪਣਾਉਣ ਬਾਰੇ ਆਮ ਸਹਿਮਤੀ ਬਣ ਚੁੱਕੀ ਹੈ। ਇਸ ਦੇ ਅਰਥ ਅਤੇ ਫਾਇਦੇ ਹੇਠ ਦਿੱਤੇ ਜਾ ਰਹੇ ਹਨ:

### ਹਿਸਾਬ ਕਿਤਾਬ ਰੱਖਣ ਦੀ ਘਾਟਾ-ਵਾਧਾ ਆਧਾਰਤ ਪ੍ਰਣਾਲੀ (Accrual System of Accounting)

ਹਿਸਾਬ ਕਿਤਾਬ ਰੱਖਣ ਦੀ ਘਾਟਾ ਵਾਧਾ ਅਧਾਰਤ ਪ੍ਰਣਾਲੀ ਵਿੱਚ ਹਰ ਪ੍ਰਕਾਰ ਦੇ ਲੈਣ ਦੇਣ ਨੂੰ ਘਾਟੇ ਵਾਧੇ ਦੇ ਅਧਾਰ ਤੇ ਦਰਜ ਕੀਤਾ ਜਾਂਦਾ ਹੈ। ਇਸ ਦਾ ਅਰਥ ਹੈ ਹਿਸਾਬ ਕਿਤਾਬ ਆਮਦਨ ਜਾਂ ਖਰਚ ਦੇ ਦਾਅਵੇ ਜਾਂ ਜਿੰਮੇ ਵਾਰੀਆਂ, ਕਿਸੇ ਕਾਰਣ ਕਰਕੇ, ਵਕਤ ਗੁਜਰਨ ਨਾਲ, ਕੋਈ ਸੇਵਾ ਮੁਹੱਈਆ ਕਰਵਾਉਣ ਕਰਕੇ, ਕਿਸੇ ਸਮਝੌਤੇ ਨੂੰ ਮੁਕੰਮਲ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਪੂਰਾ ਕਰਨ ਕਰਕੇ, ਕੀਮਤ ਵਿੱਚ ਕਮੀ ਆ ਜਾਣ ਕਰਕੇ ਹੋਣ ਵਾਲੇ ਲਾਭ ਜਾਂ ਖਰਚ ਤੇ ਆਧਾਰਤ ਹੁੰਦਾ ਹੈ। ਇਸ ਲਈ ਸੱਚਮੁੱਚ ਨਕਦ ਲੈਣ ਦੇਣ ਹੋਣਾ ਜ਼ਰੂਰੀ ਨਹੀਂ ਹੁੰਦਾ।

**ਸਾਰਣੀ-41**

**ਆਮਦਨ ਖਰਚ ਦੇ ਮਹੱਤਵਪੂਰਣ ਚਿੱਠੇ ਅਤੇ ਉਨ੍ਹਾਂ ਦੇ ਮੰਤਵ**

| ਚਿੱਠਾ | ਮੰਤਵ |
|---|---|
| ਆਮਦਨ ਖਰਚ ਦੇ ਵੇਰਵੇ | ਸ਼ਹਿਰੀ ਸਥਾਨਕ ਸੰਸਥਾਵਾਂ ਦੀ ਵਿੱਤੀ ਕਾਰਜ ਪੂਰਤੀ ਦਾ ਨਿਰਣਾ ਕਰਨਾ |
| ਆਮਦਨ ਖਰਚ ਦਾ ਚਿੱਠਾ | ਸ਼ਹਿਰੀ ਸਥਾਨਕ ਸੇਵਾਵਾਂ ਦੀ ਵਿੱਤੀ ਸਥਿਤੀ ਦਾ ਜਾਇਜਾ ਲਗਾਉਣਾ। |

### ਹਿਸਾਬ ਕਿਤਾਬ ਦੀ ਘਾਟਾ-ਵਾਧਾ ਆਧਾਰਤ ਪ੍ਰਣਾਲੀ ਦੇ ਲਾਭ

ਇਸ ਪ੍ਰਣਾਲੀ ਨਾਲ ਨਗਰ ਪਾਲਕਾਵਾਂ ਦੀ ਆਮਦਨ ਅਤੇ ਖਰਚ ਦਾ ਸਹੀ ਜਾਇਜ਼ਾ ਲੈਣ ਵਿੱਚ ਸਹਾਇਤਾ ਮਿਲਦੀ ਹੈ। ਇਸ ਦੇ ਮੁੱਖ-ਮੁੱਖ ਲਾਭ ਹੇਠ ਲਿਖੇ ਅਨੁਸਾਰ ਹਨ:

ੳ. ਆਮਦਨੀ ਤੋਂ ਭਾਵ ਹੋਣ ਵਾਲੀ ਆਮਦਨੀ ਹੁੰਦਾ ਹੈ ਅਤੇ ਇਸ ਵਿੱਚ ਸੱਚਮੁੱਚ ਪ੍ਰਾਪਤ ਕੀਤੀਆਂ ਗਈਆਂ ਅਤੇ ਪ੍ਰਾਪਤ ਹੋ ਸਕਣ ਵਾਲੀਆਂ, ਦੋਵੇਂ ਪ੍ਰਕਾਰ ਦੀਆਂ ਰਾਸ਼ੀਆਂ ਸ਼ਾਮਿਲ ਹੁੰਦੀਆਂ ਹਨ।

ਅ. ਖਰਚ ਤੋਂ ਭਾਵ ਹੈ ਜਿਵੇਂ ਅਤੇ ਜਦੋਂ ਵੀ ਖਰਚ ਕਰਨ ਦੀ ਜਿੰਮੇਵਾਰੀ ਪੈਦਾ ਹੋਵੇ। ਇਸ ਲਈ ਇਸ ਵਿੱਚ ਦਿੱਤੀਆਂ ਜਾ ਚੁੱਕੀਆਂ ਅਤੇ ਦਿੱਤੀਆਂ ਜਾਣ ਵਾਲੀਆਂ, ਦੋਵੇਂ ਪ੍ਰਕਾਰ ਦੀਆਂ ਰਾਸ਼ੀਆਂ ਸ਼ਾਮਿਲ ਹੁੰਦੀਆਂ ਹਨ। ਘਾਟਾ ਵਾਧਾ ਆਧਾਰਿਤ ਪ੍ਰਣਾਲੀ ਵਿੱਚ ਮੁਰੰਮਤ ਅਤੇ ਸਾਂਭ-ਸੰਭਾਲ ਤੇ ਹੋਣ ਵਾਲੇ ਖਰਚ ਨੂੰ ਉਸ

ਅਵਧੀ ਵਿੱਚ ਹੋਣ ਵਾਲਾ ਖਰਚ ਮੰਨਿਆ ਜਾਵੇਗਾ ਜਿਸ ਵਿੱਚ ਉਸਦੀ ਲੋੜ ਪਈ ਅਤੇ ਜੇ ਉਸਦਾ ਭੁਗਤਾਨ ਚਾਲੂ ਸਾਲ ਵਿੱਚ ਨਾ ਹੋ ਸਕੇ ਤਾਂ ਉਸ ਨੂੰ ਦੇਣਦਾਰੀ (LIbility) ਸਮਝ ਕੇ ਆਮਦਨ ਖਰਚ ਦੇ ਚਿੱਠੇ ਵਿੱਚ ਅੰਕਿਤ ਕੀਤਾ ਜਾਵੇਗਾ।

ੲ. ਸਾਲ ਦੌਰਾਨ ਹੋਣ ਵਾਲੇ ਖਰਚ ਨੂੰ ਸਾਲ ਵਿੱਚ ਹੋਈ ਆਮਦਨ ਨਾਲ ਮੇਲਿਆ ਜਾਂਦਾ ਹੈ। ਇਸ ਤਰ੍ਹਾਂ ਸੰਸਥਾ ਦੁਆਰਾ ਸਾਲ ਦੌਰਾਨ ਕੀਤੇ ਗਏ ਕਾਰਜਾਂ ਦੀ ਪੂਰਤੀ ਨੂੰ ਸਮਝਣ ਦਾ ਪ੍ਰਭਾਵਸ਼ਾਲੀ ਅਧਾਰ ਮੁਹੱਈਆ ਹੋ ਜਾਂਦਾ ਹੈ।

ਸ. ਆਮਦਨੀ ਦੀਆਂ ਮੱਦਾਂ ਅਤੇ ਪੂੰਜੀ ਦੀਆਂ ਮੱਦਾਂ ਵਿਚਕਾਰ ਸਪਸ਼ਟ ਤੌਰ ਤੇ ਅੰਤਰ ਰੱਖਿਆ ਜਾਂਦਾ ਹੈ। ਇਸ ਨਾਲ ਆਮਦਨ ਖਰਚ ਦੇ ਵੇਰਵੇ ਅਤੇ ਚਿੱਠੇ ਨੂੰ ਸਹੀ ਢੰਗ ਨਾਲ ਪੇਸ਼ ਕਰਨ ਵਿੱਚ ਮਦਦ ਮਿਲਦੀ ਹੈ।

ਹ. ਜਿਹੜੀਆਂ ਰਾਸ਼ੀਆਂ ਆਮਦਨ ਜਾਂ ਖਰਚ ਅਧੀਨ ਨਹੀਂ ਰੱਖੀਆਂ ਜਾਂਦੀਆਂ ਉਨ੍ਹਾਂ ਨੂੰ ਨਿਰੰਤਰ ਸਮੀਖਿਆ ਲਈ ਅੱਗੇ ਪਾ ਦਿੱਤਾ ਜਾਂਦਾ ਹੈ। ਕੋਈ ਵੀ ਅਜਿਹਾ ਖਰਚ ਜਿਸਦੀ ਉਪਯੋਗਤਾ ਜਾਂ ਭਵਿੱਖ ਵਿੱਚ ਆਮਦਨੀ ਪੈਦਾ ਕਰਨ ਦੀ ਸਮਰਥਾ ਖਤਮ ਹੋ ਚੁੱਕੀ ਹੋਵੇ, ਉਸ ਤੇ ਕਲਮ ਫੇਰ ਦਿੱਤੀ ਜਾਂਦੀ ਹੈ।

ਕ. ਸਾਲ ਦੇ ਅਰੰਭ ਵਿੱਚ ਦਿਖਾਏ ਗਏ ਵਾਧੇ ਜਾਂ ਘਾਟੇ ਤੋਂ ਸੰਸਥਾ ਦੁਆਰਾ ਸਾਲ ਦੌਰਾਨ ਕੀਤੇ ਗਏ ਲੈਣ-ਦੇਣ ਤੋਂ ਪੈਦਾ ਹੋਈ ਸਹੀ ਵਿੱਤੀ ਸਥਿਤੀ ਦਾ ਪਤਾ ਚਲਦਾ ਹੈ।

ਖ. ਇਸ ਨਾਲ ਵਿੱਤੀ ਸਥਿਤੀ ਦਾ ਸਹੀ ਵਿਸਲੇਸ਼ਣ ਅਤੇ ਵਰਣਨ ਸੁਖਾਲਾ ਹੋ ਜਾਂਦਾ ਹੈ।

ਗ. ਇਸ ਨਾਲ ਸੇਵਾਵਾਂ ਮੁਹੱਈਆ ਕਰਵਾਉਣ ਦੇ "ਮੁਕੰਮਲ" ਖਰਚ ਦਾ ਜਾਇਜ਼ਾ ਹੋ ਜਾਂਦਾ ਹੈ ਅਤੇ ਇਸ ਬਾਰੇ ਵੀ ਪਤਾ ਚਲ ਜਾਂਦਾ ਹੈ ਕਿ ਇਹ ਸੇਵਾਵਾਂ ਵਿੱਤੀ ਤੌਰ ਤੇ ਹੰਢਣਸਾਰ ਵੀ ਹਨ ਜਾਂ ਨਹੀਂ।

ਘ. ਇਸ ਨਾਲ ਪ੍ਰਬੰਧ ਦੇ ਹਰ ਪੱਧਰ ਤੇ ਯੋਜਨਾ ਬਣਾਉਣ, ਫੈਸਲੇ ਲੈਣ ਅਤੇ ਨਿਯੰਤਰਣ ਵਾਸਤੇ ਸਹੀ ਸਮੇਂ ਤੇ ਸਹੀ ਪ੍ਰਕਾਰ ਦੀ ਅਤੇ ਸਹੀ ਗੁਣਵੱਤਾ ਵਾਲੀ ਜਾਣਕਾਰੀ ਦੇਣ ਵਿੱਚ ਸਹਾਇਤਾ ਮਿਲਦੀ ਹੈ।

ਙ. ਇਸ ਨਾਲ ਨਗਰ ਪਾਲਕਾ ਦੁਆਰਾ ਲਈਆਂ ਜਾਣ ਯੋਗ ਅਤੇ ਦਿੱਤੀਆਂ ਜਾਣ ਯੋਗ ਰਾਸ਼ੀਆਂ ਤੇ ਯੋਗ ਕਾਰਵਾਈ ਕਰਨ ਵਿੱਚ ਸਹਾਇਤਾ ਮਿਲਦੀ ਹੈ।

ਚ. ਹਿਸਾਬ-ਕਿਤਾਬ ਰੱਖਣ ਦੀ ਘਾਟਾ-ਵਾਧਾ ਆਧਾਰਤ ਪ੍ਰਣਾਲੀ ਦਾ ਇੱਕ ਮੁੱਖ ਲਾਭ ਇਹ ਹੈ ਕਿ ਇਸ ਨਾਲ ਵਿੱਤੀ ਸੰਸਥਾਵਾਂ ਦੁਆਰਾ ਵਿਤੀ ਜਾਇਜ਼ੇ ਲੈਣੇ ਸੁਖਾਲੇ ਹੋ ਜਾਂਦੇ ਹਨ। ਇਸ ਨਾਲ ਮਾਨਤਾ ਪ੍ਰਾਪਤ Credit Rating Agencies ਦੁਆਰਾ Credit Rating ਵਿੱਚ ਮਦਦ ਮਿਲਦੀ ਹੈ ਜੋ ਕਿ ਪੂੰਜੀ ਬਜ਼ਾਰ ਵਿੱਚੋਂ ਉਧਾਰ ਲੈਣ ਵਾਸਤੇ ਜਰੂਰੀ ਸ਼ਰਤ ਹੈ।

ਛ. ਇਸ ਨਾਲ ਕਿਸੇ ਸੰਸਥਾ ਦੀ ਵਿੱਤੀ ਸਥਿਤੀ ਦੀ ਸਹੀ ਤਸਵੀਰ ਪੇਸ਼ ਹੁੰਦੀ ਹੈ ਜਿਸ ਨਾਲ ਵਿੱਤੀ ਪ੍ਰਬੰਧ ਹੋਰ ਚੰਗੇ ਢੰਗ ਨਾਲ ਹੋ ਸਕਦਾ ਹੈ।

ਇਸ ਤਰ੍ਹਾਂ ਹਿਸਾਬ ਕਿਤਾਬ ਦੀ ਘਾਟਾ-ਵਾਧਾ ਆਧਾਰਤ ਪ੍ਰਣਾਲੀ ਵਿੱਚ ਲੈਣ ਦੇਣ ਅਤੇ ਸੌਦਿਆਂ ਨੂੰ ਉਨ੍ਹਾਂ ਦੇ ਮਹੱਤਵ ਦੇ ਅਧਾਰ ਤੇ ਦਰਜ ਕੀਤਾ ਜਾਂਦਾ ਹੈ, ਨਾ ਕਿ ਪ੍ਰਾਪਤ ਕੀਤੀਆਂ ਗਈਆਂ ਜਾਂ ਦਿੱਤੀਆਂ ਗਈਆਂ ਰਾਸ਼ੀਆਂ ਦੇ ਅਧਾਰ ਤੇ। ਇਸ ਨਾਲ ਇਨ੍ਹਾਂ ਦੀ ਪ੍ਰਸੰਗਕਤਾ ਅਤੇ ਨਿਰਪੱਖਤਾ ਵਿੱਚ ਵਾਧਾ ਹੁੰਦਾ ਹੈ ਅਤੇ ਇਹ ਹੋਰ ਜਿਆਦਾ ਵਕਤੀ, ਮੁਕੰਮਲ ਅਤੇ ਤੁਲਨਾ ਦੇ ਯੋਗ ਹੋ ਜਾਂਦੀਆਂ ਹਨ।

**ਹਿਸਾਬ-ਕਿਤਾਬ ਦੇ ਨਿਯਮ:**

ਹਿਸਾਬ-ਕਿਤਾਬ ਦੇ ਨਿਯਮ ਹੇਠ ਦਿੱਤੇ ਸਮੀਕਰਣ ਤੋਂ ਨਿੱਕਲਦੇ ਹਨ:

ਸੰਪਤੀਆਂ = ਅਪਣੀਆਂ ਰਾਸ਼ੀਆਂ + ਦੇਣਦਾਰੀਆਂ

Assets = Own Funds + Liabilities

ਉਦਾਰਹਣ ਦੇ ਤੌਰ ਤੇ ਵਾਹਨ ਜਿਹੀ ਸੰਪਤੀ ਵਿੱਚ ਵਰਿੱਧੀ ਹੇਠ ਲਿਖੇ ਅਨੁਸਾਰ ਹੋ ਸਕਦੀ ਹੈ:

ੳ. ਕਿਸੇ ਹੋਰ ਸੰਪਤੀ, ਮਿਸਾਲ ਵਜੋਂ ਬੈਂਕ ਖਾਤੇ ਵਿੱਚ ਕਮੀ, ਜਾਂ

ਅ. ਦੇਣਦਾਰੀਆਂ (ਕਰਜ਼, ਹੋਰ ਕੀਤੇ ਜਾਣ ਵਾਲੇ ਭੁਗਤਾਨਾਂ) ਵਿੱਚ ਵਾਧਾ

ਕਿਸੇ ਸੰਪਤੀ (ਉਦਾਹਰਣ ਵਜੋਂ ਨਕਦੀ) ਵਿੱਚ ਕਮੀ ਦੇ ਹੇਠ ਲਿਖੇ ਨਤੀਜੇ ਹੋ ਸਕਦੇ ਹਨ :

ੳ. ਕਿਸੇ ਹੋਰ ਸੰਪਤੀ, ਮਿਸਾਲ ਵਜੋਂ ਡਾਕਟਰੀ ਸਾਜ਼ੋਸਮਾਨ ਵਿੱਚ ਵਰਿੱਧੀ

ਅ. ਦੇਣਦਾਰੀਆਂ, ਮਿਸਾਲ ਵਜੋਂ ਕਰਜਿਆਂ ਦੀ ਅਦਾਇਗੀ, ਜਾਂ ਹੋਰ ਵਸਤੂਆਂ ਲਈ ਦਿੱਤੀਆਂ ਜਾਣ ਯੋਗ ਰਾਸ਼ੀਆਂ ਦੇ ਭੁਗਤਾਨ ਵਿੱਚ ਕਮੀ।

ੲ. ਖਰਚ ਰਾਹੀਂ ਅਪਣੀਆਂ ਰਾਸ਼ੀਆਂ ਵਿੱਚ ਕਮੀ

ਉਪਰੋਕਤ ਤੱਥਾਂ ਨੂੰ ਪੇਸ਼ ਕਰਨ ਲਈ ਆਮ ਕਰਕੇ ਉਧਾਰ ਖਾਤਾ (Debit) ਅਤੇ ਜਮ੍ਹਾਂ ਖਾਤਾ (Credit) ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੇ ਨਿਯਮ ਹੇਠਾਂ ਸਾਰਣੀ-42 ਵਿੱਚ ਦਿੱਤੇ ਗਏ ਹਨ:

**ਸਾਰਣੀ-42**

**ਉਧਾਰ ਖਾਤੇ ਅਤੇ ਜਮ੍ਹਾਂ ਖਾਤੇ ਦੇ ਨਿਯਮ**

| **ਖਾਤੇ ਦੀ ਪ੍ਰਕਾਰ** | **ਉਧਾਰ ਖਾਤੇ ਦੇ ਅਰਥ** | **ਜਮ੍ਹਾਂ ਖਾਤੇ ਦੇ ਅਰਥ** |
|---|---|---|
| ਸੰਪਤੀ ਖਾਤਾ | ਵਰਿੱਧੀ | ਕਮੀ |
| ਦੇਣਦਾਰੀ ਖਾਤਾ | ਕਮੀ | ਵਰਿੱਧੀ |
| ਅਪਣੀਆਂ ਰਾਸ਼ੀਆਂ | ਕਮੀ | ਵਰਿੱਧੀ |

ਖਾਤੇ ਵਿੱਚ ਕੀਤੇ ਜਾਣ ਵਾਲੇ ਇੰਦਰਾਜ ਵਿੱਚ ਇੱਕ Debit ਅਤੇ ਇੱਕ Credit ਜਾਂ ਕਈ Debits ਤੇ ਕਈ Credits ਹੋ ਸਕਦੇ ਹਨ।

Assets (ਸੰਪਤੀਆਂ) = Claims (ਦਾਅਵੇ) ਦੇ ਸਮੀਕਰਣ ਅਨੁਸਾਰ Debits ਹਮੇਸ਼ਾ Credits ਦੇ ਬਰਾਬਰ ਹੋਣਗੇ।

ਜੇ ਉਪਰੋਕਤ ਦਾ ਹੋਰ ਵਿਸਥਾਰ ਕੀਤਾ ਜਾਵੇ ਤਾਂ ਆਮਦਨੀ, ਖਰਚ ਅਤੇ ਗਰਾਟਾਂ ਤੇ ਹੇਠ ਲਿਖੇ ਨਿਯਮ ਲਾਗੂ ਹੋਣਗੇ। ਦੇਖੋ ਸਾਰਣੀ-43 :

**ਸਾਰਣੀ-43**

**ਆਮਦਨੀ, ਖਰਚ ਅਤੇ ਗਰਾਟਾਂ ਤੇ ਲਾਗੂ ਹੋਣ ਵਾਲੇ ਨਿਯਮ**

| **ਖਾਤੇ ਦੀ ਪ੍ਰਕਾਰ** | **Debit ਦਾ ਅਰਥ ਹੈ** | **Credit ਦਾ ਅਰਥ ਹੈ** |
|---|---|---|
| ਆਮਦਨੀ (ਜਿਸ ਨਾਲ ਅਪਣੀਆਂ ਰਾਸ਼ੀਆਂ ਵਿੱਚ ਵਾਧਾ ਹੁੰਦਾ ਹੈ। | ਘਾਟਾ | ਵਾਧਾ |
| ਖਰਚ (ਜਿਸ ਨਾਲ ਅਪਣੀਆਂ ਰਾਸ਼ੀਆਂ ਵਿੱਚ ਕਮੀ ਹੁੰਦੀ ਹੈ) | ਘਾਟਾ | ਵਾਧਾ |
| ਪ੍ਰਾਪਤ ਕੀਤੀਆਂ ਗਈਆਂ ਗਰਾਂਟਾਂ | ਘਾਟਾ | ਵਾਧਾ |

NMAM ਮੈਨੂਅਲ ਵਿੱਚ ਲੁੜੀਂਦੇ ਫਾਰਮ, ਖਾਕੇ, ਪ੍ਰਕਿਰਿਆਵਾਂ, ਇੰਦਰਾਜ, ਸਮੇਂ ਸਮੇਂ ਤੇ ਲਏ ਜਾਣ ਵਾਲੇ ਜਾਇਜੇ, ਮਿਲਾਣ ਦੀਆਂ ਵਿਧੀਆਂ ਵਗੈਰਾ ਦਿੱਤੀਆਂ ਹੋਈਆਂ ਹਨ। ਰਾਜ ਸਰਕਾਰ ਇਨ੍ਹਾਂ ਅਨੁਸਾਰ ਅਪਣੇ Municipal Accounting Code/ Manual ਵਿੱਚ ਪਰੀਵਰਤਨ ਕਰ ਸਕਦੀ ਹੈ।

### ਫੰਡਾਂ ਦਾ ਹਿਸਾਬ ਕਿਤਾਬ

ਫੰਡ ਕਿਸੇ ਖਾਸ ਉਦੇਸ਼ ਲਈ ਸਥਾਪਤ ਕੀਤੇ ਜਾਂਦੇ ਹਨ। ਕਈ ਰਾਜਾਂ ਵਿੱਚ ਜਲ ਪੂਰਤੀ ਅਤੇ ਗੰਦੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਲਈ ਫੰਡ ਹੁੰਦੇ ਹਨ। ਇਨ੍ਹਾਂ ਸੇਵਾਵਾਂ ਤੋਂ ਹੋਣ ਵਾਲੀ ਆਮਦਨੀ ਨੂੰ ਇਸ ਫੰਡ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ ਖਰਚ ਵੀ ਇਸੇ ਫੰਡ ਵਿੱਚੋਂ ਕੀਤਾ ਜਾਂਦਾ ਹੈ। ਫੰਡਾਂ ਦੀ ਪ੍ਰਣਾਲੀ ਰਾਹੀਂ ਜਵਾਬਦੇਹੀ ਅਤੇ ਪਾਰਦਰਸ਼ਤਾ ਪੈਦਾ ਹੁੰਦੀ ਹੈ। ਅਜਿਹੇ ਫੰਡਾਂ ਦਾ ਆਮ ਕਰਕੇ ਇੱਕ ਵੱਖਰਾ ਖਾਤਾ ਹੁੰਦਾ ਹੈ ਅਤੇ ਉਨ੍ਹਾਂ ਲਈ ਵੱਖਰੀਆਂ ਵਹੀਆਂ ਹੁੰਦੀਆਂ ਹਨ। ਇਸ ਕਰਕੇ ਹਰੇਕ ਫੰਡ ਦਾ ਵੱਖਰਾ ਚਿੱਠਾ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸ਼ਹਿਰੀ ਸਥਾਨਕ ਸੰਸਥਾਵਾਂ ਖਾਸ ਉਦੇਸ਼ਾਂ ਦੀ ਪੂਰਤੀ ਲਈ ਵਿਸ਼ੇਸ਼ ਫੰਡ ਵੀ ਸ਼ੁਰੂ ਕਰ ਸਕਦੀਆਂ ਹਨ। ਇਹ ਸਕੂਲ ਆਦਿ ਲਈ ਹੋ ਸਕਦੇ ਹਨ। ਇਨ੍ਹਾਂ ਲਈ ਜਿਹੜੀਆਂ Codification Structures ਅਤੇ Inputs ਦੀ ਸਿਫ਼ਾਰਿਸ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਕੰਪਿਊਟਰ ਰਾਹੀਂ ਵੀ ਵਰਤਿਆਂ ਜਾ ਸਕਦਾ ਹੈ। ਪਰ ਕਿਉਂਕਿ ਸ਼ਹਿਰੀ ਸਥਾਨਕ ਸੰਸਥਾਵਾਂ ਸ਼ੁਰੂ ਵਿੱਚ ਨਵੀਂ ਪ੍ਰਣਾਲੀ ਨੂੰ ਲਾਗੂ ਕਰਨ ਲਈ ਹੱਥ ਨਾਲ ਹਿਸਾਬ ਕਿਤਾਬ ਰੱਖਣ ਤੇ ਨਿਰਭਰ ਹੋਣਗੀਆਂ, ਇਸ ਲਈ ਉਨ੍ਹਾਂ ਵਾਸਤੇ ਵਿਸ਼ੇਸ਼ ਰਜਿਸਟਰ ਤਿਆਰ ਕੀਤੇ ਗਏ ਹਨ। ਸੂਚਨਾ ਪ੍ਰਣਾਲੀ ਦੇ ਉਪਯੋਗ ਲਈ ਖਾਕਿਆਂ (Formats) ਵਿੱਚ ਪਰੀਵਰਤਨਾਂ ਦੀ ਲੋੜ ਪੈ ਸਕਦੀ ਹੈ।

### ਹਿਸਾਬ ਕਿਤਾਬ ਦੇ ਮਹੱਤਵਪੂਰਣ ਸਿਧਾਂਤ

ਸ਼ਹਿਰੀ ਸਥਾਨਕ ਸੰਸਥਾਵਾਂ ਦੇ ਹਿਸਾਬ ਕਿਤਾਬ ਦੇ ਚਿੱਠਿਆਂ ਵਿੱਚ ਹਿਸਾਬ ਕਿਤਾਬ ਦੇ ਮਹੱਤਵਪੂਰਣ ਸਿਧਾਂਤਾਂ ਦਾ ਜ਼ਿਕਰ ਹੋਣਾ ਚਾਹੀਦਾ ਹੈ। ਅਜਿਹੀ ਸੂਚਨਾ ਨੂੰ ਤਿਆਰ ਕਰਨ ਅਤੇ ਪੇਸ਼ ਕਰਨ ਵੇਲੇ ਹਿਸਾਬ ਕਿਤਾਬ ਦੇ ਮਹੱਤਵਪੂਰਣ ਸਿਧਾਂਤਾਂ ਨੂੰ ਖਾਤਿਆਂ ਵਿੱਚ ਟਿੱਪਣੀਆਂ ਦੇ ਤੌਰ ਤੇ ਦਿੱਤਾ ਜਾ ਸਕਦਾ ਹੈ। ਇਸ ਅਧਿਆਇ ਵਿੱਚ ਦਿੱਤੇ ਗਏ ਹਿਸਾਬ ਕਿਤਾਬ ਦੇ ਮਹੱਤਵਪੂਰਣ ਸਿਧਾਂਤਾਂ ਦੀ ਹਰ ਸਾਲ ਬਾਕਾਇਦਗੀ ਨਾਲ ਪਾਲਣਾ ਕਰਨੀ ਚਾਹੀਦੀ ਹੈ।

ਸਥਾਨਕ ਸ਼ਹਿਰੀ ਸੰਸਥਾ ਦੁਆਰਾ ਹਿਸਾਬ ਕਿਤਾਬ ਦਾ ਚਿੱਠਾ ਤਿਆਰ ਕਰਨ ਵੇਲੇ ਅਪਣਾਇਆ ਗਿਆ ਕੋਈ ਸਿਧਾਂਤ ਜੇ ਇਸ ਅਧਿਆਇ ਵਿੱਚ ਦਿੱਤੇ ਗਏ ਸਿਧਾਂਤਾਂ ਦੇ ਅਨੁਰੂਪ ਨਾ ਹੋਵੇ ਅਤੇ ਦਿੱਤੇ ਗਏ ਸਿਧਾਂਤਾਂ ਤੋਂ ਵਿਚਲਤ ਹੋਣ ਦਾ ਅਸਰ ਖਾਸਾ ਹੋਵੇ, ਤਾਂ ਇਸ ਵਿਚਲਨ ਦੇ ਵੇਰਵੇ, ਕਾਰਣ ਅਤੇ ਵਿੱਤੀ ਪ੍ਰਭਾਵ ਦੱਸੇ ਜਾਣੇ ਚਾਹੀਦੇ ਹਨ। ਜੇ ਇਸ ਦੇ ਵਿੱਤੀ ਪ੍ਰਭਾਵ ਦਾ ਨਿਰਣਾ ਨਾ ਕੀਤਾ ਜਾ ਸਕੇ, ਤਾਂ ਇਸ ਨੂੰ ਛੱਡਿਆ ਵੀ ਜਾ ਸਕਦਾ ਹੈ। ਵਿੱਤੀ ਪ੍ਰਭਾਵ ਦਾ ਨਿਰਣਾ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ ਤੇ ਨਾ ਹੋਣ ਦੀ ਹਾਲਤ ਵਿੱਚ ਇਸ ਤੱਥ ਦਾ ਜ਼ਿਕਰ ਹੋਣਾ ਚਾਹੀਦਾ ਹੈ।

ਇਸੇ ਤਰ੍ਹਾਂ ਹਿਸਾਬ ਕਿਤਾਬ ਦੇ ਸਿਧਾਂਤਾਂ ਵਿੱਚ ਅਜਿਹੇ ਕਿਸੇ ਵੀ ਪਰੀਵਰਤਨ ਦੀ ਜਿਸ ਦਾ ਚਾਲੂ ਖਾਤੇ ਤੇ ਕੋਈ ਮਹੱਤਵਪੂਰਣ ਅਸਰ ਨਾ ਹੋਵੇ ਪਰ ਜਿਸਦਾ ਬਾਦ ਵਿੱਚ ਅਸਰ ਹੋ ਸਕਦਾ ਹੋਵੇ, ਹਿਸਾਬ ਕਿਤਾਬ ਦੇ ਉਸ ਸਮੇਂ ਦੇ ਚਿੱਠੇ ਵਿੱਚ ਚਰਚਾ ਹੋਣੀ ਚਾਹੀਦੀ ਹੈ ਜਿਸ ਸਮੇਂ ਲਈ ਇਹ ਪਰੀਵਰਤਨ ਕੀਤਾ ਗਿਆ ਹੈ।

ਚੁੰਗੀ ਅਤੇ NMAM ਵਿੱਚ ਦਿੱਤੀਆਂ ਗਈਆਂ ਕੁੱਝ ਹੋਰ ਮੱਦਾਂ ਨੂੰ ਛੱਡ ਕੇ ਵਿਸ਼ੇਸ਼ ਕਾਰਜਾਂ ਸੰਬੰਧੀ ਹੋਣ ਵਾਲੇ ਲੈਣ-ਦੇਣ ਦਾ ਹਿਸਾਬ ਕਿਤਾਬ ਰੱਖਣ ਲਈ ਹੇਠ ਲਿਖੇ ਸਿਧਾਂਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ:

## 1. ਸੰਪਤੀ ਕਰ ਅਤੇ ਹੋਰ ਕਰ

ੳ. ਆਮਦਨੀ ਦੇ ਸਰੋਤਾਂ ਵਜੋਂ ਸੰਪਤੀ ਤੇ ਲਗਾਏ ਜਾਣ ਵਾਲੇ ਅਤੇ ਹੋਰ ਕਰ ਉਸ ਅਵਧੀ ਦੇ ਮੰਨੇ ਜਾਣਗੇ ਜਿਸ ਵਿੱਚ ਉਹ ਦੇਣ ਯੋਗ ਹੁੰਦੇ ਹਨ।

ਅ. ਮੁਲਾਂਕਣ ਵਿੱਚ ਹੋਣ ਵਾਲੇ ਕਿਸੇ ਪਰੀਵਰਤਨ ਦੀ ਹਾਲਤ ਵਿੱਚ ਕਰ ਉਸ ਮਹੀਨੇ ਤੋਂ ਲਗਾਇਆ ਜਾਵੇਗਾ ਜਿਸ ਵਿੱਚ ਇਸ ਬਾਰੇ ਕਰਦਾਤਾ ਨੂੰ ਸੂਚਨਾ ਦਿੱਤੀ ਜਾਵੇ।

ੲ. ਵਿਆਜ ਅਤੇ ਜੁਰਮਾਨੇ ਕੇਵਲ ਵਸੂਲ ਹੋਣ ਦੇ ਵਕਤ ਤੋਂ ਮੰਨੇ ਜਾਣਗੇ।

ਸ. ਨੋਟਿਸ ਫੀਸ, ਵਰੰਟ ਫੀਸ ਅਤੇ ਹੋਰ ਫੀਸਾਂ ਤੋਂ ਹੋਣ ਵਾਲੀ ਆਮਦਨੀ ਵਸੂਲ ਕੀਤੇ ਗਏ ਬਿਲਾਂ ਦੇ ਸਮੇਂ ਤੋਂ ਮੰਨੀ ਜਾਵੇਗੀ।

ਹ. ਸੰਪਤੀ ਦੇ ਇੰਤਕਾਲ ਤੋਂ ਹੋਣ ਵਾਲੀ ਆਮਦਨੀ ਸੱਚਮੁੱਚ ਪ੍ਰਾਪਤ ਹੋਣ ਦੇ ਸਮੇਂ ਤੋਂ ਹੀ ਮੰਨੀ ਜਾਵੇਗੀ।

ਕ. ਰਾਜ ਸਰਕਾਰ ਦੇ ਨਾਂ ਤੇ ਕੀਤੀਆਂ ਜਾਣ ਵਾਲੀਆਂ ਵਸੂਲੀਆਂ, ਜਿਵੇਂ ਕਿ ਸਿੱਖਿਆ ਮਹਿਸੂਲ, ਰੁਜਗਾਰ ਗਰੰਟੀ ਮਹਿਸੂਲ ਅਤੇ ਲਾਇਬ੍ਰੇਰੀ ਮਹਿਸੂਲ, ਜਿਨ੍ਹਾਂ ਨੂੰ ਸੰਪਤੀ ਕਰ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ, ਸੰਪਤੀ ਕਰ ਦਾ ਹਿੱਸਾ ਹੀ ਸਮਝੀਆਂ ਜਾਣਗੀਆਂ ਅਤੇ State Government Levies in Taxes-Control Account ਨਾਂ ਦੇ ਵਿਸ਼ੇਸ਼ ਖਾਤੇ ਵਿੱਚ ਪਾ ਦਿੱਤੀਆਂ ਜਾਣਗੀਆਂ।

ਖ. ਰਾਜ ਸਰਕਾਰ ਦੇ ਨਾਂ ਤੇ ਕੀਤੀਆਂ ਗਈਆਂ ਵਸੂਲੀਆਂ ਵਿੱਚੋਂ ਰਾਜ ਸਰਕਾਰ ਨੂੰ ਦੇਣ ਯੋਗ ਰਾਸ਼ੀਆਂ ਵਸੂਲ ਕੀਤੇ ਜਾਣ ਦੇ ਸਮੇਂ ਤੋਂ ਮੰਨੀਆਂ ਜਾਣਗੀਆਂ।

ਗ. ਰਾਜ ਸਰਕਾਰ ਦੇ ਨਾਂ ਤੇ ਕੀਤੀਆਂ ਗਈਆਂ ਵਸੂਲੀਆਂ ਤੇ ਮਿਲੀ ਛੋਟ ਰਾਜ ਸਰਕਾਰ ਪ੍ਰਤੀ ਦੇਣਦਾਰੀ ਦੇ ਸਮੇਂ ਤੋਂ ਸਰਕਾਰ ਦੁਆਰਾ ਨਿਸ਼ਚਿਤ ਕੀਤੀਆਂ ਗਈਆਂ ਦਰਾਂ ਤੇ ਹੋਵੇਗੀ।

ਘ. ਦੋ ਸਾਲ ਤੋਂ ਵੱਧ ਦੇ ਬਕਾਇਆਂ ਬਾਰੇ ਸ਼ਹਿਰੀ ਸੰਸਥਾ ਦੁਆਰਾ ਮੰਗੀ ਗਈ ਰਾਸ਼ੀ ਦੀ ਹੱਦ ਤੱਕ, ਹੇਠ ਲਿਖੇ ਸਿਧਾਂਤਾਂ ਅਨੁਸਾਰ ਦੰਡ ਦੀ ਵਿਵਸਥਾ ਕੀਤੀ ਜਾਵੇਗੀ।

(i) ਦੋ ਸਾਲ ਤੋਂ ਵੱਧ ਦੇ ਬਕਾਏ ਜੋ ਤਿੰਨ ਸਾਲ ਤੋਂ ਜਿਆਦੇ ਦੇ ਨਹੀਂ : 25%

(ii) ਤਿੰਨ ਸਾਲ ਤੋਂ ਵੱਧ ਦੇ ਬਕਾਏ ਜੋ ਚਾਰ ਸਾਲ ਤੋਂ ਜ਼ਿਆਦਾ ਦੇ ਨਹੀਂ : 50% (25% ਹੋਰ)

(iii) ਚਾਰ ਸਾਲ ਤੋਂ ਵੱਧ ਦੇ ਬਕਾਏ ਜੋ ਪੰਜ ਸਾਲ ਤੋਂ ਜ਼ਿਆਦਾ ਦੇ ਨਹੀਂ : 75% (25% ਹੋਰ)

(iv) ਪੰਜ ਸਾਲ ਤੋਂ ਵੱਧ ਦੇ ਬਕਾਏ : 100% (25% ਹੋਰ)

ਙ. ਸਾਲ ਦੌਰਾਨ ਲੋੜ ਪੈਣ ਤੇ ਬਕਾਇਆਂ ਬਾਰੇ ਕੀਤੀ ਜਾਣ ਵਾਲੀ ਦੰਡ ਦੀ ਕਿਸੇ ਵੀ ਵਧੀਕ ਵਿਵਸਥਾ ਨੂੰ ਖਰਚ ਮੰਨਿਆ ਜਾਵੇਗਾ, ਜਦੋਂ ਕਿ ਪਿਛਲੀ ਤਾਰੀਖ ਤੋਂ ਕੀਤੀ ਜਾਣ ਵਾਲੀ ਕਿਸੇ ਵੀ ਵਿਵਸਥਾ ਨੂੰ ਆਮਦਨੀ ਮੰਨਿਆ ਜਾਵਗੇ।

ਚ. ਚਾਲੂ ਸਾਲ ਦੌਰਾਨ ਕੀਤੇ ਗਏ ਰੀਫੰਡ ਅਤੇ ਕਰ ਮਾਫੀਆਂ ਨੂੰ ਆਮਦਨੀ ਨਾਲ ਮੇਲ ਲਿਆ ਜਾਵੇਗਾ, ਲੇਕਿਨ ਜੇ ਉਹ ਪਿਛਲੇ ਸਾਲਾਂ ਦੇ ਹੋਣ ਤਾਂ ਉਨ੍ਹਾਂ ਨੂੰ ਪਿਛਲੇ ਅਰਸੇ ਤੋਂ ਮੰਨਿਆ ਜਾਵੇਗਾ।

ਛ. ਵੱਟੇ ਖਾਤੇ ਪਾਈਆਂ ਹੋਈਆਂ ਕਰਾਂ ਦੀਆਂ ਲੈਣ ਯੋਗ ਰਾਸ਼ੀਆਂ ਨੂੰ ਦੰਡ ਦੀਆਂ ਸੰਬੰਧਤ ਵਿਵਸਥਾਵਾਂ ਨਾਲ ਮੇਲ ਲਿਆ ਜਾਵੇਗਾ ਅਤੇ ਉਸ ਹੱਦ ਤੱਕ ਵਸੂਲ ਕੀਤੇ ਜਾਣ ਯੋਗ ਰਾਸ਼ੀ ਘਟ ਜਾਵੇਗੀ।

ਝ. ਵੱਟੇ ਖਾਤੇ ਪਾ ਦਿੱਤੇ ਗਏ ਸੰਪਤੀ ਕਰ ਜਾਂ ਹੋਰ ਕਰਾਂ ਦੀ ਬਾਦ ਵਿੱਚ ਕੀਤੀ ਗਈ ਵਸੂਲੀ ਨੂੰ ਪਿਛਲੇ ਸਮੇਂ ਦੀ ਆਮਦਨੀ ਸਮਝਿਆ ਜਾਵੇਗਾ।

ਞ. ਪਿਛਲੀ ਤਾਰੀਖ ਤੋਂ ਲਈਆਂ ਜਾਣ ਵਾਲੀਆਂ ਵਸੂਲੀਆਂ ਨੂੰ ਉਸੇ ਸਮੇਂ ਦੀ ਆਮਦਨੀ ਸਮਝਿਆ ਜਾਵੇਗਾ ਜਿਸ ਸਮੇਂ ਉਹ ਲਈਆਂ ਗਈਆਂ ਹੋਣ।

ਟ. ਸੰਪਤੀ ਕਰ ਅਤੇ ਹੋਰ ਕਰਾਂ ਦੇ ਮਹਿਸੂਲ (Levy) ਵਜੋਂ ਪ੍ਰਾਪਤ ਹੋਏ ਅੰਸ਼ਿਕ ਭੁਗਤਾਨਾਂ ਨੂੰ ਰਾਜ ਦੇ ਚਾਲੂ ਕਾਨੂੰਨ ਅਨੁਸਾਰ ਮੇਲ ਲਿਆ ਜਾਵੇਗਾ।

ਠ. ਜਿੱਥੇ ਵੀ ਕਰ ਪ੍ਰਣਾਲੀ ਵਿੱਚ ਸਵੈ-ਮੁਲਾਂਕਣ ਪ੍ਰਚੱਲਤ ਹੈ, ਉਪਲਬਧ ਦਸਤਾਵੇਜਾਂ ਦੇ ਅਧਾਰ ਤੇ ਆਮਦਨੀ ਨੂੰ, ਸੰਬੰਧਤ ਮਿਉਂਸਿਪਲ ਐਕਟਾਂ ਦੀ ਵਿਵਸਥਾ ਅਨੁਸਾਰ, ਦੇਣ ਯੋਗ ਹੋਣ ਦੀ ਤਾਰੀਖ ਤੋਂ ਮੰਨ ਲਿਆ ਜਾ ਸਕਦਾ ਹੈ। ਸਵੈ-ਮੁਲਾਂਕਣ ਤੋਂ ਹੋਣ ਵਾਲੀਆਂ ਹੋਰ ਤਬਦੀਲੀਆਂ ਦਾ ਹਿਸਾਬ ਉਨ੍ਹਾਂ ਨੂੰ 'ਲੈਣ ਯੋਗ ਰਾਸ਼ੀ ਵਿੱਚ ਪਰੀਵਰਤਨ' ਮੰਨ ਕੇ ਢੁਕਵੇਂ ਢੰਗ ਨਾਲ ਕੀਤਾ ਜਾਵੇਗਾ।

## 2. ਜਲ-ਪੂਰਤੀ

ੳ. ਜਲ ਪੂਰਤੀ ਦੇ ਖਰਚਿਆਂ, ਪਾਣੀ ਦੇ ਮੀਟਰ ਦੇ ਕਿਰਾਏ, ਗੰਦੇ ਜਲ ਦੀ ਨਿਕਾਸੀ ਦੇ ਖਰਚਿਆਂ, ਕੂੜੇ ਕਰਕਟ ਨੂੰ ਟਿਕਾਣੇ ਲਗਾਉਣ ਦੇ ਖਰਚਿਆਂ ਤੋਂ ਹੋਣ ਵਾਲੀ ਆਮਦਨੀ ਉਸ ਅਵਧੀ ਦੀ ਮੰਨੀ ਜਾਵੇਗੀ ਜਿਸ ਤੋਂ ਇਹ ਭੁਗਤਾਨ ਦੇਣ ਯੋਗ ਹੁੰਦੇ ਹਨ; ਦੂਸਰੇ ਸ਼ਬਦਾਂ ਵਿੱਚ ਜਦੋਂ ਬਿਲ ਲਏ ਜਾਂਦੇ ਹਨ। ਧਿਆਨ ਰੱਖਣ ਯੋਗ ਹੈ ਕਿ ਪਾਣੀ ਤੇ ਲਏ ਜਾਣ ਵਾਲੇ ਕਰ ਅਤੇ ਹੋਰ ਸੰਬੰਧਤ ਕਰ ਨੂੰ ਸੰਪਤੀ ਕਰ ਦੇ ਬਿਲ ਵਿੱਚ ਵੀ ਮਿਲਾ ਲਿਆ ਜਾ ਸਕਦਾ ਹੈ।

ਅ. ਨੋਟਿਸ ਫੀਸ, ਵਰੰਟ ਫੀਸ ਅਤੇ ਹੋਰ ਫੀਸਾਂ ਤੋਂ ਹੋਣ ਵਾਲੀ ਆਮਦਨੀ ਉਸ ਸਮੇਂ ਦੀ ਮੰਨੀ ਜਾਵੇਗੀ ਜਦੋਂ ਇਹ ਬਿਲ ਵਸੂਲ ਕੀਤੇ ਜਾਂਦੇ ਹਨ।

ੲ. ਪਾਣੀ ਦਾ ਕੁਨੈਕਸ਼ਨ ਦੇਣ ਲਈ ਵਸੂਲ ਕੀਤੇ ਗਏ ਖਰਚੇ ਤੋਂ ਹੋਣ ਵਾਲੀ ਆਮਦਨੀ ਵਾਸਤਵਿਕ ਵਸੂਲੀ ਹੋਣ ਦੇ ਸਮੇਂ ਤੋਂ ਹੀ ਮੰਨੀ ਜਾਵੇਗੀ।

ਸ. ਪਾਣੀ ਦੇ ਟੈਂਕਰ ਦੇ ਖਰਚਿਆਂ, ਸੜਕ ਨੂੰ ਨੁਕਸਾਨ ਪਹੁੰਚਾਉਣ ਤੇ ਲਏ ਜਾਣ ਵਾਲੇ ਖਰਚਿਆਂ ਅਤੇ ਹੋਰ ਦੰਡਾਂ ਤੋਂ ਹੋਣ ਵਾਲੀ ਆਮਦਨੀ ਇਨ੍ਹਾਂ ਖਰਚਿਆਂ ਦੀ ਵਾਸਤਵਿਕ ਵਸੂਲੀ ਦੇ ਸਮੇਂ ਤੋਂ ਮੰਨੀ ਜਾਵੇਗੀ।

ਹ. ਦੋ ਸਾਲ ਤੋਂ ਵੱਧ ਸਮਾਂ ਪੁਰਾਣੇ ਬਕਾਇਆਂ ਬਾਰੇ ਸ਼ਹਿਰੀ ਸੰਸਥਾ ਦੁਆਰਾ ਮੰਗੀ ਗਈ ਰਾਸ਼ੀ ਦੀ ਹੱਦ ਤੱਕ ਦੰਡ ਦੀ ਹੇਠ ਲਿਖੀ ਵਿਵਸਥਾ ਕੀਤੀ ਜਾਵੇਗੀ :

ਜੇ ਪਾਣੀ ਤੇ ਕਰ ਵੱਖਰੇ ਤੌਰ ਤੇ ਲਿਆ ਜਾਂਦਾ ਹੈ ਤਾਂ ਖਰਚੇ ਹੇਠ ਲਿਖੇ ਅਨੁਸਾਰ ਲਏ ਜਾਣਗੇ:

(i) ਦੋ ਸਾਲ ਪੁਰਾਣੇ ਬਕਾਏ ਤੇ ਜੋ ਤਿੰਨ ਸਾਲ ਤੋਂ ਵੱਧ ਪੁਰਾਣਾ ਵੀ ਨਹੀਂ : 50%

(ii) ਤਿੰਨ ਸਾਲ ਤੋਂ ਵੱਧ ਪੁਰਾਣੇ ਬਕਾਏ ਤੇ : 100% (50% ਵੱਧ)

ਸਾਲ ਦੌਰਾਨ ਲੋੜ ਪੈਣ ਤੇ ਬਕਾਇਆਂ ਬਾਰੇ ਕੀਤੀ ਜਾਣ ਵਾਲੀ ਦੰਡ ਦੀ ਕਿਸੇ ਵੀ ਵਧੀਕ ਵਿਵਸਥਾ ਨੂੰ ਖਰਚ ਮੰਨਿਆ ਜਾਵੇਗਾ ਜਦੋਂ ਕਿ ਪਿਛਲੀ ਤਾਰੀਖ ਤੋਂ ਕੀਤੀ ਜਾਣ ਵਾਲੀ ਦੰਡ ਦੀ ਵਿਵਸਥਾ ਨੂੰ ਆਮਦਨੀ ਮੰਨਿਆ ਜਾਵੇਗਾ।

ਕ. ਚਾਲੂ ਸਾਲ ਦੌਰਾਨ ਕੀਤੇ ਗਏ ਰੀਫੰਡ ਅਤੇ ਕਰ ਮਾਫੀਆਂ ਨੂੰ ਆਮਦਨੀ ਨਾਲ ਮੇਲ ਲਿਆ ਜਾਵੇਗਾ, ਲੇਕਿਨ ਜੇ ਉਹ ਪਿਛਲੇ ਸਾਲਾਂ ਦੇ ਹੋਣ ਤਾਂ ਉਨ੍ਹਾਂ ਨੂੰ ਪਿਛਲੇ ਅਰਸੇ ਤੋਂ ਮੰਨਿਆ ਜਾਵੇਗਾ।

ਖ. ਜਿਨ੍ਹਾਂ ਕਰਾਂ ਨੂੰ ਵੱਟੇ ਖਾਤੇ ਪਾ ਦਿੱਤਾ ਹੋਵੇ, ਉਨ੍ਹਾਂ ਨੂੰ ਦੰਡ ਦੀਆਂ ਸੰਬੰਧਤ ਵਿਵਸਥਾਵਾਂ ਨਾਲ ਮੇਲ ਲਿਆ ਜਾਵੇਗਾ ਅਤੇ ਉਸ ਹੱਦ ਤੱਕ ਵਸੂਲ ਕੀਤੇ ਜਾਣ ਯੋਗ ਰਾਸ਼ੀ ਘਟ ਜਾਵੇਗੀ।

ਗ. ਜਲ ਪੂਰਤੀ ਦੇ ਲਈ ਲਈਆਂ ਜਾਣ ਯੋਗ ਜਿਨ੍ਹਾਂ ਰਾਸ਼ੀਆਂ ਨੂੰ ਵੱਟੇ ਖਾਤੇ ਪਾ ਦਿੱਤਾ ਗਿਆ ਹੋਵੇ, ਉਨ੍ਹਾਂ ਦੀ ਬਾਦ ਵਿੱਚ ਕੀਤੀ ਗਈ ਵਸੂਲੀ ਨੂੰ ਪਿਛਲੇ ਅਰਸੇ ਦੀ ਆਮਦਨੀ ਮੰਨਿਆ ਜਾਵੇਗਾ।

## 3. ਸਪੁਰਦ ਕੀਤੀ ਹੋਈ ਆਮਦਨੀ

ੳ. ਸਰਕਾਰ ਦੁਆਰਾ ਸ਼ਹਿਰੀ ਸੰਸਥਾਵਾਂ ਨੂੰ ਸਪੁਰਦ ਕੀਤੇ ਹੋਏ ਆਮਦਨੀ ਦੇ ਸਰੋਤ, ਜਿਵੇਂ ਕਿ ਮਨੋਰੰਜਨ ਕਰ, ਅਚਲ ਸੰਪਤੀ ਦੇ ਇੰਤਕਾਲ ਤੇ ਕੀਤੀ ਜਾਣ ਵਾਲੀ ਵਧੀਕ ਵਸੂਲੀ ਆਦਿ ਨੂੰ ਵਾਸਤਵਿਕ ਵਸੂਲੀ ਹੋਣ ਤੇ ਹੀ ਦਰਜ ਕੀਤਾ ਜਾਵੇਗਾ। ਕਿੰਤੂ ਸਾਲ ਦੇ ਅੰਤ ਤੇ ਇਨ੍ਹਾਂ ਨੂੰ ਤਾਂ ਹੀ ਦਰਜ਼ ਕੀਤਾ ਜਾਵੇਗਾ, ਜੇ ਇਨ੍ਹਾਂ ਦੀ ਮੰਜੂਰੀ ਦੇ ਹੁਕਮ ਆ ਜਾਣ ਅਤੇ ਇਨ੍ਹਾਂ ਦੀ ਰਾਸ਼ੀ ਦਾ ਨਿਰਣਾ ਹੋ ਸਕੇ।

ਅ. ਸਪੁਰਦ ਕੀਤੇ ਹੋਏ ਆਮਦਨੀ ਦੇ ਸਾਧਨਾਂ ਦੀ ਵਸੂਲੀ ਦੀ ਸਮੀਖਿਆ ਦੇ ਆਧਾਰ ਤੇ, ਇਨ੍ਹਾਂ ਤੋਂ ਹੋਣ ਵਾਲੀ ਆਮਦਨੀ ਦੇ ਬਕਾਏ ਦੀ ਜਿਸ ਰਾਸ਼ੀ ਨੂੰ ਰੱਖ ਲਿਆ ਜਾਂ ਵੱਟੇ ਖਾਤੇ ਪਾ ਦਿੱਤਾ ਜਾਂਦਾ ਹੈ, ਉਸਦਾ ਪਤਾ ਲਗਾ ਕੇ ਮੰਜੂਰੀ ਮਿਲਣ ਉਪਰੰਤ ਉਸਦਾ ਹਿਸਾਬ ਰੱਖਿਆ ਜਾਂਦਾ ਹੈ।

## 4. ਕਿਰਾਏ, ਫੀਸਾਂ ਅਤੇ ਆਮਦਨੀ ਦੇ ਹੋਰ ਸਰੋਤ

ੳ. ਇਸ਼ਤਿਹਾਰ ਦੇਣ ਦੇ ਅਧਿਕਾਰਾਂ ਤੋਂ ਹੋਈ ਆਮਦਨੀ ਨੂੰ ਮੰਗ ਦੇ ਅਧਾਰ ਤੇ ਜਾਂ ਅਨੁਬੰਧ ਦੇ ਅਧਾਰ ਤੇ ਦਰਜ ਕੀਤਾ ਜਾਵੇਗਾ।

ਅ. ਕਿੱਤਿਆਂ ਲਈ ਦਿੱਤੇ ਜਾਣ ਵਾਲੇ ਲਾਇਸੰਸਾਂ ਦੀ ਫੀਸ ਤੋਂ ਹੋਣ ਵਾਲੀ ਆਮਦਨੀ ਨੂੰ ਉਸ ਸਾਲ ਵਿੱਚ ਦਰਜ ਕੀਤਾ ਜਾਵੇਗਾ ਜਿਸ ਵਿੱਚ ਇਹ ਰਾਜ ਦੇ ਸੰਬੰਧਤ ਕਾਨੂੰਨਾਂ ਤਹਿਤ ਵਸੂਲੀ ਗਈ ਹੋਵੇ।

ੲ. ਸੰਗਠਨਾਂ ਅਤੇ ਇਕਾਈਆਂ ਤੋਂ ਲਏ ਜਾਣ ਵਾਲੇ ਧੰਦਾ ਕਰਾਂ ਨੂੰ ਉਸ ਸਾਲ ਵਿੱਚ ਦਰਜ ਕੀਤਾ ਜਾਵੇਗਾ ਜਿਸ ਵਿੱਚ ਇਹ ਰਾਜ ਦੇ ਸੰਬੰਧਤ ਕਾਨੂੰਨਾਂ ਤਹਿਤ ਵਸੂਲ ਕੀਤੇ ਗਏ ਹੋਣ।

ਸ. ਸੰਪਤੀਆਂ ਤੇ ਲਗਾਏ ਜਾਣ ਵਾਲੇ ਕਰਾਂ ਤੋਂ ਹੋਣ ਵਾਲੀ ਆਮਦਨੀ ਦਾ ਹਿਸਾਬ ਅਨੁਬੰਧ ਦੀਆਂ ਸ਼ਰਤਾਂ ਅਨੁਸਾਰ ਰੱਖਿਆ ਜਾਵੇਗਾ।

ਹ. ਹੋਰ ਆਮਦਨੀ, ਜੋ ਸਥਾਨਕ ਸ਼ਹਿਰੀ ਸੰਸਥਾਵਾਂ ਦੀਆਂ ਨਿਯਮਤ ਕਾਰਵਾਈਆਂ ਤਹਿਤ ਵਸੂਲ ਕੀਤੀ ਜਾ ਸਕੇ ਅਤੇ ਜਿਸਦਾ ਜਾਇਜਾ ਲਗਾਇਆ ਜਾ ਸਕੇ, ਉਸ ਅਵਧੀ ਦੀ ਮੰਨੀ ਜਾਵੇਗੀ ਜਿਸ ਵਿੱਚ ਇਹ ਭੁਗਤਾਨ ਯੋਗ ਹੁੰਦੀ ਹੈ। ਭਾਵ ਇਸਦੇ ਬਿਲ ਵਸੂਲ ਕੀਤੇ ਜਾਣ।

ਕ. ਆਮਦਨੀ ਦੇ ਹੋਰ ਸਾਧਨਾਂ ਨੂੰ, ਜੋ ਅਨਿਸ਼ਚਿਤ ਹਨ ਅਤੇ ਜਿਨ੍ਹਾਂ ਤੋਂ ਮਿਲਣ ਵਾਲੀ ਰਾਸ਼ੀ ਦਾ ਨਿਰਣਾ ਨਾ ਹੋ ਸਕੇ ਜਾਂ ਜਿਨ੍ਹਾਂ ਨੂੰ ਸ਼ਹਿਰੀ ਸੰਸਥਾਵਾਂ ਦੀਆਂ ਨਿਯਮਤ ਕਾਰਵਾਈਆਂ ਦੌਰਾਨ ਨਾ ਵਸੂਲਿਆ ਜਾਵੇ, ਸੱਚਮੁਚ ਪ੍ਰਾਪਤ ਹੋਣ ਤੇ ਹੀ ਮੰਨਿਆ ਜਾਵੇਗਾ।

ਖ. ਨੋਟਿਸ ਫੀਸ, ਵਰੰਟ ਫੀਸ ਤੇ ਹੋਰ ਫੀਸਾਂ ਤੋਂ ਹੋਣ ਵਾਲੀ ਆਮਦਨੀ ਨੂੰ ਤਦ ਮੰਨਿਆ ਜਾਵੇਗਾ ਜਦੋਂ ਇਨ੍ਹਾਂ ਫੀਸਾਂ ਦੇ ਬਿਲ ਵਸੂਲ ਕੀਤੇ ਜਾਣਗੇ।

ਗ. ਕਿਸੇ ਵੀ ਤਰ੍ਹਾਂ ਦੇ ਵਿਆਜ ਜਾਂ ਜੁਰਮਾਨਿਆਂ ਨੂੰ ਵਸੂਲ ਕੀਤੇ ਜਾਣ ਦੇ ਵਕਤ ਤੋਂ ਹੀ ਮੰਨਿਆ ਜਾਵੇਗਾ।

ਘ. ਦੋ ਸਾਲ ਤੋਂ ਵੱਧ ਦੇ ਬਕਾਇਆਂ ਬਾਰੇ ਸ਼ਹਿਰੀ ਸੰਸਥਾ ਦੁਆਰਾ ਮੰਗੀ ਗਈ ਰਾਸ਼ੀ ਦੀ ਹੱਦ ਤੱਕ, ਹੇਠ ਲਿਖੇ

ਸਿਧਾਂਤਾਂ ਅਨੁਸਾਰ ਦੰਡ ਦੀ ਵਿਵਸਥਾ ਕੀਤੀ ਜਾਵੇਗੀ :

(i) ਦੋ ਸਾਲ ਤੋਂ ਵੱਧ ਦੇ ਬਕਾਏ ਜੋ ਤਿੰਨ ਸਾਲ ਤੋਂ ਜਿਆਦਾ ਦੇ ਨਹੀਂ : 50%

(ii) ਤਿੰਨ ਸਾਲ ਤੋਂ ਵੱਧ ਦੇ ਬਕਾਏ : 100% (50% ਜਿਆਦਾ)

ਙ. ਸਾਲ ਦੌਰਾਨ ਲੋੜ ਪੈਣ ਤੇ ਬਕਾਇਆਂ ਬਾਰੇ ਕੀਤੀ ਜਾਣ ਵਾਲੀ ਦੰਡ ਦੀ ਕਿਸੇ ਵੀ ਵਧੀਕ ਵਿਵਸਥਾ ਨੂੰ ਖਰਚ ਮੰਨਿਆ ਜਾਵੇਗਾ ਜਦੋਂ ਕਿ ਪਿਛਲੀ ਤਾਰੀਖ ਤੋਂ ਕੀਤੀ ਜਾਣ ਵਾਲੀ ਦੰਡ ਦੀ ਕਿਸੇ ਵੀ ਵਿਵਸਥਾ ਨੂੰ ਆਮਦਨੀ ਮੰਨਿਆ ਜਾਵੇਗਾ।

ਚ. ਚਾਲੂ ਸਾਲ ਦੌਰਾਨ ਕੀਤੇ ਗਏ ਰੀਫੰਡ ਅਤੇ ਕਰ ਮਾਫੀਆਂ ਨੂੰ ਆਮਦਨੀ ਨਾਲ ਮੇਲ ਲਿਆ ਜਾਵੇਗਾ, ਲੇਕਿਨ ਜੇ ਉਹ ਪਿਛਲੇ ਸਾਲਾਂ ਦੇ ਹੋਣ ਤਾਂ ਉਨ੍ਹਾਂ ਨੂੰ ਪਿਛਲੇ ਅਰਸੇ ਤੋਂ ਮੰਨਿਆ ਜਾਵੇਗਾ।

ਛ. ਵੱਟੇ ਖਾਤੇ ਪਾਈ ਹੋਈ ਆਮਦਨੀ ਦੀਆਂ ਰਾਸ਼ੀਆਂ ਨੂੰ ਦੰਡ ਦੀਆਂ ਵਿਵਸਥਾਵਾਂ ਨਾਲ ਮੇਲ ਲਿਆ ਜਾਵੇਗਾ ਅਤੇ ਉਸ ਹੱਦ ਤੱਕ ਵਸੂਲ ਕੀਤੀ ਜਾਣ ਯੋਗ ਰਾਸ਼ੀ ਘਟ ਜਾਵੇਗੀ।

ਜ. ਵੱਟੇ ਖਾਤੇ ਪਾਏ ਹੋਏ ਕਿਰਾਇਆਂ, ਫੀਸਾਂ ਅਤੇ ਹੋਰ ਆਮਦਨੀਆਂ ਦੀ ਬਾਦ ਵਿੱਚ ਕੀਤੀ ਗਈ ਵਸੂਲੀ ਨੂੰ ਪਹਿਲਾਂ ਦੀ ਅਵਧੀ ਤੋਂ ਹੋਈ ਅਮਦਨੀ ਮੰਨਿਆ ਜਾਵੇਗਾ।

## 5. ਲੋਕ ਨਿਰਮਾਣ

ੳ. ਸਥਿਰ ਸੰਪਤੀਆਂ (Fixed Assets) ਦੀ ਲਾਗਤ ਵਿੱਚ ਇਹ ਖਰਚੇ ਸ਼ਾਮਿਲ ਕੀਤੇ ਜਾਣਗੇ (i) ਇਸ ਸੰਪਤੀ ਨੂੰ ਪ੍ਰਾਪਤ ਕਰਨ, ਸਥਾਪਤ ਕਰਨ ਜਾਂ ਇਸ ਦਾ ਨਿਰਮਾਣ ਕਰਨ ਤੇ ਆਇਆ ਖਰਚ (ii) ਸੰਪਤੀ ਦਾ ਉਪਯੋਗ ਸ਼ੁਰੂ ਹੋਣ ਦੀ ਤਾਰੀਖ ਤੱਕ ਇਸ ਦੀ ਪ੍ਰਾਪਤੀ, ਸਥਾਪਨਾ ਜਾਂ ਨਿਰਮਾਣ ਲਈ ਲਏ ਗਏ ਕਰਜ਼ ਤੇ ਲੱਗਿਆ ਵਿਆਜ (iii) ਉਸ ਤਾਰੀਖ ਤੱਕ ਬਾਕੀ ਹੋਰ ਹੋਏ ਇਤਫਾਕੀਆਂ ਖਰਚੇ।

ਅ. ਸਥਿਰ ਸੰਪਤੀ ਦੀ ਉਪਯੋਗਤਾ ਜਾਂ ਸਮਰਥਾ ਵਿੱਚ ਵਾਧਾ ਕਰਨ ਜਾਂ ਇਸ ਨੂੰ ਹੰਢਣਸਾਰ ਬਣਾਉਣ ਲਈ ਕੀਤੇ ਗਏ ਕਿਸੇ ਵੀ ਸੁਧਾਰ ਜਾਂ ਵਾਧੇ ਦੀ ਕੀਮਤ ਲਗਾ ਕੇ ਇਸ ਨੂੰ ਸੰਪਤੀ ਦੀ ਕੀਮਤ ਵਿੱਚ ਸ਼ਾਮਿਲ ਕੀਤਾ ਜਾਵੇਗਾ। ਲੇਕਿਨ ਹੇਠ ਲਿਖੇ ਕੰਮਾਂ ਤੇ ਆਉਣ ਵਾਲੇ ਖਰਚਿਆਂ ਨੂੰ ਨੁਕਸਾਨ ਸਮਝਿਆ ਜਾਵੇਗਾ:

(i) ਸੰਪਤੀ ਦੀ ਮੁਰੰਮਤ, ਸਾਂਭ-ਸੰਭਾਲ ਅਤੇ ਇਸ ਨੂੰ ਚਲਦਾ ਰੱਖਣ ਲਈ ਕੀਤੇ ਜਾਣ ਵਾਲੇ ਕੰਮ।

(ii) ਸੰਪਤੀ ਲਈ ਕੀਤੇ ਜਾਣ ਵਾਲੇ ਉਹ ਸਾਰੇ ਕੰਮ ਜਿਨ੍ਹਾਂ ਦਾ ਲਾਭ ਇੱਕ ਸਾਲ ਤੋਂ ਘੱਟ ਸਮੇਂ ਲਈ ਰਹਿੰਦਾ ਹੈ।

ੲ. ਮੌਜੂਦਾ ਪ੍ਰਾਜੈਕਟਾਂ ਲਈ ਉਸਾਰੀਆਂ ਜਾਂ ਸਥਾਪਤ ਕੀਤੀਆਂ ਜਾ ਰਹੀਆਂ ਸੰਪਤੀਆਂ ਅਤੇ ਨਵੀਆਂ ਪ੍ਰਾਜੈਕਟਾਂ ਤੇ ਲਗਾਈ ਜਾਣ ਵਾਲੀ ਪੂੰਜੀ ਨੂੰ (ਜਿਸ ਵਿੱਚ ਮਹੱਤਵਪੂਰਣ ਇਮਾਰਤਾਂ ਅਤੇ ਸਮੱਗਰੀ ਲਈ ਦਿੱਤੀਆਂ ਗਈਆਂ ਪੇਸ਼ਗੀਆਂ ਵੀ ਸ਼ਾਮਿਲ ਹਨ) Capital Work-in-Progress ਤਹਿਤ ਰੱਖਿਆ ਜਾਵੇਗਾ।

ਸ. ਪੇਸ਼ਗੀ ਅਤੇ ਜ਼ਮਾਨਤ ਵਜੋਂ ਲਈਆਂ ਗਈਆਂ ਰਾਸ਼ੀਆਂ ਵਾਪਸ ਲੈਣ ਦੀ ਤਾਰੀਖ ਨਿੱਕਲ ਜਾਣ ਤੇ ਖੁੱਸ ਜਾਣਗੀਆਂ ਅਤੇ ਉਨ੍ਹਾਂ ਨੂੰ ਆਮਦਨੀ ਮੰਨਿਆ ਜਾਵੇਗਾ।

ਹ. Deposit Works ਤਹਿਤ ਪ੍ਰਾਪਤ ਕੀਤੀਆਂ ਗਈਆਂ ਜਮ੍ਹਾਂ ਰਾਸ਼ੀਆਂ ਨੂੰ ਤਦ ਤੱਕ ਦੇਣਦਾਰੀ ਮੰਨਿਆ ਜਾਵੇਗਾ ਜਦ ਤੱਕ ਇਹ ਪ੍ਰਾਜੈਕਟ ਜਿਸ ਲਈ ਇਹ ਰਾਸ਼ੀਆਂ ਲਈਆਂ ਗਈਆਂ ਹਨ, ਪੂਰੀ ਨਾ ਹੋ ਜਾਵੇ। ਪ੍ਰਾਜੈਕਟ ਦੇ ਪੂਰੇ ਹੋਣ ਤੇ ਇਸ ਤੇ ਆਏ ਖਰਚ ਨੂੰ ਦੇਣਦਾਰੀ ਵਿੱਚੋਂ ਘਟਾ ਦਿੱਤਾ ਜਾਵੇਗਾ।

ਕ. Deposit Works ਤੋਂ ਹੋਣ ਵਾਲੀ ਆਮਦਨੀ Deposit works ਤੋਂ ਹੋਣ ਵਾਲੇ ਖਰਚ ਸਮੇਤ ਦਰਜ ਕੀਤੀ ਜਾਵੇਗੀ।

## 6. ਮਾਲ–ਗੁਦਾਮ

ੳ. ਸਮੱਗਰੀ ਅਤੇ ਸਾਜ਼ੋਸਮਾਨ ਤੇ ਹੋਣ ਵਾਲੇ ਖਰਚ ਨੂੰ ਸ਼ਹਿਰੀ ਸੰਸਥਾਵਾਂ ਦੁਆਰਾ ਇਨ੍ਹਾਂ ਦੇ ਬਿਲ ਪ੍ਰਾਪਤ ਕਰਨ ਤੇ ਹੀ ਮੰਨਿਆ ਜਾਵੇਗਾ।

ਅ. ਉਨ੍ਹਾਂ ਵਸਤੂਆਂ ਦਾ ਹਿਸਾਬ ਜਿਹੜੀਆਂ ਪ੍ਰਾਪਤ ਤੇ ਪ੍ਰਵਾਨਤ ਤਾਂ ਹੋ ਚੁੱਕੀਆਂ ਹਨ ਪਰ ਜਿਨ੍ਹਾਂ ਦੇ ਬਿਲ Cut-off ਤਾਰੀਖ ਤੱਕ ਪ੍ਰਾਪਤ ਨਹੀਂ ਹੋਏ, ਖਰੀਦ ਆਰਡਰ (purchase order) ਦੇ ਅਧਾਰ ਤੇ ਹੋਵੇਗਾ।

ੲ. ਅਵਧੀ ਦੇ ਦੌਰਾਨ ਤੇ ਬਚੇ ਪਏ ਸਟਾਕ ਦਾ ਮੁਲਾਂਕਣ first-in-first-out ਦੀ ਵਿਧੀ ਅਨੁਸਾਰ ਉਸਦੀ ਲਾਗਤ ਦੇ ਅਧਾਰ ਤੇ ਹੋਵੇਗਾ।

ਸ. ਵਾਧੂ ਸਮੱਗਰੀ ਨੂੰ ਵੇਚੇ ਜਾਣ ਤੋਂ ਹੋਣ ਵਾਲੀ ਆਮਦਨੀ ਨੂੰ ਭੁਗਤਾਨ ਦੇ ਉਪਰੰਤ ਹੀ ਮੰਨਿਆ ਜਾਵੇਗਾ।

ਹ. ਤਿਆਰ ਵਸਤੂਆਂ ਅਤੇ ਵਿੱਕਰੀ ਲਈ ਬਣਾਈਆਂ ਜਾਣ ਵਾਲੀਆਂ ਵਸਤੂਆਂ ਸੰਬੰਧੀ ਚੱਲ ਰਹੇ ਕੰਮ (Work-in-Progress) ਦਾ ਮੁਲਾਂਕਣ ਲਾਗਤ ਅਨੁਸਾਰ ਹੋਵੇਗਾ। ਪੂਰੇ ਹੋ ਚੁੱਕੇ ਅਤੇ ਚੱਲ ਰਹੇ ਕੰਮਾਂ ਦੀ ਲਾਗਤ ਵਿੱਚ ਸਾਰੇ ਪ੍ਰਤੱਖ ਖਰਚੇ ਅਤੇ ਵਸਤੂਆਂ ਨੂੰ ਮੌਜੂਦਾ ਹਾਲਤ ਅਤੇ ਸਥਾਨ ਤੇ ਲਿਆਉਣ ਲਈ ਹੋਏ ਉੱਪਰਲੇ ਖਰਚੇ ਸ਼ਾਮਿਲ ਹੁੰਦੇ ਹਨ।

## 7. ਕਰਮਚਾਰੀਆਂ ਨਾਲ ਸੰਬੰਧਤ ਲੈਣ ਦੇਣ

ੳ. ਤਨਖਾਹਾਂ ਅਤੇ ਹੋਰ ਭੱਤਿਆਂ ਤੇ ਹੋਣ ਵਾਲੇ ਖਰਚ ਨੂੰ ਭੁਗਤਾਨ ਦੇ ਵੇਲੇ ਤੋਂ (ਭਾਵ ਮਹੀਨੇ ਦੇ ਅੰਤ ਵਿੱਚ) ਮੰਨਿਆ ਜਾਵੇਗਾ।

ਅ. ਤਨਖਾਹਾਂ ਵਿੱਚੋਂ ਕੀਤੀਆਂ ਜਾਣ ਵਾਲੀਆਂ ਵਿਧਾਨਕ ਕਟੌਤੀਆਂ ਜਿਵੇਂ ਕਿ ਆਮਦਨੀ ਕਰ, ਕਿੱਤਾ ਕਰ ਅਤੇ ਪ੍ਰਾਵੀਡੈਂਟ ਫੰਡ ਆਦਿ ਨੂੰ ਉਸ ਅਵਧੀ ਦੀ ਦੇਣਦਾਰੀ ਸਮਝਿਆ ਜਾਵੇਗਾ ਜਿਸ ਅਵਧੀ ਲਈ ਤਨਖਾਹ ਨੂੰ ਖਰਚ ਸਮਝਿਆ ਜਾਂਦਾ ਹੈ।

ੲ. ਪ੍ਰਾਵੀਡੈਂਟ ਫੰਡਾਂ ਦੇ ਪ੍ਰਬੰਧ ਲਈ ਟਰਸਟ ਬਣਾਉਣ ਤੇ ਵਿਚਾਰ ਕੀਤਾ ਜਾਵੇਗਾ। ਕਿੰਤੂ ਟਰਸਟ ਬਣਾਉਣ ਅਤੇ ਫੰਡ ਵਿੱਚ ਆਈ ਕਿਸੇ ਕਮੀ ਨੂੰ ਪੂਰਾ ਕਰਨ ਦੀ ਜਿੰਮੇਵਾਰੀ ਸ਼ਹਿਰੀ ਸਥਾਨਕ ਸੰਸਥਾ ਦੀ ਹੋਵੇਗੀ।

ਸ. ਪ੍ਰਾਵੀਡੈਂਟ ਫੰਡ ਦਾ ਨਿਵੇਸ਼ ਕਰਮਚਾਰੀਆਂ ਦੇ ਕਿਸੇ ਵੀ ਪ੍ਰਾਵੀਡੈਂਟ ਫੰਡ ਤੇ ਲਾਗੂ ਹੋਣ ਵਾਲੇ ਨਿਰਦੇਸ਼ਾਂ ਅਨੁਸਾਰ ਹੋਵੇਗਾ।

ਹ. ਪੈਨਸ਼ਨ ਤੋਂ ਇਲਾਵਾ ਗ੍ਰੈਚਿਊਟੀ ਅਤੇ ਲੀਵ ਇਨਕੈਸ਼ਮੈਂਟ ਜਿਹੇ ਸੇਵਾ ਨਿਵਿਰਤੀ ਦੇ ਹੋਰ ਲਾਭ ਦੇਣ ਲਈ ਵੱਖਰੇ ਫੰਡ ਵੀ ਬਣਾਏ ਜਾ ਸਕਦੇ ਹਨ। ਰਾਜ ਸਰਕਾਰਾਂ ਇਸ ਬਾਰੇ ਫੈਸਲਾ ਲੈ ਸਕਦੀਆਂ ਹਨ ਅਤੇ ਇਸ ਦੀ ਵਿਧੀ ਦਾ ਵੀ ਨਿਰਣਾ ਕਰ ਸਕਦੀਆਂ ਹਨ। ਰਾਜ ਸਰਕਾਰ ਰਾਜ ਪੱਧਰ ਤੇ ਜਾਂ ਨਗਰ ਪਾਲਕਾ ਪੱਧਰ ਤੇ ਟਰਸਟ ਵੀ ਬਣਾ ਸਕਦੀ ਹੈ।

ਕ. ਪੈਨਸ਼ਨ ਅਤੇ ਸੇਵਾ ਨਿਵਿਰਤੀ ਦੇ ਹੋਰ ਲਾਭਾਂ ਲਈ ਬਣਾਏ ਗਏ ਫੰਡਾਂ ਲਈ ਦਿੱਤੀਆਂ ਜਾਣ ਵਾਲੀਆਂ ਰਾਸ਼ੀਆਂ ਨੂੰ ਖਰਚ ਅਤੇ ਦੇਣਦਾਰੀ ਸਮਝਿਆ ਜਾਵੇਗਾ। ਇਸ ਉਦੇਸ਼ ਲਈ ਦਿੱਤੀਆਂ ਜਾਣ ਵਾਲੀਆਂ ਰਾਸ਼ੀਆਂ ਦੀ ਦਰ ਰਾਜ ਸਰਕਾਰ ਤੈਅ ਕਰੇਗੀ। ਇਸ ਦਰ ਨੂੰ ਨਿਸ਼ਚਿਤ ਕਰਨ ਦਾ ਇੱਕ ਅਧਾਰ ਡੈਪੂਟੇਸ਼ਨ ਤੇ ਭੇਜੇ ਹੋਏ ਰਾਜ ਸਰਕਾਰ ਦੇ ਕਰਮਚਾਰੀਆਂ ਲਈ ਆਮ ਕਰਕੇ ਨਿਸ਼ਚਿਤ ਕੀਤੀ ਗਈ ਦਰ ਵੀ ਹੋ ਸਕਦੀ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਵਿਵਹਾਰਕ ਪਾਬੰਦੀਆਂ ਹੋਣ ਕਰਕੇ ਬੀਮੇ ਸੰਬੰਧੀ ਮੁਲਾਂਕਣ ਤੇ ਵਿਚਾਰ ਨਹੀਂ ਕੀਤਾ ਗਿਆ। ਜੇ ਕੋਈ ਸ਼ਹਿਰੀ ਸਥਾਨਕ ਸੰਸਥਾ ਅਜਿਹਾ ਮੁਲਾਂਕਣ ਕਰਨਾ ਚਾਹੁੰਦੀ ਹੈ ਤਾਂ ਰਾਜ ਸਰਕਾਰ ਦੇ ਸੰਬੰਧਤ ਕਾਨੂੰਨਾਂ ਤੋਂ ਸੇਧ ਮਿਲ ਸਕਦੀ ਹੈ।

ਖ. ਕਰਮਚਾਰੀਆਂ ਨੂੰ ਦਿੱਤੇ ਗਏ ਕਰਜਿਆਂ ਤੇ ਲਏ ਜਾਣ ਵਾਲੇ ਵਿਆਜ ਨੂੰ ਉਸ ਅਵਧੀ ਦੇ ਅੰਤ ਵਿੱਚ ਆਮਦਨੀ ਸਮਝਿਆ ਜਾਵੇਗਾ ਜਿਸ ਅਵਧੀ ਦੌਰਾਨ ਵਿਆਜ ਦੇਣ ਯੋਗ ਹੋ ਜਾਂਦਾ ਹੈ।

ਗ. ਕਰਮਚਾਰੀਆਂ ਨੂੰ ਦਿੱਤੇ ਗਏ ਕਰਜਿਆਂ ਤੇ ਦੰਡ ਵਜੋਂ ਲਗਾਇਆ ਗਿਆ ਵਿਆਜ ਜੋ ਮੂਲਧਨ ਦੀ ਵਾਪਸੀ ਜਾਂ ਵਿਆਜ ਦਾ ਭੁਗਤਾਨ ਨਾ ਕੀਤੇ ਜਾਣ ਕਰਕੇ ਵਸੂਲ ਕੀਤਾ ਜਾਂਦਾ ਹੈ, ਅਦਾ ਕੀਤੇ ਜਾਣ ਤੇ ਹੀ ਮੰਨਿਆ ਜਾਂਦਾ ਹੈ।

ਘ. ਬੋਨਸ, ਐਕਸ ਗ੍ਰੇਸ਼ੀਆ ਅਤੇ ਓਵਰਟਾਈਮ ਤੋਂ ਇਲਾਵਾ ਕਰਮਚਾਰੀਆਂ ਨੂੰ ਦਿੱਤੇ ਜਾਣ ਵਾਲੇ ਹੋਰ ਭੱਤੇ ਅਤੇ ਚੁਕੌਤੀਆਂ (Reinbursements) ਭੁਗਤਾਨ ਕੀਤੇ ਜਾਣ ਦੇ ਸਮੇਂ ਤੋਂ ਖਰਚ ਮੰਨੇ ਜਾਣਗੇ।

## 8. ਹੋਰ ਖਰਚ

ੳ. ਸ਼ਹਿਰੀ ਸਥਾਨਕ ਸੰਸਥਾਵਾਂ ਦੀ ਆਮਦਨੀ ਵਿੱਚੋਂ ਕੀਤੇ ਜਾਣ ਵਾਲੇ ਹੋਰ ਖਰਚ ਨੂੰ ਵੀ ਉਸ ਅਵਧੀ ਦੇ ਖਰਚ ਮੰਨਿਆ ਜਾਵੇਗਾ ਜਿਸ ਦੌਰਾਨ ਉਹ ਕੀਤੇ ਜਾਂਦੇ ਹਨ।

ਅ. ਅਗਲੇ ਵਿੱਤੀ ਸਾਲ ਦੇ 30 ਅਪ੍ਰੈਲ (Cut-off date) ਤੱਕ ਪ੍ਰਾਪਤ ਹੋਏ ਸਾਰੇ ਬਿਲਾਂ ਲਈ ਸਾਲ ਦੇ ਅੰਤ ਵਿੱਚ ਵਿਵਸਥਾ ਕੀਤੀ ਜਾਵੇਗੀ। ਕਿੰਤੂ ਰਾਜ ਸਰਕਾਰ ਇਨ੍ਹਾਂ ਦੀ ਵਿਵਹਾਰਕਤਾ ਅਤੇ ਮਹੱਤਵ ਦੇ ਅਧਾਰ ਤੇ ਇਸ ਬਾਰੇ ਫੈਸਲਾ ਲੈ ਸਕਦੀ ਹੈ।

ੲ. ਅਜਿਹਾ ਕੋਈ ਵੀ ਖਰਚ ਜਿਸਦਾ ਭੁਗਤਾਨ ਚਾਲੂ ਸਾਲ ਵਿੱਚ ਕਰ ਦਿੱਤਾ ਗਿਆ ਹੋਵੇ ਪਰ ਜਿਸਦਾ ਲਾਭ ਜਾਂ ਜਿਸਦੇ ਬਦਲੇ ਸੇਵਾ ਮਿਲਣ ਦੀ ਸੰਭਾਵਨਾ ਆਉਣ ਵਾਲੇ ਸਮੇਂ ਵਿੱਚ ਹੋਵੇ, ਉਸ ਵੇਲੇ ਦਾ ਖਰਚ ਸਮਝਿਆ ਜਾਵੇਗਾ ਜਿਸ ਵਕਤ ਇਸਦੇ ਬਦਲੇ ਦਾ ਲਾਭ ਜਾਂ ਸੇਵਾ ਮਿਲੇ।

ਸ. ਚਾਲੂ ਸਮੇਂ ਦੇ ਹੋਣ ਵਾਲੇ ਖਰਚ ਵਿੱਚ ਚਾਲੂ ਸਮੇਂ ਵਿੱਚ ਮਿਲਣ ਵਾਲੇ ਲਾਭ ਜਾਂ ਸੇਵਾ ਦੀ ਅਨੁਪਾਤੀ ਕੀਮਤ ਸ਼ਾਮਿਲ ਕੀਤੀ ਜਾਵੇਗੀ ਭਾਵੇਂ ਇਨ੍ਹਾਂ ਲਈ ਭੁਗਤਾਨ ਪਹਿਲਾਂ ਹੀ ਕਰ ਦਿੱਤਾ ਗਿਆ ਸੀ।

## 9. ਗਰਾਂਟਾਂ

ੳ. ਆਮ ਗਰਾਂਟਾਂ ਜਿਹੜੀਆਂ ਆਮਦਨੀ ਦਾ ਹਿੱਸਾ ਹੁੰਦੀਆਂ ਹਨ, ਪ੍ਰਾਪਤ ਹੋਣ ਉਪਰੰਤ ਆਮਦਨੀ ਸਮਝੀਆਂ ਜਾਣਗੀਆਂ।

ਅ. ਖਰਚ ਕਰਨ ਵਾਸਤੇ ਦਿੱਤੀਆਂ ਗਈਆਂ ਗਰਾਂਟਾਂ ਤਦ ਤੱਕ ਦੇਣਦਾਰੀ ਸਮਝੀਆਂ ਜਾਣਗੀਆਂ ਜਦ ਤੱਕ ਉਹ ਖਰਚ ਪੈ ਨਹੀਂ ਜਾਂਦਾ।

ੲ. ਕਿਸੇ ਖਾਸ ਮੰਤਵ ਲਈ ਖਰਚ ਕਰਨ ਵਾਸਤੇ ਪ੍ਰਾਪਤ ਹੋਈਆਂ ਜਾਂ ਪ੍ਰਾਪਤ ਹੋ ਸਕਣ ਵਾਲੀਆਂ ਗਰਾਂਟਾਂ ਉਸ ਅਵਧੀ ਦੀ ਆਮਦਨੀ ਸਮਝੀਆਂ ਜਾਣਗੀਆਂ ਜਿਸ ਵਿੱਚ ਇਹ ਖਰਚ ਆਮਦਨੀ ਅਤੇ ਖਰਚ ਦੇ ਖਾਤੇ ਵਿੱਚ ਪਾਇਆ ਜਾਵੇਗਾ।

ਸ. ਉਤਪਾਦਨ ਦੇ ਉਦੇਸ਼ ਲਈ ਖਰਚ ਕਰਨ ਵਾਸਤੇ ਪ੍ਰਾਪਤ ਹੋਈਆਂ ਗਰਾਂਟਾਂ ਤਦ ਤੱਕ ਦੇਣਦਾਰੀ ਸਮਝੀਆਂ ਜਾਣਗੀਆਂ ਜਦ ਤੱਕ ਉਤਪਾਦਨ ਕਰਨ ਵਾਲੀ ਸਥਿਰ ਸੰਪਤੀ ਦੀ ਉਸਾਰੀ ਜਾਂ ਪ੍ਰਾਪਤੀ ਨਹੀਂ ਹੋ ਜਾਂਦੀ। ਇਨ੍ਹਾਂ ਗਰਾਂਟਾਂ ਨਾਲ ਸਥਿਰ ਸੰਪਤੀ ਬਣਾਉਣ ਜਾਂ ਪ੍ਰਾਪਤ ਕਰਨ ਨਾਲ ਦੇਣਦਾਰੀ ਵਿੱਚ ਇਸ ਸੰਪਤੀ ਦੀ ਕੀਮਤ ਦੇ ਮੁਤਾਬਕ ਕਮੀ ਹੋ ਜਾਂਦੀ ਹੈ ਅਤੇ ਇਸ ਰਾਸ਼ੀ ਨੂੰ ਉਤਪਾਦਕ ਪੂੰਜੀ (Capital Receipt) ਸਮਝ ਕੇ ਵਿਸ਼ੇਸ਼ ਗਰਾਂਟ ਖਾਤੇ ਵਿੱਚੋਂ ਕੱਢ ਕੇ Capital Contribution (ਉਤਪਾਦਕ ਪੂੰਜੀ ਯੋਗਦਾਨ) ਤਹਿਤ ਰੱਖਿਆ ਜਾਵੇਗਾ।

ਹ. ਸ਼ਹਿਰੀ ਸਥਾਨਕ ਸੰਸਥਾ ਨੂੰ ਇੱਕ ਲੋਕਲ ਏਜੰਸੀ ਜਾਂ ਲਾਗੂ ਕਰਤਾ ਸੰਗਠਨ ਦੇ ਤੌਰ ਤੇ ਕਿਸੇ ਖਾਸ ਮੰਤਵ ਲਈ ਪ੍ਰਾਪਤ ਹੋਈਆਂ ਉਤਪਾਦਕ ਗਰਾਂਟਾਂ (Capital Grants) ਜਿਨ੍ਹਾਂ ਨਾਲ ਕਿਸੇ ਅਜਿਹੀ ਸੰਪਤੀ ਦਾ ਨਿਰਮਾਣ ਨਾ ਹੋਵੇ ਜਿਸ ਤੇ ਸ਼ਹਿਰੀ ਸੰਸਥਾ ਦੇ ਮਾਲਕੀ ਦੇ ਹੱਕ ਹੋਣ, ਤਦ ਤੱਕ ਦੇਣਦਾਰੀ ਸਮਝੀਆਂ ਜਾਣਗੀਆਂ ਜਦ ਤੱਕ ਇਹ ਸੰਪਤੀ ਮਿਥੇ ਹੋਏ ਉਦੇਸ਼ ਲਈ ਵਰਤੀ ਨਹੀਂ ਜਾਂਦੀ। ਮਿਥੇ ਹੋਏ ਉਦੇਸ਼ ਲਈ ਵਰਤੇ ਜਾਣ ਤੇ ਉਸ ਵਰਤੋਂ ਦੀ ਕੀਮਤ ਮੁਤਾਬਕ ਦੇਣਦਾਰੀ ਵਿੱਚ ਕਮੀ ਆ ਜਾਵੇਗੀ ਅਤੇ ਇਸ ਨੂੰ ਉਤਪਾਦਨ ਦੇ ਮੰਤਵ ਲਈ ਪ੍ਰਾਪਤ ਹੋਈ ਰਾਸ਼ੀ ਨਹੀਂ ਸਮਝਿਆ ਜਾਵੇਗਾ।

ਕ. ਗੈਰ-ਮਾਇਕ ਸੰਪਤੀਆਂ ਦੇ ਰੂਪ ਵਿੱਚ ਪ੍ਰਾਪਤ ਹੋਈਆਂ ਗਰਾਂਟਾਂ (ਜਿਵੇਂ ਕਿ ਰਿਆਇਤੀ ਕੀਮਤ ਤੇ ਮਿਲੀਆਂ ਸਥਿਰ ਸੰਪਤੀਆਂ) ਦਾ ਹਿਸਾਬ ਉਨ੍ਹਾਂ ਦੀ ਪ੍ਰਾਪਤੀ ਤੇ ਖਰਚ ਹੋਈ ਲਾਗਤ ਦੇ ਅਧਾਰ ਤੇ ਰੱਖਿਆ ਜਾਵੇਗਾ। ਜੇ ਅਜਿਹੀ ਕੋਈ ਸੰਪਤੀ ਮੁਫਤ ਪ੍ਰਾਪਤ ਹੋਵੇ ਤਾਂ ਇਸ ਨੂੰ ਨਾਂ ਮਾਤਰ ਕੀਮਤ (ਉਦਾਹਰਣ ਦੇ ਤੌਰ ਤੇ ਇੱਕ ਰੁਪਏ) ਤੇ ਪ੍ਰਾਪਤ ਹੋਈ ਸਮਝਿਆ ਜਾਵੇਗਾ।

ਖ. ਪੇਸ਼ਗੀ ਮਿਲੀਆਂ ਹੋਈਆਂ ਵਿਸ਼ੇਸ਼ ਗਰਾਂਟਾਂ ਵਿੱਚੋਂ ਕੀਤੇ ਗਏ ਨਿਵੇਸ਼ ਤੇ ਹੋਈ ਆਮਦਨੀ ਨੂੰ ਵਿਸ਼ੇਸ਼ ਗਰਾਂਟ ਦੇ ਖਾਤੇ ਵਿੱਚ ਹੀ ਪਾਇਆ ਜਾਵੇਗਾ। ਪੇਸ਼ਗੀ ਮਿਲੀ ਵਿਸ਼ੇਸ਼ ਗਰਾਂਟ ਵਿੱਚੋਂ ਕੀਤੇ ਗਏ ਨਿਵੇਸ਼ ਨੂੰ ਸਮੇਟਣ ਵੇਲੇ ਹੋਏ ਲਾਭ ਜਾਂ ਹਾਨੀ ਨੂੰ ਵਿਸ਼ੇਸ਼ ਗਰਾਂਟ ਦੇ ਜਮ੍ਹਾਂ ਖਾਤੇ (Credit) ਜਾਂ ਉਧਾਰੇ ਖਾਤੇ (Debit) ਵਿੱਚ ਪਾਇਆ ਜਾਵੇਗਾ।

## 10. ਉਧਾਰ ਜਾਂ ਕਰਜ਼

ੳ. ਕਰਜ ਦੇ ਵਿਆਜ ਤੇ ਹੋਣ ਵਾਲੇ ਖਰਚ ਨੂੰ ਘਾਟੇ-ਵਾਧੇ (accrual) ਦੇ ਅਧਾਰ ਤੇ ਮੰਨਿਆ ਜਾਵੇਗਾ।

ਅ. ਸਥਿਰ ਸੰਪਤੀਆਂ (Fixed Assets) ਦੀ ਪ੍ਰਾਪਤੀ ਜਾਂ ਨਿਰਮਾਣ ਵਾਸਤੇ, ਉਨ੍ਹਾਂ ਦੇ ਉਪਯੋਗ ਸ਼ੁਰੂ ਹੋਣ ਤੱਕ ਲਏ ਗਏ ਉਧਾਰਾਂ ਤੇ ਦਿੱਤੇ ਜਾਣ ਵਾਲੇ ਵਿਆਜ਼ ਨੂੰ ਸੰਪਤੀ ਤੋਂ ਭਵਿੱਖ ਵਿੱਚ ਹੋਣ ਵਾਲੇ ਲਾਭ ਨਾਲ ਮੇਲ ਕੇ ਦੇਖਿਆ ਜਾਵੇਗਾ।

ੲ. ਵਿਆਜ ਦੇਣ ਦੀ ਆਖਰੀ ਤਾਰੀਖ ਅਤੇ ਹਿਸਾਬ ਕਿਤਾਬ ਦਾ ਚਿੱਠਾ ਬਣਾਉਣ ਦੀ ਤਾਰੀਖ ਦੇ ਦਰਮਿਆਨ ਲੱਗੇ ਵਿਆਜ ਬਾਰੇ ਵਿਵਸਥਾ ਕੀਤੀ ਜਾਵੇਗੀ ਅਤੇ ਇਸਨੂੰ ਚਾਲੂ ਅਵਧੀ ਆਮਦਨ-ਖਰਚ ਦੇ ਚਿੱਠੇ ਵਿੱਚ ਪਾਇਆ ਜਾਵੇਗਾ।

ਸ. ਡੀਬੈਂਚਰ ਅਤੇ ਬਾਂਡ ਜਾਰੀ ਕਰਨ ਤੇ ਆਏ ਖਰਚ ਨੂੰ ਅੱਗੇ ਪਾ ਕੇ ਇਸ ਦਾ ਭੁਗਤਾਨ ਬਰਾਬਰ ਕਿਸਤਾਂ ਵਿੱਚ ਪੰਜ ਸਾਲ ਦੀ ਅਵਧੀ ਜਾਂ ਕਰਜ਼ ਦੀ ਅਵਧੀ (ਜੋ ਵੀ ਪਹਿਲਾ ਹੋਵੇ) ਦੌਰਾਨ ਕਰ ਦਿੱਤਾ ਜਾਵੇਗਾ। ਜੇ ਡੀਬੈਂਚਰ ਅਤੇ ਬਾਂਡ ਅਵਧੀ ਤੋਂ ਪਹਿਲਾਂ ਹੀ ਤੁੜਵਾ ਲਏ ਜਾਣ ਤਾਂ ਜਾਰੀ ਕਰਨ ਤੇ ਆਏ ਖਰਚ ਦੇ ਬਕਾਏ ਤੇ ਕਲਮ ਫੇਰ ਕੇ ਇਸ ਨੂੰ ਅਜਿਹਾ ਕੀਤੇ ਜਾਣ ਸਮੇਂ ਆਮਦਨ-ਖਰਚ ਦੇ ਚਿੱਠੇ ਵਿੱਚ ਸ਼ਾਮਿਲ ਕਰ ਲਿਆ ਜਾਵੇਗਾ। ਲੇਕਿਨ ਉਪਰੋਕਤ ਤੋਂ ਇਲਾਵਾ ਕਰਜ ਲੈਣ ਤੇ ਆਏ ਹੋਰ ਸਾਰੇ ਖਰਚੇ ਖਰਚ ਹੋਣ ਦੇ ਸਾਲ ਵਿੱਚ ਦਿਖਾਏ ਜਾਣਗੇ।

## 11. ਵਿਸ਼ੇਸ਼ ਫੰਡ

ੳ. ਵਿਸ਼ੇਸ਼ ਫੰਡ ਬਣਾਏ ਜਾਣ ਉਪਰੰਤ ਇਨ੍ਹਾਂ ਨੂੰ ਦੇਣਦਾਰੀ ਸਮਝਿਆ ਜਾਵੇਗਾ।

ਅ. ਵਿਸ਼ੇਸ਼ ਫੰਡਾਂ ਵਿੱਚੋਂ ਕੀਤੇ ਗਏ ਨਿਵੇਸ਼ ਤੋਂ ਹੋਣ ਵਾਲੀ ਆਮਦਨੀ ਨੂੰ ਵਿਸ਼ੇਸ਼ ਫੰਡ ਦੇ ਜਮ੍ਹਾਂ ਖਾਤੇ ਵਿੱਚ ਪਾਇਆ ਜਾਵੇਗਾ। ਵਿਸ਼ੇਸ਼ ਫੰਡ ਵਿਚੋਂ ਕੀਤੇ ਗਏ ਨਿਵੇਸ਼ ਨੂੰ ਸਮੇਟਣ ਵੇਲੇ ਹੋਣ ਵਾਲੇ ਲਾਭ ਜਾਂ ਹਾਨੀ ਨੂੰ ਵਿਸ਼ੇਸ਼ ਫੰਡ ਦੇ ਜਮ੍ਹਾਂ ਖਾਤੇ (Credit) ਜਾਂ ਉਧਾਰ ਖਾਤੇ (Debit) ਵਿੱਚ ਪਾ ਦਿੱਤਾ ਜਾਵੇਗਾ।

ੲ. ਕਿਸੇ ਵੀ ਅਜਿਹੀ ਸਕੀਮ ਜਾਂ ਪ੍ਰਾਜੈਕਟ ਤੇ, ਜਿਸ ਲਈ ਵਿਸ਼ੇਸ਼ ਫੰਡ ਬਣਾਇਆ ਗਿਆ ਹੋਵੇ, ਵਿਸ਼ੇਸ਼ ਤੌਰ ਤੇ ਕੀਤੇ ਜਾਣ ਵਾਲੇ ਖਰਚ ਨੂੰ ਵਿਸ਼ੇਸ਼ ਫੰਡ ਦੇ ਖਾਤੇ ਵਿੱਚ ਪਾਇਆ ਜਾਵੇਗਾ।

ਸ. ਵਿਸ਼ੇਸ਼ ਫੰਡ ਵਿੱਚੋਂ ਕਿਸੇ ਸਥਿਰ ਸੰਪਤੀ (Fixed Asset) ਦਾ ਨਿਰਮਾਣ ਪੂਰਾ ਹੋ ਜਾਣ ਤੇ ਜਾਂ ਇਸ ਨੂੰ ਪ੍ਰਾਪਤ ਕੀਤੇ ਜਾਣ ਤੇ, ਇਸ ਸੰਪਤੀ ਦੀ ਲਾਗਤ ਦੇ ਬਰਾਬਰ ਦੀ ਰਾਸ਼ੀ ਨੂੰ ਸੰਬੰਧਤ ਵਿਸ਼ੇਸ਼ ਫੰਡ ਵਿੱਚੋਂ ਕੱਢ ਕੇ ਵਰਤੇ ਗਏ ਵਿਸ਼ੇਸ਼ ਫੰਡ (SpecIl Fund-Utilized) ਖਾਤੇ ਵਿੱਚ ਪਾ ਦਿੱਤਾ ਜਾਵੇਗਾ।

## 12. ਨਿਵੇਸ਼

ੳ. ਨਿਵੇਸ਼ ਦਾ ਮੁਲਾਂਕਣ ਇਸ ਦੀ ਲਾਗਤ ਦੇ ਅਧਾਰ ਤੇ ਹੋਵੇਗਾ। ਨਿਵੇਸ਼ ਦੀ ਲਾਗਤ ਵਿੱਚ ਨਿਵੇਸ਼ ਕਰਨ ਵਿੱਚ ਹੋਏ ਖਰਚ ਅਤੇ ਹੋਰ ਇਤਫਾਕੀਆ ਖਰਚ ਸ਼ਾਮਿਲ ਕੀਤੇ ਜਾਣਗੇ।

ਅ. ਲੰਬੀ ਅਵਧੀ ਦੇ ਸਾਰੇ ਨਿਵੇਸ਼ਾਂ ਨੂੰ ਉਨ੍ਹਾਂ ਦੀ ਲਾਗਤ ਦੇ ਅਧਾਰ ਤੇ ਖਾਤਿਆਂ ਵਿੱਚ ਦਿਖਾਇਆ ਜਾਂ ਅੱਗੇ ਲਿਜਾਇਆ ਜਾਵੇਗਾ। ਕਿੰਤੂ ਆਮਦਨ-ਖਰਚ ਦੇ ਚਿੱਠੇ ਵਾਲੇ ਦਿਨ ਉਨ੍ਹਾਂ ਦੀ ਕੀਮਤ ਵਿੱਚ ਕੋਈ ਸਥਾਈ ਕਮੀ ਹੋਣ ਦੀ ਹਾਲਤ ਵਿੱਚ ਅਜਿਹੀ ਕਮੀ ਲਈ ਵਿਵਸਥਾ ਕੀਤੀ ਜਾਵੇਗੀ।

ੲ. ਛੋਟੀ ਅਵਧੀ ਦੇ ਨਿਵੇਸ਼ਾਂ ਨੂੰ ਉਨ੍ਹਾਂ ਦੀ ਲਾਗਤ ਜਾਂ ਬਜ਼ਾਰੀ ਕੀਮਤ (ਜੋ ਵੀ ਘੱਟ ਹੋਵੇ) ਤੇ ਦਰਜ ਕੀਤਾ ਜਾਵੇਗਾ।

ਸ. ਨਿਵੇਸ਼ਾਂ ਤੇ ਪੈਣ ਵਾਲੇ ਵਿਆਜ ਦਾ, ਜਦੋਂ ਵੀ ਇਹ ਦੇਣ ਯੋਗ ਹੋਵੇ, ਜ਼ਿਕਰ ਕੀਤਾ ਜਾਵੇਗਾ। ਅਵਧੀ ਦੇ ਅੰਤ ਵਿੱਚ ਵਿਆਜ ਨੂੰ ਅਨੁਪਾਤੀ ਅਧਾਰ ਤੇ ਲਗਾਇਆ ਜਾਵੇਗਾ।

ਹ. ਨਿਵੇਸ਼ਾਂ ਤੇ ਮਿਲਣ ਵਾਲੇ ਲਾਭ ਅੰਸ਼ ਨੂੰ ਸੱਚਮੁੱਚ ਪ੍ਰਾਪਤ ਹੋਣ ਉਪਰੰਤ ਹੀ ਦਰਜ ਕੀਤਾ ਜਾਵੇਗਾ।

ਕ. ਨਗਰ ਪਾਲਕਾ ਫੰਡ ਵਿਚੋਂ ਕੀਤੇ ਗਏ ਨਿਵੇਸ਼ ਨੂੰ ਸਮੇਟਣ ਵੇਲੇ ਹੋਏ ਲਾਭ ਜਾਂ ਹਾਨੀ ਨੂੰ ਉਸੇ ਸਾਲ ਵਿੱਚ ਦਿਖਾਇਆ ਜਾਵੇਗਾ ਜਿਸ ਵਿੱਚ ਨਿਵੇਸ਼ ਨੂੰ ਸਮੇਟਿਆ ਗਿਆ ਹੋਵੇ।

ਖ. ਵਿਸ਼ੇਸ਼ ਸਕੀਮ ਅਧੀਨ ਮਿਲਣ ਵਾਲੇ ਵਿਸ਼ੇਸ਼ ਫੰਡਾਂ ਜਾਂ ਗਰਾਂਟਾਂ ਤੇ ਕੀਤੇ ਗਏ ਨਿਵੇਸ਼ ਤੋਂ ਹੋਣ ਵਾਲੀ ਆਮਦਨੀ ਨੂੰ ਸਕੀਮ ਦੇ ਸੰਬੰਧਤ ਵਿਸ਼ੇਸ਼ ਫੰਡ ਜਾਂ ਗਰਾਂਟ ਦੇ ਖਾਤੇ ਵਿੱਚ ਪਾਇਆ ਜਾਵੇਗਾ। ਵਿਸ਼ੇਸ਼ ਸਕੀਮ ਅਧੀਨ ਮਿਲਣ ਵਾਲੇ ਵਿਸ਼ੇਸ਼ ਫੰਡਾਂ ਜਾਂ ਗਰਾਂਟਾਂ ਵਿੱਚੋਂ ਕੀਤੇ ਗਏ ਨਿਵੇਸ਼ ਨੂੰ ਸਮੇਟਣ ਵੇਲੇ ਹੋਣ ਵਾਲੇ ਲਾਭ ਜਾਂ ਹਾਨੀ (ਵੇਚਣ ਲਈ ਦਿੱਤੇ ਜਾਣ ਵਾਲੇ ਕਮਿਸ਼ਨ ਆਦਿ) ਨੂੰ ਵਿਸ਼ੇਸ਼ ਸਕੀਮ ਦੇ ਵਿਸ਼ੇਸ਼ ਫੰਡ ਦੇ ਜਮ੍ਹਾਂ ਜਾਂ ਉਧਾਰ ਖਾਤੇ ਵਿੱਚ ਪਾਇਆ ਜਾਵੇਗਾ। ਲੇਕਿਨ ਚੁਕੌਤੀ ਦੇ ਤੌਰ ਤੇ ਮਿਲੀਆਂ ਹੋਈਆਂ ਗਰਾਂਟਾਂ ਵਿੱਚੋਂ ਕੀਤੇ ਗਏ ਨਿਵੇਸ਼ ਤੇ ਮਿਲਣ ਵਾਲੇ ਵਿਆਜ ਜਾਂ ਲਾਭ ਨੂੰ ਗਰਾਂਟ ਦੀ ਬਜਾਇ ਆਮ ਫੰਡ ਜਾਂ ਪਾਲਕਾ ਫੰਡ ਵਿੱਚ ਜਮ੍ਹਾਂ ਕੀਤਾ ਜਾਵੇਗਾ।

## 13. ਸਥਿਰ ਸੰਪਤੀਆਂ :

ੳ. ਸਾਰੀਆਂ ਸਥਿਰ ਸੰਪਤੀਆਂ ਦਾ ਜ਼ਿਕਰ ਉਨ੍ਹਾਂ ਦੀ ਲਾਗਤ ਵਿੱਚੋਂ ਹੁਣ ਤੱਕ ਹੋਈ ਟੁੱਟ-ਫੁੱਟ ਦੇ ਖਰਚ ਨੂੰ ਘਟਾ ਕੇ ਕੀਤਾ ਜਾਵੇਗਾ। ਸਥਿਰ ਸੰਪਤੀਆਂ ਦੀ ਲਾਗਤ ਵਿੱਚ ਉਨ੍ਹਾਂ ਨੂੰ ਪ੍ਰਾਪਤ ਕਰਨ, ਸਥਾਪਤ ਕਰਨ ਜਾਂ ਉਨ੍ਹਾਂ ਦਾ ਨਿਰਮਾਣ ਕਰਨ ਤੇ ਹੋਏ ਖਰਚ, ਉਨ੍ਹਾਂ ਦਾ ਨਿਰਮਾਣ ਜਾਂ ਪ੍ਰਾਪਤ ਕਰਨ ਲਈ ਲਏ ਗਏ ਕਰਜ਼ਿਆਂ ਤੇ ਉਨ੍ਹਾਂ ਸੰਪਤੀਆਂ ਦੇ ਉਪਯੋਗ ਸ਼ੁਰੂ ਹੋਣ ਦੀ ਤਾਰੀਖ ਤੱਕ ਪਏ ਵਿਆਜ ਅਤੇ ਉਸ ਤਾਰੀਖ ਤੱਕ ਹੋਰ ਇਤਫਾਕੀਆ ਜਾਂ ਅਪ੍ਰਤੱਖ ਰੂਪ ਵਿੱਚ ਹੋਣ ਵਾਲੇ ਖਰਚ ਨੂੰ ਸ਼ਾਮਿਲ ਕੀਤਾ ਜਾਵੇਗਾ।

ਅ. ਸੰਪਤੀ ਦੀ ਉਪਯੋਗਤਾ ਜਾਂ ਇਸ ਦੀ ਹੰਢਣਸਾਰਤਾ ਵਿੱਚ ਵਾਧਾ ਕਰਨ ਲਈ ਕੀਤੇ ਗਏ ਕਿਸੇ ਵੀ ਸੁਧਾਰ ਜਾਂ ਵਰਿੱਧੀ ਨੂੰ ਭਵਿੱਖ ਵਿੱਚ ਹੋਣ ਵਾਲੇ ਲਾਭ ਨਾਲ ਮੇਲ ਕੇ ਦੇਖਿਆ ਜਾਵੇਗਾ ਅਤੇ ਇਸ ਨੂੰ ਸਥਿਰ ਸੰਪਤੀ ਦੀ ਲਾਗਤ ਵਿੱਚ ਸ਼ਾਮਿਲ ਕੀਤਾ ਜਾਵੇਗਾ।

ੲ. ਕਿਸੇ ਵੀ ਅਜਿਹੀ ਸਥਿਰ ਸੰਪਤੀ ਨੂੰ, ਜਿਹੜੀ ਮੁਫਤ ਮਿਲੀ ਹੋਵੇ ਜਾਂ ਜਿਸ ਲਈ ਕੋਈ ਭੁਗਤਾਨ ਨਾ ਕੀਤਾ ਗਿਆ ਹੋਵੇ, ਇੱਕ ਰੁਪਏ ਦੀ ਨਾਂ ਮਾਤਰ ਕੀਮਤ ਤੇ ਦਿਖਾਇਆ ਜਾਵੇਗਾ।

ਸ. ਪੰਜ ਹਜਾਰ ਤੋਂ ਘੱਟ ਕੀਮਤ ਵਾਲੀਆਂ ਸਾਰੀਆਂ ਸੰਪਤੀਆਂ ਅਪਣੀ ਖਰੀਦ ਦੇ ਸਾਲ ਦੇ ਆਮਦਨ-ਖਰਚ ਦੇ ਚਿੱਠੇ ਵਿੱਚ ਪਾਈਆਂ ਜਾਣਗੀਆਂ।

ਹ. ਪੁਨਰ-ਮੁਲਾਂਕਣ ਤੇ ਕੀਮਤ ਵਿੱਚ ਹੋਣ ਵਾਲੀ ਵਰਿੱਧੀ ਨੂੰ ਨਗਰ ਪਾਲਕਾ ਦੇ ਫੰਡ ਅਧੀਨ ਪੁਨਰ-ਮੁਲਾਂਕਣ ਦੇ ਰਾਖਵੇਂ ਖਾਤੇ (Revaluation Reserve Account) ਵਿੱਚ ਪਾ ਦਿੱਤਾ ਜਾਵੇਗਾ। ਸਥਿਰ ਸੰਪਤੀ ਦੇ ਪੁਨਰ-ਮੁਲਾਂਕਣ ਤੇ ਇਸ ਦੀ ਕੀਮਤ ਵਿੱਚ ਹੋਣ ਵਾਲੀ ਕਮੀ ਨੂੰ ਆਮਦਨ-ਖਰਚ ਦੇ ਖਾਤੇ ਵਿੱਚ ਪਾ ਦਿੱਤਾ ਜਾਂਦਾ ਹੈ।

ਕ. ਸੰਪਤੀਆਂ ਦੇ ਕਿਸੇ ਵਰਗ ਦੇ ਪੁਨਰ-ਮੁਲਾਂਕਣ ਨਾਲ ਉਸ ਵਰਗ ਦੀਆਂ ਸੰਪਤੀਆਂ ਦੀ ਕੀਮਤ ਉਨ੍ਹਾਂ ਸੰਪਤੀਆਂ ਲਈ ਵਸੂਲੀ ਜਾਣ ਯੋਗ ਰਾਸ਼ੀ ਤੋਂ ਜ਼ਿਆਦਾ ਨਹੀਂ ਹੋਵੇਗੀ।

ਖ. ਪੁਨਰ ਮੁਲਾਂਕਣ ਤੋਂ ਹੋਣ ਵਾਲੇ ਰਾਖਵੇਂ ਵਾਧੇ ਨੂੰ ਸਥਿਰ ਸੰਪਤੀ ਦੇ ਪੁਨਰ ਮੁਲਾਂਕਣ ਵਾਲੇ ਭਾਗ ਵਿੱਚ ਹੋਈ ਟੁੱਟ-ਫੁੱਟ ਦੀ ਉੰਨੀ ਹੀ ਕੀਮਤ ਪਾ ਕੇ ਘਟਾ ਦਿੱਤਾ ਜਾਵੇਗਾ।

ਗ. ਟੁੱਟ-ਫੁੱਟ ਦੀ ਕੀਮਤ ਸਰਕਾਰ ਦੁਆਰਾ ਨਿਰਧਾਰਤ ਦਰ ਤੇ ਪਾਈ ਜਾਵੇਗੀ। ਹਰੇਕ ਸਥਿਰ ਸੰਪਤੀ ਦੀ ਟੁੱਟ-ਫੁੱਟ ਲਈ ਇਕਸਾਰਤਾ ਨਾਲ Written Down Value ਜਾਂ Straight Line Method ਰਾਹੀਂ ਵਿਵਸਥਾ ਕੀਤੀ ਜਾਵੇਗੀ।

ਘ. ਹਿਸਾਬ ਕਿਤਾਬ ਦੇ ਸਾਲ ਦੇ ਪਹਿਲੇ ਅਕਤੂਬਰ ਤੋਂ ਪਹਿਲਾਂ ਖਰੀਦੀਆਂ ਜਾਂ ਬਣਾਈਆਂ ਗਈਆਂ ਸੰਪਤੀਆਂ ਦੀ ਟੁੱਟ-ਫੁੱਟ ਦਾ ਪੂਰੀ ਦਰ ਤੇ ਮੁਲਾਂਕਣ ਕਰਨ ਦੀ ਵਿਵਸਥਾ ਹੈ। ਹਿਸਾਬ ਕਿਤਾਬ ਦੇ ਸਾਲ ਦੇ ਪਹਿਲੇ ਅਕਤੂਬਰ ਨੂੰ ਜਾਂ ਇਸ ਤੋਂ ਮਗਰੋਂ ਖਰੀਦੀਆਂ ਜਾਂ ਬਣਾਈਆਂ ਗਈਆਂ ਸੰਪਤੀਆਂ ਲਈ ਇਸ ਤੋਂ ਅੱਧੀ ਦਰ ਦੀ ਵਿਵਸਥਾ ਹੈ।

ਙ. ਹਿਸਾਬ ਕਿਤਾਬ ਦੇ ਸਾਲ ਦੇ ਪਹਿਲੇ ਅਕਤੂਬਰ ਨੂੰ ਜਾਂ ਇਸ ਤੋਂ ਮਗਰੋਂ ਸਮੇਟੀਆਂ ਜਾਣ ਵਾਲੀਆਂ ਸੰਪਤੀਆਂ ਤੇ ਟੁੱਟ-ਫੁੱਟ ਦੇ ਮੁਲਾਂਕਣ ਦੀ ਪੂਰੀ ਦਰ ਲਗਾਈ ਜਾਵੇਗੀ। ਹਿਸਾਬ-ਕਿਤਾਬ ਦੇ ਸਾਲ ਦੇ ਪਹਿਲੇ ਅਕਤੂਬਰ ਤੋਂ ਪਹਿਲਾਂ ਸਮੇਟੀਆਂ ਗਈਆਂ ਸੰਪਤੀਆਂ ਲਈ ਇਹ ਦਰ ਅੱਧੀ ਹੋਵੇਗੀ।

ਚ. ਰਜਿਸਟਰ ਵਿੱਚ ਦਰਜ ਸੰਪਤੀਆਂ ਨੂੰ, ਜਿਹੜੀਆਂ ਭੌਤਿਕ ਤੌਰ ਤੇ ਉਪਲਬਧ ਨਹੀਂ ਹਨ, ਰਾਜ ਸਰਕਾਰ ਦੇ ਜਾਂ ਨਗਰ ਪਾਲਕਾ ਦੇ ਕਾਨੂੰਨਾਂ ਦੁਆਰਾ ਨਿਰਧਾਰਤ ਕੀਤੀ ਗਈ ਇੱਕ ਖਾਸ ਅਵਧੀ ਪਿੱਛੋਂ ਵੱਟੇ ਖਾਤੇ ਪਾ ਦਿੱਤਾ ਜਾਵੇਗਾ। ਅਜਿਹਾ ਕਰਨ ਲਈ ਯੋਗ ਅਧਿਕਾਰੀ ਦਾ ਵੀ ਨਿਰਣਾ ਕੀਤਾ ਜਾਵੇਗਾ। ਕਿੰਤੂ ਨਿਰਧਾਰਤ ਅਵਧੀ ਪੰਜ ਸਾਲ ਤੋਂ ਵੱਧ ਨਹੀਂ ਹੋਵੇਗੀ।

**14. ਕਰਜ਼**

ੳ. ਕਰਜ਼ ਉੱਪਰ ਲੱਗਣ ਵਾਲੇ ਵਿਆਜ ਜਾਂ ਦੰਡ ਵਜੋਂ ਲਗਾਏ ਜਾਣ ਵਾਲੇ ਵਿਆਜ ਨੂੰ ਲੱਗਣ ਵੇਲੇ ਤੋਂ ਮੰਨਿਆ ਜਾਵੇਗਾ। ਅਵਧੀ ਦੇ ਅੰਤ ਵਿੱਚ ਵਿਆਜ ਨੂੰ ਅਵਧੀ ਦੇ ਅੰਤ ਦੀ ਤਾਰੀਖ ਤੱਕ ਲਗਾਇਆ ਜਾਵੇਗਾ।

ਅ. ਵਿਸ਼ੇਸ਼ ਫੰਡ ਜਾਂ ਗਰਾਂਟ ਵਿੱਚੋਂ ਦਿੱਤੇ ਗਏ ਕਰਜ਼ਿਆਂ ਤੇ ਲੱਗਣ ਵਾਲੇ ਜਾਂ ਦੰਡ ਵਜੋਂ ਲਗਾਏ ਜਾਣ ਵਾਲੇ ਵਿਆਜ ਨੂੰ ਸਿੱਧਾ ਵਿਸ਼ੇਸ਼ ਫੰਡ ਜਾਂ ਗਰਾਂਟ ਦੇ ਜਮ੍ਹਾਂ ਖਾਤੇ ਵਿੱਚ ਪਾ ਦਿੱਤਾ ਜਾਵੇਗਾ।

ੲ. ਗੈਰ-ਯਕੀਨੀ ਜਾਂ ਵਾਪਸ ਨਾ ਆਉਣ ਵਾਲੇ ਕਰਜ਼ਿਆਂ ਬਾਰੇ ਵਿਵਸਥਾ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਸਿਧਾਂਤਾਂ ਅਨੁਸਾਰ ਕੀਤੀ ਜਾਵੇਗੀ ਜਿਹੜੇ ਇਸ ਸੰਬੰਧ ਵਿੱਚ ਰਾਜ ਸਰਕਾਰ ਦੁਆਰਾ ਜਾਰੀ ਕੀਤੇ ਗਏ ਨਿਰਦੇਸ਼ਾਂ ਤੇ ਆਧਾਰਤ ਹਨ।

ਸ. ਸਾਲ ਦੇ ਦੌਰਾਨ ਲੋੜ ਪੈਣ ਤੇ ਬਕਾਇਆ ਰਹਿੰਦੇ ਕਰਜ਼ਿਆਂ ਬਾਰੇ ਵਧੀਕ ਦੰਡ ਦੀ ਕੀਤੀ ਗਈ ਕਿਸੇ ਵੀ ਵਿਵਸਥਾ ਨੂੰ ਖਰਚ ਮੰਨਿਆ ਜਾਵੇਗਾ ਅਤੇ ਸਾਲ ਦੌਰਾਨ ਪਿਛਲੀ ਤਾਰੀਖ ਤੋਂ ਵਧੇਰੇ ਦੰਡ ਲੈਣ ਦੀ ਕੀਤੀ ਗਈ ਕਿਸੇ ਵੀ ਵਿਵਸਥਾ ਨੂੰ ਸ਼ਹਿਰੀ ਸਥਾਨਕ ਸੰਸਥਾ ਦੀ ਆਮਦਨੀ ਮੰਨਿਆ ਜਾਵੇਗਾ।

ਹ. ਵੱਟੇ ਖਾਤੇ ਪਾਏ ਗਏ ਨਾ ਮੁੜਨ ਵਾਲੇ ਜਾਂ ਗੈਰ ਯਕੀਨੀ ਕਰਜ਼ਿਆਂ ਨੂੰ ਵਸੂਲ ਕੀਤੇ ਗਏ ਦੰਡ ਦੀ ਰਾਸ਼ੀ ਨਾਲ ਮੇਲਿਆ ਜਾਵੇਗਾ ਅਤੇ ਉਸ ਹੱਦ ਤੱਕ ਬਕਾਇਆ ਰਹਿੰਦੇ ਕਰਜ਼ ਘਟ ਜਾਂਦੇ ਹਨ। ਜੇ ਦੰਡ ਦੀ ਰਾਸ਼ੀ ਕਾਫੀ ਨਾ ਹੋਵੇ ਤਾਂ ਵੱਟੇ ਖਾਤੇ ਪਾਏ ਕਰਜ਼ਿਆਂ ਨੂੰ ਖਰਚ ਮੰਨਿਆ ਜਾਵੇਗਾ।

## 15. ਵਿਭਾਗਾਂ ਦੇ ਆਪਸੀ ਲੈਣ ਦੇਣ

ੳ. ਵਿਭਾਗਾਂ ਵਿਚਕਾਰ ਹੋਣ ਵਾਲੇ ਸਾਰੇ ਲੈਣ ਦੇਣ ਨੂੰ ਲਾਗਤ ਦੇ ਅਧਾਰ ਤੇ ਦਰਜ਼ ਕੀਤਾ ਜਾਵੇਗਾ ਅਤੇ ਇਸ ਵਿੱਚ ਜਿਆਦਾ ਲਾਗਤ (Mark up) ਨਹੀਂ ਲਗਾਈ ਜਾਵੇਗੀ।

ਅ. ਸਾਲ ਦੇ ਅੰਤ ਵਿੱਚ ਵਿਭਾਗਾਂ ਦੇ ਆਪਸੀ ਹਿਸਾਬ ਕਿਤਾਬ ਨੂੰ ਸ਼ਹਿਰੀ ਸਥਾਨਕ ਸੰਸਥਾ ਦੇ ਕਨਸੌਲੀਡੇਟਡ ਖਾਤੇ ਵਿੱਚ ਮਿਲਾ ਲਿਆ ਜਾਂਦਾ ਹੈ।

ਹਿਸਾਬ-ਕਿਤਾਬ ਰੱਖਣ ਦੇ ਉੱਪਰ ਦਿੱਤੇ ਗਏ ਸਿਧਾਂਤ ਨਗਰ ਪਾਲਕਾਵਾਂ ਦੁਆਰਾ ਘਾਟਾ-ਵਾਧਾ ਆਧਾਰਤ ਪ੍ਰਣਾਲੀ ਨੂੰ ਲਾਗੂ ਕਰਨ ਲਈ ਅਤਿ ਜਰੂਰੀ ਹਨ। ਇਸ ਤੋਂ ਇਲਾਵਾ ਮਹਿਸੂਲ, ਸਿਹਤ, ਸਫਾਈ, ਸਥਾਨਕ ਸੰਸਥਾਵਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਨ੍ਹਾਂ ਵਿੱਚ ਵਰਿੱਧੀ ਜਾਂ ਉਨ੍ਹਾਂ ਦੇ ਮਿਲਾਏ ਜਾਣ, ਨਗਰ ਪਾਲਕਾ ਦੇ ਸਕੂਲ ਬੋਰਡ ਅਤੇ ਢੋ-ਢੁਆਈ ਦੇ ਮਹਿਕਮੇ ਨੂੰ ਵੀ ਮੈਨੂਅਲ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। ਹਿਸਾਬ-ਕਿਤਾਬ ਦੇ ਸਿਧਾਂਤਾਂ ਨੂੰ ਧਿਆਨ ਵਿੱਚ ਰਖਦੇ ਹੋਏ, ਇਸ ਪ੍ਰਣਾਲੀ ਨੂੰ ਲਾਗੂ ਕਰਨ ਲਈ ਪੇਸ਼ਾਵਰ ਲੇਖਾਕਾਰਾਂ ਅਤੇ ਚਾਰਟਰਡ ਲੇਖਾਕਾਰਾਂ ਦੀਆਂ ਸੇਵਾਵਾਂ ਲਈਆਂ ਜਾਂ ਸਕਦੀਆਂ ਹਨ।

## ਕੋਡੀਫਿਕੇਸ਼ਨ ਵਿਧੀ ਅਤੇ ਹਿਸਾਬ-ਕਿਤਾਬ ਦਾ ਖਾਕਾ (Codification Structure and Chart of Accounts)

ਪ੍ਰਸਤਾਵਤ ਕੋਡੀਫਿਕੇਸ਼ਨ ਵਿਧੀ ਰਾਹੀਂ ਸ਼ਹਿਰੀ ਸਥਾਨਕ ਸੰਸਥਾ ਵਿਚਲੀ ਉਸ ਹਰ ਪ੍ਰਕਾਰ ਦੀ ਵਿੱਤੀ ਸੂਚਨਾ ਨੂੰ ਗ੍ਰਹਿਣ ਕਰਨਾ ਅਸਾਨ ਹੋ ਜਾਂਦਾ ਹੈ ਜਿਹੜੀ ਸ਼ਾਸਨ ਪ੍ਰਣਾਲੀ ਲਈ ਮਹੱਤਵਪੂਰਣ ਹੁੰਦੀ ਹੈ। ਹਰ ਪ੍ਰਕਾਰ ਦੇ ਵਰਗੀਕਰਣ ਨੂੰ ਇੱਕ ਸਮੂਹ ਸਮਝਿਆ ਜਾਂਦਾ ਹੈ। ਕਿਉਂਕਿ ਇਹ ਮੈਨੂਅਲ ਸ਼ਹਿਰੀ ਸਥਾਨਕ ਸੰਸਥਾਵਾਂ ਲਈ ਬਣਿਆ ਹੈ, ਇਸ ਲਈ ਰਾਸ਼ਟਰੀ ਪੱਧਰ ਤੇ ਉਨ੍ਹਾਂ ਦੀ ਸਮਰਥਾ ਅਤੇ ਅਕਾਰ ਤੋਂ ਇਲਾਵਾ ਉਨ੍ਹਾਂ ਨਾਲ ਸੰਬੰਧ ਰੱਖਣ ਵਾਲੇ ਵੱਖ-ਵੱਖ ਵਿਅਕਤੀਆਂ ਦੀਆਂ ਘੱਟੋ-ਘੱਟ ਜਰੂਰਤਾਂ ਦਾ ਧਿਆਨ ਰੱਖਦੇ ਹੋਏ, ਕੁੱਝ ਲਾਜ਼ਮੀ ਜਾਣਕਾਰੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਸਾਰੀਆਂ ਸਥਾਨਕ ਸੰਸਥਾਵਾਂ ਲਈ ਲਾਜਮੀ ਵਰਗ ਹਨ:

* ਕਾਰਜ (Functions)
* ਹਿਸਾਬ-ਕਿਤਾਬ ਦੀਆਂ ਮੱਦਾਂ (Account Heads)

ਕਾਰਜ਼ਾਂ ਤੋਂ ਭਾਵ ਸਥਾਨਕ ਸੰਸਥਾ ਦੁਆਰਾ ਕੀਤੇ ਜਾ ਰਹੇ ਵੱਖ-ਵੱਖ ਕੰਮ ਅਤੇ ਸੇਵਾਵਾਂ ਹਨ। ਹਿਸਾਬ ਕਿਤਾਬ ਦੀਆਂ ਮੱਦਾਂ ਤੋਂ ਆਮਦਨ ਜਾਂ ਖਰਚ ਦੀ ਪ੍ਰਕਿਰਤੀ ਦਾ ਪਤਾ ਚਲਦਾ ਹੈ।

ਸ਼ਹਿਰੀ ਸਥਾਨਕ ਸੰਸਥਾਵਾਂ ਦੇ ਬਜਟ ਇਨ੍ਹਾਂ ਦੇ ਕਾਰਜਾਂ ਤੇ ਕੇਂਦਰਤ ਹੁੰਦੇ ਹਨ। ਇਹ ਕਾਰਜ ਜਿੰਮੇਵਾਰੀਆਂ ਨਿਭਾਉਣ ਵਾਲੇ ਵੱਖ-ਵੱਖ ਕੇਂਦਰਾਂ ਦੁਆਰਾ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਵਿਭਾਗ ਕਿਹਾ ਜਾਂਦਾ ਹੈ। ਇਨ੍ਹਾਂ ਕਾਰਜਾਂ ਦੇ ਭੂਗੋਲਕ ਪ੍ਰਸਾਰ ਦਾ ਵੀ ਧਿਆਨ ਰੱਖਿਆ ਜਾ ਸਕਦਾ ਹੈ। ਵਿਕੇਂਦਰੀਕਰਣ ਤਹਿਤ ਵਾਰਡ ਕਮੇਟੀਆਂ ਬਣਾਏ ਜਾਣ ਨਾਲ ਇਹ ਹੋਰ ਵੀ ਜਰੂਰੀ ਹੋ ਜਾਂਦਾ ਹੈ। ਇਸ ਕਰਕੇ ਕਈ ਸ਼ਹਿਰੀ ਸਥਾਨਕ ਸੰਸਥਾਵਾਂ ਅਪਣੇ ਆਮਦਨ-

ਖਰਚ ਦੇ ਬਜਟ ਨੂੰ ਕਾਰਜ, ਕਾਰਜ ਕਰਤਾ (ਵਿਭਾਗ) ਅਤੇ ਖੇਤਰ ਦੇ ਪੱਧਰ ਤੇ ਬਣਾਉਂਦੀਆਂ ਹਨ।

ਹਿਸਾਬ ਕਿਤਾਬ ਦੇ ਖਾਕੇ ਅਧੀਨ ਉਨ੍ਹਾਂ ਮੱਦਾਂ ਦਾ ਵਰਣਨ ਹੁੰਦਾ ਹੈ ਜਿਨ੍ਹਾਂ ਤਹਿਤ ਸਥਾਨਕ ਸੰਸਥਾਵਾਂ ਦੀ ਆਮਦਨ ਅਤੇ ਖਰਚ ਦਾ ਵਰਗੀਕਰਣ ਕੀਤਾ ਜਾਂਦਾ ਹੈ। ਇਸ ਨਾਲ ਹਿਸਾਬ ਕਿਤਾਬ ਰੱਖਣਾ ਅਤੇ ਇਸਦਾ ਚਿੱਠਾ ਬਣਾਉਣਾ ਅਸਾਨ ਹੋ ਜਾਂਦਾ ਹੈ। ਹਿਸਾਬ ਕਿਤਾਬ ਦੇ ਇੱਕ ਚੰਗੀ ਤਰ੍ਹਾਂ ਬਣਾਏ ਗਏ ਖਾਕੇ ਨਾਲ ਨਾ ਕੇਵਲ ਹਿਸਾਬ ਕਿਤਾਬ ਬਲਕਿ ਬਜਟ ਬਣਾਉਣ ਅਤੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦੀਆਂ ਜਰੂਰਤਾਂ ਵੀ ਪੂਰੀਆਂ ਹੁੰਦੀਆਂ ਹਨ; ਇਸ ਤੋਂ ਇਲਾਵਾ ਇਸ ਵਿੱਚ ਵੱਖ ਵੱਖ ਪ੍ਰਕਾਰ ਦੀ ਸੂਚਨਾ ਤੇ ਆਧਾਰਤ ਰਿਪੋਰਟਾਂ ਬਣਾਉਣ ਲਈ ਸੰਕੁਚਿਤ ਕੀਤੇ ਜਾਣ ਯੋਗ ਲਚਕ ਵੀ ਹੁੰਦੀ ਹੈ।

ਕਿਸੇ ਵੀ ਲੈਣ ਦੇਣ ਦੇ ਸਾਰੇ ਜਮ੍ਹਾਂ ਖਾਤਿਆਂ ਅਤੇ ਉਧਾਰ ਖਾਤਿਆਂ ਲਈ ਫੰਡ ਕੋਡ ਉਹੀ ਹੋਵੇਗਾ; ਬਜਟ ਕੋਡ ਲੈਣ ਦੇਣ ਦੇ ਕੁੱਝ-ਕੁ ਜਮ੍ਹਾਂ ਖਾਤਿਆਂ ਅਤੇ ਉਧਾਰ ਖਾਤਿਆਂ ਤੇ ਹੀ ਲਾਗੂ ਹੋਣਗੇ; ਅਕਾਊਂਟ ਕੋਡ ਲੈਣ ਦੇਣ ਦੇ ਹਰੇਕ ਜਮ੍ਹਾਂ ਖਾਤੇ ਅਤੇ ਉਧਾਰ ਖਾਤੇ ਲਈ ਵੱਖ-ਵੱਖ ਹੋਵੇਗਾ।

**ਹਿਸਾਬ ਕਿਤਾਬ ਅਤੇ ਇਸਦੇ ਚਿੱਠਿਆਂ ਦੀਆਂ ਵਹੀਆਂ**

ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸੰਬੰਧਤ ਵਿਵਸਥਾ ਅਤੇ ਨਿਯਮਾਂ ਅਨੁਸਾਰ ਸ਼ਹਿਰੀ ਸਥਾਨਕ ਸੰਸਥਾ ਦੁਆਰਾ ਸਲਾਨਾ ਪ੍ਰਸ਼ਾਸਨਿਕ ਰਿਪੋਰਟ ਅਤੇ ਹਿਸਾਬ ਕਿਤਾਬ ਦਾ ਚਿੱਠਾ ਬਣਾਉਣ ਦੀ ਸ਼ਰਤ ਰੱਖੀ ਗਈ ਹੈ। ਰਿਪੋਰਟ ਅਜਿਹੇ ਰੂਪ ਵਿੱਚ ਅਤੇ ਅਜਿਹੀ ਸੂਚਨਾ ਤੇ ਅਧਾਰਤ ਹੋਵੇਗੀ ਜਿਸਦਾ ਆਦੇਸ਼ ਸਥਾਈ ਕਮੇਟੀ ਦੁਆਰਾ ਸਮੇਂ ਸਮੇਂ ਤੇ ਦਿੱਤਾ ਜਾਵੇਗਾ।

ਹੇਠਾਂ ਦਿੱਤੀਆਂ ਗਈਆਂ ਵੱਖ ਵੱਖ ਰਿਪੋਰਟਾਂ ਤੇ ਆਧਾਰਤ ਹਿਸਾਬ ਕਿਤਾਬ ਦੇ ਚਿੱਠੇ ਬਣਾਉਣ ਦੀ ਜਿੰਮੇਵਾਰੀ ਇਸ ਵਿਭਾਗ ਦੇ ਮੁਖੀ ਦੀ ਹੋਵੇਗੀ। ਕਿੰਤੂ ਲੇਖਾ ਪਰੀਖਕ ਦੀ ਰਿਪੋਰਟ ਅਤੇ ਮਿਊਂਸਿਪਲ ਕਮਿਸ਼ਨਰ ਦੀ ਰਿਪੋਰਟ ਵਰਗੀਆਂ ਹੋਰ ਰਿਪੋਰਟਾਂ ਕ੍ਰਮਵਾਰ ਨਗਰ ਪਾਲਕਾ ਦੇ ਲੇਖਾ ਪਰੀਖਕ ਅਤੇ ਇਸ ਦੇ ਮਿਊਂਸਿਪਲ ਕਮਿਸ਼ਨਰ ਦੁਆਰਾ ਤਿਆਰ ਕੀਤੀਆਂ ਜਾਣਗੀਆਂ।

ਸ਼ਹਿਰੀ ਸਥਾਨਕ ਸੰਸਥਾ ਦੀ ਸਲਾਨਾ ਰਿਪੋਰਟ ਵਿੱਚ ਹੇਠ ਲਿਖੀ ਸੂਚਨਾ ਹੋਵੇਗੀ :

ੳ. ਵਿੱਤੀ ਸਥਿਤੀ ਦਾ ਚਿੱਠਾ ਜਿਸ ਵਿੱਚ ਇਹ ਕੁੱਝ ਹੋਵੇਗਾ :

- (i) ਹਿਸਾਬ-ਕਿਤਾਬ ਦਾ ਚਿੱਠਾ
- (ii) ਆਮਦਨ-ਖਰਚ ਦੇ ਵੇਰਵੇ
- (iii) ਨਕਦੀ ਲੈਣ ਦੇਣ ਦਾ ਚਿੱਠਾ (ਕਿਸੇ ਖਾਸ ਅਵਧੀ ਦੌਰਾਨ ਸੰਸਥਾ ਦੇ ਨਕਦੀ ਲੈਣ ਦੇਣ ਦਾ ਖੁਲਾਸਾ)
- (iv) ਵਸੂਲੀਆਂ ਅਤੇ ਭੁਗਤਾਨਾਂ ਦਾ ਹਿਸਾਬ ਕਿਤਾਬ (ਹਿਸਾਬ ਕਿਤਾਬ ਦੀਆਂ ਮੱਦਾਂ ਮੁਤਾਬਕ ਵੇਰਵੇ)
- (v) ਹਿਸਾਬ ਕਿਤਾਬ ਤੇ ਕੀਤੀਆਂ ਗਈਆਂ ਟਿੱਪਣੀਆਂ।
- (vi) ਵਿੱਤੀ ਕਾਰਜ-ਪੂਰਤੀ ਦੇ ਸੂਚਕ (FinancIl Performance Indicators)

ਅ. ਨਗਰ ਪਾਲਕਾ ਦੇ ਮੁੱਖ ਲੇਖਾ ਪਰੀਖਕ ਦੀ ਰਿਪੋਰਟ।

ੲ. ਵਿੱਤੀ ਸਥਿਤੀ ਦੇ ਸਲਾਨਾ ਖੁਲਾਸੇ ਤੇ ਮਿਊਂਸਿਪਲ ਕਮਿਸ਼ਨਰ ਦੀ ਰਿਪੋਰਟ ਅਤੇ ਨਗਰ ਪਾਲਕਾ ਦੇ ਮੁੱਖ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਕੀਤੀਆਂ ਗਈਆਂ ਟਿੱਪਣੀਆਂ ਅਤੇ ਲਗਾਈਆਂ ਗਈਆਂ ਸ਼ਰਤਾਂ।

ਸ. ਨਗਰ ਪਾਲਕਾ ਦੇ ਮੁੱਖ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਅੰਕਿਤ ਕੀਤੀਆਂ ਗਈਆਂ ਟਿੱਪਣੀਆਂ ਅਤੇ ਸ਼ਰਤਾਂ ਤੋਂ ਇਲਾਵਾ ਮਿਉਂਸਿਪਲ ਕਮਿਸ਼ਨਰ ਦੀ ਰਿਪੋਰਟ ਤੇ ਸਥਾਈ ਕਮੇਟੀ ਦੀ ਐਕਸ਼ਨ ਟੇਕਨ ਰਿਪੋਰਟ।

ਹ. ਹਿਸਾਬ-ਕਿਤਾਬ ਦੀਆਂ ਵਹੀਆਂ :

(i) ਵਾਊਚਰ

(ii) ਕੈਸ਼ਬੁੱਕ

(iii) ਲੈਜਰ

(iv) ਜਰਨਲ ਬੁੱਕ

(v) ਡੇ ਬੁੱਕ

(vi) ਟਰਾਇਲ ਬੈਲੈਂਸ

### ਕੈਸ਼ ਬੁੱਕ

ਹਿਸਾਬ-ਕਿਤਾਬ ਦਾ ਸਭ ਤੋਂ ਮੁੱਢਲਾ ਦਸਤਾਵੇਜ ਕੈਸ਼ ਬੁੱਕ ਹੈ ਜਿਸ ਵਿੱਚ ਸ਼ਹਿਰੀ ਸਥਾਨਕ ਸੰਸਥਾ ਦੁਆਰਾ ਨਕਦੀ ਜਾਂ ਬੈਂਕ ਰਾਹੀਂ ਕੀਤੇ ਗਏ ਭੁਗਤਾਨ ਅਤੇ ਵਸੂਲੀਆਂ ਦਰਜ ਕਰਕੇ ਇਨ੍ਹਾਂ ਨੂੰ ਮੌਜੂਦਾ ਨਕਦੀ ਅਤੇ ਬੈਂਕ ਖਾਤੇ ਨਾਲ ਮੇਲਿਆ ਹੁੰਦਾ ਹੈ। ਇਹ ਮਿਲਾਣ ਹਰ ਰੋਜ ਕੀਤਾ ਜਾਂਦਾ ਹੈ ਅਤੇ ਬੈਂਕ ਦੇ ਰਿਕਾਰਡ ਨਾਲ ਇਸ ਨੂੰ ਮਹੀਨੇ ਵਿੱਚ ਘੱਟੋ ਘੱਟ ਇੱਕ ਵਾਰ ਮਿਲਾਇਆ ਜਾਂਦਾ ਹੈ।

### ਲੈਜਰ ਅਕਾਊਂਟ

ਇੱਕ ਸ਼ਹਿਰੀ ਸੰਸਥਾ ਨੂੰ ਅਪਣੇ ਬਜਟ ਦੀ ਪ੍ਰਗਤੀ ਬਾਰੇ ਵੀ ਸੁਚੇਤ ਰਹਿਣ ਦੀ ਲੋੜ ਹੈ। ਇਸ ਨੂੰ ਇਹ ਪਤਾ ਹੋਣਾ ਜਰੂਰੀ ਹੈ ਕਿ ਆਮਦਨ ਦੀ ਮੱਦ ਹੇਠ ਕਿੰਨੀ ਵਸੂਲੀ ਹੋਈ ਹੈ ਅਤੇ ਖਰਚ ਦੀ ਮੱਦ ਹੇਠ ਕਿੰਨਾ ਭੁਗਤਾਨ ਕੀਤਾ ਗਿਆ ਹੈ। ਇਹ ਬਜਟ ਦੇ ਨਿਯੰਤਰਣ ਅਤੇ ਅਗਲੇ ਸਾਲ ਦਾ ਬਜਟ ਬਣਾਉਣ, ਦੋਵਾਂ ਲਈ ਜੂਰਰੀ ਹੈ। ਇਹ ਸੂਚਨਾ ਕੈਸ਼ ਬੁੱਕ ਵਿੱਚੋਂ ਅਸਾਨੀ ਨਾਲ ਨਹੀਂ ਲਈ ਜਾ ਸਕਦੀ ਕਿਉਂਕਿ ਉਸ ਵਿੱਚ ਵੱਖ-ਵੱਖ ਮੱਦਾਂ ਹੇਠ ਹੋਈਆਂ ਵਸੂਲੀਆਂ ਅਤੇ ਭੁਗਤਾਨਾਂ ਨੂੰ ਕਾਲ ਕ੍ਰਮ ਵਿੱਚ ਦਰਜ ਕੀਤਾ ਹੁੰਦਾ ਹੈ। ਇਸ ਲਈ ਸ਼ਹਿਰੀ ਸਥਾਨਕ ਸੰਸਥਾ ਨੂੰ ਬਜਟ ਵਿਚਲੀ ਆਮਦਨੀ ਅਤੇ ਖਰਚ ਦੀ ਹਰੇਕ ਮੱਦ ਦਾ ਹਿਸਾਬ ਰੱਖਣਾ ਚਾਹੀਦਾ ਹੈ ਜਿਸ ਵਿੱਚ ਵਿੱਤੀ ਸਾਲ ਦੌਰਾਨ ਅੱਜ ਤੱਕ ਉਸ ਮੱਦ ਹੇਠ ਹੋਈਆਂ ਵਸੂਲੀਆਂ ਅਤੇ ਭੁਗਤਾਨ ਅਤੇ ਉਨ੍ਹਾਂ ਦਾ ਨਿਰੰਤਰ ਚੱਲਣ ਵਾਲਾ ਕੁੱਲ ਜੋੜ ਦਿੱਤਾ ਹੋਵੇ। ਇਸ ਨੂੰ ਲੈਜਰ ਅਕਾਊਂਟ ਕਿਹਾ ਜਾਂਦਾ ਹੈ।

### ਦੂਹਰੇ ਇੰਦਰਾਜਾਂ ਵਾਲੀਆਂ ਵਹੀਆਂ

ਕੈਸ਼ ਬੁੱਕ ਅਤੇ ਲੈਜਰ ਅਕਾਊਂਟ ਰੱਖਣ ਤੋਂ ਭਾਵ ਹੈ ਦੂਹਰੇ ਇੰਦਰਾਜ ਵਾਲੀ ਪ੍ਰਣਾਲੀ ਦਾ ਉਪਯੋਗ ਕਰਨਾ ਜਿਸ ਵਿੱਚ ਹਰੇਕ ਲੈਣ ਦੇਣ ਨੂੰ ਦੋ ਵਾਰ ਦਰਜ ਕੀਤਾ ਜਾਂਦਾ ਹੈ- ਪਹਿਲਾਂ ਕੈਸ਼ ਬੁੱਕ ਵਿੱਚ ਅਤੇਫੇਰ ਸੰਬੰਧਤ ਲੈਜਰ ਅਕਾਊਂਟ ਵਿੱਚ। ਕਿੰਤੂ ਇਹ ਜਰੂਰੀ ਨਹੀਂ ਕਿ ਲੈਜਰ ਦੇ ਸਾਰੇ ਲੈਣ ਦੇਣ ਨਕਦੀ ਹੋਣ। ਕਿਸੇ ਕਰਮਚਾਰੀ ਦੁਆਰਾ ਲਏ ਗਏ ਕਰਜ਼ ਦੀ ਵਾਪਸੀ ਵਜੋਂ ਉਸ ਦੀ ਤਨਖਾਹ ਵਿੱਚੋਂ ਕਟੌਤੀ ਕੀਤੀ ਜਾ ਸਕਦੀ ਹੈ ਜਿਸ ਨਾਲ ਕੋਈ ਨਕਦੀ ਲੈਣ-ਦੇਣ ਨਹੀਂ ਹੁੰਦਾ। ਘੱਟੋ ਘੱਟ ਕਟੌਤੀ ਲਈ ਕੈਸ਼ ਬੁੱਕ ਵਿੱਚ ਕੋਈ ਇੰਦਰਾਜ ਨਹੀਂ ਹੋਵੇਗਾ ਭਾਵੇਂ ਕਰਜ ਵਾਪਸੀ ਵਜੋਂ ਹੋਈ ਕਟੌਤੀ ਬਾਦ ਬਚੀ ਤਨਖਾਹ ਦਾ ਇੰਦਰਾਜ ਕੈਸ਼ ਬੁੱਕ ਵਿੱਚ ਹੋ ਸਕਦਾ ਹੈ। ਫੇਰ ਵੀ ਲੈਜਰ ਵਿੱਚ ਦੋ ਇੰਦਰਾਜ ਜਰੂਰੀ ਹਨ:

ੳ. ਤਨਖਾਹ ਤੇ ਹੋਣ ਵਾਲੇ ਖਰਚ (Salary Expenditure) ਦੀ ਮੱਦ ਵਿੱਚ ਖਰਚ (Debit)

ਅ. ਅਡਵਾਂਸ ਅਕਾਊਂਟ ਦੀ ਮੱਦ ਵਿੱਚ ਵਸੂਲੀ (Credit)

ਇਸ ਤਰ੍ਹਾਂ ਲੈਜਰ ਅਕਾਊਂਟਾਂ ਵਿਚਕਾਰ ਬਗੈਰ ਨਕਦ ਲੈਣ ਦੇਣ ਦੇ ਪੈਸੇ ਨੂੰ ਇੱਕ ਤੋਂ ਦੂਜੇ ਖਾਤੇ ਵਿੱਚ ਪਾਉਣ ਲਈ ਜਰਨਲ ਇੰਦਰਾਜ (Journal Entry) ਕੀਤੀ ਜਾ ਸਕਦੀ ਹੈ।

**ਘਾਟੇ-ਵਾਧੇ (Accruals)**

ਹਿਸਾਬ-ਕਿਤਾਬ ਦੀ ਆਦਰਸ਼ ਪ੍ਰਣਾਲੀ ਘਾਟੇ-ਵਾਧੇ (Accrual) ਦੇ ਅਧਾਰ ਤੇ ਚੱਲਣੀ ਚਾਹੀਦੀ ਹੈ। ਆਮਦਨੀ ਦੇ ਲੈਣ ਯੋਗ ਹੋ ਜਾਣ ਤੇ ਇਸਦੀ ਵਸੂਲੀ ਦਿਖਾਈ ਜਾਂਦੀ ਹੈ ਅਤੇ ਖਰਚ ਨੂੰ ਇਸਦੀ ਪ੍ਰਤੀਬੱਧਤਾ ਕੀਤੇ ਜਾਣ ਤੇ, ਉਦਾਹਰਣ ਦੇ ਤੌਰ ਤੇ ਕਿਸੇ ਖਰੀਦ ਦਾ ਆਰਡਰ ਦੇਣ ਤੇ, ਦਿਖਾਇਆ ਜਾਂਦਾ ਹੈ। ਪਰ ਸਮੱਸਿਆ ਇਹ ਹੈ ਕਿ ਆਮਦਨ ਖਰਚ ਨੂੰ ਲੈਜਰ ਅਕਾਊਂਟ ਵਿੱਚ ਇਸ ਅਧਾਰ ਤੇ ਦਿਖਾਏ ਜਾਣ ਨਾਲ ਉਹ ਨਕਦ ਲੈਣ ਦੇਣ ਨਾਲ ਮੇਲ ਨਹੀਂ ਖਾਂਦਾ। ਲੈਜਰ ਅਕਾਊਂਟ ਨੂੰ ਨਕਦੀ ਦੀ ਸਥਿਤੀ ਨਾਲ ਮੇਲਣ ਦਾ ਇੱਕੋ ਇੱਕ ਤਰੀਕਾ ਹੈ:

ੳ. ਆਮਦਨੀ ਨੂੰ, ਜਦ ਤੱਕ ਇਸ ਦਾ ਭੁਗਤਾਨ ਨਹੀਂ ਹੋ ਜਾਂਦਾ, ਸ਼ਹਿਰੀ ਸਥਾਨਕ ਸੰਸਥਾ ਨੂੰ ਵਾਪਸ ਕੀਤੇ ਜਾਣ ਯੋਗ ਕਰਜ ਦੇ ਤੌਰ ਤੇ ਦਿਖਾਇਆ ਜਾਵੇ।

ਅ. ਖਰਚ ਨੂੰ, ਜਦ ਤੱਕ ਇਸਦਾ ਭੁਗਤਾਨ ਨਹੀਂ ਕੀਤਾ ਜਾਂਦਾ, ਸ਼ਹਿਰੀ ਸਥਾਨਕ ਸੰਸਥਾ ਦੁਆਰਾ ਲਏ ਗਏ ਕਰਜ਼ ਦੇ ਤੌਰ ਤੇ ਦਿਖਾਇਆ ਜਾਵੇ।

ਇਸ ਦਾ ਭਾਵ ਹੈ ਦੋ ਵੱਖ ਵੱਖ ਸਮਿਆਂ ਤੇ ਦੋ ਪ੍ਰਕਾਰ ਦੇ ਲੈਣ ਦੇਣ ਨੂੰ ਦਰਜ ਕਰਨਾ। ਉਦਾਹਰਣ ਦੇ ਤੌਰ ਤੇ:

ੳ. ਜਦੋਂ ਕਿਸੇ ਵਿਅਕਤੀ (A) ਤੋਂ ਸੰਪਤੀ ਕਰ ਦੀ ਮੰਗ ਕੀਤੀ ਜਾਂਦੀ ਹੈ ਤਾਂ ਇਹ ਰਾਸ਼ੀ ਸੰਪਤੀ ਤੋਂ ਹੋਣ ਵਾਲੀ ਆਮਦਨ ਦੀ ਮੱਦ ਵਿੱਚ ਪਾ ਦਿੱਤੀ ਜਾਂਦੀ ਹੈ (credited), ਕਿੰਤੂ (A) ਦੇ ਨਾਂ ਤੇ ਕਰਜ਼ਦਾਰੀ ਦੇ ਖਾਤੇ ਵਿੱਚੋਂ ਕੱਢ ਲਈ ਜਾਂਦੀ ਹੈ (debited)। ਜਦੋਂ (A) ਭੁਗਤਾਨ ਕਰਦਾ ਹੈ ਤਾਂ ਇਹ ਰਾਸ਼ੀ ਕੈਸ਼ ਬੁੱਕ ਦੀਆਂ ਵਸੂਲੀਆਂ ਵਿੱਚ ਦਰਜ ਕੀਤੀ ਜਾਂਦੀ ਹੈ ਅਤੇ (A) ਦੇ ਕਰਜਦਾਰੀ ਦੇ ਲੈਜਰ ਅਕਾਊਂਟ ਵਿੱਚ ਪਾ ਦਿੱਤੀ ਜਾਂਦੀ ਹੈ (credited)।

ਅ. ਜਦੋਂ (B) ਪਾਸ ਸਕੂਲੀ ਕਿਤਾਬਾਂ ਖਰੀਦਣ ਦਾ ਆਰਡਰ ਰੱਖਿਆ ਜਾਂਦਾ ਹੈ ਤਾਂ ਇਹ ਰਾਸ਼ੀ ਸਿੱਖਿਆ ਤੇ ਹੋਣ ਵਾਲੇ ਖਰਚ ਦੀ ਮੱਦ ਵਿੱਚੋਂ ਕੱਢ ਲਈ ਜਾਂਦੀ ਹੈ (debited), ਕਿੰਤੂ (B) ਦੇ ਨਾਂ ਤੇ ਲੈਣਦਾਰੀ ਦੇ ਖਾਤੇ ਵਿੱਚ ਪਾ ਦਿੱਤੀ ਜਾਂਦੀ ਹੈ (credited)। ਜਦੋਂ ਬਿਲ ਦਾ ਭੁਗਤਾਨ ਕਰ ਦਿੱਤਾ ਜਾਂਦਾ ਹੈ, ਇਸ ਰਾਸ਼ੀ ਨੂੰ ਕੈਸ਼ ਬੁੱਕ ਵਿੱਚ ਭੁਗਤਾਨ ਦੇ ਤੌਰ ਤੇ ਦਰਜ ਕੀਤਾ ਜਾਂਦਾ ਹੈ ਅਤੇ (B) ਦੇ ਲੈਣਦਾਰੀ ਦੇ ਖਾਤੇ ਵਿਚੋਂ ਕੱਢ ਦਿੱਤਾ ਜਾਂਦਾ ਹੈ (debited) ਜਿਸ ਨਾਲ ਇਹ ਘੱਟ ਜਾਂ ਬਿਲਕੁਲ ਸਾਫ ਵੀ ਹੋ ਸਕਦਾ ਹੈ।

ਇੱਥੇ ਵੀ ਦੂਹਰੇ ਇੰਦਰਾਜ ਦੇ ਸਿਧਾਂਤ ਦੀ ਪਾਲਣਾ ਕੀਤੀ ਜਾਂਦੀ ਹੈ। ਮੇਲ ਕਰਨ ਵਾਸਤੇ ਦੋ ਇੰਦਰਾਜ ਹੋਣੇ ਚਾਹੀਦੇ ਹਨ, ਜਾਂ ਤਾਂ ਕੈਸ਼ ਬੁੱਕ ਅਤੇ ਲੈਜਰ ਅਕਾਊਂਟ ਵਿੱਚ ਜਾਂ ਦੋ ਲੈਜਰ ਅਕਾਊਂਟਾਂ ਵਿੱਚ।

ਕ. ਨਿਯਮਤ ਰਜਿਸਟਰ

(i) ਵਸੂਲੀਆਂ ਅਤੇ ਭੁਗਤਾਨਾਂ ਦੀ ਸੰਖੇਪ ਸੂਚਨਾ ਦਾ ਰਜਿਸਟਰ (Abstract Register)

(ii) ਤਾਲਮੇਲ ਰਜਿਸਟਰ (Adjustment Register)

(iii) ਵਿਸ਼ੇ ਦਾ ਰਜਿਸਟਰ

(iv) ਅਡਵਾਂਸ ਲੈਜਰ

(v) ਜਮ੍ਹਾਂ ਰਾਸ਼ੀ ਲੈਜਰ (Deposit Ledger)

(vi) ਲੋਨ ਰਜਿਸਟਰ (Loan Register)

(vii) ਸਥਿਰ ਸੰਪਤੀ ਰਜਿਸਟਰ

(viii) ਐਪਰੋਪਰੀਏਸ਼ਨ ਰਜਿਸਟਰ (ApproprItion Register)

(ix) ਜਿਨ੍ਹਾਂ ਬਿਲਾਂ ਦਾ ਭੁਗਤਾਨ ਨਹੀਂ ਹੋਇਆ ਉਨ੍ਹਾਂ ਦਾ ਰਜਿਸਟਰ

**ਉਤਪਾਦਕ ਸੰਪਤੀਆਂ (Capital Assets)**

ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਕਿਸੇ ਸ਼ਹਿਰੀ ਸਥਾਨਕ ਸੰਸਥਾ ਦੀ ਨਿਰੋਲ ਕੀਮਤ ਦਾ ਜਾਇਜਾ ਇਸਦੀ ਆਮਦਨੀ ਖਰਚ ਦੇ ਸੰਤੁਲਨ ਤੋਂ ਹੀ ਨਹੀਂ ਬਲਕਿ ਭੂਮੀ, ਇਮਾਰਤਾਂ ਅਤੇ ਸਥਾਈ ਸਾਜ਼ੋ ਸਮਾਨ ਜਿਹੀਆਂ ਇਸ ਦੀਆਂ ਸਥਿਰ ਸੰਪਤੀਆਂ ਤੋਂ ਵੀ ਹੁੰਦਾ ਹੈ। ਜੇ ਇਹ ਵਿਚਾਰ ਮੰਨ ਲਿਆ ਜਾਵੇ ਤਾਂ ਸਥਿਰ ਸੰਪਤੀਆਂ ਦੀ ਕੀਮਤ ਸ਼ਹਿਰੀ ਸਥਾਨਕ ਸੰਸਥਾ ਦੇ ਆਮਦਨ ਖਰਚ ਦੇ ਚਿੱਠੇ ਵਿੱਚ ਦਿਖਾਈ ਜਾਣੀ ਚਾਹੀਦੀ ਹੈ। ਇਸ ਦਾ ਅਰਥ ਹੈ ਕਿ ਇੱਕ ਵਾਰੀ ਖਰੀਦੇ ਜਾਂ ਬਣਾਏ ਜਾਣ ਤੋਂ ਬਾਦ ਭੂਮੀ, ਇਮਾਰਤਾਂ ਅਤੇ ਸਥਾਈ ਸਾਜ਼ੋ ਸਮਾਨ ਦੀ ਕੀਮਤ ਲੈਜਰ ਅਕਾਊਂਟ ਵਿੱਚ ਦਰਜ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਸਥਿਰ ਸੰਪਤੀਆਂ ਦੀ ਕੁੱਲ ਕੀਮਤ ਚਿੱਠੇ (Balance Sheet) ਦੇ ਸੰਪਤੀਆਂ ਵਾਲੇ ਪਾਸੇ ਦਿੱਤੀ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਇਹ ਦੇਣਦਾਰੀਆਂ ਅਤੇ ਬੇਸ਼ੀ (Liabilities and Surpluses) ਵਾਲੇ ਪਾਸੇ ਫੰਡ ਬੈਲੈਂਸ ਵਿੱਚ ਵੀ ਨਜ਼ਰ ਆਵੇਗੀ। ਲੇਕਿਨ ਆਮ ਕਰਕੇ ਖਰਚ ਨਾਲੋਂ ਆਮਦਨ ਵੱਧ ਹੋਣ ਕਰਕੇ ਪੈਦਾ ਹੋਈਆਂ ਰਾਖਵੀਆਂ ਰਕਮਾਂ (General Fund/Accounts Balance) ਅਤੇ ਉਤਪਾਦਕ ਸੰਪਤੀ ਤੋਂ ਨਜ਼ਰ ਆਉਣ ਵਾਲੀਆਂ ਰਾਖਵੀਆਂ ਰਕਮਾਂ ਵਿਚਕਾਰ ਅੰਤਰ ਰੱਖਿਆ ਜਾਂਦਾ ਹੈ।

ਕਈ ਉਤਪਾਦਕ ਸੰਪਤੀਆਂ ਕਰਜ ਲੈ ਕੇ ਖਰੀਦੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਤਦ ਤੱਕ ਸ਼ਹਿਰੀ ਸਥਾਨਕ ਸੰਸਥਾ ਦੀ ਕੀਮਤ ਦੇ ਹਿੱਸੇ ਦੇ ਤੌਰ ਤੇ ਪੂਰੀ ਤਰ੍ਹਾਂ ਜਾਂ ਅਸਲੀਅਤ ਵਿੱਚ ਨਹੀਂ ਦਿਖਾਇਆ ਜਾ ਸਕਦਾ ਜਦ ਤੱਕ ਇਹ ਕਰਜ਼ ਚੁਕਾ ਨਾ ਦਿੱਤੇ ਗਏ ਹੋਣ। ਜੇ ਸਥਿਰ ਸੰਪਤੀਆਂ ਦੀ ਕੀਮਤ ਨੂੰ ਚਿੱਠੇ (Balance Sheet) ਦੇ ਸੰਪਤੀਆਂ ਵਾਲੇ ਪਾਸੇ ਦਿਖਾਇਆ ਜਾਵੇ ਤਾਂ ਦੇਣਦਾਰੀਆਂ ਅਤੇ ਬੇਸ਼ੀ (LIbilities and Surpluses) ਵਾਲੇ ਪਾਸੇ ਦੋ ਚੀਜ਼ਾ ਦਿਖਾਉਣੀਆਂ ਜ਼ਰੂਰੀ ਹਨ:

ੳ. ਕਰਜ਼ ਦਾ ਬਕਾਇਆ

ਅ. ਬਕਾਇਆ ਕਰਜ਼ ਦੀ ਕਟੌਤੀ ਕਰ ਕੇ ਸੰਸਥਾ ਦੀਆ ਸਥਿਰ ਸੰਪਤੀਆਂ ਦੀ ਨਿਰੋਲ ਕੀਮਤ (Capital discharged)

ਭੂਮੀ,ਇਮਾਰਤਾਂ ਅਤੇ ਸਾਜ਼ੋ ਸਮਾਨ ਦੀ ਕੀਮਤ ਉਹੀ ਹੀ ਨਹੀਂ ਰਹਿੰਦੀ ਜੋ ਉਨ੍ਹਾਂ ਦੇ ਪਹਿਲੀ ਵਾਰ ਖਰੀਦੇ ਜਾਂ ਬਣਾਏ ਜਾਣ ਵੇਲੇ ਸੀ। ਸਾਜ਼ੋ ਸਮਾਨ ਦੀ ਕੀਮਤ ਵਿੱਚ ਆਮ ਕਰਕੇ ਟੁੱਟ ਫੁੱਟ ਜਾਂ ਪੁਰਾਣੇ ਹੋ ਜਾਣ ਕਰਕੇ ਕਮੀ ਆਉਂਦੀ ਹੈ। ਭੂਮੀ ਦੀ ਕੀਮਤ ਅਕਸਰ ਮੁਦਰਾ ਸਫੀਤੀ ਜਾਂ ਬਜ਼ਾਰ ਵਿੱਚ ਇਸ ਦੀ ਥੁੜ ਹੋਣ ਕਰਕੇ ਵਧਦੀ ਹੈ। ਇਮਾਰਤਾਂ ਦੀ ਕੀਮਤ ਬਦਲਦੀ ਰਹਿੰਦੀ ਹੈ, ਭੌਤਿਕ ਤੌਰ ਤੇ ਪੁਰਾਣੀਆਂ ਹੋ ਜਾਣ ਨਾਲ ਉਨ੍ਹਾਂ ਦੀ ਕੀਮਤ ਘਟਦੀ ਹੈ, ਪਰੰਤੂ ਬਜ਼ਾਰ ਵਿੱਚ ਆਉਣ ਵਾਲੀਆਂ ਤਬਦੀਲਆਂ ਕਾਰਣ ਇਹ ਵਧ ਵੀ ਸਕਦੀ ਹੈ। ਇਸ ਲਈ ਕੀਮਤ ਵਿੱਚ ਹੋਈਆਂ ਤਬਦੀਲੀਆਂ ਨੂੰ ਸਲਾਨਾ ਪੁਨਰ-ਮੁਲਾਂਕਣ ਰਾਹੀਂ ਹਿਸਾਬ-ਕਿਤਾਬ ਵਿੱਚ ਦਿਖਾਇਆ ਜਾਣਾ ਚਾਹੀਦਾ ਹੈ। ਕੀਮਤ ਵਿੱਚ ਹੋਏ ਵਾਧੇ ਜਾਂ ਕਮੀ ਨੂੰ ਲੈਜਰ ਅਤੇ ਆਮਦਨ ਖਰਚ ਦੇ ਚਿੱਠੇ ਵਿੱਚ ਸਥਿਰ ਸੰਪਤੀਆਂ ਦੀ ਕੀਮਤ ਅਤੇ ਇਨ੍ਹਾਂ ਲਈ ਲਏ ਹੋਏ ਕਰਜ਼ ਦੇ ਬਕਾਏ ਕੱਢ ਕੇ ਬਚੀ ਹੋਈ ਇਨ੍ਹਾਂ ਦੀ ਕੀਮਤ (Balancing Value of Capital Discharged) ਦੇ ਮਿਲਾਣ ਵਿੱਚ ਦਿਖਾਏ ਜਾਣ ਦੀ ਜ਼ਰੂਰਤ ਹੈ।

ਭਾਰਤ ਵਿੱਚ ਸਥਾਨਕ ਸਵੈ ਸ਼ਾਸ਼ਨ ਸੰਸਥਾਵਾਂ ਦੁਆਰਾ ਹਿਸਾਬ ਕਿਤਾਬ ਰੱਖਣ ਦੀ ਪ੍ਰਣਾਲੀ ਵਿੱਚ ਸੁਧਾਰ ਲਾਗੂ ਕਰਨ ਦੀ ਪ੍ਰਗਤੀ ਬਹੁਤ ਮੱਧਮ ਹੈ। ਕੇਵਲ ਕੁੱਝ ਹੀ ਰਾਜਾਂ ਨੇ ਇਸ ਦਿਸ਼ਾ ਵਿੱਚ ਨੇਸ਼ਨਲ ਮੈਨੂਅਲ

ਦੁਆਰੇ ਸੁਝਾਏ ਗਏ ਸੁਧਾਰਾਂ ਨੂੰ ਅਰੰਭ ਕੀਤਾ ਹੈ। ਅਪ੍ਰੈਲ 2000 ਤੋਂ ਤਾਮਿਲ ਨਾਡੂ ਦੀਆਂ ਸਾਰੀਆਂ ਸਥਾਨਕ ਸੰਸਥਾਵਾਂ ਨੇ ਨਗਰ ਪਾਲਕਾ ਦੇ ਹਿਸਾਬ ਕਿਤਾਬ ਰੱਖਣ ਦੀ ਨਵੀਂ ਪ੍ਰਣਾਲੀ ਲਾਗੂ ਕਰ ਦਿੱਤੀ ਹੈ ਕਿ ਜੋ ਘਾਟੇ ਵਾਧੇ (Accrual) ਤੇ ਆਧਾਰਤ ਅਤੇ ਦੂਹਰੇ ਇੰਦਰਾਜ ਵਾਲੀ ਹੈ। ਗੁਜਰਾਤ, ਕਰਨਾਟਕ ਅਤੇ ਰਾਜਸਥਾਨ ਅਜਿਹੇ ਤਿੰਨ ਹੋਰ ਰਾਜ ਹਨ ਜਿੱਥੇ ਇਹ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ।

ਮਹਾਰਾਸ਼ਟਰ ਸਰਕਾਰ ਨੇ ਰਾਜ ਦੀਆਂ ਨਗਰ ਪਾਲਕਾਵਾਂ ਲਈ ਹਿਸਾਬ ਕਿਤਾਬ ਰੱਖਣ ਦਾ ਘਾਟਾ ਵਾਧਾ (Accrual) ਆਧਾਰਤ ਮੈਨੂਅਲ ਬਣਾ ਲਿਆ ਹੈ। ਇਸ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਬਾਰੇ CAG ਦੁਆਰਾ ਬਣਾਈ ਗਈ ਟਾਸਕ ਫੋਰਸ ਦੀ ਰਿਪੋਰਟ ਵਿੱਚ ਦਿੱਤੀਆਂ ਗਈਆਂ ਸਿਫਾਰਸ਼ਾਂ ਅਨੁਸਾਰ ਸੋਧ ਕੀਤੀ ਗਈ ਹੈ। ਰਾਸ਼ਟਰੀ ਮੈਨੂਅਲ NMAM ਬਣਾਉਣ ਲਈ ਮਹਾਰਾਸ਼ਟਰ ਅਕਾਊਂਟਿਗ ਮੈਨੂਅਲ ਨੂੰ ਅਧਾਰ ਮੰਨਿਆ ਗਿਆ ਸੀ। ਇਸ ਤੋਂ ਇਲਾਵਾ ਹੈਦਰਾਬਾਦ ਨਗਰ ਨਿਗਮ ਵਿੱਚ ਹਿਸਾਬ ਕਿਤਾਬ ਰੱਖਣ ਦੀ ਕੰਪਿਊਟਰ ਆਧਾਰਤ ਪ੍ਰਣਾਲੀ ਨੂੰ ਲਾਗੂ ਕਰਨ ਤੇ ਵੀ ਵਿਚਾਰ ਕੀਤਾ ਗਿਆ ਹੈ।

ਖ. ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦੀਆਂ ਰਿਪੋਰਟਾਂ (MIS Reports)

ੳ. ਬੋਰੋ/ਜ਼ੋਨ/ਵਾਰਡ ਵਾਰ ਹਿਸਾਬ ਕਿਤਾਬ

ਅ. ਕਰਜ਼ ਲੈਣ ਅਤੇ ਦੇਣ ਵਾਲੇ ਦੋਹਾਂ ਦੀ ਉਮਰ ਬਾਰੇ ਪਿਰੋਰਟਾਂ (ਇਸ ਨੂੰ ਉਪਭੋਗਤਾ ਦੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਤ ਕਰਨਾ ਚਾਹੀਦਾ ਹੈ)

ੲ. ਬਜਟ ਅਨੁਮਾਨ ਅਤੇ ਵਾਸਤਵਿਕ ਸਥਿਤੀ ਵਿਚਕਾਰ ਭਿੰਨਤਾ ਦਾ ਵਿਸ਼ਲੇਸ਼ਣ

ਸ. ਧਿਰ (Party) ਵਾਰ ਵਿਸ਼ਲੇਸ਼ਣ

ਹ. ਅਨੁਪਾਤੀ ਵਿਸ਼ਲੇਸ਼ਣ ਦੀਆਂ ਰਿਪੋਰਟਾਂ

ਕ. ਆਮਦਨ ਦੇ ਰੁਝਾਣ ਦੇ ਵਿਸ਼ਲੇਸ਼ਣ ਦਾ ਖੁਲਾਸਾ

ਖ. ਬੈਂਕ ਰੀਕੰਨਸੀਲੀਏਸ਼ਨ ਬਿਆਨ (Bank ReconcilItion Statement)

ਸ਼ਹਿਰੀ ਸਥਾਨਕ ਸੰਸਥਾ ਹਰ ਤਿਮਾਹੀ ਦੇ ਅੰਤ ਵਿੱਚ ਆਮਦਨ ਖਰਚ ਦੇ ਚਿੱਠੇ, ਆਮਦਨ ਖਰਚ ਦੇ ਵੇਰਵਿਆਂ ਅਤੇ ਨਕਦ ਲੈਣ ਦੇਣ ਦੇ ਖੁਲਾਸੇ ਤੋਂ ਇਲਾਵਾ ਵਸੂਲੀਆਂ ਅਤੇ ਭੁਗਤਾਨ ਜਿਹੇ ਵਿੱਤੀ ਖੁਲਾਸੇ ਵੀ ਤਿਆਰ ਕਰੇਗੀ। ਆਮਦਨ ਖਰਚ ਦੇ ਚਿੱਠੇ ਵਿੱਚ ਚਾਲੂ ਜਾਂ ਬੀਤੇ ਸਾਲੇ ਦੀ ਕਿਸੇ ਵੀ ਤਾਰੀਖ ਦੇ ਅੰਕੜੇ ਦਿੱਤੇ ਜਾਣਗੇ।

ਆਮਦਨੀ ਖਰਚ ਅਤੇ ਨਕਦ ਲੈਣ ਦੇਣ ਦੇ ਖੁਲਾਸੇ ਤੋਂ ਇਲਾਵਾ ਵਸੂਲੀਆਂ ਅਤੇ ਭੁਗਤਾਨਾਂ ਦੇ ਖਾਤੇ (Receipts and Payments Accounts) ਵਿੱਚ ਤਿਮਾਹੀ ਅੰਕੜੇ, ਸਾਲ-ਦਰ-ਸਾਲ ਚੱਲਣ ਵਾਲੇ ਕੁੱਲ ਜੋੜ, ਪਿਛਲੇ ਸਾਲ ਦੀ ਵਿੱਤੀ ਤਿਮਾਹੀ ਦੇ ਅੰਕੜੇ ਅਤੇ ਵੱਖ ਵੱਖ ਖਾਤਿਆਂ ਵਿੱਚ ਤਿਮਾਹੀ ਤਬਦੀਲੀਆਂ ਦਿਖਾਈਆਂ ਜਾਣਗੀਆਂ। ਇਸ ਤੋਂ ਇਲਾਵਾ ਆਮਦਨ ਖਰਚ ਦੇ ਖੁਲਾਸੇ ਵਿੱਚ ਸਲਾਨਾ ਬਜਟ ਦੇ ਅੰਕੜੇ ਵੀ ਦਿੱਤੇ ਜਾਣਗੇ। ਸ੍ਹਹਿਰੀ ਸਥਾਨਕ ਸੰਸਥਾ ਮਾਲੀ ਸਾਲ ਸੰਬੰਧੀ ਸਾਰੇ ਖੁਲਾਸੇ ਅਤੇ ਰਿਪੋਰਟਾਂ ਤਿਆਰ ਕਰੇਗੀ।

ਮਿਉਂਸਿਪਲ ਕਮਿਸ਼ਨਰ ਪਹਿਲੀਆਂ ਤਿੰਨ ਤਿਮਾਹੀਆਂ ਦੇ ਵਿੱਤੀ ਖੁਲਾਸੇ ਸੰਬੰਧਤ ਕਾਨੂੰਨਾਂ ਵਿੱਚ ਦਿੱਤੀ ਗਈ ਅਵਧੀ ਦੇ ਅੰਦਰ ਅੰਦਰ ਸਥਾਈ ਕਮੇਟੀ ਸਾਮ੍ਹਣੇ ਪੇਸ਼ ਕਰੇਗਾ। ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸੰਬੰਧਤ ਵਿਵਸਥਾਵਾਂ ਅਤੇ ਨਿਯਮਾਂ ਅਨੁਸਾਰ ਨਗਰ ਪਾਲਕਾ ਦਾ ਮੁੱਖ ਲੇਖਾ ਪਰੀਖਕ ਵਿੱਤੀ ਖੁਲਾਸਿਆਂ ਦਾ ਪਰੀਖਣ ਕਰੇਗਾ। ਮਿਉਂਸਿਪਲ ਕਮਿਸ਼ਨਰ ਮੁੱਖ ਲੇਖਾ ਪਰੀਖਕ ਦੀਆਂ ਟਿੱਪਣੀਆਂ ਅਤੇ ਉਸ ਦੁਆਰਾ ਲਗਾਈਆਂ ਗਈਆਂ ਸ਼ਰਤਾਂ ਤੇ ਰਿਪੋਰਟ ਤਿਆਰ ਕਰੇਗਾ। ਇਹ ਰਿਪੋਰਟ ਸਲਾਨਾ ਰਿਪੋਰਟ ਦਾ ਅਭਿੰਨ ਅੰਗ ਹੋਵੇਗੀ।

ਮਿਉਂਸਿਪਲ ਕਮਿਸ਼ਨਰ ਸਲਾਨਾ ਵਿੱਤੀ ਖੁਲਾਸਿਆਂ ਨੂੰ ਮੰਜੂਰ ਕਰਕੇ ਮੁੱਖ ਲੇਖਾ ਪਰੀਖਕ ਦੀ ਰਿਪੋਰਟ ਸਮੇਤ ਸੰਬੰਧ ਕਾਨੂੰਨਾਂ ਵਿੱਚ ਨਿਰਧਾਰਤ ਕੀਤੀ ਗਈ ਤਾਰੀਖ ਨੂੰ ਜਾਂ ਇਸ ਤੋਂ ਪਹਿਲਾਂ ਸਥਾਈ ਕਮੇਟੀ ਸਾਮ੍ਹਣੇ ਪੇਸ਼ ਕਰੇ ਗਾ। ਸਥਾਈ ਕਮੇਟੀ ਮੁੱਖ ਲੇਖਾ ਪਰੀਖਕ ਦੀ ਰਿਪੋਰਟ ਵਿਚਲੀਆਂ ਟਿੱਪਣੀਆਂ ਅਤੇ ਸ਼ਰਤਾਂ ਨੂੰ ਧਿਆਨ ਵਿੱਚ ਰਖਦੇ ਹੋਏ ਸਲਾਨਾ ਵਿੱਤੀ ਖੁਲਾਸਿਆਂ ਤੇ ਐਕਸ਼ਨ ਟੇਕਨ ਰਿਪੋਰਟ ਤਿਆਰ ਕਰੇਗੀ। ਸਥਾਈ ਕਮੇਟੀ ਸਲਾਨਾ ਵਿੱਤੀ ਖੁਲਾਸਿਆਂ ਅਤੇ ਮੁੱਖ ਲੇਖਾ ਪਰੀਖਕ ਦੀ ਰਿਪੋਰਟ ਨੂੰ ਮੰਜੂਰ ਕਰਕੇ ਸੰਬੰਧਤ ਕਾਨੂੰਨ ਵਿੱਚ ਨਿਰਧਾਰਤ ਕੀਤੀ ਗਈ ਤਾਰੀਖ ਨੂੰ ਜਨਰਲ ਬਾਡੀ ਅੱਗੇ ਪੇਸ਼ ਕਰੇਗੀ।ਜਨਰਲ ਬਾਡੀ ਸਲਾਨਾ ਰਿਪੋਰਟ ਨੂੰ ਸੰਬੰਧਤ ਕਾਨੂੰਨਾਂ ਵਿੱਚ ਨਿਰਧਾਰਤ ਸਮਾਂ ਸੀਮਾ ਲੰਘਣ ਤੋਂ ਪਹਿਲਾਂ ਪਹਿਲਾਂ ਅਪਣਾ ਲਵੇਗੀ। ਸਲਾਨਾ ਵਿੱਤੀ ਖੁਲਾਸਿਆਂ ਅਤੇ ਇਨ੍ਹਾਂ ਦੀਆਂ ਸੂਚੀਆਂ ਵਿੱਚ ਦਿੱਤੀਆਂ ਗਈਆਂ ਰਾਸ਼ੀਆਂ ਰੁਪਈਆਂ ਦੀਆਂ ਇਕਾਈਆਂ ਵਿੱਚ ਹੋਣਗੀਆਂ। ਜੇ ਸ਼ਹਿਰੀ ਸਥਾਨਕ ਸੰਸਥਾ ਚਾਹੇ ਤਾਂ ਰਾਜ ਸਰਕਾਰਜ ਦੀ ਮੰਜੂਰੀ ਨਾਲ ਇਨ੍ਹਾਂ ਨੂੰ ਹਜ਼ਾਰਾਂ/ਲੱਖਾਂ ਰੁਪਇਆਂ ਵਿੱਚ ਵੀ ਬਿਆਨ ਕਰ ਸਕਦੀ ਹੈ।

## ਵਿੱਤੀ ਖੁਲਾਸਿਆਂ ਤੇ ਲੇਖਾ-ਪਰੀਖਕ ਦੀ ਰਿਪੋਰਟ

ਸਪੈਸ਼ਲ ਫੰਡ ਹੋਣ ਦੀ ਹਾਲਤ ਵਿੱਚ ਉਨ੍ਹਾਂ ਦੇ ਖਾਤਿਆਂ ਅਤੇ ਆਮਦਨ-ਖਰਚ ਦੇ ਚਿੱਠੇ ਸਮੇਤ ਵਿੱਤੀ ਖੁਲਾਸਿਆਂ ਵਿੱਚ ਦਿੱਤੇ ਗਏ ਨਗਰ ਪਾਲਕਾ ਦੇ ਹਿਸਾਬ-ਕਿਤਾਬ ਦਾ ਲੇਖਾ ਪਰੀਖਣ ਡਾਇਰੈਕਟਰ ਲੋਕਲ ਫੰਡ ਆਡਿਟ, ਉਸਦੇ ਬਰਾਬਰ ਦੇ ਅਧਿਕਾਰੀ ਜਾਂ ਰਾਜ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਕਿਸੇ ਲੇਖਾ ਪਰੀਖਕ ਦੁਆਰਾ ਕੀਤਾ ਜਾਵੇਗਾ। ਇਸ ਤਰ੍ਹਾਂ ਨਿਯੁਕਤ ਕੀਤਾ ਹੋਇਆ ਲੇਖਾ ਪਰੀਖਕ ਹਿਸਾਬ ਕਿਤਾਬ ਦਾ ਲੇਖਾ ਪਰੀਖਣ ਪੂਰਾ ਕਰ ਲੈਣ ਉਪਰੰਤ, ਸ਼ਹਿਰੀ ਸਥਾਨਕ ਸੰਸਥਾ ਦੇ ਵਿੱਤੀ ਖੁਲਾਸਿਆਂ ਬਾਰੇ ਇੱਕ ਰਿਪੋਰਟ ਜਾਰੀ ਕਰੇਗਾ।

ਆਮਦਨ ਖਰਚ ਦੇ ਚਿੱਠੇ, ਆਮਦਨ ਖਰਚ ਦੇ ਖੁਲਾਸੇ, ਵਸੂਲੀਆਂ ਅਤੇ ਭੁਗਤਾਨਾਂ ਦੇ ਖੁਲਾਸੇ ਅਤੇ ਨਕਦ ਲੈਣ ਦੇਣ ਦੇ ਖੁਲਾਸੇ ਬਾਰੇ ਨਗਰ ਪਾਲਕਾ ਦੇ ਮੁੱਖ ਲੇਖਾ ਪਰੀਖਕ ਦੀ ਰਿਪੋਰਟ ਨਗਰ ਪਾਲਕਾ ਦੇ ਉਸ ਅਧਿਕਾਰੀ ਨੂੰ ਭੇਜੀ ਜਾਵੇਗੀ ਜਿਸਦੀ ਸਿਫਾਰਿਸ਼ ਸੰਬੰਧਤ ਕਾਨੂੰਨ ਵਿੱਚ ਕੀਤੀ ਗਈ ਹੋਵੇ ਅਤੇਇਸ ਦਾ ਇੱਕ ਉਤਾਰਾ ਮਿਉਂਸਿਪਲ ਕਮਿਸ਼ਨਰ ਨੂੰ ਵੀ ਭੇਜਿਆ ਜਾਵੇਗਾ।

## ਨਗਰ ਪਾਲਕਾ ਦੇ ਮੁੱਖ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਨਿਮਨ-ਲਿਖਤ ਦੱਸਿਆ ਜਾਵੇਗਾ :

ੳ. ਕੀ ਉਸ ਨੂੰ ਉਹ ਸਾਰੀ ਸੂਚਨਾ ਅਤੇ ਸਪਸ਼ਟੀਕਰਣ ਮਿਲ ਗਏ ਹਨ ਜੋ ਉਸਦੇ ਸਰਵੋਤਮ ਗਿਆਨ ਅਤੇ ਵਿਸ਼ਵਾਸ ਅਨੁਸਾਰ ਉਸਦੇ ਲੇਖਾ ਪਰੀਖਣ ਲਈ ਜਰੂਰੀ ਹਨ।

ਅ. ਕੀ ਉਸ ਦੇ ਪਰੀਖਣ ਦੇ ਅਧਾਰ ਤੇ, ਉਸਦੇ ਵਿਚਾਰ ਵਿੱਚ ਸੰਬੰਧਤ ਕਾਨੂੰਨ ਦੁਆਰਾ ਨਿਰਧਾਰਤ ਕੀਤੇ ਅਨੁਸਾਰ, ਸ਼ਹਿਰੀ ਸਥਾਨਕ ਸੰਸਥਾ ਦੁਆਰਾ ਹਿਸਾਬ ਕਿਤਾਬ ਦੀਆਂ ਸਹੀ ਵਹੀਆਂ, ਹਿਸਾਬ-ਕਿਤਾਬ ਦੇ ਮੈਨੂਅਲ, ਨਿਯਮ ਅਤੇ ਹੋਰ ਸ਼ਰਤਾਂ ਦੀ ਪਾਲਣਾ ਕੀਤੀ ਗਈ ਹੈ?

ੲ. ਰਿਪੋਰਟ ਵਿੱਚ ਸ਼ਹਿਰੀ ਸਥਾਨਕ ਸੰਸਥਾ ਦੇ ਜਿਸ ਆਮਦਨ ਖਰਚ ਦੇ ਚਿੱਠੇ, ਆਮਦਨ ਖਰਚ ਦੇ ਖੁਲਾਸੇ, ਵਸੂਲੀਆਂ ਅਤੇ ਭੁਗਤਾਨਾਂ ਦੇ ਖੁਲਾਸੇ ਅਤੇ ਨਕਦ ਲੈਣ ਦੇਣ ਦੇ ਖੁਲਾਸੇ ਦਾ ਨਿਰੀਖਣ ਕੀਤਾ ਗਿਆ ਹੈ, ਕੀ ਉਹ ਹਿਸਾਬ ਕਿਤਾਬ ਦੀਆਂ ਵਹੀਆਂ ਨਾਲ ਮੇਲ ਖਾਂਦੇ ਹਨ?

ਸ. ਕੀ ਉਚਿਤ ਅੰਦਰੂਨੀ ਨਿਯੰਤਰਣ ਰੱਖਿਆ ਗਿਆ ਹੈ?

ਹ. ਕੀ ਸਾਰੇ ਭੁਗਤਾਨ ਕਾਨੂੰਨ ਅਨੁਸਾਰ ਹੋਏ ਹਨ?

ਕ. ਕੀ ਕਿਸੇ ਵਿਅਕਤੀ ਦੀ ਭਾਰੀ ਅਣਗਹਿਲੀ ਜਾਂ ਦੁਰਾਚਾਰ ਕਰਕੇ ਕੋਈ ਤਰੁਟੀ ਜਾਂ ਹਾਨੀ ਹੋਈ ਹੈ? ਜੇ ਹਾਂ, ਤਾਂ ਹਾਨੀ ਦੀ ਰਕਮ ਦੀ ਮਿਕਦਾਰ ਦੱਸੀ ਜਾਣੀ ਚਾਹੀਦੀ ਹੈ।

ਖ. ਕੀ ਕਿਸੇ ਵਿਅਕਤੀ ਦੁਆਰਾ ਸ਼ਹਿਰੀ ਸਥਾਨਕ ਸੰਸਥਾ ਲਈ ਅਤੇ ਇਸ ਦੇ ਵੱਲੋਂ ਪ੍ਰਾਪਤ ਕੀਤੀ ਗਈ ਕੋਈ ਰਾਸ਼ੀ, ਜਿਸ ਨੂੰ ਸ਼ਹਿਰੀ ਸੰਸਥਾ ਦੇ ਖਾਤੇ ਵਿੱਚ ਪਾਇਆ ਜਾਣਾ ਚਾਹੀਦਾ ਸੀ, ਪਾਈ ਗਈ ਹੈ?

ਗ. ਕੀ ਹਿਸਾਬ ਕਿਤਾਬ ਦੇ ਲੇਖਾ ਪਰੀਖਣ ਦੌਰਾਨ ਉਪਰੋਕਤ ਤੋਂ ਇਲਾਵਾ ਕੋਈ ਹੋਰ ਮਾਇਕ ਅਨਿਯਮਤਤਾ ਜਾਂ ਅਨੁਚਿਤ ਵਿਵਹਾਰ ਉਸ ਦੇ ਧਿਆਨ ਵਿੱਚ ਆਇਆ ਹੈ?

ਜਿੱਥੇ ਉਪਰੋਕਤ ਕਿਸੇ ਵਿਸ਼ੇ ਬਾਰੇ ਲੇਖਾ ਪਰੀਖਕ ਦਾ ਉੱਤਰ ਪ੍ਰਤੀਕੂਲ ਜਾਂ ਕਿਸੇ ਸ਼ਰਤ ਨਾਲ ਦਿੱਤਾ ਗਿਆ ਹੈ, ਲੇਖਾ ਪਰੀਖਕ ਇਸ ਦਾ ਕਾਰਣ ਦੱਸੇਗਾ ਅਤੇ ਜੇ ਸੰਭਵ ਹੋਵੇ ਤਾਂ ਸਪਸ਼ਟੀਕਰਣ ਅਤੇ ਅੰਕੜੇ ਵੀ ਪੇਸ਼ ਕਰੇਗਾ।

## ਬਜਟ ਅਤੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਬਾਰੇ ਰਿਪੋਰਟਾਂ

ਬਜਟ ਇੱਕ ਵਿੱਤੀ ਯੋਜਨਾ ਹੁੰਦਾ ਹੈ ਜਿਸ ਵਿੱਚ ਪ੍ਰਸਤਾਵਤ ਖਰਚ ਅਤੇ ਇਸ ਵਿੱਚ ਨਿਵੇਸ਼ ਲਈ ਧਨ ਦੇ ਸਾਧਨਾਂ ਦਾ ਵਰਣਨ ਹੁੰਦਾ ਹੈ। ਇੱਕ ਵਿੱਤੀ ਸਾਲ ਵਾਸਤੇ ਇਸ ਵਿੱਚ ਅਨੁਮਾਨਤ ਵਸੂਲੀਆਂ ਅਤੇ ਭੁਗਤਾਨ ਦਿੱਤੇ ਹੁੰਦੇ ਹਨ ਭਾਵੇਂ ਉਹ ਉਤਪਾਦਕਤਾ ਲਈ ਹੋਣ ਜਾਂ ਆਮ ਉਦੇਸ਼ਾ ਲਈ। ਇਸ ਵਿੱਚ ਪ੍ਰਸਤਾਵਤ ਕੀਤਾ ਜਾਂਦਾ ਹੈ ਕਿ ਇੱਕ ਵਿੱਤੀ ਸਾਲ ਦੌਰਾਨ ਕਿਸ ਚੀਜ ਤੇ ਕਿੰਨਾ ਖਰਚ ਕੀਤਾ ਜਾਵੇਗਾ ਅਤੇ ਇਸ ਦੀ ਕਿੰਨੀ ਰਾਸ਼ੀ ਕੌਣ ਦੇਵੇ ਗਾ ਜਾਂ ਕਿਵੇਂ ਇਕੱਠੀ ਕੀਤੀ ਜਾਵੇਗੀ। ਇਹ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਯੋਜਨਾਬੰਦੀ ਅਤੇ ਨਿਯੰਤਰਣ ਦੇ ਅਮਲਾਂ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ।

ਇਸ ਭਾਗ ਵਿੱਚ ਦਿੱਤੀ ਗਈ ਬਜਟ ਬਣਾਉਣ ਦੀ ਪ੍ਰਕਿਰਿਆ, ਇਸ ਦੀ ਸਮਾਂ-ਸੂਚੀ, ਮੰਜ਼ੂਰੀ ਅਤੇ ਨਿਯੰਤਰਣ ਦੀ ਪ੍ਰਕਿਰਿਆ ਨਕਦੀ ਦੇ ਅਧਾਰ ਤੇ ਹੈ ਅਤੇ ਮੋਟੇ ਤੌਰ ਤੇ ਰਾਜਾਂ ਲਈ ਇੱਕ ਦਿਸ਼ਾ ਨਿਰਦੇਸ਼ ਹੈ। ਕਿੰਤੂ ਰਾਜਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਬਜਟ ਬਣਾਉਣ ਦਾ ਵਿਸਤ੍ਰਿਤ ਮੈਨੂਅਲ ਜਾਂ ਦਿਸ਼ਾ ਨਿਰਦੇਸ਼ ਤਿਆਰ ਕਰਨੇ ਚਾਹੀਦੇ ਹਨ।

ਸ਼ਹਿਰੀ ਸਥਾਨਕ ਸੰਸਥਾ ਦੇ ਬਜਟ ਬਣਾਉਣ ਦੀ ਪ੍ਰਣਾਲੀ ਦਾ ਉਦੇਸ਼ ਵਸੂਲੀ ਜਾਂ ਭੁਗਤਾਨ ਦੀ ਪ੍ਰਕਿਰਤੀ ਅਤੇ ਕਾਰਜਾਂ/ ਸੇਵਾਵਾਂ ਜਾਂ ਬਜਟ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਕਾਰਣਾਂ ਦਰਮਿਆਨ ਸੰਬੰਧ ਸਥਾਪਤ ਕਰਨ ਦਾ ਵਿਗਿਆਨਕ ਅਧਾਰ ਲੱਭਣਾ ਹੈ। ਬਜਟ ਤੋਂ ਸ਼ਹਿਰੀ ਸਥਾਨਕ ਸੰਸਥਾ ਦੇ ਸਿਧਾਂਤਾਂ ਅਤੇ ਪ੍ਰੋਗਰਾਮਾਂ ਦੀ ਝਲਕ ਮਿਲਣੀ ਚਾਹੀਦੀ ਹੈ। ਜਨਤਾ ਤੇ ਕੀਤਾ ਜਾਣ ਵਾਲਾ ਖਰਚ ਵੱਧ ਤੋਂ ਵੱਧ ਉਤਪਾਦਕ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ। ਨਾਗਰਿਕਾਂ ਦੀ ਭਾਗੀਦਾਰੀ ਵਾਲੀ ਵਿਕੇਂਦਰੀਕ੍ਰਿਤ ਯੋਜਨਾਬੰਦੀ ਨਾਲ ਇਸ ਉਦੇਸ਼ ਨੂੰ ਪ੍ਰਾਪਤ ਕਰਨਾ ਸੌਖਾ ਹੋ ਜਾਂਦਾ ਹੈ।

ਕਿਸੇ ਵੀ ਵਸੂਲੀ ਜਾਂ ਭੁਗਤਾਨ ਤੋਂ ਉਪਰੋਕਤ ਉਦੇਸ਼ਾਂ ਦਾ ਅਕਸ ਮਿਲਦਾ ਹੈ। ਇਸ ਨੂੰ ਅਸਾਨ ਬਣਾਉਣ ਲਈ ਬਜਟ ਬਣਾਉਣ ਦੇ ਕੇਂਦਰੀ ਨੁਕਤਿਆਂ ਦੀਆਂ ਤਿੰਨ ਮੁੱਖ ਸ੍ਰੇਣੀਆਂ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਬਜਟ ਜਿਨ੍ਹਾਂ ਵਿਸ਼ਿਆਂ ਵਿੱਚ ਨੇੜਲਾ ਸੰਬੰਧ ਸਥਾਪਤ ਕਰੇਗਾ, ਉਹ ਹਨ: ਹਿਸਾਬ ਕਿਤਾਬ ਦੇ ਵਿਸ਼ੇ (ਵਸੂਲੀਆਂ ਅਤੇ ਭੁਗਤਾਨਾਂ ਦੀ ਪ੍ਰਕਿਰਤੀ) ਅਤੇ

ੳ. ਕਾਰਜ

ਅ. ਅਧਿਕਾਰੀ ਜੋ ਕਾਰਜ ਨਾਲ ਸੰਬੰਧਿਤ ਅਮਲੇ ਦੁਆਰਾ ਇਸ ਲਈ ਜਿੰਮੇਵਾਰ ਸਮਝਿਆ ਜਾਂਦਾ ਹੈ।

ੲ. ਖੇਤਰ ਜਿਸ ਨੂੰ ਭੂਗੋਲਕ ਸੀਮਾਵਾਂ ਦੁਆਰਾ ਪਹਿਚਾਣਿਆ ਜਾ ਸਕਦਾ ਹੈ ਅਤੇ ਜਿਸ ਉੱਪਰ ਖਰਚ ਕੀਤਾ ਜਾਂਦਾ ਹੈ।

ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦੀਆਂ ਰਿਪੋਰਟਾਂ ਸ਼ਹਿਰੀ ਸਥਾਨਕ ਸੰਸਥਾ ਦੀਆਂ ਗਤੀਵਿਧੀਆਂ ਦੇ ਸੰਚਾਲਨ ਲਈ ਰੱਖੇ ਜਾਣ ਵਾਲੇ ਹਿਸਾਬ ਕਿਤਾਬ ਸੰਬੰਧੀ ਅਤੇ ਹੋਰ ਦਸਤਾਵੇਜਾਂ ਦੇ ਅਧਾਰ ਤੇ ਤਿਆਰ ਕੀਤੀਆਂ ਜਾਂਦੀਆਂ ਹਨ।

ਮੁੱਢਲੇ ਤੱਥਾਂ ਨੂੰ ਸੁਚੱਜੇ ਢੰਗ ਨਾਲ ਸੰਭਾਲ ਕੇ ਰੱਖਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਦਸਤਾਵੇਜਾਂ ਤੇ ਆਧਾਰਤ ਇਹ ਰਿਪੋਰਟਾਂ ਸਹੀ ਹੋਣ । ਇਸ ਲਈ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦੀਆਂ ਪ੍ਰਭਾਵਸ਼ਾਲੀ ਰਿਪੋਰਟਾਂ ਲਈ ਹਿਸਾਬ ਕਿਤਾਬ ਨਾਲ ਸੰਬੰਧਤ ਅਤੇ ਹੋਰ ਦਸਤਾਵੇਜਾਂ ਦੀ ਉਪਲਬਧਤਾ ਸਭ ਤੋਂ ਵੱਧ ਜਰੂਰੀ ਹੈ।ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦੀਆਂ ਰਿਪਰਟਾਂ ਵਿੱਚ ਗੈਰ ਵਿੱਤੀ ਪੱਖਾਂ ਅਤੇ ਗਤੀਵਿਧੀਆਂ ਦਾ ਵੀ ਵਰਣਨ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਸਿੱਖਿਆ ਬਾਰੇ ਤੱਥ: ਸ਼ਹਿਰੀ ਸਥਾਨਕ ਸੰਸਥਾ ਦੇ ਅਧੀਨ ਚੱਲਣ ਵਾਲੇ ਸਕੂਲਾਂ ਦੀ ਸੰਖਿਆ, ਅਧਿਆਪਕਾਂ ਦੀ ਸੰਖਿਆ ਅਤੇ ਪਾਸ ਹੋਣ ਵਾਲੇ ਵਿਦਿਆਰਥੀਆਂ ਦਾ ਪ੍ਰਤੀਸ਼ਤ ਵੀ ਇਨ੍ਹਾਂ ਤੱਥਾਂ ਦਾ ਹਿੱਸਾ ਹੁੰਦੇ ਹਨ। ਇਨ੍ਹਾਂ ਤੱਥਾਂ ਨੂੰ ਵਿੱਤੀ ਪੱਖ ਨਾਲ ਮਿਲਾ ਕੇ ਵਰਤਣ ਨਾਲ ਸੇਵਾਵਾਂ ਮੁਹੱਈਆ ਕਰਵਾਉਣ ਦੀ ਲਾਗਤ ਆਦਿ ਬਾਰੇ ਵੱਖ-ਵੱਖ ਵਿਸ਼ਲੇਸ਼ਣਾਤਮਕ ਰਿਪੋਰਟਾਂ ਤਿਆਰ ਹੋ ਸਕਦੀਆਂ ਹਨ।

ਸ਼ਹਿਰੀ ਸਥਾਨਕ ਸੰਸਥਾਵਾਂ ਦੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦੀਆਂ ਰਿਪੋਰਟਾਂ ਹੇਠ ਲਿਖੇ ਮੁੱਖ-ਮੁੱਖ ਵਿਸ਼ਿਆਂ ਦਾ ਵਰਣਨ ਕਰਨਗੀਆਂ:

ੳ. ਵਿੱਤੀ ਕਾਰਜ ਪੂਰਤੀ (ਆਮਦਨ ਖਰਚ ਦਾ ਚਿੱਠਾ, ਆਮਦਨ ਖਰਚ ਦੇ ਵੇਰਵੇ , ਨਕਦ ਲੈਣ ਦਾ ਖੁਲਾਸਾ ਆਦਿ)

ਅ. ਵਿਭਾਗੀ ਕਾਰਜ ਪੂਰਤੀ (ਵਿਭਾਗੀ ਉਗਰਾਹੀ ਦਾ ਖੁਲਾਸਾ)

ੲ. ਲਾਗਤ ਵਸੂਲੀ / ਸਬਸਿਡੀ ਬਾਰੇ ਰਿਪੋਰਟ (ਜਲ ਪੂਰਤੀ ਦੀ ਲਾਗਤ ਦੇ ਵੇਰਵੇ ਆਦਿ)

ਹ. ਵਾਰਡ ਪੱਧਰ ਦੀ ਸੂਚਨਾ ਪ੍ਰਣਾਲੀ ਰਿਪੋਰਟ (ਵਾਰਡ ਪੱਧਰ ਦੀ ਆਮਦਨ, ਖਰਚ ਆਦਿ)

ਸ. ਕਾਰਜ ਪੂਰਤੀ ਦੇ ਮੁੱਖ ਮੁੱਖ ਸੂਚਕ (ਵਿੱਤੀ ਅਨੁਪਾਤ ਵਿਸ਼ਲੇਸ਼ਣ ਆਦਿ)

ਹਵਾਲੇ ਦੀ ਸੌਖ ਲਈ ਵਿੱਤੀ ਖੁਲਾਸਿਆਂ ਤੇ ਸੂਚਨਾ ਪ੍ਰਣਾਲੀ ਰਿਪੋਰਟਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ:

ੳ. ਆਮਦਨ ਅਤੇ ਖਰਚ

ਅ. ਆਮਦਨ ਖਰਚ ਦਾ ਚਿੱਠਾ

ੲ. ਨਕਦ ਲੈਣ ਦੇਣ ਦਾ ਖੁਲਾਸਾ

ਸ. ਵਸੂਲਿਆਂ ਅਤੇ ਭੁਗਤਾਨਾਂ ਦਾ ਖਾਤਾ

ਹ. ਸਬਸਿਡੀ ਰਿਪੋਰਟ

ਕ. ਵਿੱਤੀ ਅਨੁਪਾਤ

ਸਥਾਨਕ ਸ਼ਹਿਰੀ ਸੰਸਥਾਵਾਂ ਸਮੇਂ ਸਮੇਂ ਤੇ ਹੇਠ ਲਿਖੀਆਂ ਰਿਪੋਰਟਾਂ ਵੀ ਤਿਆਰ ਕਰ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਸਮੀਖਿਆ, ਵਿਸ਼ਲੇਸਣ ਅਤੇ ਨਿਰਣੇ ਵਾਸਤੇ ਵੱਖ-ਵੱਖ ਗਵਰਨਿੰਗ ਕਮੇਟੀਆਂ ਅੱਗੇ ਪੇਸ਼ ਕਰ ਸਕਦੀਆਂ ਹਨ:

ੳ. ਲੈਣ ਯੋਗ ਰਾਸ਼ੀਆਂ ਦਾ ਖੁਲਾਸਾ

ਅ. ਦੇਣ ਯੋਗ ਰਾਸ਼ੀਆਂ ਦਾ ਖੁਲਾਸਾ

ੲ. ਵਾਰਡ ਵਾਰ ਦੇਣਦਾਰੀਆਂ ਦੀ ਸੰਖੇਪ ਰਿਪੋਰਟ

ਸ. ਆਮਦਨ ਦੇ ਰੁਝਾਣ ਤੇ ਰਿਪੋਰਟ

## ਆਮਦਨ ਖਰਚ ਦਾ ਅਰੰਭਕ ਚਿੱਠਾ (Opening Balance Sheet)

ਇਸ ਉਦੇਸ਼ ਲਈ ਸੰਪਤੀਆਂ ਅਤੇ ਦੇਣਦਾਰੀਆਂ ਬਾਰੇ ਸੂਚਨਾ ਇਕੱਠੀ ਕਰਨੀ ਚਾਹੀਦੀ ਹੈ ਕਿਉਂਕਿ ਇਸ ਨਾਲ ਸ਼ਹਿਰੀ ਸਥਾਨਕ ਸੰਸਥਾ ਦਾ ਅਰੰਭਕ ਚਿੱਠਾ ਬਣਾਉਣਾ ਸੁਖਾਲਾ ਹੋ ਜਾਵੇਗਾ। ਬਜਟ ਵਿੱਚ ਅੰਕਿਤ ਲੈਣ ਦੇਣ ਵਾਸਤਵ ਵਿੱਚ ਸਥਾਈ ਹੈ। ਉਦਾਹਰਣ ਦੇ ਤੌਰ ਤੇ ਇੱਕ ਵਾਰ ਵਸੂਲ ਕੀਤਾ ਗਿਆ ਕਰ ਸਥਾਈ ਤੌਰ ਤੇ ਸ਼ਹਿਰੀ ਸਥਾਨਕ ਸੰਸਥਾ ਦਾ ਹੋ ਜਾਂਦਾ ਹੈ ਅਤੇ ਕਰਦਾਤਾ ਨੂੰ ਵਾਪਸ ਨਹੀਂ ਦਿੱਤਾ ਜਾ ਸਕਦਾ। ਕਿਸੇ ਕਰਮਚਾਰੀ ਦੀ ਤਨਖਾਹ ਜਾਂ ਸਮਾਨ ਖਰੀਦਣ ਤੇ ਖਰਚ ਹੋਇਆ ਪੈਸਾ ਵਾਪਿਸ ਨਹੀਂ ਲਿਆ ਜਾ ਸਕਦਾ।ਇੱਕ ਸ਼ਹਿਰੀ ਸਥਾਨਕ ਸੰਸਥਾ ਦੀ ਨਿਰੋਲ ਕੀਮਤ ਇਸ ਦੀ ਆਮਦਨੀ ਅਤੇ ਖਰਚ ਵਿਚਕਾਰਲਾ ਅੰਤਰ ਹੈ, ਜਿਸ ਨੂੰ ਆਮ ਕਰਕੇ (General Fund Account Balance) ਵੀ ਕਿਹਾ ਜਾਂਦਾ ਹੈ। ਜੇ ਇਹ ਵਾਧੂ ਨਾ ਹੋਵੇ, ਭਾਵ ਜੇ ਕੁੱਲ ਖਰਚ ਕੁੱਲ ਆਮਦਨੀ ਤੋਂ ਵਧ ਜਾਵੇ, ਤਾਂ ਸੰਸਥਾ ਅਸਲ ਵਿੱਚ ਕਰਜ਼ਦਾਰ ਹੁੰਦੀ ਹੈ।

ਲੇਕਿਨ ਕਿਸੇ ਵੀ ਵਕਤ ਸ਼ਹਿਰੀ ਸਥਾਨਕ ਸੰਸਥਾ ਦੀ ਨਕਦੀ ਦੀ ਸਥਿਤੀ ਤੋਂ ਸ਼ਾਇਦ ਇਸ ਦੀ ਅਸਲੀ ਨਿਰੋਲ ਕੀਮਤ ਦੀ ਝਲਕ ਨਹੀਂ ਮਿਲ ਸਕਦੀ ਕਿਉਂਕਿ ਇਸ ਤੇ ਕਈ ਅਸਥਾਈ ਕਾਰਣਾਂ ਦਾ ਵੀ ਪ੍ਰਭਾਵ ਪੈਂਦਾ ਹੈ। ਇਸ ਕਰਕੇ ਇਹ ਸੰਭਾਵਨਾਵਾਂ ਹੋ ਸਕਦੀਆਂ ਹਨ :

ੳ. ਇਹ ਜਮ੍ਹਾਂ ਰਾਸ਼ੀਆਂ ਕਰਕੇ, ਭਾਵ ਦੂਜਿਆਂ (Creditors) ਦਾ ਪੈਸਾ ਇਸ ਪਾਸ ਹੋਣ ਕਰਕੇ, ਸਫੀਤੀ (Inflation) ਦੀ ਅਵਸਥਾ ਵਿੱਚ ਹੋ ਸਕਦੀ ਹੈ।

ਅ. ਇਹ ਪੇਸ਼ਗੀਆਂ ਕਰਕੇ, ਭਾਵ ਦੂਜਿਆਂ (Debtors) ਨੂੰ ਦਿੱਤੇ ਹੋਏ ਕਰਜ ਵਾਪਸ ਨਾ ਆਉਣ ਕਰ ਕੇ, ਤੰਗੀ ਵਿੱਚ ਹੋ ਸਕਦੀ ਹੈ।

ਆਮਦਨ ਖਰਚ ਦੇ ਚਿੱਠੇ (Balance Sheet) ਦਾ ਮੰਤਵ ਕਿਸੇ ਖਾਸ ਪਲ ਜਾਂ ਵਿੱਤੀ ਸਾਲ ਦੇ ਅੰਤ ਵਿੱਚ ਸਹੀ ਸਥਿਤੀ ਦੀ ਸੂਚਨਾ ਦੇਣਾ ਹੈ। ਕੈਸ਼ ਅਤੇ ਲੈਜਰ ਅਕਾਊਂਟ ਵੀ ਯਕੀਨੀ ਤੌਰ ਤੇ ਸਹੀ ਹੋਣੇ ਚਾਹੀਦੇ ਹਨ, ਭਾਵ ਉਹ ਅਵੱਸ਼ਕ ਤੌਰ ਤੇ ਸੰਤੁਲਤ ਹੋਣੇ ਚਾਹੀਦੇ ਹਨ। ਦੂਜੇ ਸ਼ਬਦਾਂ ਵਿੱਚ:

ਨਕਦੀ ਅਤੇ ਬੈਂਕ ਦੇ ਜਮ੍ਹਾਂ ਖਾਤੇ + ਪੇਸ਼ਗੀਆਂ/ਦੇਣਦਾਰ – ਜਮ੍ਹਾਂ ਕਰਵਾਈਆਂ ਗਈਆਂ ਰਾਸ਼ੀਆਂ/ਲੈਣਦਾਰ = ਨਿਰੋਲ ਕੀਮਤ/General Balance

ਇਹ ਸੰਭਵ ਹੈ ਕਿ ਇੱਕ ਸ਼ਹਿਰੀ ਸਥਾਨਕ ਸੰਸਥਾ ਅਪਣੀ ਸਾਰੀ ਨਕਦੀ ਨੂੰ ਬੈਂਕ ਖਾਤੇ ਜਾਂ ਰੋਕੜ ਦੇ ਰੂਪ ਵਿੱਚ ਨਾ ਰੱਖੇ। ਜਿੱਥੇ ਕਾਫੀ ਦੇਰ ਲਈ ਵਿੱਤੀ ਸਾਧਨ ਖਰਚ ਨਹੀਂ ਹੋਣੇ ਹੁੰਦੇ ਹਨ – ਉਦਾਹਰਣ ਦੇ ਤੌਰ ਤੇ ਲੰਬੀ ਅਵਧੀ ਤੱਕ ਰਾਖਵੀਂ ਰੱਖੀ ਗਈ ਰਾਸ਼ੀ ਜਾਂ ਕਿਸੇ ਸਾਜ਼ੋ ਸਮਾਨ ਦੀ ਥਾਂ ਸੰਭਾਵਤ ਤੌਰ ਤੇ ਨਵਾਂ ਸਾਜ਼ੋ ਸਮਾਨ ਖਰੀਦਣ ਲਈ ਰਾਖਵੀਂ ਰੱਖੀ ਗਈ ਰਾਸ਼ੀ – ਇਨ੍ਹਾਂ ਨੂੰ ਬਾਂਡਾਂ ਜਾਂ ਵਿਆਜ ਦੇਣ ਵਾਲੀਆਂ ਹੋਰ ਵਿਧੀਆਂ ਲਈ ਵਰਤਿਆ ਜਾ ਸਕਦਾ ਹੈ। ਇਸ ਲਈ ਮੌਜੂਦਾ ਸੰਪਤੀਆਂ ਵਿੱਚ ਨਕਦੀ, ਬੈਂਕ ਦੇ ਜਮ੍ਹਾਂ ਖਾਤੇ ਅਤੇ ਨਿਵੇਸ਼ ਵੀ ਹੋ ਸਕਦੇ ਹਨ।

## ਸਿੱਟਾ ਅਤੇ ਅੱਗੇ ਦਾ ਰਸਤਾ

ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਬਜਟ ਬਣਾਉਣ ਅਤੇ ਹਿਸਾਬ ਕਿਤਾਬ ਰੱਖਣ ਦੀ ਪ੍ਰਣਾਲੀ ਵਿੱਚ ਪਾਈਆਂ ਜਾਣ ਵਾਲੀਆਂ ਤਰੁਟੀਆਂ ਨੂੰ ਨਕਦੀ ਆਧਾਰਤ ਇੱਕੋ ਇੰਦਰਾਜ ਵਾਲੇ ਹਿਸਾਬ ਕਿਤਾਬ ਦੀ ਬਜਾਇ ਘਾਟਾ ਵਾਧਾ ਆਧਾਰਤ ਦੂਹਰੇ ਇੰਦਰਾਜ ਵਾਲੀ ਵਿਧੀ ਅਪਣਾ ਕੇ ਦੂਰ ਕੀਤਾ ਜਾ ਸਕਦਾ ਹੈ। NMAM ਵਿੱਚ ਦੱਸੀ ਗਈ ਘਾਟੇ ਵਾਧੇ ਤੇ ਆਧਾਰਤ ਵਿਧੀ ਮੌਜੂਦਾ ਨਕਦੀ ਆਧਾਰਤ ਪ੍ਰਣਾਲੀ ਦੀਆਂ ਕਮੀਆਂ ਨੂੰ ਦੂਰ ਕਰਨ ਵਿੱਚ ਸਹਾਇਤਾ ਦਿੰਦੀ ਹੈ। ਹਿਸਾਬ–ਕਿਤਾਬ ਦੇ ਸੁਧਰੇ ਹੋਏ ਖੁਲਾਸੇ ਨਾਲ ਸ਼ਹਿਰੀ ਸਥਾਨਕ ਸੰਸਥਾ ਦੀ ਵਿੱਤੀ ਕਾਰਜ ਪੂਰਤੀ ਅਤੇ ਇਸ ਦੇ ਵਿੱਤੀ ਅਧਾਰ ਦਾ ਵਿਸਲੇਸ਼ਣ ਕਰਨ ਅਤੇ ਇਸ ਦੀਆਂ ਵਹੀਆਂ ਦੀ ਸ਼ੁੱਧਤਾ ਨੂੰ ਪਰਖਣ ਤੋਂ ਇਲਾਵਾ ਨਗਰ ਪਾਲਕਾਵਾਂ ਦੀਆਂ ਸੇਵਾਵਾਂ ਅਤੇ ਸੰਪਤੀਆਂ ਦੀ ਲਾਗਤ ਦਾ ਜਾਇਜਾ ਲੈਣ ਲਈ ਚੋਖੀ ਸੂਚਨਾ

ਉਪਲਬਧ ਕਰਵਾਉਣਾ ਸੰਭਵ ਹੋ ਸਕੇਗਾ। ਨਿਵੇਸ਼ਕ ਲਾਭ-ਹਾਨੀ ਦੇ ਖੁਲਾਸਿਆਂ ਅਤੇ ਪਾਰਦਰਸ਼ੀ ਚਿੱਠਿਆਂ ਤੇ ਭਰੋਸਾ ਕਰਦੇ ਹਨ। ਖਾਤਿਆਂ ਦਾ ਕੋਈ ਫਾਇਦਾ ਨਹੀਂ ਜੇ ਉਨ੍ਹਾਂ ਵਿੱਚ ਸੰਤੁਲਨ ਨਾ ਹੋਵੇ ਅਤੇ ਜੇ ਇਹ ਤਾਜੀ ਸੂਚਨਾ ਨਾ ਦਿੰਦੇ ਹੋਣ। ਜਦ ਤੱਕ ਇਸ ਦੇ ਖਾਤਿਆਂ ਵਿੱਚ ਇਹ ਦੋ ਵਿਸ਼ੇਸ਼ਤਾਵਾ ਨਹੀਂ ਹੋਣਗੀਆਂ, ਸ਼ਹਿਰੀ ਸਥਾਨਕ ਸੰਸਥਾ ਅਪਣੇ ਧਨ ਦੀ ਉਚਿਤ ਵਰਤੋਂ ਕੀਤੇ ਜਾਣ ਦਾ ਭਰੋਸਾ ਨਹੀਂ ਕਰ ਸਕਦੀ ਅਤੇ ਵਿੱਤੀ ਤਰੁੱਟੀਆਂ ਨੂੰ ਦੂਰ ਕਰਨ ਲਈ ਸਮੇਂ ਸਿਰ ਕਾਰਵਾਈ ਨਹੀਂ ਕਰ ਸਕਦੀ। ਰਾਜ ਸਰਕਾਰ ਨੂੰ ਨਗਰਪਾਲਕਾਵਾਂ ਦੇ ਸੰਸਥਾਗਤ ਢਾਂਚੇ ਨੂੰ ਮਜ਼ਬੂਤ ਬਣਾ ਕੇ ਸੁਧਾਰ ਦੀ ਪ੍ਰਕਿਰਿਆਂ ਨੂੰ ਤੇਜ਼ ਕਰਨ ਦੀ ਲੋੜ ਹੈ। NMAM ਵਿੱਚ ਹਿਸਾਬ ਕਿਤਾਬ ਰੱਖਣ ਦੀ ਜਿਸ ਨਵੀਨ ਪ੍ਰਣਾਲੀ ਦੀ ਸਿਫਾਰਿਸ਼ ਕੀਤੀ ਗਈ ਹੈ, ਉਸ ਨਾਲ ਸਰਕਾਰ ਨਗਰ ਪਾਲਕਾਵਾਂ ਵਿੱਚ ਪ੍ਰਚੱਲਤ ਵਿਧੀ ਨੂੰ ਬਦਲ ਕੇ ਸੁਧਰੀ ਹੋਈ ਪ੍ਰਣਾਲੀ ਲਾਗੂ ਕਰ ਸਕੇਗੀ।

ਸ਼ਹਿਰੀ ਸਥਾਨਕ ਸੰਸਥਾਵਾਂ ਨੂੰ CAG ਦੀ ਟਾਸਕ ਫੋਰਸ ਦੀਆਂ ਸਿਫਾਰਸ਼ਾਂ ਅਤੇ ਸ਼ਹਿਰੀ ਵਿਕਾਸ ਮੰਤਰਾਲੇ ਦੇ NMAM ਅਨੁਸਾਰ ਅਪਣਾ ਹਿਸਾਬ ਕਿਤਾਬ ਰੱਖਣ ਲਈ ਇੱਕ ਨਵਾਂ ਮੈਨੂਅਲ ਤਿਆਰ ਕਰਨ ਦੀ ਲੋੜ ਹੈ। ਰਾਜ ਭਰ ਵਿੱਚ ਇਸ ਨੂੰ ਲਾਗੂ ਕਰਨ ਅਤੇ ਹਿਸਾਬ-ਕਿਤਾਬ ਦੇ ਕੰਮ ਨੂੰ ਮਿਆਰੀ ਬਣਾਉਣ ਲਈ ਸੇਧ ਅਤੇ ਸਲਾਹ ਦੇਣ ਲਈ ਲੋਕਲ ਗੌਰਮਿੰਟ ਵਿਭਾਗ ਦੇ ਸਕੱਤਰ ਦੀ ਪ੍ਰਧਾਨਗੀ ਹੇਠ ਇੱਕ ਰਾਜ ਪੱਧਰ ਦੀ ਨਿਰਦੇਸ਼ਕ ਕਮੇਟੀ ਬਣਾਈ ਜਾ ਸਕਦੀ ਹੈ। ਇਸ ਕਮੇਟੀ ਨੂੰ ਸ਼ਹਿਰੀ ਸਥਾਨਕ ਸੰਸਥਾਵਾਂ ਤੋਂ ਇਲਾਵਾ ਰਾਜ ਦੇ ਵਿੱਤ ਵਿਭਾਗ ਅਤੇ ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਇੰਡੀਆ (ICAI) ਨਾਲ ਤਾਲ-ਮੇਲ ਬਣਾਈ ਰੱਖਣਾ ਚਾਹੀਦਾ ਹੈ। ਇਸ ਕਮੇਟੀ ਦੇ ਮੈਬਰਾਂ ਵਿੱਚ ਅਕਾਊਂਟਸ ਅਤੇ ਖਜ਼ਾਨੇ ਦਾ ਸਕੱਤਰ, ਪਾਇਲਟ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਕਮਿਸ਼ਨਰ, ਲੋਕਲ ਫੰਡ ਅਕਾਊਂਟਸ ਦਾ ਮੁੱਖ ਲੇਖਾ ਪਰੀਖਕ, ਅਕਾਊਂਟੈਂਟ ਜਨਰਲ ਦਾ ਪ੍ਰਤੀਨਿਧੀ ਅਤੇ ICAI ਦੇ ਪ੍ਰਤੀਨਿਧੀ ਹੋ ਸਕਦੇ ਹਨ। ਨਵੀਂ ਪ੍ਰਣਾਲੀ ਨੂੰ ਨਿਰਵਿਘਨਤਾਪੂਰਵਕ ਅਪਣਾਉਣ ਲਈ ਪੇਸ਼ਾਵਰ ਚਾਰਟਰਡ ਲੇਖਾਕਾਰਾਂ ਦੀ ਸਹਾਇਤਾ ਦੀ ਲੋੜ ਪੈ ਸਕਦੀ ਹੈ। ਬਾਦ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਨਕਦੀ ਪ੍ਰਬੰਧ , ਲੈਣ ਯੋਗ ਰਾਸ਼ੀਆਂ ਦੇ ਪ੍ਰਬੰਧ, ਬਜਟ ਬਣਾਉਣ ਅਤੇ ਲੇਖਾ ਪਰੀਖਣ ਆਦਿ ਵਿੱਚ ਵਿੱਤੀ ਪ੍ਰਬੰਧ ਦੀਆਂ ਸੁਧਰੀਆਂ ਹੋਈਆਂ ਪ੍ਰਣਾਲੀਆਂ ਲਾਗੂ ਕਰਨ ਤੇ ਵਿਚਾਰ ਕਰ ਸਕਦੀਆਂ ਹਨ। ਹਿਸਾਬ ਕਿਤਾਬ ਰੱਖਣ ਦੀ ਦੂਹਰੇ ਇੰਦਰਾਜ ਵਾਲੀ ਘਾਟਾ-ਵਾਧਾ ਆਧਾਰਤ ਪ੍ਰਣਾਲੀ ਅਪਣਾਉਣ ਦੀ ਸ਼ੁਰੂਆਤ ਆਮਦਨ-ਖਰਚ ਦਾ ਅਰੰਭਕ ਚਿੱਠਾ ਬਣਾ ਕੇ ਕੀਤੀ ਜਾ ਸਕਦੀ ਹੈ। ਰਾਜ ਦੇ ਅਪਣੇ ਮੈਨੂਅਲ ਦੀ ਗੈਰ-ਮੌਜੂਦਗੀ ਵਿੱਚ ਸ਼ਹਿਰੀ ਸੰਸਥਾਵਾਂ ਇਹ ਚਿੱਠਾ NMAM ਵਿੱਚ ਦਿੱਤੇ ਹੋਏ ਸੰਬੰਧਤ ਨਿਯਮਾਂ ਅਤੇ ਸੇਧ ਅਨੁਸਾਰ ਤਿਆਰ ਕਰ ਸਕਦੀਆਂ ਹਨ। ਆਮ ਵਿਸ਼ਵਾਸ ਹੈ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਹਿਸਾਬ ਕਿਤਾਬ ਅਤੇ ਬਜਟ ਬਣਾਉਣ ਦੀਆਂ ਉਲਝਣਾਂ ਤੋਂ ਛੁਟਕਾਰਾ ਪਾਉਣ ਲਈ ਨਵੀਂ ਪ੍ਰਣਾਲੀ ਵਿੱਚ ਕੰਪਿਊਟਰ ਦੀ ਮਦਦ ਲੈਣੀ ਜ਼ਰੂਰੀ ਹੈ।

# ਭਾਗ – ਦੂਜਾ

# ਪੰਚਾਇਤੀ ਰਾਜ ਸੰਸਥਾਵਾਂ

ਪੰਚਾਇਤੀ ਰਾਜ ਸੰਸਥਾਵਾਂ ਨੂੰ ਅਪਣੀ ਕਾਰਜ ਕੁਸ਼ਲਤਾ ਸੁਧਾਰਣ ਅਤੇ ਅਪਣੀ ਕਾਰਜ ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਉਣ ਲਈ ਹਿਸਾਬ ਕਿਤਾਬ ਰੱਖਣ ਅਤੇ ਬਜਟ ਬਣਾਉਣ ਦੀ ਜੋ ਪ੍ਰਣਾਲੀ ਅਪਣਾਉਣੀ ਚਾਹੀਦੀ ਹੈ, ਉਸ ਦਾ ਵਰਣਨ ਇਸ ਭਾਗ ਵਿੱਚ ਕੀਤਾ ਗਿਆ ਹੈ।

**ਜਾਣ-ਪਛਾਣ**

ਸਥਾਨਕ ਸਰਕਾਰ ਦੇ ਸੰਚਾਲਨ ਲਈ ਵਿੱਤੀ ਕਾਰਜ ਹਮੇਸ਼ਾ ਮਹੱਤਵਪੂਰਣ ਰਹੇ ਹਨ। ਹੁਣੇ ਹੁਣੇ ਪ੍ਰਕਾਸ਼ਿਤ ਹੋਈ ਪੁਸਤਕ"Guide to Local Government Finance'ਦੇ ਇੱਕ ਲੇਖਕ ਨੇ ਟਿੱਪਣੀ ਕੀਤੀ ਹੈ ਕਿ:

"ਸਥਾਨਕ ਸ਼ਾਸਨ ਦੇ ਵਿੱਤੀ ਮਾਮਲੇ ਇੱਕ ਰਹੱਸ ਬਣੇ ਹੋਏ ਹਨ। ਵਿਰਲੇ ਲੋਕਾਂ ਨੂੰ ਹੀ ਪਤਾ ਹੈ ਕਿ ਇਹ ਪ੍ਰਣਾਲੀ ਚਲਦੀ ਕਿਵੇਂ ਹੈ, ਭਾਵੇਂ ਇਸ ਤੋਂ ਪ੍ਰਭਾਵਿਤ ਹੋਣ ਵਾਲੇ ਲੱਖਾਂ ਲੋਕ ਹਨ.... ਬਾਕੀ ਹੋਰ ਤਕਨੀਕੀ ਵਿਸ਼ਿਆ ਦੀ ਤਰ੍ਹਾਂ ਇਸ ਦੀਆਂ ਗੁੰਝਲਾਂ ਨੂੰ ਸਮਝਣ ਵਾਲੇ ਲੋਕ ਅਕਸਰ ਇਸ ਨੂੰ ਸੌਖੇ ਸ਼ਬਦਾਂ ਵਿੱਚ ਸਮਝਾਉਣ ਦੀ ਸਭ ਤੋਂ ਘੱਟ ਸਮਰਥਾ ਰਖਦੇ ਹਨ। ਉਨ੍ਹਾਂ ਦੀ ਅਪਣੇ ਵਿਸ਼ੇ ਨਾਲ ਜਿਆਦਾ ਹੀ ਨੇੜਤਾ ਹੁੰਦੀ ਹੈ ਅਤੇ ਉਨ੍ਹਾਂ ਨੂੰ ਇਸ ਗੱਲ ਦੀ ਜ਼ਿਆਦਾ ਹੀ ਚਿੰਤਾ ਹੁੰਦੀ ਹੈ ਕਿ ਇੱਕ ਵੀ ਨੁਕਤਾ ਛੁੱਟ ਜਾਣ ਨਾਲ ਗਲਤ ਪ੍ਰਭਾਵ ਪਵੇਗਾ..... ਉਹ ਵੀ ਲੋਕ ਹਨ ਜਿਨ੍ਹਾਂ ਦਾ ਇਸ ਪ੍ਰਣਾਲੀ ਨੂੰ ਰਹੱਸ ਬਣਾਈ ਰੱਖਣ ਵਿੱਚ ਕੋਈ ਸਵਾਰਥ ਹੁੰਦਾ ਹੈ।"

ਭਾਰਤੀ ਸੰਵਿਧਾਨ ਦੀ 73 ਵੀਂ ਅਤੇ 74 ਵੀਂ ਸੋਧ ਦੀਆਂ ਧਰਾਵਾਂ 243, 243 Z ਵਿੱਚ ਉਮੀਦ ਰੱਖੀ ਗਈ ਹੈ ਕਿ ਰਾਜ ਕਾਨੂੰਨ ਪਾਸ ਕਰਕੇ ਪੰਚਾਇਤਾਂ ਅਤੇ ਨਗਰਪਾਲਕਾਵਾਂ ਦੁਆਰਾ ਹਿਸਾਬ-ਕਿਤਾਬ ਰੱਖੇ ਜਾਣ ਅਤੇ ਇਸ ਦੇ ਲੇਖਾ ਪਰੀਖਣ ਕਰਵਾਏ ਜਾਣ ਦੀ ਵਿਵਸਥਾ ਕਰਨਗੇ। ਕਿੰਤੂ ਇਨ੍ਹਾਂ ਸੰਵਿਧਾਨਕ ਸੋਧਾਂ ਦੇ ਪਾਸ ਕੀਤੇ ਜਾਣ ਦੇ ਇੱਕ ਦਹਾਕੇ ਬਾਦ ਵੀ ਸਥਾਨਕ ਸਵੈ-ਸ਼ਾਸਨ ਸੰਸਥਾਵਾਂ, ਖਾਸ ਕਰਕੇ ਪੰਚਾਇਤੀ ਰਾਜ ਸੰਸਥਾਵਾਂ ਦੇ ਹਿਸਾਬ-ਕਿਤਾਬ ਰੱਖਣ ਦੀ ਪ੍ਰਣਾਲੀ ਵਿੱਚ ਉਚਿਤ ਸੁਧਾਰ ਨਹੀਂ ਹੋਇਆ ਹੈ।ਵਿਚਕਾਰਲੀਆਂ ਅਤੇ ਜਿਲ੍ਹਾ ਪੱਧਰ ਦੀਆਂ ਪੰਚਾਇਤਾਂ ਦੇ ਹਿਸਾਬ-ਕਿਤਾਬ ਬਲਾਕ ਵਿਕਾਸ ਅਤੇ ਜਿਲ੍ਹਾ ਪੰਚਾਇਤ ਦਫਤਰਾਂ ਦੇ ਅਧਿਕਾਰੀਆਂ ਦੁਆਰਾ ਰੱਖੇ ਜਾਂਦੇ ਹਨ। ਲੇਕਿਨ ਇਸ ਕਾਰਜ ਲਈ ਯੋਗ ਅਧਿਕਾਰੀ ਨਾ ਹੋਣ ਕਰਕੇ ਪਿੰਡ ਪੰਚਾਇਤਾਂ ਦੇ ਹਿਸਾਬ-ਕਿਤਾਬ ਸਹੀ ਢੰਗ ਨਾਲ ਨਹੀਂ ਰੱਖੇ ਜਾ ਸਕੇ। ਆਮ ਕਰਕੇ ਪੰਜਾਬ ਵਿੱਚ ਇੱਕ ਪੰਚਾਇਤ ਸਕੱਤਰ ਚਾਰ-ਪੰਜ ਪੰਚਾਇਤਾਂ ਦੇ ਹਿਸਾਬ-ਕਿਤਾਬ ਰੱਖਦਾ ਹੈ। ਹਿਸਾਬ ਕਿਤਾਬ ਰੱਖਣ ਦੀ ਸਭ ਤੋਂ ਵੱਧ ਪ੍ਰਚੱਲਤ ਵਿਧੀ ਨਕਦੀ ਆਧਾਰਤ ਇੱਕੋ ਵਿੰਦਰਾਜ ਵਾਲੀ ਹੈ। ਉਚਿਤ ਢੰਗ ਨਾਲ ਹਿਸਾਬ-ਕਿਤਾਬ ਰੱਖਣ, ਲੇਖਾ-ਪਰੀਖਣ ਅਤੇ ਸਮਾਜਕ ਲੇਖਾ ਪਰੀਖਣ ਨਾ ਕੀਤੇ ਜਾਣ ਕਰਕੇ ਦੁਰਵਰਤੋਂ ਦੀ ਬਹੁਤ ਸੰਭਾਵਨਾ ਰਹਿੰਦੀ ਹੈ। ਇਸ ਕਰਕੇ ਦੁਰਵਰਤੋਂ ਦੀਆਂ ਸ਼ਿਕਾਇਤਾਂ ਸੁਣਨ ਨੂੰ ਮਿਲਦੀਆਂ ਹਨ। 1998 ਦੀ ਇੱਕ ਫੀਲਡ ਸਟੱਡੀ ਰਿਪੋਰਟ ਨੇ ਪੰਚਾਇਤੀ ਰਾਜ ਸੰਸਥਾਵਾਂ ਦੇ ਹਿਸਾਬ ਕਿਤਾਬ ਰੱਖਣ ਦੀ ਪ੍ਰਣਾਲੀ ਵਿੱਚ ਕਈ ਅਨਿਯਮਤਤਾਵਾਂ ਦੀ ਰਿਪੋਰਟ ਦਿੱਤੀ ਹੈ ਜਿਨ੍ਹਾਂ ਵਿੱਚੋਂ ਕੁੱਝ-ਕੁ ਹੇਠ ਲਿਖੇ ਅਨੁਸਾਰ ਹਨ:

ੳ. ਮਾਸਿਕ ਅਤੇ ਸਲਾਨਾ ਹਿਸਾਬ-ਕਿਤਾਬ ਸੰਬੰਧਤ ਅਧਿਕਾਰੀ ਪਾਸ ਪੇਸ਼ ਨਹੀਂ ਕੀਤੇ ਜਾਂਦੇ ਭਾਵੇਂ ਇਹ ਜਰੂਰੀ ਹੈ। ਵੱਖ-ਵੱਖ ਮੱਦਾਂ ਬਾਰੇ ਲੈਣ-ਦੇਣ ਦੇ ਰਜਿਸਟਰ ਨਹੀਂ ਰੱਖੇ ਜਾਂਦੇ

ਅ. ਖਰਚ ਦੀਆਂ ਅਤੇ ਵੱਖ-ਵੱਖ ਮੱਦਾਂ ਅਨੁਸਾਰ ਵੇਰਵੇ ਨਹੀਂ ਰੱਖੇ ਜਾਂਦੇ।

ੲ. ਬਿਲ ਇਕੱਠੇ ਕਰਨ ਵਾਲੇ ਕਰਮਚਾਰੀ ਦੁਆਰਾ ਆਮਦਨੀ ਦੇ ਵੱਖ-ਵੱਖ ਸਰੋਤਾਂ ਤੋਂ ਇਕੱਠੀ ਕੀਤੀ ਗਈ ਰਾਸ਼ੀ ਜਮ੍ਹਾਂ ਨਹੀਂ ਕਰਵਾਈ ਗਈ।

ਸ. ਕੈਸ਼ ਬੁੱਕ ਅਤੇ ਬੈਂਕ ਪਾਸ ਬੁੱਕ ਦੀ ਜਮ੍ਹਾਂ-ਖਰਚ ਦੀ ਸਥਿਤੀ ਆਡਿਟ ਸਰਕਲ ਪਾਸ ਪੇਸ਼ ਨਹੀਂ ਕੀਤੀ ਗਈ।

ਹ. ਪਿਛਲੇ ਸਾਲ ਦੇ ਹਿਸਾਬ-ਕਿਤਾਬ ਤੇ ਲੇਖਾ ਪਰੀਖਕ ਵੱਲੋਂ ਲਗਾਏ ਗਏ ਇਤਰਾਜਾਂ ਦਾ ਸਪਸ਼ਟੀਕਰਣ ਨਹੀਂ ਦਿੱਤਾ ਗਿਆ।

11 ਵੇਂ ਵਿੱਤ ਕਮਿਸ਼ਨ ਨੇ ਵੀ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਦੇ ਹਿਸਾਬ-ਕਿਤਾਬ ਰੱਖਣ ਦੀ ਪ੍ਰਣਾਲੀ ਵਿੱਚ ਹੇਠ ਲਿਖੀਆਂ ਤਰੁਟੀਆਂ ਦਾ ਜ਼ਿਕਰ ਕੀਤਾ ਸੀ:

ੳ. ਰਾਜਾਂ ਦੀਆਂ ਵਿਧਾਨ ਸਭਾਵਾਂ ਨੇ ਆਮ ਵਿਵਸਥਾ ਤਾਂ ਕੀਤੀ ਹੈ ਕਿੰਤੂ ਬਹੁਤੇ ਰਾਜਾਂ ਵਿੱਚ ਵਿਸਤ੍ਰਿਤ ਨਿਰਦੇਸ਼ਾ ਅਤੇ ਨਿਯਮਾਂ ਦੀ ਸਿਫਾਰਿਸ਼ ਨਹੀਂ ਕੀਤੀ ਗਈ।

ਅ. ਬਹੁਤ ਸਾਰੇ ਰਾਜਾਂ ਵਿੱਚ ਸਥਾਨਕ ਸੰਸਥਾਵਾਂ ਦੁਆਰਾ ਹਿਸਾਬ-ਕਿਤਾਬ ਰੱਖਣ ਦੇ ਦਹਾਕਿਆਂ ਪੁਰਾਣੇ ਖਾਕੇ ਹੀ ਵਰਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੇ ਅਪਣੀਆਂ ਸ਼ਕਤੀਆਂ, ਸਾਧਨਾਂ ਅਤੇ ਜਿੰਮੇਵਾਰੀਆਂ ਕਈ ਗੁਣਾ ਵਧ ਜਾਣ ਦੇ ਮੱਦੇ ਨਜ਼ਰ ਵੀ ਕੋਈ ਸੁਧਾਰ ਨਹੀਂ ਕੀਤਾ ਹੈ।

ੲ. ਜਿਆਦਾਤਰ ਪੰਚਾਇਤਾਂ ਪਾਸ ਮਾਇਕ ਬੰਦਿਸ਼ਾਂ ਕਰਕੇ ਪੂਰਾ ਜਾਂ ਅੰਸ਼ਿਕ ਸਮਾਂ ਕੰਮ ਕਰਨ ਵਾਲੇ ਸਕੱਤਰ ਤੋਂ ਛੁੱਟ ਹੋਰ ਕੋਈ ਕਰਮਚਾਰੀ ਨਹੀਂ ਹੁੰਦਾ।

11ਵੇਂ ਵਿੱਤ ਕਮਿਸ਼ਨ ਨੇ ਠੇਕੇਦਾਰੀ ਅਧਾਰ ਤੇ ਹਿਸਾਬ-ਕਿਤਾਬ ਰੱਖਣ ਦੇ ਖਰਚ ਲਈ ਪ੍ਰਤੀ ਪੰਚਾਇਤ ਔਸਤ 4000/-ਰੁਪਏ ਸਲਾਨਾ ਦੀ ਵਿਵਸਥਾ ਕੀਤੀ ਹੈ। ਕਮਿਸ਼ਨ ਦੁਆਰਾ ਛੇ ਵੱਖ-ਵੱਖ ਰਾਜਾਂ ਲਈ ਕੀਤੀ ਗਈ ਵਿਵਸਥਾ ਹੇਠਾਂ ਸਾਰਣੀ-44 ਵਿੱਚ ਦਿੱਤੀ ਗਈ ਹੈ:

**ਸਾਰਣੀ-44**

**ਪਿੰਡ ਪੱਧਰ ਦੀਆਂ ਅਤੇ ਵਿਚਕਾਰਲੀਆਂ ਪੰਚਾਇਤਾਂ ਦੇ ਹਿਸਾਬ-ਕਿਤਾਬ ਰੱਖਣ ਲਈ ਕੀਤੀ ਗਈ ਵਿਵਸਥਾ (ਲੱਖ ਰੁਪਿਆਂ ਵਿੱਚ)**

**(ਪੰਜਾਬ/ਪ੍ਰਗਤੀਸ਼ੀਲ ਭਾਰਤੀ ਰਾਜ)**

| ਰਾਜ | ਪਿੰਡ ਪੰਚਾਇਤ ਨੂੰ ਦਿੱਤੀ ਜਾਣ ਵਾਲੀ ਰਾਸ਼ੀ | ਵਿਚਕਾਰਲੀ ਪੰਚਾਇਤ ਨੂੰ ਦਿੱਤੀ ਜਾਣ ਵਾਲੀ ਰਾਸ਼ੀ | ਕੁੱਲ |
|---|---:|---:|---:|
| ਗੁਜਰਾਤ | 541.88 | 7.36 | 549.24 |
| ਕਰਨਾਟਕ | 226.92 | 7.00 | 233.92 |
| ਕੇਰਲ | 39.60 | 6.08 | 45.68 |
| ਮੱਧ ਪ੍ਰਦੇਸ਼ | 1245.04 | 18.36 | 1263.40 |
| ਮਹਾਰਾਸ਼ਟਰ | 1104.44 | 12.76 | 1117.20 |
| ਪੰਜਾਬ | 463.64 | 5.32 | 469.16 |

ਸਰੋਤ: 11 ਵੇਂ ਵਿੱਤ ਕਮਿਸ਼ਨ ਦੀ ਰਿਪੋਰਟ

11ਵੇਂ ਵਿੱਤ ਕਮਿਸ਼ਨ ਦੀ ਰਿਪੋਰਟ ਵਿੱਚ ਇਹ ਵੀ ਮਹਿਸੂਸ ਕੀਤਾ ਗਿਆ ਕਿ ਵਿੱਤ ਜਾਂ ਬਜਟ ਬਾਰੇ ਕੋਈ ਭਰੋਸੇ ਯੋਗ ਤੱਥ ਨਾ ਮਿਲਣ ਕਰਕੇ ਪੰਚਾਇਤਾਂ ਅਤੇ ਨਗਰ ਪਾਲਕਾਵਾਂ ਦੀਆਂ ਮੁਢਲੀਆਂ ਵਿਕਾਸ ਸੰਬੰਧੀ ਅਤੇ

ਨਾਗਰਿਕ ਜਿੰਮੇਵਾਰੀਆਂ ਲਈ ਜਰੂਰਤਾਂ ਦਾ ਯਥਾਰਥਕ ਮੁਲਾਂਕਣ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ,ਤੱਥ ਨਾ ਹੋਣ ਕਰਕੇ, ਲੁੜੀਂਦੀ ਜਾਣਕਾਰੀ ਪ੍ਰਾਪਤ ਕਰਨਾ ਵੀ ਸੰਭਵ ਨਹੀਂ ਜਿਸ ਦੇ ਅਧਾਰ ਤੇ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਆਰਥਕ ਵਿਕਾਸ ਅਤੇ ਸਮਾਜਕ ਨਿਆਂ ਲਈ ਵੱਖ-ਵੱਖ ਸਕੀਮਾਂ ਲਾਗੂ ਕਰਨ ਲਈ ਫੰਡ ਦਿੱਤੇ ਜਾ ਸਕਣ। ਕਮਿਸ਼ਨ ਨੇ 200 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ। ਪੰਜਾਬ ਅਤੇ ਪ੍ਰਗਤੀਸ਼ੀਲ ਭਾਰਤੀ ਰਾਜਾਂ ਨੂੰ ਦਿੱਤੀ ਜਾਣ ਵਾਲੀ ਰਾਸ਼ੀ ਸਾਰਣੀ-45 ਵਿੱਚ ਦਿੱਤੀ ਗਈ ਹੈ:

**ਸਾਰਣੀ-45**

**ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਵਿੱਤੀ ਹਾਲਤ ਸੰਬੰਧੀ ਤੱਥ ਸੰਗ੍ਰਹਿ ਕਰਨ ਲਈ ਕੀਤੀ ਗਈ ਵਿਵਸਥਾ (ਲੱਖ ਰੁਪਿਆਂ ਵਿੱਚ)**

| ਰਾਜ | ਪਿੰਡ ਪੰਚਾਇਤ ਨੂੰ ਦਿੱਤੀ ਜਾਣ ਵਾਲੀ ਰਾਸ਼ੀ | ਵਿਚਕਾਰਲੀ ਪੰਚਾਇਤ ਨੂੰ ਦਿੱਤੀ ਜਾਣ ਵਾਲੀ ਰਾਸ਼ੀ | ਕੁੱਲ |
|---|---|---|---|
| ਗੁਜਰਾਤ | 1096.86 | 11.89 | 1108.75 |
| ਕਰਨਾਟਕ | 468.66 | 17.15 | 485.81 |
| ਕੇਰਲ | 92.22 | 4.63 | 96.84 |
| ਮੱਧ ਪ੍ਰਦੇਸ਼ | 2523.18 | 32.23 | 2555.41 |
| ਮਹਾਰਾਸ਼ਟਰ | 2230.34 | 19.46 | 2249.81 |
| ਪੰਜਾਬ | 937.00 | 10.93 | 947.93 |

ਸਰੋਤ: 11 ਵੇਂ ਵਿੱਤ ਕਮਿਸ਼ਨ ਦੀ ਰਿਪੋਰਟ

ਕਮਿਸ਼ਨ ਨੇ ਸਥਾਨਕ ਸੰਸਥਾਵਾਂ ਦੁਆਰਾ ਹਿਸਾਬ-ਕਿਤਾਬ ਰੱਖਣ ਦੀ ਅਜਿਹੀ ਪ੍ਰਣਾਲੀ ਵਿਕਸਤ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਜਿਹੜੀ ਸਾਰੇ ਰਾਜਾਂ ਦੁਆਰਾ ਅਪਣਾਈ ਜਾ ਸਕਦੀ ਹੋਵੇ। ਕਮਿਸ਼ਨ ਦੀਆਂ ਕੁੱਝ-ਕੁ ਸਿਫਾਰਿਸ਼ ਨਿਮਨਲਿਖਤ ਅਨੁਸਾਰ ਹਨ:

(i) ਇਕਸਾਰਤਾ ਬਣਾਈ ਰੱਖਣ ਲਈ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦਾ ਹਿਸਾਬ-ਕਿਤਾਬ ਅਵੱਸ਼ਕ ਤੌਰ ਤੇ C & AG (Comptroller and Auditor General of IndI) ਅਤੇ CGA (Comptroller General of Accounts) ਦੀ ਸਲਾਹ ਨਾਲ ਰੱਖਿਆ ਜਾਣਾ ਚਾਹੀਦਾ ਹੈ।

(ii) C & AG ਨੂੰ ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਸਾਰੇ ਪੱਧਰਾਂ ਦੇ ਹਿਸਾਬ-ਕਿਤਾਬ ਰੱਖਣ ਅਤੇ ਉਨ੍ਹਾਂ ਦੇ ਲੇਖਾ ਪਰੀਖਣ ਦੇ ਨਿਯੰਤਰਣ ਅਤੇ ਨਿਗਰਾਨੀ ਦੀ ਜਿੰਮੇਵਾਰੀ ਸੌਂਪੀ ਜਾਣੀ ਚਾਹੀਦੀ ਹੈ।

(iii) ਡਾਇਰੈਕਟਰ ਲੋਕਲ ਫੰਡ ਆਡਿਟ ਜਾਂ ਕਿਸੇ ਵੀ ਹੋਰ ਅਧਿਕਾਰੀ ਨੂੰ, ਜਿਸ ਨੂੰ ਸਥਾਨਕ ਸੰਸਥਾਵਾਂ ਦੇ ਹਿਸਾਬ ਕਿਤਾਬ ਦੇ ਲੇਖਾ ਪਰੀਖਣ ਦੀ ਜਿੰਮੇਵਾਰੀ ਦਿੱਤੀ ਗਈ ਹੋਵੇ,C & AG ਦੀ ਤਕਨੀਕੀ ਅਤੇ ਪ੍ਰਸ਼ਾਸਨਿਕ ਨਿਗਰਾਨੀ ਹੇਠ ਕੰਮ ਕਰਨਾ ਚਾਹੀਦਾ ਹੈ।ਕਿਸੇ ਵੀ ਹਾਲਤ ਵਿੱਚ ਇਹ ਜਿੰਮੇਵਾਰੀ ਪੰਚਾਇਤਾਂ ਜਾਂ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਡਾਇਰੈਕਟਰ ਨੂੰ ਨਹੀਂ ਸੌਂਪੀ ਜਾਣੀ ਚਾਹੀਦੀ। ਜਿਸ ਅਧਿਕਾਰੀ ਨੂੰ ਸਥਾਨਕ ਸੰਸਥਾਵਾਂ ਦੇ ਹਿਸਾਬ ਕਿਤਾਬ ਦੇ ਲੇਖਾ ਪਰੀਖਣ ਦੀ ਜਿੰਮੇਵਾਰੀ ਸੌਂਪੇ ਜਾਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ, ਉਸਦੀ ਇਨ੍ਹਾਂ ਸੰਸਥਾਵਾਂ ਪ੍ਰਤੀ ਕੋਈ ਕਾਰਜਾਤਮਕ ਜਿੰਮੇਵਾਰੀ ਨਹੀਂ ਹੋਣੀ ਚਾਹੀਦੀ ਤਾਂ ਕਿ ਉਸਦੀ ਸੁਤੰਤਰਤਾ ਅਤੇ ਜਵਾਬਦੇਹੀ ਯਕੀਨੀ ਹੋ ਸਕੇ।

(iv) ਸਥਾਨਕ ਸੰਸਥਾਵਾਂ ਦੇ ਹਿਸਾਬ ਕਿਤਾਬ ਰੱਖਣ ਅਤੇ ਬਜਟ ਬਣਾਉਣ ਲਈ C & AG ਨੂੰ ਅਜਿਹੇ ਖਾਕਿਆਂ ਦੀ ਸਿਫਾਰਿਸ਼ ਕਰਨੀ ਚਾਹੀਦੀ ਹੈ ਜਿਨ੍ਹਾਂ ਦਾ ਪ੍ਰਯੋਗ ਕੰਪਿਊਟਰ ਦੁਆਰਾ ਵੀ ਹੋ ਸਕੇ ।

(v) ਜਿਨ੍ਹਾਂ ਸਥਾਨਕ ਸੰਸਥਾਵਾਂ ਪਾਸ ਹਿਸਾਬ-ਕਿਤਾਬ ਰੱਖਣ ਲਹੀ ਸਿਖਲਾਈ ਪ੍ਰਾਪਤ ਅਮਲਾ ਨਹੀਂ ਹੈ, ਉਹ ਇਹ ਕੰਮ ਬਾਹਰਲੇ ਵਿਅਕਤੀਆਂ ਜਾਂ ਸੰਸਥਾਵਾਂ ਤੋਂ ਠੇਕੇ ਤੇ ਕਰਵਾ ਸਕਦੀਆਂ ਹਨ। C & AG ਇਸ ਉਦੇਸ਼ ਲਈ ਜ਼ਰੂਰੀ ਯੋਗਤਾ ਅਤੇ ਅਨੁਭਵ ਨਿਯਤ ਕਰ ਸਕਦਾ ਹੈ। ਸਥਾਨਕ ਸੰਸਥਾਵਾਂ ਦਾ ਡਾਇਰੈਕਟਰ ਜਾਂ ਉਸ ਦੇ ਬਰਾਬਰ ਦਾ ਅਧਿਕਾਰੀ ਅਜਿਹੇ ਵਿਅਕਤੀਆਂ/ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਕਰ ਸਕਦਾ ਹੈ।

(vi) ਸਥਾਨਕ ਸੰਸਥਾਵਾਂ ਦੇ ਹਿਸਾਬ ਕਿਤਾਬ ਦੇ ਲੇਖਾ ਪਰੀਖਣ ਦੀ ਜ਼ਿੰਮੇਵਾਰੀ C & AG ਨੂੰ ਸੌਂਪੀ ਜਾ ਸਕਦੀ ਹੈ ਜੋ ਇਸ ਨੂੰ ਸੇਵਾ ਫਲ ਬਦਲੇ ਬਾਹਰਲੇ ਵਿਅਕਤੀਆਂ/ ਸੰਸਥਾਵਾਂ ਤੋਂ ਕਰਵਾ ਸਕਦਾ ਹੈ। ਸਥਾਨਕ ਸੰਸਥਾਵਾਂ ਦੇ ਹੋਏ ਕੁੱਲ ਖਰਚ ਦਾ ਅੱਧਾ ਪ੍ਰਤੀਸ਼ਤ ਇਸ ਉਦੇਸ਼ ਲਈ C & AG ਨੂੰ ਪੇਸ਼ ਕੀਤਾ ਜਾਣਾ ਚਾਹੀਦਾ ਹੈ।

(vii) ਪੰਚਾਇਤਾਂ ਅਤੇ ਨਗਰ ਪਾਲਕਾਵਾਂ ਦੇ ਹਿਸਾਬ ਕਿਤਾਬ ਦੇ ਕੀਤੇ ਗਏ ਲੇਖਾ ਪਰੀਖਣ ਬਾਰੇ C & AG ਦੀ ਰਿਪੋਰਟ ਰਾਜ ਵਿਧਾਨ ਸਭਾ ਦੀ ਇੱਕ ਕਮੇਟੀ ਸਾਮਣ੍ਹੇ ਪੇਸ਼ ਕੀਤੀ ਜਾਣੀ ਚਾਹੀਦੀ ਹੈ; ਇਸ ਕਮੇਟੀ ਦਾ ਗਠਨ ਪਬਲਿਕ ਅਕਾਊਂਟਸ ਕਮੇਟੀ ਦੀ ਤਰ੍ਹਾਂ ਹੀ ਕੀਤਾ ਜਾਣਾ ਚਾਹੀਦਾ ਹੈ।

(viii) ਪੰਚਾਇਤਾਂ ਅਤੇ ਨਗਰ ਪਾਲਕਾਵਾਂ ਦੀ ਵਿੱਤੀ ਸਥਿਤੀ ਬਾਰੇ ਤੱਥ-ਅੰਕੜਿਆਂ ਦਾ ਸੰਗ੍ਰਹਿ ਜ਼ਿਲ੍ਹਾ, ਰਾਜ ਅਤੇ ਕੇਂਦਰ ਸਰਕਾਰ ਦੇ ਪੱਧਰਾਂ ਤੇ ਕੀਤਾ ਜਾਣਾ ਚਾਹੀਦਾ ਹੈ; ਇਸ ਨੂੰ ਕੰਪਿਊਟਰੀਕ੍ਰਿਤ ਕਰਕੇ V-SAT ਨਾਲ ਜੋੜ ਦੇਣਾ ਚਾਹੀਦਾ ਹੈ ਤਾਂ ਕਿ ਇਸ ਦਾ ਅਸਾਨੀ ਨਾਲ ਉਪਯੋਗ ਕੀਤਾ ਜਾ ਸਕੇ। ਇਹ ਜ਼ਿੰਮੇਵਾਰੀ ਡਾਇਰੈਕਟਰ ਲੋਕਲ ਫੰਡ ਆਡਿਟ ਜਾਂ ਕਿਸੇ ਹੋਰ ਅਜਿਹੇ ਅਧਿਕਾਰੀ ਨੂੰ ਦਿੱਤੀ ਜਾ ਸਕਦੀ ਹੈ ਜਿਸ ਨੂੰ ਸਥਾਨਕ ਸੰਸਥਾਵਾਂ ਦੇ ਹਿਸਾਬ ਕਿਤਾਬ ਦੇ ਲੇਖਾ ਪਰੀਖਣ ਲਈ ਨਿਯੁਕਤ ਕੀਤਾ ਗਿਆ ਹੋਵੇ। ਰਾਜ ਦਾ ਮੁੱਖ ਸਕੱਤਰ ਰਾਜ ਪੱਧਰ ਦਾ ਤਾਲਮੇਲ ਅਤੇ ਨਿਗਰਾਨੀ ਕਰ ਸਕਦਾ ਹੈ। C & AG ਦਾ ਹਰ ਪੜਾਅ ਤੇ ਸਹਿਯੋਗ ਲੈਣਾ ਚਾਹੀਦਾ ਹੈ।

ਪੰਜਾਬ ਪੰਚਾਇਤੀ ਰਾਜ ਐਕਟ ਵਿੱਚ ਵਿਚਾਰ ਰੱਖਿਆ ਗਿਆ ਹੈ ਕਿ ਪੰਚਾਇਤੀ ਰਾਜ ਸੰਸਥਾਵਾਂ ਹਰ ਸਾਲ ਅਪਣੇ ਹਿਸਾਬ ਕਿਤਾਬ ਉਚਿਤ ਢੰਗ ਨਾਲ ਰੱਖਣ। ਗੁਜਰਾਤ ਪੰਚਾਇਤੀ ਰਾਜ ਐਕਟ 2003 ਨੇ ਟਿੱਪਣੀ ਕੀਤੀ ਹੈ ਕਿ ਹਰੇਕ ਪੰਚਾਇਤ ਦੇ ਹਿਸਾਬ ਕਿਤਾਬ ਅਤੇ ਆਮਦਨ ਖਰਚ ਦੇ ਵੇਰਵਿਆਂ ਨੂੰ ਸਹੀ ਢੰਗ ਨਾਲ ਰੱਖ ਕੇ ਹਰੇਕ ਸਾਲ ਦੇ ਪਹਿਲੇ ਦਿਨ ਇਨ੍ਹਾਂ ਦਾ ਸੰਤੁਲਨ (Balance) ਸਥਾਪਤ ਕੀਤਾ ਜਾਣਾ ਚਾਹੀਦਾ ਹੈ। ਹਰੇਕ ਪੰਚਾਇਤ ਦਾ ਸਕੱਤਰ ਪੰਚਾਇਤ ਦੇ ਪ੍ਰਸ਼ਾਸਨ ਦੀ ਸਲਾਨਾ ਰਿਪੋਰਟ ਤਿਆਰ ਕਰ ਕੇ ਹਿਸਾਬ ਕਿਤਾਬ ਅਤੇ ਰਿਪੋਰਟ ਨੂੰ ਪੰਚਾਇਤ ਅੱਗੇ ਮੰਜ਼ੂਰੀ ਲਈ ਪੇਸ਼ ਕਰੇਗਾ। ਕਰਨਾਟਕ ਪੰਚਾਇਤੀ ਰਾਜ ਐਕਟ , 2003 ਵਿੱਚ ਉਮੀਦ ਰੱਖੀ ਗਈ ਹੈ ਕਿ ਪੰਚਾਇਤਾਂ ਦਾ ਹਿਸਾਬ ਕਿਤਾਬ ਇੱਕੋ ਕੈਸ਼ ਬੁੱਕ ਵਿੱਚ ਰੱਖਿਆ ਜਾਵੇ ਜਿਸ ਵਿੱਚ ਹਰੇਕ ਸਾਲ ਦੇ ਆਮਦਨੀ ਖਰਚ ਨੂੰ ਦਿਖਾਇਆ ਜਾਵੇ। ਸਕੱਤਰ ਹਿਸਾਬ ਕਿਤਾਬ ਤਿਆਰ ਕਰਕੇ ਪੰਚਾਇਤ ਅੱਗੇ ਪੇਸ਼ ਕਰਦਾ ਹੈ। ਤਾਲੁਕ (ਵਿਚਾਰਲੀ)ਪੰਚਾਇਤ ਅਤੇ ਜ਼ਿਲ੍ਹਾ ਪੰਚਾਇਤ ਦਾ ਹਿਸਾਬ ਕਿਤਾਬ ਕ੍ਰਮਵਾਰ ਅਕਾਊਂਟਸ ਅਫਸਰ ਅਤੇ ਮੁੱਖ ਅਕਾਊਂਟਸ ਅਫਸਰ ਦੁਆਰਾ ਰੱਖਿਆ ਜਾਂਦਾ ਹੈ ਜੋ ਤਾਲੁਕ ਅਤੇ ਜ਼ਿਲ੍ਹਾ ਹੈਡਕੁਆਟਰ ਵਿੱਚ ਹੁੰਦੇ ਹਨ।

**ਹਿਸਾਬ ਕਿਤਾਬ ਰੱਖਣ ਲਈ ਨਿਰਦੇਸ਼**

ਹਿਸਾਬ ਕਿਤਾਬ ਰੱਖਣ ਲਈ ਹੇਠ ਲਿਖੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਹਿਸਾਬ ਕਿਤਾਬ ਵਿਉਪਾਰਕ ਸਿਧਾਂਤਾਂ ਅਨੁਸਾਰ ਦੂਹਰੇ ਇੰਦਰਾਜ ਵਾਲੀ ਪ੍ਰਣਾਲੀ ਰਾਹੀਂ ਰੱਖਿਆ ਜਾਣਾ ਚਾਹੀਦਾ ਹੈ। ਸਾਰੇ ਹਿਸਾਬ ਕਿਤਾਬ ਦਾ ਸੰਤੁਲਨ ਹੋਣਾ ਜਰੂਰੀ ਹੈ। ਕਿਸੇ ਵੀ ਵੇਲੇ ਜਮ੍ਹਾਂ ਖਾਤੇ (Credit) ਦੀਆਂ ਕੁੱਲ

ਰਾਸ਼ੀਆਂ ਉਧਾਰ ਖਾਤੇ (Debit) ਦੀਆਂ ਕੁੱਲ ਰਾਸ਼ੀਆਂ ਦੇ ਬਰਾਬਰ ਹੋਣੀਆਂ ਚਾਹੀਦੀਆਂ ਹਨ। ਦੂਹਰੇ ਇੰਦਰਾਜ ਵਾਲੀ ਪ੍ਰਣਾਲੀ ਦੇ ਦੋ ਮੁੱਖ ਲੱਛਣ ਇਹ ਹਨ: (i) ਹਰੇਕ ਲੈਣ ਦੇਣ ਦੋ ਖਾਤਿਆਂ ਵਿੱਚ ਦਰਜ ਕੀਤਾ ਜਾਦਾਂ ਹੈ (ii) ਹਰੇਕ ਖਾਤੇ ਦੇ ਦੋ ਕਾਲਮ ਹੁੰਦੇ ਹਨ। ਦੋ ਇੰਦਰਾਜਾਂ ਨਾਲ ਹਿਸਾਬ ਕਿਤਾਬ ਦਾ ਸੰਤੁਲਨ ਬਣਿਆ ਰਹਿੰਦਾ ਹੈ ਜਿਸ ਨਾਲ

Assets = Liabilities + Owner's Equity

ਇਸ ਪ੍ਰਣਾਲੀ ਵਿੱਚ ਦੂਹਰੇ ਇੰਦਰਾਜ ਉਧਾਰ ਖਾਤੇ (Debits) ਅਤੇ ਜਮ੍ਹਾਂ ਖਾਤੇ (Credits) ਦੇ ਰੂਪ ਵਿੱਚ ਹੁੰਦੇ ਹਨ। ਉਧਾਰ ਖਾਤੇ ਨੂੰ ਖੱਬੇ ਪਾਸੇ ਅਤੇ ਜਮਾਂ ਖਾਤੇ ਨੂੰ ਸੱਜੇ ਪਾਸੇ ਰੱਖਿਆ ਜਾਂਦਾ ਹੈ। ਹਰੇਕ ਉਧਾਰ ਦੇ ਬਰਾਬਰ ਅਤੇ ਵਿਪਰੀਤ ਇੱਕ ਜਮ੍ਹਾਂ ਹੁੰਦੀ ਹੈ ਜਿਸ ਕਰਕੇ ਉਧਾਰ ਖਾਤੇ ਦਾ ਕੁੱਲ ਜੋੜ ਜਮ੍ਹਾਂ ਖਾਤੇ ਦੇ ਕੁੱਲ ਜੋੜ ਦੇ ਬਰਾਬਰ ਰਹਿਣਾ ਚਾਹੀਦਾ ਹੈ । ਇਸ ਸਿਧਾਂਤ ਨਾਲ ਲੈਣ ਦੇਣ ਦਰਜ ਕਰਨ ਦੀ ਪ੍ਰਕਿਰਿਆ ਵਿੱਚ ਗਲਤੀ ਦਾ ਪਤਾ ਚੱਲ ਜਾਂਦਾ ਹੈ।

ਇੱਕੋ ਇੰਦਰਾਜ ਵਾਲੇ ਹਿਸਾਬ ਕਿਤਾਬ ਦੀ ਤੁਲਨਾ ਵਿੱਚ ਦੂਹਰੇ ਵਿੰਦਰਾਜ ਵਾਲੇ ਹਿਸਾਬ ਕਿਤਾਬ ਦੇ ਹੇਠ ਲਿਖੇ ਲਾਭ ਹਨ :

* ਜਟਿਲ ਸੰਗਠਨਾਂ ਵਿੱਚ ਲਾਭ ਹਾਨੀ ਦਾ ਸਹੀ ਸਹੀ ਹਿਸਾਬ।
* ਬੁੱਕ-ਕੀਪਿੰਗ ਅਕਾਊਂਟਸ ਵਿੱਚ Assets and Liabilities ਦਿਖਾਈਆਂ ਜਾਂਦੀਆਂ ਹਨ।
* ਵਿੱਤੀ ਖੁਲਾਸਾ ਸਿੱਧਾ ਹਿਸਾਬ ਤੋਂ ਹੀ ਤਿਆਰ ਕੀਤਾ ਜਾ ਸਕਦਾ ਹੈ।
* ਗਲਤੀ ਅਤੇ ਹੇਰਾ ਫੇਰੀ ਅਸਾਨੀ ਨਾਲ ਫੜੀ ਜਾ ਸਕਦੀ ਹੈ।

**ਦਸਤਾਵੇਜ ਤਿਆਰ ਕਰਨ ਅਤੇ ਹਿਸਾਬ ਕਿਤਾਬ ਰੱਖਣ ਦੇ ਨਿਯਮ**

ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀ (DRDA) ਨੇ ਹਿਸਾਬ ਕਿਤਾਬ ਦੀ ਪਾਰਦਰਸ਼ਤਾ ਲਈ ਪੰਚਾਇਤੀ ਰਾਜ ਸੰਸਥਾਵਾਂ ਤੋਂ ਹੇਠ ਲਿਖੇ ਦਸਤਾਵੇਜ ਰੱਖਣ ਦੀ ਉਮੀਦ ਕੀਤੀ ਹੈ। ਇਸ ਦੀ ਟਿੱਪਣੀ ਵਿੱਚ ਕਿਹਾ ਗਿਆ ਹੈ ਕਿ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਹਰੇਕ ਸਾਲ ਹੇਠ ਲਿਖੇ ਦਸਤਾਵੇਜ/ਕਾਗਜ-ਪੱਤਰ ਤਿਆਰ ਰੱਖਣ:

(i) ਵਸੂਲੀ ਅਤੇ ਭੁਗਤਾਨ ਦਾ ਖਾਤਾ
(ii) ਆਮਦਨ ਅਤੇ ਖਰਚ ਦਾ ਖਾਤਾ
(iii) ਆਮਦਨ ਖਰਚ ਦਾ ਚਿੱਠਾ
(iv) ਵਰਤੋਂ ਦੇ ਪ੍ਰਮਾਣ ਪੱਤਰ (Utilization Certificates)
(v) ਹਰੇਕ ਸਕੀਮ ਦੇ ਸਲਾਨਾ ਅਰੰਭ ਅਤੇ ਸਮਾਪਤੀ ਦੇ ਬੈਲੈਂਸ ਦਾ ਖੁਲਾਸਾ।
(vi) ਹਰ ਵਿੱਤੀ ਸਾਲ ਦੇ ਅੰਤ ਵਿੱਚ (Impress Adjustments) ਦਾ ਪ੍ਰਮਾਣ ਪੱਤਰ
(vii) ਪਿੰਡ ਪੰਚਾਇਤਾਂ ਲਈ ਲੋਕਲ ਫੰਡ ਆਡਿਟ ਦੁਆਰਾ ਲੇਖਾ ਪਰੀਖਣ ਰਿਪੋਰਟ ਅਤੇ ਵਿਚਕਾਰਲੀਆਂ ਜਾਂ ਜ਼ਿਲ੍ਹਾ ਪੰਚਾਇਤਾਂ ਲਈ C & AG ਦੁਆਰਾ ਲੇਖਾ ਪਰੀਖਣ ਦੀ ਰਿਪੋਰਟ

ਹਿਸਾਬ ਕਿਤਾਬ ਦੇ ਮਾਮਲੇ ਵਿੱਚ ਏਜੰਸੀ (DRDA) ਨੇ ਉਪਰੋਕਤ ਸਿਧਾਂਤਾਂ ਦੀ ਨਿਮਨ ਅਨੁਸਾਰ ਪਾਲਣਾ ਦੀ ਉਮੀਦ ਰੱਖੀ:

(i) ਕੇਂਦਰ ਅਤੇ ਰਾਜ ਸਰਕਾਰ ਤੋਂ ਪ੍ਰਾਪਤ ਹੋਏ ਫੰਡ ਬੈਂਕ ਦੇ ਬੱਚਤ ਖਾਤੇ (Saving Bank Account) ਵਿੱਚ ਹੀ ਰੱਖੇ ਜਾਣੇ ਚਾਹੀਦੇ ਹਨ।ਇਨ੍ਹਾਂ ਫੰਡਾਂ ਨੂੰ ਕਿਸੇ ਵੀ ਹਾਲਤ ਵਿੱਚ (Fixed Deposits ਜਾਂ Term

Deposits ਵਿੱਚ ਨਾ ਰੱਖਿਆ ਜਾਵੇ। ਸਾਰੇ ਮੌਜੂਦਾ Fixed ਜਾਂ Term Deposits ਨੂੰ ਤੁੜਵਾ ਕੇ ਸੰਬੰਧਤ ਸਕੀਮ ਦੇ ਖਾਤੇ ਵਿੱਚ ਪਾ ਦੇਣਾ ਚਾਹੀਦਾ ਹੈ।

(ii) ਸਕੀਮ ਦੇ ਖਾਤੇ ਕੇਵਲ ਰਾਸ਼ਟਰੀਕ੍ਰਿਤ, ਸਹਿਕਾਰੀ ਜਾਂ ਖੇਤਰੀ ਗਰਾਮੀਣ ਬੈਂਕਾਂ ਵਿੱਚ ਹੀ ਰੱਖਣੇ ਚਾਹੀਦੇ ਹਨ; ਕਿਸੇ ਵੀ ਹਾਲਤ ਵਿੱਚ ਫੰਡਾਂ ਨੂੰ ਖਜ਼ਾਨੇ ਜਾਂ ਵਿਅਕਤੀਗਤ ਲੈਜਰ ਖਾਤੇ, ਖਜ਼ਾਨੇ ਦੇ ਬੱਚਤ ਖਾਤੇ ਜਾਂ ਖਜ਼ਾਨੇ ਦੇ ਪਬਲਿਕ ਡਿਪਾਜ਼ਿਟ ਖਾਤੇ ਆਦਿ ਵਿੱਚ ਨਾ ਰੱਖਿਆ ਜਾਵੇ।

(iii) ਹਰੇਕ ਸਕੀਮ ਲਈ ਰਾਜ ਸਰਕਾਰ ਦੁਆਰਾ ਦਿੱਤਾ ਜਾਣ ਵਾਲਾ ਹਿੱਸਾ ਪ੍ਰਾਪਤ ਹੋਣ ਤੇ ਸੰਬੰਧਿਤ ਸਕੀਮ ਦੇ ਬੈਂਕ ਖਾਤੇ ਵਿੱਚ ਹੀ ਰੱਖਿਆ ਜਾਵੇ। ਕਿਸੇ ਵੀ ਫੰਡ ਨੂੰ ਖਜ਼ਾਨੇ ਵਿੱਚ ਨਾ ਰੱਖਿਆ ਜਾਵੇ।

(iv) ਪੰਚਾਇਤੀ ਰਾਜ ਸੰਸਥਾਵਾਂ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਬੰਧਨ ਮੁਕਤ ਰਾਸ਼ੀਆਂ ਨੂੰ ਛੱਡ ਕੇ ਹੋਰ ਰਾਸ਼ੀਆਂ ਦੀ ਨਿਰਧਾਰਤ ਵਰਤੋਂ ਤੇ ਹੀ ਪਾਬੰਦ ਰਹਿਣ। ਜੇ ਭਾਰਤ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਕਿਸੇ ਸੰਗਠਨ ਨੂੰ ਕਿਸੇ ਵਿਸ਼ੇਸ ਉਦੇਸ਼ ਲਈ ਗਰਾਂਟ ਦਿੱਤੀ ਜਾਵੇ, ਤਾਂ ਸੰਗਠਨ ਗਰਾਂਟ ਦੇਣ ਵਾਲੇ ਅਧਿਕਾਰੀਆਂ ਦੀ ਪੂਰਵ ਪਰਵਾਨਗੀ ਲਏ ਬਗੈਰ ਇਸ ਗਰਾਂਟ ਰਾਸ਼ੀ ਜਾਂ ਇਸ ਦੇ ਕਿਸੇ ਭਾਗ ਨੂੰ ਨਿਰਧਾਰਤ ਉਦੇਸ਼ ਤੋਂ ਸਿਵਾਇ ਕਿਸੇ ਹੋਰ ਮਕਸਦ ਲਈ ਨਹੀਂ ਵਰਤ ਸਕਦਾ , ਭਾਵ ਫੰਡਾਂ ਨੂੰ ਇੱਕ ਤੋਂ ਦੂਜੀ ਸਕੀਮ ਜਾਂ ਕੇਂਦਰ ਸਰਕਾਰ ਦੀ ਸਕੀਮ ਤੋਂ ਰਾਜ ਸਰਕਾਰ ਦੀ ਸਕੀਮ ਵਿੱਚ ਨਹੀਂ ਪਾਇਆ ਜਾ ਸਕਦਾ। ਕਿਸੇ ਵੀ ਸਕੀਮ ਜਾਂ ਮੱਦ ਵਿੱਚੋਂ ਬਚੇ ਹੋਏ ਫੰਡਾਂ ਨੂੰ ਅਗਲੇ ਸਾਲ ਦੇ ਅਰੰਭਕ ਬੈਲੈਂਸ ਵਜੋਂ ਦਿਖਾਇਆ ਜਾਣਾ ਚਾਹੀਦਾ ਹੈ।

(v) ਜਿੱਥੋਂ ਤੱਕ ਭੁਗਤਾਨ ਦਾ ਸਵਾਲ ਹੈ, ਇੱਕ ਹਜ਼ਾਰ ਰੁਪਏ ਤੋਂ ਵੱਧ ਦੀਆਂ ਸਾਰੀਆਂ ਰਾਸ਼ੀਆਂ ਦਾ ਭੁਗਤਾਨ ਚੈੱਕ ਜਾਂ ਡਰਾਫਟ ਰਾਹੀਂ ਕੀਤਾ ਜਾਵੇਗਾ; ਜੇ ਕਿਸੇ ਹਾਲਤ ਵਿੱਚ ਚੈੱਕ ਜਾਂ ਡਰਾਫਟ ਰਾਹੀਂ ਭੁਗਤਾਨ ਕਰਨਾ ਸੰਭਵ ਨਾ ਹੋਵੇ ਤਾਂ ਇਸ ਦੇ ਕਾਰਣ ਕੈਸ਼ ਬੁੱਕ ਵਿੱਚ ਦੱਸੇ ਜਾਣੇ ਚਾਹੀਦੇ ਹਨ। ਹਰੇਕ ਭੁਗਤਾਨ ਦੀ ਪ੍ਰੋੜਤਾ ਲਈ ਬਿਲ, ਰਸੀਦਾਂ ਜਾਂ ਕੈਸ਼ ਮੀਮੋ ਜਿਹੇ ਦਸਤਾਵੇਜ ਹੋਣੇ ਚਾਹੀਦੇ ਹਨ।

ਹਿਸਾਬ ਕਿਤਾਬ ਰੱਖਣ ਬਾਰੇ ਉੱਪਰ ਕੀਤੀ ਗਈ ਚਰਚਾ ਤੋਂ ਪੰਚਾਇਤੀ ਰਾਜ ਸੰਸਥਾਵਾਂ ਦੀ ਆਮਦਨੀ ਦੇ ਵੱਖ-ਵੱਖ ਸਰੋਤਾਂ ਦਾ ਜ਼ਿਕਰ ਜ਼ਰੂਰੀ ਹੋ ਜਾਂਦਾ ਹੈ। ਇਨ੍ਹਾਂ ਸੰਸਥਾਵਾਂ ਦੀ ਆਮਦਨੀ ਦੇ ਤਿੰਨ ਵੱਖ- ਵੱਖ ਸਰੋਤ ਹੇਠ ਲਿਖੇ ਅਨੁਸਾਰ ਹਨ:

**ੳ. ਕੇਂਦਰ ਸਰਕਾਰ**

(i) ਕੇਂਦਰੀ ਵਿੱਤ ਕਮਿਸ਼ਨ

(ii) ਨੇਸ਼ਨਲ ਪਲੈਨਿੰਗ ਕਮਿਸ਼ਨ

**ਅ. ਰਾਜ ਸਰਕਾਰ**

(i) ਰਾਜ ਦੇ ਵਿੱਤ ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਦਿੱਤੀਆਂ ਜਾਣ ਵਾਲੀਆਂ ਰਾਸ਼ੀਆਂ

(ii) ਰਾਜ ਦੇ ਵਿੱਤ ਕਮਿਸ਼ਨ ਦੁਆਰਾ ਵਿਸ਼ੇਸ ਸਕੀਮਾਂ ਲਈ ਦਿੱਤੀਆ ਜਾਣ ਵਾਲੀਆਂ ਗਰਾਂਟਾਂ

**ੲ. ਆਮਦਨੀ ਦੇ ਅੰਦਰੂਨੀ ਸਰੋਤ**

(i) ਪੰਚਾਇਤੀ ਰਾਜ ਸੰਸਥਾਵਾਂ ਦੁਆਰਾ ਲਗਾਏ ਜਾਣ ਵਾਲੇ ਕਰਾਂ ਤੋਂ ਹੋਣ ਵਾਲੀ ਆਮਦਨੀ

(ii) ਸਾਂਝੀ ਸੰਪਤੀ ਤੋਂ ਹੋਣ ਵਾਲੀ ਆਮਦਨੀ

ਉਪਰੋਕਤ ਪਹਿਲੇ ਦੋ ਸਰੋਤਾਂ ਤੋਂ ਹੋਣ ਵਾਲੀ ਆਮਦਨੀ ਤੇ ਆਮ ਕਰਕੇ ਬੰਦਿਸ਼ਾਂ ਲੱਗੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਵਿਸ਼ੇਸ਼ ਉਦੇਸ਼ਾਂ ਲਈ ਹੀ ਖਰਚਿਆ ਜਾਣਾ ਹੁੰਦਾ ਹੈ; ਅਪਣੇ ਹੀ ਸਰੋਤਾਂ ਤੋਂ ਹੋਣ ਵਾਲੀ ਆਮਦਨੀ ਬੰਧਨ ਮੁਕਤ ਹੁੰਦੀ ਹੈ ਜਿਸ ਨੂੰ ਪੰਚਾਇਤੀ ਰਾਜ ਸੰਸਥਾਵਾਂ ਅਪਣੀ ਮਰਜ਼ੀ ਮੁਤਾਬਕ ਖਰਚ ਕਰ ਸਕਦੀਆਂ ਹਨ।

**ਲੇਖਾ ਪਰੀਖਣ**

ਲੇਖਾ ਪਰੀਖਣ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਨਿਯੰਤਰਣ ਅਤੇ ਨਿਗਰਾਨੀ ਰੱਖੀ ਜਾਂਦੀ ਹੈ, ਤਰੁਟੀਆਂ ਦਾ ਪਤਾ ਲਗਾਇਆ ਜਾਂਦਾ ਹੈ ਅਤੇ ਹੇਰਾਫੇਰੀ ਦੇ ਰਸਤੇ ਬੰਦ ਕਰ ਦਿੱਤੇ ਜਾਂਦੇ ਹਨ। ਇਸ ਨਾਲ ਇਹ ਪ੍ਰਣਾਲੀ ਹਰ ਪੱਖੋਂ ਨਰੋਈ ਹੋ ਜਾਂਦੀ ਹੈ। ਪੰਚਾਇਤੀ ਰਾਜ ਸੰਸਥਾਵਾਂ ਵਿਚਲੇ ਸਰਕਾਰੀ ਅਤੇ ਗੈਰ ਸਰਕਾਰੀ ਵਿਅਕਤੀਆਂ ਨੂੰ, ਜੋ ਜਨਤਾ ਦੇ ਪੈਸੇ ਦਾ ਲੈਣ-ਦੇਣ ਕਰਦੇ ਹਨ, ਇਸ ਪੈਸੇ ਦੀ ਉਚਿਤ ਵਰਤੋਂ ਬਾਰੇ ਸੰਤੋਖਜਨਕ ਜਵਾਬ ਦੇਣਾ ਪਵੇਗਾ। ਇਸ ਨਾਲ ਅਜਿਹੀਆਂ ਸਾਰੀਆਂ ਸੰਸਥਾਵਾਂ ਦੇ ਹਿਸਾਬ ਕਿਤਾਬ ਦਾ ਲੇਖਾ ਪਰੀਖਣ ਇੱਕ ਅਜਿਹੇ ਵਿਅਕਤੀ ਜਾਂ ਸੰਸਥਾ ਦੁਆਰਾ ਜਰੂਰੀ ਹੋ ਜਾਂਦਾ ਹੈ ਜੋ ਖਰਚ ਕਰਨ ਵਾਲੇ ਅਧਿਕਾਰੀਆਂ ਦੇ ਅਧੀਨ ਨਾ ਹੋਵੇ। ਇਸੇ ਉਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਪੈਸਾ ਦੇਣ ਵਾਲੇ ਕੇਂਦਰ ਅਤੇ ਰਾਜ ਸਰਕਾਰ ਦੇ ਅਦਾਰਿਆਂ ਵੱਲੋਂ ਨਿਗਰਾਨੀ ਲਈ ਇੱਕ ਸੁਤੰਤਰ ਲੇਖਾ-ਪਰੀਖਕ ਦੀ ਨਿਯੁਕਤ ਕੀਤੀ ਜਾਂਦੀ ਹੈ। ਇਸ ਲੇਖਾ ਪਰੀਖਕ ਦੇ ਕੰਮਾਂ ਵਿੱਚ ਇਹ ਪ੍ਰਮਾਣ ਪੱਤਰ ਦੇਣਾ ਵੀ ਸ਼ਾਮਿਲ ਹੈ ਕਿ ਪੰਚਾਇਤੀ ਰਾਜ ਸੰਸਥਾਵਾਂ ਨੂੰ ਗਰਾਂਟ-ਇਨ-ਏਡ ਦੇ ਤੌਰ ਤੇ ਮਿਲੀਆਂ ਹੋਈਆਂ ਰਾਸ਼ੀਆਂ ਉਨ੍ਹਾਂ ਨੇ ਨਿਰਧਾਰਤ ਉਦੇਸ਼ ਲਈ ਹੀ ਵਰਤੀਆਂ ਹਨ। ਸਰਕਾਰੀ ਧਨ ਦੇ ਖਰਚ ਅਤੇ ਹਿਸਾਬ-ਕਿਤਾਬ ਨੂੰ ਨਿਯਮਿਤ ਤੌਰ ਤੇ ਉਚਿਤ ਢੰਗ ਨਾਲ ਹੋਣ ਦੇਣ ਦੀ ਜਿੰਮੇਵਾਰੀ ਉਸਦੀ ਹੈ।

ਲੇਖਾ ਪਰੀਖਕ ਨੂੰ ਲਗਭਗ ਅੰਦਰੂਨੀ ਲੇਖਾ ਪਰੀਖਕ ਦੇ ਤੌਰ ਤੇ ਹਿਸਾਬ ਕਿਤਾਬ ਰੱਖਣ ਵਾਲੇ ਅਮਲੇ ਨੂੰ ਸੇਧ ਅਤੇ ਸਲਾਹ ਦੇ ਕੇ ਹੋਰ ਵੀ ਸਕਾਰਾਤਮਕ ਅਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣੀ ਚਾਹੀਦੀ ਹੈ। 73ਵੀਂ ਸੰਵਿਧਾਨਕ ਸੋਧ ਨੇ ਧਾਰਾ 243(J) ਵਿੱਚ ਪੰਚਾਇਤਾਂ ਦੇ ਹਿਸਾਬ ਕਿਤਾਬ ਦੇ ਲੇਖਾ ਪਰੀਖਣ ਸੰਬੰਧੀ ਵਿਸ਼ੇਸ਼ ਵਿਵਸਥਾ ਕੀਤੀ ਹੈ ਜੋ ਇਸ ਪ੍ਰਕਾਰ ਹੈ: "ਕਿਸੇ ਰਾਜ ਦੀ ਵਿਧਾਨ ਸਭਾ ਪੰਚਾਇਤਾਂ ਦੁਆਰਾ ਹਿਸਾਬ ਕਿਤਾਬ ਰੱਖੇ ਜਾਣ ਅਤੇ ਇਸ ਹਿਸਾਬ ਕਿਤਾਬ ਦੇ ਲੇਖਾ ਪਰੀਖਣ ਸੰਬੰਧੀ ਕਾਨੂੰਨ ਬਣਾ ਕੇ ਵਿਵਸਥਾ ਕਰ ਸਕਦੀ ਹੈ।"

**ਗਰਾਮ ਸਭਾ ਅਤੇ ਸਮਾਜਕ ਲੇਖਾ ਪਰੀਖਣ**

73 ਵੀਂ ਸੰਵਿਧਾਨਕ ਸੋਧ ਤਹਿਤ ਗਰਾਮ ਸਭਾ ਨੂੰ ਗਰਾਮ ਪੰਚਾਇਤਾਂ ਦੀਆਂ ਗਤੀਵਿਧੀਆਂ ਦੀ ਸਮੀਖਿਆ ਕਰਨ ਵਾਲੀ ਮੂਲ ਸੰਸਥਾ ਦੇ ਤੌਰ ਤੇ ਮਾਨਤਾ ਦਿੱਤੇ ਜਾਣ ਨਾਲ ਬਿਨਾਂ ਸੰਗਠਨਾਂ ਦੀ ਜਵਾਬ ਦੇਹੀ ਵਿੱਚ ਇੱਕ ਮਹੱਤਵਪੂਰਣ ਤੇ ਦਿਲਚਸਪ ਪਹਿਲੂ ਜੁੜ ਗਿਆ ਹੈ। ਵੱਖ-ਵੱਖ ਪੰਚਾਇਤੀ ਰਾਜ ਐਕਟਾਂ ਵਿੱਚ ਕੀਤੀ ਗਈ ਵਿਵਸਥਾ ਅਨੁਸਾਰ ਸਲਾਨਾ ਹਿਸਾਬ ਕਿਤਾਬ ਅਤੇ ਇਸ ਦੇ ਲੇਖਾ ਪਰੀਖਣ ਦੀਆਂ ਰਿਪੋਰਟਾਂ ਗਰਾਮ ਸਭਾ ਅੱਗੇ ਇਸ ਲੋਕ ਸੰਸਥਾ ਦੀ ਮੰਜੂਰੀ ਲਈ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਇਸ ਦੇ ਮੱਦੇ ਨਜ਼ਰ ਗਰਾਮ ਸਭਾ ਨੂੰ "ਸਮਾਜਕ ਲੇਖਾ ਪਰੀਖਣ" ਕਹੀ ਜਾ ਸਕਣ ਵਾਲੀ ਇਸ ਕਿਰਿਆ ਵਿੱਚ ਹੋਰ ਵੀ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣੀ ਪਵੇਗੀ ਜੋ ਰਸਮੀ ਲੇਖਾ ਪਰੀਖਣ ਨਾਲੋਂ ਵਧੇਰੇ ਅਸਰਦਾਰ ਹੋ ਸਕਦੀ ਹੈ।

Singh (2003) ਨੇ ਸਮਾਜਕ ਲੇਖਾ ਪਰੀਖਣ ਨੂੰ ਨਿਯਮਤ ਕਰਨ ਲਈ ਕੁੱਝ ਸਿਧਾਂਤਾਂ ਦੀ ਸਿਫਾਰਿਸ਼ ਕੀਤੀ ਹੈ ਜੋ ਹੇਠ ਲਿਖੇ ਅਨੁਸਾਰ ਹਨ:

**ਭਾਗੀਦਾਰੀ** : ਸਮਾਜਕ ਲੇਖਾ ਪਰੀਖਣ ਵਿੱਚ ਸੰਸਥਾ ਨਾਲ ਨੇੜਲਾ ਸੰਬੰਧ ਰੱਖਣ ਵਾਲੇ ਇਸ ਦੇ ਹਿਤੈਸ਼ੀ ਵਿਅਕਤੀਆਂ ਦਾ ਸਰਗਰਮ ਸਹਿਯੋਗ ਹੋਣਾ ਚਾਹੀਦਾ ਹੈ।

**ਸਹਿਯੋਗ:** ਇਸ ਦਾ ਅਰਥ ਹੈ ਸਮਾਜਕ ਲੇਖਾ ਪਰੀਖਣ ਦੀ ਵਿਉਂਤ ਬਣਾਉਣ ਅਤੇ ਇਸ ਨੂੰ ਸਾਕਾਰ ਕਰਨ ਵਿੱਚ ਸਰਗਰਮ ਸਹਿਯੋਗ।

**ਵਿਚਾਰਾਂ ਦੀ ਵਿਵਧਤਾ:** ਸਮਾਜਕ ਲੇਖਾ ਪਰੀਖਣ ਵਿੱਚ ਸੰਸਥਾ ਦੇ ਸਾਰੇ ਹਿਤੈਸ਼ੀਆਂ ਦੇ ਵਿਚਾਰ ਸ਼ਾਮਿਲ ਕਰਨੇ ਚਾਹੀਦੇ ਹਨ।

**ਵਿਸਤ੍ਰਿਤ ਘੇਰਾ:** ਸਮਾਜਕ ਲੇਖਾ ਪਰੀਖਣ ਵਿੱਚ ਸੰਸਥਾ ਦੇ ਕੰਮ ਕਾਰ ਦੇ ਸਾਰੇ ਪੱਖਾਂ ਅਤੇ ਇਸ ਦੇ ਸਾਰੇ ਹਿਤੈਸ਼ੀਆਂ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।

**ਸਿੱਖਣ ਦਾ ਅਵਸਰ:** ਜੋ ਵੀ ਸੰਗਠਨ ਸਮਾਜਕ ਲੇਖਾ ਪਰੀਖਣ ਦਾ ਕੰਮ ਕਰਦੇ ਹਨ, ਉਹ ਇਸ ਪ੍ਰਕਿਰਿਆ ਨੂੰ ਅਪਣੇ ਸੰਗਠਨ ਬਾਰੇ ਹੋਰ ਸਿੱਖਣ ਦਾ ਅਵਸਰ ਸਮਝਣ ਜਿਸ ਨਾਲ ਉਹ ਲੋੜ ਪੈਣ ਤੇ ਪਰੀਵਰਤਨ ਦਾ ਵੀ ਸਾਮ੍ਹਣਾ ਕਰ ਸਕਦੇ ਹਨ।

**ਪੜਤਾਲ ਦੀ ਸੰਭਾਵਨਾ:** ਸਮਾਜਕ ਲੇਖਾ ਪਰੀਖਣ ਪਹਿਲਾਂ ਤੋਂ ਮਿਥੇ ਟੀਚਿਆਂ ਅਤੇ ਨਿਸ਼ਚਿਤ ਕੀਤੀਆਂ ਗਈਆਂ ਕਸੌਟੀਆਂ ਅਨੁਸਾਰ ਹੋਣਾ ਚਾਹੀਦਾ ਹੈ।

**ਸਭ ਲਈ ਸੁਲਭਤਾ:** ਸਮਾਜਕ ਲੇਖਾ ਪਰੀਖਣ ਦੇ ਨਤੀਜੇ ਸਾਰੇ ਸੰਬੰਧਤ ਵਿਅਕਤੀਆਂ ਨੂੰ ਉਪਲਬਧ ਹੋਣੇ ਚਾਹੀਦੇ ਹਨ।

## ਕਰਨਾਟਕ ਵਿੱਚ ਸਮਾਜਕ ਲੇਖਾ ਪਰੀਖਣ

ਕਰਨਾਟਕ ਸਰਕਾਰ ਨੇ ਪੰਚਾਇਤਾਂ ਲਈ ਸਮਾਜਕ ਲੇਖਾ ਪਰੀਖਣ ਲਾਜ਼ਮੀ ਬਣਾ ਦਿੱਤਾ ਹੈ। ਗਰਾਮ ਪੰਚਾਇਤ ਦੇ ਆਮਦਨ-ਖਰਚ ਦਾ ਸਮਾਜਕ ਲੇਖਾ ਪਰੀਖਣ ਹਰ ਸਾਲ ਸਿਤੰਬਰ ਅਤੇ ਨਵੰਬਰ ਦੇ ਮਹੀਨਿਆਂ ਦਰਮਿਆਨ ਹੁੰਦਾ ਹੈ। ਇਸ ਵਿੱਚ ਹੇਠ ਲਿਖੀਆਂ ਪ੍ਰਕਿਰਿਆਵਾਂ ਅਪਣਾਈਆਂ ਜਾਂਦੀਆਂ ਹਨ:

ੳ. ਪਿੰਡ ਵਿੱਚ ਸਮਾਜਕ ਲੇਖਾ ਪਰੀਖਣ ਕਰਵਾਉਣ ਲਈ ਸਰਕਾਰ ਹਰੇਕ ਗਰਾਮ ਪੰਚਾਇਤ ਲਈ ਇੱਕ ਨੋਡਲ ਅਫ਼ਸਰ ਨਿਯੁਕਤ ਕਰਦੀ ਹੈ।

ਅ. ਗਰਾਮ ਪੰਚਾਇਤ ਸਮਾਜਕ ਲੇਖਾ ਪਰੀਖਣ ਦੀ ਤਾਰੀਖ ਨਿਯਤ ਕਰਦੀ ਹੈ; ਉਸ ਦਿਨ ਤਾਲੁਕ ਕਾਰਜਕਾਰੀ ਅਫਸਰ ਅਤੇ ਰਾਜ ਸਰਕਾਰ ਵੱਲੋਂ ਨੋਡਲ ਅਫਸਰ ਪਿੰਡ ਵਿੱਚ ਹਾਜਰ ਹੁੰਦੇ ਹਨ।

ੲ. ਪੰਚਾਇਤ ਸਕੱਤਰ ਲੋਕਾਂ ਸਾਮਣ੍ਹੇ ਪਿੰਡ ਦੇ ਆਮਦਨ-ਖਰਚ ਦੇ ਵੇਰਵੇ ਪੇਸ਼ ਕਰਦਾ ਹੈ; ਲੋਕ ਚਬੂਤਰੇ ਦੇ ਇੱਕ ਪਾਸੇ ਬੈਠੇ ਹੁੰਦੇ ਹਨ ਅਤੇ ਨੋਡਲ ਅਫਸਰ, ਤਾਲੁਕ ਮੁੱਖ ਕਾਰਜਕਾਰੀ ਅਫਸਰ ਅਤੇ ਗਰਾਮ ਪੰਚਾਇਤ ਦੇ ਮੈਂਬਰ ਇਸ ਦੇ ਦੂਜੇ ਪਾਸੇ।

ਸ. ਲੋਕਾਂ ਦੀਆਂ ਸ਼ਿਕਾਇਤਾਂ ਨੋਡਲ ਅਫਸਰ ਸਾਮਣ੍ਹੇ ਦਰਜ ਕੀਤੀਆਂ ਜਾਂਦੀਆਂ ਹਨ ਜੋ ਬਾਦ ਵਿੱਚ ਇਨ੍ਹਾਂ ਨੂੰ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਫੇਰ ਜ਼ਿਲ੍ਹਾ ਪਰੀਸ਼ਦ ਪਾਸ ਕਾਰਵਾਈ ਲਈ ਭੇਜਦਾ ਹੈ।

ਕਰਨਾਟਕ ਦੇ ਪੰਚਾਇਤੀ ਰਾਜ ਵਿਭਾਗ ਦੁਆਰਾ ਅਪਣਾਈ ਗਈ ਸਮਾਜਕ ਲੇਖਾ ਪਰੀਖਣ ਦੀ ਪ੍ਰਣਾਲੀ ਨੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾ ਕੇ ਗਰਾਮ ਪੰਚਾਇਤਾਂ ਦੇ ਕੰਮ ਕਾਰ ਵਿੱਚ ਪਾਰਦਰਸ਼ਤਾ ਲਿਆਂਦੀ ਹੈ। ਇਸ ਨੇ ਖਰਚ ਲੋੜ ਅਧਾਰਤ ਅਤੇ ਦਿਹਾਤੀ ਸ਼ਾਸਨ ਨੂੰ ਲੋੜਾਂ ਤੇ ਕੇਂਦਰਤ ਕਰ ਦਿੱਤਾ ਹੈ। ਇਸ ਨਾਲ ਗਰਾਮ ਪੰਚਾਇਤਾਂ ਦੇ ਕੰਮ ਕਾਰ ਵਿੱਚ ਅਫਸਰਸ਼ਾਹੀ ਦੀ ਦਖਲਅੰਦਾਜ਼ੀ ਵੀ ਘੱਟ ਹੋਈ ਹੈ।

## ਕੇਰਲ ਵਿੱਚ ਸਮਾਜਕ ਲੇਖਾ ਪਰੀਖਣ

ਕੇਰਲ ਵਿੱਚ ਗਰਾਮ ਸਭਾ ਨੂੰ ਗਰਾਮ ਪੰਚਾਇਤ ਦਾ ਸਮਾਜਕ ਲੇਖਾ ਪਰੀਖਣ ਕਰਵਾਉਣ ਲਈ ਸਭ ਤੋਂ ਢੁਕਵੀਂ ਸੰਸਥਾ ਮੰਨਿਆ ਗਿਆ ਹੈ। ਪੰਚਾਇਤ ਦੇ ਦ੍ਰਿਸ਼ਟੀ ਕੋਣ ਤੋਂ ਸਮਾਜਕ ਲੇਖਾ ਪਰੀਖਣ ਦਾ ਅਰਥ ਹੈ ਗਰਾਮ ਪੰਚਾਇਤ ਦੇ ਕੰਮਕਾਰ ਨੂੰ ਡੂੰਘਾਈ ਵਿੱਚ ਘੋਖਣ ਲਈ ਗਰਾਮ ਸਭਾ ਦੀ ਸ਼ਕਤੀ, ਉਸਦਾ ਵਿਸ਼ੇਸ਼ ਅਧਿਕਾਰ ਅਤੇ ਕਰਤੱਵ। ਕੇਰਲ ਪੰਚਾਇਤੀ ਰਾਜ ਐਕਟ 1994 ਅਧਿਆਇ -XXV -A , ਧਾਰਾ 271-B ਅਨੁਸਾਰ ਨਿਰਧਾਰਤ ਵਿਧੀ ਅਨੁਸਾਰ ਹਰ ਵਿਅਕਤੀ ਨੂੰ ਪੰਚਾਇਤ ਤੋਂ ਸੂਚਨਾ ਮੰਗਣ ਦਾ ਅਧਿਕਾਰ ਹੈ। ਨਿਰਧਾਰਤ ਵਿਧੀ ਇਹ ਹੈ ਕਿ ਜਿਸ ਵੀ ਵਿਅਕਤੀ ਨੂੰ ਸੂਚਨਾ ਦੀ ਲੋੜ ਹੈ ਉਹ ਉਸ ਪੰਚਾਇਤ ਦੇ ਸਕੱਤਰ ਪਾਸ ਬਿਨੈ-ਪੱਤਰ

ਦੇਵੇਗਾ ਅਤੇ ਸਕੱਤਰ ਨੂੰ ਨਿਰਧਾਰਤ ਅਵਧੀ ਦੇ ਅੰਦਰ ਸੂਚਨਾ ਦੇਣੀ ਪੈਦੀਂ ਹੈ; ਇਸ ਅਵਧੀ ਦੌਰਾਨ ਬਿਨੈ ਪੱਤਰ ਨੂੰ ਰੱਦ ਕਰਨ ਜਾਂ ਨਿਪਟਾ ਦੇਣ ਦੀ ਹਾਲਤ ਵਿੱਚ ਹੀ ਅਜਿਹਾ ਨਹੀਂ ਹੋਵੇਗਾ। ਕਿੰਤੂ ਰੱਦ ਕਰਨ ਦਾ ਕਾਰਣ ਲਿਖਤੀ ਰੂਪ ਵਿੱਚ ਦੇਣਾ ਪਵੇਗਾ।

## ਕੇਰਲ ਵਿੱਚ ਕਾਰਜ ਪੂਰਤੀ ਦਾ ਲੇਖਾ ਪਰੀਖਣ

ਕਾਰਜ ਪੂਰਤੀ ਦੇ ਲੇਖਾ ਪਰੀਖਣ ਲਈ ਪੰਚਾਇਤੀ ਰਾਜ ਸੰਸਥਾਵਾਂ ਦੇ ਹਰੇਕ ਪੱਧਰ ਤੇ ਲੇਖਾ ਪਰੀਖਣ ਟੋਲੀ ਬਣਾ ਲਈ ਜਾਂਦੀ ਹੈ ਜੋ ਪਿੰਡ ਪੰਚਾਇਤ, ਵਿਚਕਾਰਲੀ ਪੰਚਾਇਤ ਅਤੇ ਜ਼ਿਲ੍ਹਾ ਪੰਚਾਇਤ ਦਾ ਲੇਖਾ ਪਰੀਖਣ ਕਰਦੀ ਹੈ। ਹਰੇਕ ਟੋਲੀ ਸਲਾਨਾ ਲੇਖਾ ਪਰੀਖਣ ਦੇ ਪ੍ਰੋਗਰਾਮ ਮੁਤਾਬਕ ਪੰਚਾਇਤੀ ਰਾਜ ਸੰਸਥਾਵਾਂ ਦਾ ਦੌਰ ਕਰਦੀ ਹੈ। ਇਸ ਦੌਰੇ ਦੌਰਾਨ ਟੋਲੀ ਸਥਾਨਕ ਸ਼ਾਸਨ ਦੁਆਰਾ ਸ਼ੁਰੂ ਕੀਤੇ ਗਏ ਵੱਖ-ਵੱਖ ਪ੍ਰਾਜੈਕਟਾਂ ਅਤੇ ਪ੍ਰੋਗਰਾਮਾਂ ਨਾਲ ਸੰਬੰਧਤ ਫਾਈਲਾਂ, ਰਜਿਸਟਰਾਂ ਅਤੇ ਹੋਰ ਦਸਤਾਵੇਜ਼ਾਂ ਦਾ ਨਿਰੀਖਣ ਕਰਦੀ ਹੈ। ਇਨ੍ਹਾਂ ਪ੍ਰੋਗਰਾਮਾਂ ਅਤੇ ਇਨ੍ਹਾਂ ਦੇ ਪ੍ਰਭਾਵ ਬਾਰੇ ਟੋਲੀ ਦੇ ਮੈਂਬਰ ਚੁਣੇ ਹੋਏ ਪ੍ਰਤੀਨਿਧਾਂ, ਅਧਿਕਾਰੀਆਂ ਅਤੇ ਜਨਤਾ ਨੂੰ ਵੀ ਮਿਲਦੇ ਹਨ। ਦਸਤਾਵੇਜਾਂ ਦੇ ਨਿਰੀਖਣ ਵੇਲੇ ਜੇ ਕੋਈ ਅਨਿਯਮਤਤਾ ਪਕੜੀ ਜਾਵੇ ਤਾਂ ਟੀਮ ਇਸ ਅਨਿਯਮਤਤਾ ਦੀ ਪੁਸ਼ਟੀ ਲਈ ਉੱਥੇ ਉਪਲਬਧ ਸਾਰੇ ਮਹੱਤਵਪੂਰਣ ਦਸਤਾਵੇਜ਼ ਇਕੱਠੇ ਕਰੇਗੀ। ਲੇਖਾ ਪਰੀਖਕ ਦੁਆਰਾ ਜੇ ਕੋਈ ਇਤਰਾਜ ਕੀਤਾ ਗਿਆ ਹੋਵੇ ਤਾਂ ਇਹ ਪੰਚਾਇਤ ਨੂੰ ਦੇ ਦਿੱਤਾ ਜਾਂਦਾ ਹੈ ਜਿਸ ਤੋਂ ਇਸ ਦਾ ਦੋ ਦਿਨ ਦੇ ਅੰਦਰ ਜਵਾਬ ਦੇਣ ਦੀ ਉਮੀਦ ਰੱਖੀ ਜਾਂਦੀ ਹੈ। ਜਵਾਬ ਮਿਲਣ ਉਪਰੰਤ ਇਤਰਾਜ ਜਾਂ ਤਾਂ ਖਾਰਜ ਕਰ ਦਿੱਤਾ ਜਾਂਦਾ ਹੈ, ਜਾਂ ਫਿਰ ਹੋਰ ਜਵਾਬ ਮੰਗੇ ਜਾਂਦੇ ਹਨ। ਇਸ ਦੇ ਅਧਾਰ ਤੇ ਟੋਲੀ ਦਾ ਮੁਖੀ ਕਾਰਜ ਪੂਰਤੀ ਦੇ ਲੇਖਾ ਪਰੀਖਣ ਦੀ ਰਿਪੋਰਟ ਦਾ ਖਰੜਾ ਤਿਆਰ ਕਰਦਾ ਹੈ। ਇਹ ਖਰੜਾ ਤਿਆਰ ਕਰਨ ਵੇਲੇ ਹਾਨੀ, ਅਣਗਹਿਲੀ, ਨਜਾਇਜ ਤੌਰ ਤੇ ਧਨ ਦੀ ਕਿਸੇ ਹੋਰ ਉਦੇਸ਼ ਲਈ ਵਰਤੋ, ਫਿਜ਼ੂਲ ਖਰਚੀ, ਧਨ ਦੀ ਅਯੋਗ ਵਰਤੋਂ ਆਦਿ ਲਈ ਜਿੰਮੇਵਾਰ ਵਿਅਕਤੀ ਦੇ ਨਾਂ ਦਾ ਜ਼ਿਕਰ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਟੋਲੀ ਦੇ ਚਲੇ ਜਾਣ ਤੋਂ ਪਹਿਲਾਂ ਇਸ ਰਿਪੋਰਟ ਦੀ ਚਰਚਾ ਪੰਚਾਇਤਾਂ ਦੇ ਸਕੱਤਰ ਨਾਲ ਕੀਤੀ ਜਾਂਦੀ ਹੈ। ਇਹ ਰਿਪੋਰਟ ਜ਼ਿਲ੍ਹਾ ਕਾਰਜ ਪੂਰਤੀ ਲੇਖਾ ਪਰੀਖਣ ਅਫਸਰ (District Performance Audit Officer) ਜਾਂ ਖੇਤਰੀ ਕਾਰਜ ਪੂਰਤੀ ਲੇਖਾ ਪਰੀਖਣ ਅਫਸਰ (Regional Performance Offficer) ਪਾਸ ਭੇਜ ਦਿੱਤੀ ਜਾਂਦੀ ਹੈ। ਇਸ ਦੇ ਮੰਜੂਰ ਹੋਣ ਬਾਦ ਇਸ ਦਾ ਇੱਕ ਉਤਾਰਾ ਸੰਬੰਧਤ ਪੰਚਾਇਤ ਦੇ ਸਕੱਤਰ ਅਤੇ ਪ੍ਰਧਾਨ ਪਾਸ ਭੇਜਿਆ ਜਾਂਦਾ ਹੈ। ਪੰਚਾਇਤ ਤੋਂ ਰਿਪੋਰਟ ਵਿੱਚ ਉਠਾਏ ਗਏ ਲੇਖਾ ਪਰੀਖਣ ਸੰਬੰਧੀ ਨੁਕਤਿਆਂ ਦੇ ਵਿਸਥਾਰ ਸਹਿਤ ਅਤੇ ਉਚੇਚੇ ਜਵਾਬ ਦੇਣ ਦੀ ਉਮੀਦ ਰੱਖੀ ਜਾਂਦੀ ਹੈ। ਲੇਖਾ ਪਰੀਖਣ ਟੋਲੀ ਦੁਆਰਾ ਕੀਤੀਆਂ ਗਈਆਂ ਸਾਰੀਆਂ ਮੁੱਖ-ਮੁੱਖ ਟਿੱਪਣੀਆਂ ਨੂੰ ਇਨ੍ਹਾਂ ਦੀ ਪੁਸ਼ਟੀ ਕਰਨ ਵਾਲੇ ਮਹੱਤਵਪੂਰਣ ਦਸਤਾਵੇਜਾਂ ਸਮੇਤ ਚਾਰ ਮਹੀਨਿਆਂ ਵਿੱਚ ਇੱਕ ਵਾਰ ਰਾਜ ਦੇ ਕਾਰਜ ਪੂਰਤੀ ਲੇਖਾ ਪਰੀਖਣ ਅਫਸਰ ਪਾਸ ਭੇਜ ਦਿੱਤਾ ਜਾਂਦਾ ਹੈ। ਇਨ੍ਹਾਂ ਰਿਪੋਰਟਾਂ ਦੇ ਅਧਾਰ ਤੇ ਇਹ ਅਫਸਰ ਗਰਾਮ ਪੰਚਾਇਤਾਂ, ਬਲਾਕ ਪੰਚਾਇਤਾਂ ਅਤੇ ਜ਼ਿਲ੍ਹਾ ਪੰਚਾਇਤਾਂ ਲਈ ਵੱਖ-ਵੱਖ ਲੇਖਾ ਪਰੀਖਣ ਰਿਪੋਰਟਾਂ ਤਿਆਰ ਕਰਦਾ ਹੈ। ਇਹ ਰਿਪੋਰਟਾਂ ਹਰ ਸਾਲ ਤਿਆਰ ਕਰਕੇ ਰਾਜ ਦੀ ਕਾਰਜ ਪੂਰਤੀ ਅਥਾਰਟੀ (State Performance Authority) ਪਾਸ ਭੇਜੀਆਂ ਜਾਂਦੀਆਂ ਹਨ। ਕਾਰਜ ਪੂਰਤੀ ਦੀ ਸਲਾਨਾ ਰਿਪੋਰਟ ਲੁੜੀਂਦੀ ਅਗਲੇਰੀ ਕਾਰਵਾਈ ਕਰਨ ਲਈ ਉਪਯੁਕਤ ਗੋਸ਼ਟੀ ਅੱਗੇ ਪੇਸ਼ ਕੀਤੀ ਜਾਂਦੀ ਹੈ।

## ਯੂਰਪੀ ਯੂਨੀਅਨ ਦੇ ਮੈਂਬਰ ਦੇਸ਼ਾਂ ਦੇ ਸਥਾਨਕ ਸਵੈ-ਸ਼ਾਸਨ ਵਿੱਚ ਹਿਸਾਬ ਕਿਤਾਬ ਅਤੇ ਲੇਖਾ ਪਰੀਖਣ ਦੀ ਪ੍ਰਣਾਲੀ

ਯੂਰਪੀ ਯੂਨੀਅਨ ਦੇ ਛੇ ਮੈਂਬਰ ਦੇਸ਼ਾਂ ਵਿੱਚੋਂ, ਜਿਨ੍ਹਾਂ ਦਾ ਦੌਰਾ ਇਸ ਅਧਿਐਨ ਹਿੱਤ ਕੀਤਾ ਗਿਆ ਸੀ, ਫਿਨਲੈਂਡ ਦੀ ਹਿਸਾਬ ਕਿਤਾਬ ਅਤੇ ਲੇਖਾ ਪਰੀਖਣ ਦੀ ਪ੍ਰਣਾਲੀ ਵਰਣਨਯੋਗ ਹੈ। ਹਰੇਕ ਮਿਉਂਸਿਪਲਟੀ, ਭਾਵੇਂ ਉਹ ਦਿਹਾਤੀ ਹੋਵੇ ਜਾਂ ਸ਼ਹਿਰੀ, ਹਿਸਾਬ ਕਿਤਾਬ ਨੂੰ ਉਚਿਤ ਢੰਗ ਨਾਲ ਰੱਖਣ ਅਤੇ ਇਸ ਦੇ ਲੇਖਾ ਪਰੀਖਣ ਤੇ ਬਹੁਤ ਜ਼ੋਰ ਦਿੰਦੀ ਹੈ। ਇੱਕ ਪਰੰਪਰਾ ਦੇ ਤੌਰ ਤੇ ਮਿਊਂਸਿਪਲ ਬੋਰਡ ਨੂੰ ਹਰ ਸਾਲ ਮਿਊਂਸਿਪਲ ਕੌਂਸਲ ਦੀ ਪਰਵਾਨਗੀ ਲਈ ਪਿਛਲੇ ਕੈਲੰਡਰ ਵਰ੍ਹੇ ਬਾਰੇ ਵਿੱਤੀ ਖੁਲਾਸੇ ਤਿਆਰ ਕਰਨੇ ਪੈਂਦੇ ਹਨ। ਇਨ੍ਹਾਂ ਵਿੱਤੀ ਖੁਲਾਸਿਆਂ

ਵਿੱਚ ਕਈ ਦਸਤਾਵੇਜ ਸ਼ਾਮਿਲ ਹੁੰਦੇ ਹਨ, ਜਿਵੇਂ ਕਿ ਕੈਲੰਡਰ ਵਰ੍ਹੇ ਦੌਰਾਨ ਮਿਊਂਸਿਪਲਟੀ ਦੇ ਕੰਮ ਬਾਰੇ ਰਿਪੋਰਟ, ਬਜਟ ਦੀ ਸਮੀਖਿਆ, ਲਾਭ ਹਾਨੀ ਬਾਰੇ ਬਿਆਨ, ਵਿੱਤੀ ਸਥਿਤੀ ਵਿੱਚ ਹੋਏ ਪਰੀਵਰਤਨਾਂ ਬਾਰੇ ਬਿਆਨ, ਬੈਲੈਂਸ ਸ਼ੀਟ ਅਤੇ ਇਨ੍ਹਾਂ ਦੀਆ ਅੰਤਿਕਾਵਾਂ। ਬਾਹਰਲਾ ਨਿਯੰਤਰਣ ਮਿਉਂਸਿਪਲਟੀ ਦੀ ਕਾਰਜਕਾਰੀ ਲੀਡਰਸ਼ਿਪ ਤੋਂ ਸੁਤੰਤਰ ਹੁੰਦਾ ਹੈ। ਬਾਹਰਲੇਨਿਯੰਤਰਣ ਲਈ ਫਿਨਲੈਂਡ ਦੀ ਹਰੇਕ ਮਿਉਂਸਿਪਲਟੀ ਅਪਣੀ ਹੀ ਲੇਖਾ ਪਰੀਖਣ ਕਮੇਟੀ ਅਤੇ ਲੇਖਾ ਪਰੀਖਕ ਨਿਯੁਕਤ ਕਰਦੀ ਹੈ। ਇਸ ਕਮੇਟੀ ਦਾ ਪ੍ਰਧਾਨ ਅਤੇ ਉਪ-ਪ੍ਰਧਾਨ ਕੌਂਸਲ ਦੇ ਮੈਂਬਰ ਹੁੰਦੇ ਹਨ। ਲੇਖਾ ਪਰੀਖਣ ਕਮੇਟੀ ਦਾ ਮੁੱਖ ਕਾਰਜ ਇਹ ਮੁਲਾਂਕਣ ਕਰਨਾ ਹੈ ਕਿ ਕੀ ਮਿਊਂਸਿਪਲ ਕੌਂਸਲ ਦੁਆਰਾ ਨਿਸ਼ਚਿਤ ਕੀਤੇ ਗਏ ਕੰਮ ਕਾਰੀ ਅਤੇ ਵਿੱਤੀ ਟੀਚੇ ਪ੍ਰਾਪਤ ਕੀਤੇ ਗਏ ਹਨ ਜਾਂ ਨਹੀਂ। ਕਮੇਟੀ ਇਸ ਗੱਲ ਵੱਲ ਧਿਆਨ ਦੇਵੇਗੀ ਕਿ ਕੀ ਕੌਂਸਲ ਦਾ ਕੰਮ ਕਾਰ, ਕਾਰਜ ਵਿਧੀ ਅਤੇ ਸੇਵਾ ਪੂਰਤੀ ਉਚਿਤ ਢੰਗ ਨਾਲ ਚਲਦੇ ਹਨ ਜਾਂ ਨਹੀਂ।

ਅੱਛੇ ਲੇਖਾ ਪਰੀਖਣ ਦੀਆਂ ਸੀਮਾਵਾਂ ਵਿੱਚ ਰਹਿੰਦੇ ਹੋਏ ਲੇਖਾ ਪਰੀਖਕ ਹਰੇਕ ਸਾਲ ਇਹ ਪੜਤਾਲ ਕਰੇਗਾ ਕਿ :

ੳ. ਕੀ ਸਥਾਨਕ ਸ਼ਾਸਨ ਨੂੰ ਕਾਨੂੰਨ ਅਤੇ ਕੌਂਸਲ ਦੇ ਫੈਸਲਿਆਂ ਅਨੁਸਾਰ ਚਲਾਇਆ ਗਿਆ ਹੈ?

ਅ. ਕੀ ਸਥਾਨਕ ਸ਼ਾਸਨ ਦੇ ਵਿੱਤੀ ਖੁਲਾਸਿਆਂ ਅਤੇ ਕਨਸੌਲੀਡੇਟਡ ਬੈਲੈਂਸ ਸ਼ੀਟ ਨੂੰ ਸੰਬੰਧਤ ਨਿਯਮਾਂ ਅਤੇ ਵਿਵਸਥਾਵਾਂ ਅਨੁਸਾਰ ਬਣਾਇਆ ਗਿਆ ਹੈ ਅਤੇ ਕੀ ਉਹ ਵਿੱਤੀ ਸਾਲ ਦੌਰਾਨ ਹੋਏ ਲੈਣ ਦੇਣ, ਵਿੱਤੀ ਕਾਰਜਾਂ, ਵਿੱਤੀ ਦੇਣਦਾਰੀਆਂ ਅਤੇ ਵਿੱਤੀ ਸਥਿਤੀ ਬਾਰੇ ਸਹੀ ਅਤੇ ਢੁਕਵੀਂ ਸੂਚਨਾ ਦਿੰਦੇ ਹਨ?

ੲ. ਕੀ ਸਰਕਾਰੀ ਗਰਾਂਟਾ ਦੀ ਅਵੱਸ਼ਕਤਾ ਅਤੇ ਉਨ੍ਹਾਂ ਦੀ ਵਰਤੋਂ ਬਾਰੇ ਦਿੱਤੀ ਗਈ ਜਾਣਕਾਰੀ ਸਹੀ ਹੈ?

ਸ. ਕੀ ਸਥਾਨਕ ਸ਼ਾਸਨ ਦਾ ਅੰਦਰੂਨੀ ਨਿਯੰਤਰਣ ਉਚਿਤ ਢੰਗ ਨਾਲ ਸੰਗਠਤ ਕੀਤਾ ਗਿਆ ਹੈ?

ਲੇਖਾ ਪਰੀਖਣ ਵਿੱਚ ਮਿਉਂਸਿਪਲਟੀ ਦੀਆਂ ਸੰਪਤੀਆਂ ਦੇ ਪ੍ਰਬੰਧ ਦਾ ਮੁਲਾਂਕਣ ਵੀ ਆਉਂਦਾ ਹੈ। ਲੇਖਾ ਪਰੀਖਕ ਪੜਤਾਲ ਕਰਦਾ ਹੈ ਕਿ ਕੀ ਮਿਉਂਸਿਪਲਟੀ ਦੀਆਂ ਸੰਪਤੀਆਂ ਦੀ ਸੂਚੀ ਸਹੀ ਢੰਗ ਨਾਲ ਬਣਾਈ ਗਈ ਹੈ ਅਤੇ ਕੀ ਇਸ ਵਿੱਚ ਦਿਖਾਈਆਂ ਗਈਆਂ ਸੰਪਤੀਆਂ, ਸਾਜੋਸਮਾਨ ਅਤੇ ਸੰਦ ਸੱਚਮੁੱਚ ਮੌਜੂਦ ਹਨ ਅਤੇ ਵਰਤੋਂ ਕੀਤੇ ਜਾਣ ਯੋਗ ਹਨ? ਲੇਖਾ ਪਰੀਖਕ ਹਰ ਸਾਲ ਅਪਣੀ ਰਿਪੋਰਟ ਵਿੱਚ ਬਿਆਨ ਕਰੇਗਾ ਕਿ ਕੀ ਮਿਉਂਸਿਪਲਟੀ ਦੇ ਵਿੱਤੀ ਖੁਲਾਸਿਆਂ ਨੂੰ ਪਰਵਾਨਗੀ ਦਿੱਤੀ ਜਾ ਸਕਦੀ ਹੈ, ਅਤੇ ਕੀ ਮਿਉਂਸਿਪਲਟੀ ਦੇ ਸੰਬੰਧਤ ਅਧਿਕਾਰੀਆਂ ਨੂੰ ਹਿਸਾਬ ਕਿਤਾਬ ਬਾਰੇ ਜਵਾਬ ਦੇਹੀ ਤੋਂ ਮੁਕਤ ਕੀਤਾ ਜਾ ਸਕਦਾ ਹੈ? ਜੇ ਲੇਖਾ ਪਰੀਖਕ ਨੂੰ ਲਗਦਾ ਹੈ ਕਿ ਨਗਰ ਪਾਲਕਾ ਦੇ ਅਧਿਕਾਰੀਆਂ ਨੇ ਕਾਨੂੰਨ ਜਾਂ ਮਿਊਂਸਿਪਲ ਕੌਂਸਲ ਦੇ ਫੈਸਲਿਆਂ ਦੀ ਉਲੰਘਣਾ ਕੀਤੀ ਹੈ, ਤਾਂ ਉਹ ਸੰਬੰਧਤ ਅਧਿਕਾਰੀਆਂ ਦੀ ਸ਼ਿਕਾਇਤ ਕਰੇਗਾ।

**ਸਿੱਟਾ :**

ਸਥਾਨਕ ਸ਼ਾਸਨ ਦੇ ਵਿੱਤੀ ਪ੍ਰਬੰਧ ਦਾ ਮੁੱਖ ਲੱਛਣ ਵਿੱਤੀ ਹਿਸਾਬ-ਕਿਤਾਬ ਤੇ ਜ਼ੋਰ ਦੇਣਾ ਹੈ; ਹਿਸਾਬ-ਕਿਤਾਬ ਰੱਖਣ ਦੀ ਇਸ ਪ੍ਰਣਾਲੀ ਦਾ ਅਰੰਭ ਜਾਇਦਾਦ ਦੀ ਨਿਗਰਾਨੀ ਕਰਨ ਦੇ ਪਰੰਪਰਾਗਤ ਕਾਰਜ ਵਿੱਚੋਂ ਹੋਇਆ। ਇਸ ਦੀ ਥਾਂ ਹੁਣ ਪ੍ਰਬੰਧਕੀ ਹਿਸਾਬ-ਕਿਤਾਬ ਦੀ ਵਧੇਰੇ ਕਿਰਿਆਸ਼ੀਲ ਪ੍ਰਕਿਰਿਆ ਅਪਣਾਉਣੀ ਪਵੇਗੀ ਜਿਸ ਨਾਲ ਨੀਤੀ ਨਿਰਮਾਣ, ਲੰਬੀ ਅਤੇ ਛੋਟੀ ਅਵਧੀ ਦੀ ਯੋਜਨਾਬੰਦੀ, ਸੰਸਥਾ ਦੇ ਕੰਮ ਕਾਰ ਤੇ ਨਿਯੰਤਰਣ, ਵਿਲਕਪਾਂ ਦੀ ਚੋਣ ਅਤੇ ਨਿਵੇਸ਼ ਦੇ ਫੈਸਲਿਆਂ ਅਤੇ ਕਾਰਜ਼ਾਂ ਦੇ ਮੁਲਾਂਕਣ ਵਿੱਚ ਸਹਾਇਤਾ ਮਿਲੇਗੀ। ਸਮੁਦਾ ਵਿਕਾਸ ਅਤੇ ਸਹਿਕਾਰਤਾ ਦੇ ਮੰਤਰਾਲੇ ਦੁਆਰਾ 1963 ਵਿੱਚ ਬਣਾਈ ਗਈ ਇੱਕ ਅਧਿਐਨ ਮੰਡਲੀ ਨੇ ਹਿਸਾਬ ਕਿਤਾਬ ਰੱਖਣ ਦੀ ਉਸ ਸਮੇਂ ਪ੍ਰਚੱਲਤ ਪ੍ਰਣਾਲੀ ਨੂੰ ਸਰਲ ਬਣਾਉਣ ਦਾ ਸੁਝਾਅ ਦਿੱਤਾ ਸੀ ਜਿਸ ਵਿੱਚ ਘਾਟਾ-ਵਾਧਾ (Accrual) ਅਧਾਰਤ ਦੂਹਰੇ ਇੰਦਰਾਜ ਵਾਲੀ ਪ੍ਰਣਾਲੀ ਅਤੇ ਪ੍ਰਕਿਰਿਆ, ਬਜਟ ਬਣਾਉਣ ਦੀ ਪ੍ਰਕਿਰਿਆ ਨੂੰ ਤਰਕ ਸੰਗਤ ਬਣਾਉਣਾ, ਸਲਾਨਾ ਪ੍ਰੋਗਰਾਮਾਂ ਦੀ ਸਮੇਂ ਸਿਰ ਯੋਜਨਾ ਬਣਾਉਣ ਲਈ ਫੰਡਾਂ ਦੀ ਸਹੀ ਵੰਡ ਸ਼ਾਮਿਲ ਸਨ। ਪੰਚਾਇਤੀ ਰਾਜ ਦੇ ਕਾਰਜਪੂਰਤੀ ਆਧਾਰਤ ਬਜਟ ਬਣਾਉਣ ਦੀ ਪ੍ਰਣਾਲੀ ਤੇ ਕੀਤੇ ਗਏ ਇੱਕ ਅਧਿਐਨ ਅਨੁਸਾਰ ਬਜਟ

ਬਣਾਉਣ ਦੀ ਰਵਾਇਤੀ ਵਿਧੀ ਵਿੱਚ ਬਹੁਤ ਤਰੁਟੀ ਹੈ। ਪੰਚਾਇਤੀ ਰਾਜ ਸੰਸਥਾਵਾਂ ਨੂੰ ਅਵੱਸ਼ਕ ਤੌਰ ਤੇ ਕੈਸ਼ ਬੁੱਕ ਅਤੇ ਲੈਜਰ ਰਾਹੀਂ ਹਿਸਾਬ ਕਿਤਾਬ ਰੱਖਣਾ ਚਾਹੀਦਾ ਹੈ ਅਤੇ ਅਪਣੀਆਂ ਸਾਰੀਆਂ ਲੈਣਦਾਰੀਆਂ ਅਤੇ ਦੇਣਦਾਰੀਆਂ ਦੀ ਪਹਿਚਾਣ ਕਰਨੀ ਚਾਹੀਦੀ ਹੈ। ਪੰਚਾਇਤੀ ਰਾਜ ਸੰਸਥਾਵਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲਈ ਹਿਸਾਬ ਕਿਤਾਬ ਅਤੇ ਲੇਖਾ ਪਰੀਖਣ ਮੁਢਲੀ ਜਰੂਰਤ ਹਨ। ਪੰਚਾਇਤੀ ਰਾਜ ਪ੍ਰਣਾਲੀ ਦੇ ਹਿਸਾਬ ਕਿਤਾਬ ਰੱਖਣ ਦੀ ਵਿਧੀ ਵਿੱਚ ਸੁਧਾਰ ਸਮੇਂ ਦੀ ਲੋੜ ਹਨ।

## References


Mathew, G, Status of Panchyati Raj in States and Union Territories of IndI, 2000, Institute of SocIl Science, New Delhi, 2000.

Mathur, K, "Empowering local government : Decentralization and governance", in IndI SocIl Development Report, Council for SocIl Development, Oxford University Press, New Delohi, 2006.

Palanithurai, G, Grass-root Democracy in IndIn Society, Concept Publishing Company, New Delhi, 2000.

Timo Linkola, Functioning of Local Self Government Institutions in Finland, The AssocItion of Finnish Local and Regional Authorities, Helsinki, Finland, Unpublished paper presented in the Second National jSeminar, of CRRID, 2005.

# ਅਧਿਆਇ-6

# ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ, ਪ੍ਰਬੰਧ ਦੀ ਸੂਚਨਾ ਪ੍ਰਣਾਲੀ ਅਤੇ ਤੱਥ ਸੰਗ੍ਰਹਿ

ਪ੍ਰਸ਼ਾਸਨ ਦੀ ਗੁਣਵੱਤਾ ਨੂੰ ਸੁਧਾਰਣ ਲਈ ਨਗਰ ਪਾਲਕਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਅਤੇ ਅਧਿਕਾਰੀਆਂ ਨੂੰ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ, ਪ੍ਰਬੰਧ ਦੀ ਸੂਚਨਾ ਪ੍ਰਣਾਲੀ ਅਤੇ ਤੱਥ ਸੰਗ੍ਰਹਿ ਤੋਂ ਜਾਣੂੰ ਕਰਵਾ ਕੇ ਉਨ੍ਹਾਂ ਨੂੰ ਇਸ ਬਾਰੇ ਸਿੱਖਿਅਤ ਕਰਨਾ ਹੀ ਇਸ ਅਧਿਆਇ ਦਾ ਉਦੇਸ਼ ਹੈ। ਇਸ ਦੇ ਪਾਠ ਕ੍ਰਮ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ, ਪ੍ਰਬੰਧ ਦੀ ਸੂਚਨਾ ਪ੍ਰਣਾਲੀ ਅਤੇ ਤੱਥ ਸੰਗ੍ਰਹਿ ਦੇ ਅਰਥ, ਮਹੱਤਵ ਅਤੇ ਲੋੜ ਤੋਂ ਇਲਾਵਾ ਨਾਗਰਿਕ ਪ੍ਰਸ਼ਾਸਨ, ਪ੍ਰਬੰਧ ਅਤੇ ਵਿਕਾਸ ਦੀ ਨਿਰੰਤਰਤਾ ਲਈ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਚੁਣੇ ਹੋਏ ਦੇਸ਼ਾਂ ਵਿੱਚ ਇਨ੍ਹਾਂ ਦੀ ਵਰਤੋਂ ਸ਼ਾਮਿਲ ਹੈ। ਨਗਰ ਪਾਲਕਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਅਰੰਭ ਕਰਨ ਲਈ ਸਮਰਥਾ ਨਿਰਮਾਣ ਯੋਜਨਾ ਦਾ ਸੁਝਾਅ ਦੇਣ ਦਾ ਜਤਨ ਕੀਤਾ ਗਿਆ ਹੈ। ਅਧਿਕਾਰੀਆਂ ਅਤੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਸਿਖਲਾਈ ਦੇਣ ਦੇ ਉਦੇਸ਼ ਨੂੰ ਮੁੱਖ ਰਖਦੇ ਹੋਏ ਉਨ੍ਹਾਂ ਲਈ ਕੇਵਲ ਵਿਵਹਾਰਕ ਮਹੱਤਵ ਦੀਆਂ ਇਕਾਈਆਂ ਦੀ ਹੀ ਸਿਫਾਰਿਸ਼ ਕੀਤੀ ਜਾਂਦੀ ਹੈ।

**ਜਾਣ-ਪਛਾਣ**

ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ (e-governance) ਤੋਂ ਭਾਵ ਹੈ ਪ੍ਰਸ਼ਾਸਨ ਦੀ ਮੌਜੂਦਾ ਪ੍ਰਣਾਲੀ ਨੂੰ ਸੁਧਾਰਣ ਲਈ ਸੂਚਨਾ ਪ੍ਰਣਾਲੀ ਦੀ ਪ੍ਰਭਾਵਸ਼ਾਲੀ ਵਰਤੋਂ ਕਰਕੇ ਨਾਗਰਿਕਾਂ ਨੂੰ ਚੰਗੇਰੀਆਂ ਸੇਵਾਵਾਂ ਮੁਹੱਈਆ ਕਰਵਾਉਣੀਆਂ। ਇਸ ਪਰਿਭਾਸ਼ਾ ਅਧੀਨ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਆਉਂਦੀਆਂ ਹਨ ਜਿਨ੍ਹਾਂ ਨੂੰ ਸੂਚਨਾ, ਸੰਚਾਰ ਅਤੇ ਤਕਨਾਲੋਜੀ ਆਧਾਰਤ ਸੁਧਾਰਾਂ ਦੇ ਚਾਰ ਜੁੱਟਾਂ ਵਿੱਚ ਵੰਡਿਆ ਜਾ ਸਕਦਾ ਹੈ:

ੳ. ਸੂਚਨਾ ਤੱਕ ਪਹੁੰਚ ਨੂੰ ਅਸਾਨ ਬਣਾਉਣਾ ਅਤੇ ਅਭਿਵਿਅਕਤੀ (expression) ਵਾਰਤਾਲਾਪ (discourse), ਉਪਯੋਗ (mobilization) ਅਤੇ ਸਮਰਥਨ (advocacy) ਦੇ ਸਾਧਨਾਂ ਵਿੱਚ ਸੁਧਾਰ ਕਰਨਾ।

ਅ. ਵਧੇਰੇ ਪਾਰਦਰਸ਼ਤਾ, ਜਵਾਬਦੇਹੀ, ਭਾਗੀਦਾਰੀ ਅਤੇ ਸਿੱਧੀ ਪਹੁੰਚ ਰਾਹੀਂ ਕਿਸੇ ਵੀ ਕਾਰਵਾਈ ਅਤੇ ਨਾਗਰਿਕ ਪ੍ਰਸ਼ਾਸਨ ਦੀ ਲੋਕਤੰਤਰੀ ਗੁਣਵੱਤਾ ਵਿੱਚ ਵਾਧਾ ਕਰਨਾ।

ੲ. ਨਾਗਰਿਕ ਪ੍ਰਸ਼ਾਸਨ ਦੀ ਅੰਦਰੂਨੀ ਪ੍ਰਕਿਰਿਆ ਨੂੰ ਜਿਆਦਾ ਪ੍ਰਭਾਵਸ਼ਾਲੀ ਅਤੇ ਕਾਰਜ ਕੁਸ਼ਲ ਬਣਾਉਣਾ।

ਸ. ਉਪਲਬਧ ਜਨਤਕ ਸੇਵਾਵਾਂ ਦੇ ਵਿਸਥਾਰ ਅਤੇ ਉਪਯੋਗਤਾ ਨੂੰ ਵਧਾਉਣਾ ਅਤੇ ਨਾਗਰਿਕਾਂ ਜਾਂ ਵਪਾਰਕ ਅਦਾਰਿਆਂ ਲਈ ਉਨ੍ਹਾਂ ਨੂੰ ਅਸਾਨੀ ਨਾਲ ਪ੍ਰਾਪਤ ਹੋ ਸਕਣ ਯੋਗ, ਕੁਸ਼ਲ ਅਤੇ ਨਾਗਰਿਕਾਂ ਦੇ ਸਾਰੇ ਵਰਗਾਂ ਦੀਆਂ ਜ਼ਰੂਰਤਾ ਦੇ ਅਨੁਕੂਲ ਬਣਾਉਣਾ।

ਅੱਜ ਦੀ ਵੱਡੀ ਚੁਣੌਤੀ ਕੁਸ਼ਲਤਾਪੂਰਵਕ ਅਤੇ ਨਿਰੰਤਰ ਮਿਲ ਸਕਣ ਵਾਲੀਆਂ ਸਰਕਾਰੀ ਸੇਵਾਵਾਂ ਲਈ ਜਨਤਾ ਦੀ ਵਧ ਰਹੀ ਮੰਗ ਨੂੰ ਪੂਰਾ ਕਰਨਾ, ਸੁੰਗੜ ਰਹੇ ਬਜਟਾਂ ਦੀ ਸਮੱਸਿਆ ਨੂੰ ਹੱਲ ਕਰਨਾ, ਆਮਦਨੀ ਖਰਚ ਦੀ

ਹੋਰ ਵੀ ਸਪਸ਼ਟ ਤਸਵੀਰ ਪ੍ਰਾਪਤ ਕਰਨਾ, ਮੌਜੂਦਾ ਸਾਧਨਾਂ ਦਾ ਵੱਧ ਤੋਂ ਵੱਧ ਲਾਭ ਲੈਣਾ, ਨਿੱਜੀ ਖੇਤਰ ਦੇ ਸਰਵੋਤਮ ਅਮਲਾਂ ਦਾ ਫਾਇਦਾ ਲੈਣਾ, ਸਿਖਲਾਈ ਪ੍ਰਾਪਤ ਅਤੇ ਨਿਪੁੰਨ ਕਰਮਚਾਰੀ ਰੱਖਣਾ ਅਤੇ, ਜੋ ਕਿ ਬਹੁਤ ਹੀ ਜ਼ਰੂਰੀ ਹੈ, ਸਰਕਾਰ ਨੂੰ ਲੋਕਾਂ ਦੀ ਪਹੁੰਚ ਵਿੱਚ ਰੱਖਣਾ ਹੈ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਪ੍ਰਸ਼ਾਸਨ ਦੇ ਸਾਰੇ ਖੇਤਰਾਂ ਵਿੱਚ ਨਵੀਆਂ ਨੀਤੀਆਂ ਅਤੇ ਨਵੇਂ ਉਪਰਾਲਿਆਂ ਤੋਂ ਇਲਾਵਾ ਸੂਚਨਾ ਪ੍ਰਾਣਾਲੀ ਆਧਾਰਤ ਪ੍ਰਸ਼ਾਸਨ ਨੂੰ ਇੱਕ ਸੰਪੂਰਣ ਵਿਧੀ ਸਮਝਦੇ ਹੋਏ ਨਿਮਨ ਲਿਖਤ ਨੂੰ ਅਪਣਾਉਣਾ ਜ਼ਰੂਰੀ ਹੈ :

ੳ . **ਸੂਚਨਾ ਪ੍ਰਣਾਲੀ ਆਧਾਰਤ ਪ੍ਰਬੰਧ:** ਲਾਗਤ ਵਿੱਚ ਕਮੀ, ਕਾਰਜ ਪੂਰਤੀ ਦੇ ਸੁਚੱਜੇ ਪ੍ਰਬੰਧ, ਸਰਕਾਰ ਦੇ ਅੰਦਰ ਜੁੱਧਨੀਤਕ ਸੰਪਰਕ ਅਤੇ ਸ਼ਕਤੀ ਸੰਪੰਨ ਬਣਾਉਣ ਦੇ ਅਮਲ ਦੁਆਰਾ ਸਰਕਾਰੀ ਪ੍ਰਕਿਰਿਆਵਾਂ ਵਿੱਚ ਸੁਧਾਰ ਕਰਨਾ।

ਅ. **ਸੂਚਨਾ ਪ੍ਰਣਾਲੀ ਦੁਆਰਾ ਜਾਗੂਰਕ ਹੋਏ ਨਾਗਰਿਕ ਅਤੇ ਸੂਚਨਾ ਪ੍ਰਣਾਲੀ ਆਧਾਰਤ ਸੇਵਾਵਾਂ :** ਨਾਗਰਿਕਾਂ ਨਾਲ ਗੱਲ ਬਾਤ ਕਰਕੇ, ਜਵਾਬਦੇਹੀ ਦਾ ਸਮਰਥਨ ਕਰਕੇ, ਨਾਗਰਿਕਾਂ ਦੀ ਗੱਲ ਸੁਣ ਕੇ, ਲੋਕਤੰਤਰ ਦਾ ਸਮਰਥਨ ਕਰਕੇ ਅਤੇ ਜਨਤਕ ਸੇਵਾਵਾਂ ਵਿੱਚ ਸੁਧਾਰ ਕਰਕੇ ਨਾਗਰਿਕਾਂ ਨੂੰ ਸਰਕਾਰ ਨਾਲ ਜੋੜਨਾ।

ੲ. **ਸੂਚਨਾ ਪ੍ਰਣਾਲੀ ਆਧਾਰਤ ਸਮਾਜ:** ਵਪਾਰਕ ਅਦਾਰਿਆਂ ਨਾਲ ਕੰਮ ਕਰਕੇ, ਸਮੁਦਾਵਾਂ ਦਾ ਨਿਰਮਾਣ ਕਰਕੇ, ਸਰਕਾਰੀ ਭਾਗੀਦਾਰੀਆਂ ਨਿਰਮਿਤ ਕਰਕੇ ਅਤੇ ਸੱਭਿਆ ਸਮਾਜ ਸਿਰਜ ਕੇ, ਸਰਕਾਰ ਦੀਆਂ ਸੀਮਾਵਾਂ ਤੋਂ ਅੱਗੇ ਲੰਘ ਕੇ ਆਪਸਦਾਰੀ ਦਾ ਨਿਰਮਾਣ ਕਰਨਾ।

ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਤੋਂ ਭਾਵ ਹੈ ਸਰਕਾਰ ਦੁਆਰਾ ਅਪਣੇ ਕੰਮ ਕਾਰ ਵਿੱਚ ਅਤੇ ਜਨਤਾ ਨਾਲ ਹੋਣ ਵਾਲੇ ਵਿਹਾਰ ਵਿੱਚ ਕਾਰਜ ਕੁਸ਼ਲਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਸੁਧਾਰਣ ਲਈ ਸੂਚਨਾ ਅਤੇ ਸੰਚਾਰ ਦੀ ਆਧੁਨਿਕ ਤਕਨਾਲੋਜੀ ਦਾ ਜੁੱਧੀਨੀਤਕ ਅਤੇ ਵਿਧੀ ਪੂਰਵਕ ਪ੍ਰਯੋਗ ਕਰਨਾ। ਸਥਾਨਕ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਅਪਣੀਆਂ ਸੇਵਾਵਾਂ ਦੀ ਲਾਗਤ ਅਤੇ ਉਨ੍ਹਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਅਤੇ ਉਨ੍ਹਾਂ ਨੂੰ ਜਨਤਾ ਅਤੇ ਸਮੁਦਾ ਦੁਆਰਾ ਦਿੱਤੀਆਂ ਜਾਣ ਵਾਲੀਆਂ ਅਜਿਹੀਆਂ ਹੀ ਸੇਵਾਵਾਂ ਨਾਲ ਏਕੀਕ੍ਰਿਤ ਕਰਨ ਲਈ, ਸਥਾਨਕ ਪੱਧਰ ਦੀਆਂ ਭਾਗੀਦਾਰੀਆਂ ਕਾਇਮ ਕਰਕੇ ਕੰਮ ਕਰਨ ਲਈ ਅਤੇ ਸਫਲਤਾਪੂਰਵਕ ਸੂਚਨਾ ਪ੍ਰਣਾਲੀ ਆਧਾਰਤ ਏਕੀਕ੍ਰਿਤ ਸਥਾਨਕ ਪ੍ਰਸ਼ਾਸਨ ਦਾ ਨਿਰਮਾਣ ਕਰਨ ਲਈ ਸੂਚਨਾ ਨੂੰ ਯੋਗ ਢੰਗ ਨਾਲ ਇਕੱਠਾ ਕਰਨ ਅਤੇ ਇਸ ਦਾ ਪ੍ਰਬੰਧ ਕਰਨ ਲਈ ਸੂਚਨਾ ਪ੍ਰਣਾਲੀ ਦੁਆਰਾ ਦਿੱਤੇ ਗਏ ਅਵਸਰਾਂ ਦਾ ਲਾਭ ਉਠਾਉਣ (Vaidya 2006)। ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਸਰਕਾਰ ਦੁਆਰਾ ਨਾਗਰਿਕਾਂ ਅਤੇ ਵਿਉਪਾਰਕ ਅਦਾਰਿਆਂ ਨੂੰ ਕੁਸ਼ਲ, ਅਸਾਨ ਅਤੇ ਪਾਰਦਰਸ਼ੀ ਸੇਵਾਵਾਂ ਮੁਹੱਈਆ ਕਰਵਾਉਣ ਦੇ ਢੰਗ ਵਿੱਚ ਮੌਲਿਕ ਪਰਿਵਰਤਨ ਆ ਜਾਂਦਾ ਹੈ। ਇਹ ਵਿਕਾਸ ਦੀ ਪ੍ਰਕਿਰਿਆ ਵਿੱਚ ਅਗਲਾ ਕਦਮ ਹੈ ਜਿਸ ਦੇ ਨਤੀਜੇ ਵਜੋਂ ਸਭ ਦੀ ਸਲਾਹ ਲੈਣ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਦੀ ਵਿਧੀ ਰਾਹੀਂ ਨਾਗਰਿਕ ਪ੍ਰਸ਼ਾਸਨ ਦੀ ਪ੍ਰਕਿਰਿਆ ਦਾ ਹਿੱਸਾ ਬਣ ਜਾਂਦੇ ਹਨ। ਹੁਣ ਸਰਕਾਰਾਂ ਦਾ ਇਹ ਅਹਿਸਾਸ ਵਧਦਾ ਜਾ ਰਿਹਾ ਹੈ ਕਿ ਸੇਵਾਵਾਂ ਦੀ ਗੁਣਵੱਤਾ ਵਿੱਚ ਨਿੱਗਰ ਵਾਧਾ ਮੁੱਖ ਤੌਰ ਤੇ ਸੂਚਨਾ ਪ੍ਰਣਾਲੀ ਆਧਾਰਤ ਸਰਕਾਰ ਅਤੇ ਪ੍ਰਸ਼ਾਸਨ ਦੇ ਸਿਧਾਂਤ ਅਪਣਾਉਣ ਨਾਲ ਹੀ ਸੰਭਵ ਹੋਵੇਗਾ।

ਭਾਰਤ ਸੂਚਨਾ ਪ੍ਰਣਾਲੀ ਦੇ ਖੇਤਰ ਵਿੱਚ ਇੱਕ ਸ਼ਕਤੀ ਦੇ ਤੌਰ ਤੇ ਉੱਭਰ ਰਿਹਾ ਹੈ, ਪਰੰਤੂ ਕਈ ਕਾਰਣਾਂ ਕਰਕੇ ਸਥਾਨਕ ਸ਼ਾਸਨ ਵਿੱਚ ਸਾਫਟਵੇਅਰ, ਕੰਪਿਊਟਰ, ਸੂਚਨਾ ਪ੍ਰਣਾਲੀ ਦੇ ਪ੍ਰਬੰਧ ਅਤੇ ਤੱਥ ਸੰਗ੍ਰਹਿ ਦੇ ਉਪਯੋਗ ਰਾਹੀਂ ਸੂਚਨਾ ਪ੍ਰਣਾਲੀ ਅਧਾਰਤ ਪ੍ਰਸ਼ਾਸਨ ਦੀ ਵਰਤੋਂ ਸੰਤੋਖਜਨਤਕ ਨਹੀਂ ਹੈ। ਪੱਛਮੀ ਬੰਗਾਲ ਦੀ ਸਰਕਾਰ ਦੇ ਸੂਚਨਾ

ਪ੍ਰਣਾਲੀ ਦੇ ਵਿਸ਼ੇਸ਼ ਸਕੱਤਰ ਸ਼੍ਰੀ ਰਵੀ ਕਾਂਤ ਨੇ ਟਿੱਪਣੀ ਕੀਤੀ ਹੈ ਕਿ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਵਾਸਤਵ ਵਿੱਚ ਪ੍ਰਸ਼ਾਸਨ ਲਈ ਸੂਚਨਾ ਪ੍ਰਣਾਲੀ ਦੀ ਵਰਤੋਂ ਨਹੀਂ, ਬਲਕਿ ਇਹ ਤਾਂ ਅੱਛੇ ਪ੍ਰਸ਼ਾਸਨ ਲਈ ਇੱਕ ਸਾਧਨ ਹੈ। ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਤੋਂ ਭਾਵ ਕੰਪਿਊਟਰਾਂ ਅਤੇ ਸੰਬੰਧਤ ਉਪਕਰਣਾਂ ਦੀ ਗਿਣਤੀ ਵਿੱਚ ਵਾਧਾ ਕਰਨਾ ਨਹੀਂ, ਬਲਕਿ ਇਹ ਇੱਕ ਰਾਜਨੀਤਕ ਫੈਸਲਾ ਹੈ ਜਿਹੜਾ ਅਫਸਰਾਂ ਅਤੇ ਕਰਮਚਾਰੀਆਂ ਦੇ ਰਵੱਈਏ ਵਿੱਚ ਤਬਦੀਲੀ, ਸਰਕਾਰੀ ਪ੍ਰਕਿਰਿਆ ਦੇ ਵੱਡੇ ਪੱਧਰ ਤੇ ਪੁਨਰਨਿਰਮਾਣ ਅਤੇ ਅਨੁਸ਼ਾਸਨ ਦੀ ਮੰਗ ਕਰਦਾ ਹੈ। ਦੇਸ਼ ਵਿੱਚ ਸਥਾਨਕ ਪੱਧਰ ਤੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਆਮ ਸਥਿਤੀ ਵਿੱਚ ਪੰਜਾਬ ਵੀ ਕੋਈ ਅਪਵਾਦ ਨਹੀਂ। ਭਾਵੇਂ ਸ਼ਹਿਰੀ ਖੇਤਰਾਂ ਵਿੱਚ ਹਾਲਤ ਮਾਮੂਲੀ ਜਿਹੀ ਬਿਹਤਰ ਹੈ, ਕਿੰਤੂ ਦਿਹਾਤੀ ਖੇਤਰਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਪਹੁੰਚ ਅਤੇ ਗੁਣਵੱਤਾ, ਸੂਚਨਾ ਦੇ ਪ੍ਰਬੰਧ ਦੀ ਪ੍ਰਣਾਲੀ ਅਤੇ ਤੱਥ ਸੰਗ੍ਰਹਿ ਵਿੱਚ ਭਾਰੀ ਕਮੀਆਂ ਹਨ। ਪੰਜਾਬ ਦੇ ਪਹਿਲੇ ਅਤੇ ਦੂਜੇ ਵਿੱਤ ਕਮਿਸ਼ਨਾਂ ਨੇ ਸ਼ਹਿਰੀ ਅਤੇ ਦਿਹਾਤੀ ਸਥਾਨਕ ਸੰਸਥਾਵਾਂ ਦੀ ਸੂਚਨਾ ਪ੍ਰਬੰਧ ਪਣਾਲੀ ਅਤੇ ਤੱਥ ਸੰਗ੍ਰਹਿ ਦੀਆਂ ਕਮੀਆਂ ਨੂੰ ਉਜਾਗਰ ਕੀਤਾ ਹੈ। ਇਸੇ ਤਰ੍ਹਾਂ ਰਾਜਾਂ ਦੇ ਵਿੱਤ ਕਮਿਸ਼ਨਾਂ ਦੀਆਂ ਰਿਪੋਰਟਾਂ ਦੇ ਅਧਾਰ ਤੇ ਭਾਰਤ ਦੇ ਗਿਆਰ੍ਹਵੇਂ ਅਤੇ ਬਾਰ੍ਹਵੇਂ ਵਿੱਤ ਕਮਿਸ਼ਨਾਂ ਨੇ ਵੀ ਨਗਰ ਪਾਲਕਾਵਾਂ ਅਤੇ ਪੰਚਾਇਤਾਂ ਦੇ ਪੱਧਰ ਤੇ ਲੁੜੀਂਦੀ ਸੂਚਨਾ/ਤੱਥ ਮੁਹੱਈਆ ਕਰਵਾਉਣ ਵਿੱਚ ਪਾਈਆਂ ਜਾਣ ਵਾਲੀਆਂ ਘਾਟਾਂ ਤੇ ਚਾਨਣਾ ਪਾਇਆ ਹੈ।

## ਭਾਗ ਪਹਿਲਾ

## ਸ਼ਹਿਰੀ ਸਥਾਨਕ ਸੰਸਥਾਵਾਂ

ਚੰਗੇ ਸ਼ਹਿਰੀ ਪ੍ਰਸ਼ਾਸਨ ਲਈ ਸੂਚਨਾ ਪ੍ਰਣਾਲੀ ਦੀ ਵਰਤੋਂ ਤੋਂ ਇਲਾਵਾ ਇੱਕ ਮਜਬੂਤ ਤੱਥ ਸੰਗ੍ਰਹਿ ਅਤੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦਾ ਨਿਰਮਾਣ ਪਹਿਲੀ ਸ਼ਰਤ ਹੈ। ਪੰਜਾਬ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਪਾਸ ਸੂਚਨਾ ਪ੍ਰਣਾਲੀ ਦੇ ਬੁਨਿਆਦੀ ਢਾਂਚੇ ਦੀਆਂ ਸੇਵਾਵਾਂ ਅਤੇ ਤਤਪਰਤਾ ਦੀ ਘਾਟ ਹੈ। ਕੰਪਿਊਟਰਾਂ ਦੀ ਵਰਤੋਂ, ਭੂਗੋਲਕ ਸੂਚਨਾ ਪ੍ਰਣਾਲੀ ਅਤੇ ਰਿਮੋਟ ਸੈਂਸਿੰਗ ਜਿਹੀਆਂ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀਆਂ ਵਿਧੀਆਂ ਦੇ ਉਪਯੋਗ ਵਿੱਚ ਪਾਈਆਂ ਜਾਣ ਵਾਲੀਆ ਕਮੀਆਂ ਕਰਕੇ ਸ਼ਹਿਰੀ ਪ੍ਰਸ਼ਾਸਨ ਦੀ ਗੁਣਵੱਤਾ ਤੇ ਮਾੜਾ ਅਸਰ ਪੈ ਰਿਹਾ ਹੈ। ਸ਼ਹਿਰੀ ਪ੍ਰਬੰਧ ਦੀਆਂ ਮੌਜੂਦਾ ਪ੍ਰਣਾਲੀਆਂ ਪੁਰਾਣੀਆਂ ਅਤੇ ਸਮਾਂ ਨਸ਼ਟ ਕਰਨ ਵਾਲੀਆਂ ਹਨ। ਚੰਗੀ ਆਮਦਨੀ ਵਾਲੀਆਂ ਵੱਡੀਆਂ ਨਗਰ ਪਾਲਕਾਵਾਂ ਵਿੱਚ ਵੀ ਬਿਲ ਹੱਥ ਨਾਲ ਬਣਾਉਣਾ ਅਤੇ ਵਸੂਲ ਕਰਨਾ ਆਮ ਗੱਲ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਦੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਸੰਬੰਧੀ ਤੱਥ ਸੰਗ੍ਰਹਿ ਕਾਫੀ ਨਹੀਂ ਹੈ ਅਤੇ ਇਸ ਗੱਲ ਨੂੰ ਪੰਜਾਬ ਦੇ ਪਹਿਲੇ ਅਤੇ ਦੂਜੇ ਵਿੱਤ ਕਮਿਸ਼ਨ ਨੇ ਵੀ ਉਜਾਗਰ ਕੀਤਾ ਹੈ। ਲੁਧਿਆਣਾ ਨਗਰ ਨਿਗਮ ਨੂੰ ਅਤੇ ਕੁੱਝ ਹੋਰ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਨੂੰ ਛੱਡ ਕੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਬਹੁਤ ਹੀ ਧੀਮੀ ਚਾਲ ਨਾਲ ਲਾਗੂ ਕੀਤਾ ਜਾ ਰਿਹਾ ਹੈ। 74ਵੀਂ ਸੰਵਿਧਾਨਕ ਸੋਧ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਬਹੁਤ ਸਾਰੇ ਕਾਰਜ ਸੌਂਪੇ ਹਨ। ਇਨ੍ਹਾਂ ਕਾਰਜਾਂ ਦਾ ਕੁਸ਼ਲਤਾ ਪੂਰਵਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧ ਕਰਨ ਲਈ ਨਗਰ ਪਾਲਕਾਵਾਂ ਨੂੰ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਰਾਹੀਂ ਅਪਣੀ ਸਮਰਥਾ ਵਿੱਚ ਸੁਧਾਰ ਕਰਨ ਦੀ ਲੋੜ ਹੈ।

ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਦਾ ਮੰਤਰਾਲਾ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਅਰੰਭ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਿਛਲੇ ਕੁੱਝ ਸਾਲਾਂ ਤੋਂ ਸਥਾਨਕ ਸੰਸਥਾਵਾਂ ਨੇ ਅਪਣੇ ਕੰਮ ਕਾਰ ਵਿੱਚ ਸੂਚਨਾ ਪ੍ਰਣਾਲੀ ਅਤੇ ਇਸ ਦੇ ਹੋਰ ਵਸੀਲਿਆਂ ਦੇ ਉਪਯੋਗ ਕਰਨ ਵਿੱਚ ਕਾਫੀ ਪਹਿਲ ਕਦਮੀ ਕੀਤੀ

ਹੈ। ਨਾਗਰਿਕਾਂ ਨੂੰ ਵਧੀਆ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਅੰਦਰੂਨੀ ਉਤਪਾਦਕਤਾ ਵਧਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਉਪਰਾਲਿਆਂ ਦੇ ਮੁੱਖ ਮੰਤਵ ਨਿਮਨ ਲਿਖਤ ਅਨੁਸਾਰ ਹਨ:

(i) ਨਾਗਰਿਕਾਂ ਨੂੰ ਹਰ ਥਾਂ, ਹਰ ਵੇਲੇ ਸਿੰਗਲ ਵਿੰਡੋ ਸੇਵਾਵਾਂ ਮੁਹੱਈਆ ਕਰਵਾਉਣੀਆਂ।

(ii) ਸ਼ਹਿਰੀ ਸਥਾਨਕ ਸੰਸਥਾਵਾਂ ਦੀ ਕਾਰਜ ਕੁਸ਼ਲਤਾ ਅਤੇ ਉਤਪਾਦਕਤਾ ਵਿੱਚ ਵਾਧਾ ਕਰਨਾ।

(iii) ਪੂਰੇ ਰਾਜ ਭਰ ਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸੂਚਨਾ ਪ੍ਰਣਾਲੀ ਦਾ ਇੱਕੋ ਏਕੀਕ੍ਰਿਤ ਰੂਪ ਵਿਕਸਤ ਕਰਨਾ।

(iv) ਪ੍ਰਭਾਵਸ਼ਾਲੀ ਢੰਗ ਨਾਲ ਫੈਸਲੇ ਲੈਣ ਲਈ ਨਗਰ ਪਾਲਕਾ ਦੇ ਪ੍ਰਸ਼ਾਸਨ ਸੰਬੰਧੀ ਵਕਤ ਸਿਰ ਅਤੇ ਭਰੋਸੇਯੋਗ ਸੂਚਨਾ ਦੇਣਾ।

(v) ਇਕ ਮਿਆਰੀ ਵਿਧੀ ਅਪਣਾ ਕੇ ਹੋਰ ਸੰਬੰਧਤ ਉਪਯੋਗਾਂ ਨਾਲ ਏਕੀਕਰਣ ਨੂੰ ਸੰਭਵ ਬਣਾਉਣਾ।

ਸ਼ਹਿਰੀ ਵਿਕਾਸ ਦੇ ਮੰਤਰਾਲੇ ਨੇ ਮਿਸ਼ਨ ਮੋਡ ਪ੍ਰਾਜੈਕਟ ਦੇ ਪਹਿਲੇ ਪੜਾਅ ਵਿੱਚ ਹੇਠ ਲਿਖੀਆਂ ਸੇਵਾਵਾਂ ਅਤੇ ਪ੍ਰਬੰਧਕੀ ਕਾਰਜਾਂ ਨੂੰ ਸ਼ਾਮਿਲ ਕਰਨ ਦਾ ਫੈਸਲਾ ਕੀਤਾ:

(i) ਜਨਮ ਅਤੇ ਮੌਤ ਨੂੰ ਰਜਿਸਟਰ ਕਰਨਾ ਅਤੇ ਇਨ੍ਹਾਂ ਦੇ ਸਰਟੀਫਿਕੇਟ ਜਾਰੀ ਕਰਨਾ

(ii) ਸੰਪਤੀ ਕਰ ਅਤੇ ਉਪਭੋਗਤਾ ਸੇਵਾਵਾਂ ਦੇ ਬਿਲਾਂ ਦੀ ਅਦਾਇਗੀ

(iii) ਸ਼ਿਕਾਇਤਾਂ ਅਤੇ ਸੁਝਾਅ

(iv) ਇਮਾਰਤਾਂ ਦੀ ਮੰਜੂਰੀ

(v) ਪ੍ਰਾਜੈਕਟ ਲੈਣਾ ਅਤੇ ਇਨ੍ਹਾਂ ਦੀ ਨਿਗਰਾਨੀ ਕਰਨਾ

(vi) ਸਿਹਤ ਸੰਬੰਧੀ ਪ੍ਰੋਗਰਾਮ

(vii) ਹਿਸਾਬ ਕਿਤਾਬ ਰੱਖਣ ਦੀ ਪ੍ਰਣਾਲੀ

(viii) ਅਮਲੇ ਬਾਰੇ ਸੂਚਨਾ ਦੀ ਪ੍ਰਣਾਲੀ

**ਚੋਣਵੇਂ ਭਾਰਤੀ ਰਾਜਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ:**

ਵਿਸ਼ਾਖਾਪਟਨਮ ਵਿੱਚ ਪਾਣੀ ਦੇ ਨਲਕਿਆਂ, ਕੂੜਾ ਕਰਕਟ ਇਕੱਠਾ ਕਰਨ, ਸਫਾਈ ਦੇ ਟੈਂਡਰਾਂ ਅਤੇ ਘਰ ਬਣਾਉਣ ਦੇ ਨਕਸ਼ਿਆ ਜਿਹੀਆਂ ਸੇਵਾਵਾਂ ਦੀ ਸਥਿਤੀ ਆਨਲਾਈਨ ਉਪਲਬਧ ਹੈ। ਹੈਦਰਾਬਾਦ ਨੇ ਹਿਸਾਬ ਕਿਤਾਬ ਰੱਖਣ ਦੀ ਘਾਟਾ ਵਾਧਾ ਆਧਾਰਤ ਪ੍ਰਣਾਲੀ ਅਤੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦਾ ਅਰੰਭ ਕੀਤਾ ਹੈ। ਇਸ ਨੇ ਸੰਪਤੀ ਕਰ, ਸ਼ਿਕਾਇਤ ਨਿਵਾਰਣ ਅਤੇ ਕੰਪਿਊਟਰਾਂ ਰਾਹੀਂ ਵਸੂਲੀ ਲਾਗੂ ਕਰਨ ਤੋਂ ਇਲਾਵਾ ਵਾਰਡ ਵਾਰ ਪ੍ਰਬੰਧ ਦੀ ਵਿਸਤ੍ਰਿਤ ਸੂਚਨਾ ਪ੍ਰਣਾਲੀ ਵੀ ਸ਼ੁਰੂ ਕੀਤੀ ਹੈ ਜਿਸ ਵਿੱਚ ਸੰਪਤੀ ਕਰ ਦਾ ਸਵੈ ਮੁਲਾਂਕਣ ਸ਼ਾਮਿਲ ਹੈ ਅਤੇ ਸ਼ਹਿਰ ਦੇ ਬਜਟ ਬਾਰੇ ਵੀ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ। ਇਲੈਕਟ੍ਰਾਨਿਕ ਸੇਵਾ (ਈ-ਸੇਵਾ) TWINS ਪ੍ਰਾਜੈਕਟ ਦਾ ਸੁਧਰਿਆ ਹੋਇਆ ਰੂਪ ਹੈ ਜੋ ਆਂਧਰਾ ਪ੍ਰਦੇਸ਼ ਦੇ ਜੁੜਵੇਂ ਸ਼ਹਿਰਾਂ ਹੈਦਰਾਬਾਦ ਅਤੇ ਸਿਕੰਦਰਾਬਾਦ ਵਿੱਚ 1999 ਵਿੱਚ ਸ਼ੁਰੂ ਕੀਤੀ ਗਈ ਸੀ। ਈ-ਸੇਵਾ ਕੇਂਦਰ 118 ਪ੍ਰਕਾਰ ਦੀਆਂ ਵੱਖ ਵੱਖ ਸੇਵਾਵਾਂ ਉਪਲਬਧ ਕਰਵਾਉਂਦੇ ਹਨ ਜਿਨ੍ਹਾਂ ਵਿੱਚ ਕਰਾਂ ਅਤੇ ਉਪਭੋਗਤਾ ਸੇਵਾਵਾਂ ਦੇ ਬਿਲਾਂ ਦੀ ਅਦਾਇਗੀ, ਜਨਮ ਅਤੇ ਮੌਤ ਦੀ ਰਜਿਸਟ੍ਰੇਸ਼ਨ, ਪਾਸਪੋਰਟ ਲਈ ਬਿਨੈ ਪੱਤਰਾਂ ਦੀ ਰਜਿਸਟ੍ਰੇਸ਼ਨ, ਜਨਮ ਅਤੇ ਮੌਤ ਦੇ ਸਰਟੀਫਿਕੇਟ ਜਾਰੀ ਕਰਨਾ,

ਵਿੱਕਰੀ ਕਰ ਦੀ ਅਦਾਇਗੀ, ਕਿੱਤਿਆਂ ਲਈ ਲਾਇਸੰਸ, ਟਾਟਾ ਟੈਲੀਸਰਵਿਸਜ਼ ਅਤੇ ਰਿਲਾਇੰਸ ਜਿਹੀਆਂ ਸੇਵਾਵਾਂ ਲਈ ਭੁਗਤਾਨ ਅਤੇ ਏਅਰਟੈਲ ਦੇ ਮੈਜਿਕ ਕਾਰਡਾਂ ਦੀ ਵਿੱਕਰੀ ਆਦਿ ਸ਼ਾਮਿਲ ਹਨ। ਇਹ ਸੇਵਾਵਾਂ ਸ਼ਹਿਰ ਦੇ ਕਿਸੇ ਵੀ ਸਥਾਨ ਤੇ ਸੇਵਾ ਕੇਂਦਰ ਦੇ ਕਿਸੇ ਵੀ ਕਾਊਂਟਰ ਤੇ ਲਈਆਂ ਜਾ ਸਕਦੀਆਂ ਹਨ। ਕੋਇੰਬਟੂਰ ਨੇ ਅਪਣੇ ਸੰਪਤੀ ਕਰ ਅਤੇ ਜਲ ਸੇਵਾ ਦੇ ਖਰਚਿਆਂ ਬਾਰੇ ਤੱਥਾਂ ਨੂੰ ਕੰਪਿਊਟਰੀਕ੍ਰਿਤ ਕਰ ਦਿੱਤਾ ਹੈ ਜਿਸ ਨਾਲ ਇਸ ਨੇ ਹਿਸਾਬ ਕਿਤਾਬ ਰੱਖਣ ਅਤੇ ਸ਼ਿਕਾਇਤ ਨਿਵਾਰਣ ਆਦਿ ਸੇਵਾਵਾਂ ਲਈ ਵੀ ਤਰਕੀਬਾਂ ਵਿਕਸਤ ਕਰ ਲਈਆਂ ਹਨ। ਕਲਿਆਣ-ਡੋਂਬੀਵਿਲੀ ਨੇ ਵੀ ਅਪਣੇ ਜ਼ਿਆਦਾਤਰ ਮੋਡਿਊਲਾਂ ਨੂੰ ਏਕੀਕ੍ਰਿਤ ਕਰਕੇ ਅਪਣੀ ਆਮਦਨ ਵਿੱਚ ਵਾਧਾ ਕਰ ਲਿਆ ਹੈ।

ਗੁਜਰਾਤ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਲਾਗੂ ਕਰਨ ਵਾਲੀਆਂ ਪਹਿਲੀਆਂ ਨੌਂ ਨਗਰ ਪਾਲਕਾਵਾਂ ਦੇ ਕਰਾਂ ਦੀ ਵਸੂਲੀ 35% ਤੋਂ ਵੱਧ ਕੇ 65% ਹੋ ਗਈ। ਇਸ ਦੇ ਨਤੀਜੇ ਵਜੋਂ ਦੇਸ਼ ਭਰ ਵਿੱਚ ਇਸ ਪ੍ਰਣਾਲੀ ਨੂੰ ਅਪਣਾਉਣ ਵਾਲੀਆਂ ਨਗਰ ਪਾਲਕਾਵਾਂ ਦੀ ਸੰਖਿਆ ਵਿੱਚ ਵਾਧਾ ਹੋ ਰਿਹਾ ਹੈ। ਭਾਰਤ ਦੀ ਸਹਿਕਾਰੀ ਲਹਿਰ ਦੇ ਮੋਢੀ ਗੁਜਰਾਤ ਦੇ ਦਿਹਾਤੀ ਜ਼ਿਲ੍ਹੇ ਅਨੰਦ ਵਿੱਚ ਨੌਂ ਨਗਰ ਪਾਲਕਾਵਾਂ ਹਨ ਅਤੇ ਹਰੇਕ ਦਾ ਪ੍ਰਸ਼ਾਸਨ ਸੂਚਨਾ ਪ੍ਰਣਾਲੀ ਤੇ ਆਧਾਰਤ ਹੈ। ਪੱਛਮੀ ਗੁਜਰਾਤ ਵਿੱਚ ਸੂਰਤ ਨਗਰ ਨੇ ਜੋ 90 ਵਿਆਂ ਵਿੱਚ ਪਲੇਗ ਫੈਲਣ ਕਰਕੇ ਖਬਰਾਂ ਵਿੱਚ ਰਿਹਾ ਸੀ, ਨਾਗਰਿਕਾਂ ਦੀ ਸ਼ਿਕਾਇਤ ਨਿਵਾਰਣ ਪ੍ਰਣਾਲੀ ਲਈ ਇਨਾਮ ਜਿੱਤਿਆ ਹੈ। ਮੱਧ ਪ੍ਰਦੇਸ਼ ਦੇ ਜਬਲਪੁਰ ਸ਼ਹਿਰ ਵਿੱਚ ਪ੍ਰਬੰਧ ਦੀ ਇੱਕ ਅਜਿਹੀ ਸੂਚਨਾ ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਸਾਧਨਾਂ ਦੇ ਉਪਯੋਗ ਵਿੱਚ ਸਹਾਇਤਾ ਮਿਲੀ ਹੈ। ਇਸ ਪ੍ਰਦੇਸ਼ ਵਿੱਚ ਮੁੱਖ ਮੰਤਰੀ ਦੀ ਸੂਚਨਾ ਪ੍ਰਣਾਲੀ (CMIS) ਵਿਕਾਸ ਦੇ ਕੰਮਾਂ ਤੋਂ ਲੈ ਕੇ ਕਰਾਂ ਦੀ ਅਦਾਇਗੀ, ਪ੍ਰਮਾਣ ਪੱਤਰ ਅਤੇ ਰਾਸ਼ਨ ਕਾਰਡ ਜਾਰੀ ਕਰਨ ਤੋਂ ਇਲਾਵਾ ਸੰਪਤੀਆਂ ਦੇ ਇੰਤਕਾਲ ਆਦਿ ਬਾਰੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਤੱਕ ਦੀ ਨਿਗਰਾਨੀ ਕਰਦੀ ਹੈ। ਇਨ੍ਹਾਂ ਸਾਰੀਆਂ ਸੇਵਾਵਾਂ ਨੂੰ ਕੰਪਿਊਟਰੀਕ੍ਰਿਤ ਕਰ ਦਿੱਤਾ ਗਿਆ ਹੈ। Municipal Corporation towards Digital Revenue Administration-MUDRA , ਜੋ ਕਿ ਨਗਰ ਪਾਲਾਕਾਵਾਂ ਦੇ ਆਮਦਨ ਖਰਚ ਦੇ ਪ੍ਰਬੰਧ ਨੂੰ ਕੰਪਿਊਟਰਾਂ ਦੁਆਰਾ ਕੀਤੇ ਜਾਣ ਦੀ ਪ੍ਰਣਾਲੀ ਹੈ, ਸੰਪਤੀ ਮਾਲਕਾਂ, ਕਰ ਵਸੂਲ ਕਰਨ ਵਾਲਿਆਂ ਅਤੇ ਅਫਸਰਾਂ ਨੂੰ ਹੈਡ ਕੁਆਟਰ ਅਤੇ ਸਰਕਲ ਪੱਧਰਾਂ ਤੇ ਇਕੱਠੇ ਹੋਣ ਵਿੱਚ ਮਦਦ ਦਿੰਦੀ ਹੈ। ਇਸ ਤਰ੍ਹਾ ਕਰਾਂ ਦੀ ਵਸੂਲੀ ਦੀ ਪੂਰੀ ਸੂਚਨਾ ਮਿਲ ਜਾਂਦੀ ਹੈ ਜਿਸ ਨਾਲ ਹੋਰ ਸੁਧਾਰ ਕਰਨ ਲਈ ਢੁਕਵੇਂ ਫੈਸਲੇ ਲੈਣੇ ਅਸਾਨ ਹੋ ਜਾਂਦੇ ਹਨ। ਪਟਨਾ ਨਗਰ ਨਿਗਮ ਦੀ ਕਰ ਵਸੂਲੀ ਪ੍ਰਣਾਲੀ ਦੇ ਸਾਰੇ ਕੰਮਾਂ ਲਈ ਵੀ MUDRA ਦੀ ਵਰਤੋਂ ਕੀਤੀ ਗਈ ਹੈ। ਆਰਥਕ ਸਥਿਰਤਾ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਆਮਦਨ ਖਰਚ ਦਾ ਪ੍ਰਬੰਧ ਅਤਿ ਮਹੱਤਵਪੂਰਣ ਹੈ। ਆਪਣੇ ਕੰਮ ਕਾਜ ਠੀਕ ਠਾਕ ਢੰਗ ਨਾਲ ਕਰਨ ਲਈ ਅਤੇ ਆਰਥਕ ਵਿਕਾਸ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਸਤੇ ਨਗਰ ਪਾਲਕਾਵਾਂ ਨੂੰ ਲੁੜੀਂਦੇ ਸਾਧਨ ਪੈਦਾ ਕਰਨ ਦੀ ਲੋੜ ਹੈ। ਨੇਸ਼ਨਲ ਇਨਫਰਮੇਸ਼ਨ ਸੈਂਟਰ (NIC) ਦੀ ਬਿਹਾਰ ਇਕਾਈ ਦੁਆਰਾ ਵਿਕਸਤ ਅਤੇ ਲਾਗੂ ਕੀਤੇ ਗਏ ਇਸ ਸਾਫਟਵੇਅਰ (MUDRA) ਦੁਆਰਾ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਦੇ ਨਾਲ ਨਾਲ ਪਹਿਲੀ ਵਾਰ ਕਰਾਂ ਦੀ ਅਦਾਇਗੀ ਤੋਂ ਖੁੰਝਣ ਵਾਲਿਆਂ ਦਾ ਪਤਾ ਲਗਾਉਣਾ ਸੰਭਵ ਹੋਵੇਗਾ। ਸਾਰਣੀ-46 ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਇਸ ਉਪਰਾਲੇ ਦੇ ਮੁੱਖ ਲੱਛਣ ਦਰਸਾਏ ਗਏ ਹਨ:

## ਸਾਰਣੀ–46

## ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਪੱਧਰ ਦੇ ਉਪਰਾਲੇ–ਕੁੱਝ ਮੁੱਖ ਲੱਛਣ

| ਕ੍ਰਮ | ਮਾਪ ਦੰਡ | ਹੈਦਰਾਬਾਦ | ਵਿਸ਼ਾਖਾਪਟਨਮ | ਬੰਗਲੌਰ | ਕੋਇੰਬਟੂਰ | ਤਰਿਚੀ | ਕਲਿਆਣ |
|---|---|---|---|---|---|---|---|
| 1. | ਅਪਣੇ ਉਪਰਾਲੇ | ਸਥਾਨਕ ਸ਼ਹਿਰੀ ਸੰਸਥਾ ਪੱਧਰ ਦੇ ਉਪਰਾਲੇ ਰਾਜ ਭਰ ਵਿੱਚ ਅਪਣਾਏ ਗਏ | ਸ਼ਹਿਰੀ ਸੇਵਾਵਾਂ ਨੂੰ ਆਨਲਾਈਨ ਉਪਲਬਧ ਕਰਾਉਣ ਲਈ ਸ਼ਹਿਰੀ ਸਥਾਨਕ ਸੰਸਥਾ ਦੁਆਰਾ "SOUKARYAM" ਨਾਂ ਦਾ ਦਾ ਉਪਰਾਲਾ ਕੀਤਾ ਗਿਆ। | ਰਾਜ ਭਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਇਹ ਸ਼ਹਿਰ ਮੋਹਰੀ ਹੈ। | ਸਲਾਹਕਾਰਾਂ ਦੀ ਸਹਾਇਤਾ ਨਾਲ ਕਈ ਉਪਰਾਲੇ ਕੀਤੇ ਗਏ। | ਰਾਜ ਸਰਕਾਰ ਦੀ ਅਗਵਾਈ ਵਿੱਚ ਉਪਰਾਲਾ ਕੀਤਾ ਗਿਆ। | ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦਾ ਉਪਰਾਲਾ ਸਾਲ 2000 ਵਿੱਚ ਸ਼ੁਰੂ ਕੀਤਾ ਗਿਆ। |
| 2. | ਅਗਵਾਈ | ਨਿਰਮਾਣ ਦੇ ਪੜਾਅ ਤੇ ਦ੍ਰਿੜ ਅਗਵਾਈ ਅਤੇ ਪ੍ਰਤੀਬੱਧਤਾ; ਅਗਵਾਈ ਜਾਰੀ ਹੈ। | ਨਿਰਮਾਣ ਦੇ ਪੜਾਅ ਤੇ ਦ੍ਰਿੜ ਅਗਵਾਈ ਅਤੇ ਪ੍ਰਤੀਬੱਧਤਾ; ਅਗਵਾਈ ਜਾਰੀ ਹੈ। | ਅਗਵਾਈ ਦੀ ਭਾਗੀਦਾਰੀ ਆਧਾਰਤ ਸ਼ੈਲੀ ਜਿਸ ਨੂੰ ਕਰਮਚਾਰੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਹੁਣ ਵੀ ਮਿਲ ਰਿਹਾ ਹੈ। | ਨਿਰਮਾਣ ਦੇ ਪੜਾਅ ਤੇ ਦ੍ਰਿੜ ਅਗਵਾਈ ਅਤੇ ਪ੍ਰਤੀਬੱਧਤਾ; ਅਗਵਾਈ ਜਾਰੀ ਹੈ। | ਨਿਰਮਾਣ ਦੇ ਪੜਾਅ ਤੇ ਦ੍ਰਿੜ ਅਗਵਾਈ ਅਤੇ ਪ੍ਰਤੀਬੱਧਤਾ; ਅਗਵਾਈ ਜਾਰੀ ਹੈ। | ਅਗਵਾਈ ਦੀ ਭਾਗੀਦਾਰੀ ਆਧਾਰਤ ਸ਼ੈਲੀ ਜਿਸ ਨੂੰ ਕਰਮਚਾਰੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। |
| | | ਲਾਗੂ ਕੀਤੇ ਜਾਣ ਦੌਰਾਨ ਕਮਿਸ਼ਨਰ ਪੱਧਰ ਤੇ ਨਿਰੰਤਰ ਅਗਵਾਈ। | ਲਾਗੂ ਕੀਤੇ ਜਾਣ ਦੌਰਾਨ ਕਮਿਸ਼ਨਰ ਪੱਧਰ ਤੇ ਨਿਰੰਤਰ ਅਗਵਾਈ। | ਲਾਗੂ ਕੀਤੇ ਜਾਣ ਦੌਰਾਨ ਕਮਿਸ਼ਨਰ ਪੱਧਰ ਤੇ ਨਿਰੰਤਰ ਅਗਵਾਈ। | ਲਾਗੂ ਕੀਤੇ ਜਾਣ ਦੌਰਾਨ ਕਮਿਸ਼ਨਰ ਪੱਧਰ ਤੇ ਨਿਰੰਤਰ ਅਗਵਾਈ। | ਲਾਗੂ ਕੀਤੇ ਜਾਣ ਦੌਰਾਨ ਕਮਿਸ਼ਨਰ ਪੱਧਰ ਤੇ ਨਿਰੰਤਰ ਅਗਵਾਈ। | ਲਾਗੂ ਕੀਤੇ ਜਾਣ ਦੌਰਾਨ ਕਮਿਸ਼ਨਰ ਪੱਧਰ ਤੇ ਨਿਰੰਤਰ ਅਗਵਾਈ। |
| 3. | ਧਨ ਨਿਵੇਸ਼ | ਸ਼ਹਿਰੀ ਸਥਾਨਕ ਸੰਸਥਾ ਦੁਆਰਾ ਅਪਣੇ ਪੱਧਰ ਤੇ ਹੀ ਧਨ ਨਿਵੇਸ਼ ਕੀਤਾ ਗਿਆ– ਬਾਹਰੋਂ ਕੋਈ ਵਿਸ਼ੇਸ਼ ਸਹਾਇਤਾ ਪ੍ਰਾਪਤ ਨਹੀਂ ਹੋਈ। | ਵਿਉਪਾਰਕ ਅਦਾਰਿਆਂ ਨਾਲ ਮਿਲ ਕੇ ਧਨ ਨਿਵੇਸ਼ ਕੀਤਾ ਗਿਆ। | ਸ਼ੁਰੂ ਵਿੱਚ ਧਨ ਨਿਵੇਸ਼ ਬਾਹਰੋਂ, ਭਾਵ BATF ਦੁਆਰਾ ਕੀਤਾ ਗਿਆ, ਬਾਦ ਵਿੱਚ ਆਪ ਕੀਤਾ ਗਿਆ। | ਆਪ ਅਤੇ ਰਾਜ ਸਰਕਾਰ ਦੀ ਮਦਦ ਨਾਲ ਮਿਲਿਆ ਜੁਲਿਆ ਧਨ ਨਿਵੇਸ਼। | ਰਾਜ ਸਰਕਾਰ ਦੁਆਰਾ ਕੀਤੇ ਗਏ ਉਪਰਾਲੇ ਤਹਿਤ। | ਧਨ ਨਿਵੇਸ਼ ਆਪ ਕੀਤਾ ਗਿਆ। |
| 4. | ਪ੍ਰਕਿਰਿਆ ਦੇ ਵਿਸ਼ੇਸ਼ ਲੱਛਣ | ਮੋਡਿਊਲ ਲਾਗੂ ਕਰ ਦਿੱਤੇ ਗਏ; ਬਾਕੀ ਕੀਤੇ ਜਾ ਰਹੇ ਹਨ। | ਪ੍ਰਕਿਰਿਆ ਦਾ ਪੁਨਰ ਨਿਰਮਾਣ ਕੀਤੇ ਬਗੈਰ ਮੌਜੂਦਾ ਕਾਰਵਾਈਆਂ ਦਾ ਕੰਪਿਊਟਰੀਕਰਣ। | ਕਈ ਖੇਤਰਾਂ ਵਿੱਚ ਪ੍ਰਕਿਰਿਆ ਦਾ ਪੁਨਰ ਨਿਰਮਾਣ। | ਆਨ ਲਾਈਨ ਵਸੂਲੀ ਲਈ ਬੈਂਕਾਂ ਨਾਲ ਗੱਠ ਜੋੜ। | ਆਨ ਲਾਈਨ ਵਸੂਲੀ ਲਈ ਬੈਂਕਾਂ ਨਾਲ ਗਠ ਜੋੜ; ਕਈ ਪ੍ਰਣਾਲੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਦੀ ਲੋੜ ਹੈ। | ਪ੍ਰਣਾਲੀ ਦੀ ਸਾਭ ਸੰਭਾਲ ਅਤੇ ਸਥਿਰਤਾ ਲਈ ਸੇਵਾ ਮੁਹੱਈਆ ਕਰਵਾਉਣ ਵਾਲਿਆਂ ਨਾਲ ਉਚਿਤ ਸਮਝੌਤੇ। |

| ਕ੍ਰਮ | ਮਾਪ ਦੰਡ | ਹੈਦਰਾਬਾਦ | ਵਿਸ਼ਾਖਾਪਟਨਮ | ਬੰਗਲੌਰ | ਕੋਇੰਬਟੂਰ | ਤਰਿਚੀ | ਕਲਿਆਣ |
|---|---|---|---|---|---|---|---|
| | | ਪ੍ਰਕਿਰਿਆਂ ਦੇ ਪੁਨਰ ਨਿਰਮਾਣ ਤੇ ਘੱਟ ਅਤੇ ਇਸ ਦੇ ਕੰਪਿਊਟਰੀਕਰਣ ਤੇ ਜ਼ਿਆਦਾ ਜ਼ੋਰ।<br>ਹਿਸਾਬ ਕਿਤਾਬ ਦੀ ਪ੍ਰਣਾਲੀ ਹਾਲੇ ਵੀ ਪੂਰੀ ਤਰ੍ਹਾਂ ਅਪਣਾਈ ਜਾਣੀ ਬਾਕੀ ਹੈ। | ਆਨ ਲਾਈਨ ਵਸੂਲੀ ਲਈ ਬੈਂਕਾਂ ਨਾਲ ਗੱਠ ਜੋੜ। | ਢੁਕਵੇਂ ਕਾਨੂੰਨਾਂ ਅਤੇ ਨਿਯਮਾਂ ਦੁਆਰਾ ਕਈ ਕਾਨੂੰਨੀ ਅਤੇ ਨੀਤੀ ਸੰਬੰਧੀ ਮੁੱਦੇ ਨਿਪਟਾਏ ਗਏ। | ਸੰਪਤੀ ਅਤੇ ਜਲ ਤੇ ਲਗਾਏ ਜਾਣ ਵਾਲੇ ਕਰਾਂ ਦੇ ਸਾਂਝੇ ਤੱਥ ਸੰਗ੍ਰਹਿ ਦੀ ਸਥਾਪਤੀ।<br>ਲੁੜੀਂਦੇ ਪਰੀਵਰਤਨਾਂ ਲਈ ਸਮਰਥਕ ਪ੍ਰਣਾਲੀਆਂ ਦੀ ਪੂਰੀ ਵਰਤੋਂ; ਪੂਰੀ ਤਰ੍ਹਾਂ ਅਪਣਾਇਆ ਜਾ ਹਾਲੇ ਬਾਕੀ ਹੈ। | ਧਨ ਰਾਸ਼ੀਆਂ ਦੀ ਤਰੁੰਤ ਅਦਲਾ ਬਲਦੀ ਲਈ ਬੈਂਕਾਂ ਨਾਲ ਸੁਖਾਵੀਂ ਵਿਵਸਥਾ। | ਪ੍ਰਕਿਰਿਆ ਦਾ ਪੁਨਰ ਨਿਰਮਾਣ-ਨਾਗਰਿਕਾਂ ਦੇ ਦ੍ਰਿਸ਼ਟੀਕੋਣ ਨੂੰ ਮਹੱਤਵ। |
| 5. | ਨਾਗਰਿਕਾਂ ਦੇ ਹਿੱਤ | ਸਿਟੀਜ਼ਨ ਸਰਵਿਸ ਕਾਊਂਟਰ ਸਥਾਪਤ ਕੀਤੇ ਗਏ ਜੋ ਬਹੁਤ ਹੀ ਲੋਕਪ੍ਰਿਯ ਸਾਬਤ ਹੋਏ।<br>ਈ-ਸੇਵਾ ਰਾਹੀਂ ਨਾਗਰਕਿਾਂ ਲਈ ਰਾਜ ਪੱਧਰ ਦੀਆਂ ਅਤੇ ਸ਼ਹਿਰ ਪੱਧਰ ਦੀਆਂ ਸੇਵਾਵਾਂ ਦਾ ਏਕੀਕਰਣ। | ਸਿਟੀਜ਼ਨ ਸਰਵਿਸ ਕਾਊਂਟਰ ਸਥਾਪਤ ਕੀਤੇ ਗਏ ਜੋ ਬਹੁਤ ਹੀ ਲੋਕਪ੍ਰਿਯ ਸਾਬਤ ਹੋਏ।<br>ਈ-ਸੇਵਾ ਰਾਹੀਂ ਨਾਗਰਿਕਾਂ ਲਈ ਰਾਜ ਪੱਧਰ ਦੀਆਂ ਅਤੇ ਸ਼ਹਿਰ ਪੱਧਰ ਦੀਆਂ ਸੇਵਾਵਾਂ ਦਾ ਏਕੀਕਰਣ। | ਸਿਟੀਜ਼ਨ ਕਾਊਂਟਰ ਅਤੇ ਕਿਓਸਕ ਸਥਾਪਤ ਕੀਤੇ ਗਏ ਜਿਹਨਾਂ ਨੂੰ ਚੰਗਾ ਹੁੰਗਾਰਾ ਮਿਲਿਆ।<br>PROOF ਪ੍ਰਣਾਲੀ ਰਾਹੀਂ ਜਨਤਾ ਦੁਆਰਾ ਪਾਰਦਰਸ਼ੀ ਸਮੀਖਿਆ। | ਨਾਗਰਿਕਾਂ ਦੀ ਸਹੂਲਤ ਲਈ ਸਥਾਪਤ ਕੀਤੇ Facilitation Centres ਚੰਗੀ ਤਰ੍ਹਾਂ ਚੱਲ ਰਹੇ ਹਨ। | ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਉਪਰਾਲੇ ਨੂੰ ਨਾਗਰਿਕਾਂ ਵੱਲੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ।<br>ਬੈਂਕਾਂ ਅਤੇ ਫੈਸਿਲੀਟੇਸ਼ਨ ਕੇਂਦਰਾਂ ਦੀ ਸ਼ਹਿਰ ਵਿੱਚ ਵਿਸਤ੍ਰਿਤ ਪਹੁੰਚ। | ਨਾਗਰਿਕਾਂ ਦੀ ਸਹੂਲਤ ਲਈ Facilitation centres ਖੋਲ੍ਹੇ ਗਏ। |
| 6. | ਏਕੀਕਰਣ | ਏਕੀਕਰਣ ਦੀ ਯੋਜਨਾ ਬਣਾਈ ਗਈ। | ਸੰਪਤੀ ਕਰ ਅਤੇ ਜਲ ਤੇ ਲੱਗਣ ਵਾਲੇ ਕਰ ਦੇ ਮੋਡਿਊਲਾਂ ਦਾ ਏਕੀਕਰਣ। | ਮੋਡਿਊਲਾਂ ਨੂੰ ਹਿਸਾਬ ਕਿਤਾਬ ਦੀ ਪ੍ਰਣਾਲੀ ਨਾਲ ਜੋੜਿਆ ਗਿਆ। | ਸੰਪਤੀ ਕਰ ਅਤੇ ਜਲ ਤੇ ਲੱਗਣ ਵਾਲੇ ਕਰ ਦੇ ਮੋਡਿਊਲਾਂ ਦਾ ਏਕੀਕਰਣ। | ਏਕੀਕਰਣ ਦੀ ਯੋਜਨਾ ਬਣਾਈ ਗਈ। | ਮੋਡਿਊਲਾਂ ਨੂੰ ਹਿਸਾਬ ਕਿਤਾਬ ਨਾਲ ਜੋੜਿਆ ਗਿਆ। |
| 7. | ਤਕਨਾਲੋਜੀ | ਤਕਨਾਲੋਜੀ ਦੀ ਯੋਜਨਾ ਵਿਕਸਤ ਕੀਤੀ ਜਾ ਰਹੀ ਹੈ। | ਪਾਰਦਰਸ਼ਤਾ ਅਤੇ ਦੋਸਤਾਨਾ ਸੰਬੰਧਾਂ ਨੂੰ ਉਤਸ਼ਾਹ ਦੇਣ ਲਈ ਵੈੱਬ ਤੇ ਵਿਸਤ੍ਰਿਤ ਜਾਣਕਾਰੀ। | ਲਾਗੂ ਕਰਨ ਪਿੱਛੋਂ ਤਕਨਾਲੋਜੀ ਦੀ ਯੋਜਨਾ ਵਿਕਸਤ ਕੀਤੀ ਜਾ ਰਹੀ ਹੈ। | ਲੁੜੀਂਦਾ ਹਾਰਡਵੇਅਰ ਮੁਹੱਈਆ ਕਰਵਾਇਆ ਜਾ ਰਿਹਾ ਹੈ। | | ਲੁੜੀਂਦਾ ਹਾਰਡਵੇਅਰ ਮੁਹੱਈਆ ਕਰਵਾਇਆ ਜਾ ਰਿਹਾ ਹੈ। |
| 8. | ਸੰਗਠਨ | ਸੂਚਨਾ ਪ੍ਰਣਾਲੀ ਲਈ ਵੱਖਰਾ ਵਿਭਾਗ ਬਣਾਇਆ ਗਿਆ। | ਕਰਮਚਾਰੀਆਂ ਦੁਆਰਾ ਅੰਦਰੂਨੀ ਸਹਿਯੋਗ। | ਸੂਚਨਾ ਪ੍ਰਣਾਲੀ ਲਈ ਵੱਖਰਾ ਵਿਭਾਗ ਬਣਾਇਆ ਗਿਆ; ਹਿਸਾਬ ਕਿਤਾਬ ਅਤੇ ਵਿੱਤ ਵਿਭਾਗ ਵਿੱਚ ਨਵੀਂ ਅਸਾਮੀ ਦਾ ਨਿਰਮਾਣ ਕੀਤਾ ਗਿਆ। | ਸੂਚਨਾ ਪ੍ਰਣਾਲੀ ਲਈ ਕੋਈ ਵੱਖਰਾ ਵਿਭਾਗ ਨਹੀਂ। | ਸੂਚਨਾ ਪ੍ਰਣਾਲੀ ਲਈ ਕੋਈ ਵੱਖਰਾ ਵਿਭਾਗ ਨਹੀਂ। | ਸੂਚਨਾ ਪ੍ਰਣਾਲੀ ਲਈ ਵੱਖਰਾ ਵਿਭਾਗ ਹੈ ਜਿਸ ਵਿੱਚ ਬਾਹਰੋਂ ਯੋਗਤਾ ਪ੍ਰਾਪਤ ਵਿਅਕਤੀ ਨਿਯੁਕਤ ਕੀਤੇ ਗਏ; ਹੋਰ ਵਿਭਾਗਾਂ ਦੇ ਕਰਮਚਾਰੀ ਵੀ ਨਿਯੁਕਤ ਕੀਤੇ ਗਏ। |

| ਕ੍ਰਮ | ਮਾਪ ਦੰਡ | ਹੈਦਰਾਬਾਦ | ਵਿਸ਼ਾਖਾਪਟਨਮ | ਬੰਗਲੌਰ | ਕੋਇੰਬਟੂਰ | ਤਰਿਚੀ | ਕਲਿਆਣ |
|---|---|---|---|---|---|---|---|
| 9. | ਸੰਕਟ ਤੋਂ ਰਾਹਤ ਅਤੇ ਕੰਮ ਕਾਜ ਜਾਰੀ ਰੱਖਣ ਦੀ ਯੋਜਨਾ(BCP) ਦੇ ਮੁੱਦੇ। | ਸੰਕਟ ਤੋਂ ਰਾਹਤ ਅਤੇ ਕੰਮ ਕਾਜ ਜਾਰੀ ਰੱਖਣ ਦੀ ਯੋਜਨਾ ਦੇ ਮੁੱਦਿਆਂ ਨਾਲ ਨਿਪਟਣਾ ਬਾਕੀ ਹੈ। | ਸੰਕਟ ਤੋਂ ਰਾਹਤ ਅਤੇ ਕੰਮ ਕਾਜ ਜਾਰੀ ਰੱਖਣ ਦੀ ਯੋਜਨਾ ਦੇ ਮੁੱਦਿਆਂ ਨਾਲ ਨਿਪਟਣਾ ਹਾਲੇ ਬਾਕੀ ਹੈ। | ਸੰਕਟ ਤੋਂ ਰਾਹਤ ਅਤੇ ਕੰਮ ਕਾਜ ਜਾਰੀ ਰੱਖਣ ਦੀ ਯੋਜਨਾ ਦੇ ਮੁੱਦਿਆ ਨਾਲ ਨਿਪਟਣਾ ਹਾਲੇ ਬਾਕੀ ਹੈ। | ਸੰਕਟ ਤੋਂ ਰਾਹਤ ਅਤੇ ਕੰਮ ਕਾਜ ਜਾਰੀ ਰੱਖਣ ਦੀ ਯੋਜਨਾ ਦੇ ਮੁੱਦਿਆ ਨਾਲ ਨਿਪਟਣਾ ਹਾਲੇ ਬਾਕੀ ਹੈ। | ਸੰਕਟ ਤੋਂ ਰਾਹਤ ਅਤੇ ਕੰਮ ਕਾਜ ਜਾਰੀ ਰੱਖਣ ਦੀ ਯੋਜਨਾ ਦੇ ਮੁੱਦਿਆ ਨਾਲ ਨਿਪਟਣਾ ਹਾਲੇ ਬਾਕੀ ਹੈ। | ਸੰਕਟ ਤੋਂ ਰਾਹਤ ਅਤੇ ਕੰਮ ਕਾਜ ਜਾਰੀ ਰੱਖਣ ਦੀ ਯੋਜਨਾ ਵਾਸਤਵ ਵਿੱਚ ਲਾਗੂ ਨਹੀਂ ਕੀਤੀ ਗਈ। |
| 10. | ਨਿਰਾਲਾ ਲੱਛਣ | ਸ਼ਿਕਾਇਤ ਨਿਵਾਰਣ ਲਈ ਕਾਲ ਸੈਂਟਰ ਸਥਾਪਤ ਕੀਤੇ ਗਏ। | ਈ-ਸੇਵਾ ਅਤੇ SOUKARYAM ਉਪਰਾਲਿਆਂ ਦਾ ਮੇਲ। | ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦੀਆਂ ਰਿਪੋਰਟਾਂ ਚੁਣੇ ਹੋਏ ਪ੍ਰਤੀਨਿਧਾਂ ਨੂੰ ਦਿੱਤੀਆਂ ਜਾਂਦੀਆਂ ਹਨ, ਵਾਰਡਾਂ ਦੇ ਕੰਮ ਦੀ ਯੋਜਨਾ ਵਿੱਚ ਨਾਗਰਿਕਾਂ ਦਾ ਸਹਿਯੋਗ, ਨਗਰ ਨਿਗਮ ਦੀ ਵਿੱਤੀ ਕਾਰਜ ਪੂਰਤੀ ਤੇ ਖੁੱਲ੍ਹੀ ਚਰਚਾ, ਵਿੱਤੀ ਚਿੱਠਿਆਂ ਦਾ ਕੌਮੀ ਅਖ਼ਬਾਰਾਂ ਵਿੱਚ ਪ੍ਰਕਾਸ਼ਨ। | ਸੰਪਤੀ ਕਰ ਅਤੇ ਜਲ ਤੇ ਲੱਗਣ ਵਾਲੇ ਕਰ ਦੇ ਮੋਡਿਊਲਾਂ ਦਾ ਏਕੀਕਰਣ। | | ਨਾਗਰਿਕਾਂ ਦੀ ਸਹੂਲਤ ਲਈ ਖੋਲ੍ਹੇ ਗਏ Citizens Facilitation Centres ਦੀ ਸ਼ੈਲੀ ਦੇ ਕੇਂਦਰਾਂ ਦੀ ਮਹਾਰਾਸ਼ਟਰ ਅਤੇ ਗੋਆ ਦੀਆਂ ਹੋਰ ਸਥਾਨਕ ਸ਼ਹਿਰੀ ਸੰਸਥਾਵਾਂ ਵਿੱਚ ਸਥਾਪਤੀ। |

**ਕਰਨਾਟਕ**

ਕਰਨਾਟਕ ਸਰਕਾਰ ਨੇ ਸ਼ਹਿਰੀ ਪ੍ਰਸ਼ਾਸਨ ਨੂੰ ਸੂਚਨਾ ਪ੍ਰਣਾਲੀ ਆਧਾਰਤ ਬਣਾਉਣ ਲਈ ਇੱਕ ਜੋਸ਼ ਭਰੀ ਯੋਜਨਾ ਸ਼ੁਰੂ ਕੀਤੀ ਹੈ। ਇਸ ਯੋਜਨਾ ਤਹਿਤ ਸਰਕਾਰ ਨੇ 57 ਚੋਣਵੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ 30 ਲੱਖ ਸੰਪਤੀਆਂ ਦੇ ਵੇਰਵਿਆਂ ਨੂੰ ਕੰਪਿਊਟਰੀਕ੍ਰਿਤ ਕਰਨ ਲਈ ਕਦਮ ਚੁੱਕੇ ਹਨ। ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਲਾਗੂ ਕਰਨ ਲਈ ਨਿੱਜੀ ਅਤੇ ਸਰਕਾਰੀ ਖੇਤਰ ਦੇ ਸਹਿਯੋਗ ਵਾਲੀ ਇਹ ਸਭ ਤੋਂ ਵੱਧ ਸਫਲ ਯੋਜਨਾ ਹੈ। ਸ਼ਹਿਰੀ ਪ੍ਰਸ਼ਾਸਨ ਨੂੰ ਸੂਚਨਾ ਪ੍ਰਣਾਲੀ ਆਧਾਰਤ ਬਣਾਉਣ ਦੇ ਮੰਤਵ ਨਾਲ ਬਣਾਇਆ ਗਿਆ ਇੱਕ ਗੈਰ ਸਰਕਾਰੀ ਸੰਗਠਨ e-Governance Foundation ਕਰਨਾਟਕ ਸਰਕਾਰ ਦੀ ਮਦਦ ਲਈ ਅੱਗੇ ਆਇਆ ਹੈ। ਇਸ ਨੇ ਸੰਪਤੀਆਂ ਦੇ ਵੇਰਵਿਆਂ, ਲੋਕਾਂ ਦੀਆਂ ਸ਼ਿਕਾਇਤਾਂ, ਜਨਮ ਅਤੇ ਮੌਤ ਦੇ ਰਿਕਾਰਡਾਂ, ਕਿੱਤਿਆਂ ਲਈ ਲਾਇਸੰਸਾਂ, ਜਲ ਪੂਰਤੀ, ਬਿਲਾਂ ਦੇ ਭੁਗਤਾਨ ਅਤੇ ਹੋਰ ਕੰਮ ਲਈ ਸਾਫਟਵੇਅਰ ਵਿਕਸਤ ਕੀਤੇ ਹਨ। ਸੰਪਤੀ ਕਰ ਨਾਲ ਸੰਬੰਧਤ ਸਾਫਟਵੇਅਰ ਵਿਸਕਤ ਕਰਨਾ ਇੱਕ ਵਿਸ਼ਾਲ ਕਾਰਜ ਹੈ ਜਿਸ ਵਿੱਚ ਉਪਰੋਕਤ ਸੰਗਠਨ ਨੇ ਬਿਆਤਾਰਾਇਣਪੁਰਾ ਨਾਮ ਦੀ ਨੇੜੇ ਦੀ ਇੱਕ ਸ਼ਹਿਰੀ ਸਥਾਨਕ ਸੰਸਥਾ ਵਿੱਚ ਇੱਕ ਪਾਇਲਟ ਪ੍ਰਾਜੈਕਟ ਲਾਗੂ ਕਰਨ ਲਈ ਨਿੱਜੀ ਖੇਤਰ ਦੇ ਅਦਾਰਿਆਂ ਦੇ ਮਾਹਿਰਾਂ ਦੀਆਂ ਸੇਵਾਵਾਂ ਲਈਆਂ ਹਨ। ਛੇ ਮਹੀਨਿਆਂ ਦੀ ਮਿਹਨਤ ਬਾਦ ਬਿਆਤਾਰਾਇਣਪੁਰਾ ਲਈ ਪ੍ਰਬੰਧ ਦੀ ਸੂਚਨਾ ਪ੍ਰਣਾਲੀ (MIS) ਅਤੇ ਭੂਗੋਲਕ ਸੂਚਨਾ ਪ੍ਰਣਾਲੀ (GIS) ਵਿਕਸਤ ਕਰ ਲਈ ਗਈ। ਸੰਪਤੀਆਂ ਦੇ ਸਾਰੇ ਵੇਰਵੇ, ਜਿਨ੍ਹਾਂ ਵਿੱਚ ਇਨ੍ਹਾਂ ਦੀ ਮਲਕੀਅਤ, ਸਥਿਤੀ, ਲੰਬਾਈ-ਚੌੜਾਈ ਅਤੇ ਉਸਾਰੀ ਬਾਰੇ ਸੂਚਨਾ ਸ਼ਾਮਿਲ ਸੀ, ਕੰਪਿਊਟਰੀਕ੍ਰਿਤ ਕਰ ਦਿੱਤੇ ਗਏ ਅਤੇ ਡਿਜੀਟਲ ਨਕਸ਼ੇ ਵੀ ਬਣਾਏ ਗਏ। ਇਸ ਪਾਇਲਟ ਪ੍ਰਾਜੈਕਟ ਤੋਂ ਹਾਸਲ ਹੋਏ ਤਜਰਬੇ ਦੇ ਅਧਾਰ ਤੇ ਕਰਨਾਟਕ ਸਰਕਾਰ ਨੇ 57 ਸ਼ਹਿਰੀ ਸਥਾਨਕ ਸੰਸਥਾਵਾਂ ਅਧੀਨ 30 ਲੱਖ ਸੰਪਤੀਆਂ ਦੇ ਡਿਜੀਟਲ ਨਕਸ਼ੇ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਕਾਰਜ ਲਈ ਇਸਨੇ ਸਰਵੇ ਆਫ ਇੰਡੀਆ ਦੀ ਸਹਾਇਤਾ ਲੈਣ ਤੋਂ ਇਲਾਵਾ ਕੰਟਰੈਕਟ ਅਧਾਰ ਤੇ 550 ਇੰਜੀਨੀਅਰ ਅਤੇ 79 ਸੂਚਨਾ ਪ੍ਰਣਾਲੀ ਦੇ ਮਾਹਿਰ ਨਿਯੁਕਤ ਕੀਤੇ ਹਨ। ਕੰਮ ਦੇ ਵਿਸਥਾਰ ਨੂੰ ਦੇਖਦੇ ਹੋਏ ਨਿਗਰਾਨੀ ਅਤੇ ਤਾਲਮੇਲ ਲਈ 43 ਸੇਵਾ ਨਿਵਿਰਤ ਸਿਵਲ ਸਰਵਿਸਜ਼ ਦੇ ਅਫਸਰ ਵੀ ਭਰਤੀ ਕੀਤੇ ਗਏ। ਕੁੱਲ ਮਿਲਾ ਕੇ ਕਮਿਸ਼ਨਰ ਅਤੇ ਮੁੱਖ ਅਫਸਰਾਂ ਸਮੇਤ ਨਗਰ ਪ੍ਰਬੰਧ ਨਿਰਦੇਸ਼ਾਲੇ ਦੇ 1200 ਕਰਮਚਾਰੀਆਂ ਨੂੰ ਕਈ ਵਾਰ ਸਿਖਲਾਈ ਦਿੱਤੀ ਗਈ (Raikar, 2005)।

ਨਗਰ ਪਾਲਕਾ ਦੇ ਵੱਖ ਵੱਖ ਕਾਰਜਾਂ ਨੂੰ ਕੰਪਿਊਟਰੀਕ੍ਰਿਤ ਕਰਨ ਲਈ ਅਤੇ ਨਗਰ ਪਾਲਕਾ ਦੇ ਕਰਮਚਾਰੀਆਂ ਨੂੰ ਸਿਖਲਾਈ ਦੇਣ ਲਈ ਮਾਹਿਰਾਂ ਦੀ ਭਰਤੀ ਕੀਤੀ ਗਈ। ਸੁਧਾਰ ਦੇ ਕੰਮ ਨੂੰ ਲਾਗੂ ਕਰਨ ਲਈ ਵਧੀਕ ਸਕੱਤਰ (ਸੁਧਾਰ) ਦੀ ਵਿਸ਼ੇਸ਼ ਅਸਾਮੀ ਪੈਦਾ ਕੀਤੀ ਗਈ। ਸਾਰੀਆਂ ਸਥਾਨਕ ਸੰਸਥਾਵਾਂ ਦਾ ਕੰਪਿਊਟਰੀਕਰਣ ਕਰ ਦਿੱਤਾ ਗਿਆ ਹੈ ਅਤੇ ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ ਦੇ ਅਮਲ ਵਿੱਚ ਸੁਧਾਰ ਕਰਨ ਲਈ ਸਿੰਗਲ ਵਿੰਡੋ ਪ੍ਰਣਾਲੀ ਸ਼ੁਰੂ ਕਰ ਦਿੱਤੀ ਗਈ ਹੈ। ਬੰਗਲੌਰ ਡਿਵੈਲਪਮੈਂਟ ਅਥਾਰਟੀ ਨੇ ਸ਼ਹਿਰ ਵਿੱਚ ਵੱਖ-ਵੱਖ ਸਥਾਨਾਂ ਤੇ ਸਵੈਚਲਤ ਮਸ਼ੀਨਾਂ ਲਗਾ ਕੇ ਬਿਲਾਂ ਦੇ ਭੁਗਤਾਨ ਦੀ ਸਵੈਚਲਤ ਪ੍ਰਣਾਲੀ ਅਰੰਭ ਕਰ ਦਿੱਤੀ ਹੈ। ਬਿਲ ਕਿਸੇ ਵੀ ਵੇਲੇ ਪ੍ਰਾਪਤ ਕਰਕੇ ਇਨ੍ਹਾਂ ਦਾ ਭੁਗਤਾਨ ਕੀਤਾ ਜਾ ਸਕਦਾ ਹੈ। ਰਸੀਦ ਵੀ ਅਪਣੇ ਆਪ ਜਾਰੀ ਹੁੰਦੀ ਹੈ। ਟਾਟਾ ਕਨਸਲਟੈਂਸੀ ਸਰਵਿਸਜ਼ ਨੇ ਮਸ਼ੀਨਾਂ ਰਾਹੀਂ ਬਿਲ ਪ੍ਰਾਪਤ ਕਰਨ ਅਤੇ ਇਨ੍ਹਾਂ ਦੇ ਭੁਗਤਾਨ ਕਰਨ ਦੀ ਸਵੈਚਲਤ ਪ੍ਰਣਾਲੀ ਨੂੰ ਉਤਸ਼ਾਹਤ ਕਰਨ ਲਈ ਇੱਕ ਸਾਫਟਵੇਅਰ ਦਾ ਵਿਕਾਸ ਕੀਤਾ ਹੈ। ਇਸ ਤੋਂ ਇਲਾਵਾ ਬੰਗਲੌਰ ਨਗਰ ਨਿਗਮ ਨੇ ਸੰਪਤੀਆਂ ਦੀ ਸਥਿਤੀ ਦਾ ਪਤਾ ਲਗਾਉਣ ਲਈ ਭੂਗੋਲਕ ਸੂਚਨਾ ਪ੍ਰਣਾਲੀ (GIS) ਅਪਣਾਈ ਹੈ। ਇਸ ਪ੍ਰਣਾਲੀ ਰਾਹੀਂ ਨਿਗਮ ਨੂੰ ਸੰਪਤੀਆਂ ਦਾ ਮੁਲਾਂਕਣ ਕਰਨ, ਸੰਪਤੀ ਕਰ ਦੀ ਵਸੂਲੀ ਵਿੱਚ ਸੁਧਾਰ ਕਰਨ ਅਤੇ ਯੋਜਨਾਬੱਧ ਵਿਕਾਸ ਨੂੰ ਉਤਸ਼ਾਹਤ ਕਰਨ ਵਿੱਚ ਸਹਾਇਤਾ ਮਿਲੀ ਹੈ। GIS ਦੀ ਸਹਾਇਤਾ ਨਾਲ ਨਿਗਮ ਨਜਾਇਜ਼ ਉਸਾਰੀ, ਨਜਾਇਜ ਕਬਜ਼ੇ ਜਾਂ ਯੋਜਨਾ ਬਗੈਰ ਹੋ ਰਹੇ ਫੈਲਾਅ ਨੂੰ ਰੋਕ ਸਕਦਾ ਹੈ। ਬੰਗਲੌਰ ਨਗਰ ਨਿਗਮ ਦੁਆਰਾ ਲਾਗੂ ਕੀਤੇ ਗਏ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਉਪਰਾਲੇ ਦੁਆਰਾ ਜਿਸਨੂੰ 'ਬੰਗਲੌਰ ਵਨ' ਦਾ ਨਾਂ ਦਿੱਤਾ ਗਿਆ ਹੈ, ਸ਼ਹਿਰੀ ਸੇਵਾਵਾਂ ਉਪਲਬਧ ਕਰਵਾਉਣ ਦੀ ਵਿਧੀ ਵਿੱਚ ਪਰੀਵਰਤਨ ਆ ਗਿਆ ਹੈ। ਨਾਗਰਿਕਾਂ ਨੂੰ ਮੁੱਖ ਰੱਖ ਕੇ ਸਫਲਤਾਪੂਰਵਕ ਸ਼ੁਰੂ ਕੀਤੇ ਗਏ ਉਪਰਾਲਿਆਂ ਵਿੱਚ ਜਨਮ ਅਤੇ ਮੌਤ ਦੀ

ਰਜਿਸਟ੍ਰੇਸ਼ਨ ਦੇ ਕੰਪਿਊਟਰੀਕਰਣ ਤੋਂ ਇਲਾਵਾ ਸ਼ਿਕਾਇਤ ਨਿਵਾਰਣ ਦੀ ਕੇਂਦਰੀ ਸਹੂਲਤ ਸ਼ਾਮਿਲ ਹੈ। ਸੰਪਤੀ ਕਰ ਦਾ ਸਵੈ-ਮੁਲਾਂਕਣ ਅਰੰਭ ਕਰ ਕੇ ਇਸ ਦੇ ਭੁਗਤਾਨ ਨੂੰ ਕੰਪਿਊਟਰੀਕ੍ਰਿਤ ਕੀਤਾ ਗਿਆ ਹੈ। ਖਾਤੇ ਲਈ ਬਿਨੈ ਪੱਤਰ ਦੇਣ ਦੀ ਪ੍ਰਕਿਰਿਆ ਨੂੰ ਸਰਲ ਬਣਾ ਕੇ ਕੇਂਦਰੀਕ੍ਰਿਤ ਕਰ ਦਿੱਤਾ ਗਿਆ ਹੈ। 'ਸਰਲ ਪਰਵਾਨਗੀ' ਸਕੀਮ ਰਾਹੀਂ ਕਿੱਤਿਆਂ ਦੇ ਲਾਇਸੰਸ ਲੈਣੇ ਸੌਖੇ ਹੋ ਗਏ ਹਨ।

### ਕੇਰਲ

1214 ਦਿਹਾਤੀ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਜ਼ਿਲ੍ਹਾ ਯੋਜਨਾਬੰਦੀ ਦਫਤਰਾਂ ਅਤੇ ਰਾਜ ਦੇ ਯੋਜਨਾਬੰਦੀ ਬੋਰਡ ਨਾਲ ਜੋੜਨ ਵਾਸਤੇ ਸਥਾਪਤ ਕੀਤਾ ਗਿਆ ਇਨਫਰਮੇਸ਼ਨ ਕੇਰਲ ਮਿਸ਼ਨ (IKM), ਇੰਜੀਨੀਅਰਿੰਗ ਕਾਲਜਾਂ ਅਤੇ ਪਾਲੀਟੈਕਨਿਕਾਂ ਤੋਂ ਇਲਾਵਾ ਨੈਟਵਰਕਿੰਗ ਅਤੇ ਤੱਥ ਸੰਗ੍ਰਹਿ (Database) ਦੇ ਮਾਹਿਰਾਂ ਦੇ ਸਹਿਯੋਗ ਨਾਲ ਕੇਰਲ ਵਿੱਚ ਸੂਚਨਾ ਅਤੇ ਸੰਚਾਰ ਪ੍ਰਣਾਲੀ ਦਾ ਉਪਯੋਗ ਕਰਨ ਵਾਲੇ ਸਭ ਤੋਂ ਵੱਧ ਮਹੱਤਵਪੂਰਣ ਪ੍ਰੋਗਰਾਮਾਂ ਵਿੱਚ ਸ਼ੁਮਾਰ ਕੀਤਾ ਗਿਆ ਹੈ। 'ਲੋਕਾਂ ਦੀ ਯੋਜਨਾਬੰਦੀ' ਮੁਹਿੰਮ ਦੇ ਅਰੰਭ ਹੋਣ ਦੇ ਨਾਲ ਨਾਲ ਫੰਡ, ਕਾਰਜ ਅਤੇ ਅਮਲਾ ਸੌਂਪੇ ਜਾਣ ਕਰਕੇ ਸਥਾਨਕ ਪੱਧਰ ਤੇ ਪ੍ਰਬੰਧ ਦੀਆਂ ਪ੍ਰਣਾਲੀਆਂ ਦਾ ਆਧੁਨਿਕੀਕਰਣ ਅਤੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸ਼ਨ ਦੀ ਸ਼ੁਰੂਆਤ ਜਰੂਰੀ ਹੋ ਗਏ ਹਨ। ਸਾਰੇ ਰਿਕਾਰਡਾਂ, ਸਲਾਨਾ ਰਿਪੋਰਟਾਂ, ਬਜਟ ਸੰਬੰਧੀ ਦਸਤਾਵੇਜਾਂ ਅਤੇ ਹੋਰ ਜ਼ਰੂਰੀ ਕਾਰਵਾਈਆਂ ਦਾ ਕੰਪਿਊਟਰੀਕਰਣ ਸ਼ੁਰੂ ਕਰ ਦਿੱਤਾ ਗਿਆ ਹੈ। ਸੰਪਤੀਆਂ ਦੇ ਪ੍ਰਬੰਧ, ਬਿਲ ਬਣਾਉਣ, ਕਰਾਂ ਅਤੇ ਉਪਭੋਗਤਾ ਖਰਚਿਆਂ ਦੀ ਵਸੂਲੀ ਅਤੇ ਸਮੇਂ ਸਮੇਂ ਤੇ ਕਾਰਜ ਪੂਰਤੀ ਦੇ ਮੁਲਾਂਕਣ ਵਿੱਚ ਸੂਚਨਾ ਤਕਨਾਲੋਜੀ ਦੀ ਵਰਤੋਂ ਨਾਲ ਸਥਾਨਕ ਸੰਸਥਾਵਾਂ ਨੂੰ ਪ੍ਰਸ਼ਾਸਨ ਦੀ ਕਾਰਜਕੁਸ਼ਲਤਾ ਅਤੇ ਗੁਣਵੱਤਾ ਸੁਧਾਰਣ ਵਿੱਚ ਸਹਾਇਤਾ ਮਿਲ ਰਹੀ ਹੈ। ਸੂਚਨਾ ਦੇ ਅਧਿਕਾਰ ਸੰਬੰਧੀ ਕਾਨੂੰਨ ਨੂੰ ਰਾਸ਼ਟਰੀ ਸਰਕਾਰ ਦੁਆਰਾ ਲਾਗੂ ਕੀਤੇ ਜਾਣ ਤੋਂ ਵੀ ਪਹਿਲਾਂ ਲਾਗੂ ਕਰਨ ਵਾਲੇ ਪਹਿਲੇ ਰਾਜਾਂ ਵਿੱਚ ਕੇਰਲ ਦਾ ਨਾਂ ਆਉਂਦਾ ਹੈ। ਜਨਤਕ ਪੱਧਰ ਤੇ ਸੂਚਨਾ, ਸਿੱਖਿਆ ਅਤੇ ਸੰਚਾਰ ਦੀ ਮੁਹਿੰਮ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ ਜਿਸ ਤਹਿਤ ਨਗਰ ਪਾਲਕਾਵਾਂ ਲਈ ਨਗਰ ਪ੍ਰਬੰਧ ਸੰਬੰਧੀ ਜਰੂਰੀ ਸੂਚਨਾ ਨੂੰ ਪਰਗਟ ਕਰਨਾ ਅਤੇ ਸਲਾਨਾ ਯੋਜਨਾਵਾਂ ਨੂੰ ਪ੍ਰਕਾਸ਼ਿਤ ਕਰਨਾ ਲਾਜ਼ਮੀ ਹੋ ਗਿਆ ਹੈ। ਕਈ ਨਗਰ ਪਾਲਕਾਵਾਂ ਨੇ ਨਾਗਰਿਕਾਂ ਦੇ ਅਧਿਕਾਰ ਪੱਤਰ ਅਤੇ ਸ਼ਿਕਾਇਤ ਨਿਵਾਰਣ ਪ੍ਰਣਾਲੀ ਨੂੰ ਇੰਟਰਨੈਟ ਉੱਤੇ ਉਪਲਬਧ ਕਰਵਾਇਆ ਹੈ। ਇਨ੍ਹਾਂ ਨੇ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਲਈ ਅਤੇ ਅਪਣੇ ਫੈਸਲਿਆਂ, ਟੈਂਡਰਾਂ ਅਤੇ ਵੱਖ ਵੱਖ ਤਰ੍ਹਾਂ ਦੇ ਫਾਰਮਾਂ ਸੰਬੰਧੀ ਸੂਚਨਾ ਨੂੰ ਸੰਬੰਧਤ ਲੋਕਾਂ ਦੇ ਹਿੱਤ ਵਿੱਚ ਸਰਲ ਬਣਾਉਣ ਲਈ ਵੈੱਬਸਾਈਟਾਂ ਦਾ ਨਿਰਮਾਣ ਕੀਤਾ ਹੈ।

ਪ੍ਰਣਾਲੀ ਦੀ ਕਾਰਜਕੁਸ਼ਲਤਾ ਵਿੱਚ ਵਾਧਾ ਕਰਨ ਲਈ ਕੰਪਿਊਟਰੀਕਰਣ ਦੀ ਮੁੱਖ ਮੁਹਿੰਮ ਸਾਲ 2005 ਦੇ ਸ਼ੁਰੂ ਵਿੱਚ ਵਿੱਢੀ ਗਈ। ਕੋਚੀਨ ਨਗਰ ਨਿਗਮ ਨੇ ਬਿਲ ਬਣਾਉਣ ਅਤੇ ਵਸੂਲਣ ਦੀ ਪ੍ਰਕਿਰਿਆ, ਪ੍ਰਬੰਧ ਦੀ ਸੂਚਨਾ ਪ੍ਰਣਾਲੀ/ਤੱਥ ਸੰਗ੍ਰਹਿ ਪ੍ਰਣਾਲੀ, ਸਲਾਨਾ ਰਿਪੋਰਟਾਂ ਅਤੇ ਬਜਟ ਸੰਬੰਧੀ ਦਸਤਾਵੇਜਾਂ ਨੂੰ ਕੰਪਿਊਟਰੀਕ੍ਰਿਤ ਕਰ ਦਿੱਤਾ ਹੈ। ਇਸ ਦੀ ਅਪਣੀ ਵੈੱਬਸਾਈਟ ਹੈ ਜਿਸ ਵਿੱਚ ਨਗਰਪਾਲਕਾ ਦੇ ਕਰਮਚਾਰੀਆਂ, ਕੌਂਸਲਰਾਂ, ਟੈਂਡਰ ਭਰਨ ਦੀ ਪ੍ਰਕਿਰਿਆ ਅਤੇ ਸ਼ਿਕਾਇਤ ਨਿਵਾਰਣ ਪ੍ਰਣਾਲੀ ਬਾਰੇ ਜਰੂਰੀ ਸੂਚਨਾ ਦਿੱਤੀ ਗਈ ਹੈ। ਇਸ ਨਾਲ ਨਗਰ ਦੇ ਪ੍ਰਸ਼ਾਸਨ ਨੂੰ ਆਮਦਨ ਅਤੇ ਵਿੱਤ ਪ੍ਰਣਾਲੀ ਦੇ ਸੁਧਾਰ ਤੋਂ ਇਲਾਵਾ ਖਰਚ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਵਿੱਚ ਸਹਾਇਤਾ ਮਿਲੇਗੀ। ਇਸ ਪ੍ਰਾਜੈਕਟ ਨੂੰ ਭਾਰਤ ਦੇ ਅਡਮਿਨਿਸਟ੍ਰੇਟਿਵ ਸਟਾਫ ਕਾਲਜ ਹੈਦਰਾਬਾਦ, ਡਿਪਾਰਟਮੈਂਟ ਆਫ ਇੰਟਰਨੇਸ਼ਨਲ ਡਿਵੈਲਪਮੈਂਟ ਅਤੇ IKM ਦੀ ਸਹਾਇਤਾ ਨਾਲ ਸ਼ੁਰੂ ਕੀਤਾ ਗਿਆ ਹੈ।

### ਮਹਾਰਾਸ਼ਟਰ

ਗ੍ਰੇਟਰ ਮੁੰਬਈ ਨਗਰ ਨਿਗਮ ਨੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦਾ ਇੱਕ ਵਿਸਤ੍ਰਿਤ ਅਤੇ ਸਫਲ ਉਪਯੋਗ ਕੀਤਾ ਹੈ ਜਿਸ ਤਹਿਤ ਇਸ ਨੇ ਪਾਇਲਟ ਪ੍ਰਾਜੈਕਟ ਦੇ ਤੌਰ ਤੇ ਦਹਿਸਾਰ ਵਿਖੇ ਕੰਪਿਊਟਰ ਸਹੂਲਤ ਕੇਂਦਰ (Computer Facilitation Centre) ਸਥਾਪਤ ਕੀਤਾ। ਬਾਦ ਵਿੱਚ ਇਸ ਸਹੂਲਤ ਨੂੰ ਚੌਵੀ ਦੇ ਚੌਵੀ ਵਾਰਡਾਂ ਵਿੱਚ ਉਪਲਬਧ ਕਰਵਾ ਦਿੱਤਾ ਗਿਆ। ਨਿਗਮ ਦਾ ਉਦੇਸ਼ ਹੁਣ ਸਾਰੇ ਕੰਪਿਊਟਰ ਸਹੂਲਤ ਕੇਂਦਰਾਂ ਨੂੰ ਆਪਸ ਵਿੱਚ

ਜੋੜ ਕੇ ਪੂਰੇ ਮੁੰਬਈ ਸ਼ਹਿਰ ਲਈ ਇੱਕ ਨੈੱਟਵਰਕ ਦਾ ਨਿਰਮਾਣ ਕਰਨਾ ਹੈ।

**ਦਹਿਸਾਰ ਵਿਖੇ ਕੰਪਿਊਟਰ ਸਹੂਲਤ ਕੇਂਦਰ ਦੇ ਮੁੱਖ ਲੱਛਣ :**

ੳ. ਲੇਟਵੇਂ ਦਾਅ ਦੇ ਏਕੀਕਰਣ ਦਾ ਅੱਛਾ ਉਪਰਾਲਾ ਹੈ, ਉਪਭੋਗਤਾਵਾਂ ਦੀਆਂ ਬੰਨ੍ਹਵੀਆਂ ਲੋੜਾਂ ਲਈ ਸਭ ਤੋਂ ਵਧੀਆ ਹੈ।

ਅ. ਕਾਗਜ ਰਹਿਤ ਅਤੇ ਨਕਦੀ ਰਹਿਤ ਵਿੱਤੀ ਲੈਣ ਦੇਣ ਦੀ ਸਹੂਲਤ ਦਿੰਦਾ ਹੈ।

ੲ. ਨਗਰ ਨਿਗਮ ਦੀਆਂ ਸਾਰੀਆਂ ਸੇਵਾਵਾਂ ਲਈ ਇੱਕੋ ਥਾਂ ਸੰਪਰਕ ਕਰਨ ਦੀ ਲੋੜ ਹੈ।

ਸ. ਸਹਾਇਤਾ ਅਤੇ ਸ਼ਿਕਾਇਤ ਨਿਵਾਰਣ ਲਈ ਏਕੀਕ੍ਰਿਤ ਅਨੁਭਾਗ, ਰਜਿਸਟਰੀ ਅਤੇ ਸਪੁਰਦਗੀ ਲਈ ਏਕੀਕ੍ਰਿਤ ਕਾਊਂਟਰ ਅਤੇ ਬਿਲ, ਫੀਸਾਂ, ਕਰ ਅਤੇ ਹੋਰ ਖਰਚਿਆਂ ਦੇ ਭੁਗਤਾਨ ਲਈ ਏਕੀਕ੍ਰਿਤ ਕੈਸ਼ ਕਾਊਂਟਰ।

ਹ. ਸਰਟੀਫਿਕੇਟਾਂ ਅਤੇ ਲਾਇਸੰਸਾਂ ਦਾ ਕਾਊਂਟਰ ਤੇ ਹੀ ਨਵੀਨੀਕਰਣ। ਕਾਊਂਟਰ ਤੇ ਹੀ ਜਨਮ ਅਤੇ ਮੌਤ ਦੇ ਪ੍ਰਮਾਣ ਪੱਤਰ ਜਾਰੀ ਕਰਨ ਲਈ ਸਿਹਤ ਵਿਭਾਗ ਦੇ ਅਫਸਰ ਮੌਜੂਦ ਹੁੰਦੇ ਹਨ।

ਕ. ਕੰਪਿਊਟਰ ਤੇ ਕੰਮ ਕਰਨ ਵਾਲੇ ਅਤੇ ਹੋਰ ਕਰਮਚਾਰੀਆਂ ਨੂੰ ਕੇਵਲ ਸਿਸਟਮ ਚਲਾਉਣ ਦੀ ਹੀ ਨਹੀਂ ਬਲਕਿ ਸੰਚਾਰ ਕਲਾ ਅਤੇ ਜਨ ਸੰਪਰਕ ਦੀ ਵੀ ਸਿਖਲਾਈ ਦਿੱਤੀ ਜਾਂਦੀ ਹੈ।

ਖ. ਸ਼ਿਕਾਇਤਾਂ ਤੇ ਸ਼ਿਕਵਿਆਂ ਦੀ ਸੂਚਨਾ ਮਿਲਣੀ ਅਤੇ ਉਨ੍ਹਾਂ ਤੇ ਕਾਰਵਾਈ ਕਰਨਾ ਅਸਾਨ ਹੈ।

ਗ. ਖਾਲੀ ਬਿਨੈ ਪੱਤਰ, ਆਨ ਲਾਈਨ ਪ੍ਰਾਪਤੀ ਸੂਚਨਾ ਦੇ ਪੱਤਰ ਅਤੇ ਛਪੇ ਹੋਏ ਟੋਕਨ ਨੰਬਰ ਆਦਿ ਦੇਣੇ ਸੌਖੇ ਹੋ ਗਏ ਹਨ।

ਘ. ਉਹ ਸਹੂਲਤਾਂ ਜਿਨ੍ਹਾਂ ਲਈ ਕਿਸੇ ਨਿਰਣੇ ਜਾਂ ਫੈਸਲੇ ਦੀ ਲੋੜ ਨਹੀਂ, ਉਪਭੋਗਤਾਵਾਂ ਨੂੰ ਦਫਤਰੀ ਸਮੇਂ ਤੋਂ ਬਾਦ ਅਤੇ ਛੁੱਟੀ ਵਾਲੇ ਦਿਨ ਵੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

**ਗੁਜਰਾਤ**

ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਸਮੇਤ ਨਗਰ ਪ੍ਰਬੰਧ ਦੇ ਸੁਧਾਰਾਂ ਨੂੰ ਲਾਗੂ ਕਰਨ ਵਿੱਚ ਗੁਜਰਾਤ ਮੋਢੀ ਰਿਹਾ ਹੈ। ਨਾਗਰਿਕਾਂ ਨੂੰ ਕੁਸ਼ਲਤਾਪੂਰਵਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਰਾਜ ਸਰਕਾਰ ਨੇ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਅਰੰਭ ਕਰ ਦਿੱਤੀ ਹੈ। ਅਹਿਮਦਾਬਾਦ ਅਤੇ ਰਾਜ ਦੀਆਂ ਹੋਰ ਕਈ ਨਗਰ ਪਾਲਕਾਵਾਂ ਨੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਸ਼ੁਰੂ ਕਰ ਦਿੱਤਾ ਹੈ। ਸੂਚਨਾ ਤਕਨਾਲੋਜੀ ਦੀ ਕ੍ਰਾਂਤੀ ਅਤੇ ਇੰਟਰਨੈੱਟ ਨੇ ਮਨਚਾਹੀ ਦਿਸ਼ਾ ਵਿੱਚ ਸੁਧਾਰ ਕਰਨਾ ਸੰਭਵ ਕਰ ਦਿੱਤਾ ਹੈ ਜੋ ਕਿ ਕੁੱਝ ਸਾਲ ਪਹਿਲਾਂ ਅਸੰਭਵ ਸੀ। ਅਹਿਦਾਬਾਦ ਨਗਰ ਨਿਗਮ ਅਤੇ ਵੇਜਲਪੁਰ ਨਗਰ ਪਾਲਕਾ ਦੇ ਉਪਰਲਿਆਂ ਦਾ ਸੰਖੇਪ ਵਰਣਨ ਹੇਠਾਂ ਦਿੱਤਾ ਜਾ ਰਿਹਾ ਹੈ :

**ਅਹਿਮਦਾਬਾਦ ਨਗਰ ਨਿਗਮ ਵਿੱਚ ਨਾਗਰਿਕ ਕੇਂਦਰ (Civil Centres) ਅਤੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ**

ਅਹਿਮਦਾਬਾਦ ਨਗਰ ਨਿਗਮ ਨੇ ਸ਼ਹਿਰੀ ਨਾਗਰਿਕ ਕੇਂਦਰ (City Civic Centres) ਸਥਾਪਤ ਕੀਤੇ ਹਨ ਜਿੱਥੇ ਨਾਗਰਿਕ ਸਥਾਨਕ ਸੰਸਥਾ ਨਾਲ ਝੰਝਟਮੁਕਤ ਵਾਤਾਵਰਣ ਵਿੱਚ ਲੈਣ ਦੇਣ ਕਰ ਸਕਦੇ ਹਨ। ਕੰਪਿਊਟਰੀਕਰਣ ਅਤੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਮੰਤਵ ਹੇਠ ਲਿਖੇ ਅਨੁਸਾਰ ਹਨ:

ੳ. ਅਹਿਮਦਾਬਾਦ ਦੇ ਨਾਗਰਿਕਾਂ ਨੂੰ ਵਧੀਆ ਸੇਵਾਵਾਂ ਮੁਹੱਈਆਂ ਕਰਵਾਉਣਾ।

ਅ. ਸੂਚਨਾ ਤੱਕ ਪਹੁੰਚ ਅਸਾਨ ਬਣਾਉਣੀ।

ਏ. ਮਨੁੱਖੀ ਮਨ ਮਰਜ਼ੀ ਵਾਲੇ ਵਿਵਹਾਰ ਨੂੰ ਖਾਰਜ ਕਰਨਾ।

ਸ. ਫਾਈਲਾਂ ਘਟਾਉਣੀਆਂ ਅਤੇ ਤੱਥਾਂ ਤੇ ਕਾਰਵਾਈ ਉਪਰੰਤ ਫੈਸਲਾ ਲੈਣ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕਰਨਾ।

ਹ. ਨਗਰ ਨਿਗਮ ਲਈ ਵਸੀਲੇ ਮੁਹੱਈਆ ਕਰਵਾਉਣੇ।

ਉਪਰੋਕਤ ਉਦੇਸ਼ਾਂ ਦੀ ਪ੍ਰਾਪਤੀ ਲਈ ਸ਼ੁਰੂ ਵਿੱਚ ਨਿਗਮ ਨੇ ਨਾਗਰਿਕ ਕੇਂਦਰ ਸਥਾਪਤ ਕੀਤੇ। ਹੁਣ ਇਨ੍ਹਾਂ ਦੀ ਸੰਖਿਆ ਵਧ ਕੇ 16 ਹੋ ਗਈ ਹੈ ਅਤੇ ਇਹ ਸ਼ਹਿਰ ਦੇ ਪੰਜੇ ਖੰਡਾਂ ਵਿੱਚ ਫੈਲੇ ਹੋਏ ਹਨ। ਇਹ ਕੇਂਦਰ ਇੱਕੋ ਵਿੰਡੋ ਤੇ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ:

- i ਸੰਪਤੀ ਕਰ
- ii. ਵਾਹਨ ਕਰ
- iii. ਇਮਾਰਤ ਬਣਾਉਣ ਦੇ ਨਕਸ਼ੇ ਦੀ ਮੰਜ਼ੂਰੀ
- iv ਜਨਮ ਅਤੇ ਮੌਤ ਦੇ ਪ੍ਰਮਾਣ ਪੱਤਰ ਜਾਰੀ ਕਰਨਾ
- v. ਦੁਕਾਨਾਂ ਅਤੇ ਹੋਰ ਅਦਾਰਿਆਂ ਦੇ ਲਾਇਸੰਸ
- vi. ਸ਼ਿਕਾਇਤਾਂ ਦਰਜ ਕਰਵਾਉਣ ਲਈ ਵਾਰਡ ਪੱਧਰ ਤੇ ਗੱਠ ਜੋੜ
- vii. ਆਨ ਲਾਈਨ ਟੈਂਡਰ
- viii ਫੇਰੀ ਵਾਲਿਆਂ ਦੇ ਲਾਇਸੰਸ
- ix ਰੈਸਟੋਰੈਂਟਾਂ ਦੇ ਲਾਇਸੰਸ
- x. ਚੁੰਗੀ ਵਸੂਲੀ
- xi ਪਾਣੀ ਦਾ ਕੁਨੈਕਸ਼ਨ ਲੈਣ ਲਈ ਬਿਨੈ ਪੱਤਰ

ਨਾਗਰਿਕ ਕੇਂਦਰਾਂ ਨੇ ਬਹੁਤ ਸਾਰੇ ਲੈਣ ਦੇਣ ਕੀਤੇ ਹਨ ਅਤੇ ਬਹੁਤ ਸਾਰੇ ਕਰ, ਉਪਭੋਗਤਾ ਖਰਚੇ ਅਤੇ ਫੀਸਾਂ ਆਦਿ ਵਸੂਲ ਕੀਤੀਆਂ ਹਨ। ਇਨ੍ਹਾਂ ਲੈਣ ਦੇਣਾਂ ਦੇ ਵੇਰਵੇ ਸਾਰਣੀ-47 ਵਿੱਚ ਦਿੱਤੇ ਗਏ ਹਨ:

**ਸਾਰਣੀ-47**
**ਅਹਿਮਦਾਬਾਦ ਨਗਰ ਨਿਗਮ ਦੇ ਨਾਗਰਿਕ ਕੇਂਦਰਾਂ ਵਿੱਚ ਹੋਏ ਲੈਣ ਦੇਣ**
**(18 ਸਿਤੰਬਰ 2002 ਤੋਂ 31 ਜੁਲਾਈ 2004 ਤੱਕ)**

| ਸੇਵਾ | ਲੈਣ-ਦੇਣ | ਰਾਸ਼ੀ (ਲੱਖ ਰੁਪਿਆਂ ਵਿੱਚ) |
|---|---|---|
| ਸੰਪਤੀ ਕਰ | 993677 | 27542 |
| ਵਾਹਨ ਕਰ | 27404 | 192 |
| ਨਕਸ਼ਿਆਂ ਦੀ ਮੰਜ਼ੂਰੀ | 3493 | 1888 |
| TDO ਫੀਸ | 7745 | 1284 |
| ਦੁਕਾਨਾਂ ਅਤੇ ਹੋਰ ਅਦਾਰਿਆਂ ਦੇ ਲਾਇਸੰਸ | 39956 | 26.22 |
| ਜਨਮ ਅਤੇ ਮੌਤ ਦੇ ਪ੍ਰਮਾਣ ਪੱਤਰ | 14780 | 5.20 |
| ਫੇਰੀ ਵਾਲਿਆਂ ਦੇ ਲਾਇਸੰਸ | 124 | 0.64 |
| ਰੈਸਟੋਰੈਂਟਾ ਦੇ ਲਾਇਸੰਸ | 44 | 0.76 |

### ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਵਾਲੀ ਨਗਰ ਪਾਲਕਾ: ਵੇਜਲਪੁਰ ਨਗਰ ਪਾਲਕਾ ਦੀ ਉਦਾਹਰਣ

ਵੇਜਲਪੁਰ ਵਿਖੇ ਅਜਿਹੀ ਹੀ ਨਗਰ ਪਾਲਕਾ ਹੈ ਜੋ ਅਪਣੇ ਨਾਗਰਿਕਾਂ ਨੂੰ ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ ਦੀ ਪ੍ਰਣਾਲੀ ਨੂੰ ਪ੍ਰਭਾਵਸ਼ਾਲੀ ਬਣਾਉਣਾ ਚਾਹੁੰਦੀ ਹੈ। ਇਹ ਅਹਿਮਦਾਬਾਦ ਨਗਰ ਨਿਗਮ ਦੀ ਸੀਮਾ ਤੋਂ ਬਾਹਰ ਇੱਕ ਸ਼ਹਿਰੀ ਅਬਾਦੀ ਹੈ ਜੋ ਅਹਿਮਦਾਬਾਦ ਸ਼ਹਿਰੀ ਵਿਕਾਸ ਅਥਾਰਟੀ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਇਸ ਨਗਰ ਪਾਲਕਾ ਦੀਆਂ ਹੋਰ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ: (i) ਇਸ ਵੇਲੇ ਇਹ ਬੀ ਕਲਾਸ ਨਗਰ ਪਾਲਕਾ ਹੈ ਜਿਸ ਨੂੰ ਛੇਤੀ ਹੀ 2001 ਦੀ ਜਨ ਗਣਨਾ ਦੇ ਅਧਾਰ ਤੇ ਏ-ਕਲਾਸ ਨਗਰ ਪਾਲਕਾ ਦਾ ਦਰਜਾ ਦੇ ਦਿੱਤਾ ਜਾਵੇਗਾ। (ii) 2001 ਦੀ ਜਨ ਗਣਨਾ ਅਨੁਸਾਰ ਇਸ ਦੀ ਆਬਾਦੀ 1,50,000 ਹੈ। (iii) ਵਿਕਾਸ ਅਧੀਨ ਖੇਤਰਫਲ 9.53 ਵਰਗ ਕਿਲੋਮੀਟਰ ਅਤੇ ਕੁਲ ਖੇਤਰਫਲ 12.5 ਵਰਗ ਕਿਲੋਮੀਟਰ ਹੈ। (iv) ਵਾਰਡਾਂ ਦੀ ਕੁਲ ਸੰਖਿਆ 12 ਹੈ (v) ਸੰਪਤੀਆਂ ਦੀ ਕੁੱਲ ਸੰਖਿਆ 41742 ਹੈ। (vi) ਹਾਊਸਿੰਗ ਸੋਸਾਇਟੀਜ਼ ਦੀ ਕੁੱਲ ਸੰਖਿਆ 1700 ਹੈ। (vii) ਗੰਦੀਆਂ ਬਸਤੀਆਂ ਦੀ ਸੰਖਿਆ 6 ਹੈ। (viii) ਰਜਿਸਟਰ ਹੋਏ ਹੋਟਲ ਅਤੇ ਹੋਰ ਛੋਟੇ ਅਦਾਰਿਆਂ ਦੀ ਸੰਖਿਆ 110 ਹੈ (ix) ਰਜਿਸਟਰ ਹੋਈਆਂ ਮੈਡੀਕਲ ਸਹੂਲਤਾਂ ਦੀ ਸੰਖਿਆ 115 ਹੈ। (x) ਰਜਿਸਟਰ ਹੋਈਆਂ ਦੁਕਾਨਾਂ ਦੀ ਸੰਖਿਆ 872 ਹੈ।

ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਅਤੇ ਨਾਗਰਿਕਾਂ ਦੇ ਅਧਿਕਾਰ ਪੱਤਰ ਦਾ ਉਦੇਸ਼ ਨਾਗਰਿਕ ਸੁਵਿਧਾ ਕੇਂਦਰ (Citizen Convenience Centres) ਸਥਾਪਤ ਕਰਨਾ ਹੈ ਜਿੱਥੇ ਨਾਗਰਿਕ ਅਸਾਨੀ ਨਾਲ ਲੁੜੀਂਦੀ ਸੂਚਨਾ ਅਤੇ ਸੇਵਾਵਾਂ ਪ੍ਰਾਪਤ ਕਰਨ ਅਤੇ ਸ਼ਿਕਾਇਤਾਂ ਦਰਜ ਕਰਵਾ ਸਕਣ ਤੋਂ ਇਲਾਵਾ ਕਰਾਂ ਅਤੇ ਉਪਭੋਗਤਾ ਖਰਚਿਆਂ ਦੇ ਭੁਗਤਾਨ ਕਰ ਸਕਦੇ ਹਨ। ਸੂਚਨਾ ਪ੍ਰਣਾਲੀ ਅਧਾਰਤ ਪ੍ਰਸ਼ਾਸਨ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਨਗਰ ਪਾਲਕਾ ਦੇ ਇਨ੍ਹਾਂ ਕਾਰਜਾਂ ਨੂੰ ਕੰਪਿਊਟਰੀਕ੍ਰਿਤ ਕਰ ਦਿੱਤਾ ਗਿਆ ਹੈ: (ੳ) 1994 ਤੋਂ ਹੋਏ ਜਨਮ ਅਤੇ ਮੌਤ ਦੀ ਰਜਿਸਟ੍ਰੇਸ਼ਨ (ਅ) ਕਿੱਤਿਆਂ ਅਤੇ ਇਨ੍ਹਾਂ ਨੂੰ ਲਾਇਸੰਸ ਜਾਂ ਲਾਇਸੰਸ ਤੋਂ ਬਗੈਰ ਕਰਨ ਵਾਲੇ ਵਿਅਕਤੀਆਂ ਦੇ ਵੇਰਵੇ (ੲ) ਜਲ ਪੂਰਤੀ ਦੇ ਬਿਲ ਬਣਾਉਣ ਅਤੇ ਇਨ੍ਹਾਂ ਦੀ ਵਸੂਲੀ ਦਾ ਕੰਮ (ਸ) ਤਨਖਾਹਾਂ ਦੇ ਰਜਿਸਟਰ (ਹ) ਠੋਸ ਗੰਦਗੀ ਦਾ ਪ੍ਰਬੰਧ (ਕ) ਸੰਪਤੀ ਕਰ ਦੇ ਸਵੈ ਮੁਲਾਂਕਣ ਦੀ ਸਕੀਮ (ਖ) ਬਿਲ ਬਣਾਉਣ ਅਤੇ ਵਸੂਲ ਕਰਨ ਦਾ ਕੰਮ (ਗ) ਜਨਤਾ ਦੀਆਂ ਸ਼ਿਕਾਇਤਾਂ (ਘ) ਬੁਨਿਆਦੀ ਢਾਂਚੇ ਦੇ ਵੇਰਵੇ (ਙ) ਟੈਂਡਰ (ਚ) ਹਿਸਾਬ ਕਿਤਾਬ ਅਤੇ ਤੱਥਾਂ ਦੇ ਰਜਿਸਟਰ (ਛ) ਹਸਪਤਾਲਾਂ ਬਾਰੇ ਸੂਚਨਾ (ਜ) ਸਾਰੇ ਕੌਂਸਲਰਾਂ ਬਾਰੇ ਤੱਥ (ਝ) ਬਜਟ

ਸਮਰਥਾ ਅਤੇ ਨਿਪੁੰਨਤਾ ਦੇ ਨਿਰਮਾਣ ਦਾ ਕਾਰਜ ਸਾਫਟਵੇਅਰ ਵਿਕਸਤ ਕਰਨ ਵਾਲੇ ਇੱਕ ਅਦਾਰੇ ਦੀ ਸਹਾਇਤਾ ਨਾਲ ਸ਼ੁਰੂ ਕੀਤਾ ਗਿਆ ਜਿਸ ਨੇ ਨਗਰ ਪਾਲਕਾ ਦੇ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ। ਪਿਛਲੇ ਸਾਲਾਂ ਦੇ ਜਨਮ, ਮੌਤ ਅਤੇ ਕਰਾਂ ਦੇ ਇੰਦਰਾਜ ਇਸ ਅਦਾਰੇ ਦੁਆਰਾ ਦਿੱਤੇ ਗਏ ਅਪਰੇਟਰ ਦੀ ਸਹਾਇਤਾ ਨਾਲ ਕੀਤੇ ਗਏ। ਆਮ ਪ੍ਰਸ਼ਾਸਨ ਨਾਲ ਸੰਬੰਧਤ ਕਰਮਚਾਰੀਆਂ ਦੀ ਉੱਨੀ ਹੀ ਸੰਖਿਆ ਨਾਲ ਪੂਰੀ ਕਾਰਜ ਪੂਰਤੀ ਤੇ ਉਤਪਾਦਕਤਾ ਪ੍ਰਾਪਤ ਕਰ ਲਈ ਗਈ ਅਤੇ ਕਰਮਚਾਰੀਆਂ ਦੇ ਸੇਵਾ ਨਿਵਿਰਤ ਹੋਣ ਨਾਲ ਵੀ ਨਵੀਂ ਭਰਤੀ ਨਹੀਂ ਕਰਨੀ ਪਈ। ਵੇਜਲਪੁਰ ਨਗਰ ਪਾਲਕਾ ਦੇ ਨਾਗਰਿਕਾਂ ਨੂੰ ਇਸ ਦੀ ਪਾਰਦਰਸ਼ਤਾ, ਜਵਾਬਦੇਹੀ, ਸੇਵਾ ਸਪੁਰਦਗੀ ਅਤੇ ਵਿਸ਼ੇਸ ਕਰਕੇ ਚੁਣੇ ਹੋਏ ਕੋਂਸਲਰਾਂ ਦੇ ਮਿਸਾਲਯੋਗ ਸਮਰਪਣ ਅਤੇ ਮਿਲਜੁਲ ਕੇ ਕੰਮ ਕਰਨ ਦੀ ਭਾਵਨਾ ਤੇ ਮਾਣ ਹੈ।

ਇਸ ਦੇ ਨਤੀਜੇ ਵਜੋਂ ਨਗਰ ਪਾਲਕਾ ਦੇ ਸਾਧਨਾਂ ਵਿੱਚ ਸੁਧਾਰ ਹੋਇਆ ਅਤੇ ਸੇਵਾਵਾਂ ਉਪਲਬਧ ਕਰਵਾਉਣ ਦੀ ਪ੍ਰਣਾਲੀ ਹੋਰ ਚੰਗੀ ਹੋਈ। ਨਗਰ ਪਾਲਕਾ ਦੇ ਉਪਰਾਲੇ ਨੂੰ ਲਾਗੂ ਕੀਤੇ ਜਾਣ ਤੋਂ ਹੋਏ ਮੁੱਖ ਮੁੱਖ ਲਾਭ ਹੇਠ ਲਿਖੇ ਅਨੁਸਾਰ ਹਨ:

ੳ. ਸਾਰੇ ਵਿਭਾਗ ਨੂੰ ਏਕੀਕ੍ਰਿਤ ਕਰ ਦਿੱਤਾ ਗਿਆ ਹੈ।

ਅ. ਭ੍ਰਿਸ਼ਟਾਚਾਰ ਦਾ ਖਾਤਮਾ ਹੋ ਗਿਆ ਹੈ।

ੲ. ਨਾਗਰਿਕਾਂ ਨੂੰ ਸੇਵਾਵਾਂ ਹੋਰ ਜਲਦੀ ਦਿੱਤੀਆਂ ਜਾ ਰਹੀਆਂ ਹਨ।

ਸ. ਨਗਰ ਪਾਲਕਾ ਨਾਲ ਕੀਤੇ ਜਾਣ ਵਾਲੇ ਲੈਣ ਦੇਣ ਬਾਰੇ ਸੂਚਨਾ ਕਿਸੇ ਵੀ ਵਕਤ ਕਿਤੇ ਵੀ ਬੈਠੇ ਲਈ ਜਾ ਸਕਦੀ ਹੈ।

ਹ. ਕੰਪਿਊਟਰ ਦੁਆਰਾ ਲੈਣ-ਦੇਣ ਅਤੇ ਭੁਗਤਾਨ ਕੀਤੇ ਜਾਣ ਕਰਕੇ ਹੱਥੀਂ ਕੀਤੇ ਜਾਣ ਵਾਲੇ ਕੰਮ ਦਾ ਖਾਤਮਾ ਹੋ ਗਿਆ ਹੈ।

ਕ. ਆਮਦਨੀ ਵਧ ਗਈ ਹੈ ਅਤੇ ਨਕਦੀ ਵਿੱਚ ਵੀ ਵਾਧਾ ਹੋਇਆ ਹੈ; ਕਰ ਵਸੂਲੀ ਵਧ ਕੇ 15 ਤੋਂ 65% ਹੋ ਗਈ ਹੈ।

ਖ. ਅਮਲੇ ਤੇ ਹੋਣ ਵਾਲਾ ਖਰਚ ਘਟ ਕੇ ਬਜਟ ਦਾ 8% ਰਹਿ ਗਿਆ ਹੈ ਜੋ ਅਪਣੇ ਆਪ ਵਿੱਚ ਇੱਕ ਰਿਕਾਰਡ ਹੈ।

ਗ. ਨਾਗਰਿਕਾਂ ਦੀ ਵਧੇਰੇ ਸਹਿਮਤੀ ਅਤੇ ਸਦਭਾਵਨਾ ਪ੍ਰਾਪਤ ਹੋਈ ਹੈ।

ਇਸ ਸਾਰੇ ਕਾਰਜ ਤੋਂ ਇਹ ਸਬਕ ਮਿਲਿਆ ਹੈ ਕਿ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਅੱਛੇ ਪ੍ਰਬੰਧ ਦਾ ਸਰਵੋਤਮ ਸਾਧਨ ਹੈ। ਰਾਜਨੀਤਕ ਇੱਛਾ ਸ਼ਕਤੀ ਤੇ ਚੁਣੇ ਹੋਏ ਵਰਗ ਦਾ ਸਮਰਪਣ ਦਲੇਰੀ ਵਾਲੇ ਨਿਰਣੇ ਲੈਣ ਲਈ ਅਤਿ ਅਵੱਸ਼ਕ ਹੈ। ਮੌਜੂਦਾ ਤੱਥਾਂ ਨੂੰ ਕੇਵਲ ਕੰਪਿਊਟਰ ਤੇ ਚੜ੍ਹਾਉਣ ਨਾਲ ਪ੍ਰਸ਼ਾਸਨ ਸੂਚਨਾ ਪ੍ਰਣਾਲੀ ਆਧਾਰਤ ਨਹੀਂ ਹੋ ਜਾਂਦਾ।

## ਮੱਧ ਪ੍ਰਦੇਸ਼

ਮੱਧ ਪ੍ਰਦੇਸ਼ ਸਰਕਾਰ ਨੇ ਵੀ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਸ਼ੁਰੂ ਕਰਨ ਤੋਂ ਇਲਾਵਾ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਅਤੇ ਤੱਥ ਸੰਗ੍ਰਹਿ ਵਿੱਚ ਸੁਧਾਰ ਕਰਨ ਲਈ ਕਦਮ ਉਠਾਏ ਹਨ। ਭੂਪਾਲ ਵਿਖੇ ਹਰੇਕ ਵਾਰਡ ਵਿੱਚ ਕਾਲ ਸੈਂਟਰ ਚਾਲੂ ਹੋ ਗਏ ਹਨ। ਇਹ ਸੈਂਟਰ ਨਾਗਰਿਕਾਂ, ਪ੍ਰਸ਼ਾਸਨ ਅਤੇ ਸ਼ਹਿਰੀ ਸੇਵਾਵਾਂ ਉਪਲਬਧ ਕਰਵਾਉਣ ਵਾਲੇ ਵਿਭਾਗ ਵਿਚਕਾਰ ਸੰਪਰਕ ਦਾ ਮਾਧਿਅਮ ਹਨ। ਨਗਰ ਨਿਗਮ ਨੇ ਕੰਪਿਊਟੀਕਰਣ ਦਾ ਕਾਰਜ 2002 ਵਿੱਚ ਅਰੰਭ ਕੀਤਾ ਅਤੇ ਇਸ ਦੇ ਨਤੀਜੇ ਵਜੋਂ ਸੰਪਤੀ ਕਰ ਤੋਂ ਹੋਣ ਵਾਲੀ ਆਮਦਨੀ ਵਿੱਚ ਤੁਰੰਤ ਵਾਧਾ ਹੋਇਆ। ਇਸ ਤੋਂ ਬਾਦ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦਾ ਸਾਫਟਵੇਅਰ ਵਿਕਸਤ ਕਰਨ ਲਈ ਇਕ ਨਿੱਜੀ ਖੇਤਰ ਦੇ ਸਲਾਹਕਾਰ ਦੀਆਂ ਸੇਵਾਵਾਂ ਲਈਆਂ ਗਈਆਂ। ਨਿਗਮ ਨੇ ਕੰਪਿਊਟਰੀਕਰਣ ਅਤੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਦੇ ਉਪਰਾਲੇ ਨੂੰ ਅਪਣੇ ਸਾਰੇ 66 ਵਾਰਡਾਂ ਵਿੱਚ ਲਾਗੂ ਕਰ ਦਿੱਤਾ। ਸੰਪਤੀ ਕਰ ਅਤੇ ਪਾਣੀ ਲਈ ਲਏ ਜਾਣ ਵਾਲੇ ਖਰਚਿਆਂ ਵਿੱਚ ਚੋਖੇ ਵਾਧੇ ਤੋਂ ਇਲਾਵਾ ਇਸ ਨਾਲ ਸੰਪਤੀ ਕਰ ਦੇ ਖਾਤਿਆਂ, ਪਾਣੀ ਦੇ ਕੁਨੈਕਸ਼ਨਾਂ ਅਤੇ ਦਸਤਾਵੇਜਾਂ ਦੇ ਵਿਵਸਥਤ ਪ੍ਰਬੰਧ ਵਿੱਚ ਵੀ ਸਹਾਇਤਾ ਮਿਲੀ।

ਇਸੇ ਤਰ੍ਹਾਂ ਇੰਦੌਰ ਨਗਰ ਨਿਗਮ ਨੇ ਵੀ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਅਰੰਭ ਕਰਨ, ਨਾਗਰਿਕਾਂ ਅਤੇ ਨਗਰ ਪਾਲਕਾ ਵਿਚਕਾਰ ਸੰਪਰਕ ਨੂੰ ਉਤਸ਼ਾਹ ਦੇਣ ਅਤੇ ਸ਼ਹਿਰੀ ਸੇਵਾਵਾਂ ਉਪਲਬਧ ਕਰਾਉਣ ਦੀ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਕਈ ਕਦਮ ਚੁੱਕੇ ਹਨ। ਨਿਗਮ ਨੇ ਸ਼ਹਿਰ ਦੇ ਪੱਧਰ ਤੇ ਇੱਕ ਮਾਸਿਕ ਪ੍ਰਕਾਸ਼ਨ ('ਨਾਗਰਿਕ') ਸ਼ੁਰੂ ਕੀਤਾ ਹੈ। ਜਿਸ ਨਾਲ ਨਾਗਰਿਕਾਂ ਨੂੰ ਵੱਖ-ਵੱਖ ਮਹੱਤਵਪੂਰਣ ਮੁੱਦਿਆਂ ਤੇ ਸੂਚਨਾ ਸਾਂਝੀ ਕਰਨ ਲਈ ਇੱਕ ਮੰਚ ਮੁਹੱਈਆ ਕਰਵਾਇਆ ਗਿਆ ਹੈ। ਇਸ ਨਾਲ ਉਪਭੋਗਤਾ ਅਤੇ ਨਾਗਰਿਕਾਂ ਨਾਲ ਸੰਚਾਰ ਵਿੱਚ ਵਾਧਾ ਹੋਇਆ ਹੈ, ਉਨ੍ਹਾਂ ਦਾ ਪ੍ਰਤੀਕਰਮ ਜਾਣਨ ਦੀ ਪ੍ਰਣਾਲੀ ਸਥਾਪਤ ਹੋਈ ਹੈ ਅਤੇ ਸਫਾਈ ਦੀ ਹਾਲਤ ਸੁਧਰੀ ਹੈ। ਇਸ ਤੋਂ ਬਾਦ ਨਿਗਮ ਨੇ ਸ਼ਹਿਰ ਦੇ ਵਿਕਾਸ ਦੀ ਰਣਨੀਤੀ ਅਪਣਾਈ ਹੈ ਜਿਸ ਦਾ ਉਦੇਸ਼ ਸੇਵਾਵਾਂ ਦੀ ਸਪੁਰਦਗੀ ਵਿੱਚ ਸੁਧਾਰ ਕਰਨਾ, ਖਰਚ ਦਾ ਉਚਿਤ ਪ੍ਰਬੰਧ ਕਰਕੇ ਸਾਧਨਾਂ ਦਾ ਉਪਯੋਗ ਕਰਨਾ ਅਤੇ ਨਾਗਰਿਕਾਂ ਨਾਲ ਚੰਗੇਰਾ ਸੰਚਾਰ ਕਰਨਾ ਹੈ। ਇਨ੍ਹਾਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਨਿਗਮ ਦੀ ਮਦਦ ਲਈ ਕੰਪਿਊਟਰੀਕਰਣ ਇੱਕ ਵੱਡਾ ਉਪਰਾਲਾ ਹੈ। ਨਿਗਮ ਨੇ ਸਾਫਟਵੇਅਰ ਵਿਕਸਤ ਕਰਨ ਅਤੇ ਤੱਥ ਸੰਗ੍ਰਹਿ ਦਾ ਨਿਰਮਾਣ ਕਰਨ ਲਈ ਇੱਕ ਨਿੱਜੀ ਖੇਤਰ ਦੇ ਅਦਾਰੇ ਦਾ ਸਹਿਯੋਗ ਲਿਆ ਹੈ। ਇਸ ਉਪਰਾਲੇ ਦੇ ਮੁੱਖ ਲੱਛਣ ਹਨ ਸਾਰੇ ਖੇਤਰੀ ਦਫ਼ਤਰਾਂ ਅਤੇ ਦਫ਼ਤਰਾਂ ਦੇ ਮੁਖੀਆਂ ਵਿੱਚ ਆਪਸੀ ਸੰਪਰਕ ਸਥਾਪਤ ਕਰਨਾ, ਸਾਰੇ ਖੇਤਰੀ ਦਫ਼ਤਰਾਂ ਵਿਖੇ ਨਕਦੀ ਦੀ ਵਸੂਲੀ ਲਈ ਕੰਪਿਊਟਰੀਕ੍ਰਿਤ ਵਿਵਸਥਾ ਕਰਨਾ, ਸੰਪਤੀ ਕਰ, ਪਾਣੀ ਦੇ ਕੁਨੈਕਸ਼ਨਾਂ ਅਤੇ ਵਪਾਰਕ ਲਾਇਸੰਸਾਂ ਦਾ ਏਕੀਕ੍ਰਿਤ ਤੱਥ ਸੰਗ੍ਰਹਿ ਸਥਾਪਤ ਕਰਨਾ, ਆਮਦਨੀ-ਖਰਚ ਅਤੇ ਹਿਸਾਬ ਕਿਤਾਬ

ਦੇ ਮੋਡਿਊਲਾਂ ਵਿਚਕਾਰ ਸੰਪਰਕ ਸਥਾਪਤ ਕਰਨਾ ਅਤੇ ਪਾਰਦਰਸ਼ਤਾ ਲਈ ਕਰਾਂ ਬਾਰੇ ਇੰਟਰਨੈੱਟ ਤੇ ਸੂਚਨਾ ਉਪਲਬਧ ਕਰਵਾਉਣਾ ਆਦਿ। ਡਿਜੀਟਲ ਨਕਸ਼ੇ ਅਤੇ ਭੂਗੋਲਕ ਸੂਚਨਾ ਪ੍ਰਣਾਲੀ ਦਾ ਨਿਰਮਾਣ ਕਰਨ ਲਈ ਵੀ ਜਤਨ ਕੀਤੇ ਜਾ ਰਹੇ ਹਨ। ਨਿਗਮ ਨੇ ਇੱਕ ਨਾਗਰਿਕਾਂ ਦਾ ਅਧਿਕਾਰ ਪੱਤਰ ਵੀ ਜਾਰੀ ਕੀਤਾ ਹੈ ਜਿਸ ਦੀ ਅਪਣੀ ਵੈੱਬਸਾਈਟ ਹੈ ਜਿੱਥੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਅਤੇ ਤੱਥ ਸੰਗ੍ਰਹਿ ਉਪਲਬਧ ਹਨ। ਹੋਰਾਂ ਥਾਵਾਂ ਦੀ ਤਰ੍ਹਾਂ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨਾਲ ਇੰਦੌਰ ਨਗਰ ਨਿਗਮ ਨੂੰ ਵੀ ਸੰਪਤੀ ਕਰ ਅਤੇ ਉਪਭੋਗਤਾ ਖਰਚਿਆਂ ਜਿਹੇ ਆਮਦਨੀ ਦੇ ਮੁੱਖ ਸਾਧਨਾਂ ਤੋਂ ਆਮਦਨ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲੀ ਹੈ।

ਖੰਡਵਾ ਨਗਰ ਨਿਗਮ ਵਿੱਚ ਸਾਰੇ ਸ਼ਹਿਰ ਲਈ ਭੂਗੋਲਕ ਸੂਚਨਾ ਪ੍ਰਣਾਲੀ ਸਥਾਪਤ ਕੀਤੀ ਗਈ ਅਤੇ ਉਪਗ੍ਰਹਿ ਰਾਹੀਂ ਸਾਰੀਆਂ ਸੰਪਤੀਆਂ ਦੇ ਨਕਸ਼ੇ ਤਿਆਰ ਕੀਤੇ ਗਏ ਹਨ। ਇਸ ਸਰਵੇਖਣ ਰਾਹੀਂ 13000 ਨਵੀਆਂ ਸੰਪਤੀਆਂ ਦੀ ਪਹਿਚਾਣ ਕੀਤੀ ਗਈ ਹੈ। ਇਸ ਨਾਲ ਨਿਗਮ ਦੀ ਆਮਦਨੀ ਵਿੱਚ ਵਾਧਾ ਹੋਣ ਦੀ ਉਮੀਦ ਹੈ। ਨਿਗਮ ਨੇ ਪ੍ਰਬੰਧ ਦੀ ਇੱਕ ਮਜਬੂਤ ਸੂਚਨਾ ਪ੍ਰਣਾਲੀ ਦਾ ਵੀ ਨਿਰਮਾਣ ਕੀਤਾ ਹੈ। ਸੰਪਤੀ ਕਰ, ਜਲ ਕਰ, ਹਿਸਾਬ ਕਿਤਾਬ ਦੀਆਂ ਵਹੀਆਂ, ਬਜਟ ਨਿਯੰਤਰਣ ਰਜਿਸਟਰਾਂ ਆਦਿ ਨੂੰ ਕੰਪਿਊਟਰੀਕ੍ਰਿਤ ਕਰ ਦਿੱਤਾ ਗਿਆ ਹੈ। ਹਿਸਾਬ ਕਿਤਾਬ ਦੀ ਦੂਹਰੇ ਇੰਦਰਾਜ ਵਾਲੀ ਪ੍ਰਣਾਲੀ ਅਰੰਭ ਕੀਤੀ ਗਈ ਹੈ। ਇਸ ਤੋਂ ਇਲਾਵਾ ਕਰ ਪ੍ਰਣਾਲੀ ਨੂੰ ਵੀ ਅਸਾਨ ਬਣਾ ਦਿੱਤਾ ਗਿਆ ਹੈ। ਨਿਗਮ ਦੁਆਰਾ ਸ਼ੁਰੂ ਕੀਤੇ ਗਏ ਸੁਧਾਰਾਂ ਕਰਕੇ ਇਸ ਦੀ ਆਮਦਨ ਵਿੱਚ 175% ਵਾਧਾ ਹੋਇਆ ਹੈ। 2002-03 ਵਿੱਚ 182.34 ਲੱਖ ਤੋਂ ਵੱਧ ਕੇ 2004-05 ਵਿੱਚ ਇਹ 582.83 ਲੱਖ ਹੋ ਗਈ। ਮਕਾਨਾਂ ਦੀ ਡਿਜੀਟਲ ਪਹਿਚਾਣ ਲਈ ਸੰਪਤੀ ਸੂਚਕ ਅੰਕ (PIN) ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਰਾਸ਼ਨ ਕਾਰਡ, ਸਮਾਜਕ ਸੁਰੱਖਿਆ ਪੈਨਸ਼ਨ, ਜਨਮ ਅਤੇ ਮੌਤ ਦੀ ਰਜਿਸਟ੍ਰੇਸ਼ਨ, ਮਕਾਨ ਉਸਾਰੀ ਅਤੇ ਪਾਣੀ ਦੇ ਕੁਨੈਕਸ਼ਨ ਦੀ ਆਗਿਆ ਆਦਿ ਸੁਵਿਧਾਵਾਂ ਨੂੰ PIN ਦੇ ਅਧਾਰ ਤੇ ਆਪਸ ਵਿੱਚ ਜੋੜ ਦਿੱਤਾ ਗਿਆ ਹੈ। ਜਨਮ ਅਤੇ ਮੌਤ ਦੀ ਰਜਿਸਟ੍ਰੇਸ਼ਨ ਦੇ ਕੰਮ ਨੂੰ ਵੀ ਕੰਪਿਊਟਰੀਕ੍ਰਿਤ ਕਰ ਦਿੱਤਾ ਗਿਆ ਹੈ ਅਤੇ ਜਨਤਾ ਦੀਆਂ ਸ਼ਿਕਾਇਤਾਂ ਦੀ ਸੁਣਵਾਈ ਲਈ ਇਕ ਵਿਸ਼ੇਸ਼ ਸਾਫਟਵੇਅਰ ਤਿਆਰ ਕੀਤਾ ਗਿਆ ਹੈ ਜਿਸ ਨਾਲ ਇਨ੍ਹਾਂ ਦੀ ਨਿਗਰਾਨੀ ਅਤੇ ਇਨ੍ਹਾਂ ਤੇ ਕੀਤੀ ਗਈ ਕਾਰਵਾਈ ਦੀ ਸੂਚਨਾ ਰੱਖੀ ਜਾਂਦੀ ਹੈ।

## ਯੂਰਪੀ ਦੇਸ਼ਾਂ ਦੁਆਰਾ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ

"ਯੂਰਪੀ ਯੂਨੀਅਨ ਵਿੱਚ ਖੇਤਰੀ ਅਤੇ ਸਥਾਨਕ ਲੋਕਤੰਤਰ ਨੂੰ ਮਜਬੂਤ ਬਣਾਉਣਾ" (CoR Studies E-1/2004, Volume 1 and II) ਨਾਂ ਦੇ ਇੱਕ ਮਹੱਤਵਪੂਰਣ ਅਧਿਐਨ ਨੇ ਲੋਕਤੰਤਰੀ ਭਾਗੀਦਾਰੀ ਵਧਾਉਣ, ਨਾਗਰਿਕਾਂ ਅਤੇ ਸਥਾਨਕ ਸ਼ਾਸਨ ਦਾ ਪ੍ਰਤੀਕਰਮ ਸੁਧਾਰਣ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਕੁਸ਼ਲਤਾ ਲਿਆਉਣ ਲਈ ਨਵੀਂ ਤਕਨਾਲੋਜੀ ਦੇ ਉਪਯੋਗ ਦਾ ਅੱਛਾ ਵਰਣਨ ਕੀਤਾ ਹੈ। ਇਸ ਰਿਪੋਰਟ ਅਨੁਸਾਰ ਯੂਰਪੀ ਯੂਨੀਅਨ ਦੇ ਜਿਆਦਾਤਰ ਸਦੱਸ ਦੇਸ਼ਾਂ ਵਿੱਚ ਵਧੇਰੇ ਸਰਗਰਮ ਭੂਮਿਕਾ ਨਿਭਾਉਣ ਵਾਲੇ ਸਥਾਨਕ ਸ਼ਾਸਨਾਂ ਨੇ ਲੋਕ ਪ੍ਰਬੰਧ ਦੇ ਕੰਪਿਊਟਰੀਕਰਣ ਦੀਆਂ ਯੋਜਨਾਵਾਂ ਅਰੰਭ ਦਿੱਤੀਆਂ ਹਨ। ਇਹ ਸਥਾਨਕ ਪੱਧਰ ਤੇ ਲੋਕਤੰਤਰੀ ਭਾਗੀਦਾਰੀ ਨੂੰ ਠੋਸ ਰੂਪ ਦੇਣ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਢੰਗ ਬਣ ਗਿਆ ਹੈ। ਇਸ ਵਿੱਚ ਇਲੈਕਟ੍ਰਾਨਿਕ ਵਿਧੀ ਰਾਹੀ ਮੱਤਦਾਨ, ਚਰਚਾ ਦੇ ਆਨਲਾਈਨ ਮੰਚ ਖੋਲ੍ਹਣ ਅਤੇ ਸੰਚਾਰ ਦੇ ਵੱਖ ਵੱਖ ਸਾਧਨਾਂ ਨੂੰ ਆਪਸ ਵਿੱਚ ਜੋੜਨ ਤੋਂ ਇਲਾਵਾ ਵਣਜ ਪ੍ਰਬੰਧ ਅਤੇ ਸਮੁਦਾ ਸੇਵਾਵਾਂ ਦੀ ਵਿਵਸਥਾ ਲਈ ਪ੍ਰਸ਼ਾਸਨ ਦੇ ਟੈਲੀਮੈਟਰਿਕ ਪੋਰਟਲਾਂ ਨੂੰ ਸੰਵਾਰਣਾ ਸ਼ਾਮਿਲ ਹੈ।

ਜਿਉਂ ਜਿਉਂ ਸਥਾਨਕ ਅਤੇ ਖੇਤਰੀ ਪ੍ਰਸ਼ਾਸਨ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੁਆਰਾ ਉਪਲਬਧ ਕਰਵਾਈਆਂ ਗਈਆਂ ਨਵੀਆਂ ਸੰਗਠਨਾਤਮਕ ਸੰਭਾਵਨਾਵਾਂ ਦਾ ਸਾਮ੍ਹਣਾ ਕਰਨ ਲਈ ਤਿਆਰ ਹੋਣਗੇ, ਤਿਉਂ ਤਿਉਂ ਸਥਾਨਕ ਸ਼ਹਿਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਦਿੱਤੇ ਗਏ ਵਿੱਤੀ ਸਾਧਨਾਂ ਦਾ ਪ੍ਰਬੰਧ ਹੋਰ ਤਰਕਸੰਗਤ ਹੋਵੇਗਾ। ਹੇਠਾਂ ਖੇਤਰਾਂ ਦੀ ਕਮੇਟੀ ਦੀ ਰਿਪੋਰਟ ਦੇ ਅਧਾਰ ਤੇ ਯੂਰਪੀ ਯੂਨੀਅਨ ਦੇ ਛੇ ਦੇਸ਼ਾਂ ਦੁਆਰਾ ਕੀਤੇ ਗਏ ਉਪਰਾਲਿਆਂ ਦਾ ਸੰਖੇਪ ਸਰਵੇਖਣ ਦੇਣ ਦਾ ਜਤਨ ਕੀਤਾ ਗਿਆ ਹੈ। ਇਹ ਛੇ ਦੇਸ਼ ਹਨ : ਨੀਦਰਲੈਂਡ, ਬਰਤਾਨੀਆ, ਫਿਨਲੈਂਡ, ਬੈਲਜੀਅਮ, ਇਟਲੀ ਅਤੇ ਸਪੇਨ।

### ਨੀਦਰਲੈਂਡ

ਸੂਚਨਾ ਤਕਨਾਲੋਜੀ ਦੇ ਉਪਯੋਗ ਪੱਖੋਂ ਨੀਦਰਲੈਂਡ ਯੂਰਪੀ ਯੂਨੀਅਨ ਦੇ ਸਭ ਤੋਂ ਉੱਨਤ ਦੇਸ਼ਾਂ ਵਿੱਚ ਆਉਂਦਾ ਹੈ। ਦੇਸ਼ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਵਿਆਪਕ ਪੱਧਰ ਤੇ ਹੋ ਰਹੀ ਹੈ। 2002 ਦੇ ਅੰਕੜਿਆਂ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਇਸ ਦੇਸ਼ ਦੇ 65.5% ਰਿਹਾਇਸ਼ੀ ਮਕਾਨ ਇੰਟਰਨੈੱਟ ਨਾਲ ਜੁੜੇ ਹੋਏ ਹਨ ਜਦੋਂ ਕਿ ਯੂਰਪ ਦੀ ਔਸਤ ਦਰ 40.4% ਹੈ। ਨਿੱਜੀ ਵਰਤੋਂ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੇ ਪਸਾਰ ਵਿੱਚ ਨੀਦਰਲੈਂਡ ਮੋਹਰੀ ਹੈ। ਵਪਾਰ ਦੇ ਖੇਤਰ ਵਿੱਚ ਵੀ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਇੱਕ ਅਸਲੀਅਤ ਬਣ ਚੁੱਕੀ ਹੈ। ਸਰਕਾਰੀ ਖੇਤਰ ਅਤੇ ਨਿੱਜੀ ਖੇਤਰ ਦੇ ਵਿਅਕਤੀਆਂ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੇ ਉੱਚ ਪੱਧਰੀ ਪਸਾਰ ਕਰਕੇ ਦੇਸ਼ ਦੇ ਜਿਆਦਾਤਰ ਦਫ਼ਤਰਾਂ ਨਾਲ ਸੂਚਨਾ ਅਤੇ ਸੰਚਾਰ ਤਕਨਾਲੋਜੀ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਨੀਦਰਲੈਂਡ ਦੀ ਮਿਡਨ ਡੈਲਫਲੈਂਡ ਨਗਰ ਪਾਲਕਾ ਸੇਵਾਵਾਂ ਨੂੰ ਕੁਸ਼ਲਤਾਪੂਰਵਕ ਮੁਹੱਈਆ ਕਰਵਾਉਣ ਅਤੇ ਸ਼ਿਕਾਇਤ ਨਿਵਾਰਣ ਲਈ ਸੂਚਨਾ ਤਕਨਾਲੋਜੀ ਦੀ ਵਰਤੋਂ ਕਰ ਰਹੀ ਹੈ। ਨਗਰ ਪਾਲਕਾ ਦੀ ਅਪਣੀ ਵੈੱਬਸਾਈਟ ਹੈ ਜਿੱਥੇ ਇਸ ਨੇ ਇੱਕ 20 ਸਫਿਆਂ ਦਾ ਪਰਚਾ ਛਾਪਿਆ ਹੈ ਜੋ ਕਿਸਾਨਾਂ, ਦੁੱਧ ਵਿਉਪਾਰੀਆਂ, ਬਾਗਬਾਨੀ ਕਰਨ ਵਾਲਿਆਂ ਅਤੇ ਆਮ ਨਾਗਰਿਕਾਂ ਲਈ ਇੱਕ ਚੰਗਾ ਮੰਚ ਹੈ। ਨਗਰ ਪਾਲਕਾ ਨੇ ਭਵਿੱਖ ਦੀ ਪਰਿਕਲਪਨਾ ਬਾਰੇ ਇੱਕ ਦਸਤਾਵੇਜ ਤਿਆਰ ਕੀਤਾ ਹੈ ਜਿਸ ਵਿੱਚ ਸਮਾਜਕ, ਆਰਥਕ, ਸੱਭਿਆਚਾਰਕ, ਇਤਿਹਾਸਕ ਅਤੇ ਪ੍ਰਕਿਰਤਕ ਖੇਤਰਾਂ ਤੋਂ ਇਲਾਵਾ ਦੁੱਧ ਵਿਉਪਾਰ, ਭੂ ਦਰਿੱਸ਼, ਪਾਣੀ, ਮਨੋਰੰਜਨ, ਪੁਰਾਤੱਤਵ, ਢੋ ਢੁਆਈ, ਨਿਵੇਸ਼, ਬੁਨਿਆਦੀ ਢਾਂਚਾ ਅਤੇ ਪਰਿਆਵਰਣ ਵੀ ਸ਼ਾਮਿਲ ਹਨ। ਦੇਸ਼ ਦੀ ਸਰਕਾਰ ਨੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਉੱਚ ਪਹਿਲ ਦਿੱਤੀ ਹੈ ਅਤੇ ਇਹ ਪ੍ਰਣਾਲੀ ਲਗਭਗ ਸਾਰੀਆਂ ਨਗਰ ਪਾਲਕਾਵਾਂ ਵਿੱਚ ਅਪਣਾਈ ਜਾ ਚੁੱਕੀ ਹੈ।

### ਬਰਤਾਨੀਆ

ਬਰਤਾਨੀਆ ਵਿੱਚ ਲੋਕ ਪ੍ਰਸ਼ਾਸਨ ਦਾ ਕਾਫੀ ਹੱਦ ਤੱਕ ਕੰਪਿਊਟਰੀਕਰਣ ਹੋ ਚੁੱਕਿਆ ਹੈ। ਸੰਸਥਾਵਾਂ ਨੂੰ ਲੋਕਾਂ ਦੇ ਨੇੜੇ ਲਿਆਉਣ ਲਈ ਦੂਰ ਸੰਚਾਰ ਦਾ ਵਿਕਾਸ ਸਰਕਾਰ ਦੀ ਵਿਸ਼ੇਸ਼ ਰਣਨੀਤੀ ਹੈ। ਖੇਤਰੀ ਅਤੇ ਸਥਾਨਕ ਪੱਧਰਾਂ ਸਮੇਤ ਸਰਕਾਰੀ ਖੇਤਰ ਵਿੱਚ ਹਾਰਡਵੇਅਰ ਅਤੇ ਸਾਫਟਵੇਅਰ ਦੀ ਵਧ ਰਹੀ ਵਰਤੋਂ ਪੱਖੋਂ ਫਰਾਂਸ ਅਤੇ ਜਰਮਨੀ ਤੋਂ ਇਲਾਵਾ ਬਰਤਾਨੀਆ ਇੱਕ ਮੋਹਰੀ ਦੇਸ਼ ਹੈ। ਨਾਗਰਿਕ ਜਾਂ ਉਪਭੋਗਤਾ, ਕਿਸੇ ਵੀ ਵਿਅਕਤੀ ਲਈ, ਜਿਸ ਦਾ ਸਥਾਨਕ ਸ਼ਾਸਨ ਨਾਲ ਵਾਹ ਪੈਂਦਾ ਹੈ, ਜਿੱਥੇ ਅਤੇ ਜਦੋਂ ਚਾਹੇ ਕਿਸੇ ਵੀ ਸੇਵਾ ਦੀ ਇੱਛਾ ਅਨੁਸਾਰ ਮੰਗ ਕਰਨਾ ਸੰਭਵ ਹੈ। ਲੈਸਟਰ ਸਿਟੀ ਕੌਂਸਲ ਅਤੇ ਰਟਲੈਂਡ ਕਾਊਂਟੀ ਕੌਂਸਲ ਨੇ ਅਪਣੀਆਂ ਸਾਰੀਆਂ ਇਕਾਈਆਂ ਅਤੇ ਗਤੀਵਿਧੀਆਂ ਨੂੰ ਕੰਪਿਊਟਰੀਕ੍ਰਿਤ ਕਰ ਦਿੱਤਾ ਹੈ। ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਸਾਰੀਆਂ ਕੌਂਸਲਾਂ ਦਾ ਅਟੁੱਟ ਅੰਗ ਹੈ।

### ਫਿਨਲੈਂਡ

ਫਿਨਲੈਂਡ ਓਦਯੋਗਿਕ ਤੇ ਸੂਚਨਾ ਆਧਾਰਤ ਸਮਾਜ ਬਣਨ ਵਾਲੇ ਪਹਿਲੇ ਅਤੇ ਸਭ ਤੋਂ ਵੱਧ ਸਫਲ ਦੇਸ਼ਾਂ ਵਿੱਚੋਂ ਹੈ। ਯੂਰਪੀ ਕਮਿਸ਼ਨ ਦੁਆਰਾ ਹਾਲ ਹੀ ਵਿੱਚ ਕੀਤੇ ਗਏ ਇੱਕ ਸਰਵੇਖਣ ਨੇ ਮੁਢਲੀਆਂ ਜਨਤਕ ਸੇਵਾਵਾਂ ਦੀ ਆਨ ਲਾਈਨ ਉਪਲਬਧਤਾ ਪੱਖੋਂ ਫਿਨਲੈਂਡ ਨੂੰ ਯੂਰਪੀ ਯੂਨੀਅਨ ਵਿੱਚ ਦੂਜਾ ਦਰਜਾ ਦਿੱਤਾ ਹੈ। ਇਸ ਪੱਖੋਂ ਆਇਰਲੈਂਡ ਇਸ ਤੋਂ ਅੱਗੇ ਅਤੇ ਸਵੀਡਨ ਪਿੱਛੇ ਹੈ।

ਸੂਚਨਾ ਤਕਨਾਲੋਜੀ ਦੀ ਸੰਭਾਵਨਾ ਤੋਂ ਪੈਦਾ ਹੋਈ ਗਹਿਰੀ ਦਿਲਚਸਪੀ ਨੇ, ਜੋ ਕਿ ਸਰਕਾਰੀ ਅਤੇ ਨਿੱਜੀ ਖੇਤਰਾਂ ਦੁਆਰਾ ਮਿਲ ਕੇ ਕੀਤੇ ਗਏ ਮਹੱਤਵਪੂਰਣ ਨਿਵੇਸ਼ ਤੋਂ ਸਪੱਸ਼ਟ ਹੈ, ਫਿਨਲੈਂਡ ਦੀ ਰਾਸ਼ਟਰੀ ਸਰਕਾਰ ਨੂੰ ਅੱਜ ਤੱਕ 170 ਤਰ੍ਹਾਂ ਦੀਆਂ ਸੇਵਾਵਾਂ ਆਨ ਲਾਈਨ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ ਹੈ। ਇਨ੍ਹਾਂ ਵਿੱਚ ਸਿਟੀਜ਼ਨਜ਼

ਹੈਂਡ ਬੁੱਕ ਲਈ ਪੋਰਟਲ ਸਾਈਟਾਂ ਵੀ ਸ਼ਾਮਿਲ ਹਨ। ਕੁੱਝ ਸਮਾਂ ਪਹਿਲਾਂ ਤੱਕ ਇੱਕ ਸਰਕਾਰੀ ਪੋਰਟਲ ਦੀ ਸ਼ਕਲ ਵਿੱਚ ਇੱਕ ਆਨ ਲਾਈਨ ਸਿਟੀਜ਼ਨਜ਼ ਹੈਂਡ ਬੁੱਕ ਉਪਲਬਧ ਸੀ। ਇਸ ਵਿੱਚ ਨਾਗਰਿਕਾਂ ਅਤੇ ਵਪਾਰਕ ਅਦਾਰਿਆਂ ਲਈ ਬਹੁਤ ਸਾਰੀ ਸੂਚਨਾ ਤੋਂ ਇਲਾਵਾ ਕਈ ਤਰ੍ਹਾਂ ਦੇ ਫਾਰਮ ਵੀ ਸਨ ਜਿਹੜੇ ਪ੍ਰਸ਼ਾਸਨ ਨੂੰ ਬਿਨੈ ਪੱਤਰ ਦੇਣ ਲਈ ਇੰਨਰਨੈੱਟ ਤੋਂ ਡਾਊਨਲੋਡ ਕੀਤੇ ਜਾ ਸਕਦੇ ਸਨ। ਵਿੱਤ ਮੰਤਰਾਲੇ ਨੇ ਸਰਕਾਰੀ ਖੇਤਰ ਦੇ ਸਾਰੇ ਸੰਗਠਨਾਂ ਅਤੇ ਸੰਸਥਾਵਾਂ ਨਾਲ ਸੰਪਰਕ ਕਰਨ ਲਈ ਇੱਕੋ ਸਰੋਤ ਮੁਹੱਈਆ ਕਰਵਾਉਣ ਵਾਸਤੇ ਇੱਕ ਨਵਾਂ ਅਤੇ ਵਿਸਤ੍ਰਿਤ ਪੋਰਟਲ ਤਿਆਰ ਕੀਤਾ ਹੈ। ਇਸ ਪੋਰਟਲ ਨੇ ਸੇਵਾਵਾਂ ਦੀ ਗੁਣਵੱਤਾ ਅਤੇ ਉਨ੍ਹਾਂ ਤੱਕ ਪਹੁੰਚਣ ਦੀ ਵਿਧੀ ਨੂੰ ਅਸਾਨ ਬਣਾਉਣ ਤੋਂ ਇਲਾਵਾ ਉਨ੍ਹਾਂ ਦੀ ਸੰਖਿਆ ਵਿੱਚ ਵੀ ਵਾਧਾ ਕੀਤਾ ਹੈ ਜਿਸ ਨਾਲ ਨਾਗਰਿਕਾਂ ਨੂੰ ਨਵੇਂ ਵਿਕਲਪ ਉਪਲਬਧ ਹੋਏ ਹਨ। ਇਨ੍ਹਾਂ ਵਿੱਚ ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦਾ ਬਿਨੈ ਪੱਤਰ ਦੇਣ ਲਈ ਮਾਨਕ ਫਾਰਮ, ਸਰਕਾਰੀ ਅਫਸਰਾਂ ਦੇ ਈ-ਮੇਲ ਪਤਿਆਂ ਦੀ ਨਿਰਦੇਸ਼ਕਾ ਅਤੇ ਇੱਕ ਸੁਧਰਿਆ ਹੋਇਆ ਸਰਚ ਇੰਜਣ ਸ਼ਾਮਿਲ ਹੈ।

**ਬੈਲਜੀਅਮ**

ਬੈਲਜੀਅਮ ਨੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਰਾਹੀਂ ਸੰਚਾਰ ਵਿੱਚ ਵਾਧਾ ਕਰਨ ਅਤੇ ਪ੍ਰਬੰਧ ਵਿੱਚ ਸੁਧਾਰ ਕਰਨ ਲਈ ਸੂਚਨਾ ਤਕਨਾਲੋਜੀ ਸੰਬੰਧੀ ਹੇਠ ਲਿਖੇ ਉਪਰਾਲੇ ਸ਼ੁਰੂ ਕੀਤੇ ਹਨ :-

(ੳ) Dimona : ਇਹ ਕਿਸੇ ਵਿਅਕਤੀ ਦੁਆਰਾ ਨੌਕਰੀ ਲੈਣ ਜਾਂ ਛੱਡਣ ਬਾਰੇ ਸਮਾਜਕ ਸੁਰੱਖਿਆ ਅਧਿਕਾਰੀਆਂ ਸਾਮ੍ਹਣੇ ਕੀਤੀ ਗਈ ਇਲੈਕਟਰਾਨਿਕ ਘੋਸ਼ਣਾ ਹੈ।

(ਅ) Intervat : ਇਹ ਸੰਬੰਧਤ ਧਿਰਾਂ ਦੁਆਰਾ ਇਲੈਕਟਰਾਨਿਕ ਹਸਤਾਖਰ ਪ੍ਰਾਪਤ ਕਰਨ ਉਪਰੰਤ VAT ਸੰਬੰਧੀ ਕੀਤੀ ਗਈ ਇਲੈਕਟਰਾਨਿਕ ਘੋਸ਼ਣਾ ਹੈ।

**(ੲ) ਵਾਹਨਾਂ ਦੀਆਂ ਨੰਬਰ ਪਲੇਟਾਂ ਲਈ ਇਲੈਕਟਰਾਨਿਕ ਬਿਨੈ ਪੱਤਰ।**

**(ਸ) ਆਮਦਨੀ ਕਰ ਸੰਬੰਧੀ ਇਲੈਕਟਰਾਨਿਕ ਘੋਸ਼ਣਾ (2002 ਦੇ ਅਰੰਭ ਤੋਂ)**

**(ਹ) ਸਾਂਝੀ ਇਲੈਕਟਰਾਨਿਕ ਵਸੂਲੀ (Joint Electronic Procurement)** - ਇਹ ਪ੍ਰਸ਼ਾਸਨਿਕ ਵਸੂਲੀ ਦੀ ਪੂਰੀ ਤਰ੍ਹਾਂ ਸਵੈਚਲਤ ਪ੍ਰਣਾਲੀ ਸਥਾਪਤ ਕਰਨ ਦੀ ਯੋਜਨਾ ਹੈ।

**ਇਟਲੀ**

ਇਟਲੀ ਨੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਅਤੇ ਲੋਕਤੰਤਰ ਦੀ ਸ਼ੁਰੂਆਤ ਕੀਤੀ ਹੈ ਅਤੇ ਸਥਾਨਕ ਲੋਕ ਪ੍ਰਸ਼ਾਸਨ ਦਾ ਕੰਪਿਊਟਰੀਕਰਣ ਕਰਨ ਲਈ ਕਈ ਉਪਰਾਲੇ ਕੀਤੇ ਹਨ। ਮੰਤਰੀ ਮੰਡਲ ਨੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਐਕਸ਼ਨ ਪਲੈਨ ਨੂੰ 2000 ਵਿੱਚ ਮੰਜ਼ੂਰੀ ਦੇ ਦਿੱਤੀ ਸੀ। ਇਸ ਨੇ ਸਥਾਨਕ ਸ਼ਾਸਨ ਸਮੇਤ ਸਰਕਾਰੀ ਅਧਿਕਾਰੀਆਂ ਦੁਆਰਾ ਸਥਾਨਕ ਸੰਸਥਾਵਾਂ ਦੀ ਕਾਰਜ ਕੁਸ਼ਲਤਾ ਸੁਧਾਰਣ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਸੰਬੰਧੀ ਕਈ ਉਪਰਾਲਿਆਂ ਦੀ ਸ਼ਨਾਖ਼ਤ ਕੀਤੀ। ਸੇਵਾਵਾਂ ਦਾ ਕੰਪਿਊਟਰੀਕਰਣ ਅਤੇ ਉਪਭੋਗਤਾਵਾਂ ਦੀ ਇਨ੍ਹਾਂ ਤੱਕ ਇਲੈਕਟਰਾਨਿਕ ਪਹੁੰਚ ਮੁੱਖ ਗਤੀਵਿਧੀਆਂ ਸਨ। ਜਨਤਾ ਨੂੰ ਹੇਠ ਲਿਖੀਆਂ ਸਹੂਲਤਾਂ ਉਪਲਬਧ ਹਨ :

(ੳ) ਲੋਕ ਪ੍ਰਸ਼ਾਸਨ ਦੇ ਸਾਰੇ ਵਿਭਾਗ ਆਪਸ ਵਿੱਚ ਜੁੜੇ ਹੋਏ ਹੋਣ ਤੋਂ ਇਲਾਵਾ ਜਨਤਾ ਅਤੇ ਵਪਾਰਕ ਅਦਾਰਿਆਂ ਨਾਲ ਵੀ ਜੁੜੇ ਹੋਏ ਹਨ।

(ਅ) ਆਨ ਲਾਈਨ ਸੇਵਾਵਾਂ ਲਈ ਵਸੀਲੇ ਉਪਲਬਧ ਕਰਵਾਏ ਜਾਂਦੇ ਹਨ।

(ੲ) ਆਨ ਲਾਈਨ ਸੇਵਾਵਾਂ ਦੇਣ ਲਈ ਵਿਵਸਥਾ ਨੂੰ ਤਰਕਸੰਗਤ ਬਣਾਇਆ ਜਾਂਦਾ ਹੈ।

(ਸ) ਆਨ ਲਾਈਨ ਸੁਰੱਖਿਆ ਯਕੀਨੀ ਬਣਾਉਣ ਲਈ ਜਰੂਰੀ ਵਿਵਸਥਾ ਕੀਤੀ ਜਾਂਦੀ ਹੈ।

(ਹ) ਸੇਵਾਵਾਂ ਨੂੰ ਦੇਸ਼ ਭਰ ਵਿੱਚ ਚਲਾਈਆਂ ਜਾਣ ਯੋਗ ਬਣਾਉਣ ਲਈ ਸੰਬੰਧਤ ਪ੍ਰਣਾਲੀਆਂ ਨੂੰ ਕਿਰਿਆਸ਼ੀਲ ਬਣਾਇਆ ਜਾਂਦਾ ਹੈ।

(ਕ) ਵਿਕੇਂਦਰੀਕ੍ਰਿਤ ਅਤੇ ਸੰਘੀਕ੍ਰਿਤ ਪ੍ਰਣਾਲੀਆਂ ਅਤੇ ਮੁੜ ਵਰਤੋਂ ਆਧਾਰਤ ਹੱਲਾਂ ਦਾ ਉਪਯੋਗ ਕੀਤਾ ਜਾਂਦਾ ਹੈ।

(ਖ) ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਲਾਗੂ ਕਰਨ ਲਈ ਸੰਗਠਨਾਤਮਕ ਢਾਂਚਿਆਂ ਦਾ ਨਿਰਮਾਣ ਕੀਤਾ ਜਾਂਦਾ ਹੈ।

(ਗ) ਸਾਂਝੇ ਢਾਂਚਿਆਂ ਤੇ ਆਧਾਰਤ ਪ੍ਰਣਾਲੀ ਦਾ ਨਿਰਮਾਣ ਕੀਤਾ ਜਾਂਦਾ ਹੈ।

Progetto Enti Online Portali e-Government ਨਾਂ ਦੀ ਲੋਕ ਯੋਜਨਾ ਖਾਸ ਤੌਰ ਤੇ ਦਿਲਚਸਪ ਹੈ : ਇਸ ਵਿੱਚ ਲਗਭਗ 75 ਲੱਖ ਦੀ ਕੁੱਲ ਅਬਾਦੀ ਵਾਲੇ 13 ਵੱਖ ਵੱਖ ਖੇਤਰਾਂ ਤੋਂ 57 ਸ਼ਾਸਨਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਦਾ ਉਦੇਸ਼ ਜਨਤਾ ਅਤੇ ਵਪਾਰਕ ਅਦਾਰਿਆਂ ਨੂੰ 200 ਤੋਂ ਜ਼ਿਆਦਾ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਇਨ੍ਹਾਂ ਸੇਵਾਵਾਂ ਨੂੰ ਛੇ ਮੁੱਖ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ : (ੳ) ਸਥਾਨਕ ਕਰ ਸੇਵਾਵਾਂ (ਅ) ਪਰਮਿਟ ਤੇ ਲਾਇਸੰਸ ਜਾਰੀ ਕਰਨਾ (ੲ) ਵਿਅਕਤੀਗਤ ਸੇਵਾਵਾਂ (ਭਲਾਈ, ਸਕੂਲ, ਸੱਭਿਆਚਾਰਕ ਅਤੇ ਸਿੱਖਿਆ ਸੰਬੰਧੀ ਸੇਵਾਵਾਂ) (ਸ) ਰਜਿਸਟਰੀ ਸੇਵਾਵਾਂ (ਹ) ਸੂਚਨਾ ਤਕਨਾਲੋਜੀ ਸੰਬੰਧੀ ਸੇਵਾਵਾਂ (ਕ) ਹੋਰ ਜਨਤਕ ਪੋਰਟਲਾਂ ਨੂੰ ਜੋੜਨ ਵਾਲੀਆਂ ਸੇਵਾਵਾਂ।

### ਸਪੇਨ

ਸਪੇਨ ਵਿੱਚ ਸੂਚਨਾ ਆਧਾਰਤ ਸਮਾਜ ਦੇ ਨਿਰਮਾਣ ਲਈ ਅਪਣਾਈ ਗਈ ਰਣਨੀਤੀ ਵਿੱਚ ਨਿਰਣਾਇਕ ਮੋੜ 1999 ਵਿੱਚ ਆਇਆ ਜਦੋਂ ਸਰਕਾਰ ਨੇ ਦੂਰ ਸੰਚਾਰ ਅਤੇ ਸੂਚਨਾ ਆਧਾਰਤ ਸਮਾਜ ਦੇ ਮੰਤਰਾਲੇ ਦੁਆਰਾ ਤਿਆਰ ਕੀਤਾ ਗਿਆ ਦਸਤਾਵੇਜ਼ "ਇਨਫੋ XXI : ਸਭਨਾਂ ਲਈ ਸੂਚਨਾ ਆਧਾਰਤ ਸਮਾਜ" ਅਪਣਾ ਲਿਆ। ਇਸ ਦੇ ਮੁੱਖ ਉਦੇਸ਼ ਹਨ :

(ੳ) ਸੂਚਨਾ ਅਤੇ ਸੰਚਾਰ ਤਕਨਾਲੋਜੀ ਖੇਤਰ ਨੂੰ ਉਤਸ਼ਾਹਤ ਕਰਨਾ, ਨਿਯੰਤਰਣ ਹਟਾਉਣ ਦੀ ਪ੍ਰਕਿਰਿਆ ਨੂੰ ਪੂਰਾ ਕਰਕੇ ਪ੍ਰਤੀਯੋਗਤਾ ਨੂੰ ਉਤਸ਼ਾਹ ਦੇਣਾ।

(ਅ) ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦਾ ਅਰੰਭ ਕਰਕੇ ਇਸ ਦਾ ਵਿਕਾਸ ਕਰਨਾ।

(ੲ) ਸੂਚਨਾ ਆਧਾਰਤ ਸਮਾਜ ਤੱਕ ਵਿਅਕਤੀਆਂ ਅਤੇ ਵਪਾਰਕ ਅਦਾਰਿਆਂ ਦੀ ਪਹੁੰਚ ਨੂੰ ਅਸਾਨ ਬਣਾਉਣਾ।

ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀਆਂ ਮੁੱਖ ਯੋਜਨਾਵਾਂ ਹੇਠ ਲਿਖੇ ਅਨੁਸਾਰ ਹਨ :

(ੳ) ਲੋਕ ਪ੍ਰਸ਼ਾਸਨ ਦਾ ਇੱਕ ਪੋਰਟਲ, ਜਿਹੜਾ ਕਿ 'ਵਨ ਸਟਾਪ ਪੋਰਟਲ' ਹੈ ਇੱਕੋ ਥਾਂ ਕੋਈ 53 ਸੇਵਾਵਾਂ ਆਨ ਲਾਈਨ ਉਪਲਬਧ ਕਰਵਾਉਂਦਾ ਹੈ।

(ਅ) ਕਰਾਂ ਦੀ ਘੋਸ਼ਣਾ ਅਤੇ ਭੁਗਤਾਨ ਲਈ ਇੱਕ ਇੰਟਰਨੈੱਟ ਆਧਾਰਤ ਪ੍ਰਣਾਲੀ ਜਿਸ ਨਾਲ ਪਿਛਲੇ ਸਾਲ ਦੀ ਤੁਲਨਾ ਵਿੱਚ ਕਰਾਂ ਦੀ ਘੋਸ਼ਣਾ ਵਿੱਚ 43.4% ਵਾਧਾ ਹੋਇਆ।

(ੲ) ਨਵੇਂ ਵਿਉਪਾਰ ਸਥਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਵਿਉਪਾਰ ਨਿਰਮਾਣ ਸੂਚਨਾ ਕੇਂਦਰ ਅਤੇ ਨੈੱਟਵਰਕ

(ਸ) ਸਰਕਾਰੀ ਅਧਿਕਾਰੀਆਂ ਅਤੇ ਸੰਸਥਾਵਾਂ ਤੋਂ ਆਉਣ ਵਾਲੇ ਇਲੈਕਟਰਾਨਿਕ, ਇਨਫਰਮੈਟਿਕ ਅਤੇ ਟੈਲੀਮੈਟਿਕ ਸੰਦੇਸ਼ਾਂ ਦੀ ਸੁਰੱਖਿਆ, ਪਰਮਾਣਕਤਾ ਅਤੇ ਕੁਸ਼ਲਤਾ ਯਕੀਨੀ ਬਣਾਉਣ ਲਈ ਲੁੜੀਂਦੀਆਂ ਤਕਨੀਕੀ ਅਤੇ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਹਿੱਤ Spanish Electronic Transaction Certification

(ਹ) ਇਲੈਕਟਰਾਨਿਕ ਪਹਿਚਾਣ ਪੱਤਰ ਜੋ ਇਸ ਦੀ ਵਰਤੋਂ ਨਾਲ ਸੰਬੰਧਤ ਮੁਢਲੀਆਂ ਇਲੈਕਟਰਾਨਿਕ ਹਸਤਾਖਰ ਸੇਵਾਵਾਂ ਦੇਣ ਦੇ ਉਦੇਸ਼ ਨਾਲ ਨਿਰਮਿਤ ਕੀਤਾ ਗਿਆ ਹੈ।

(ਕ) ਇਲੈਕਟਰਾਨਿਕ ਸਿਵਲ ਰਜਿਸਟਰ ਜੋ ਸਿਵਲ ਰਜਿਸਟਰਾਂ ਦਾ ਕੰਪਿਊਟਰੀਕਰਣ ਕਰਕੇ ਇਨ੍ਹਾਂ ਨੂੰ ਇੱਕ ਦੂਜੇ ਨਾਲ ਜੋੜਨ ਲਈ ਬਣਾਇਆ ਗਿਆ ਹੈ। ਹੁਣ ਤੱਕ ਕੋਈ ਇੱਕ ਸੌ ਸਿਵਲ ਰਜਿਸਟਰਾਂ ਦਾ ਕੰਪਿਊਟਰੀਕਰਣ ਹੋ ਚੁੱਕਿਆ ਹੈ ਅਤੇ ਇੱਕ ਕੇਂਦਰੀ ਤੱਥ ਸੰਗ੍ਰਹਿ ਸਥਾਪਤ ਕਰਨ ਤੇ ਵਿਚਾਰ ਕੀਤਾ ਜਾ ਰਿਹਾ ਹੈ।

## ਅੱਗੇ ਦਾ ਰਸਤਾ

## ਸ਼ਹਿਰੀ ਸਥਾਨਕ ਸੰਸਥਾਵਾਂ ਦੇ ਪੱਧਰ ਤੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਨਿਰਮਾਣ ਨੂੰ ਲਾਗੂ ਕਰਨ ਦੀ ਰਣਨੀਤੀ

ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਇੱਕ ਰਾਸ਼ਟਰੀ ਪੱਧਰ ਦੇ ਉਪਰਾਲੇ ਦੇ ਤੌਰ ਤੇ ਲਾਗੂ ਕਰਨ ਤੋਂ ਪਹਿਲਾਂ ਅਹਿਮ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਉਪਲਬਧ ਕਰਵਾਉਣਾ ਜਰੂਰੀ ਹੋਵੇਗਾ। ਇਹ ਇਸ ਕਾਰਜ ਲਈ ਪੂਰਵ ਸ਼ਰਤਾਂ ਹਨ ਜੋ ਨਿਮਨਲਿਖਤ ਅਨੁਸਾਰ ਹੋ ਸਕਦੀਆਂ ਹਨ :

**(ੳ) ਪ੍ਰਕਿਰਿਆ ਦਾ ਪੁਨਰ ਨਿਰਮਾਣ :** ਕਾਰਜ ਕੁਸ਼ਲਤਾ ਵਧਾਉਣ ਦੇ ਉਦੇਸ਼ ਨਾਲ ਮਨੁੱਖੀ, ਵਿੱਤੀ ਅਤੇ ਹੋਰ ਪ੍ਰਕਿਰਿਆਤਮਕ ਸਾਧਨਾਂ ਦੀ ਯੋਜਨਾਬੰਦੀ ਅਤੇ ਨਿਗਰਾਨੀ ਕਰਕੇ ਇਨ੍ਹਾਂ ਦੀ ਕਾਰਜ ਪੂਰਤੀ ਦਾ ਨਿਯੰਤਰਣ ਕਰਨਾ।

**(ਅ) ਜੁੱਧਨੀਤਕ ਸੰਪਰਕ :** ਸਰਕਾਰੀ ਪ੍ਰਕਿਰਿਆਵਾਂ ਨੂੰ ਸੇਧ ਦੇਣ ਵਾਲੀ ਪਾਲਿਸੀ ਅਤੇ ਰਣਨੀਤੀ ਦੀ ਪੜਤਾਲ ਕਰਨ, ਇਸ ਨੂੰ ਵਿਕਸਤ ਅਤੇ ਲਾਗੂ ਕਰਨ ਦੀ ਸਮਰਥਾ ਨੂੰ ਮਜਬੂਤ ਬਣਾਉਣ ਲਈ ਸਰਕਾਰ ਦੇ ਅੰਗਾਂ, ਅਦਾਰਿਆਂ, ਪੱਧਰਾਂ ਅਤੇ ਤੱਥ ਸੰਗ੍ਰਹਿਾਂ ਨੂੰ ਆਪਸ ਵਿੱਚ ਜੋੜਨਾ।

**(ੲ) ਸ਼ਕਤੀ ਸੰਪੰਨ ਬਣਾਉਣਾ :** ਸਰਕਾਰੀ ਪ੍ਰਕਿਰਿਆਵਾਂ ਲਈ ਲੁੜੀਂਦੀ ਸ਼ਕਤੀ, ਅਧਿਕਾਰ ਅਤੇ ਸਾਧਨਾਂ ਨੂੰ ਮੌਜੂਦਾ ਕੇਂਦਰਾਂ ਤੋਂ ਬਦਲ ਕੇ ਨਵੇਂ ਕੇਂਦਰਾਂ ਦੇ ਸਪੁਰਦ ਕਰਨਾ।

**(ਸ) ਮਾਪ ਦੰਡ :** ਜਨਤਕ ਸੇਵਾਵਾਂ ਨੂੰ ਸੂਚਨਾ ਪ੍ਰਣਾਲੀ ਆਧਾਰਤ ਸ਼ਾਸਨ ਦੇ ਏਕੀਕ੍ਰਿਤ ਹੱਲ ਲੱਭਣ ਵਿੱਚ ਸਹਾਇਤਾ ਕਰਨ ਲਈ ਤਕਨੀਕੀ ਅਤੇ ਗੈਰ ਤਕਨੀਕੀ ਨਿਰਦੇਸ਼ਨ ਅਤੇ ਮਾਪ ਦੰਡਾਂ ਦੀ ਵਿਸਤ੍ਰਿਤ ਪ੍ਰਣਾਲੀ ਤੋਂ ਇਲਾਵਾ ਇਸ ਦੇ ਸਮਰਥਨ ਲਈ ਅਵੱਸ਼ਕ ਕਾਨੂੰਨੀ ਢਾਂਚੇ ਦਾ ਨਿਰਮਾਣ।

**(ਹ) ਬੁਨਿਆਦੀ ਢਾਂਚਾ :** ਇਸ ਵਿੱਚ ਉਹ ਅੰਗ ਸ਼ਾਮਿਲ ਹਨ ਜਿਨ੍ਹਾਂ ਨੂੰ ਕੇਂਦਰੀ ਜਾਂ ਸਥਾਨਕ ਕਿਸੇ ਵੀ ਪੱਧਰ ਤੇ ਵਿਕਸਤ ਕੀਤਾ ਜਾ ਸਕਦਾ ਹੈ। ਇਸ ਨਾਲ ਸਥਾਨਕ ਪੱਧਰ ਤੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਵਿਕਸਤ ਕਰਨ ਦੇ ਰਾਹ ਵਿਚਲੀਆਂ ਰੁਕਾਵਟਾਂ ਵੀ ਦੂਰ ਹੋਣਗੀਆਂ ਅਤੇ ਸਰਕਾਰ ਵਿੱਚ ਸੰਪਰਕ ਵਧੇਗਾ।

**(ਕ) ਭਾਗੀਦਾਰੀਆਂ :** ਸਥਾਨਕ ਸ਼ਾਸਨ ਅਲੱਗ-ਅਲੱਗ ਰਹਿ ਕੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਪੂਰੇ ਲਾਭ ਨਹੀਂ ਉਠਾ ਸਕਦੇ। ਸੇਵਾਵਾਂ ਦੇ ਆਪਸੀ ਸੰਪਰਕ ਸਥਾਪਤ ਕਰਨ, ਮੁਹਾਰਤਾਂ ਨੂੰ ਸਾਂਝਾ ਕਰਨ, ਖਤਰੇ ਨੂੰ ਘਟਾਉਣ ਅਤੇ ਸਾਧਨਾਂ ਦੇ ਚੰਗੇਰੇ ਉਪਯੋਗ ਲਈ ਸਰਕਾਰ, ਨਿੱਜੀ ਖੇਤਰ ਦੇ ਅਤੇ ਸਵੈ ਇੱਛਤ ਸੰਗਠਨਾਂ ਵਿਚਕਾਰ ਭਾਗੀਦਾਰੀ ਅਤਿ ਅਵੱਸ਼ਕ ਹੈ।

**(ਖ) ਸਮਰਥਨ :** ਇਸ ਕਾਰਜਕ੍ਰਮ ਨੂੰ ਨੇਪਰੇ ਚਾੜ੍ਹਨ ਲਈ ਵਿਸ਼ਾਲ ਸਮਰਥਨ ਦੀ ਲੋੜ ਹੈ। ਸਿਖਲਾਈ, ਸੰਗਠਨਾਤਮਕ ਵਿਕਾਸ, ਪਰੀਵਰਤਨ ਦੇ ਪ੍ਰਬੰਧ ਅਤੇ ਸੂਚਨਾ ਪ੍ਰਣਾਲੀ ਆਧਾਰਤ ਮੁਹਾਰਤਾਂ ਲਈ ਲੁੜੀਂਦੇ ਸਮਰਥਨ ਦੀ ਪਹਿਚਾਣ ਕਰਕੇ ਇਸ ਨੂੰ ਵਿਕਸਤ ਕੀਤਾ ਜਾਵੇਗਾ।

**(ਗ) ਤਸਦੀਕ ਕਰਨ ਵਾਲੇ ਅਧਿਕਾਰੀ :** ਅਹਿਮ ਸਰਕਾਰੀ ਬੁਨਿਆਦੀ ਢਾਂਚੇ ਅਤੇ ਤਸਦੀਕ ਕਰਨ ਲਈ ਜਿੰਮੇ ਵਾਰ ਅਧਿਕਾਰੀ (Public Key Infrastructure and Certification Authorities) ਡਿਜੀਟਲ ਪ੍ਰਮਾਣ

ਪੱਤਰ ਦੇਣਗੇ ਜਿਨ੍ਹਾਂ ਨਾਲ ਇੰਟਰਨੈੱਟ ਲਈ ਇੱਕ ਆਨ ਲਾਈਨ ਪਹਿਚਾਣ ਅਤੇ ਸੁਰੱਖਿਆ ਦੀ ਪ੍ਰਣਾਲੀ ਦਾ ਨਿਰਮਾਣ ਕਰਨ ਵਿੱਚ ਸਹਾਇਤਾ ਮਿਲੇਗੀ। ਇਸ ਨਾਲ ਵਿਅਕਤੀਆਂ, ਨਿਗਮਾਂ ਅਤੇ ਸਰਕਾਰੀ ਸੰਗਠਨਾਂ ਨੂੰ ਆਪਸੀ ਲੈਣ ਦੇਣ ਅਤੇ ਸੰਦੇਸ਼ ਪਹੁੰਚਾਉਣ ਵਿੱਚ ਸਹਾਇਤਾ ਮਿਲੇਗੀ। ਇਸ ਤਰ੍ਹਾਂ ਇਹ ਸੂਚਨਾ ਆਧਾਰਤ ਪ੍ਰਸ਼ਾਸਨ ਲਈ ਇੱਕ ਜਰੂਰੀ ਸ਼ਰਤ ਹੈ।

(ਘ) **ਚੰਗੇਰੇ ਪ੍ਰਸ਼ਾਸਨ ਲਈ ਜਾਣਕਾਰੀ ਦੀ ਨੈੱਟਵਰਕਿੰਗ :** ਚੰਗਾ ਪ੍ਰਸ਼ਾਸਨ ਜਾਣਕਾਰੀ ਦੇ ਥੰਮ੍ਹਾਂ ਤੇ ਖੜ੍ਹਾ ਹੁੰਦਾ ਹੈ ਅਤੇ ਫੈਸਲਾ ਲੈਣ ਵਾਲਿਆਂ ਦੁਆਰਾ ਇਸ ਜਾਣਕਾਰੀ ਨੂੰ ਦਿੱਤੀ ਗਈ ਮਾਨਤਾ ਤੇ ਨਿਰਭਰ ਕਰਦਾ ਹੈ। ਸਮੁੱਚੀ ਜਾਣਕਾਰੀ ਨੂੰ ਇੱਕ ਢਾਂਚੇ ਅਧੀਨ ਡਿਜੀਟਲ ਰੂਪ ਦੇਣ ਨਾਲ, ਜਿਹੜਾ ਫੈਸਲਾ ਲੈਣ ਵਾਲਿਆਂ ਸਮੇਤ ਹਰੇਕ ਵਿਅਕਤੀ ਨੂੰ ਇੱਕ ਦੂਜੇ ਨਾਲ ਜੋੜਦਾ ਹੈ ਅਤੇ ਹਰੇਕ ਨੂੰ ਇਸ ਜਾਣਕਾਰੀ ਤੱਕ ਪਹੁੰਚਣ ਅਤੇ ਇਸ ਦਾ ਉਪਯੋਗ ਕਰਨ ਦੀ ਲੋਕਤੰਤਰੀ ਸੁਤੰਤਰਤਾ ਦਿੰਦਾ ਹੈ, ਡਿਜੀਟਲ ਪ੍ਰਸ਼ਾਸਨ ਲਈ ਰਾਹ ਖੋਲ੍ਹਦਾ ਹੈ।

(ਙ) **ਤੱਥਾਂ ਦੀ ਸੁਰੱਖਿਆ :** ਸ਼ਹਿਰੀ ਸਥਾਨਕ ਸੰਸਥਾਵਾਂ ਦੇ ਤੱਥ ਇੱਕ ਕੀਮਤੀ ਵਸੀਲਾ ਹੁੰਦੇ ਹਨ ਇਸ ਲਈ ਇੱਕ ਸੁਰੱਖਿਅਤ ਵਾਤਾਵਰਣ ਕਾਇਮ ਕਰਨਾ ਤਕਨੀਕੀ ਪ੍ਰਬੰਧ ਦਾ ਇੱਕ ਅਹਿਮ ਅੰਗ ਹੈ। ਇਨ੍ਹਾਂ ਸੰਸਥਾਵਾਂ ਦੇ ਤੱਥਾਂ ਨੂੰ ਬਿਨਾਂ ਅਧਿਕਾਰ ਤੋਂ ਨਾ ਮੁਹੱਈਆ ਹੋਣ ਦੇਣਾ ਅਤਿ ਅਵੱਸ਼ਕ ਹੈ। ਤੱਥਾਂ ਦੀ ਸੁਰੱਖਿਆ ਲਈ ਇਨ੍ਹਾਂ ਨੂੰ ਹੇਠ ਲਿਖੇ ਖਤਰਿਆਂ ਤੋਂ ਬਚਾਉਣ ਦੀ ਵਿਵਸਥਾ ਕਰਨੀ ਚਾਹੀਦੀ ਹੈ :

(1) ਤੱਥਾਂ ਦੀ ਬਿਨਾਂ ਅਧਿਕਾਰ ਵਰਤੋਂ

(2) ਤੱਥਾਂ ਵਿੱਚ ਦੁਰਘਟਨਾਵਸ ਪਰਿਵਰਤਨ ਕਰਨਾ ਜਾਂ ਮਿਟਾਉਣਾ

(3) ਤੱਥਾਂ ਨੂੰ ਇੱਕ ਤੋਂ ਦੂਜੀ ਥਾਂ ਪਹੁੰਚਾਉਣ ਜਾਂ ਇਨ੍ਹਾਂ ਦੀ ਸੰਭਾਲ ਵਿੱਚ ਇਨ੍ਹਾਂ ਨੂੰ ਗੁਪਤ ਅਤੇ ਅਖੰਡ ਰੱਖਣ ਦੀ ਜਿੰਮੇਵਾਰੀ ਵਿੱਚ ਕੋਤਾਹੀ।

(4) ਸੰਕਟ

(ਚ) **ਵਧੀਕ ਕਾਪੀਆਂ ਅਤੇ ਸੰਕਟ ਤੋਂ ਬਾਦ ਪੁਨਰ ਪ੍ਰਾਪਤੀ :** ਤੱਥਾਂ ਦੀ ਸੁਰੱਖਿਆ ਲਈ ਇਨ੍ਹਾਂ ਕਾਰਵਾਈਆਂ ਨੂੰ ਲਾਗੂ ਕਰਨਾ ਵੀ ਇੱਕ ਅਹਿਮ ਪ੍ਰਕਿਰਿਆ ਹੈ। ਵਧੀਕ ਕਾਪੀਆਂ ਬਣਾਉਣ ਨਾਲ ਸੰਕਟ, ਚੋਰੀ, ਘੁਸਪੈਠ ਜਾਂ ਦੁਰਘਟਨਾ ਕਾਰਨ ਤੱਥਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਸੀਮਤ ਰੱਖਿਆ ਜਾ ਸਕਦਾ ਹੈ। ਅੰਤਮ ਉਪਭੋਗਤਾ ਪ੍ਰਣਾਲੀਆਂ (End user systems) ਵਿੱਚ ਸਾਂਝੇ ਗਏ ਤੱਥਾਂ ਲਈ ਵੀ ਵਧੀਕ ਕਾਪੀਆਂ ਅਤੇ ਪੁਨਰ ਪ੍ਰਾਪਤੀ ਦੀ ਵਿਵਸਥਾ ਹੋਣੀ ਚਾਹੀਦੀ ਹੈ। ਅਹਿਮ ਸੂਚਨਾ ਨੂੰ ਕਦੇ ਵੀ ਗੁਪਤ ਰੂਪ ਜਾਂ ਪਾਸਵਰਡ ਦੀ ਸੁਰੱਖਿਆ ਬਿਨਾਂ ਅੰਤਮ ਉਪਭੋਗਤਾ ਪ੍ਰਣਾਲੀ ਵਿੱਚ ਨਹੀਂ ਰੱਖਣਾ ਚਾਹੀਦਾ।

ਭਾਰਤ ਸਰਕਾਰ ਨੇ National e-Governance Action Plan ਨੂੰ 2003-07 ਦੌਰਾਨ ਲਾਗੂ ਕੀਤੇ ਜਾਣ ਦੀ ਮੰਜੂਰੀ ਦੇ ਦਿੱਤੀ ਹੈ। ਇਸ ਯੋਜਨਾ ਤਹਿਤ ਦੇਸ਼ ਦੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਲੰਬੇ ਅਰਸੇ ਤੱਕ ਹੋ ਸਕਣ ਵਾਲੀ ਵਰਿੱਧੀ ਦੀ ਨੀਂਹ ਰੱਖਣ ਅਤੇ ਇਸ ਨੂੰ ਹੱਲਾਸ਼ੇਰੀ ਦੇਣ ਦਾ ਜਤਨ ਕੀਤਾ ਗਿਆ ਹੈ। ਇਸ ਯੋਜਨਾ ਦਾ ਉਦੇਸ਼ ਢੁਕਵੇਂ ਪ੍ਰਸ਼ਾਸਨ ਅਤੇ ਸੰਸਥਾਗਤ ਪ੍ਰਣਾਲੀਆਂ, ਅਹਿਮ ਬੁਨਿਆਦੀ ਢਾਂਚੇ ਅਤੇ ਨੀਤੀਆਂ ਦਾ ਨਿਰਮਾਣ ਕਰਨ ਤੋਂ ਇਲਾਵਾ ਕੇਂਦਰ, ਰਾਜਾਂ ਅਤੇ ਏਕੀਕ੍ਰਿਤ ਸੇਵਾ ਪੱਧਰਾਂ ਤੇ ਬਹੁਤ ਸਾਰੇ ਮਿਸ਼ਨ ਮੋਡ ਪ੍ਰਾਜੈਕਟਾਂ ਨੂੰ ਲਾਗੂ ਕਰਕੇ ਚੰਗੇ ਪ੍ਰਸ਼ਾਸਨ ਲਈ ਨਾਗਰਿਕਾਂ ਅਤੇ ਵਪਾਰਕ ਅਦਾਰਿਆਂ ਦੇ ਹਿੱਤ ਵਿੱਚ ਵਾਤਾਵਰਣ ਪੈਦਾ ਕਰਨਾ ਹੈ।

National e-Governance Action Plan ਨੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਤਹਿਤ ਵੱਖ-ਵੱਖ ਮਿਸ਼ਨ ਮੋਡ ਪ੍ਰਾਜੈਕਟ ਬਣਾਉਣ ਤੇ ਵਿਚਾਰ ਕੀਤਾ ਹੈ ਜਿਨ੍ਹਾਂ ਵਿੱਚ ਇੱਕ ਪ੍ਰਾਜੈਕਟ ਸ਼ਹਿਰੀ ਵਿਕਾਸ ਅਤੇ ਗਰੀਬ ਘਟਾਉਣ ਦੇ ਮੰਤਰਾਲੇ ਦੀ ਜਿੰਮੇਵਾਰੀ ਅਧੀਨ ਨਗਰ ਪਾਲਕਾਵਾਂ ਲਈ ਵੀ ਹੈ। ਨਗਰ ਪਾਲਕਾਵਾਂ ਲਈ ਬਣਾਏ ਗਏ ਨੇਸ਼ਨਲ ਮਿਸ਼ਨ ਮੋਡ ਪ੍ਰਾਜੈਕਟ (NMMP) ਵਿੱਚ ਨਾਗਰਿਕਾਂ ਨਾਲ ਹੋਣ ਵਾਲੇ ਪ੍ਰਤੀਕਰਮ ਦੀ ਵਿਵਸਥਾ ਕੀਤੀ ਗਈ ਹੈ ਕਿਉਂਕਿ ਨਗਰ ਪਾਲਕਾਵਾਂ ਭਾਰਤ ਦੇ ਸ਼ਹਿਰੀ ਖੇਤਰਾਂ ਵਿੱਚ ਰਹਿ ਰਹੇ ਲੱਖਾਂ ਨਾਗਰਿਕਾਂ ਨੂੰ ਬਹੁਤ ਸਾਰੀਆਂ

ਮੁਢਲੀਆਂ ਸੇਵਾਵਾਂ ਮੁਹੱਈਆ ਕਰਵਾਉਂਦੀਆਂ ਹਨ। ਵੱਡੇ ਪੈਮਾਨੇ ਤੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਅਰੰਭ ਕਰਨ ਦਾ ਉਦੇਸ਼ ਵੱਖ-ਵੱਖ ਸੇਵਾਵਾਂ ਮੁਹੱਈਆ ਕਰਵਾਉਣ ਦੀ ਪ੍ਰਣਾਲੀ ਤੋਂ ਇਲਾਵਾ ਪ੍ਰਸ਼ਾਸਨ ਵਿੱਚ ਸੁਧਾਰ ਕਰਨਾ ਹੈ। ਇਸ ਤੋਂ ਛੁੱਟ ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਨਗਰ ਪਾਲਕਾਵਾਂ ਲਈ ਬਣਾਇਆ ਗਿਆ ਇਹ ਪ੍ਰਾਜੈਕਟ (NMMP) ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰਾਲੇ ਦੇ ਸ਼ਹਿਰ ਸੁਧਾਰ ਕਾਰਜਕਰਮ ਨੂੰ ਬਹੁਤ ਹੱਲਾਸ਼ੇਰੀ ਦੇਵੇਗਾ। JNNURM ਵਿੱਚ ਸੁਧਾਰ ਦੇ ਜਿਸ ਕਾਰਜਕਰਮ ਦਾ ਸੁਝਾਅ ਦਿੱਤਾ ਗਿਆ ਹੈ ਉਸ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਮੁਹੱਈਆ ਕਰਵਾਈਆਂ ਜਾ ਰਹੀਆਂ ਵੱਖ-ਵੱਖ ਸੇਵਾਵਾਂ ਲਈ ਭੂਗੋਲਕ ਸੂਚਨਾ ਪ੍ਰਣਾਲੀ (GIS) ਅਤੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ (MIS) ਜਿਹੀਆਂ ਵਿਧੀਆਂ ਲਾਗੂ ਕਰਕੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਅਰੰਭ ਕਰਨ ਨੂੰ JNNURM ਤੋਂ ਫੰਡ ਲੈਣ ਲਈ ਇੱਕ ਜਰੂਰੀ ਸੁਧਾਰ ਘੋਸ਼ਿਤ ਕੀਤਾ ਗਿਆ ਹੈ।

## ਸਥਾਨਕ ਸ਼ਾਸਨ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਬੰਧ

ਪੰਜਾਬ ਸਰਕਾਰ ਦੇ ਸੂਚਨਾ ਤਕਨਾਲੋਜੀ ਵਿਭਾਗ ਨੇ ਸਥਾਨਕ ਸ਼ਾਸਨ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਹੇਠ ਲਿਖੀਆਂ 7 ਕਾਰਵਾਈਆਂ ਦਾ ਸੁਝਾਅ ਦਿੱਤਾ ਹੈ :

**1. ਪਰਿਕਲਪਨਾ ਕਰੋ :**

* ਕਾਰਜ ਖੇਤਰ ਅਤੇ ਉਦੇਸ਼ਾਂ ਨੂੰ ਪਰਿਭਾਸ਼ਿਤ ਕਰੋ।
  - ੳ. ਨਗਰ ਪਾਲਿਕਾ ਦੇ ਅਹਿਮ ਕਾਰਜਾਂ ਦੀ ਪਹਿਚਾਣ ਕਰੋ।
  - ਅ. ਉਨ੍ਹਾਂ ਖੇਤਰਾਂ ਦੀ ਪਹਿਚਾਣ ਕਰੋ ਜਿੱਥੇ ਸੁਧਾਰਾਂ ਦੀ ਲੋੜ ਹੈ।
  - ੲ. ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਅੰਤਮ ਨਤੀਜਿਆਂ ਦੀ ਕਲਪਨਾ ਕਰੋ।
  - ਸ. ਕਾਨੂੰਨੀ ਢਾਂਚੇ ਵਿੱਚ ਲੁੜੀਂਦੀਆਂ ਤਬਦੀਲੀਆਂ ਦੀ ਪਹਿਚਾਣ ਕਰੋ।

**2. ਰਣਨੀਤੀ ਬਣਾ ਕੇ ਅਗੇਤਾਂ ਨਿਸ਼ਚਿਤ ਕਰੋ :**

* ਯੋਜਨਾ ਦੇ ਕੇਂਦਰੀ ਸੰਕਲਪ ਨੂੰ ਵਿਕਸਤ ਕਰੋ।
* ਭੂਮਿਕਾਵਾਂ ਅਤੇ ਜਿੰਮੇਵਾਰੀਆਂ ਨੂੰ ਪਰਿਭਾਸ਼ਿਤ ਕਰੋ।
  - ਸ਼ਹਿਰੀ ਵਿਕਾਸ ਮੰਤਰਾਲਾ, ਰਾਜ, ਦੂਰ ਸੰਚਾਰ ਵਿਭਾਗ ਅਤੇ ਸਲਾਹਕਾਰ ਆਦਿ ਇਸ ਵਿੱਚ ਸ਼ਾਮਿਲ ਹਨ।
* ਲਾਗੂ ਕਰਨ ਲਈ ਵਿਕੇਂਦਰੀਕ੍ਰਿਤ ਢਾਂਚਾ ਯਕੀਨੀ ਬਣਾਓ।
  - ੳ. ਹੇਠਲੇ ਪੱਧਰ ਨੂੰ ਜਿੰਮੇਵਾਰੀ ਦਿਉ।
  - ਅ. ਸਮੁੱਚੇ ਤੌਰ ਤੇ ਉੱਪਰੋਂ ਸੇਧ ਦਿਉ।
* ਕਾਰਜ ਦੀ ਯੋਜਨਾ ਨੂੰ ਪਰਿਭਾਸ਼ਿਤ ਕਰੋ।
  - ੳ. ਕਾਰਜ ਦੇ ਪੱਧਰ
  - ਅ. ਕਾਰਜ ਦੀ ਸਮਾਂ ਸੀਮਾ
  - ੲ. ਮੀਲ ਪੱਥਰ
* ਨਿਰਦੇਸ਼, ਨੀਤੀਆਂ, ਕੰਮ ਕਰਨ ਦੀਆਂ ਮਿਆਰੀ ਕਾਰਵਾਈਆਂ ਵਿਕਸਤ ਕਰੋ।

**3. ਸੰਚਾਰ ਕਰੋ**

* ਯੋਜਨਾ ਦੇ ਆਗੂਆਂ ਦੀ ਪਹਿਚਾਣ ਕਰੋ।
  - ਉਨ੍ਹਾਂ ਦੀ ਮੁਕੰਮਲ ਹਾਜ਼ਰੀ ਯਕੀਨੀ ਬਣਾਓ।

* ਆਪਸੀ ਪ੍ਰਤੀਕਰਮ ਦੀ ਪ੍ਰਣਾਲੀ ਵਿਕਸਤ ਕਰੋ।
    ੳ. ਸੰਬੰਧਤ ਵਿਅਕਤੀਆਂ ਨਾਲ ਸੰਚਾਰ ਕਰੋ।
    ਅ. ਉਨ੍ਹਾਂ ਦੀਆਂ ਉਮੀਦਾਂ ਦਾ ਜਾਇਜਾ ਲਓ।
    ੲ. ਉਨ੍ਹਾਂ ਦੀ ਭਾਗੀਦਾਰੀ ਯਕੀਨੀ ਬਣਾਓ।
* ਉਪਰਾਲੇ ਨੂੰ ਮਸ਼ਹੂਰੀ ਦਿਓ।
    – ਸਿਆਸਤਦਾਨਾਂ, ਕਰਮਚਾਰੀਆਂ ਅਤੇ ਜਨਤਾ ਨੂੰ ਇਸ ਦੇ ਲਾਭ ਸਮਝ ਆਉਣੇ ਚਾਹੀਦੇ ਹਨ ਤਾਂ ਕਿ ਉਹ ਯੋਜਨਾ ਦਾ ਸਮਰਥਨ ਕਰਨ।
* ਆਦਾਨ-ਪ੍ਰਦਾਨ ਕਰੋ।
    – ਵਿਸ਼ਵ ਪੱਧਰ ਦੀਆਂ ਸਰਵੋਤਮ ਵਿਧੀਆਂ ਅਤੇ ਪ੍ਰਣਾਲੀਆਂ ਦੀ ਪੜਤਾਲ ਕਰਕੇ ਉਨ੍ਹਾਂ ਨੂੰ ਵੱਖ ਵੱਖ ਖੇਤਰਾਂ ਵਿੱਚ ਲਾਗੂ ਕਰਨਾ ਚਾਹੀਦਾ ਹੈ।

**4. ਕਾਰਜ ਨੂੰ ਕਈ ਭਾਗਾਂ ਵਿੱਚ ਵੰਡ ਲਓ**

* ਤੱਥ ਗ੍ਰਹਿਣ
    ੳ. ਤੱਥ ਢਾਂਚਾ ਬੱਧ ਅਤੇ ਇੱਕੋ ਜਿਹੇ ਫਾਰਮੇਟ ਅਨੁਸਾਰ ਹੋਣੇ ਚਾਹੀਦੇ ਹਨ।
    ਅ. ਤੱਥਾਂ ਵਿੱਚ ਸ਼ੁੱਧਤਾ ਹੋਣੀ ਚਾਹੀਦੀ ਹੈ।
* ਪ੍ਰਕਿਰਿਆਵਾਂ
    ੳ. ਸਮਰਥਾਵਾਂ ਦਾ ਪੂਰਾ ਲਾਭ ਉਠਾਉਣ ਲਈ ਪ੍ਰਕਿਰਿਆਵਾਂ ਦਾ ਪੁਨਰ ਨਿਰਮਾਣ ਕਰਕੇ ਉਨ੍ਹਾਂ ਦੀ ਦੁਬਾਰਾ ਵਿਉਂਤ ਬਣਾਓ।
    ਅ. ਪਰੀਵਰਤਨ ਲਈ ਢਾਂਚਾਬੱਧ ਵਿਵਸਥਾ ਹੋਣੀ ਚਾਹੀਦੀ ਹੈ।
* ਪੜਤਾਲ
    ੳ. ਨਮੂਨੇ ਦੀ ਪ੍ਰਣਾਲੀ ਲਾਗੂ ਕਰਕੇ ਬਾਦ ਵਿੱਚ ਇਸ ਦਾ ਪੈਮਾਨਾ ਨਿਸ਼ਚਿਤ ਕਰੋ।
    ਅ. ਇਹ ਕੇਵਲ ਅੰਦਰੂਨੀ ਵਰਤੋਂ ਲਈ ਹੀ ਹੋਣੀ ਚਾਹੀਦੀ ਹੈ।
* ਸਮਰਥਾ ਨਿਰਮਾਣ
    ੳ. ਮਨੁੱਖੀ ਸਾਧਨਾਂ ਨੂੰ ਕੇਂਦਰ ਬਣਾਓ।
    ਅ. ਵਿਸਤ੍ਰਿਤ ਸਿਖਲਾਈ ਦਿਓ।
    ੲ. ਪ੍ਰਣਾਲੀਆਂ ਵਿਕਸਤ ਕਰੋ।
    ਸ. ਲੁੜੀਂਦੇ ਦਸਤਾਵੇਜ ਤਿਆਰ ਕਰੋ।

**5. ਏਕੀਕਰਣ ਕਰੋ**

* ਵੱਖ ਵੱਖ ਅੰਗਾਂ ਵਿੱਚ ਆਪਸੀ ਸੰਪਰਕ ਸਥਾਪਤ ਕਰੋ।
    ੳ. ਵਾਧੂ ਤੱਥ ਇਕੱਠੇ ਨਾ ਹੋਣ ਦਿਉ।
    ਅ. ਨਾਗਰਿਕਾਂ ਤੋਂ ਘੱਟੋ ਘੱਟ ਜਾਣਕਾਰੀ ਦੀ ਮੰਗ ਕਰੋ।
* ਸਿੰਗਲ ਵਿੰਡੋ
    ੳ. ਸੰਪਰਕ ਲਈ ਇੱਕੋ ਬਿੰਦੂ ਦਾ ਨਿਰਮਾਣ ਕਰੋ।

ਅ. ਇੱਕੋ ਇੰਟਰਫੇਸ-ਬਾਈਲਿੰਗੁਅਲ ਬਣਾਓ।

ੲ. ਭਰੋਸੇਯੋਗ ਸੰਚਾਰ ਦੀ ਵਿਵਸਥਾ ਕਰੋ।

ਸ. ਸ਼ਹਿਰ ਜਾਂ ਰਾਜ ਦੇ ਪੋਰਟਲਾਂ ਨਾਲ ਏਕੀਕਰਣ ਕਰੋ।

**6. ਹਰਮਨ ਪਿਆਰਾ ਬਣਾਓ**

* ਕਾਰਜ ਦੀ ਨਿਰੰਤਰਤਾ ਯਕੀਨੀ ਬਣਾਓ
  - ੳ. ਇਸ ਦੇ ਸਥੂਲ ਪ੍ਰਭਾਵ ਦਾ ਪ੍ਰਦਰਸ਼ਨ ਕਰੋ।
  - ਅ. ਅੱਛੀ ਗੁਣਵੱਤਾ ਵਾਲੀ ਸੇਵਾ ਦਿਓ।
  - ੲ. ਇਲਾਕਟਰਾਨਿਕ ਇੰਟਰਫੇਸ ਦੀ ਤਰਜ਼ੀਹ ਦੀ ਘੋਸ਼ਣਾ ਕਰੋ।
  - ਸ. ਅਧਿਕਾਰ ਹੋਰਾਂ ਦੇ ਸਪੁਰਦ ਕਰੋ।
  - ਹ. ਅਗਵਾਈ ਅਤੇ ਨਵੀਨਤਾ ਲਈ ਇਨਾਮ ਦਿਓ।
* ਮੁੜਵੀਂ ਸੂਚਨਾ ਲਉ
  - ਸ਼ਿਕਾਇਤ ਨਿਵਾਰਣ ਦੀ ਪ੍ਰੌੜ ਪ੍ਰਣਾਲੀ ਦੀ ਵਿਵਸਥਾ ਕਰੋ।
* ਉਪਲਬਧਤਾ
  - ੳ. ਪ੍ਰਣਾਲੀ ਦੀ ਅਪਟਾਈਮ ਪਾਵਰ ਅਤੇ ਸੰਚਾਰ ਆਦਿ ਯਕੀਨੀ ਬਣਾਓ।
  - ਅ. ਸੰਪਰਕ ਦੇ ਬਿੰਦੂ ਤੇ ਹਾਂ-ਵਾਚਕ ਅਨੁਭਵ ਦਿਓ।

**7. ਪ੍ਰਬੰਧ ਕਰਕੇ ਪ੍ਰੌੜ ਬਣੋ**

ੳ. ਪਹੁੰਚ ਵਿੱਚ ਵਾਧਾ ਕਰੋ।

ਅ. ਪ੍ਰਣਾਲੀ ਨੂੰ ਚੁਸਤ ਬਣਾ ਕੇ ਇਸ ਵਿੱਚ ਸੂਖਮ ਪੱਧਰ ਦੇ ਪਰੀਵਰਤਨ ਕਰੋ।

ੲ. ਪ੍ਰਣਾਲੀਆਂ ਵਿੱਚ ਸੁਧਾਰ ਕਰੋ।

ਸ. ਕਾਰਜ ਪੂਰਤੀ ਦੇ Metrics ਅਤੇ ਨਿਗਰਾਨੀ ਰੱਖੋ।

ਹ. ਭਵਿੱਖ ਦੀਆਂ ਯੋਜਨਾਵਾਂ ਬਣਾਓ ਅਤੇ ਨਵੀਨਤਾ ਪੈਦਾ ਕਰੋ।

ਕ. ਜਾਣਕਾਰੀ ਸਾਂਝੀ ਕਰਨ ਨੂੰ ਉਤਸ਼ਾਹਤ ਕਰੋ।

ਖ. ਨਿਰਦੇਸ਼ਾਂ, ਮੈਨੂਅਲਾਂ, ਤੱਥ/ਜਾਣਕਾਰੀ ਦੇ ਮਿਆਰਾਂ, ਪ੍ਰਕਿਰਿਆ ਦੇ ਨਮੂਨਿਆਂ, ਸੁਰੱਖਿਆ ਵਿਵਸਥਾ, ਪ੍ਰਯੋਗ ਦੀਆਂ ਰਣਨੀਤੀਆਂ, ਤੱਥਾਂ ਦੇ ਪ੍ਰਵਾਸ, ਮਿਆਰੀਕਰਣ ਦੇ ਜਤਨਾਂ ਅਤੇ ਗੁਣਵੱਤਾ ਦੀ ਵਿਵਸਥਾ ਸੰਬੰਧੀ ਦਸਤਾਵੇਜ ਬਣਾਓ।

## ਨਗਰ ਪਾਲਕਾਵਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ : ਸਮਰਥਾ ਨਿਰਮਾਣ ਦੀ ਯੋਜਨਾ

JNNURM ਦੁਆਰਾ ਸੁਧਾਰ ਦੇ ਜਿਸ ਕਾਰਜਕਰਮ ਦਾ ਸੁਝਾਅ ਦਿੱਤਾ ਗਿਆ ਹੈ ਉਸ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਅਰੰਭ ਤੇ ਜੋਰ ਦਿੱਤਾ ਗਿਆ ਹੈ। ਸ਼ਹਿਰੀ ਸਥਾਨਕ ਸੰਸਥਾਵਾਂ ਲਈ ਸੂਚਨਾ ਤਕਨਾਲੋਜੀ ਦੀਆਂ ਭੂਗੋਲਕ ਸੂਚਨਾ ਪ੍ਰਣਾਲੀ (GIS) ਅਤੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ (MIS) ਆਦਿ ਵਿਧੀਆਂ ਦੇ ਪ੍ਰਯੋਗ ਨੂੰ

JNNURM ਤਹਿਤ ਫੰਡ ਪ੍ਰਾਪਤ ਕਰਨ ਲਈ ਲਾਜ਼ਮੀ ਸੁਧਾਰ ਘੋਸ਼ਿਤ ਕੀਤਾ ਗਿਆ ਹੈ। ਪੰਜਾਬ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਅਰੰਭ ਕਰਨ ਲਈ ਇੱਕ ਸਮਰਥਾ ਨਿਰਮਾਣ ਯੋਜਨਾ ਲਾਗੂ ਕਰਨਾ ਜਰੂਰੀ ਹੈ। Centre for Good Governance ਅਤੇ National Institute for Smart Government, ਹੈਦਰਾਬਾਦ ਨੇ ਇੱਕ ਰਿਪੋਰਟ ਤਿਆਰ ਕੀਤੀ ਹੈ ਜਿਸ ਦਾ ਸਿਰਲੇਖ ਹੈ "ਨਗਰ ਪਾਲਕਾਵਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ : ਸਮਰਥਾ ਨਿਰਮਾਣ ਦੀ ਯੋਜਨਾ।" ਇਹ ਰਿਪੋਰਟ ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰਾਲੇ ਨੂੰ ਪੇਸ਼ ਕੀਤੀ ਗਈ ਹੈ। ਇਸ ਰਿਪੋਰਟ ਵਿੱਚ ਨਗਰ ਪਾਲਕਾਵਾਂ ਵਿੱਚ ਸੂਚਨਾ ਪ੍ਰਣਾਲੀ ਆਧਰਤ ਪ੍ਰਸ਼ਾਸਨ ਨੂੰ ਉਤਸ਼ਾਹਤ ਕਰਨ ਹਿੱਤ ਸਮਰਥਾ ਨਿਰਮਾਣ ਸੰਬੰਧੀ ਕਈ ਸਿਫਾਰਸ਼ਾਂ ਕੀਤੀ ਗਈਆਂ ਹਨ।

ਇਸ ਰਿਪੋਰਟ ਦੀਆਂ ਸਿਫਾਰਸ਼ਾਂ ਅਨੁਸਾਰ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਰਾਹੀਂ ਇਹ ਕਾਰਜ ਕੀਤੇ ਜਾ ਸਕਦੇ ਹਨ: ਨਗਰ ਪਾਲਕਾਵਾਂ ਦੀਆਂ ਸੰਪਤੀਆਂ ਦਾ ਮੁਲਾਂਕਣ ਅਤੇ ਭੁਗਤਾਨ, ਸ਼ਹਿਰੀ ਯੋਜਨਾਬੰਦੀ, ਭੂਮੀ ਦੇ ਮਾਲਕੀ ਹੱਕ, ਉਪ-ਮੰਡਲ ਅਤੇ ਖੇਤਰੀ ਉਪਯੋਗ, ਉਸਾਰੀ ਦੀ ਮੰਜੂਰੀ ਲਈ ਬਿਨੈ ਪੱਤਰ, ਹਿਸਾਬ-ਕਿਤਾਬ, ਪ੍ਰਸ਼ਾਸਨ, ਮਨੁੱਖੀ ਸਾਧਨ, ਕਾਰਜ ਪੂਰਤੀ ਪ੍ਰਬੰਧ, ਸ਼ਿਕਾਇਤ ਨਿਵਾਰਣ, ਉਪਭੋਗਤਾ ਸੇਵਾਵਾਂ, ਜਨਮ ਅਤੇ ਮੌਤ ਦੇ ਪ੍ਰਮਾਣ ਪੱਤਰ, ਯੋਜਨਾ ਪ੍ਰਬੰਧ, ਟੈਂਡਰ, ਭੂਗੋਲਕ ਸੂਚਨਾ ਪ੍ਰਣਾਲੀ (GIS) ਆਧਾਰਤ ਸੇਵਾਵਾਂ, ਸੰਕਟਕਾਲੀਨ ਸੇਵਾਵਾਂ, ਜਨ ਸਿਹਤ ਸੰਬੰਧੀ ਸੂਚਨਾ ਅਤੇ ਘੋਸ਼ਣਾਵਾਂ ਅਤੇ ਜਨਤਕ ਢੋ-ਢੁਆਈ ਸੰਬੰਧੀ ਸੂਚਨਾ। ਸੂਚਨਾ ਤਕਨਾਲੋਜੀ ਦੀ ਸਿਖਲਾਈ ਅਤੇ ਇਸ ਦੇ ਕਾਰਜਸ਼ੀਲ ਖੇਤਰਾਂ ਸੰਬੰਧੀ ਇਕਾਈ ਸਾਰਣੀ-48 ਵਿੱਚ ਦਿੱਤੀ ਗਈ ਹੈ:

**ਸਾਰਣੀ-48**

**ੳ. ਕਾਰਜਸ਼ੀਲ ਖੇਤਰ**

| ਪਾਠ ਕ੍ਰਮ | ਇਕਾਈ |
|---|---|
| ਚੰਗੇ ਸ਼ਹਿਰੀ ਪ੍ਰਬੰਧ ਲਈ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ | * ਚੰਗੇ ਸ਼ਹਿਰੀ ਪ੍ਰਬੰਧ ਦੇ ਗੁਣ<br>* ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ<br>* ਭਵਿੱਖ ਪਰਿਕਲਪਨਾ, ਮਿਸ਼ਨ ਅਤੇ ਉਦੇਸ਼<br>* ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਰਣਨੀਤੀ<br>* ਰਾਸ਼ਟਰੀ ਸੂਚਨਾ ਅਤੇ ਸੰਚਾਰ ਤਕਨਾਲੋਜੀ (ICT) ਨੀਤੀ ਦਾ ਢਾਂਚਾ, ਰਾਸ਼ਟਰੀ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਯੋਜਨਾ (NEGP) |
| ਸੂਚਨਾ ਪ੍ਰਣਾਲੀ ਆਧਾਰਤ ਨਗਰ ਪ੍ਰਬੰਧ ਦਾ ਚੈਂਪੀਅਨ ਪ੍ਰੋਗਰਾਮ | * ਸੂਚਨਾ ਪ੍ਰਣਾਲੀ ਆਧਾਰਤ ਨਗਰ ਪ੍ਰਬੰਧ ਲਈ ਅਨੁਕੂਲ ਵਾਤਾਵਰਣ<br>* ਸਰਵੋਤਮ ਪ੍ਰਣਾਲੀਆਂ ਦੀਆਂ ਉਦਾਹਰਣਾਂ<br>* ਅਗਵਾਈ ਦੇ ਪੱਖ<br>* ਸਿੱਖੇ ਹੋਏ ਸਬਕ ਅਤੇ ਲਚਕ ਦੀ ਗੁੰਜਾਇਸ਼ |

| ਪਾਠ ਕ੍ਰਮ | ਇਕਾਈ |
|---|---|
| ਪਰੀਵਰਤਨ ਦਾ ਪ੍ਰਬੰਧ | * ਤੰਗ ਸੋਚ ਨਾਲ ਸੰਬੰਧਤ ਮੁੱਦਿਆਂ ਨਾਲ ਨਿਪਟਣਾ<br>* ਪ੍ਰਕਿਰਿਆ ਵਿੱਚ ਸੁਧਾਰ ਕਰਨਾ<br>* ਸੁਧਾਰ ਦੀ ਰਣਨੀਤੀ ਤੈਅ ਕਰਨਾ |
| ਪ੍ਰੋਗਰਾਮ ਦਾ ਪ੍ਰਬੰਧ ਜਿਸ ਵਿੱਚ ਪ੍ਰਸਤਾਵ ਲਈ ਬਿਨੈ (RFP) ਅਤੇ ਸੇਵਾ ਪੱਧਰ ਦਾ ਸਮਝੌਤਾ (SLA) ਸ਼ਾਮਿਲ ਹਨ। | * ਯੋਜਨਾ ਲਾਗੂ ਕਰਨਾ ਅਤੇ ਇਸ ਦਾ ਪ੍ਰਬੰਧ ਕਰਨਾ<br>* ਨਿਰਮਾਣ ਦੇ ਮਿਆਰ, ਸੰਸਕਰਣ ਨਿਯੰਤਰਣ, ਦਸਤਾਵੇਜਾਂ ਦੀ ਤਿਆਰੀ<br>* ਪ੍ਰੋਗਰਾਮ ਪ੍ਰਬੰਧ ਅਤੇ ਕਾਰਵਾਈ ਨਿਯੰਤਰਣ<br>* ਸਰਕਾਰੀ ਅਤੇ ਨਿੱਜੀ ਖੇਤਰਾਂ ਦੀ ਭਾਗੀਦਾਰੀ ਦੇ ਮੁੱਦੇ, RFP ਅਤੇ SLA ਦੇ ਦਸਤਾਵੇਜਾਂ ਦੀ ਤਿਆਰੀ |
| ਤਕਨਾਲੋਜੀ ਪ੍ਰਬੰਧ | * ਪ੍ਰਣਾਲੀਆਂ<br>* ਜਰੂਰਤ ਦਾ ਸਹੀ ਵਰਣਨ<br>* ਪ੍ਰਣਾਲੀਆਂ ਦਾ ਏਕੀਕਰਣ<br>* ਹੱਲ ਦਾ ਨਿਰਮਾਣ<br>* ਸਾਫਟਵੇਅਰ ਦੇ ਵਿਕਾਸ ਦਾ ਜੀਵਨ ਚੱਕਰ<br>* ਤਕਨਾਲੋਜੀ ਦੀ ਚੋਣ<br>* ਤਕਨਾਲੋਜੀ ਦੇ ਰੁਝਾਣ |
| ਪ੍ਰਕਿਰਿਆ ਸੁਧਾਰ ਪ੍ਰਬੰਧ | * ਸਰਕਾਰੀ ਪ੍ਰਕਿਰਿਆ ਦਾ ਪੁਨਰ ਨਿਰਮਾਣ<br>* ਪ੍ਰਕਿਰਿਆਵਾਂ ਨੂੰ ਸਰਲ ਬਣਾਉਣਾ<br>* GPR ਲਈ ਸੂਚਨਾ ਤਕਨਾਲੋਜੀ ਦੇ ਸਾਧਨ |
| ਪ੍ਰਾਪਤੀ ਦਾ ਪ੍ਰਬੰਧ | * ਪ੍ਰਾਪਤੀ ਪ੍ਰਬੰਧ<br>* ਸੂਚਨਾ ਪ੍ਰਣਾਲੀ ਆਧਾਰਤ ਪ੍ਰਾਪਤੀ |
| ਵਿੱਤੀ ਪ੍ਰਬੰਧ | * ਵਿੱਤੀ ਯੋਜਨਾ ਦਾ ਮੁਲਾਂਕਣ<br>* ਯੋਜਨਾ ਦੀ ਹੰਢਣਸਾਰਤਾ ਦਾ ਵਿਸ਼ਲੇਸ਼ਣ<br>* ਵਿਉਪਾਰ ਦੀਆਂ ਸ਼ੈਲੀਆਂ ਜਾਂ ਸਰਕਾਰੀ ਅਤੇ ਨਿੱਜੀ ਖੇਤਰਾਂ ਦੀ ਭਾਗੀਦਾਰੀ<br>* ਬਜਟ ਬਣਾਉਣਾ ਅਤੇ ਹਿਸਾਬ ਕਿਤਾਬ ਰੱਖਣਾ |
| ਮੁਢਲੀਆਂ ਮੁਹਾਰਤਾਂ/ਦਫਤਰੀ ਇਮਾਰਤ/ਇੰਟਰਨੈੱਟ | * ਕੰਪਿਊਟਰਾਂ ਨਾਲ ਜਾਣ ਪਛਾਣ<br>* ਫਾਈਲਾਂ, ਫੋਲਡਰ, ਮੈਨਿਊ, ਸ਼ਾਰਟਕੱਟ ਵਰਡ ਪ੍ਰੋਸੈਸਿੰਗ ਅਤੇ ਛਪਾਈ<br>* MS Office (ਵਰਡ, ਐਕਸੈਲ, ਪਾਵਰ ਪੁਆਇੰਟ)<br>* ਇੰਟਰਨੈੱਟ (ਸਰਫਿੰਗ) ਅਤੇ www<br>* ਈ-ਮੇਲ ਅਤੇ ਇੰਸਟੈਂਟ ਮਸੈਂਜਰ |

| ਪਾਠ ਕ੍ਰਮ | | ਇਕਾਈ |
|---|---|---|
| ਅਪਰੇਟਿੰਗ ਸਿਸਟਮਾਂ ਦੇ ਮੁਢਲੇ ਸਿਧਾਂਤ<br>ਸਾਫਟਵੇਅਰ ਉਪਯੋਗ ਦੇ ਮੁਢਲੇ ਸਿਧਾਂਤ | *<br>*<br><br>*<br>*<br>* | ਅਪਰੇਟਿੰਗ ਸਿਸਟਮਾਂ ਨਾਲ ਜਾਣ ਪਛਾਣ<br>ਵੱਖ ਵੱਖ ਕਿਸਮ ਦੇ ਅਪਰੇਟਿੰਗ ਸਿਸਟਮ (ਵਿੰਡੋ ਅਤੇ ਲਾਈਨਕਸ)<br>ਕੰਪਿਊਟਰ ਵਾਇਰਸ<br>ਸਾਫਟਵੇਅਰ ਨਿਰਮਾਣ ਨਾਲ ਜਾਣ ਪਛਾਣ<br>ਸਾਫਟਵੇਅਰ ਦੇ ਉਪਯੋਗ |
| ਹਾਰਡਵੇਅਰ ਅਤੇ ਨੈਟਵਰਕਿੰਗ ਦੇ ਮੁਢਲੇ ਸਿਧਾਂਤ | *<br>*<br>*<br>*<br>* | ਕੰਪਿਊਟਰ ਅਤੇ ਸੰਬੰਧਤ ਉਪਕਰਣਾਂ ਦੇ ਮੁਢਲੇ ਸਿਧਾਂਤ<br>ਕੰਪਿਊਟਰ ਨੈੱਟਵਰਕ ਨਾਲ ਜਾਣ ਪਛਾਣ<br>ਗਾਹਕ-ਸੇਵਕ ਨਿਰਮਾਣ<br>PANs, LANs, MANs, ਅਤੇ WANs<br>ਇੰਟਰਨੈੱਟ ਫਾਈਲ ਅਤੇ ਪ੍ਰਿੰਟਰ ਦਾ ਸਾਂਝਾ ਉਪਯੋਗ |
| ਪ੍ਰੋਗਰਾਮ ਬਣਾਉਣ ਦੀ ਭਾਸ਼ਾ ਦੇ ਮੂਲ ਤੱਤ ਅਤੇ ਛੋਟੇ-ਪੱਧਰ ਦੇ ਉਪਯੋਗ ਦਾ ਵਿਕਾਸ, ਐਲਗੋਰਿਦਮ ਦੇ ਮੂਲ ਤੱਤ | *<br><br>* | ਐਲਗੋਰਿਦਮ ਅਤੇ ਸੂਡੋ ਕੋਡ ਦਾ ਨਿਰਮਾਣ, ਪ੍ਰੋਗਰਾਮ ਬਣਾਉਣ ਦੀ ਭਾਸ਼ਾ ਨਾਲ ਜਾਣ-ਪਛਾਣ<br>ਸਾਫਟਵੇਅਰ ਵਿਕਾਸ ਅਤੇ ਨਿਰਮਾਣ, ਸਾਫਟਵੇਅਰ ਦੇ ਉਪਯੋਗ, ਪ੍ਰਯੋਗਾਤਮਕ ਏਕੀਕਰਣ ਆਦਿ |
| ਵੈੱਬ ਅਤੇ ਹੋਰ ਤਕਨਾਲੋਜੀ | *<br>*<br>* | ਇੰਟਰਨੈੱਟ ਤਕਨਾਲੋਜੀ ਨਾਲ ਜਾਣ ਪਛਾਣ<br>ਸਕਰਿਪਟਿੰਗ ਭਾਸ਼ਾ (ਜਾਵਾ, Vb)<br>ਆਫਲਾਈਨ ਟੂਲ |
| ਤੱਥ ਸੰਗ੍ਰਹਿ ਦੇ ਪ੍ਰਬੰਧ ਦੇ ਮੂਲ ਤੱਤ, ਸੰਗ੍ਰਹਿ ਪ੍ਰਬੰਧ ਪ੍ਰਣਾਲੀਆਂ (Oracle/Post gre sql) | *<br><br>*<br>*<br>*<br>*<br>* | ਤੱਥ ਸੰਗ੍ਰਹਿ ਪ੍ਰਬੰਧ ਪ੍ਰਣਾਲੀ (DBMS) ਨਾਲ ਜਾਣ ਤੱਥ ਪਛਾਣ<br>RDBMS<br>ਓਰਾਕਲ<br>ਪੋਸਟਗਰੈਸ<br>My Sql<br>MS-Access |
| ਸੂਚਨਾ ਪ੍ਰਣਾਲੀ ਆਧਾਰਤ ਨਗਰ ਪ੍ਰਬੰਧ ਸਾਫਟਵੇਅਰ ਦੇ ਉਪਯੋਗ | *<br>*<br><br>*<br>*<br>*<br>*<br>* | ਸੂਚਨਾ ਪ੍ਰਣਾਲੀ ਆਧਾਰਤ ਸੰਪਤੀ ਕਰ<br>ਸੂਚਨਾ ਪ੍ਰਣਾਲੀ ਆਧਾਰਤ ਇਮਾਰਤ ਬਣਾਉਣ ਦੇ ਨਕਸ਼ੇ ਦੀ ਮੰਜ਼ੂਰੀ<br>ਸੂਚਨਾ ਪ੍ਰਣਾਲੀ ਆਧਾਰਤ ਨਾਗਰਿਕ ਸੇਵਾਵਾਂ<br>ਸੂਚਨਾ ਪ੍ਰਣਾਲੀ ਆਧਾਰਤ ਵਸੂਲੀ<br>ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ<br>ਸੂਚਨਾ ਪ੍ਰਣਾਲੀ ਆਧਾਰਤ ਹਿਸਾਬ ਕਿਤਾਬ<br>ਸੂਚਨਾ ਪ੍ਰਣਾਲੀ ਆਧਾਰਤ ਸ਼ਿਕਾਇਤ ਨਿਵਾਰਣ |

## ਸਿੱਟਾ :

ਪੰਜਾਬ ਵਿੱਚ ਸਥਾਨਕ ਪੱਧਰ ਤੇ ਚੰਗੇ ਸ਼ਹਿਰੀ ਪ੍ਰਬੰਧ ਲਈ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ, ਪ੍ਰਬੰਧ ਦੀ ਸੂਚਨਾ ਪ੍ਰਣਾਲੀ (MIS) ਅਤੇ ਤੱਥ ਸੰਗ੍ਰਹਿ (Database) ਦਾ ਉਪਯੋਗ ਕਰਕੇ ਪ੍ਰਸ਼ਾਸਨ ਵਿੱਚ ਪਰੀਵਰਤਨ ਕਰਨਾ ਜਰੂਰੀ ਹੈ। ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਚੁਣੇ ਹੋਏ ਦੇਸ਼ਾਂ ਦੁਆਰਾ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਅਰੰਭ ਤੋਂ ਇਲਾਵਾ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਅਤੇ ਮਜ਼ਬੂਤ ਤੱਥ ਸੰਗ੍ਰਹਿ ਦੇ ਵਿਕਾਸ ਰਾਹੀਂ ਕੀਤੇ ਗਏ ਸੁਧਾਰ ਦੇ ਉਪਰਾਲਿਆਂ ਦੇ ਵੇਰਵੇ ਪ੍ਰਸਤਾਵਤ ਮੋਡਿਊਲ ਨੂੰ ਲਾਗੂ ਕਰਨ ਲਈ ਵਰਤੇ ਜਾ ਸਕਦੇ ਹਨ। ਪੰਜਾਬ ਦਾ ਸਥਾਨਕ ਸ਼ਾਸਨ ਵਿਭਾਗ ਇਸ ਮੋਡਿਊਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਇਸ ਵਿੱਚ ਢੁਕਵੇਂ ਪਰੀਵਰਤਨ ਕਰ ਸਕਦਾ ਹੈ। ਸੂਚਨਾ ਪ੍ਰਣਾਲੀ ਆਧਾਰਤ ਨਗਰ ਪ੍ਰਬੰਧ ਲਾਗੂ ਕਰਨ ਲਈ ਸੰਸਥਾਗਤ ਪ੍ਰਣਾਲੀ ਦਾ ਨਿਰਮਾਣ ਕਰਕੇ ਇਸ ਨੂੰ ਦ੍ਰਿੜ ਬਣਾਉਣਾ ਚਾਹੀਦਾ ਹੈ। ਪ੍ਰਬੰਧ ਦੇ ਵਿਕਾਸ ਅਤੇ ਸਿਖਲਾਈ ਪ੍ਰੋਗਰਾਮਾਂ ਲਈ ਪ੍ਰਬੰਧ ਦੀਆਂ ਪੇਸ਼ਾਵਰ ਸੰਸਥਾਵਾਂ, ਸਲਾਹਕਾਰ ਕੰਪਨੀਆਂ ਅਤੇ ਸੂਚਨਾ ਤਕਨਾਲੋਜੀ ਦੀਆਂ ਸੰਸਥਾਵਾਂ ਤੋਂ ਇਲਾਵਾ CRRID ਅਤੇ ਯੂਨੀਵਰਸਿਟੀਆਂ ਵਰਗੇ ਖੋਜ ਅਤੇ ਸਿਖਲਾਈ ਕੇਂਦਰਾਂ ਦਾ ਸਹਿਯੋਗ ਲਿਆ ਜਾ ਸਕਦਾ ਹੈ। ਸਥਾਨਕ ਪੱਧਰ ਤੇ ਰਾਜਨੀਤਕ ਨੇਤਾਵਾਂ ਅਤੇ ਅਫਸਰਾਂ ਦੀ ਸੋਚ ਨੂੰ ਸੰਘਣੀ ਸਿਖਲਾਈ ਦੁਆਰਾ ਹੀ ਬਦਲਣਾ ਸੰਭਵ ਹੈ।

ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਪ੍ਰਕਿਰਿਆ ਲਈ ਰਾਜਨੀਤਕ ਇੱਛਾ ਸ਼ਕਤੀ ਦੀ ਨਿਰੰਤਰ ਪ੍ਰਤੀਬੱਧਤਾ ਅਤੇ ਵਸੀਲਿਆਂ ਤੋਂ ਛੁੱਟ ਸਰਕਾਰ, ਸਰਕਾਰੀ ਖੇਤਰ ਅਤੇ ਨਿੱਜੀ ਖੇਤਰ ਵਿਚਕਾਰ ਸਹਿਯੋਗ ਦੀ ਲੋੜ ਹੈ। ਇਸ ਪ੍ਰਕਿਰਿਆ ਦਾ ਵਿਕਾਸ ਕਾਫੀ ਗੁੰਝਲਦਾਰ ਹੁੰਦਾ ਹੈ ਜਿਸ ਵਿੱਚ ਨਿਰਣੇ ਲੈਣ ਦੀ ਚੰਗੇਰੀ ਕਾਰਵਾਈ ਲਈ ਹਾਰਡਵੇਅਰ, ਨੈੱਟਵਰਕਿੰਗ, ਸਾਫਟਵੇਅਰ ਅਤੇ ਕਾਰਵਾਈਆਂ ਦੇ ਪੁਨਰ ਨਿਰਮਾਣ ਦੀ ਲੋੜ ਪੈਂਦੀ ਹੈ। ਕੰਮ ਕਾਜ ਵਿੱਚ ਪਾਰਦਰਸ਼ਤਾ ਲਿਆਉਣ, ਅਫਸਰਸ਼ਾਹੀ ਦਾ ਨਿਯੰਤਰਣ ਘਟਾਉਣ, ਕਾਰਜ ਕੁਸ਼ਲਤਾ ਅਤੇ ਉਤਪਾਦਕਤਾ ਵਧਾਉਣ ਅਤੇ ਸੇਵਾਵਾਂ ਮਹੁੱਈਆ ਕਰਵਾਉਣ ਦੀ ਲਾਗਤ ਘਟਾਉਣ ਲਈ ਸਰਕਾਰ ਦੀਆਂ ਮੌਜੂਦਾ ਕਾਰਵਾਈਆਂ ਅਤੇ ਪ੍ਰਕਿਰਿਆਵਾਂ ਦਾ ਪੁਨਰ ਨਿਰਮਾਣ ਅਵੱਸ਼ਕ ਹੈ। ਇਸ ਨੂੰ ਸਫਲਤਾਪੂਰਵਕ ਲਾਗੂ ਕਰਨਾ ਸੰਗਠਨਾਤਮਕ ਅਗਵਾਈ ਅਤੇ ਸਮਰਥਾ ਤੇ ਨਿਰਭਰ ਕਰੇਗਾ (ਜਿਸ ਵਿੱਚ ਪ੍ਰਕਿਰਿਆਵਾਂ ਦੇ ਪੁਨਰ ਨਿਰਮਾਣ ਦੀ ਸਮਰਥਾ ਵੀ ਸ਼ਾਮਲ ਹੈ)। ਇਸ ਲਈ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਵੱਡੇ ਪੈਮਾਨੇ ਤੇ ਲਾਗੂ ਕਰਨ ਲਈ ਸੰਗਠਨ ਨੂੰ ਮੌਲਿਕ ਪਰੀਵਰਤਨ ਲਈ ਤਿਆਰ ਕਰਨਾ, ਅਹਿਮ ਵਿਉਪਾਰਕ ਪ੍ਰਕਿਰਿਆਵਾਂ ਦਾ ਪੁਨਰ ਨਿਰਮਾਣ ਕਰਨਾ ਅਤੇ ਸੂਚਨਾ ਦੇ ਪ੍ਰਬੰਧ ਲਈ ਏਕੀਕ੍ਰਿਤ ਤੱਥ ਸੰਗ੍ਰਹਿ ਅਤੇ ਸਮਰਥਾ ਪੈਦਾ ਕਰਨਾ ਪੂਰਵ ਸ਼ਰਤਾਂ ਹਨ।

## References


The references (same as mentioned in the Part 1 of Chapter 1, 2, and 3 ) and National Institute for Smart Governance and Center for good Governance (NISG and CGG), E- governance in Municipalities: Capacity Building Plan, Volume 2, Hyderabad: National Institute for Smart Governance and Centre for god Governance.

Vaidya, Hitesh (2006), e-Governance in Municipalities, An unpublished paper, New Delhi: Indo-USAID Fire project.

Raikar, KS (2005), e-Governance - Public private partnership, A paper presented in World Mayors' Conference on Millennium Development Goals and the Role of Cities, Cochin: April 2-4-2005.

Papers presented in World Mayors' Conference on Millennium development Goals and the Role of Cities, Cochin : April 2- 4, 2005.

Technical Papers on various themes presented in 54th National Town and Country Planners Congress on Jawaharlal Nehru National Urban Renewal Mission: Spatial Planning Implications held at Guru Nanak Dev University, Amritsar from January 14-16, 2006.

India Infrastructure Report 2006: Urban infrastructure, 3i Network, New Delhi: Oxford University Press.

Planning Commission, Government of India (2003, Successful Governance initiatives and Best practices: Experiences from Indian States, published by Academic Foundation, New Delhi.

Vaidya, Chetan and Hitesh Vaidya (2003), 'Management Innovations for Municipal Resources Mobilisation' in India in Governance, March 2003, Urban Management and Development Centre, RCVP Noronha Academy of Administration, Bhopal.

'Recent Financial Initiatives among Urban Local Bodies: A Report', India Infrastructure Report 2004. New Delhi: 3i Network Oxford University Press.

Guidelines for Property Tax Reforms. 2002. Ministry of Urban Development, Government of India, New Delhi.

Gupta, J.P. & Manoj Kumar Teotia 2001, *Innovative Urban Management: Resource Mobilization and Privatization in Ludhiana Municipal corporation.* Chandigarh: CRRID. Unpublished report, submitted to NIUA, New Delhi under FIRE (D) programme of USAID.

# ਭਾਗ ਦੋ

# ਪੰਚਾਇਤੀ ਰਾਜ ਸੰਸਥਾਵਾਂ

ਇਸ ਅਧਿਆਇ ਵਿੱਚ ਪ੍ਰਗਤੀਸ਼ੀਲ ਭਾਰਤੀ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਮੈਂਬਰ ਦੇਸ਼ਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਜ਼ਰੂਰਤ ਅਤੇ ਇਸ ਦੇ ਅਮਲ ਦਾ ਵਰਣਨ ਕੀਤਾ ਗਿਆ ਹੈ।


**ਜਾਣ-ਪਛਾਣ**

15 ਅਗਸਤ 2002 ਨੂੰ ਸੁਤੰਤਰਤਾ ਦਿਵਸ ਦੇ ਮੌਕੇ ਤੇ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਨੇ ਘੋਸ਼ਣਾ ਕੀਤੀ ਸੀ:

"ਸਰਕਾਰ ਅਤੇ ਨਾਗਰਿਕਾਂ ਦੇ ਸੰਪਰਕ ਦੀ ਕਾਰਜ ਕੁਸ਼ਲਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਵਿੱਚ ਸੁਧਾਰ ਕਰਨ ਲਈ ਸਰਕਾਰ ਸ਼ਾਸਨ ਦੇ ਹਰੇਕ ਪੱਧਰ ਤੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਤੇਜੀ ਨਾਲ ਲਾਗੂ ਕਰਨ ਲਈ ਇੱਕ ਵਿਸਤ੍ਰਿਤ ਪ੍ਰੋਗਰਾਮ ਲਾਗੂ ਕਰੇਗੀ।"

ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਦ੍ਰਿਸ਼ਟੀਕੋਣ ਤੋਂ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਆਮ ਕਰਕੇ ਸਥਾਨਕ ਸ਼ਾਸਨ ਦੀ ਗੁਣਵੱਤਾ ਦੀ ਕਾਇਆ ਪਲਟ ਕੇ ਲੋਕਾਂ ਦੀ ਜੀਵਨ ਸ਼ੈਲੀ ਨੂੰ ਬਦਲਣ ਦਾ ਸੰਕਲਪ ਸਮਝਿਆ ਜਾਂਦਾ ਹੈ। ਇਸ ਦੇ ਸਫਲਤਾਪੂਰਵਕ ਲਾਗੂ ਹੋਣ ਨਾਲ ਭ੍ਰਿਸ਼ਟਾਚਾਰ ਵਿੱਚ ਕਮੀ, ਕਾਰਜ ਕੁਸ਼ਲਤਾ ਵਿੱਚ ਵਾਧੇ ਅਤੇ ਸਥਾਨਕ ਸ਼ਾਸਨ ਦੀ ਇੱਕ ਸੰਵੇਦਨਸ਼ੀਲ, ਪਾਰਦਰਸ਼ੀ ਅਤੇ ਉੱਤਰਦਾਈ ਪ੍ਰਣਾਲੀ ਦੇ ਨਿਰਮਾਣ ਨਾਲ ਸਰਕਾਰ ਤੋਂ ਚੰਗੇਰੀ ਕਾਰਜ ਪੂਰਤੀ ਦੀ ਉਮੀਦ ਕੀਤੀ ਜਾਂਦੀ ਹੈ।

**ਖਾਕਾ-5**




ਭਾਰਤ ਸਰਕਾਰ ਦੇ ਦਿਹਾਤੀ ਵਿਕਾਸ ਦੇ ਮੰਤਰਾਲੇ ਦੁਆਰਾ ਫਰਵਰੀ 2005 ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਤੇ ਆਯੋਜਿਤ ਕੀਤੀ ਗਈ ਰਾਸ਼ਟਰੀ ਕਾਨਫਰੰਸ ਵਿੱਚ ਕੰਪਿਊਟਰੀਕਰਣ ਲਈ ਹੇਠ ਲਿਖੇ ਖੇਤਰਾਂ ਦੀ ਪਹਿਚਾਣ ਕੀਤੀ ਗਈ :

ੳ. ਪਿੰਡ ਦੀ ਸੂਚਨਾ ਪ੍ਰਣਾਲੀ
ਅ. ਨਾਗਰਿਕਾਂ ਬਾਰੇ ਤੱਥ ਸੰਗ੍ਰਹਿ

ੲ. ਹਿਸਾਬ ਕਿਤਾਬ ਦੀ ਪ੍ਰਣਾਲੀ

ਸ. ਯੋਜਨਾ ਪ੍ਰਬੰਧ

ਹ. ਜਨਤਕ ਸੇਵਾਵਾਂ

ਕ. ਕਰ ਵਸੂਲੀ

ਖ. ਭੂਮੀ ਦੇ ਮਾਲਕੀ ਹੱਕ ਦੇ ਦਸਤਾਵੇਜ

ਕਿੰਤੂ ਮੰਤਰਾਲੇ ਨੇ ਇਹ ਵੀ ਮਹਿਸੂਸ ਕੀਤਾ ਕਿ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਲਾਗੂ ਕਰਨ ਦੇ ਸੰਦਰਭ ਵਿੱਚ ਕੁੱਝ ਮੌਲਿਕ ਰੁਕਾਵਟਾਂ ਨੂੰ ਦੂਰ ਕਰਨ ਦੀ ਲੋੜ ਹੈ। ਇਹ ਰੁਕਾਵਟਾਂ ਹਨ : ਬਿਜਲੀ ਦੀ ਘਾਟ, ਅਨਪੜ੍ਹਤਾ, ਸਾਖਰਤਾ ਦਾ ਨੀਵਾਂ ਪੱਧਰ ਅਤੇ ਨਵੀਂ ਤਕਨਾਲੋਜੀ ਦਾ ਵਿਰੋਧ। ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਜਾਂ ਸੂਚਨਾ ਪ੍ਰਬੰਧ ਦੀ ਕੰਪਿਊਟਰੀਕ੍ਰਿਤ ਪ੍ਰਣਾਲੀ ਪੰਚਾਇਤਾਂ ਦੀ ਇੱਕ ਮੁਢਲੀ ਲੋੜ ਹੈ। ਇਸ ਨਾਲ ਨਾ ਕੇਵਲ ਓਹ ਹੋਰ ਪ੍ਰਭਾਵਸ਼ਾਲੀ ਅਤੇ ਕਾਰਜਕੁਸ਼ਲ ਹੀ ਬਣਨਗੀਆਂ ਬਲਕਿ ਜਰੂਰਤਾਂ ਦਾ ਮੁਲਾਂਕਣ ਕਰਕੇ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਵੀ ਮਦਦ ਮਿਲੇਗੀ। ਇਸ ਤੋਂ ਇਲਾਵਾ ਇਸ ਨਾਲ ਪੰਚਾਇਤੀ ਰਾਜ ਪ੍ਰਣਾਲੀ ਵਿੱਚ ਲੋਕਾਂ ਦਾ ਵਿਸ਼ਵਾਸ ਵਧੇਗਾ। ਸੂਚਨਾ ਪ੍ਰਣਾਲੀ ਪ੍ਰਸ਼ਾਸਨ ਦੇ ਮੁੱਖ-ਮੁੱਖ ਲਾਭ ਹੇਠ ਲਿਖੇ ਅਨੁਸਾਰ ਹਨ :

ੳ. ਸੇਵਾਵਾਂ ਮੁਹੱਈਆ ਕਰਵਾਉਣ ਦੀ ਪ੍ਰਣਾਲੀ ਵਿੱਚ ਸੁਧਾਰ ਹੁੰਦਾ ਹੈ।

ਅ. ਕਾਰਜ ਕੁਸ਼ਲਤਾ ਵਿੱਚ ਵਾਧਾ ਹੁੰਦਾ ਹੈ।

ੲ. ਸੂਚਨਾ ਤੱਕ ਪਹੁੰਚ ਨੂੰ ਹੋਰ ਵਿਸਤ੍ਰਿਤ ਕਰਨ ਤੇ ਜ਼ੋਰ ਦਿੱਤਾ ਜਾਂਦਾ ਹੈ।

ਸ. ਹਿਸਾਬ ਕਿਤਾਬ ਅਤੇ ਦਸਤਾਵੇਜ ਰੱਖਣ ਦੀ ਵਿਵਸਥਾ ਵਿੱਚ ਸੁਧਾਰ ਹੁੰਦਾ ਹੈ।

ਹ. ਜਵਾਬਦੇਹੀ ਅਤੇ ਪਾਰਦਰਸ਼ਤਾ ਨੂੰ ਉਤਸ਼ਾਹ ਮਿਲਦਾ ਹੈ।

ਇਸ ਲਈ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਲਾਗੂ ਕਰਨਾ ਉੰਨਾ ਹੀ ਜ਼ਰੂਰੀ ਹੈ ਜਿੰਨਾ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ। ਹੁਣੇ ਹੁਣੇ ਕਈ ਰਾਜ ਸਰਕਾਰਾਂ ਨੇ ਦਿਹਾਤੀ ਖੇਤਰਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਸਥਾਪਤ ਕਰਕੇ ਇਸ ਨੂੰ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਕਾਰਜਸ਼ੀਲ ਬਣਾਉਣ ਲਈ ਕਈ ਉਪਰਾਲੇ ਸ਼ੁਰੂ ਕੀਤੇ ਹਨ। ਪ੍ਰਗਤੀਸ਼ੀਲ ਭਾਰਤੀ ਰਾਜਾਂ ਦੁਆਰਾ ਦਿਹਾਤੀ ਖੇਤਰਾਂ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦਾ ਅਰੰਭ ਕਰਕੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਲਈ ਕੀਤੇ ਗਏ ਉਪਰਾਲਿਆਂ ਦੇ ਵੇਰਵੇ ਸਾਰਣੀ-49 ਵਿੱਚ ਦਿੱਤੇ ਗਏ ਹਨ :

**ਸਾਰਣੀ-49**

**ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਲਈ ਕੀਤੇ ਗਏ ਉਪਰਾਲੇ**

| ਰਾਜ | ਉਪਰਾਲੇ |
|---|---|
| ਗੁਜਰਾਤ | ਮਾਹਿਤੀ ਸ਼ਕਤੀ, ਫਾਰਮ ਬੁੱਕ ਆਨ ਲਾਈਨ, ਸਰਕਾਰੀ ਰਿਕਾਰਡ ਬੁੱਕ ਆਨ ਲਾਈਨ |
| ਕਰਨਾਟਕ | ਟੈਂਡਰ ਨੋਟਿਸ, ਭੂਮੀ, ਖਜ਼ਾਨਾ, ਕਾਵੇਰੀ |
| ਕੇਰਲ | FRIENDS, SWIFT, IKM |
| ਮੱਧ ਪ੍ਰਦੇਸ਼ | ਗਿਆਨਦੂਤ, ਗਰਾਮ ਸੰਪਰਕ |
| ਮਹਾਰਾਸ਼ਟਰ | SFTU, ਸ਼ਿਕਾਇਤ ਨਿਵਾਰਣ ਦੀ ਆਨ ਲਾਈਨ ਪ੍ਰਣਾਲੀ |

## ਪ੍ਰਗਤੀਸ਼ੀਲ ਭਾਰਤੀ ਰਾਜਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਉਪਰਾਲੇ

### ਕਰਨਾਟਕ

I ਕਰਨਾਟਕ ਦੇ ਰੈਵਨਿਊ ਵਿਭਾਗ ਨੇ ਰਾਜ ਵਿੱਚ 67 ਲੱਖ ਕਿਸਾਨਾਂ ਦੇ ਭੂਮੀ ਮਾਲਕੀ ਹੱਕਾਂ ਦੇ 2 ਕਰੋੜ ਦਸਤਾਵੇਜਾਂ ਨੂੰ ਕੰਪਿਊਟਰੀਕ੍ਰਿਤ ਕੀਤਾ ਹੈ। ਇਸ ਤੋਂ ਪਹਿਲਾਂ ਬੈਂਕ ਤੋਂ ਕਰਜ਼ ਲੈਣ ਆਦਿ ਦੇ ਕੰਮਾਂ ਲਈ ਮਾਲਕੀ ਹੱਕ, ਹਿੱਸੇਦਾਰੀ ਅਤੇ ਫ਼ਸਲਾਂ ਦੇ ਰਿਕਾਰਡ ਦੀ ਕਾਪੀ ਲੈਣ ਲਈ ਕਿਸਾਨਾਂ ਨੂੰ ਪਿੰਡ ਦੇ ਲੇਖਾਕਾਰ ਪਾਸ ਜਾਣਾ ਪੈਂਦਾ ਸੀ। ਇਸ ਵਿੱਚ ਕਾਫੀ ਦੇਰ ਅਤੇ ਪਰੇਸ਼ਾਨੀ ਹੁੰਦੀ ਸੀ ਅਤੇ ਰਿਸ਼ਵਤ ਵੀ ਦੇਣੀ ਪੈਂਦੀ ਸੀ। ਹੁਣ 15 ਰੁਪਏ ਫੀਸ ਦੇ ਕੇ 177 ਤਾਲੁਕ ਦਫਤਰਾਂ ਦੇ ਕੰਪਿਊਟਰੀਕ੍ਰਿਤ ਭੂਮੀ ਦਸਤਾਵੇਜ ਕੇਂਦਰਾਂ (ਭੂਮੀ ਕੇਂਦਰਾਂ) ਤੋਂ ਇਨ੍ਹਾਂ ਰਿਕਾਰਡਾਂ ਦੀ ਛਪੀ ਹੋਈ ਕਾਪੀ ਆਨਲਾਈਨ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਪ੍ਰਣਾਲੀ 'ਭੂਮੀ' ਨਾਂ ਦੇ ਸਾਫਟਵੇਅਰ ਨਾਲ ਚਲਦੀ ਹੈ ਜਿਸ ਦਾ ਵਿਕਾਸ ਨੇਸ਼ਨਲ ਇਨਫਰਮੈਟਿਕਸ ਸੈਂਟਰ ਬੰਗਲੌਰ ਨੇ ਮੁਕੰਮਲ ਤੌਰ ਤੇ ਆਪ ਕੀਤਾ ਸੀ।

II. ਕਰਨਾਟਕ ਦੀ ਰਾਜਧਾਨੀ ਬੰਗਲੌਰ ਤੋਂ 60 ਕਿਲੋਮੀਟਰ ਦੂਰ ਬੇਲੰਦੂਰ ਗਰਾਮ ਪੰਚਾਇਤ ਵਿੱਚ ਪੰਚਾਇਤ ਦੇ ਇਸਤ੍ਰੀ ਸਦੱਸ ਅਪਣੀ ਪੰਚਾਇਤ ਬਾਰੇ ਪੂਰੀ ਜਾਣਕਾਰੀ ਲੈ ਸਕਦੇ ਹਨ ਜਿਵੇਂ ਕਿ : (i) ਪਰਿਵਾਰ ਦੀ ਭੂਮੀ ਦਾ ਅਕਾਰ (ii) ਉਨ੍ਹਾਂ ਤੋਂ ਲਏ ਜਾਣ ਵਾਲੇ ਕਰ (iii) ਮਕਾਨ ਉਸਾਰੀ ਅਤੇ ਰੋਜ਼ਗਾਰ ਦੀਆਂ ਵੱਖ ਵੱਖ ਸਕੀਮਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਦੀ ਸੰਖਿਆ (iv) ਪਾਣੀ ਜਾਂ ਬਿਜਲੀ ਦਾ ਕੁਨੈਕਸ਼ਨ ਲੈਣ ਲਈ ਦਿੱਤੇ ਗਏ ਬਿਨੈ ਪੱਤਰ ਦੀ ਸਥਿਤੀ।

### ਗੁਜਰਾਤ

ਗੁਜਰਾਤ ਵਿੱਚ ਕੁੱਝ ਕੁ ਜ਼ਿਲਾ ਪ੍ਰਸ਼ਾਸਨਾਂ ਦੁਆਰਾ ਪਿੰਡ ਪੰਚਾਇਤ ਪੱਧਰ ਤੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਲਾਗੂ ਕਰਨ ਲਈ ਕੀਤੇ ਗਏ ਉਪਰਾਲੇ ਵਰਣਨਯੋਗ ਹਨ। ਅਜਿਹਾ ਇੱਕ ਉਪਰਾਲਾ ਬੜੌਦਾ ਜ਼ਿਲ੍ਹੇ ਵਿੱਚ ਕੀਤਾ ਗਿਆ ਹੈ।

ਬੜੌਦਾ ਜ਼ਿਲ੍ਹੇ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪਿੰਡ ਪੰਚਾਇਤ ਪ੍ਰਸ਼ਾਸਨ ਦੀ ਸ਼ੁਰੂਆਤ ਹੇਠ ਲਿਖੇ ਮੁੱਖ ਉਦੇਸ਼ਾਂ ਨਾਲ ਕੀਤੀ ਗਈ।

ੳ. ਪਿੰਡ ਦੇ ਦਸਤਾਵੇਜ ਰੱਖਣੇ।

ਅ. ਮਾਮੂਲੀ ਦਰ ਤੇ ਪ੍ਰਮਾਣ ਪੱਤਰ ਅਤੇ ਸੂਚਨਾ ਦੇਣਾ।

ੲ. ਪਿੰਡ ਦੇ ਦਸਤਾਵੇਜਾਂ ਨੂੰ ਸੰਭਾਲ ਕੇ ਰੱਖਣਾ।

ਸ. ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਬਾਰੇ ਲੋਕਾਂ ਵਿੱਚ ਜਾਗਰਤੀ ਪੈਦਾ ਕਰਨਾ।

ਸੂਚਨਾ ਪ੍ਰਣਾਲੀ ਆਧਾਰਤ ਪਿੰਡ ਪੰਚਾਇਤ ਪ੍ਰਸ਼ਾਸਨ ਦੀਆਂ ਕੁੱਝ ਕੁ ਗਤੀਵਿਧੀਆਂ ਹੇਠ ਲਿਖੇ ਅਨੁਸਾਰ ਹਨ:

ੳ. ਸੰਪਤੀ ਕਰ ਸੰਬੰਧੀ ਦਸਤਾਵੇਜ।

ਅ. ਜਨਮ ਅਤੇ ਮੌਤ ਦੀ ਰਜਿਸਟ੍ਰੇਸ਼ਨ।

ੲ. ਜਨਮ ਅਤੇ ਮੌਤ ਦੇ ਪ੍ਰਮਾਣ ਪੱਤਰ ਜਾਰੀ ਕਰਨੇ।

ਸ. ਹੇਠ ਲਿਖੇ ਪ੍ਰਮਾਣ ਪੱਤਰ ਜਾਰੀ ਕਰਨੇ :

   (i) ਗਰੀਬੀ ਦੀ ਰੇਖਾ ਤੋਂ ਹੇਠਾਂ ਹੋਣ ਦਾ (BPL) ਪ੍ਰਮਾਣ ਪੱਤਰ

   (ii) ਚਰਿੱਤਰ ਦਾ ਪ੍ਰਮਾਣ ਪੱਤਰ

   (iii) ਜਾਤੀ ਦਾ ਪ੍ਰਮਾਣ ਪੱਤਰ

   (iv) ਰਿਹਾਇਸ਼ ਦਾ ਪ੍ਰਮਾਣ ਪੱਤਰ

ਹ. ਗਰਾਮ ਪੰਚਾਇਤ ਦੇ ਹਿਸਾਬ ਕਿਤਾਬ ਦਾ ਕੰਪਿਊਟਰੀਕਰਣ

ਜ਼ਿਲ੍ਹੇ ਦੀਆਂ 863 ਪਿੰਡ ਪੰਚਾਇਤਾਂ ਵਿੱਚੋਂ 325 ਪੰਚਾਇਤਾਂ ਦੇ ਪ੍ਰਸ਼ਾਸਨ ਸੂਚਨਾ ਪ੍ਰਣਾਲੀ ਆਧਾਰਤ ਹਨ ਅਤੇ 64 ਪਿੰਡ ਪੰਚਾਇਤਾਂ ਪਾਸ ਇੰਟਰਨੈੱਟ ਸੁਵਿਧਾ ਉਪਲਬਧ ਹੈ।

ਬੜੌਦਾ ਜ਼ਿਲ੍ਹਾ ਪ੍ਰਸ਼ਾਸਨ ਨੇ ਸੂਚਨਾ ਪ੍ਰਣਾਲੀ ਆਧਾਰਤ ਜੱਚਾ-ਬੱਚਾ ਸਿਹਤ ਸੰਭਾਲ ਸੇਵਾਵਾਂ ਵੀ ਸ਼ੁਰੂ ਕੀਤੀਆਂ ਹਨ ਜਿਸ ਨਾਲ ਜ਼ਿਲ੍ਹੇ ਦੇ ਦਿਹਾਤੀ ਖੇਤਰਾਂ ਵਿੱਚ ਮਾਵਾਂ ਅਤੇ ਬੱਚਿਆਂ ਦੀ ਮ੍ਰਿਤੂ ਦਰ ਵਿੱਚ ਕਮੀ ਆਈ ਹੈ। ਮੁਢਲੇ ਸਿਹਤ ਕੇਂਦਰਾਂ ਵਿੱਚ ਹੇਠ ਲਿਖੇ ਦਸਤਾਵੇਜ ਆਨਲਾਈਨ ਉਪਲਬਧ ਹਨ :

ੳ. ਗਰਭਵਤੀ ਇਸਤ੍ਰੀਆਂ ਦੇ ਟੀਕਾਕਰਣ ਦੀ ਸਥਿਤੀ।

ਅ. ਵੱਡੇ ਹਸਪਤਾਲਾਂ ਪਾਸ ਭੇਜੇ ਹੋਏ ਕੇਸ।

ੲ. ਉਹ ਤਾਰੀਖ ਜਿਸ ਦਿਨ ਜਣੇਪੇ ਦੀ ਉਮੀਦ ਰੱਖੀ ਜਾਂਦੀ ਹੈ।


ਸ. ਨਵੇਂ ਜੰਮੇ ਤੋਂ ਲੈ ਕੇ ਇੱਕ ਸਾਲ ਤੱਕ ਦੇ ਬੱਚਿਆਂ ਦੇ ਟੀਕਾਕਰਣ ਦੀ ਸਥਿਤੀ।

ਹ. ਪਰਿਵਾਰ ਨਿਯੋਜਨ ਦੀਆਂ ਵਿਧੀਆਂ ਦਾ ਉਪਯੋਗ ਕਰਨ ਵਾਲੇ ਵਿਅਕਤੀ।

ਮੁਢਲੇ ਸਿਹਤ ਕੇਂਦਰ ਵਿੱਚ ਉਪਲਬਧ ਇਸ ਸੂਚਨਾ ਨੂੰ ਸਬ-ਡਿਵੀਜ਼ਨ ਪੱਧਰ ਤੇ ਕਮਿਊਨਿਟੀ ਹੈਲਥ ਸੈਂਟਰ ਅਤੇ ਜ਼ਿਲ੍ਹਾ ਹਸਪਤਾਲ ਨਾਲ ਜੋੜ ਦਿੱਤਾ ਗਿਆ ਹੈ। ਇਸ ਨਾਲ ਸਿਹਤ ਅਧਿਕਾਰੀ ਰੈਫਰਲ ਸੇਵਾਵਾਂ ਜਲਦੀ ਅਤੇ ਆਨ ਲਾਈਨ ਦੇ ਸਕਦੇ ਹਨ। ਸਿਹਤ ਸੰਭਾਲ ਸੇਵਾ ਮੁਹੱਈਆ ਕਰਵਾਉਣ ਵਾਲੀ ਪ੍ਰਣਾਲੀ ਅਤੇ ਇਸ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਵਿਚਕਾਰ ਸਥਾਪਤ ਕੀਤਾ ਗਿਆ ਸੰਪਰਕ ਖਾਕਾ-6 ਵਿੱਚ ਦਿੱਤਾ ਗਿਆ ਹੈ :

**ਖਾਕਾ-6**

**ਮਾਵਾਂ ਅਤੇ ਬੱਚਿਆਂ ਦੀ ਸਿਹਤ ਸੰਭਾਲ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਵਰਤੋਂ**




## ਮੱਧ ਪ੍ਰਦੇਸ਼

ਮੱਧ ਪ੍ਰਦੇਸ਼ ਸਰਕਾਰ ਦੁਆਰਾ ਪੰਚਾਇਤਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਲਾਗੂ ਕਰਨ ਲਈ ਕੀਤੇ ਗਏ ਉਪਰਾਲੇ ਹੇਠ ਲਿਖੇ ਅਨੁਸਾਰ ਹਨ :

## ਗਰਾਮ ਸੰਪਰਕ

'ਗਰਾਮ ਸੰਪਰਕ' ਮੱਧ ਪ੍ਰਦੇਸ਼ ਸਰਕਾਰ ਦੇ ਸੂਚਨਾ ਅਤੇ ਸੰਚਾਰ ਤਕਨਾਲੋਜੀ ਉਤਪਾਦਨਾਂ ਵਿੱਚੋਂ ਮੋਹਰੀ ਹੈ। 'ਗਰਾਮ ਪੰਚਾਇਤ' ਨਾਂ ਦੀ ਵੈੱਬਸਾਈਟ ਤੇ ਰਾਜ ਦੇ ਸਾਰੇ 51000 ਪਿੰਡਾਂ ਵਿੱਚ ਉਪਲਬਧ ਸਾਧਨਾਂ, ਮੁਢਲੀਆਂ ਸਹੂਲਤਾਂ, ਸਰਕਾਰੀ ਪ੍ਰੋਗਰਾਮਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀਆਂ ਅਤੇ ਜਨਤਾ ਦੀਆਂ ਸ਼ਿਕਾਇਤਾਂ ਦਾ ਤੱਥ ਸੰਗ੍ਰਹਿ ਮਿਲਦਾ ਹੈ। ਇਸ ਦੇ ਤਿੰਨ ਭਾਗ ਹਨ : (ੳ) ਗਰਾਮ ਪਰਿਦ੍ਰਿਸ਼ਯ (ਅ) ਸਮੱਸਿਆ ਨਿਵਾਰਣ ੲ. ਗਰਾਮ ਚੌਕੀਦਾਰ। ਨਿਗਰਾਨੀ ਦੇ ਇੱਕ ਗਿਆਰਾਂ ਨੁਕਾਤੀ ਪ੍ਰੋਗਰਾਮ ਰਾਹੀਂ ਪਿੰਡ ਵਾਰ ਹਰ ਮਹੀਨੇ ਇਨ੍ਹਾਂ ਪ੍ਰੋਗਰਾਮਾਂ ਦੀ ਨਿਗਰਾਨੀ ਕੀਤੀ ਜਾਂਦੀ ਹੈ। ਨਿਗਰਾਨੀ ਦੀ ਇਸ ਪ੍ਰਣਾਲੀ ਅਧੀਨ ਆਉਣ ਵਾਲੇ ਚਾਰ ਹੋਰ ਪ੍ਰੋਗਰਾਮ ਹਨ: ਛੂਤਛਾਤ ਦਾ ਖਾਤਮਾ, ਇਸਤ੍ਰੀਆਂ ਦਾ ਰੁਜ਼ਗਾਰ, ਪਾਣੀ ਦੀ ਸੰਭਾਲ ਅਤੇ ਸਫਾਈ ਮੁਹਿੰਮ।

## ਗਿਆਨ ਦੂਤ

ਗਿਆਨ ਦੂਤ ਨਾਂ ਦਾ ਪ੍ਰਾਜੈਕਟ ਕੁੱਝ ਪ੍ਰਤੀਬੱਧ ਅਫਸਰਾਂ ਦੁਆਰਾ ਧਾਰ ਜ਼ਿਲ੍ਹੇ ਦੀਆਂ ਗਰਾਮ-ਪੰਚਾਇਤਾਂ ਦੀ ਸਲਾਹ ਨਾਲ ਜਨਵਰੀ 2000 ਵਿੱਚ ਸ਼ੁਰੂ ਕੀਤਾ ਗਿਆ। ਇਹ ਇੱਕ ਘੱਟ ਲਾਗਤ ਵਾਲੀ, ਅਪਣੇ ਆਪ ਚੱਲਣ ਵਾਲੀ ਅਤੇ ਸਮੁਦਾ ਦੀ ਮਾਲਕੀ ਵਾਲੀ ਦਿਹਾਤੀ ਇੰਟਰਨੈੱਟ ਪ੍ਰਣਾਲੀ ਹੈ ਜੋ ਜ਼ਿਲ੍ਹੇ ਦੇ ਦਿਹਾਤੀ ਸਮੁਦਾਵਾਂ ਦੀਆਂ ਕੁੱਝ ਖਾਸ ਲੋੜਾਂ ਦੀ ਪੂਰਤੀ ਕਰਦੀ ਹੈ। ਜਨਵਰੀ 2000 ਤੋਂ ਲੈ ਕੇ ਹੁਣ ਤੱਕ ਅਜਿਹੇ 35 ਕੇਂਦਰ ਸਥਾਪਤ ਕੀਤੇ ਜਾ ਚੁੱਕੇ ਹਨ। ਇਨ੍ਹਾਂ ਦਾ ਪ੍ਰਬੰਧ ਪਿੰਡ ਦੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਵਿੱਚੋਂ ਚੁਣੇ ਹੋਏ ਨੌਜਵਾਨਾਂ ਦੁਆਰਾ ਕੀਤਾ ਜਾਂਦਾ ਹੈ। ਉਹ ਇਨ੍ਹਾਂ ਕੇਂਦਰਾਂ (ਸੂਚਨਾਲਿਆਂ) ਨੂੰ ਉੱਦਮੀਆਂ (ਸੂਚਕਾਂ) ਦੀ ਤਰ੍ਹਾਂ ਚਲਾਉਂਦੇ ਹਨ। ਬਹੁਤ ਸਾਰੀਆਂ ਸੇਵਾਵਾਂ ਲਈ ਉਪਭੋਗਤਾ ਖਰਚੇ ਲਏ ਜਾਂਦੇ ਹਨ। ਇਹ ਹਨ; ਖੇਤੀ ਸੰਬੰਧੀ ਸੂਚਨਾ, ਮੰਡੀ ਸੰਬੰਧੀ ਸੂਚਨਾ, ਸਿਹਤ, ਸਿੱਖਿਆ ਅਤੇ ਇਸਤ੍ਰੀਆਂ ਸੰਬੰਧੀ ਮੁੱਦੇ, ਭੂਮੀ ਦੀ ਮਾਲਕੀ, ਰਾਖਾਵਾਂਕਰਣ ਅਤੇ ਗਰੀਬੀ ਦੇ ਖਾਤਮੇ ਸੰਬੰਧੀ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਲਈ ਦਿੱਤੇ ਜਾਣ ਵਾਲੇ ਬਿਨੈ ਪੱਤਰ।

## ਕੇਰਲ

ਕੇਰਲ ਸਰਕਾਰ ਨੇ ਰਾਜ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਸਥਾਪਤ ਕਰਨ ਲਈ ਹੇਠ ਲਿਖੇ ਉਪਰਾਲੇ ਕੀਤੇ ਹਨ :

## FRIENDS

ਕੇਰਲ ਦੇ ਸੂਚਨਾ ਤਕਨਾਲੋਜੀ ਮਿਸ਼ਨ ਨੂੰ FRIENDS ਕਿਹਾ ਗਿਆ ਹੈ ਜਿਸ ਦਾ ਭਾਵ ਹੈ Fast, Reliable, Instant, Efficient Network for the Disbursement of Services (ਸੇਵਾਵਾਂ ਮੁਹੱਈਆ ਕਰਵਾਉਣ ਲਈ ਤੇਜ, ਭਰੋਸੇਯੋਗ, ਤਤਕਾਲਕ ਅਤੇ ਕਾਰਜਕੁਸ਼ਲ ਨੈੱਟਵਰਕ)। ਇਹ ਰਾਜ ਦੇ ਸੂਚਨਾ ਤਕਨਾਲੋਜੀ ਮਿਸ਼ਨ ਦਾ ਇੱਕ ਭਾਗ ਹੈ। ਇਸ ਦੇ ਕਾਊਟਰਾਂ ਤੇ ਸਰਕਾਰੀ ਖੇਤਰ ਦੀਆਂ ਵੱਖ ਵੱਖ ਇਕਾਈਆਂ ਦੁਆਰਾ ਜਾਰੀ ਕੀਤੇ ਗਏ 1000 ਪ੍ਰਕਾਰ ਦੇ ਬਿਲਾਂ ਦਾ ਭੁਗਤਾਨ ਹੁੰਦਾ ਹੈ। ਨਾਗਰਿਕ ਜਿਨ੍ਹਾਂ ਬਿਲਾਂ ਦਾ ਭੁਗਤਾਨ ਇੱਥੇ ਕਰ ਸਕਦੇ ਹਨ ਉਨ੍ਹਾਂ ਵਿੱਚ ਪਾਣੀ ਅਤੇ ਬਿਜਲੀ ਦੇ ਉਪਭੋਗਤਾ ਖਰਚੇ, ਕਰ, ਲਾਇਸੰਸ ਫੀਸ, ਮੋਟਰ ਵਾਹਨ ਕਰ ਅਤੇ ਯੂਨੀਵਰਸਿਟੀ ਫੀਸਾਂ ਆਦਿ ਸ਼ਾਮਿਲ ਹਨ। ਇਸ ਵਿੱਚ ਗਲਤ ਇੰਦਰਾਜਾਂ ਨੂੰ ਕੱਢਣ ਦੀ ਅਤੇ ਹੋਰ ਮੋਡਿਊਲ ਸ਼ਾਮਿਲ ਕਰਨ ਦੀ ਵੀ ਵਿਵਸਥਾ ਹੈ ਜਿਸ ਨਾਲ ਉਪਭੋਗਤਾ ਪੱਧਰ ਤੇ ਤੱਥ ਸੰਗ੍ਰਹਿ ਵਿੱਚ ਕੋਈ ਅੰਤਰ ਨਹੀਂ ਆਉਂਦਾ। FRIENDS ਦਾ ਇੱਕ ਮੁੱਖ ਲੱਛਣ ਹੈ ਹੋਰ ਮੋਡਿਊਲ ਸ਼ਾਮਿਲ ਕਰਨ ਅਤੇ ਕਤਾਰ ਦਾ ਪ੍ਰਬੰਧ ਕਰਨ ਦੀ ਵਿਵਸਥਾ।

**SWIFT**

SWIFT (Single Window Interface for Taluks) ਦਾ ਸੰਬੰਧ ਨੌਕਰੀਆਂ, ਕਾਨੂੰਨੀ ਫਾਇਦਿਆਂ ਅਤੇ ਪਹਿਚਾਣ ਪੱਤਰਾਂ ਆਦਿ ਲਈ ਲੜੀਂਦੇ ਪ੍ਰਮਾਣ ਪੱਤਰਾਂ ਨਾਲ ਹੈ। ਕਿਉਂਕਿ ਤਾਲੁਕ ਦਫਤਰਾਂ ਵਿੱਚ ਲਗਭਗ 25 ਪ੍ਰਕਾਰ ਦੇ ਪ੍ਰਮਾਣ ਪੱਤਰ ਜਾਰੀ ਕੀਤੇ ਜਾਂਦੇ ਹਨ, ਇਸ ਲਈ ਲੋਕ ਆਮ ਕਰਕੇ SWIFT ਕਾਊਂਟਰ ਤੇ ਹੀ ਪ੍ਰਮਾਣ ਪੱਤਰ ਦੀ ਮੰਗ ਕਰਦੇ ਹਨ।

**ਮਹਾਰਾਸ਼ਟਰ**

ਮਹਾਰਾਸ਼ਟਰ ਸਰਕਾਰ ਨੇ ਹੇਠ ਲਿਖੇ ਉਪਰਾਲੇ ਕੀਤੇ ਹਨ :

**SETU**

ਸੂਚਨਾ ਅਤੇ ਸੰਚਾਰ ਤਕਨਾਲੋਜੀ ਦੇ ਖੇਤਰ ਵਿੱਚ ਮਹਾਰਾਸ਼ਟਰ ਸਰਕਾਰ ਵੱਲੋਂ SETU ਦੀ ਸਥਾਪਤੀ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਮਿਸਾਲ ਹੈ। ਏਕੀਕ੍ਰਿਤ ਨਾਗਰਿਕ ਸੁਵਿਧਾ ਕੇਂਦਰ ਸ਼ਾਸਨ ਨਾਲ ਦਿਨ-ਪ੍ਰਤੀ-ਦਿਨ ਹੋਣ ਵਾਲੇ ਸੰਪਰਕ ਦੀ ਲੋੜ ਨੂੰ ਪੂਰਾ ਕਰਨ ਤੋਂ ਇਲਾਵਾ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਰਾਹੀਂ ਪ੍ਰਸ਼ਾਸਨਿਕ ਪ੍ਰਕਿਰਿਆ ਨੂੰ ਨਵੀਂ ਦਿਸ਼ਾ ਦਿੰਦੇ ਹਨ। ਇਸ ਉਪਰਾਲੇ ਦਾ ਉਦੇਸ਼ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਨੀਂਹ ਰੱਖਣਾ, ਇਸ ਦਿਸ਼ਾ ਵਿੱਚ ਸਰਕਾਰ ਦੇ ਇਰਾਦੇ ਨੂੰ ਸਪਸ਼ਟ ਕਰਨਾ ਅਤੇ ਨਾਗਰਿਕਾਂ ਦੇ ਸਰਕਾਰ ਨਾਲ ਹੋਣ ਵਾਲੇ ਸੰਰਪਕ ਨੂੰ ਅਸਾਨ ਬਣਾਉਣਾ ਹੈ ਤਾਂ ਕਿ ਇਹ ਪਾਰਦਰਸ਼ੀ, ਸੁਖਾਵਾਂ ਅਤੇ ਸੰਤੋਖਜਨਕ ਹੋ ਸਕੇ।

ਜ਼ਿਲ੍ਹਾ ਹੈੱਡਕੁਆਟਰ ਅਤੇ ਬਾਦ ਵਿੱਚ ਤਾਲੁਕ ਹੈੱਡਕੁਆਟਰਾਂ ਵਿਖੇ ਨਾਗਰਿਕਾਂ ਨੂੰ ਮੁੱਖ ਰੱਖ ਕੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਨੀਂਹ ਰੱਖਣ ਲਈ ਹੇਠ ਲਿਖੇ ਉਪਰਾਲੇ ਕੀਤੇ ਗਏ ਹਨ:

ੳ. 83 ਮਹੱਤਵਪੂਰਣ ਪ੍ਰਮਾਣ ਪੱਤਰ ਜਾਰੀ ਕਰਨ ਲਈ ਇੱਕੋ ਵਿੰਡੋ ਦੀ ਵਿਵਸਥਾ (ਇਸ ਵਿੱਚ ਪਟਿਆਂ, ਪਰਮਿਟਾਂ ਅਤੇ ਲਾਇਸੰਸਾਂ ਦਾ ਨਵੀਨੀਕਰਣ ਵੀ ਸ਼ਾਮਿਲ ਹੈ)।

ਅ. ਜਨਤਾ ਦੀਆਂ ਸ਼ਿਕਾਇਤਾਂ ਦਾ ਸ਼ੀਘਰ ਨਿਵਾਰਣ।

ੲ. ਦਫਤਰ ਦੇ ਸਾਰੇ ਸੈਕਸ਼ਨਾਂ ਦੇ ਪੱਤਰਾਂ ਅਤੇ ਪਟੀਸ਼ਨਾਂ ਦੀ ਸਾਂਝੀ ਰਜਿਸਟਰੀ।

ਸ. ਉਪਰੋਕਤ ਸੇਵਾਵਾਂ ਦੀ ਆਨ ਲਾਈਨ ਨਿਗਰਾਨੀ।

ਹ. ਜਨਤਾ ਦੇ ਸਮੇਂ, ਧਨ ਅਤੇ ਊਰਜਾ ਦੀ ਬੱਚਤ ਲਈ ਦਫਤਰੀ ਸਮੇਂ ਤੋਂ ਬਾਦ ਅਤੇ ਛੁੱਟੀ ਵਾਲੇ ਦਿਨ ਵੀ ਸੇਵਾਵਾਂ ਮੁਹੱਈਆ ਕਰਵਾਉਣਾ।

**ਯੂਰਪੀ ਯੂਨੀਅਨ ਦੇ ਸਦੱਸ ਦੇਸ਼ਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ :**

ਯੂਰਪੀ ਯੂਨੀਅਨ ਦੇ ਸਦੱਸ਼ ਦੇਸ਼ਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਲਾਗੂ ਕਰਨ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਦੀ ਦਿਸ਼ਾ ਵਿੱਚ ਕੀਤੀ ਗਈ ਮਹੱਤਵਪੂਰਣ ਪ੍ਰਗਤੀ ਦਾ ਨਿਰੀਖਣ ਮੋਟੇ ਤੌਰ ਤੇ ਪਹਿਲੇ ਭਾਗ ਵਿੱਚ ਕੀਤਾ ਗਿਆ ਹੈ। ਇਸ ਦੇ ਕੁੱਝ ਹੋਰ ਪੱਖਾਂ ਦੀ ਚਰਚਾ ਹੇਠਾਂ ਕੀਤੀ ਜਾ ਰਹੀ ਹੈ:

ਯੂਰਪੀ ਕੌਂਸਲ ਨੇ 15 ਦਿਸੰਬਰ 2004 ਨੂੰ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਤੇ ਇੱਕ ਸਿਫਾਰਿਸ਼ ਨੂੰ ਪਰਵਾਨ ਕੀਤਾ ਜਿਸ ਵਿੱਚ ਕੌਂਸਲ ਦੇ ਸਦੱਸ ਦੇਸ਼ਾਂ ਨੂੰ ਚੰਗੇ ਪ੍ਰਸ਼ਾਸਨ ਅਤੇ ਲੋਕਤੰਤਰ ਵਿੱਚ ਵਾਧਾ ਕਰਨ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਲਈ ਪ੍ਰੇਰਿਤ ਕੀਤਾ ਗਿਆ ਹੈ। ਇਸ ਦਾ ਉਦੇਸ਼ ਸਰਕਾਰੀ ਅਧਿਕਾਰੀਆਂ ਅਤੇ ਨਾਗਰਿਕਾਂ ਵਿਚਕਾਰ ਸੰਬੰਧਾਂ ਦੇ ਨਾਲ ਨਾਲ ਸਰਕਾਰ ਦੇ ਕੰਮ ਕਾਜ ਵਿੱਚ ਸੁਧਾਰ ਕਰਨ ਲਈ ਸੂਚਨਾ ਅਤੇ ਸੰਚਾਰ

ਤਕਨਾਲੋਜੀ ਦੀ ਪ੍ਰਭਾਵਸ਼ਾਲੀ ਵਰਤੋਂ ਕਰਨਾ ਸੀ। ਯੂਰਪੀ ਕੌਂਸਲ ਦੇ ਕਥਨ ਅਨੁਸਾਰ ਰਾਸ਼ਟਰੀ, ਖੇਤਰੀ ਅਤੇ ਸਥਾਨਕ ਅਧਿਕਾਰੀਆਂ ਨੂੰ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀਆਂ ਵਿਸਤ੍ਰਿਤ ਰਣਨੀਤੀਆਂ ਲਾਗੂ ਕਰਕੇ ਅਜਿਹੇ ਅਵਸਰਾਂ ਅਤੇ ਚੁਣੌਤੀਆਂ ਦੀ ਪਹਿਚਾਣ ਕਰਨ ਅਤੇ ਉਨ੍ਹਾਂ ਤੇ ਢੁਕਵੀਂ ਕਾਰਵਾਈ ਕਰਨ ਲਈ ਅਗਵਾਈ ਦੇਣੀ ਚਾਹੀਦੀ ਹੈ।

ਕੌਂਸਲ ਅਨੁਸਾਰ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀਆਂ ਰਣਨੀਤੀਆਂ ਲੁੜੀਂਦੇ ਨਤੀਜੇ ਪ੍ਰਾਪਤ ਕਰਨ ਤੇ ਕੇਂਦਰਤ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਸੂਚਨਾ ਅਤੇ ਸੰਚਾਰ ਪ੍ਰਣਾਲੀ ਦਾ ਉਪਯੋਗ ਕਰਕੇ ਜਨਤਕ ਸੇਵਾਵਾਂ ਤੱਕ ਲੋਕਾਂ ਦੀ ਪਹੁੰਚ ਅਤੇ ਇਨ੍ਹਾਂ ਦੀ ਵਰਤੋਂ ਹੋ ਸਕਣ ਵਿੱਚ ਸੁਧਾਰ ਹੋਣਾ ਚਾਹੀਦਾ ਹੈ, ਜਨਤਾ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲਤਾ ਵਧਣੀ ਚਾਹੀਦੀ ਹੈ ਅਤੇ ਇਨ੍ਹਾਂ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਬਰਾਬਰੀ ਹੋਣੀ ਚਾਹੀਦੀ ਹੈ। ਇਸ ਨੇ ਇਹ ਵੀ ਉਮੀਦ ਕੀਤੀ ਹੈ ਕਿ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀਆਂ ਰਣਨੀਤੀਆਂ ਰਾਹੀਂ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀਆਂਸੇਵਾਵਾਂ ਤੋਂ ਇਲਾਵਾ ਲੁੜੀਂਦੇ ਸੂਚਨਾ ਤੇ ਸੰਚਾਰ ਤਕਨਾਲੋਜੀ ਢਾਂਚੇ ਦਾ ਵਿਕਾਸ ਕਰਨਾ ਚਾਹੀਦਾ ਹੈ। ਇਸ ਉਦੇਸ਼ ਲਈ ਤਕਨੀਕੀ, ਵਿੱਤੀ ਤੇ ਮਨੁੱਖੀ ਸਾਧਨਾਂ ਦੀ ਕਾਰਜਕੁਸ਼ਲ ਵੰਡ ਅਤੇ ਵਰਤੋਂ ਵਾਸਤੇ ਢਾਂਚਾ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਹੈ।

ਯੂਰਪੀ ਯੂਨੀਅਨ ਦੇ ਕਈ ਸਦੱਸ ਦੇਸ਼ਾਂ ਨੇ ਅਪਣੀਆਂ ਸਥਾਨਕ ਸ਼ਾਸਨ ਸੰਸਥਾਵਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦਾ ਵਿਸਤ੍ਰਿਤ ਕਾਰਜਕ੍ਰਮ ਲਾਗੂ ਕਰਨ ਲਈ ਲੁੜੀਂਦੇ ਕਦਮ ਚੁੱਕੇ ਹਨ। ਫਿਨਲੈਂਡ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਵਿੱਚ ਕੰਪਿਊਟਰੀਕਰਣ ਦੀ ਪ੍ਰਣਾਲੀ ਚੰਗੀ ਤਰ੍ਹਾਂ ਵਿਕਸਤ ਹੋ ਚੁੱਕੀ ਹੈ।

ਫਿਨਲੈਂਡ ਦੀਆਂ ਮਿਉਂਸਿਪਲਟੀਆਂ ਵਿੱਚ ਵਿਕਾਸ ਦੇ ਵੱਖ ਵੱਖ ਪੱਖਾਂ ਤੇ ਵਿਸਤ੍ਰਿਤ ਸੂਚਨਾ ਪ੍ਰਣਾਲੀ ਉਪਲਬਧ ਹੈ : ਇਹ ਪੱਖ ਹਨ :

- ੳ. ਮਿਉਂਸਿਪਲਟੀਆਂ ਦਾ ਅਮਲਾ
- ਅ. ਹਿਸਾਬ ਕਿਤਾਬ
- ੲ. ਸਿਹਤ ਬਾਰੇ ਸੂਚਨਾ
- ਸ. ਸੰਪਤੀ
- ਹ. ਕਰਾਂ ਦਾ ਰਿਕਾਰਡ
- ਕ. ਸਾਖਰਤਾ
- ਖ. ਸਫਾਈ
- ਗ. ਜਲ ਪੂਰਤੀ
- ਘ. ਮਕਾਨ
- ਙ. ਸੈਰ ਸਪਾਟੇ ਬਾਰੇ ਸੂਚਨਾ
- ਚ. ਰੂਰਲ ਹੱਬ
- ਛ. ਹਰੇਕ ਪਰਿਵਾਰ ਦੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ

ਫਿਨਲੈਂਡ ਦੀਆਂ ਮਿਉਂਸਿਪਲਟੀਆਂ ਪਾਸ ਇੰਟਰਨੈੱਟ ਦੀ ਸੁਵਿਧਾ ਵਾਲੀਆਂ ਚੰਗੀਆਂ ਲਾਇਬ੍ਰੇਰੀਆਂ ਹਨ। ਉਥੇ ਸਾਰੀਆਂ ਮਿਉਂਸਿਪਲਟੀਆਂ ਦੇ ਤੱਥਾਂ ਨੂੰ ਕੰਪਿਊਟਰੀਕ੍ਰਿਤ ਕੀਤਾ ਹੋਇਆ ਹੈ। ਸਿਹਤ ਕੇਂਦਰ ਅਤੇ ਬਿਰਧ ਆਸ਼ਰਮਾਂ ਵਰਗੀਆਂ ਲੋਕ ਉਪਯੋਗੀ ਪ੍ਰਣਾਲੀਆਂ ਵਿੱਚ ਵੀ ਸੂਚਨਾ ਤਕਨਾਲੋਜੀ ਦੀ ਵਰਤੋਂ ਹੋ ਰਹੀ ਹੈ। ਜਨਮ, ਮੌਤ, ਬੀਮਾਰੀਆਂ, ਖਰਚ, ਮਨੁੱਖੀ ਸਾਧਨਾਂ ਅਤੇ ਹੋਰ ਬੁਨਿਆਦੀ ਢਾਂਚੇ ਬਾਰੇ ਤੱਥਾਂ ਨੂੰ ਕੰਪਿਊਟਰੀਕ੍ਰਿਤ ਕੀਤਾ

ਜਾ ਰਿਹਾ ਹੈ। ਬਿਰਧ ਆਸ਼ਰਮਾਂ ਵਿੱਚ ਵੀ ਉੱਥੇ ਰਹਿਣ ਵਾਲਿਆਂ ਤੋਂ ਇਲਾਵਾ ਆਸ਼ਰਮ ਦੀ ਆਮਦਨ, ਖਰਚ, ਸੰਪਤੀਆਂ ਅਤੇ ਦੇਣਦਾਰੀਆਂ ਇਤਿਆਦਿ ਬਾਰੇ ਪੂਰੀ ਸੂਚਨਾ ਨੂੰ ਕੰਪਿਊਟਰੀਕ੍ਰਿਤ ਕੀਤਾ ਹੋਇਆ ਹੈ।

ਸਪੇਨ ਨੇ ਯੂਰਪੀ ਕਮਿਸ਼ਨ ਦੀ ਸਹਾਇਤਾ ਨਾਲ ਡਿਜੀਟਲ ਕੇਂਦਰ ਖੋਲ੍ਹਣ ਦਾ ਇੱਕ ਖੇਤਰੀ ਪ੍ਰਾਜੈਕਟ ਸ਼ੁਰੂ ਕੀਤਾ ਹੈ ਜਿਸ ਦਾ ਉਦੇਸ਼ ਥੋੜ੍ਹੀ ਅਬਾਦੀ ਵਾਲੇ ਸਥਾਨਾਂ ਦੇ ਕੰਪਿਊਟਰੀਕਰਣ ਦੇ ਕੰਮ ਨੂੰ ਤੇਜ ਕਰਨਾ ਹੈ। ਸੂਚਨਾ ਤਕਨਾਲੋਜੀ ਨੂੰ ਉੱਥੇ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਵਰਤਿਆ ਜਾ ਰਿਹਾ ਹੈ : (i) ਸੂਚਨਾ ਅਤੇ ਸੰਚਾਰ ਤਕਨਾਲੋਜੀ ਖੇਤਰ ਨੂੰ ਉਤਸ਼ਾਹਤ ਕਰਨ, ਸਰਕਾਰੀ ਨਿਯੰਤਰਣ ਹਟਾਉਣ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਅਤੇ ਪ੍ਰਤੀਯੋਗਤਾ ਨੂੰ ਹੱਲਾਸ਼ੇਰੀ ਦੇਣ ਲਈ (ii) ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਅਰੰਭ ਅਤੇ ਵਿਕਸਤ ਕਰਨ ਲਈ (iii) ਸੂਚਨਾ ਤੱਕ ਵਿਅਕਤੀ ਅਤੇ ਵਪਾਰਕ ਅਦਾਰਿਆਂ ਦੀ ਪਹੁੰਚ ਨੂੰ ਅਸਾਨ ਬਣਾਉਣ ਲਈ।

ਸਪੇਨ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਪ੍ਰਾਜੈਕਟਾਂ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:

ੳ. ਲਗਭਗ 53 ਜਨਤਕ ਸੇਵਾਵਾਂ ਆਨ ਲਾਈਨ ਉਪਲਬਧ ਕਰਵਾਉਣ ਵਾਲਾ 'ਵਨ ਸਟਾਪ ਪੋਰਟਲ' ।

ਅ. ਕਰਾਂ ਦੀ ਘੋਸ਼ਣਾ ਅਤੇ ਭੁਗਤਾਨ ਵਾਸਤੇ ਇੰਟਰਨੈੱਟ ਆਧਾਰਤ ਪ੍ਰਣਾਲੀ।

ੲ. ਨਵੇਂ ਵਿਉਪਾਰ ਸਥਾਪਤ ਕਰਨ ਵਿੱਚ ਮਦਦ ਲਈ ਵਿਉਪਾਰ ਨਿਰਮਾਣ ਸੂਚਨਾ ਕੇਂਦਰ ਅਤੇ ਨੈੱਟਵਰਕ (CIRCE)।

ਸ. ਇਲੈਕਟਰਾਨਿਕ ਵਿਧੀ ਰਾਹੀਂ ਹੋਏ ਲੈਣ ਦੇਣ ਪ੍ਰਮਾਣਤ ਕਰਨ ਦੀ ਵਿਵਸਥਾ।

ਹ. ਇਲੈਕਟਰਾਨਿਕ ਪਹਿਚਾਣ ਪੱਤਰ।

ਕ. ਇਲੈਕਟਰਾਨਿਕ ਸਿਵਲ ਰਜਿਸਟਰ

ਯੂਰਪੀ ਯੂਨੀਅਨ ਦੀ ਸਹਾਇਤਾ ਨਾਲ ਸਪੇਨ ਅਪਣੀਆਂ ਮਿਉਂਸਿਪਲਟੀਆਂ ਵਿੱਚ ਸੂਚਨਾ ਤਕਨਾਲੋਜੀ ਕੇਂਦਰ ਸਥਾਪਤ ਕਰ ਰਿਹਾ ਹੈ ਜਿੱਥੇ ਲੋਕਾਂ ਨੂੰ ਸੂਚਨਾ ਸ਼ੀਘਰ ਮੁਹੱਈਆ ਕਰਵਾਉਣ ਲਈ ਪਰਿਵਾਰਾਂ, ਸੰਪਤੀ ਕਰ, ਜਲ ਕਰ, ਕੂੜਾ ਕਰਕਟ ਫੀਸ ਅਤੇ ਮਿਉਂਸਿਪਲਟੀਆਂ ਦੇ ਹੋਰ ਅਹਿਮ ਕਾਰਜਾਂ ਦੇ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਕੰਪਿਊਟਰੀਕ੍ਰਿਤ ਰੂਪ ਵਿੱਚ ਉਪਲਬਧ ਹੈ।

ਲੋਕਤੰਤਰ ਵਿੱਚ ਲੋਕਾਂ ਦੀ ਰੁਚੀ ਵਧਾਉਣ ਲਈ ਸਪੇਨ ਨੇ ਸੂਚਨਾ ਪ੍ਰਣਾਲੀ ਆਧਾਰਤ ਲੋਕਤੰਤਰ (e-Democracy) ਦਾ ਨਿਰਮਾਣ ਕੀਤਾ ਹੈ। ਇਲੈਕਟਰਾਨਿਕ ਮੱਤਦਾਨ, ਰਾਜਨੀਤਕ ਸੂਚਨਾ ਤੱਕ ਆਨ ਲਾਈਨ ਪਹੁੰਚ ਅਤੇ ਜਨਤਾ ਨੂੰ ਰਾਜਨੀਤਕ ਜੀਵਨ ਵਿੱਚ ਸਿੱਧੀ ਭੂਮਿਕਾ ਨਿਭਾਉਣ ਦਾ ਅਵਸਰ ਦੇਣ ਲਈ ਜਨਤਕ ਬਹਿਸ ਵਾਸਤੇ ਟੈਲੀਮੈਟਿਕ ਮੰਚ ਜਿਹੇ ਵਸੀਲਿਆਂ ਦੀ ਪੜਤਾਲ ਅਤੇ ਵਰਤੋਂ ਵਿੱਚ ਰਾਜਨੀਤਕ ਰੁਚੀ ਵਧ ਰਹੀ ਹੈ।

ਨੀਦਰਲੈਂਡ ਦੀ ਮਿਡਨ ਡੈਲਫਲੈਂਡ ਮਿਉਂਸਿਪਲਟੀ ਸੂਚਨਾ ਪ੍ਰਣਾਲੀ ਦਾ ਉਪਯੋਗ ਕੁਸ਼ਲਤਾਪੂਰਵਕ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਸ਼ਿਕਾਇਤ ਨਿਵਾਰਣ ਲਈ ਕਰ ਰਹੀ ਹੈ। ਮਿਉਂਸਿਪਲਟੀ ਦੀ ਅਪਣੀ ਵੈੱਬਸਾਈਟ (www. middendelfland. nl) ਹੈ ਅਤੇ ਇਹ ਡੱਚ ਭਾਸ਼ਾ ਵਿੱਚ ਇੱਕ ਵੀਹ ਪੰਨਿਆਂ ਦਾ ਅਖਬਾਰ ਕੱਢਦੀ ਹੈ ਜਿਹੜਾ ਕਿਸਾਨਾਂ, ਦੁੱਧ ਵਿਉਪਾਰੀਆਂ, ਬਾਗਬਾਨੀ ਕਰਨ ਵਾਲਿਆਂ ਅਤੇ ਆਮ ਜਨਤਾ ਲਈ ਚੰਗਾ ਮੰਚ ਹੈ। ਮਿਉਂਸਿਪਲਟੀ ਨੇ ਭਵਿੱਖ ਦੀ ਪਰਿਕਲਪਨਾ ਬਾਰੇ ਵੀ ਇੱਕ ਦਸਤਾਵੇਜ ਤਿਆਰ ਕੀਤਾ ਹੈ ਜਿਸ ਵਿੱਚ ਸਮਾਜਕ, ਆਰਥਕ, ਸੱਭਿਆਚਾਰਕ, ਇਤਿਹਾਸਕ ਅਤੇ ਪ੍ਰਕਿਰਤਕ ਪੱਖਾਂ ਤੋਂ ਇਲਾਵਾ ਦੁੱਧ ਵਿਉਪਾਰ, ਭੂ-ਦਰਿੱਸ਼, ਪਾਣੀ, ਢੋ-ਢੁਆਈ, ਪੁਰਾਤੱਤਵ, ਮਨੋਰੰਜਨ, ਨਿਵੇਸ਼, ਬੁਨਿਆਦੀ ਢਾਂਚਾ ਅਤੇ ਪਰਿਆਵਰਣ ਵੀ ਸ਼ਾਮਿਲ ਹਨ। ਨੀਦਰਲੈਂਡ ਸਰਕਾਰ ਨੇ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਉੱਚੀ ਅਗੇਤ ਦਿੱਤੀ ਹੈ ਅਤੇ ਲਗਭਗ ਸਾਰੀਆਂ ਮਿਉਂਸਿਪਲਟੀਆਂ ਇਸ ਕੁਸ਼ਲ ਪ੍ਰਣਾਲੀ ਨੂੰ ਅਪਣਾ ਰਹੀਆਂ ਹਨ।

ਇਟਲੀ ਨੇ ਅਪਣੇ ਲੋਕ ਪ੍ਰਬੰਧ ਦੇ ਕੰਪਿਊਟਰੀਕਰਣ ਤੋਂ ਇਲਾਵਾ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਤੇ ਲੋਕਤੰਤਰ ਸ਼ੁਰੂ ਕਰਨ ਲਈ ਕਈ ਕਦਮ ਚੁੱਕੇ ਹਨ। ਸਾਲ 2000 ਵਿੱਚ ਪਰਵਾਨ ਕੀਤੀ ਗਈ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੀ ਐਕਸ਼ਨ ਪਲੈਨ ਨੇ ਸੰਸਥਾਵਾਂ ਦੀ ਕਾਰਜ ਕੁਸ਼ਲਤਾ ਵਿੱਚ ਵਾਧਾ ਕਰਨ ਲਈ ਅਧਿਕਾਰੀਆਂ ਦੁਆਰਾ ਸੂਚਨਾ ਅਤੇ ਦੂਰ ਸੰਚਾਰ ਦੇ ਖੇਤਰ ਵਿੱਚ ਆਧੁਨਿਕ ਤਕਨਾਲੋਜੀ ਦੀ ਵਰਤੋਂ ਬਾਰੇ ਕਈ ਕਾਰਵਾਈਆਂ ਦੀ ਪਹਿਚਾਣ ਕੀਤੀ। ਅਪ੍ਰੈਲ 2003 ਵਿੱਚ ਕਮਿਸ਼ਨ ਦੀ ਤਕਨੀਕੀ ਕਮੇਟੀ ਨੇ ਇੱਕ ਪਰਚਾ ਪ੍ਰਕਾਸ਼ਿਤ ਕੀਤਾ ਜਿਸਦਾ ਉਨਵਾਨ ਸੀ "ਕੁਸ਼ਲ ਸੰਘਵਾਦ ਲਈ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ : ਸਾਂਝੀ ਭਵਿੱਖ ਪਰਿਕਲਪਨਾ, ਸਮੂਹਕ ਪ੍ਰਾਪਤੀ।" ਇਸ ਦਾ ਉਦੇਸ਼ ਕੇਂਦਰੀ, ਖੇਤਰੀ ਅਤੇ ਸਥਾਨਕ ਸ਼ਾਸਨਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦਾ ਵਿਕਾਸ ਕਰਨਾ ਸੀ ਅਤੇ ਇਸ ਨੇ ਅੱਠ ਖੇਤਰਾਂ ਦੀ ਇੱਕ ਸੂਚੀ ਬਣਾ ਕੇ ਸਰਕਾਰ ਦੇ ਵੱਖ-ਵੱਖ ਪੱਧਰਾਂ ਤੋਂ ਇਨ੍ਹਾਂ ਤੇ ਕਾਰਵਾਈ ਦੀ ਮੰਗ ਕੀਤੀ:

ੳ. ਸਾਰੇ ਲੋਕ ਪ੍ਰਸ਼ਾਸਨਾਂ ਨੂੰ ਆਪਸ ਵਿੱਚ ਜੋੜਨ ਤੋਂ ਇਲਾਵਾ ਇਨ੍ਹਾਂ ਨੂੰ ਜਨਤਾ ਅਤੇ ਵਿਉਪਾਰਕ ਅਦਾਰਿਆਂ ਨਾਲ ਜੋੜਨਾ।

ਅ. ਆਨ ਲਾਈਨ ਸੇਵਾਵਾਂ ਨੂੰ ਸਾਧਨ ਮੁਹੱਈਆ ਕਰਵਾਉਣਾ।

ੲ. ਆਨ ਲਾਈਨ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਿਵਸਥਾ ਨੂੰ ਤਰਕਸੰਗਤ ਬਣਾਉਣਾ।

ਸ. ਆਨ ਲਾਈਨ ਸੁਰੱਖਿਆ ਯਕੀਨੀ ਬਣਾਉਣ ਲਈ ਜਰੂਰੀ ਵਿਵਸਥਾ ਕਰਨਾ।

ਹ. ਦੇਸ਼ ਭਰ ਵਿੱਚ ਸੇਵਾਵਾਂ ਦੇ ਆਪਸੀ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਪ੍ਰਣਾਲੀਆਂ ਨੂੰ ਕਿਰਿਆਸ਼ੀਲ ਕਰਨਾ।

ਕ. ਵਿਕੇਂਦਰੀਕ੍ਰਿਤ/ਸੰਘੀ ਪ੍ਰਣਾਲੀਆਂ ਅਤੇ "ਮੁੜ ਵਰਤੋਂ" ਵਾਲੇ ਹੱਲ ਦਾ ਪ੍ਰਯੋਗ ਕਰਨਾ।

ਖ. ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਨੂੰ ਲਾਗੂ ਕਰਨ ਲਈ ਸੰਗਠਨਾਤਮਕ ਢਾਂਚੇ ਦਾ ਨਿਰਮਾਣ ਕਰਨਾ।

ਗ. ਸਾਂਝੇ ਢਾਂਚੇ ਦੇ ਪ੍ਰਯੋਗ ਤੇ ਆਧਾਰਤ ਪ੍ਰਣਾਲੀ ਦਾ ਵਿਕਾਸ ਕਰਨਾ।

## ਪ੍ਰਬੰਧ ਦੀ ਸੂਚਨਾ ਪ੍ਰਣਾਲੀ

ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੇ ਚੰਗੇ ਪ੍ਰਬੰਧ ਲਈ ਇਨ੍ਹਾਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਹੋਣਾ ਜਰੂਰੀ ਹੈ ਜਿਸ ਲਈ ਹਰੇਕ ਸੰਸਥਾ ਵਿੱਚ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਹੋਣੀ ਚਾਹੀਦੀ ਹੈ। ਪੰਚਾਇਤੀ ਰਾਜ ਸੰਸਥਾਵਾਂ ਅਤੇ ਨਗਰ ਪਾਲਕਾਵਾਂ ਦੀ ਸੂਚਨਾ ਪ੍ਰਣਾਲੀ ਲਈ ਮੋਟੇ ਤੌਰ ਤੇ ਹੇਠ ਲਿਖੀ ਸੂਚਨਾ ਦੇਣੀ ਜਰੂਰੀ ਹੈ :

I. **ਭੂਗੋਲਕ ਸੂਚਨਾ :** ਜਲਵਾਯੂ ਦੇ ਆਧਾਰ ਤੇ ਖੇਤੀਬਾੜੀ ਦੇ ਖੰਡ, ਮਿੱਟੀ ਦੀਆਂ ਪ੍ਰਕਾਰਾਂ, ਪਾਣੀ ਦਾ ਪੱਧਰ ਅਤੇ ਸਿੰਚਾਈ ਆਦਿ।

II. **ਸਮਾਜਕ ਸੂਚਨਾ :** ਜਨ ਸੰਖਿਆ ਵਿਸ਼ਲੇਸ਼ਣ ਸੰਬੰਧੀ ਸੂਚਨਾ, ਅਹਿਮ ਦਰਾਂ, ਅਬਾਦੀ ਦੀ ਜਾਤੀ ਅਤੇ ਧਰਮ ਪੱਖੋਂ ਬਣਤਰ, ਸਿੱਖਿਆ, ਸਿਹਤ, ਸਫਾਈ ਅਤੇ ਬਿਜਲੀ।

III. **ਆਰਥਕ ਸੂਚਨਾ :** ਭੂਮੀ, ਫਸਲਾਂ ਪੈਦਾ ਕਰਨ ਦਾ ਕ੍ਰਮ, ਪਸ਼ੂ, ਜਲ ਪੂਰਤੀ, ਮਕਾਨ, ਵਿਕਾਸ ਅਤੇ ਭਲਾਈ ਸਕੀਮਾਂ ਦਾ ਲਾਗੂ ਕਰਨਾ, ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰ, ਪਰਿਵਾਰਕ ਸੰਪਤੀਆਂ, ਟੈਲੀਫੋਨ ਸੁਵਿਧਾਵਾਂ, ਆਮਦਨੀ ਅਤੇ ਰੁਜ਼ਗਾਰ ਦੀ ਸਥਿਤੀ।

ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਇੱਕ ਪੰਚਾਇਤ ਦੇ ਆਮ ਪਾਏ ਜਾਣ ਵਾਲੇ ਤੱਕ ਸੰਗ੍ਰਹਿ ਵਿੱਚ ਹੇਠ ਲਿਖੇ ਵਿਭਾਗ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ :

1. ਖੇਤੀ ਯੋਗ ਭੂਮੀ ਦਾ ਅਕਾਰ ਅਤੇ ਉਤਪਾਦ
2. ਸਿੰਚਾਈ ਦੀਆਂ ਸਹੂਲਤਾਂ

3. ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰ
4. ਸਿੱਖਿਆ, ਸਾਖਰਤਾ, ਸਕੂਲਾਂ ਵਿੱਚ ਦਾਖਲ ਹੋਣ ਵਾਲੇ ਅਤੇ ਪੜ੍ਹਾਈ ਛੱਡਣ ਵਾਲੇ ਵਿਦਿਆਰਥੀ
5. ਰੁਜ਼ਗਾਰ, ਉਜਰਤ ਅਤੇ ਸਵੈ ਰੁਜ਼ਗਾਰ
6. ਪਰਿਵਾਰਕ ਆਮਦਨੀ
7. ਮਕਾਨਾਂ ਦੀਆਂ ਪ੍ਰਕਾਰਾਂ
8. ਪੀਣ ਯੋਗ ਪਾਣੀ
9. ਸਿਹਤ, ਟੀਕਾਕਰਣ ਅਤੇ ਬੀਮਾਰੀਆਂ
10. ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੀ ਜਨ ਸੰਖਿਆ
11. ਰੋਸ਼ਨੀ ਅਤੇ ਖਾਣ ਪਕਾਉਣ ਲਈ ਵਰਤੀ ਜਾਣ ਵਾਲੀ ਊਰਜਾ ਦੀ ਪ੍ਰਕਾਰ
12. ਬੈਂਕ, ਸਹਿਕਾਰੀ ਸੰਸਥਾਵਾਂ, ਬੱਚਤ ਅਤੇ ਜਮ੍ਹਾਂ ਖਾਤਾ
13. ਢੋ ਢੁਆਈ ਦੀਆਂ ਸੂਹਲਤਾਂ
14. ਪਸ਼ੂ
15. ਪਿੰਡ ਪੱਧਰ ਦੇ ਸੰਗਠਨ ਜਿਵੇਂ ਕਿ ਨੌਜਵਾਨ ਕਲੱਬ, ਮਹਿਲਾ ਮੰਡਲ ਆਦਿ।
16. ਪੰਚਾਇਤ ਦੀ ਹਿਸਾਬ ਕਿਤਾਬ ਰੱਖਣ ਦੀ ਪ੍ਰਣਾਲੀ।
17. ਜਨ ਸੰਖਿਆ ਵਿਸ਼ਲੇਸ਼ਣ ਤੋਂ ਪ੍ਰਾਪਤ ਹੋਏ ਤੱਥ - ਜਨਮ ਅਤੇ ਮੌਤ।
18. ਵਿਕਾਸ ਦੇ ਪ੍ਰੋਗਰਾਮਾਂ ਤੋਂ ਲਾਭ ਉਠਾਉਣ ਵਾਲੇ ਵਿਅਕਤੀ।

ਕਿੰਤੂ ਸਥਾਨਕ ਲੋੜਾਂ ਨੂੰ ਦੇਖਦੇ ਹੋਏ ਇਸ ਸੂਚੀ ਵਿੱਚ ਹੋਰ ਮੱਦਾਂ ਵੀ ਪਾਈਆ ਜਾ ਸਕਦੀਆਂ ਹਨ ਅਤੇ ਲੋੜ ਪੈਣ ਤੇ ਕੁੱਝ ਇਸ ਵਿੱਚੋਂ ਕੱਢੀਆਂ ਵੀ ਜਾ ਸਕਦੀਆਂ ਹਨ। ਪੰਚਾਇਤ ਦੀ ਸੂਚਨਾ ਪ੍ਰਣਾਲੀ ਹੇਠਾਂ ਇੱਕ ਫਲੋ ਚਾਰਟ ਵਿੱਚ ਦਰਸਾਈ ਗਈ ਹੈ :

**ਖਾਕਾ-7**

**ਪੰਚਾਇਤੀ ਸੂਚਨਾ ਪ੍ਰਣਾਲੀ**

| ਭੂਗੋਲਕ | ਸਮਾਜਕ | ਆਰਥਕ |
|---|---|---|
| - ਜਲਵਾਯੂ ਆਧਾਰਤ ਖੇਤੀਬਾੜੀ ਦੇ ਖੰਡ | - ਜਨ ਸੰਖਿਆ ਵਿਸ਼ਲੇਸ਼ਣ ਸੰਬੰਧੀ ਸੂਚਨਾ | - ਆਮਦਨ |
| | | - ਰੁਜ਼ਗਾਰ |
| - ਜਲ ਵਿਭਾਜਕ | - ਧਰਮ ਸੰਬੰਧੀ ਸੂਚਨਾ | - ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਸਥਿਤੀ |
| - ਰਾਜਨੀਤਕ ਸੀਮਾ | - ਪਰਿਵਾਰਾਂ ਬਾਰੇ ਤੱਥ | |
| - ਪ੍ਰਸ਼ਾਸਨਿਕ ਸੀਮਾ | - ਸਿੱਖਿਆ | |
| | - ਸਫਾਈ | - ਉਦਯੋਗੀਕਰਣ |
| | - ਅਨੁਸੂਚਿਤ ਜਾਤੀਆਂ | - ਇਸਤ੍ਰੀਆਂ ਨੂੰ ਦੀ ਸਥਿਤੀ ਆਰਥਕ ਤੌਰ ਤੇ ਸ਼ਕਤੀ ਸੰਪੰਨ ਬਣਾਉਣਾ |

– ਪੰਚਾਇਤ ਦਾ ਹਿਸਾਬ ਕਿਤਾਬ

ਪੰਚਾਇਤੀ ਰਾਜ ਸੰਸਥਾਵਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਾਜ ਕਰਨ ਲਈ ਪ੍ਰਬੰਧ ਦੀ ਸੂਚਨਾ ਪ੍ਰਣਾਲੀ ਤੋਂ ਇਲਾਵਾ ਸੂਚਨਾ ਦਾ ਅਧਿਕਾਰ ਵੀ ਇੱਕ ਅਹਿਮ ਸ਼ਰਤ ਹੈ। ਇਸ ਨਾਲ ਪਾਰਦਰਸ਼ਤਾ ਤੋਂ ਇਲਾਵਾ ਲੋਕਾਂ ਦਾ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਵਿੱਚ ਵਿਸ਼ਵਾਸ਼ ਵਧੇਗਾ। ਸਰਕਾਰ ਦੁਆਰਾ ਹਾਲ ਹੀ ਵਿੱਚ ਸੂਚਨਾ ਦੇ ਅਧਿਕਾਰ ਬਾਰੇ ਪਾਸ ਕੀਤਾ ਗਿਆ ਕਾਨੂੰਨ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਦੇ ਫਾਇਦਿਆਂ ਨੂੰ ਦ੍ਰਿੜ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਣ ਕਦਮ ਹੈ।

**ਸੂਚਨਾ ਦਾ ਅਧਿਕਾਰ**

ਭਾਰਤ ਸਰਕਾਰ ਦਾ ਸੂਚਨਾ ਦੇ ਅਧਿਕਾਰ ਸੰਬੰਧੀ ਕਾਨੂੰਨ 12 ਅਕਤੂਬਰ 2005 ਤੋਂ ਲਾਗੂ ਹੋਇਆ। ਇਸ ਤਹਿਤ ਹੇਠ ਲਿਖੀ ਸੂਚਨਾ ਲੈਣ ਦੇ ਹੱਕ ਸ਼ਾਮਿਲ ਹਨ :

ੳ. ਨਿਰਮਾਣ ਦੇ ਕੰਮਾਂ, ਦਸਤਾਵੇਜਾਂ ਅਤੇ ਰਿਕਾਰਡਾਂ ਦਾ ਨਿਰੀਖਣ ਕਰਨ ਦਾ ਅਧਿਕਾਰ।

ਅ. ਦਸਤਾਵੇਜਾਂ ਜਾਂ ਰਿਕਾਰਡਾਂ ਦੀਆਂ ਟਿੱਪਣੀਆਂ, ਸਾਰ ਜਾਂ ਤਸਦੀਕ ਸ਼ੁਦਾ ਉਤਾਰੇ ਲੈਣ ਦਾ ਅਧਿਕਾਰ।

ੲ. ਸਮੱਗਰੀ ਦੇ ਤਸਦੀਕ ਸ਼ੁਦਾ ਨਮੂਨੇ ਲੈਣ ਦਾ ਅਧਿਕਾਰ।

ਸ. ਪ੍ਰਿੰਟਆਊਟ, ਡਿਸਕੈਟਾਂ, ਫਲਾਪੀਆਂ, ਟੇਪਾਂ, ਵੀਡੀਓ ਕੈਸਟਾਂ ਦੇ ਰੂਪ ਵਿੱਚ ਜਾਂ ਕਿਸੇ ਹੋਰ ਇਲੈਕਟਰਾਨਿਕ ਵਿਧੀ ਰਾਹੀਂ ਸੂਚਨਾ ਲੈਣ ਦਾ ਅਧਿਕਾਰ।

ਐਕਟ ਅਨੁਸਾਰ ਸੂਚਨਾ ਤੋਂ ਭਾਵ ਹੈ (i) ਅਜਿਹੀ ਕੋਈ ਵੀ ਸਮੱਗਰੀ ਜੋ ਕਿਸੇ ਵੀ ਰੂਪ ਵਿੱਚ ਹੋਵੇ ਜਿਵੇਂ ਕਿ ਰਿਕਾਰਡ, ਦਸਤਾਵੇਜ, ਮੀਮੋ, ਈ-ਮੇਲ, ਦਲੀਲਾਂ, ਸਲਾਹ, ਪ੍ਰੈਸ ਨੂੰ ਜਾਰੀ ਕੀਤੇ ਹੋਏ ਬਿਆਨ, ਸਰਕੂਲਰ,ਆਰਡਰ, ਲਾਗਬੁੱਕਾਂ, ਅਨੁਬੰਧ, ਰਿਪੋਰਟਾਂ, ਪੇਪਰ, ਨਮੂਨੇ, ਮਾਡਲ, ਤੱਥ ਜੋ ਕਿਸੇ ਵੀ ਇਲੈਕਟਰਾਨਿਕ ਵਿਧੀ ਰਾਹੀਂ ਰੱਖੇ ਗਏ ਹੋਣ ਅਤੇ (ii) ਕਿਸੇ ਵੀ ਨਿੱਜੀ ਖੇਤਰ ਦੇ ਅਦਾਰੇ ਬਾਰੇ ਫਾਈਲ ਨੋਟਿੰਗ ਤੋਂ ਸਿਵਾਇ ਸੂਚਨਾ ਜਿਹੜੀ ਕਿਸੇ ਵੀ ਸਰਕਾਰੀ ਅਧਿਕਾਰੀ ਦੁਆਰਾ ਕਿਸੇ ਵੀ ਹੋਰ ਕਾਨੂੰਨ ਅਧੀਨ ਜਿਹੜਾ ਇਸ ਵੇਲੇ ਲਾਗੂ ਹੋਵੇ, ਪ੍ਰਾਪਤ ਕੀਤੀ ਜਾ ਸਕਦੀ ਹੋਵੇ। ਇਸ ਐਕਟ ਤਹਿਤ ਸੂਚਨਾ ਦੀ ਮੰਗ ਕਰਨ ਵਾਲੇ ਨਾਗਰਿਕਾਂ ਨੂੰ ਸੂਚਨਾ ਦੇਣ ਦੀ ਜਿੰਮੇਵਾਰੀ ਅਧਿਕਾਰੀਆਂ ਨੇ ਅਪਣੇ ਅਧੀਨ ਸਾਰੀਆਂ ਪ੍ਰਸ਼ਾਸਨਿਕ ਇਕਾਈਆਂ ਜਾਂ ਦਫਤਰਾਂ ਵਿੱਚ ਪਬਲਿਕ ਇਨਫਰਮੇਸ਼ਨ ਅਫਸਰਾਂ ਨੂੰ ਦਿੱਤੀ ਹੈ। ਸੂਚਨਾ ਲੈਣ ਦੀ ਸਮਾਂ ਸੀਮਾ ਬਿਨੈ ਪੱਤਰ ਦੇਣ ਤੋਂ 30 ਦਿਨ ਦੀ ਹੈ। ਇਸ ਅਵਧੀ ਦੌਰਾਨ ਸੂਚਨਾ ਨਾ ਦੇ ਸਕਣ ਨੂੰ ਨਾਂਹ ਮੰਨਿਆ ਜਾਂਦਾ ਹੈ।

ਐਕਟ ਵਿੱਚ ਉਚੇਚੇ ਤੌਰ ਤੇ ਕਿਹਾ ਗਿਆ ਹੈ ਕਿ ਸਰਕਾਰ ਦੀ ਭੂਮਿਕਾ ਹੇਠ ਲਿਖੇ ਅਨੁਸਾਰ ਹੈ :

ੳ) ਸੂਚਨਾ ਦੇ ਅਧਿਕਾਰ ਬਾਰੇ ਜਨਤਾ ਲਈ, ਖਾਸ ਕਰਕੇ, ਕਮਜ਼ੋਰ ਵਰਗਾਂ ਲਈ ਸਿੱਖਿਆ ਦੇ ਪ੍ਰੋਗਰਾਮ ਵਿਕਸਤ ਕਰੇ।

ਅ) ਅਜਿਹੇ ਪ੍ਰੋਗਰਾਮਾਂ ਦੇ ਵਿਕਾਸ ਅਤੇ ਆਯੋਜਨ ਲਈ ਸਰਕਾਰੀ ਅਧਿਕਾਰੀਆਂ ਨੂੰ ਉਤਸ਼ਾਹਤ ਕਰੇ।

ਸਥਾਪਤ ਹੋਣ ਉਪਰੰਤ ਇਹ ਸੂਚਨਾ ਪ੍ਰਣਾਲੀ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਲਈ ਹੇਠ ਲਿਖੇ ਢੰਗਾਂ ਨਾਲ ਸਹਾਇਕ ਹੋਵੇਗੀ :

1. ਨਾਗਰਿਕਾਂ ਅਤੇ ਸੰਬੰਧਤ ਵਿਅਕਤੀਆਂ ਦੇ ਵਧੇਰੇ ਸਹਿਯੋਗ ਕਰਕੇ ਉਪਭੋਗਤਾ ਅਤੇ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਦੀ ਪ੍ਰਣਾਲੀ ਵਿੱਚ ਸੁਧਾਰ ਕਰੇਗੀ।
2. ਭਾਗੀਦਾਰੀ ਆਧਾਰਤ ਪ੍ਰਸ਼ਾਸਨ ਅਤੇ ਸੰਪਰਕ ਪਰਸਾਰ ਨੂੰ ਉਤਸ਼ਾਹਤ ਕਰਕੇ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਨੂੰ ਸ਼ਕਤੀ ਸੰਪੰਨ ਬਣਾਏਗੀ।
3. ਸਥਾਨਕ ਸੰਸਥਾਵਾਂ ਦੁਆਰਾ ਚੰਗੇਰੀ ਕਾਰਜ ਪੂਰਤੀ ਲਈ ਸਮਰਥਾ ਨਿਰਮਾਣ ਅਤੇ ਸਿਖਲਾਈ ਦੇ ਉਪਰਾਲਿਆਂ ਨੂੰ ਉਤਸ਼ਾਹਤ ਕਰੇਗੀ।

ਕੇਰਲ ਵਿੱਚ ਰੋਗੀਆਂ ਦੀ ਸਿਹਤ ਦੇ ਰਿਕਾਰਡ ਅਤੇ ਅੰਤਮ ਰੂਪ ਦਿੱਤੇ ਜਾਣ ਤੋਂ ਪਹਿਲਾਂ ਦੇ ਅਨੁਬੰਧਾਂ ਆਦਿ ਕੁੱਝ ਕੁ ਦਸਤਾਵੇਜਾਂ ਤੋਂ ਛੁੱਟ ਸਥਾਨਕ ਸਵੈ ਸ਼ਾਸਨਾਂ ਦੇ ਸਾਰੇ ਦਸਤਾਵੇਜਾਂ ਨੂੰ ਕਾਨੂੰਨੀ ਤੌਰ ਤੇ ਜਨਤਕ ਦਸਤਾਵੇਜ ਘੋਸ਼ਿਤ ਕੀਤਾ ਗਿਆ ਹੈ। ਹਰੇਕ ਨਾਗਰਿਕ ਨੂੰ ਇਨ੍ਹਾਂ ਦਾ ਨਿਰੀਖਣ ਕਰਨ ਜਾਂ ਇਨ੍ਹਾਂ ਦੀਆਂ ਫੋਟੋਕਾਪੀਆਂ ਮੰਗਣ ਦਾ ਅਧਿਕਾਰ ਹੈ। ਕੇਰਲ ਸਰਕਾਰ ਨੇ ਤਿਰੂਰੰਗਦੀ ਵਿਖੇ ਤਿਰੂਰੰਗਦੀ ਬਲਾਕ ਪੰਚਾਇਤ ਦਫਤਰ ਵਿੱਚ ਪੰਚਾਇਤਾਂ ਦੇ ਵਸੀਲਿਆਂ ਬਾਰੇ ਸੂਚਨਾ ਦੇਣ ਦਾ ਕੇਂਦਰ (Panchayat Resource Information Centre) ਖੋਲ੍ਹਿਆ ਹੈ। ਇਹ ਦਫਤਰ ਜਨਤਾ ਨੂੰ ਵੱਖ ਵੱਖ ਪ੍ਰਕਾਰ ਦੀ ਸੂਚਨਾ ਮੁਹੱਈਆ ਕਰਵਾਉਣ ਲਈ Indian Space Research Organization ਬੰਗਲੌਰ ਅਤੇ Centre for Earth Science Studies ਤਿਰੂਵਨੰਤਪੁਰਮ ਦੁਆਰਾ ਮਿਲ ਕੇ ਖੋਲ੍ਹਿਆ ਗਿਆ ਹੈ। ਕੇਰਲ ਸਰਕਾਰ ਨੇ ਅਜਿਹੇ 16 ਹੋਰ ਕੇਂਦਰ ਖੋਲ੍ਹਣ ਦਾ ਪ੍ਰਸਤਾਵ ਰੱਖਿਆ ਹੈ। ਇਹ ਕੇਂਦਰ ਪਿੰਡਾਂ, ਟੈਲੀ ਮੈਡੀਸਿਨ ਅਤੇ ਟੈਲੀ ਐਜੂਕੇਸ਼ਨ ਬਾਰੇ ਵਿਸਤ੍ਰਿਤ ਤੱਥ ਉਪਲਬਧ ਕਰਵਾਉਣਗੇ।

**ਸਿੱਟਾ :**

ਭਾਰਤ ਵਿੱਚ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਦੀ ਕਾਰਜ ਕੁਸ਼ਲਤਾ ਵਿੱਚ ਸੁਧਾਰ ਕਰਨ ਲਈ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਬਹੁਤ ਵੱਡੀ ਅਹਿਮੀਅਤ ਰਖਦਾ ਹੈ। ਮੱਧ ਪ੍ਰਦੇਸ਼ ਅਤੇ ਕੇਰਲ ਦੀਆਂ ਰਾਜ ਸਰਕਾਰਾਂ ਨੇ ਪੰਚਾਇਤਾਂ ਵਿੱਚ ਅਜਿਹਾ ਪ੍ਰਸ਼ਾਸਨ ਅਰੰਭ ਕਰਨ ਲਈ ਬਹੁਤ ਸਾਰੇ ਉਪਰਾਲੇ ਕੀਤੇ ਹਨ। ਸੂਚਨਾ ਅਤੇ ਸੰਚਾਰ ਤਕਨਾਲੋਜੀ ਰਾਹੀਂ ਪੰਚਾਇਤਾਂ ਕਈ ਸੇਵਾਵਾਂ ਪ੍ਰਾਪਤ ਕਰਨ ਤੋਂ ਇਲਾਵਾ ਲੋਕਾਂ ਨੂੰ ਵੀ ਇਹ ਸੇਵਾਵਾਂ ਉਪਲਬਧ ਕਰਵਾਉਂਦੀਆਂ ਹਨ ਜਿਵੇਂ ਕਿ ਪਰਿਵਾਰਕ ਸੰਪਤੀ, ਸਾਖਰਤਾ, ਸਫਾਈ, ਕਰ, ਪੰਚਾਇਤ ਦੇ ਹਿਸਾਬ ਕਿਤਾਬ ਆਦਿ ਦੇ ਰਿਕਾਰਡ ਤੋਂ ਇਲਾਵਾ ਜਨਮ ਅਤੇ ਮੌਤ, ਜਾਤੀ ਅਤੇ ਸੰਪਤੀ ਦੇ ਪ੍ਰਮਾਣ ਪੱਤਰ ਜਾਰੀ ਕਰਨਾ। ਇਸ ਨਾਲ ਪੰਚਾਇਤਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਅਤੇ ਅਧਿਕਾਰੀਆਂ ਦਾ ਕੰਮ ਕਾਜ ਸੁਖਾਲਾ ਹੋ ਗਿਆ ਹੈ। ਬੜੌਦਾ ਜ਼ਿਲ੍ਹੇ ਦੇ ਕਈ ਪਿੰਡ ਇੰਟਰਨੈੱਟ ਰਾਹੀਂ ਜੁੜੇ ਹੋਏ ਹਨ ਅਤੇ ਜ਼ਿਲ੍ਹਾ ਅਧਿਕਾਰੀ ਪਿੰਡ ਬਾਰੇ ਸਾਰੀ ਲੁੜੀਂਦੀ ਸੂਚਨਾ ਇੰਟਰਨੈੱਟ ਰਾਹੀਂ ਪ੍ਰਾਪਤ ਕਰ ਸਕਦੇ ਹਨ। ਬੜੌਦਾ ਦੇ ਜ਼ਿਲ੍ਹਾ ਪਰੀਸ਼ਦ ਨੇ ਜੱਚਾ-ਬੱਚਾ ਸਿਹਤ ਸੰਭਾਲ ਬਾਰੇ ਇੰਟਰਨੈੱਟ ਰਾਹੀਂ ਸੂਚਨਾ ਦੀ ਇੱਕ ਨਵੀਨ ਪ੍ਰਣਾਲੀ ਦਾ ਵਿਕਾਸ ਕੀਤਾ ਹੈ ਜਿਸ ਨਾਲ ਗੰਭੀਰ ਰੂਪ ਵਿੱਚ ਬੀਮਾਰ ਬੱਚਿਆਂ ਅਤੇ ਇਸਤ੍ਰੀਆਂ ਨੂੰ ਤੁਰੰਤ ਰੈਫਰਲ ਸੇਵਾ ਉਪਲਬਧ ਕਰਵਾਏ ਜਾਣ ਕਰਕੇ ਇਨ੍ਹਾਂ ਦੀ ਮ੍ਰਿਤੂ ਦਰ ਵਿੱਚ ਕਾਫੀ ਕਮੀ ਆਈ ਹੈ।

ਪੰਜਾਬ ਨੂੰ ਭਾਰਤ ਦੇ ਪ੍ਰਗੀਤਸ਼ੀਲ ਰਾਜਾਂ ਅਤੇ ਯੂਰਪੀ ਯੂਨੀਅਨ ਦੇ ਸਦੱਸ ਦੇਸ਼ਾਂ ਤੋਂ ਸਬਕ ਲੈ ਕੇ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਦੀਆਂ ਸਥਾਨਕ ਸਵੈ ਸ਼ਾਸਨ ਸੰਸਥਾਵਾਂ ਵਿੱਚ ਸੂਚਨਾ ਪ੍ਰਣਾਲੀ ਆਧਾਰਤ ਪ੍ਰਸ਼ਾਸਨ ਸਥਾਪਤ ਕਰਨ ਵਾਸਤੇ ਉਪਰਾਲਾ ਕਰਨ ਦੀ ਲੋੜ ਹੈ। ਉਨ੍ਹਾਂ ਪਿੰਡ ਪੰਚਾਇਤਾਂ ਨੂੰ ਇਸ ਦੀ ਖਾਸ ਲੋੜ ਹੈ ਜਿੱਥੇ ਅਜਿਹਾ ਉਪਰਾਲਾ ਪਹਿਲਾਂ ਨਹੀਂ ਕੀਤਾ ਗਿਆ।

## References


**Mathew, G, Status of Panchayati Raj in states and Union Territories of Inidia, 2000,** Institute of Social Science, New Delhi, 2000.

Palanithurai, **G, Grass-root Democracy in Indian Society,** Concept Publishing Company, New Delhi. 2000.

Timo Linkola, Functioning of Local Self Government Institutions in Finland, The Association of Finnish Local and Regional Authorities, Helsinki, Finland, unpublished paper presented in II National Seminar at CRRID and EU-India SPF project, 2005.